# ਰਾਜ ਕਰੇਗਾ ਖ਼ਾਲਸਾ



ਸਿਰਦਾਰ ਕਪੂਰ ਸਿੰਘ

# ਰਾਜ ਕਰੇਗਾ ਖ਼ਾਲਸਾ

ਤੇ

ਹੋਰ ਨਿਬੰਧ

# ਰਾਜ ਕਰੇਗਾ ਖ਼ਾਲਸਾ

ਤੇ

# ਹੋਰ ਨਿਬੰਧ

**ਸਿਰਦਾਰ ਕਪੂਰ ਸਿੰਘ**
*ਆਈ.ਸੀ.ਐਸ.*

*ਸੰਪਾਦਕ :*
**ਗੁਰਮੁਖ ਸਿੰਘ**
*ਐਮ.ਏ., ਪੀ-ਐਚ.ਡੀ.*

**ਸਿੰਘ ਬ੍ਰਦਰਜ਼**
ਅੰਮ੍ਰਿਤਸਰ

# RĀJ KAREGĀ KHĀLSĀ TE HOR NIBANDH

[Essays on Sikh Ethos, History and Philosophy]

*by*

SIRDAR KAPUR SINGH
*Ex. I.C.S., Ex. M.P.*

*Edited by*
GURMUKH SINGH
*M.A., Ph.D.*

ISBN 81-7205-385-1

ਪਹਿਲੀ ਵਾਰ ਜਨਵਰੀ 2007
ਦੂਜੀ ਵਾਰ ਫ਼ਰਵਰੀ 2013

**ਮੁੱਲ : 150-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

*ਭਾਈ ਸਾਹਿਬ*

*ਭਾਈ ਗੁਰਬਖ਼ਸ਼ ਸਿੰਘ ਊਭੀ ਜੀ*

*ਨੂੰ*

# ਤਤਕਰਾ


*ਸੰਪਾਦਕੀ ਨੋਟ* 7

- ਗੁਰੂ ਨਾਨਕ ਦਾ ਉਪਦੇਸ਼ 15
- ਗੁਰੂ ਨਾਨਕ ਜੀ ਦੀ ਪਦ-ਪਦਵੀ 17
- ਗੁਰੂ ਨਾਨਕ ਦੇ ਸਮੇਂ ਦੀ ਸਮੱਸਿਆ 28
- ਮਾਰਟਨ ਲੂਥਰ ਤੇ ਗੁਰੂ ਨਾਨਕ 35
- ਯਾਸਾ ਅਤੇ ਗੁਰੂ ਅਰਜਨ 47
- ਗੁਰੂ ਤੇਗ਼ ਬਹਾਦਰ 58
- ਦਸਮੇਸ਼ ਜੀ ਦਾ ਜਲਾਲੀ ਸਰੂਪ 62
- ਗੁਰੂ ਗੋਬਿੰਦ ਸਿੰਘ: ਅਗਾਂਹ-ਵਧੂ ਲਿਖਾਰੀ 68
- ਸਿੱਖ ਧਰਮ ਵਿਚ ਦਸਮ ਗ੍ਰੰਥ ਦਾ ਸਥਾਨ 75
- ਸਿੱਖ ਤੇ ਸਿੰਘ 79
- ਨਵਾਂ ਤਖ਼ਤ 86
- ਕਿੱਸਾ ਰੂਪ ਕੌਰ ਦਾ 90
- ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਨਵੀਂ ਕੁਚੇਸ਼ਟਾ 105
- ਰਾਜ ਕਰੇਗਾ ਖ਼ਾਲਸਾ 112
- ਸਿੱਖ-ਇਸਲਾਮ ਸੰਘਰਸ਼ ਦਾ ਸਿਧਾਂਤਕ ਪਿਛੋਕੜ 128
- ਸੂਫ਼ੀ ਮਤ ਦਾ ਨਿਕਾਸ ਤੇ ਵਿਕਾਸ 142
- 'ਸਫ਼ਰਾਂ ਦੀ ਸਾਖੀ ਪੋਥੀ' ਉੱਤੇ ਇਕ ਪੰਛੀ-ਦ੍ਰਿਸ਼ਟੀ 156
- ਸੁਖਮਨੀ 188
- ਮਿਰਜ਼ਾ ਸਾਹਿਬਾਂ 193
- ਨਯਾ ਪੈਸਾ 201
- ਦ 206

# ਸੰਪਾਦਕੀ ਨੋਟ

ਪੰਜਾਬੀ ਤੇ ਅੰਗਰੇਜ਼ੀ ਦੇ ਸੁਪ੍ਰਸਿੱਧ ਵਿਦਵਾਨ ਸਾਹਿਤਕਾਰ ਸਿਰਦਾਰ ਕਪੂਰ ਸਿੰਘ ਦਾ ਜਨਮ 2 ਮਾਰਚ, 1909 ਨੂੰ ਸ: ਦੀਦਾਰ ਸਿੰਘ ਦੇ ਘਰ ਹੋਇਆ। ਆਪ ਦੇ ਮਾਤਾ ਹਰਿਨਾਮ ਕੌਰ ਜੀ ਧਾਰਮਕ ਰੁਚੀਆਂ ਵਾਲੇ ਸਨ, ਜਿਸ ਦਾ ਪ੍ਰਭਾਵ ਬਾਲ ਕਪੂਰ ਸਿੰਘ ਉਪਰ ਬਹੁਤ ਪਿਆ। ਆਪ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ, ਜ਼ਿਲ੍ਹਾ ਲੁਧਿਆਣਾ ਸੀ, ਪਰ ਆਪ ਦਾ ਸਾਰਾ ਪਰਿਵਾਰ ਜ਼ਮੀਨ ਜਾਇਦਾਦ ਕਾਰਨ ਚੱਕ ਨੰ: 531, ਲਾਇਲਪੁਰ, ਪਾਕਿਸਤਾਨ ਵਿਖੇ ਟਿਕਿਆ ਹੋਇਆ ਸੀ। ਦੇਸ਼ ਦੀ ਵੰਡ ਉਪਰੰਤ ਇਹ ਉਜੜ ਕੇ ਖਾਜਾ ਬਾਜੂ, ਲੋਪੋ ਕਾ ਅਗਵਾੜ, ਜਗਰਾਉਂ ਆ ਵੱਸਿਆ।

ਸਿਰਦਾਰ ਸਾਹਿਬ ਨੇ ਮੁੱਢਲੀ ਵਿੱਦਿਆ ਖ਼ਾਲਸਾ ਹਾਈ ਸਕੂਲ, ਲਾਇਲਪੁਰ ਤੋਂ ਪ੍ਰਾਪਤ ਕੀਤੀ ਤੇ ਫਿਰ ਗੌਰਮਿੰਟ ਕਾਲਜ, ਲਾਹੌਰ ਵਿਖੇ ਦਾਖ਼ਲ ਹੋ ਗਏ, ਜਿਥੋਂ 1931 ਵਿਚ ਆਪ ਨੇ ਫ਼ਿਲਾਸਫ਼ੀ ਦੀ ਐਮ.ਏ. ਕੀਤੀ ਤੇ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਫਿਰ ਆਪ ਕੈਂਬ੍ਰਿਜ ਯੂਨੀਵਰਸਿਟੀ, ਲੰਡਨ ਵਿਚ ਪੜ੍ਹਾਈ ਕਰਨ ਲਈ ਗਏ, ਜਿਥੋਂ ਆਪ ਨੇ ਮਾਰਲ ਸਾਇੰਸਿਜ਼ ਵਿਚ ਡਿਗਰੀ ਹਾਸਲ ਕੀਤੀ। ਆਪ 1933 ਵਿਚ ਆਈ.ਸੀ.ਐਸ. ਦੀ ਪ੍ਰੀਖਿਆ ਪਾਸ ਕਰ ਕੇ 1934 ਵਿਚ ਡਿਪਟੀ ਕਮਿਸ਼ਨਰ ਬਣੇ ਤੇ ਕਈ ਜ਼ਿਲ੍ਹਿਆਂ ਵਿਚ ਰਹੇ, ਜਿਵੇਂ ਝੰਗ, ਗੁਜਰਾਤ, ਰੋਹਤਕ, ਕਰਨਾਲ, ਗੁੜਗਾਉਂ, ਕਾਂਗੜਾ, ਹੁਸ਼ਿਆਰਪੁਰ ਆਦਿ। ਆਪ ਨੇ ਕੁਝ ਸਮਾਂ ਲਾਹੌਰ ਸਕੱਤਰੇਤ ਵਿਚ ਵੀ ਸੇਵਾ ਕੀਤੀ।

ਆਪ ਦੀ ਸ਼ਾਦੀ ਹਰਿੰਦਰ ਕੌਰ ਨਾਲ ਹੋਈ ਜੋ ਸ੍ਰੀ ਆਨੰਦਪੁਰ ਦੇ ਟਿੱਕਾ ਖ਼ਾਨਦਾਨ ਨਾਲ ਸੰਬੰਧਿਤ ਸੀ ਤੇ ਗ੍ਰੈਜੂਏਟ ਸੀ। ਬਾਅਦ ਵਿਚ ਐਮ.ਐਸ-ਸੀ. ਹੋਮ ਸਾਇੰਸ ਕਰ ਕੇ ਹੈਂਡੀਕ੍ਰਾਫ਼ਟ ਸਕੂਲ, ਚੰਡੀਗੜ੍ਹ ਵਿਖੇ ਪ੍ਰਿੰਸੀਪਲ ਰਹੇ। ਇਨ੍ਹਾਂ ਦਾ ਦੇਹਾਂਤ 1967 ਵਿਚ ਹੋਇਆ।

ਸਿਰਦਾਰ ਕਪੂਰ ਸਿੰਘ ਸਿੱਖੀ ਸਿਦਕ ਤੇ ਦ੍ਰਿੜ੍ਹ ਇਰਾਦੇ ਕਾਰਨ ਪੰਜਾਬ ਸਰਕਾਰ, ਗਵਰਨਰ ਪੰਜਾਬ, ਤੇ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵਿਚ ਰੜਕਦੇ ਸਨ। ਉਹ ਆਨੇ-ਬਹਾਨੇ ਆਪ ਨੂੰ ਨੌਕਰੀਉਂ ਕੱਢਣਾ ਚਾਹੁੰਦੇ ਸਨ। ਆਪ ਨੇ ਉਸ ਸਰਕਾਰੀ ਗੁਪਤ ਗਸ਼ਤੀ ਪੱਤਰ 'ਤੇ ਇਤਰਾਜ਼ ਕੀਤਾ, ਜਿਸ ਵਿਚ ਸਿੱਖਾਂ ਨੂੰ ਜਰਾਇਮ ਪੇਸ਼ਾ ਆਖਿਆ ਗਿਆ ਸੀ ਤੇ ਉਨ੍ਹਾਂ ਨੂੰ ਸਖ਼ਤੀ ਨਾਲ ਦਬਾਉਣ ਲਈ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਗਿਆ ਸੀ। ਆਪ ਨੇ ਜਦੋਂ ਇਸ ਬਾਰੇ ਰੋਸ ਪ੍ਰਗਟ ਕਰਦਿਆਂ ਸਰਕਾਰ ਨੂੰ ਬਹਾਦਰ ਕੌਮ ਦੀਆਂ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਯਾਦ ਕਰਵਾਈਆਂ ਤੇ ਅਜਿਹੇ ਹੁਕਮ ਵਾਪਸ ਲੈਣ ਲਈ ਆਖਿਆ, ਬਸ ਫਿਰ ਸਾਜ਼ਿਸ਼ਾਂ ਕਰ

ਕੇ 13-14 ਅਪ੍ਰੈਲ, 1949 ਨੂੰ ਸਾਢੇ ਬਾਰ੍ਹਾਂ ਵਜੇ ਨੌਕਰੀਉਂ ਮੁਅੱਤਲ ਕਰ ਦਿੱਤਾ। ਫਿਰ ਕਈ ਆਧਾਰਹੀਣ ਇਲਜ਼ਾਮ ਲਗਾ ਕੇ ਝੂਠੇ ਕੇਸਾਂ ਦੀ ਤਫ਼ਤੀਸ਼ ਵਿਚ ਚਾਰ ਕੁ ਵਰ੍ਹੇ ਲੱਗੇ ਤੇ ਫਿਰ ਆਪ ਨੂੰ ਨੌਕਰੀ ਵਿੱਚੋਂ ਕੱਢ ਦਿੱਤਾ। ਕਿਸੇ ਅਦਾਲਤ ਨੇ ਆਪ ਦੀ ਨਹੀਂ ਸੁਣੀ। ਇਸ ਬਾਰੇ ਆਪ ਨੇ *ਸਾਚੀ ਸਾਖੀ* ਦੀ ਭੂਮਿਕਾ ਵਿਚ ਵਿਸਤਾਰ ਸਹਿਤ ਲਿਖਿਆ ਹੈ।

ਆਪ ਨੇ ਰਾਜਨੀਤਕ ਖੇਤਰ ਵੱਲ ਰੁਖ਼ ਕੀਤਾ। ਆਪ ਨੂੰ ਆਪਣੇ ਨਾਲ ਹੋਏ ਧੱਕੇ ਤੋਂ ਸਪੱਸ਼ਟ ਹੋ ਗਿਆ ਕਿ ਹਿੰਦੂ ਬਹੁ-ਗਿਣਤੀ ਦੀਆਂ ਸਰਕਾਰਾਂ ਦੇ ਰਾਜ ਵਿਚ ਸਿੱਖਾਂ ਨੂੰ ਖ਼ੁਆਰ ਕੀਤਾ ਜਾਂਦਾ ਰਹੇਗਾ ਤੇ ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੀ ਮੰਨਿਆ ਜਾਂਦਾ ਰਹੇਗਾ। ਆਪ ਨੇ ਸਿੱਖ ਹੋਮਲੈਂਡ ਦੀ ਮੰਗ ਪ੍ਰਸਤੁਤ ਕੀਤੀ। ਬਹੁਤ ਸਾਰੇ ਭਾਸ਼ਣ ਦਿੱਤੇ, ਲੇਖ ਲਿਖੇ ਤੇ ਲੋਕਾਂ ਨੂੰ ਪ੍ਰੇਰਨਾ ਦੇਣ ਦੇ ਯਤਨ ਕੀਤੇ, ਪਰ ਆਪ ਕਾਮਯਾਬ ਨਾ ਹੋਏ, ਕਿਉਂਕਿ ਰਾਜਸੀ ਪਾਰਟੀਆਂ ਆਪ ਨਾਲ ਖੜਨ ਲਈ ਤਿਆਰ ਨਹੀਂ ਸਨ। ਉਨ੍ਹਾਂ ਦੇ ਆਗੂਆਂ ਨੂੰ ਇਸੇ ਨਿਜ਼ਾਮ ਵਿਚ ਕੁਰਸੀਆਂ ਮਿਲਣ ਦੀਆਂ ਆਸਾਂ ਸਨ। ਬਾਅਦ ਵਿਚ ਸਿੱਖ ਹੋਮਲੈਂਡ ਨੂੰ ਖਾੜਕੂ ਲਹਿਰ ਸਮੇਂ ਖ਼ਾਲਿਸਤਾਨ ਦਾ ਨਾਂ ਦਿੱਤਾ ਗਿਆ। ਸਰਕਾਰ ਨੇ ਜੂਨ 1984 ਵਿਚ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਕੇ ਖਾੜਕੂ ਲਹਿਰ ਨੂੰ ਤੋਪਾਂ-ਟੈਂਕਾਂ ਨਾਲ ਦਬਾਉਣ ਦਾ ਯਤਨ ਕੀਤਾ। ਸਿਰਦਾਰ ਸਾਹਿਬ ਲਈ ਇਹ ਬਹੁਤ ਵੱਡਾ ਧੱਕਾ ਸੀ, ਜਿਸ ਨੇ ਉਨ੍ਹਾਂ ਦੀ ਸਿਹਤ ਬਹੁਤ ਵਿਗਾੜ ਦਿੱਤੀ।

ਆਪ ਐਮ.ਐਲ.ਏ. ਤੇ ਐਮ.ਪੀ. ਵੀ ਰਹੇ। ਪੰਜਾਬ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਰਹੇ, ਪਰ ਕਿਸੇ ਨੇ ਨਾ ਸੁਣਿਆ। ਕਾਰਨ ਸਪੱਸ਼ਟ ਸੀ ਕਿ ਸਿੱਖਾਂ ਦੇ ਸਿਆਸੀ ਆਗੂ ਆਪ ਨਾਲ ਸਹਿਮਤ ਨਹੀਂ ਸਨ, ਕਿਉਂਕਿ ਉਨ੍ਹਾਂ ਦੀ ਕੁਰਸੀ ਦੀ ਦੌੜ ਵਿਚ ਇਹ ਵਿਚਾਰ ਰੋੜਾ ਬਣ ਸਕਦੇ ਸਨ। ਆਪ ਅਕਾਲੀ ਰਾਜਨੀਤੀ ਵਿਚ ਚਿੰਤਕ ਵਜੋਂ ਜਾਣੇ ਜਾਂਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਆਪ ਦੇ ਹੱਥਾਂ ਦਾ ਲਿਖਿਆ ਹੋਇਆ ਹੈ, ਪਰ ਆਪ ਅਕਾਲੀਆਂ ਦੇ ਨੇਤਾਵਾਂ ਤੋਂ ਨਿਰਾਸ਼ ਹੁੰਦੇ ਗਏ ਤੇ ਆਖ਼ਰ ਸਭ ਕੁਝ ਤਿਆਗ ਕੇ ਘਰ ਜਾ ਬੈਠੇ ਤੇ ਲਿਖਣ ਪੜ੍ਹਨ ਵਿਚ ਲੱਗੇ ਰਹੇ। ਫਿਰ ਬੀਮਾਰ ਪੈ ਗਏ। ਯਾਦਾਸ਼ਤ ਜਾਂਦੀ ਰਹੀ ਤੇ ਅਖ਼ੀਰ ਅਧਰੰਗ ਹੋ ਗਿਆ, ਜਿਸ ਦੇ ਫਲਸਰੂਪ 13 ਅਗਸਤ, 1986 ਨੂੰ ਆਪ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਆਪ ਨੇ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਸੰਘਰਸ਼ ਕਰਦਿਆਂ ਤਣਾਓ ਵਿਚ ਗੁਜ਼ਾਰਿਆ, ਜਿਸ ਕਾਰਨ ਆਪ ਦਾ ਸਰੀਰ ਜਰਜਰਾ ਹੋ ਗਿਆ ਸੀ। ਆਪ ਦੇ ਜਾਣ ਨਾਲ ਸਿੱਖ ਚਿੰਤਕਾਂ ਦੀ ਧਾਰਾ ਵਿੱਚੋਂ ਮਹੱਤਵਪੂਰਨ ਚਸ਼ਮਾ ਸੁੱਕ ਗਿਆ।

ਆਪ ਦੀ ਸ਼ਖ਼ਸੀਅਤ ਬਹੁਤ ਵਚਿੱਤਰ ਸੀ। ਆਪ ਵਿਦਵਾਨ ਸਨ, ਚੰਗੇ ਪ੍ਰਸ਼ਾਸਕ ਸਨ, ਰਾਜਨੀਤੀਵਾਨ ਸਨ, ਲੇਖਕ ਸਨ, ਪਰ ਸੁਭਾ ਦੇ ਕੁਰੱਖ਼ਤ ਸਨ। ਇਸ ਕਾਰਨ ਆਪ ਦੇ ਸਮਕਾਲੀ ਆਪ ਤੋਂ ਦੂਰ ਰਹਿਣ ਨੂੰ ਤਰਜੀਹ ਦਿੰਦੇ ਸਨ, ਕਿਉਂਕਿ ਆਪ ਕਿਸੇ ਨੂੰ ਕੁਝ ਵੀ ਕਹਿ ਦਿੰਦੇ ਸਨ ਜਾਂ ਕਹਿ ਸਕਦੇ ਸਨ। ਆਪ ਦਾ ਮੇਲ-ਮਿਲਾਪ ਅੰਤਰ-ਰਾਸ਼ਟਰੀ ਪੱਧਰ ਦੇ ਸਿਆਸਤਦਾਨਾਂ ਤੇ ਵਿਦਵਾਨਾਂ ਨਾਲ ਰਿਹਾ। ਬਹੁਤ ਸਾਰੇ ਆਪ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸਨ, ਪਰ ਆਪ ਦੇ ਸੁਭਾ ਨੇ ਆਪ ਨੂੰ ਲੋਕਪ੍ਰਿਯ ਨੇਤਾ ਨਹੀਂ ਬਣਨ ਦਿੱਤਾ।

- 2 -

ਸਿਰਦਾਰ ਸਾਹਿਬ ਦੇ ਦਰਸ਼ਨ ਕਰਨ ਤੇ ਉਨ੍ਹਾਂ ਦੇ ਭਾਸ਼ਣ ਸੁਣਨ ਦੇ ਮੌਕੇ ਕਈ ਵਾਰ ਮਿਲੇ। ਮੈਂ ਉਨ੍ਹਾਂ ਦਿਨਾਂ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲੇ ਪੜ੍ਹਦਾ ਸਾਂ। ਆਪ ਅਕਸਰ ਆਉਂਦੇ ਤੇ ਮੁੰਡਿਆਂ ਦੀ ਸੰਗਤ ਵਿਚ ਬਹੁਤ ਪ੍ਰਸੰਨ ਹੁੰਦੇ। ਸਾਡੇ ਨਾਲ ਬੱਚਿਆਂ ਵਾਂਗ ਗੱਲਾਂ ਕਰਦੇ ਤੇ ਪੜ੍ਹਨ ਲਈ ਪ੍ਰੇਰਨਾ ਦਿੰਦੇ। ਗਿਆਨ ਵਧਾਉਣ ਲਈ ਆਖਦੇ। ਧਰਮ, ਸਾਹਿਤ ਤੇ ਸੱਭਿਆਚਾਰ ਨੂੰ ਅਧਿਐਨ ਦਾ ਵਿਸ਼ਾ ਬਣਾਉਣ ਲਈ ਆਖਦੇ। ਨਵੀਆਂ-ਨਵੀਆਂ ਪ੍ਰਮਾਣਿਕ ਪੁਸਤਕਾਂ ਪੜ੍ਹਨ ਲਈ ਸੂਚੀਆਂ ਤਿਆਰ ਕਰਵਾ ਦਿੰਦੇ। ਉਨ੍ਹਾਂ ਪਾਸੋਂ ਲਾਹਾ ਲੈਣ ਲਈ ਲਾਜ਼ਮੀ ਸੀ ਕਿ ਆਪਣੀ ਜ਼ੁਬਾਨ ਨੂੰ ਬੰਦ ਰੱਖਿਆ ਜਾਵੇ। ਸਿਵਾਏ 'ਜੀ' 'ਹਾਂ ਜੀ' ਤੋਂ ਕੁਝ ਨਾ ਬੋਲਿਆ ਜਾਵੇ। ਇਕ ਦਿਨ ਮੈਨੂੰ ਕਹਿਣ ਲੱਗੇ, "ਤੈਂ *ਰਾਣਾ ਸੂਰਤ ਸਿੰਘ* ਪੜ੍ਹਿਆ ਹੈ ?" ਮੈਂ ਪੜ੍ਹਿਆ ਹੋਇਆ ਸੀ, ਪਰ ਉਨ੍ਹਾਂ ਦੇ ਸੁਆਲਾਂ ਤੋਂ ਡਰਦਿਆਂ ਆਖਿਆ, "ਨਹੀਂ ਜੀ, ਅਜੇ ਪੜ੍ਹਨਾ ਹੈ।" ਉਹ ਬਹੁਤ ਗ਼ੁੱਸੇ ਹੋਏ ਤੇ ਫਿਰ ਕਿੰਨਾ ਚਿਰ *ਰਾਣਾ ਸੂਰਤ ਸਿੰਘ* ਬਾਰੇ ਆਲਮਾਨਾ ਢੰਗ ਨਾਲ ਗੱਲਾਂ ਕਰਦੇ ਰਹੇ। ਆਪ ਦਾ ਅਧਿਐਨ ਕਮਾਲ ਦਾ ਸੀ।

ਇਕ ਵਾਰ ਮੈਂ ਥੀਸਿਜ਼ ਦੇ ਸੰਬੰਧ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਗਿਆ ਤਾਂ ਪਤਾ ਲੱਗਾ ਕਿ ਸਿਰਦਾਰ ਸਾਹਿਬ ਦਾ ਭਾਸ਼ਣ ਹੈ, ਮੈਂ ਵੀ ਸਰੋਤਿਆਂ ਵਿਚ ਜਾ ਬੈਠਾ। ਆਪ ਨੇ ਸਿੱਖ ਧਰਮ ਬਾਰੇ ਭਾਸ਼ਣ ਦਿੰਦਿਆਂ ਨੀਤਸ਼ੇ, ਕੁਰਾਨ, ਬ੍ਰਟਰੈਂਡ ਰੱਸਲ, ਗੀਤਾ, ਧੱਮਪਦ, ਕਨਫ਼ਿਊਸ਼ੀਅਸ ਆਦਿ ਦੇ ਹਵਾਲੇ ਦਿੱਤੇ। ਭਾਸ਼ਣ ਬਹੁਤ ਹੀ ਕਮਾਲ ਦਾ ਸੀ, ਪਰ ਸੀ ਬਹੁਤ ਔਖਾ ਤੇ ਆਮ ਆਦਮੀ ਦੀ ਸਮਝ ਤੋਂ ਪਰੇ। ਬਾਅਦ ਵਿਚ ਕੁਝ ਲੋਕਾਂ ਨੇ ਸੁਆਲ ਵੀ ਕੀਤੇ। ਇਕ ਸੱਜਣ ਕਹਿਣ ਲੱਗੇ, "ਸਿਰਦਾਰ ਸਾਹਿਬ, ਕੁਝ ਸਮਝ ਨਹੀਂ ਆਈ।" ਆਪ ਨੇ ਵੱਖਰੇ ਅੰਦਾਜ਼ ਵਿਚ ਗੱਲ ਕੀਤੀ। ਕਹਿਣ ਲੱਗੇ, "ਰਾਜਿਆਂ ਦੇ ਦਰਬਾਰਾਂ ਵਿਚ ਕਲਾਉਂਨ ਜਾਂ ਮੂਰਖ ਹੁੰਦੇ ਸਨ। ਉਹ ਆਪਣੀਆਂ ਕਮਲੀਆਂ ਗੱਲਾਂ ਨਾਲ ਬਾਦਸ਼ਾਹਾਂ ਨੂੰ ਪ੍ਰਸੰਨ ਕਰਦੇ ਸਨ। ਤੁਸੀਂ ਇਹ ਮੰਨ ਲਉ ਕਿ ਤੁਸੀਂ ਬਾਦਸ਼ਾਹ ਦੇ ਦਰਬਾਰੀ ਹੋ ਤੇ ਮੈਂ ਕਲਾਉਂਨ ਹਾਂ। ਬਸ, ਕਮਲੀਆਂ ਮਾਰ ਕੇ ਚੁੱਪ ਕਰ ਗਿਆ ਹਾਂ।"

ਜਿਹਨਾਂ ਦਿਨਾਂ ਵਿਚ ਡਾ. ਫ਼ੌਜਾ ਸਿੰਘ ਦੇ ਗੁਰੂ ਤੇਗ਼ ਬਹਾਦਰ ਜੀ ਬਾਰੇ ਲਿਖੇ ਨਿਬੰਧ ਬਾਰੇ ਵਿਵਾਦ ਜ਼ੋਰਾਂ 'ਤੇ ਸੀ ਤਾਂ ਆਪ ਨੇ ਵੀ ਇਕ ਲੇਖ ਲਿਖਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਾਲ ਵਿਚ ਆਪ ਦਾ ਉਹ ਪਰਚਾ ਸੁਣਨ ਲਈ ਬਹੁਤ ਲੋਕ ਹਾਜ਼ਰ ਹੋਏ ਸਨ। ਆਪ ਬਹੁਤ ਗ਼ੁੱਸੇ ਵਿਚ ਸਨ। ਪੇਪਰ ਪੜ੍ਹਨ ਤੋਂ ਪਹਿਲਾਂ ਕਹਿਣ ਲੱਗੇ, "ਜੋ ਮੈਂ ਲਿਖਿਆ ਹੈ, ਇਸ ਲਈ ਜ਼ਿੰਮੇਵਾਰ ਹਾਂ। ਕੋਈ ਵੀ ਸੁਆਲ ਕਰਨ ਦੀ ਹਿਮਾਕਤ ਨਾ ਕਰੇ। ਮੈਂ ਸਿਰ ਪਾੜ ਦਿਆਂਗਾ.....।" ਇਉਂ ਆਪ ਆਮ ਲੋਕਾਂ ਤੋਂ ਦੂਰ ਹੁੰਦੇ ਗਏ।

***ਸਾਚੀ ਸਾਖੀ*** ਛਪੀ ਤਾਂ ਬਹੁਤ ਚਰਚਾ ਹੋਇਆ। ਮੈਂ ਵੀ ਪੜ੍ਹੀ ਤੇ ਬਹੁਤ ਭਾਵੁਕ ਹੋ ਕੇ ਸਿਰਦਾਰ ਸਾਹਿਬ ਨੂੰ ਖ਼ਤ ਲਿਖਿਆ। ਆਪ ਦਾ ਜੁਆਬ ਆਇਆ :

ੴ ਵਾਹਿਗੁਰੂ ਜੀ ਕੀ ਫ਼ਤਹਿ॥

707, ਸੈਕਟਰ 17,
ਚੰਡੀਗੜ੍ਹ-160011
19-2-1974

ਸ੍ਰੀਮਾਨ ਗੁਰਮੁਖ ਸਿੰਘ ਜੀ,

ਤੁਹਾਡੇ 15 ਫ਼ਰਵਰੀ ਦੇ ਕ੍ਰਿਪਾ ਪੱਤਰ ਲਈ ਧੰਨਵਾਦੀ ਹਾਂ। ਮੈਨੂੰ ਖ਼ੁਸ਼ੀ ਹੋਈ ਕਿ ਤੁਸਾਂ *ਸਾਚੀ ਸਾਖੀ* ਗਹੁ ਨਾਲ ਪੜ੍ਹ ਲਈ ਹੈ ਅਤੇ ਇਹ ਪੁਸਤਕ ਤੁਹਾਨੂੰ ਚੰਗੀ ਲੱਗੀ ਹੈ।

ਤੁਸੀਂ ਕਦੇ ਚੰਡੀਗੜ੍ਹ ਆਉ ਤਾਂ ਦਰਸ਼ਨ ਦੇਣਾ। ਮੇਰਾ ਟੈਲੀਫ਼ੋਨ ਨੰਬਰ 29758 ਹੈ।

*—ਦਾਸ*
**ਕਪੂਰ ਸਿੰਘ**

ਉਨ੍ਹਾਂ ਨਾਲ ਮੇਲ-ਜੋਲ ਬਣਿਆ ਰਿਹਾ। ਉਨ੍ਹਾਂ ਦੇ ਕਈ ਰੰਗ ਰੂਪ ਦੇਖੇ, ਪਰ ਉਨ੍ਹਾਂ ਦੀ ਵਿਦਵਤਾ ਨੂੰ ਸਲਾਮ ਹੈ। ਆਪ ਸਮਕਾਲੀ ਸਾਹਿਤ, ਦਰਸ਼ਨ ਤੇ ਧਰਮ ਆਦਿ ਨਾਲ ਸੰਬੰਧਤ ਗ੍ਰੰਥਾਂ ਦਾ ਅਧਿਐਨ ਨਿਯਮਿਤ ਰੂਪ ਵਿਚ ਕਰਦੇ ਸਨ। ਉਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਪਹਿਲੂ ਹਨ ਜਿਹਨਾਂ ਬਾਰੇ ਸੁਤੰਤਰ ਨਿਬੰਧ ਲਿਖਾਂਗਾ।

- 3 -

ਸਿਰਦਾਰ ਕਪੂਰ ਸਿੰਘ ਵੀਹਵੀਂ ਸਦੀ ਦੇ ਉਨ੍ਹਾਂ ਚੋਣਵੇਂ ਵਿਦਵਾਨਾਂ ਵਿੱਚੋਂ ਸਨ, ਜਿਹਨਾਂ ਨੇ ਸਿੱਖ ਧਰਮ ਦੀ ਵਡਿਆਈ ਤੇ ਮਹਾਨਤਾ ਨੂੰ ਉਜਾਗਰ ਕਰਨ ਲਈ ਆਪਣੀ ਜ਼ਿੰਦਗੀ ਦਾ ਬੇਹਤਰੀਨ ਹਿੱਸਾ ਸਮਰਪਿਤ ਕੀਤਾ। ਸਿੱਖ ਧਰਮ ਦੀ ਵਿਲੱਖਣਤਾ, ਗੁਰੂ ਸਾਹਿਬਾਨ ਦੀ ਬੇਨਜ਼ੀਰ ਦੇਣ ਤੇ ਉਨ੍ਹਾਂ ਬਾਰੇ ਪ੍ਰਚਲਿਤ ਗ਼ਲਤ ਧਾਰਨਾਵਾਂ ਨੂੰ ਬਾ-ਦਲੀਲ ਕੱਟ ਕੇ ਅਸਲੀਅਤ ਨੂੰ ਪ੍ਰਮਾਣਿਤ ਕਰਨ ਨੂੰ ਆਪਣੇ ਜੀਵਨ ਦਾ ਲਕਸ਼ ਮਿੱਥ ਲਿਆ। ਸਿਰਦਾਰ ਸਾਹਿਬ ਨੇ ਅੰਗਰੇਜ਼ੀ ਤੇ ਪੰਜਾਬੀ, ਦੋਨਾਂ ਭਾਸ਼ਾਵਾਂ ਵਿਚ ਪੂਰੇ ਅਧਿਕਾਰਿਤ ਢੰਗ ਨਾਲ ਆਪਣੇ ਵਿਚਾਰ ਅੰਕਿਤ ਕਰਦਿਆਂ ਆਮ ਪਾਠਕਾਂ ਤੋਂ ਲੈ ਕੇ ਵਿਦਵਾਨਾਂ ਤਕ ਨੂੰ ਸੋਚਣ ਲਈ ਮਜਬੂਰ ਕੀਤਾ। ਆਪ ਨੇ ਸਾਹਿਤ, ਧਰਮ ਤੇ ਰਾਜਨੀਤੀ ਨੂੰ ਵਿਸ਼ਾ ਬਣਾ ਕੇ ਨਿਬੰਧ ਤੇ ਪੁਸਤਕਾਂ ਲਿਖੀਆਂ, ਜਿਹਨਾਂ ਨੇ ਪੰਜਾਬੀਆਂ ਵਿਚ ਸਵੈ-ਪਛਾਣ ਦੀ ਚੇਤੰਨਤਾ ਪੈਦਾ ਕੀਤੀ। ਆਪ ਦੀਆਂ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ :

**ਪੰਜਾਬੀ**

1. *ਪੁੰਦ੍ਰੀਕ*
2. *ਸਪਤ ਸ੍ਰਿੰਗ*
3. *ਬਹੁ ਵਿਸਥਾਰ*
4. *ਸਾਚੀ ਸਾਖੀ*
5. *ਬਿਖ ਮਹਿ ਅੰਮ੍ਰਿਤੁ*
6. *ਹਸ਼ੀਸ਼* (ਕਵਿਤਾ)

**ਅੰਗਰੇਜ਼ੀ**

1. *Prasharprasna or Baisakhi of Guru Gobind Singh*
2. *Sikhism for Modern Man*
3. *Some Insights into Sikhism*
4. *Guru Arjan and His Sukhmani*
5. *Guru Nanak Life & Thought*
6. *Sikhism : An Occumenical Religion*
7. *Sacred Writings of the Sikhs*
8. *Me Judice*

ਇਨ੍ਹਾਂ ਪੁਸਤਕਾਂ ਵਿਚ ਸਾਹਿਤ, ਕਲਾ, ਰਾਜਨੀਤੀ, ਜੀਵਨੀ, ਵਾਦ-ਵਿਵਾਦ, ਦਰਸ਼ਨ ਆਦਿ ਸੰਬੰਧੀ ਯਾਦਗਾਰੀ ਨਿਬੰਧ ਸਮਿਲਿਤ ਹਨ। *ਪ੍ਰਸ਼ਰਪ੍ਰਸ਼ਨ* ਸਿੱਖ ਧਰਮ ਦਾ ਸੂਖਮ ਅਧਿਐਨ ਹੈ, ਜਿਸ ਵਿਚ ਕਈ ਪੱਖਾਂ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦਿਆਂ ਸਿੱਖ ਧਰਮ ਨੂੰ ਹੋਰਨਾਂ ਧਰਮਾਂ ਨਾਲੋਂ ਵਿਲੱਖਣ ਸਿੱਧ ਕਰਨ ਦਾ ਸਫਲ ਪ੍ਰਯਾਸ ਕੀਤਾ ਗਿਆ ਹੈ। ਸਿਰਦਾਰ ਸਾਹਿਬ ਨੇ ਧਰਮਾਂ ਦੇ ਤੁਲਨਾਤਮਕ ਅਧਿਐਨ ਨੂੰ ਆਪਣੀ ਲੇਖਣੀ ਦਾ ਵਿਸ਼ਾ ਬਣਾਇਆ ਤੇ ਪਹਿਲੀ ਵਾਰੀ ਨਿਰਣਾਯਕ ਟਿੱਪਣੀਆਂ ਕੀਤੀਆਂ। ਸਾਹਿਤ ਤੇ ਕਲਾ ਬਾਰੇ ਆਪ ਦਾ ਅਧਿਐਨ ਵਿਸ਼ਾਲ ਸੀ, ਜਿਸ ਦਾ ਪ੍ਰਮਾਣ *ਪੁੰਦ੍ਰੀਕ* ਪੁਸਤਕ ਹੈ। *ਸਾਚੀ ਸਾਖੀ* ਵਿਚ ਸਮਕਾਲੀ ਭਾਰਤੀ ਰਾਜਨੀਤੀ ਤੇ ਸਿੱਖ ਰਾਜਨੀਤੀ ਬਾਰੇ ਵਿਸਤਾਰ ਸਹਿਤ ਲਿਖਦਿਆਂ ਸਿੱਖਾਂ ਨਾਲ ਕੀਤੇ ਗਏ ਵਿਤਕਰਿਆਂ ਨੂੰ ਵਿਸਤਾਰ ਸਹਿਤ ਦਰਸਾ ਕੇ ਉਨ੍ਹਾਂ ਨੂੰ ਰਾਜਨੀਤਕ ਪੱਖੋਂ ਸੁਚੇਤ ਹੋਣ ਲਈ ਆਖਿਆ, ਪਰ ਖ਼ੁਦਗਰਜ਼ ਸਿਆਸੀ ਨੇਤਾਵਾਂ ਨੇ ਕੁਰਸੀ ਦੇ ਲਾਲਚ ਕਾਰਨ ਸਿੱਖਾਂ ਨੂੰ ਸੇਧ ਨਹੀਂ ਦਿੱਤੀ, ਸਗੋਂ ਉਨ੍ਹਾਂ ਨੂੰ ਖ਼ੁਆਰੀ ਦੇ ਰਾਹ 'ਤੇ ਹੀ ਪਾਇਆ ਹੈ।

ਸਿਰਦਾਰ ਸਾਹਿਬ ਨਿਰੰਤਰ ਲਿਖਦੇ ਸਨ। ਆਪ ਦੇ ਬਹੁਤ ਸਾਰੇ ਨਿਬੰਧ ਮੈਗਜ਼ੀਨਾਂ ਵਿਚ ਜਾਂ ਖੋਜ-ਪੱਤਰਾਂ ਦੇ ਰੂਪ ਵਿਚ ਥਾਂ-ਥਾਂ ਖਿਲਰੇ ਪਏ ਸਨ, ਜਿਹਨਾਂ ਨੂੰ ਇਕੱਤਰ ਕਰਨ ਦਾ ਇਹ ਉਪਰਾਲਾ ਹੈ। ਪੰਜਾਬੀ ਦੇ ਪ੍ਰਸਿੱਧ ਮੈਗਜ਼ੀਨਾਂ—*ਪੰਜ ਦਰਿਆ*, *ਪੰਜਾਬੀ ਦੁਨੀਆ*, *ਗੁਰਦੁਆਰਾ ਗਜ਼ਟ*, *ਗੁਰਮਤਿ ਪ੍ਰਕਾਸ਼*, *ਸਿੰਘ ਸਭਾ ਪਤ੍ਰਿਕਾ*, *ਲਿਖਾਰੀ* ਆਦਿ ਵਿੱਚੋਂ ਆਪ ਦੇ ਇਹ ਨਿਬੰਧ ਲਏ ਗਏ ਹਨ ਜਿਹੜੇ ਕਿਸੇ ਸੰਗ੍ਰਹਿ ਵਿਚ ਨਹੀਂ ਆਏ।

ਇਨ੍ਹਾਂ ਨਿਬੰਧਾਂ ਵਿਚ ਕੁਝ ਨਿਬੰਧ ਆਪ ਨੇ ਸਹਿਜ ਸੁਭਾ ਲਿਖੇ ਹਨ, ਜਿਵੇਂ ਗੁਰੂ ਨਾਨਕ ਦੇ ਸਮੇਂ ਦੀ ਸਮੱਸਿਆ; ਯਾਸਾ ਤੇ ਗੁਰੂ ਅਰਜਨ; ਗੁਰੂ ਤੇਗ ਬਹਾਦਰ; ਗੁਰੂ ਗੋਬਿੰਦ ਸਿੰਘ; ਦਸਮੇਸ਼ ਜੀ ਦਾ ਜਲਾਲੀ ਸਰੂਪ; ਗੁਰੂ ਗੋਬਿੰਦ ਸਿੰਘ ਅਗਾਂਹ-ਵਧੂ ਲਿਖਾਰੀ; ਸੁਖਮਨੀ, ਆਦਿ। ਇਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਾਂ ਦੀ ਉਚਿਆਈ ਦਾ ਜ਼ਿਕਰ ਕੀਤਾ ਗਿਆ ਹੈ। ਆਪ ਨੇ ਪੂਰਨ ਸ਼ਰਧਾ ਨਾਲ ਲਿਖਦਿਆਂ ਸਤਿਗੁਰੂ ਦੇ ਪੰਥ ਨੂੰ ਗਾਡੀਰਾਹ ਸਿੱਧ ਕੀਤਾ ਹੈ।

ਆਪ ਨੇ ਕੁਝ ਖੋਜ-ਪੱਤਰ ਲਿਖੇ ਹਨ ਜੋ ਅਤਿ ਉੱਚੇ ਮਿਆਰ ਦੇ ਹਨ, ਜਿਵੇਂ ਸਿੱਖ ਧਰਮ ਵਿਚ ਦਸਮ ਗ੍ਰੰਥ ਦਾ ਸਥਾਨ; ਸਿੱਖ-ਇਸਲਾਮ ਸੰਘਰਸ਼ ਦਾ ਸਿਧਾਂਤਕ ਪਿਛੋਕੜ; ਸੂਫ਼ੀ ਮਤ ਦਾ ਨਿਕਾਸ ਤੇ ਵਿਕਾਸ; ਮਿਰਜ਼ਾ ਸਾਹਿਬਾਂ ਆਦਿ। ਇਨ੍ਹਾਂ ਨਿਬੰਧਾਂ

ਵਿਚ ਆਪ ਨੇ ਇਤਿਹਾਸਕ ਦ੍ਰਿਸ਼ਟੀ ਤੋਂ ਸਿੱਖ ਲਹਿਰ ਬਾਰੇ ਨਵੇਂ ਨੁਕਤੇ ਪੇਸ਼ ਕਰਦਿਆਂ ਮੁਗ਼ਲਾਂ ਦੀ ਸੰਕੀਰਣਤਾ ਤੇ ਧਾਰਮਕ ਕੱਟੜਤਾ ਆਦਿ ਬਾਰੇ ਵਿਲੱਖਣ ਰੂਪ ਵਾਲੇ ਖੋਜ-ਨਿਬੰਧ ਲਿਖੇ ਹਨ। ਆਪ ਦਾ ਇਸਲਾਮ ਤੇ ਸੂਫ਼ੀਵਾਦ ਬਾਰੇ ਅਧਿਐਨ ਬਹੁਤ ਵਿਸ਼ਾਲ ਸੀ। ਆਪ ਨੇ ਇਸਲਾਮ ਦੇ ਧਰਮੀ ਸ਼ਹਿਨਸ਼ਾਹਾਂ ਦੀ ਧਾਰਮਕ ਕੱਟੜਤਾ ਤੇ ਅਸਹਿਣਸ਼ੀਲਤਾ ਦੀ ਨੀਤੀ ਨੂੰ ਖ਼ੂਬ ਸਮਝਿਆ ਤੇ ਮੁਗ਼ਲਾਂ ਦੇ ਸਿੱਖ ਧਰਮ ਨੂੰ ਖ਼ਤਮ ਕਰਨ ਦੇ ਯਤਨਾਂ ਬਾਰੇ ਵੀ ਆਪਦਾ ਬਾ-ਦਲੀਲ ਖ਼ੁਲਾਸਾ ਦੇਖਣ-ਯੋਗ ਹੈ। ਇਵੇਂ ਆਪ ਨੇ ਸੂਫ਼ੀ ਮਤ ਦਾ ਨਿਕਾਸ ਤੇ ਵਿਕਾਸ ਨਿਬੰਧ ਲਿਖ ਕੇ ਪੰਜਾਬੀ ਦੇ ਵਿਦਵਾਨਾਂ ਦੁਆਰਾ ਕੀਤੀਆਂ ਗ਼ਲਤੀਆਂ ਨੂੰ ਸੁਧਾਰਨ ਦਾ ਯਤਨ ਕੀਤਾ ਹੈ। ਇਹ ਨਿਬੰਧ ਪੰਜਾਬੀ ਦੇ ਵਿਦਿਆਰਥੀਆਂ ਲਈ ਚਾਨਣ-ਮੁਨਾਰਾ ਬਣਿਆ ਰਿਹਾ। ਡਾ. ਮੋਹਨ ਸਿੰਘ ਦੀਵਾਨਾ ਨੇ ਇਕ ਲੇਖ ਮਿਰਜ਼ਾ ਸਾਹਿਬਾਂ ਓਰੀਐਂਟਲ ਕਾਲਜ ਦੇ ਮੈਗਜ਼ੀਨ ਵਿਚ ਛਾਪਿਆ, ਜੋ ਸਿਰਦਾਰ ਸਾਹਿਬ ਨੂੰ ਪਸੰਦ ਨਾ ਆਇਆ। ਆਪ ਨੇ ਪੁਰਾਤਨ ਦਸਤਾਵੇਜ਼ਾਂ ਦੀ ਪੁਣ-ਛਾਣ ਕਰ ਕੇ ਮਿਰਜ਼ਾ ਸਾਹਿਬਾਂ ਬਾਰੇ ਇਕ ਯਾਦਗਾਰੀ ਨਿਬੰਧ ਲਿਖਿਆ ਜੋ ਪੰਜਾਬੀ ਆਲੋਚਨਾ ਦਾ ਪ੍ਰਮਾਣ ਮੰਨਿਆ ਜਾ ਸਕਦਾ ਹੈ।

ਆਪ ਜੀ ਨੂੰ ਸਿੱਖ ਧਰਮ ਜਾਂ ਰਾਜਨੀਤੀ ਨਾਲ ਸੰਬੰਧਤ ਲਿਖਤਾਂ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਜਿਸ ਲਿਖਤ ਨਾਲ ਆਪ ਸਹਿਮਤ ਨਾ ਹੁੰਦੇ, ਉਸ ਬਾਰੇ ਲਿਖ ਕੇ ਰਸਾਲਿਆਂ ਨੂੰ ਭੇਜ ਦਿੰਦੇ। ਅਜਿਹੇ ਵਾਦ-ਵਿਵਾਦ ਵਾਲੇ ਖੋਜ-ਨਿਬੰਧ ਹਨ : ਮਾਰਟਨ ਲੂਥਰ ਤੇ ਗੁਰੂ ਨਾਨਕ; ਕਿੱਸਾ ਰੂਪ ਕੌਰ ਦਾ; ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਨਵੀਂ ਕੁਚੇਸ਼ਟਾ; ਰਾਜ ਕਰੇਗਾ ਖ਼ਾਲਸਾ ਆਦਿ। ਇਨ੍ਹਾਂ ਨਿਬੰਧਾਂ ਵਿਚ ਵਿਦਵਾਨਾਂ ਵੱਲੋਂ ਪ੍ਰਮਾਣਿਤ ਵਿਚਾਰਾਂ ਨੂੰ ਦਲੀਲਾਂ ਨਾਲ ਕੱਟ ਕੇ ਅਸਲੀਅਤ ਪ੍ਰਗਟ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ। ਆਪ ਕਿਸੇ ਗ਼ਲਤ ਧਾਰਨਾ ਨੂੰ ਕੱਟਣ ਲਈ ਕਈ ਵਾਰ ਕਠੋਰ ਸ਼ਬਦਾਵਲੀ ਦਾ ਪ੍ਰਯੋਗ ਕਰਨੋਂ ਵੀ ਗੁਰੇਜ਼ ਨਹੀਂ ਸਨ ਕਰਦੇ। ਆਪ ਗੁਰੂ ਸਾਹਿਬਾਨ ਨੂੰ ਪ੍ਰਭੂ-ਸਰੂਪ ਮੰਨਦੇ ਸਨ, ਜਿਸ ਕਾਰਨ ਉਨ੍ਹਾਂ ਦੀ ਕਿਸੇ ਨਾਲ ਕੀਤੀ ਗਈ ਤੁਲਨਾ ਨੂੰ ਕੁਫ਼ਰ ਮੰਨਦੇ ਸਨ। ਆਪ ਨੇ ਅਜਿਹੇ ਨਿਬੰਧਾਂ ਨੂੰ ਪੂਰੀ ਤਰ੍ਹਾਂ ਆਧਾਰਹੀਣ, ਵਿਚਾਰਹੀਣ ਤੇ ਚੇਤਨਾਹੀਣ ਯਤਨ ਮੰਨਿਆ ਹੈ।

ਆਪ ਜੀ ਆਪਣੇ ਜ਼ਮਾਨੇ ਦੇ ਉੱਤਮ ਵਖਿਆਨਕਰਤਾ ਸਨ। ਆਪ ਪੂਰੇ ਅਧਿਕਾਰ ਨਾਲ ਆਪਣੀ ਗੱਲ ਕਰਦੇ ਸਨ। ਸਹਿਜ ਸੁਭਾ ਵਿਸ਼ੇ ਨੂੰ ਸਿਖਰ ਵੱਲ ਲੈ ਜਾਂਦਿਆਂ ਸਮਕਾਲੀ ਵਿਚਾਰਾਂ ਨੂੰ ਵੀ ਨਾਲ-ਨਾਲ ਪ੍ਰਸਤੁਤ ਕਰਦੇ ਸਨ ਅਤੇ ਆਪਣੀ ਮਾਨਤਾ ਨੂੰ ਪੁਸ਼ਟ ਕਰਨ ਲਈ ਧਰਮ-ਗ੍ਰੰਥਾਂ, ਇਤਿਹਾਸ ਤੇ ਮਿਥਿਹਾਸ-ਗ੍ਰੰਥਾਂ ਵਿੱਚੋਂ ਹਵਾਲੇ ਦੇ ਕੇ ਸਿੱਖ ਗੁਰੂ ਸਾਹਿਬਾਨ ਦੀ ਆਤਮਕ ਬੁਲੰਦੀ, ਪ੍ਰਭੂ-ਜੋਤੀ ਹੋਣ ਨੂੰ ਸਿੱਧ ਕਰਦੇ ਸਨ। ਆਪ ਦੀ ਨਜ਼ਰ ਵਿਚ ਗੁਰੂ ਜੀ ਲਈ ਗੁਰੂ ਪਦਵੀ ਹੀ ਯੋਗ ਹੈ ਨਾ ਕਿ ਭਗਤ, ਸੰਤ ਜਾਂ ਅਵਤਾਰ। ਗੁਰੂ ਨਾਨਕ ਜੀ ਦੀ ਪਦ-ਪਦਵੀ ਭਾਸ਼ਣ ਵਾਚਣਯੋਗ ਹੈ। ਇਵੇਂ ਆਪ ਨੇ ਰੇਡੀਓ 'ਤੇ ਇਕ ਛੋਟਾ ਜਿਹਾ ਭਾਸ਼ਣ ਦਿੱਤਾ—ਗੁਰੂ ਨਾਨਕ ਦਾ ਉਪਦੇਸ਼। ਇਹ ਅਤਿ ਸੰਖਿਪਤ ਹੈ, ਪਰ ਹੈ ਬੜਾ ਭਾਵਪੂਰਤ!

ਆਪ ਨੇ 'ਸਿੱਖ ਤੇ ਸਿੰਘ' ਨਿਬੰਧ ਲਿਖਦਿਆਂ ਇਨ੍ਹਾਂ ਸ਼ਬਦਾਂ ਵਿਚਲੇ ਸੂਖਮ ਅਰਥਾਂ ਨੂੰ ਵਿਚਾਰਨ ਦਾ ਸਫਲ ਯਤਨ ਕੀਤਾ ਹੈ। ਸਨਾਤਨ ਮਤਾਂ, ਬੁੱਧ ਮਤ ਤੇ ਅੰਗਰੇਜ਼ ਵਿਦਵਾਨਾਂ ਦੇ ਵਿਚਾਰਾਂ ਨੂੰ ਦਿੰਦਿਆਂ ਭਾਸ਼ਾ ਵਿਗਿਆਨਿਕ ਨੁਕਤੇ ਤੋਂ ਇਨ੍ਹਾਂ ਸ਼ਬਦਾਂ

ਦੇ ਅਰਥਾਂ ਨੂੰ ਨਿਖੇੜਨ ਦਾ ਯਤਨ ਕਰਦਿਆਂ ਸਿੱਖ ਤੇ ਸਿੰਘ ਸ਼ਬਦਾਂ ਦੀ ਵਿਆਖਿਆ ਕੀਤੀ ਹੈ ਜੋ ਆਪਣੇ ਆਪ ਵਿਚ ਬਹੁਤ ਮੁੱਲਵਾਨ ਹੈ।

'ਸਫ਼ਰਾਂ ਦੀ ਸਾਖੀ ਪੋਥੀ ਉੱਤੇ ਇਕ ਪੰਛੀ ਦ੍ਰਿਸ਼ਟੀ' ਇਕ ਅਤਿਅੰਤ ਮਹੱਤਵਪੂਰਨ ਖੋਜ ਨਿਬੰਧ ਹੈ ਕਿਉਂਕਿ ਸਿਰਦਾਰ ਸਾਹਿਬ ਨੇ ਇਸ ਪੁਸਤਕ ਦੇ ਪਾਠ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਉਸ ਦੀ ਇਤਿਹਾਸਕ ਸਥਿਤੀ ਬਾਰੇ ਵਿਸਤਾਰ ਸਹਿਤ ਲਿਖਿਆ ਹੈ। ਇਸ ਪੋਥੀ ਦੇ ਰਚਨਕਾਲ, ਸਾਖੀਆਂ ਦੇ ਇਤਿਹਾਸਕ ਮਹੱਤਵ, ਸਾਖੀਆਂ ਦੀ ਪੁਨਰ ਵਿਆਖਿਆ, ਸਾਖੀ ਲੇਖਕ ਦੀ ਆਸਥਾ ਤੇ ਮਾਨਤਾ ਆਦਿ ਬਾਰੇ ਸਿਰਦਾਰ ਸਾਹਿਬ ਦੀਆਂ ਟਿੱਪਣੀਆਂ ਬਹੁਤ ਮਹੱਤਵਪੂਰਨ ਹਨ। ਪੰਜਾਬੀ ਆਲੋਚਨਾ ਵਿਚ ਇਹ ਇਕ ਆਪਣੀ ਕਿਸਮ ਦਾ ਆਲੋਚਨਾਤਮਕ ਨਿਬੰਧ ਹੈ, ਜਿਸ ਨੂੰ ਨਵੇਂ ਆਲੋਚਕਾਂ ਲਈ ਇਕ ਪ੍ਰਤੀਮਾਨ ਮੰਨਿਆ ਜਾ ਸਕਦਾ ਹੈ। ਆਪ ਨੇ ਬਹੁਤ ਹੀ ਨੀਝ ਨਾਲ ਆਲੋਚਨਾ ਕਰਦਿਆਂ ਉਸਦੀ ਸਤਿਅਤਾ ਨੂੰ ਸਥਾਪਿਤ ਕਰਨ ਲਈ ਸਮਕਾਲੀ ਜਾਂ ਨਿਕਟ ਸਮਕਾਲੀ ਲਿਖਤਾਂ ਦੇ ਨਾਲ-ਨਾਲ ਹੋਰ ਮਹੱਤਵਪੂਰਨ ਗ੍ਰੰਥਾਂ ਵਿਚੋਂ ਪ੍ਰਮਾਣ ਦੇ ਕੇ ਆਪਣੇ ਮਤ ਦੀ ਸਥਾਪਨਾ ਕੀਤੀ ਹੈ। ਇਸ ਨਿਬੰਧ ਉਪਰ ਪੰਜਾਬੀ ਭਾਸ਼ਾ ਮਾਣ ਕਰ ਸਕਦੀ ਹੈ।

ਜਦੋਂ ਭਾਰਤ ਸਰਕਾਰ ਨੇ ਰੁਪਏ ਆਨੇ ਛੱਡ ਕੇ ਨਵੇਂ ਪੈਸੇ ਦੀ ਮੁਦਰਾ ਚਲਾਈ ਤਾਂ ਆਪ ਨੇ 'ਨਯਾ ਪੈਸਾ' ਨਿਬੰਧ ਲਿਖਿਆ। ਭਾਰਤੀ ਗ੍ਰੰਥਾਂ ਵਿਚ 'ਪੈਸੇ' ਬਾਰੇ ਮਿਲਦੇ ਹਵਾਲਿਆਂ 'ਤੇ ਵਿਚਾਰ ਕਰਦਿਆਂ ਇਸ ਸ਼ਬਦ ਦੀ ਪ੍ਰਾਚੀਨਤਾ ਬਾਰੇ ਦੱਸਿਆ ਤੇ ਇਹ ਵੀ ਦੱਸਿਆ ਹੈ ਕਿ ਇਹ ਪੁਰਤਗਾਲੀ ਭਾਸ਼ਾ ਦਾ ਸ਼ਬਦ ਹੈ। ਆਪ ਨੇ ਇਸੇ ਪ੍ਰਸੰਗ ਵਿਚ ਵਾਸਕੋ ਡੀ ਗਾਮਾ ਤੇ ਪੁਰਤਗਾਲ ਬਾਰੇ ਪ੍ਰਮਾਣਿਕ ਜਾਣਕਾਰੀ ਦਿੱਤੀ ਹੈ। ਇਹ ਨਿਬੰਧ ਗਿਆਨ ਸਾਹਿਤ ਦਾ ਉੱਤਮ ਨਮੂਨਾ ਹੈ।

'ਦ' ਨਿਬੰਧ ਉਪਨਿਸ਼ਦਾਂ ਦੀ ਇਕ ਕਥਾ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ ਕਿ ਰਿਸ਼ੀ ਨੇ 'ਦ' ਸੰਬੰਧੀ ਸ਼ਿਸ਼ਾਂ ਨੂੰ ਉਪਦੇਸ਼ ਦਿੰਦਿਆਂ ਤਿੰਨ ਵਾਰ 'ਦ' ਹੀ ਆਖਿਆ, ਜਿਸ ਨੂੰ ਵਿਭਿੰਨ ਸ਼ਿਸ਼ਾਂ ਨੇ ਵਿਭਿੰਨ ਅਰਥਾਂ ਵਿਚ ਗ੍ਰਹਿਣ ਕੀਤਾ—ਦਾਮਯਤ : ਆਪਣੇ ਆਪ ਨੂੰ ਕਾਬੂ ਵਿਚ ਰੱਖੋ; ਦੱਤ : ਦਾਨ ਦਿਓ; ਦਾਯਧ੍ਵਮ : ਨਰਮ ਦਿਲ ਹੋਵੋ। ਇਨ੍ਹਾਂ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ ਆਪ ਨੇ ਰਿਪਬਲਿਕ ਦੀ ਵਿਆਖਿਆ ਕੀਤੀ ਹੈ, ਜੋ ਆਪਣੇ ਆਪ ਵਿਚ ਨਵੇਂ ਰੰਗ-ਢੰਗ ਦੀ ਵਿਆਖਿਆ ਹੈ।

- 4 -

ਵਿਸ਼ੇ, ਸ਼ੈਲੀ ਤੇ ਰੂਪ ਪੱਖੋਂ ਵਾਰਤਕ ਨੂੰ ਨਿੱਗਰ ਤੇ ਭਰਪੂਰ ਦੇਣ ਨੂੰ ਧਿਆਨ ਵਿਚ ਰੱਖਦਿਆਂ ਸਿਰਦਾਰ ਕਪੂਰ ਸਿੰਘ ਨੂੰ ਪੰਜਾਬੀ ਦੇ ਪ੍ਰਮੁੱਖ ਵਾਰਤਕਕਾਰਾਂ ਵਿਚ ਮਾਨਯੋਗ ਸਥਾਨ ਹਾਸਿਲ ਹੈ। ਆਪ ਦਾ ਭਾਰਤੀ ਤੇ ਬਦੇਸ਼ੀ ਸਾਹਿਤ ਬਾਰੇ ਅਧਿਐਨ ਵਿਸ਼ਾਲ ਸੀ, ਜਿਸ ਕਾਰਨ ਜਦੋਂ ਆਪ ਕਿਸੇ ਵਿਸ਼ੇ ਬਾਰੇ ਲਿਖਣ ਲੱਗਦੇ ਹਨ ਤਾਂ ਆਧੁਨਿਕ ਦਰਸ਼ਨ ਤੇ ਵਿਗਿਆਨ ਦੀ ਪ੍ਰਗਤੀ ਨੂੰ ਧਿਆਨ ਵਿਚ ਰੱਖ ਕੇ ਆਪਣੇ ਵਿਚਾਰਾਂ ਨੂੰ ਪ੍ਰਮਾਣਿਕ ਤੇ ਸਮੇਂ ਦੇ ਹਾਣੀ ਸਿੱਧ ਕਰਨ ਲਈ ਕਈ ਦਾਰਸ਼ਨਿਕਾਂ, ਵਿਗਿਆਨੀਆਂ ਤੇ ਧਰਮ-ਸ਼ਾਸਤਰੀਆਂ ਦੇ ਹਵਾਲੇ ਦੇ ਕੇ ਗਿਆਨ ਭਰਪੂਰ ਵਾਰਤਕ ਦੀ ਸਿਰਜਣਾ ਕਰਦੇ ਹਨ। ਇਹੀ ਕਾਰਨ ਹੈ ਕਿ ਸਾਧਾਰਨ ਪਾਠਕ ਕਈ ਵਾਰੀ ਕੁਝ ਵੀ ਸਮਝਣ ਤੋਂ ਅਸਮਰਥ ਰਹਿ ਜਾਂਦਾ ਹੈ, ਪਰ ਇਸ ਵਿਚ ਆਪ ਦਾ ਕੀ ਕਸੂਰ ਹੈ ?

ਆਪ ਦੀ ਵਾਰਤਕ ਪ੍ਰੋ. ਪੂਰਨ ਸਿੰਘ, ਡਾ. ਬਲਬੀਰ ਸਿੰਘ ਤੇ ਡਾ. ਸ਼ੇਰ ਸਿੰਘ ਦੀ ਵਾਰਤਕ ਦੇ ਪੱਧਰ ਦੀ ਹੈ ਜਾਂ ਇਉਂ ਆਖੀਏ ਕਿ ਉਨ੍ਹਾਂ ਵਰਗੀ ਹੈ। ਪ੍ਰੋ. ਪੂਰਨ ਸਿੰਘ ਤੇ ਡਾ. ਬਲਬੀਰ ਸਿੰਘ ਆਪਣੀ ਵਾਰਤਕ ਵਿਚ, ਸਿਰਦਾਰ ਸਾਹਿਬ ਵਾਂਗੂੰ ਆਧੁਨਿਕ ਦਰਸ਼ਨ ਤੇ ਭਾਰਤੀ ਸੰਸਕ੍ਰਿਤੀ, ਸਾਹਿਤ ਤੇ ਕਲਾ ਵਿੱਚੋਂ ਹਵਾਲੇ ਦੇ ਕੇ ਆਪਣੇ ਵਿਚਾਰਾਂ ਨੂੰ ਕੁਸ਼ਲਤਾ ਨਾਲ ਪ੍ਰਗਟ ਕਰਦੇ ਹਨ, ਪਰ ਇਨ੍ਹਾਂ ਦੋਨਾਂ ਵਿਚ ਪੰਡਤਾਊਪੁਣਾ ਨਹੀਂ ਦ੍ਰਿਸ਼ਟੀ ਗੋਚਰ ਹੁੰਦਾ, ਰਸਿਕ ਢੰਗ ਨਾਲ ਖ਼ਿਆਲਾਂ ਦਾ ਪ੍ਰਗਟਾਓ ਦੇਖਿਆ ਜਾ ਸਕਦਾ ਹੈ। ਸਿਰਦਾਰ ਸਾਹਿਬ ਭਾਰੀ ਭਰਕਮ ਸ਼ਬਦਾਵਲੀ ਤੇ ਪਰਿਭਾਸ਼ਿਕ ਸ਼ਬਦਾਵਲੀ ਦੀ ਵਰਤੋਂ ਕਰ ਕੇ ਕਠਿਨ ਵਾਰਤਕ ਦੀ ਸਿਰਜਣਾ ਸਹਿਜ-ਸੁਭਾ ਕਰ ਦਿੰਦੇ ਹਨ।

ਧਰਮ, ਰਾਜਨੀਤੀ ਤੇ ਵਾਦ-ਵਿਵਾਦ ਨਾਲ ਸੰਬੰਧਿਤ ਵਾਰਤਕ ਵਿਚ ਸਿਰਦਾਰ ਸਾਹਿਬ ਆਪਣੇ ਮਤ ਦੀ ਪੁਸ਼ਟੀ ਲਈ ਜਾਂ ਦੂਸਰਿਆਂ ਦੇ ਮਤ ਦੇ ਖੰਡਨ ਲਈ ਦੁਰਲੱਭ ਸਨਾਤਨੀ ਗ੍ਰੰਥਾਂ ਵਿੱਚੋਂ ਟੂਕਾਂ ਦਿੰਦੇ ਹਨ, ਧਰਮ-ਗ੍ਰੰਥਾਂ, ਇਤਿਹਾਸ-ਗ੍ਰੰਥਾਂ ਅਤੇ ਸਮਕਾਲੀ ਦਰਸ਼ਨ ਜਾਂ ਪ੍ਰਮਾਣਿਕ ਲਿਖਤਾਂ ਨੂੰ ਪ੍ਰਮਾਣ ਵਜੋਂ ਵਰਤਦੇ ਹਨ। ਆਪ ਆਪਣੇ ਪੱਖਾਂ ਨੂੰ ਨਿਰਣਯਾਤਮਕ ਢੰਗ ਨਾਲ ਪ੍ਰਸਤੁਤ ਕਰਦੇ ਹਨ, ਜਿਸ ਕਾਰਨ ਆਮ ਪਾਠਕ ਇਨ੍ਹਾਂ ਦਾ ਆਨੰਦ ਨਹੀਂ ਮਾਣ ਸਕਦਾ ਪਰ ਵਿਦਵਾਨਾਂ ਜਾਂ ਸੂਝਵਾਨ ਪਾਠਕਾਂ ਲਈ ਇਹ ਵਾਰਤਕ ਬਹੁਤ ਮੁੱਲਵਾਨ ਹੈ, ਜੋ ਸੋਚਣ ਲਈ ਮਜਬੂਰ ਕਰਦੀ ਹੈ। ਪੰਜਾਬੀ ਵਿਚ ਗਿਆਨਮਈ ਵਾਰਤਕ ਲਿਖਾਰੀਆਂ ਵਿਚ ਆਪ ਸ਼ਿਰੋਮਣੀ ਹਨ। ਆਪ ਨੇ ਧਰਮ, ਸਾਹਿਤ, ਦਰਸ਼ਨ, ਰਾਜਨੀਤੀ, ਆਲੋਚਨਾ ਆਦਿ ਬਾਰੇ ਜੋ ਲਿਖਿਆ ਹੈ, ਉਸ ਨੂੰ ਵਿਦਵਾਨਾਂ ਨੇ ਪ੍ਰਮਾਣ ਵਜੋਂ ਸਵੀਕਾਰ ਕੀਤਾ ਹੈ।

ਸਿਰਦਾਰ ਕਪੂਰ ਸਿੰਘ ਦੀ ਵਾਰਤਕ ਉੱਤਮ ਪ੍ਰਕਾਰ ਦੀ ਹੈ ਤੇ ਇਸ ਦੇ ਰੰਗ, ਰੂਪ, ਗੁਣ ਆਦਿ ਨੂੰ ਧਿਆਨ ਵਿਚ ਰੱਖਦਿਆਂ ਸਹਿਜ ਹੀ ਆਖ ਸਕਦੇ ਹਾਂ ਕਿ ਅੰਗਰੇਜ਼ੀ ਵਾਰਤਕ ਵਿਚ ਜੋ ਸਥਾਨ ਐਮਰਸਨ, ਰਸਕਿਨ, ਕਾਰਲਾਇਲ, ਬ੍ਰਟਰੈਂਡ ਰੱਸਲ ਆਦਿ ਦਾ ਹੈ, ਉਹ ਸਥਾਨ ਪੰਜਾਬੀ ਵਿਚ ਸਿਰਦਾਰ ਕਪੂਰ ਸਿੰਘ ਦੀ ਵਾਰਤਕ ਨੂੰ ਪ੍ਰਾਪਤ ਹੈ।

- 5 -

ਸਿਰਦਾਰ ਸਾਹਿਬ ਨਿਰੰਤਰ ਲਿਖਦੇ ਸਨ ਤੇ ਉਨ੍ਹਾਂ ਦੇ ਲੇਖ ਰਸਾਲਿਆਂ, ਅਖ਼ਬਾਰਾਂ ਵਿਚ ਆਮ ਛਪਦੇ ਸਨ, ਜਿਹਨਾਂ ਨੂੰ ਉਨ੍ਹਾਂ ਨੇ ਘੱਟ ਹੀ ਸੰਭਾਲਣ ਦਾ ਯਤਨ ਕੀਤਾ। ਪਿਛਲੇ ਲੰਮੇ ਸਮੇਂ ਤੋਂ ਮੇਰੀ ਇੱਛਾ ਸੀ ਕਿ ਉਨ੍ਹਾਂ ਦੇ ਲੇਖ ਇਕੱਤਰ ਕਰ ਕੇ ਛਪਵਾਉਣ ਦਾ ਯਤਨ ਕਰਾਂ। 22 ਲੇਖ ਇਕੱਠੇ ਹੋ ਗਏ। ਮੈਂ ਪਰਮ ਪਿਆਰੇ ਸਰਦਾਰ ਗੁਰਸਾਗਰ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਾਲਿਆਂ ਨਾਲ ਗੱਲ ਕੀਤੀ ਤਾਂ ਉਹ ਛਾਪਣ ਲਈ ਤਿਆਰ ਹੋ ਗਏ। ਖ਼ੁਸ਼ੀ ਹੋਈ। ਇਹ ਸਿਰਦਾਰ ਜੀ ਨੂੰ ਸ਼ਰਧਾਂਜਲੀ ਹੈ। ਲੇਖ ਸਾਂਭੇ ਗਏ ਹਨ। ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਲਾਭ ਉਠਾਉਣਗੀਆਂ।

**ਗੁਰਮੁਖ ਸਿੰਘ (ਡਾ.)**

8, ਦਸਮੇਸ਼ ਨਗਰ,
ਪੁਲਿਸ ਲਾਈਨ ਰੋਡ, ਪਟਿਆਲਾ

ਨਵਾਂ ਸਾਲ ਮੁਬਾਰਕ
2007

# ਗੁਰੂ ਨਾਨਕ ਦਾ ਉਪਦੇਸ਼

ਗੁਰੂ ਨਾਨਕ ਨੇ 14 ਅਪ੍ਰੈਲ, ਸੰਨ 1469 ਈਸਵੀ ਨੂੰ ਤਲਵੰਡੀ ਰਾਇ ਭੁਇ, ਨਨਕਾਣਾ ਸਾਹਿਬ ਵਿਚ ਅਵਤਾਰ ਧਾਰਿਆ। ਸੱਤ ਸਾਲ ਦੀ ਆਯੂ ਵਿਚ ਪਿੰਡ ਦੇ ਪਾਂਧੇ ਕੋਲ ਪੜ੍ਹਨੇ ਪਏ ਤੇ ਉਸ ਤੋਂ ਦੇਵਨਾਗਰੀ ਅੱਖਰਾਂ ਦੇ ਲਿਖਣ ਪੜ੍ਹਨ ਦਾ ਬੋਧ ਤੇ ਲੰਡਿਆਂ ਵਿਚ ਬਹੀ-ਖ਼ਾਤਾ ਤੇ ਪਹਾੜੇ ਆਦਿ ਸਿੱਖੇ। ਫੇਰ ਮੁੱਲਾਂ ਦੇ ਮਕਤਬ ਵਿਚ ਫ਼ਾਰਸੀ ਤੇ ਅਰਬੀ ਪੜ੍ਹੀ ਤੇ ਕੁਰਾਨ ਹਦੀਸ ਬਾਬਤ ਵਾਕਫ਼ੀ ਪ੍ਰਾਪਤ ਕੀਤੀ। ਕਈ ਸਾਲ ਸਾਧਾਂ ਫ਼ਕੀਰਾਂ ਨੂੰ ਮਿਲਦੇ-ਮਿਲਾਂਦੇ ਰਹੇ ਤੇ ਉਸ ਸਮੇਂ ਅਤੇ ਪ੍ਰਾਚੀਨ ਸਮੇਂ ਦੇ ਧਰਮਾਂ ਤੇ ਸਾਹਿੱਤ ਦੀ ਗੂੜ੍ਹੀ ਪੜਚੋਲ ਕੀਤੀ। ਆਪਣੀਆਂ ਉਦਾਸੀਆਂ ਵਿਚ ਸਾਰੇ ਭਾਰਤ ਵਰਸ਼, ਅਰਬ, ਅਫ਼ਗ਼ਾਨਿਸਤਾਨ, ਇਰਾਕ ਤੇ ਦੀਪ ਦੀਪਾਂਤ੍ਰਾਂ ਵਿਚ ਘੁੰਮੇ ਤੇ ਧਰਮ-ਕਸ਼ੇਤ੍ਰਾਂ, ਤੇ ਧਾਰਮਕ ਆਗੂਆਂ ਤੇ ਜਨਤਾ ਨੂੰ ਆਪਣੇ ਉਪਦੇਸ਼ਾਂ, ਖ਼ਿਆਲਾਂ ਨਾਲ ਪ੍ਰਭਾਵਤ ਕੀਤਾ। ਬੜੀ ਪ੍ਰਭਾਵਸ਼ਾਲੀ ਬਾਣੀ ਰਚੀ, ਆਪਣੀਆਂ ਕਥਾਵਾਂ, ਉਪਦੇਸ਼ਾਂ ਨੂੰ ਆਪ ਹੀ ਸੰਗ੍ਰਹਿ ਕੀਤਾ ਤੇ ਲੰਡੇ, ਖਰੋਸ਼ਟੀ ਤੇ ਦੇਵਨਾਗਰੀ ਲਿੱਪੀਆਂ ਦੇ ਆਧਾਰ ਉੱਤੇ ਪੰਜਾਬੀ ਬੋਲੀ ਦੇ ਉਚਾਰਣਾਂ ਨੂੰ ਪ੍ਰਗਟ ਕਰਨ ਲਈ ਇਕ ਸੰਪੂਰਣ ਲਿੱਪੀ ਘੜੀ ਜੋ ਕਿ 'ਗੁਰਮੁਖੀ' ਨਾਮ ਨਾਲ ਪ੍ਰਸਿੱਧ ਹੋਈ। ਆਰਯਾ ਤੇ ਸਾਮੀ ਸੰਸਕ੍ਰਿਤੀਆਂ ਤੇ ਉਨ੍ਹਾਂ ਉੱਤੇ ਨਿਰਭਰ ਸਮਾਜਾਂ ਦੀ ਤਿੱਖੀ ਪੜਚੋਲ ਕਰ ਕੇ ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਪੜਤਾਲਿਆ ਤੇ ਆਪਣੇ ਅਨੁਭਵੀ ਤੇ ਈਸ਼ਵਰੀ ਪ੍ਰੇਰਨਾ ਦੁਆਰਾ ਪ੍ਰਾਪਤ ਹੋਏ ਗਿਆਨ ਦੀਆਂ ਨੀਹਾਂ ਉੱਤੇ ਇਕ ਵਿਸ਼ਾਲ, ਮੁਕੰਮਲ ਤੇ ਪ੍ਰਭਾਵਸ਼ਾਲੀ ਧਰਮ ਦਾ ਨਿਰਮਤ ਕੀਤਾ, ਜਿਸ ਧਰਮ ਵਿੱਚੋਂ ਸਮਾਂ ਪਾ ਕੇ, ਇਕ ਮਹਾਨ ਬਲੀ, ਅਮਿੱਤ ਆਭਾ ਵਾਲਾ ਤੇ ਸ੍ਰਿਸ਼ਟੀ ਲਈ ਕਲਿਆਣਕਾਰੀ ਪੰਥ ਪ੍ਰਗਟਿਆ। 22 ਸਤੰਬਰ, ਸੰਨ 1539 ਈਸਵੀ ਨੂੰ ਗੁਰੂ ਅੰਗਦ ਨੂੰ ਆਪਣਾ ਜਾਨ-ਨਸ਼ੀਨ ਥਾਪ ਕੇ, ਗੁਰੂ ਨਾਨਕ ਜੋਤੀ ਜੋਤਿ ਸਮਾ ਗਏ।

ਗੁਰੂ ਨਾਨਕ ਦਾ ਉਪਦੇਸ਼ ਸਰਬ ਸੰਸਾਰ ਲਈ ਸਾਂਝਾ ਤੇ ਪ੍ਰਾਣੀ-ਮਾਤਰ ਲਈ ਕਲਿਆਣਕਾਰੀ ਹੈ। ਉਨ੍ਹਾਂ ਦਾ ਸੁਨੇਹਾ ਹਰ ਇਨਸਾਨ ਨੂੰ ਭੀ ਹੈ ਤੇ ਇਨਸਾਨੀ ਸਮਾਜ ਨੂੰ ਸਮੁੱਚੇ ਤੌਰ 'ਤੇ ਭੀ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ ਤੇ ਨਾਮ, ਦਾਨ, ਇਸ਼ਨਾਨ, ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ ਭਗਤੀ, ਈਸ਼ਵਰ ਸਿਮਰਨ ਨਾਲ ਮਨ ਦੀ ਮੈਲ਼ ਕੱਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਸ੍ਵਰੂਪ ਵਿਚ ਵਿਦਮਾਨ ਹੁੰਦਾ ਹੈ ਤੇ ਆਪਣੇ ਸ਼ੁੱਧ ਸ੍ਵਰੂਪ ਦੀ ਪ੍ਰਾਪਤੀ, ਮਨੁੱਖ ਦਾ ਧਰਮ ਤੇ ਉਸ ਦੀ ਹੋਣੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਸੰਸਾਰ ਤੇ ਸਮਾਜ ਤੋਂ ਕੱਟ ਕੇ ਤੇ ਵੱਖਰੇ ਹੋ ਕੇ ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ ਤੇ ਉੱਨਤੀ ਤਥਾ ਹੋਂਦ ਅਸੰਭਵ ਹੈ, ਇਸ ਲਈ ਨਾਮ ਤੇ ਸਿਮਰਨ ਦੀ ਕਮਾਈ ਸਫਲ ਨਹੀਂ ਹੁੰਦੀ, ਪ੍ਰੇਮ ਤੇ ਸੇਵਾ

ਬਿਨਾਂ। ਪ੍ਰੇਮ-ਧਰਮ ਤੇ ਸੇਵਾ-ਧਰਮ ਪੂੰਜੀ-ਸੰਗ੍ਰਹਿ ਤੇ ਸੰਸਾਰ ਦੀ ਧਨ ਦੌਲਤ ਤੇ ਸੰਪਤੀ ਉੱਤੇ ਨਿੱਜੀ ਅਧਿਕਾਰ ਤੇ ਕਬਜ਼ਾ ਜਮਾਉਣ ਦੀ ਰੁਚੀ ਨਾਲ ਮੇਲ ਨਹੀਂ ਖਾਂਦਾ। ਇਸ ਲਈ ਗੁਰੂ ਨਾਨਕ ਦੀ ਸਿੱਖੀ ਕਿਰਤੀਆਂ ਤੇ ਵੰਡ ਛਕਣ ਵਾਲਿਆਂ ਦੀ ਸਿੱਖੀ ਹੈ, ਵੱਡੇ ਧਨਾਢਾਂ ਤੇ ਪੂੰਜੀਦਾਰਾਂ ਲਈ ਸਿੱਖੀ ਦਾ ਕਠਨ ਤੇ ਦੁਰਗਮ ਰਾਹ ਨਹੀਂ। ਤੀਸਰਾ ਉਪਦੇਸ਼ ਗੁਰੂ ਨਾਨਕ ਦਾ, ਜੋ ਉਪਦੇਸ਼ ਕਿ ਗੁਰੂ ਨਾਨਕ ਦੀ ਬੁਨਿਆਦੀ ਫ਼ਿਲਾਸਫ਼ੀ ਦਾ ਟੈਹਣਾ ਹੈ, ਇਹ ਹੈ ਕਿ ਜਿਵੇਂ ਇਨਸਾਨ ਖ਼ੁਦਗਰਜ਼ੀ ਦੀ ਹਉਮੈ ਦੀ ਜਿਲ੍ਹਣ ਵਿੱਚੋਂ ਨਿਕਲ ਕੇ, ਇਕ ਸਮਾਜ ਵਿਚ ਪ੍ਰੋਤਾ ਗਿਆ ਹੈ, ਉਸੇ ਤਰ੍ਹਾਂ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂ ਜੋ ਵਿਸ਼ਵ ਦਾ, ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

ਇਹ ਸੁਨੇਹਾ ਗੁਰੂ ਨਾਨਕ ਦਾ, ਇਹ ਚਹੁੰ ਵਰਨਾਂ ਨੂੰ ਸਾਂਝਾ ਉਪਦੇਸ਼ ਗੁਰੂ ਨਾਨਕ ਦਾ, ਸਾਡੇ ਲਈ ਤੇ ਸਰਬ ਸੰਸਾਰ ਲਈ, ਅੱਜ ਅਤੀ ਜ਼ਰੂਰੀ ਹੋ ਗਿਆ ਹੈ। ਜਿਨ੍ਹਾਂ ਨੇ ਗੁਰੂ ਨਾਨਕ ਦਾ ਉਪਦੇਸ਼ ਸੁਣਿਆ ਤੇ ਵਿਚਾਰਿਆ, ਜਿਹੜੇ ਗੁਰੂ ਨਾਨਕ ਦੇ ਉਪਦੇਸ਼ਾਂ ਨਾਲ ਸਿੱਧੇ ਯਾ ਟੇਢੇ ਤੌਰ 'ਤੇ ਪ੍ਰਭਾਵਿਤ ਹੋਏ, ਉਨ੍ਹਾਂ ਨੂੰ ਛੱਡ ਕੇ, ਸੰਸਾਰ ਦੀਆਂ ਉਹ ਜਾਤੀਆਂ ਤੇ ਦੇਸ਼, ਮਨ, ਆਤਮਾ ਤੇ ਸਰੀਰ ਕਰਕੇ ਦੁਖੀ ਇਨਸਾਨੀਅਤ, ਅੱਜ ਇਕ ਧੁੰਦਲਾ ਜਿਹਾ ਪ੍ਰਕਾਸ਼ ਦੇਖ ਰਹੀਆਂ ਹਨ ਤੇ ਉਨ੍ਹਾਂ ਪਗਡੰਡੀਆਂ ਉੱਤੇ ਤੁਰ ਰਹੀਆਂ ਹਨ, ਜੋ ਅੰਤ ਨੂੰ ਉਸ ਜਰਨੈਲੀ ਸੜਕ, ਉਸ ਰਾਜ-ਪੱਥ ਵਿਚ ਜਾ ਰਲਦੀਆਂ ਹਨ, ਜੋ ਗੁਰੂ ਨਾਨਕ ਦਾ ਪੰਥ ਸਰਬ ਸੰਸਾਰ ਲਈ ਕਲਿਆਣਕਾਰੀ, ਪੱਖ ਪਾਤ ਤੋਂ ਰਹਿਤ, ਗੁਰੂ ਨਾਨਕ ਦੇ ਉਪਦੇਸ਼ਾਂ, ਗੁਰੂ ਨਾਨਕ ਦੀ ਸਿੱਖੀ ਦਾ ਰਾਹ ਹੈ।

ਸਾਧ ਸੰਗਤ ਜੀ, ਅੱਜ ਦੇ ਸ਼ੁਭ ਦਿਹਾੜੇ ਮੈਂ ਤੁਹਾਨੂੰ ਖ਼ੁਸ਼ਖ਼ਬਰੀ ਦੇਂਦਾ ਹਾਂ, ਜੋ ਗੁਰੂ ਨਾਨਕ ਦਾ ਸਿੱਖੀ ਦਾ ਪ੍ਰਕਾਸ਼ ਅੱਜ ਰੂਸ, ਚੀਨ, ਯੂਰਪ ਦੀ ਧੁੰਦ ਨੂੰ ਮਿਟਾ ਰਿਹਾ ਹੈ ਤੇ ਧਰਤੀ ਦੇ ਚੌਹਾਂ ਖੂੰਜਿਆਂ ਤੋਂ ਨਾਨਕ ਪ੍ਰਸਤ, ਨਾਨਕ ਪੰਥੀ, ਉੱਠ ਰਹੇ ਹਨ, ਜਿਨ੍ਹਾਂ ਨੇ ਭਾਵੇਂ ਅਜੇ ਗੁਰੂ ਨਾਨਕ ਦਾ ਨਾਮ ਤੇ ਉਪਦੇਸ਼ ਨਹੀਂ ਸੁਣੇ, ਪਰ ਜੋ ਗੁਰੂ ਦੇ ਹੁਕਮ ਅੰਦਰ ਗੁਰੂ ਦੀ ਰੌਸ਼ਨੀ ਦੀ ਚਕਾਚੌਂਧ ਨਾਲ ਯੁਗਾਂ ਦੀ ਨੀਂਦ ਵਿਚੋਂ ਉੱਠੇ ਹਨ ਤੇ ਅਚਿੰਤੇ ਹੀ ਗੁਰੂ ਨਾਨਕ ਦੇ ਪੰਥ ਵੱਲ ਖਿੱਚੇ ਚਲੇ ਆ ਰਹੇ ਹਨ, ਉਨ੍ਹਾਂ ਨਾਨਕ ਪੰਥੀਆਂ ਦੀ ਪਛਾਣ ਕਰੋ ਤੇ ਉਨ੍ਹਾਂ ਦੇ ਹਮ-ਆਹੰਗ ਹੋ ਕੇ, ਨਵੇਂ ਸੰਸਾਰ ਦੀ ਉਸਾਰੀ ਵਿਚ ਆਪਣਾ ਹਿੱਸਾ ਪਾਓ ਤੇ ਏਥੇ ਓਥੇ ਦੋਹੀਂ ਥਾਈਂ ਕਲਿਆਣ ਦੇ ਭਾਗੀ ਬਣੋ:

**ਵਾਹਿਗੁਰੂ ਜੀ ਕਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫ਼ਤਹਿ॥**

# ਗੁਰੂ ਨਾਨਕ ਜੀ ਦੀ ਪਦ-ਪਦਵੀ

ਅੱਜ ਦਾ ਭਾਸ਼ਣ ਮੈਂ ਪੰਜਾਬੀ ਵਿਚ ਇਸ ਲਈ ਦੇ ਰਿਹਾ ਹਾਂ ਤਾਂ ਜੋ ਇਸ ਦਾ ਲਾਭ ਸਭਨਾਂ ਨੂੰ ਸਮਾਨ ਤੌਰ 'ਤੇ ਪੁੱਜੇ ਅਤੇ ਅਸੀਂ ਆਪਣੀ ਭਾਸ਼ਾ ਨੂੰ, ਜੋ ਵਿੱਦਿਆ ਦਾ ਮਾਧਿਅਮ ਤੇ ਉੱਚ ਵਿਚਾਰ ਪ੍ਰਗਟਾਉਣ ਦਾ ਸਾਧਨ ਬਣਾਉਣ ਦਾ ਉਪਰਾਲਾ ਕਰ ਰਹੇ ਹਾਂ, ਇਸ ਵਿਚ ਕੁਝ ਮੈਂ ਵੀ ਆਪਣਾ ਯੋਗਦਾਨ ਪਾ ਸਕਾਂ।

ਉਂਜ ਸਿੱਖ ਧਰਮ ਵਿਚ ਕਿਸੇ ਭਾਸ਼ਾ ਨੂੰ ਵਡਿਆਇਆ ਜਾਂ ਛੁਟਿਆਇਆ ਨਹੀਂ ਗਿਆ। ਸਾਰੀਆਂ ਭਾਸ਼ਾਵਾਂ ਵਰਗੀਕਰਣ ਕਰਕੇ ਚੰਗੀਆਂ ਮੰਦੀਆਂ ਨਹੀਂ, ਸਗੋਂ ਉਨ੍ਹਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਕਾਰਨ ਪਵਿੱਤਰ ਜਾਂ ਅਪਵਿੱਤਰ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 'ਗਿਆਨ ਪ੍ਰਬੋਧ' ਵਿਚ ਇਸ ਗੱਲ ਦਾ ਨਿਰਣਾ ਇਉਂ ਕਹਿ ਕੇ ਕੀਤਾ ਹੈ:

**ਸਭੈ ਅੱਛ੍ਰ ਬਿੱਦਿਆ ਸਭੈ ਦੇਸ ਬਾਨੀ॥**
**ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥੧੨॥੨੮੩॥** *(ਦਸਮ ਗ੍ਰੰਥ, ਪੰਨਾ 151)*

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਿਚਾਰ ਦਾ ਸ੍ਰੋਤ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੀ ਕਿ ਸ਼ੁੱਧ ਹਿਰਦੇ ਨਾਲ ਕਹੀ ਹੋਈ ਕਿਸੇ ਵੀ ਭਾਸ਼ਾ ਵਿਚ ਉੱਚੀ ਗੱਲ ਪਵਿੱਤਰ ਹੋ ਸਕਦੀ ਹੈ।

ਯਾਦ ਰਹੇ ਕਿ ਸਾਡੇ ਦੇਸ਼ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਮਾਜ ਅੰਦਰ ਸੰਸਕ੍ਰਿਤ ਨੂੰ ਦੇਸ਼-ਭਾਸ਼ਾ ਕਹਿ ਕੇ ਵਡਿਆਇਆ ਅਤੇ ਬਾਕੀ ਭਾਸ਼ਾਵਾਂ ਨੂੰ ਸ਼ੂਦਰ ਜਾਂ ਮਲੇਛ ਭਾਖਾ ਕਹਿ ਕੇ ਨਿੰਦਿਆ ਜਾਂਦਾ ਸੀ। ਇਹ ਗੱਲ ਕਥਨੀ ਮਾਤਰ ਨਹੀਂ। ਇਸ ਦੇ ਪ੍ਰਮਾਣ ਲਈ ਮੈਂ ਇਕ ਬਿਦੇਸ਼ੀ ਯਾਤਰੀ ਅਲਬਰੂਨੀ ਦੀ *ਕਿਤਾਬੁਲ-ਹਿੰਦ* ਵੱਲ ਤੁਹਾਡਾ ਧਿਆਨ ਦੁਆਉਣਾ ਚਾਹੁੰਦਾ ਹਾਂ, ਜਿਸ ਨੇ ਗਿਆਰ੍ਹਵੀਂ ਸਦੀ ਵਿਚ ਭਾਰਤ ਦੇ ਸਾਰੇ ਹਾਲਾਤ ਦੇਖ-ਪਾਖ ਕੇ ਗੂੜ੍ਹੇ ਅਧਿਐਨ ਤੋਂ ਬਾਅਦ ਇਥੋਂ ਦੇ ਹਿੰਦੂਆਂ ਦੇ ਦ੍ਰਿਸ਼ਟੀਕੋਣ ਨੂੰ ਬਿਆਨਦਿਆਂ ਇੰਜ ਲਿਖਿਆ ਹੈ ਕਿ:

> "ਹਿੰਦੂ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦੇਸ਼ ਦੀਆਂ ਭੂਗੋਲਕ ਹੱਦਾਂ ਤੋਂ ਪਰੇ ਨਾ ਕੋਈ ਉੱਚ ਵਿੱਦਿਆ ਪੈਦਾ ਹੋ ਸਕਦੀ ਹੈ ਤੇ ਨਾ ਹੀ ਉੱਚੇ ਵਿਚਾਰਾਂ ਵਾਲੀ ਗੱਲ। ਜੋ ਕੁਝ ਵੀ ਹੈ ਉਹ ਸੰਸਕ੍ਰਿਤ ਵਿਚ ਹੀ ਭਰਿਆ ਪਿਆ ਹੈ। ਏਦੂੰ ਪਰੇ ਹੋਰ ਕੁਝ ਨਹੀਂ।"

ਉਸ ਨੇ ਇਹ ਵਿਚਾਰ ਸਾਡਿਆਂ ਪੁਰਾਣਾਂ ਅਤੇ ਅਨੇਕਾਂ ਹਿੰਦੂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਬਣਾਏ ਸਨ। ਗੁਰੂ ਨਾਨਕ ਸਾਹਿਬ ਦੀ ਪਹਿਲੀ ਦੇਣ ਜਾਂ ਵਡਿਆਈ ਇਸ ਵਿਚ ਹੈ ਕਿ ਉਨ੍ਹਾਂ ਨੇ ਸਾਡੀ ਪ੍ਰਾਚੀਨ ਪ੍ਰਣਾਲੀ ਦਾ ਵਹਿਮ ਭੰਨ ਕੇ ਉੱਚਤਮ ਵਿਚਾਰਾਂ ਦਾ ਮਾਧਿਅਮ ਇਥੋਂ ਦੀ ਲੋਕ-ਭਾਸ਼ਾ ਪੰਜਾਬੀ ਨੂੰ ਬਣਾਇਆ। ਉਸੇ ਭਾਸ਼ਾ ਵਿਚ ਮੈਂ ਆਪਣਾ ਅੱਜ ਦਾ ਭਾਸ਼ਣ ਦੇ ਰਿਹਾ ਹਾਂ।

ਪਿਛਲੇ ਸਾਲ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਵੱਲੋਂ ਸੱਦੀ ਗਈ ਇਕੱਤਰਤਾ ਵਿਚ ਬੜੇ-ਬੜੇ ਸ਼ਕਤੀਸ਼ਾਲੀ ਤੇ ਪਦ-ਅਧਿਕਾਰੀ ਸਿੱਖ ਨੇਤਾਵਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਕੁਝ ਉੱਘੇ ਤੇ ਵੱਡੇ ਸਿੱਖ ਨੇਤਾਗਣਾਂ ਦਾ ਇਹ ਵਿਚਾਰ ਸੁਣਨ ਵਿਚ ਆਇਆ ਕਿ ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰਾਂ ਦੀ ਧਾਰਾ ਨੂੰ ਸਿੱਖ ਜਗਤ ਨੇ ਸਮਝਿਆ ਨਹੀਂ ਅਤੇ ਨਾ ਹੀ ਇਸ ਬਾਰੇ ਕੋਈ ਅਮਲੀ ਕੰਮ ਕੀਤਾ ਹੈ। ਇਸ ਲਈ ਅਸੀਂ ਸਾਰੇ ਨਰਕਾਂ ਦੇ ਭਾਗੀ ਹਾਂ। ਮੈਂ ਇਸ ਇਕੱਠ ਵਿਚ ਮੁੱਖ ਮੰਤਰੀ ਸਾਹਿਬ ਦੇ ਕਹਿਣ 'ਤੇ ਜੋ ਗੱਲ ਕਹੀ, ਉਹ ਇਥੇ ਫਿਰ ਦੁਹਰਾਉਂਦਾ ਹਾਂ ਕਿ ਬੇਸ਼ੱਕ ਅਸੀਂ, ਜਿਸ ਤੋਂ ਮੇਰਾ ਮਤਲਬ ਆਮ ਸਿੱਖ ਸਮਾਜ ਹੈ, ਗੁਰੂ ਸਾਹਿਬ ਦੇ ਵਿਚਾਰਾਂ ਤੇ ਹੁਕਮਾਂ ਨੂੰ ਜਿੰਨਾ ਸਮਝਣਾ ਚਾਹੀਦਾ ਸੀ ਨਹੀਂ ਸਮਝਿਆ, ਜਿਸ ਦਾ ਕਸੂਰ ਵੱਡੇ-ਵੱਡੇ ਸ਼ਕਤੀਸ਼ਾਲੀ ਵਿਅਕਤੀਆਂ ਦਾ ਹੀ ਮੰਨਣਾ ਚਾਹੀਦਾ ਹੈ ਤਾਂ ਜੋ ਨਰਕਵਾਸ ਲਈ ਸਿੱਖਾਂ ਦੀ ਚੋਣ ਵੇਲੇ ਮੇਰੇ ਜਿਹੇ ਗ਼ਰੀਬ ਸਿੱਖ ਧੂਹ ਨਾ ਲਏ ਜਾਣ। ਜਿਵੇਂ ਗੁਰੂ ਨਾਨਕ ਜੀ ਨੂੰ ਮੈਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਵੇਂ ਉਨ੍ਹਾਂ ਦੇ ਵਿਚਾਰਾਂ ਨੇ ਕਈ ਧਰਮਾਂ ਦੇ ਸੰਸਥਾਪਕਾਂ ਵਾਂਗ ਭਾਵੇਂ ਸਲਤਨਤਾਂ ਕਾਇਮ ਕਰ ਕੇ ਸਥਿਰ ਨਹੀਂ ਰੱਖੀਆਂ ਪਰ ਉਨ੍ਹਾਂ ਦੇ ਵਿਚਾਰਾਂ ਦੇ ਬੀਜ ਜਿਵੇਂ ਵਧੇ ਫੁੱਲੇ, ਜੇ ਇਉਂ ਦੇਖਿਆ ਜਾਵੇ ਤਾਂ ਸਿੱਖ ਵਿਚਾਰਧਾਰਾ ਕਿਸੇ ਤੋਂ ਪਿੱਛੇ ਨਹੀਂ, ਸਗੋਂ ਅੱਗੇ ਦਿੱਸਦੀ ਹੈ।

ਹਿੰਦੁਸਤਾਨ ਵਰਗਾ ਸਨਾਤਮ ਧਰਮੀ ਦੇਸ਼ ਹੋਵੇ ਤੇ ਇਸ ਵਿਚ ਰਹਿਣ ਵਾਲਿਆਂ ਦੇ ਵਿਚਾਰ ਇਹ ਹੋਣ ਕਿ ਇਸ ਦੇਸ਼ ਦੀਆਂ ਹੱਦਾਂ ਤੋਂ ਪਰੇ ਨਾ ਕੋਈ ਵਿਚਾਰਧਾਰਾ ਹੈ, ਨਾ ਕਿਸੇ ਤਰ੍ਹਾਂ ਦਾ ਉੱਚਤਮ ਜੀਵਨ ਜੀਵਿਆ ਜਾ ਸਕਦਾ ਹੈ, ਨਾ ਕਿਸੇ ਦਾ ਕਲਿਆਣ ਹੋ ਸਕਦਾ ਹੈ, ਇਸ ਭੂਮੀ ਵਿਚ ਨਵੀਂ ਵਿਚਾਰਧਾਰਾ ਦੇ ਖ਼ਿਆਲ ਦੀਆਂ ਡੂੰਘੀਆਂ ਜੜ੍ਹਾਂ ਗੱਡ ਦੇਣੀਆਂ ਅਤੇ ਇਥੋਂ ਦੇ ਵਾਸੀਆਂ ਨੂੰ ਵਿਆਪਕ ਦ੍ਰਿਸ਼ਟੀ ਦੇਣੀ ਗੁਰੂ ਨਾਨਕ ਜੀ ਦੀ ਮਹਾਨ ਦੇਣ ਜਾਂ ਬਖ਼ਸ਼ਿਸ਼ ਹੈ। ਗੁਰੂ ਨਾਨਕ ਦੇਵ ਜੀ ਦਾ ਅੱਜ ਅਸੀਂ ਪੰਜ ਸੌ ਸਾਲਾ ਉਤਸਵ ਮਨਾ ਰਹੇ ਹਾਂ। ਅਸੀਂ ਪੰਜ ਸੌ ਸਾਲ ਦੀ ਸਮਾਜੀ ਤੇ ਰਾਜਸੀ ਹਾਲਤ ਨੂੰ ਸਮਝੀਏ ਤਾਂ ਉਹ ਇਕ ਮੱਧਕਾਲੀ ਯੁਗ ਸੀ। ਗੁਰੂ ਨਾਨਕ ਜੀ ਨੇ ਇਸ ਨੂੰ ਨਵੀਂ ਰੌਸ਼ਨੀ ਬਖ਼ਸ਼ ਕੇ ਨਵੇਂ ਆਧੁਨਿਕ ਯੁੱਗ ਦਾ ਆਰੰਭ ਕੀਤਾ। ਵਰਤਮਾਨ ਯੁੱਗ ਦੀਆਂ ਸਾਰੀਆਂ ਸੋਚ-ਪ੍ਰਣਾਲੀਆਂ ਜਿਥੇ ਕਿਤੇ ਵੀ ਹਨ, ਮੈਂ ਡੂੰਘੇ ਅਧਿਐਨ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਜੇ ਤੁਸੀਂ ਉਨ੍ਹਾਂ ਦੀਆਂ ਖੋਲ੍ਹ-ਖੋਲ੍ਹ ਕੇ ਤੇ ਫਰੋਲ-ਫਰੋਲ ਕੇ ਜੜ੍ਹਾਂ ਲੱਭੋ ਤਾਂ ਉਹ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਵਿੱਚੋਂ ਹੀ ਨਿਕਲਦੀਆਂ ਮਿਲਣਗੀਆਂ। ਇਹ ਇਕ ਲੰਬਾ ਵਿਸ਼ਾ ਹੈ। ਜੇ ਕੋਈ ਡੂੰਘੇ ਧਿਆਨ ਨਾਲ ਇਸ ਦਾ ਮੁਤਾਲਿਆ ਕਰੇ ਤਾਂ ਦੁਨੀਆ ਵਿਚ ਜਿਤਨੇ ਪਰਿਵਰਤਨ ਹੋਏ, ਉਨ੍ਹਾਂ ਦੇ ਅਸਲੀ ਕਾਰਨ ਕੀ ਸਨ ਤੇ ਜਿਨ੍ਹਾਂ ਵਿਚਾਰਧਾਰਾਵਾਂ ਨੇ ਸਮਾਜ ਨੂੰ ਨਵੀਂ ਕਿਸਮ ਦੀ ਵਿਧੀ ਤੇ ਪ੍ਰਣਾਲੀ ਦਿੱਤੀ, ਜਿਵੇਂ ਮਾਰਕਿਸਟ ਤੇ ਲੈਨਨਿਸਟ ਵਿਚਾਰਧਾਰਾ ਨੇ ਰੂਸ ਵਿਚ ਖ਼ਾਸ ਕਿਸਮ ਦਾ ਸਮਾਜ ਤੇ ਸਾਮਰਾਜ ਬਣਾ ਲਿਆ, ਤਾਂ ਇਸ ਦੇ ਪਿਛੋਕੜ ਵਿਚ ਗੁਰੂ ਸਾਹਿਬਾਂ ਦੇ ਵਿਚਾਰਾਂ ਦੇ ਬੀਜ ਹੀ ਮਿਲਣਗੇ। ਇਹ ਮੈਂ ਨਹੀਂ ਆਖ ਰਿਹਾ, ਪ੍ਰਸਿੱਧ ਇਤਿਹਾਸਕਾਰ ਟੋਆਇਨਬੀ ਨੇ ਵੀ ਲਿਖਿਆ ਹੈ। ਸਿੱਧੇ ਰੂਪ ਵਿਚ ਭਾਵੇਂ ਇਤਿਹਾਸਕਾਰ ਜਾਂ ਹੋਰ ਕਿਸੇ ਜ਼ਰੀਏ ਨਾਲ ਇਹ ਗੱਲ ਸਾਬਤ ਕਰਨੀ ਕਠਿਨ ਹੋਵੇ, ਪਰ ਇਹ ਹੈ ਸੱਚ। ਇਸ ਨਾਲ ਵੱਡੀ ਇਨਕਲਾਬੀ ਤੇ ਨਰੋਈ ਵਿਚਾਰਧਾਰਾ ਗੁਰੂ ਨਾਨਕ ਜੀ ਤੇ ਸਿੱਖੀ ਲਈ ਹੋਰ ਕੀ ਹੋ ਸਕਦੀ ਹੈ?

ਪਿਛਲੇ ਪੰਜ ਸੌ ਸਾਲਾਂ ਵਿਚ, ਪਹਿਲੇ ਪੰਜਾਬ ਵਿਚ ਜੋ ਪਿਸ਼ੌਰ ਤੋਂ ਜਮਨਾ ਤਕ ਸੀ, ਜਿੰਨੇ ਵੀ ਸਿੱਖ ਵੱਸਦੇ ਸਨ, ਬਹੁਤੇ ਉਹ ਹੀ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੇ ਧਾਰਨੀ ਤੇ ਅਲੰਬਰਦਾਰ ਮੰਨੇ ਜਾਂਦੇ ਸਨ। ਇਸ ਪੰਜਾਬ ਵਿਚ ਇਨ੍ਹਾਂ ਗੁਰੂ ਕੇ ਸਿੱਖਾਂ ਦੇ ਯਤਨਾਂ ਅਤੇ ਘਾਲਣਾ ਦਾ ਜੋ ਪ੍ਰਤਿਬਿੰਬ ਬਾਹਰਲੀ ਦੁਨੀਆ ਉੱਤੇ ਪਿਆ, ਮੇਰੇ ਵਿਚਾਰ ਵਿਚ, ਬਹੁਤ ਮਹਾਨ ਹੈ। ਉਨ੍ਹਾਂ ਧਰਮ-ਸੰਸਥਾਪਕਾਂ ਦੇ ਸਿਰਜੇ ਹੋਏ ਸਾਮਰਾਜਾਂ ਦੇ ਟਾਕਰੇ ਉੱਤੇ ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਬੜੀਆਂ ਰਸ਼ਕ ਭਰੀਆਂ ਨਿਗਾਹਾਂ ਨਾਲ ਵੇਖਦੇ ਹਾਂ ਕਿ ਫ਼ਲਾਣੇ ਦੇ ਧਰਮ-ਅਵਿਲੰਬੀਆਂ ਨੇ ਸਾਲ ਵਿਚ ਇੰਨੇ ਇਲਾਕੇ ਜਿੱਤ ਲਏ, ਧਿਮਕੇ ਨੇ ਏਡਾ ਵੱਡਾ ਸਾਮਰਾਜ ਸਫਾਤਨ ਕਰ ਲਿਆ, ਉਨ੍ਹਾਂ ਸਾਮਰਾਜਾਂ ਦੇ ਟਾਕਰੇ ਗੁਰੂ ਨਾਨਕ ਜੀ ਦੇ ਜੁਗ-ਪਲਟਾਊ ਵਿਚਾਰਾਂ ਨੂੰ ਇਤਿਹਾਸ ਵਿਚ ਲਾਸਾਨੀ ਥਾਂ ਪ੍ਰਾਪਤ ਹੈ।

ਅੱਜ ਦੇ ਭਾਸ਼ਣ ਵਿਚ ਮੈਂ ਗੁਰੂ ਨਾਨਕ ਦੇਵ ਜੀ ਦੀ ਪਦ ਤੇ ਪਦਵੀ ਬਾਰੇ ਵਿਸ਼ੇਸ਼ ਤੌਰ 'ਤੇ ਕੁਝ ਆਖਣਾ ਚਾਹੁੰਦਾ ਹਾਂ ਕਿਉਂਕਿ ਜਿੰਨਾ ਚਿਰ ਕਿਸੇ ਵਿਅਕਤੀ ਜਾਂ ਹਸਤੀ ਨੂੰ ਇਹ ਜਾਣ ਨਾ ਲਿਆ ਜਾਵੇ ਕਿ ਉਹ ਹੈ ਕੀ, ਹਿੰਦੂ ਕਿ ਮੁਸਲਮਾਨ, ਪੜ੍ਹਿਆ ਕਿ ਅਨਪੜ੍ਹ, ਬ੍ਰਾਹਮਣ ਜਾਂ ਖੱਤਰੀ, ਓਨਾ ਚਿਰ ਅਸੀਂ ਉਸ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ। ਜਿਵੇਂ ਹੁਣੇ ਪ੍ਰਿੰਸੀਪਲ ਸਾਹਿਬਾ ਨੇ ਮੇਰੀ ਪ੍ਰਸੰਸਾ ਤੇ ਵਿਦਵਤਾ ਬਾਰੇ ਕੁਝ ਲਫ਼ਜ਼ ਕਹੇ ਸਨ। ਉਹ ਬਚਨ ਸਤ ਤਾਂ ਨਹੀਂ ਸਨ, ਪਰ ਮਤਲਬ ਤਾਂ ਉਨ੍ਹਾਂ ਦਾ ਇਹੋ ਸੀ ਕਿ ਜੋ ਵਿਅਕਤੀ ਤੁਹਾਡੇ ਸਾਹਮਣੇ ਭਾਸ਼ਣ ਕਰਨ ਵਾਲਾ ਹੈ, ਜਿਸ ਦੇ ਤੁਸੀਂ ਸਰੋਤੇ ਹੋ, ਉਹ ਚੰਗਾ ਪੜ੍ਹਿਆ ਲਿਖਿਆ ਵਿਦਵਾਨ ਆਦਮੀ ਹੈ, ਇਸ ਲਈ ਉਸ ਦੇ ਮੂੰਹੋਂ ਨਿਕਲੀਆਂ ਗੱਲਾਂ ਦਾ ਜੋ ਤੁਸੀਂ ਮੁੱਲ ਪਾਉਣਾ ਹੈ, ਉਹ ਇਹ ਸਾਰਾ ਪਿਛੋਕੜ ਸਮਝ ਕੇ ਪਾਇਓ ਕਿ ਇਹ ਗੱਲਾਂ ਕਿਹੋ ਜਿਹੇ ਆਦਮੀ ਦੇ ਮੂੰਹੋਂ ਨਿਕਲ ਰਹੀਆਂ ਹਨ। ਇਸ ਲਈ ਲੋੜ ਹੁੰਦੀ ਹੈ ਕਿ ਕਿਸੇ ਵਿਅਕਤੀ ਦੀ ਗੱਲ ਦਾ ਮੁੱਲ ਪਾਉਣ ਤੋਂ ਪਹਿਲਾਂ ਉਸ ਦੀ ਸੰਗਿਆ ਦਾ ਪਤਾ ਕੀਤਾ ਜਾਵੇ।

ਗੁਰੂ ਨਾਨਕ ਜੀ ਬਾਰੇ ਤੁਸੀਂ ਸੁਣਿਆ ਹੀ ਹੈ ਕਿ ਕੁਝ ਲੋਕ ਉਨ੍ਹਾਂ ਨੂੰ ਭਗਤ ਕਹਿੰਦੇ ਹਨ, ਪਰ ਗੁਰੂ ਨਾਨਕ ਸਾਹਿਬ ਭਗਤ ਨਹੀਂ ਸਨ। 'ਭਗਤ' ਸ਼ਬਦ ਦੇ ਸ਼ਾਬਦਿਕ ਅਰਥ ਜੋ ਆਮ ਤੌਰ 'ਤੇ ਵਰਤੀਂਦੇ ਹਨ, ਉਹ ਗੁਰੂ ਨਾਨਕ ਜੀ ਦੇ ਵਿਅਕਤਿਤਵ ਦੀ ਢੁਕਵੀਂ ਸੰਗਿਆ ਨਹੀਂ। ਹਾਂ, ਜੋ ਤੁਸੀਂ, ਜਿਵੇਂ ਜਨਮ ਸਾਖੀ ਵਿਚ ਲਿਖਿਆ ਹੋਇਆ ਹੈ :

'ਗੁਰੂ ਨਾਨਕ ਪਾਰਬ੍ਰਹਮ ਕਾ ਨਿਜ ਭਗਤ ਥਾ।'

ਇਨ੍ਹਾਂ ਅਰਥਾਂ ਵਿਚ ਲਵੋ ਤਾਂ ਇਹ ਸੰਗਿਆ ਗ਼ਲਤ ਨਹੀਂ; ਪਰੰਤੂ, ਸਾਡੇ ਦੇਸ਼ ਦੀ ਦਾਰਸ਼ਨਿਕ ਭਾਸ਼ਾ ਨੇ, ਜੋ ਭਗਤ ਦੇ ਅਰਥ ਨਿਰਧਾਰਤ ਕੀਤੇ ਹਨ, ਉਹ ਹੋਰ ਹਨ। ਮੱਧ-ਕਾਲੀਨ ਸਮੇਂ ਵਿਚ ਭਗਤੀ ਲਹਿਰ ਚੱਲੀ, ਉਸ ਦੇ ਤਿੰਨ ਮੋਟੇ-ਮੋਟੇ ਸਿੱਧਾਂਤ ਹਨ। ਬੁੱਧੀਵਾਨ ਲੋਕਾਂ ਨੇ ਜੋ ਵਿਸ਼ਲੇਸ਼ਣ ਕੀਤਾ ਹੈ ਉਸ ਮੁਤਾਬਿਕ ਭਗਤੀ ਮਤ ਵਾਲਿਆਂ ਤਿੰਨ ਦੇਵਤੇ ਮੰਨੇ ਹਨ—ਬ੍ਰਹਮਾ, ਵਿਸ਼ਨੂੰ, ਸ਼ਿਵ। ਬ੍ਰਹਮਾ ਸੰਸਾਰ ਦੀ ਉੱਤਪਤੀ, ਵਿਸ਼ਨੂੰ ਸੰਭਾਲ ਅਤੇ ਸ਼ਿਵ ਸੰਘਾਰ ਕਰਦਾ ਹੈ। ਇਹ ਤ੍ਰੈ-ਮੂਰਤੀ ਤਿੰਨ ਅੰਗ ਹਨ, ਭਗਤੀ ਮਤ ਦੇ। ਇਨ੍ਹਾਂ ਤਿੰਨਾਂ ਵਿਚ ਵਿਸ਼ਨੂੰ ਜੋ ਸੰਸਾਰ ਦੇ ਪਾਲਕ ਕਹੇ ਜਾਂਦੇ ਹਨ, ਉਨ੍ਹਾਂ ਦਾ ਇਕ ਕੰਮ ਹੋਰ ਵੀ ਮੰਨਿਆ ਹੈ ਕਿ ਉਹ ਜਦੋਂ-ਜਦੋਂ ਧਰਮ ਦੀ ਗਿਲਾਨੀ ਦੂਰ ਕਰਨ ਤੇ ਧਰਮ ਦੇ ਪ੍ਰਚਾਰ ਲਈ ਦੁਨੀਆ 'ਤੇ ਆਉਂਦੇ ਰਹੇ ਹਨ, ਜਿਵੇਂ ਗੀਤਾ ਦਾ ਪ੍ਰਸਿੱਧ ਸ਼ਲੋਕ ਇਸ ਸਿਧਾਂਤ ਨੂੰ ਪ੍ਰਗਟਾਉਂਦਾ ਹੈ :

ਯਦਾ ਯਦਾ ਹੀ ਧਰਮੱਸਯ ਗਿਲਾਨਿ : ਭਵਤਿ ਭਾਰਤ।
ਅਭਯੁਤ ਤਥਾਂਨਮ ਧਰਮੱਸਯ ਤਦਾਤਮਾਨ ਸੁਜਾਮਿਯਹਮ।੭। *(ਗੀਤਾ, ਅਧਿ: ੪)*

ਕ੍ਰਿਸ਼ਨ ਜੀ ਮਹਾਰਾਜ ਦੇ ਮੂੰਹੋਂ ਗੀਤਾ ਵਿਚ ਇਹ ਕਹਾਇਆ ਕਿ ਜਦੋਂ-ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ ਮੈਂ ਅਵਤਾਰ ਧਾਰਦਾ ਹਾਂ। ਇਉਂ ਵਿਸ਼ਨੂੰ ਜੀ ਮਹਾਰਾਜ ਦੇ ਅਵਤਾਰ ਅਤੇ ਉਪ ਅਵਤਾਰ 24 ਮੰਨੇ ਜਾਂਦੇ ਹਨ। ਇਨ੍ਹਾਂ ਅਵਤਾਰਾਂ ਵਿਚ ਕਈ ਇਹੋ ਜਿਹੇ ਵੀ ਹਨ, ਜਿਨ੍ਹਾਂ ਦਾ ਅੱਧਾ ਧੜ ਮਨੁੱਖ ਦਾ ਅਤੇ ਅੱਧਾ ਸ਼ੇਰ ਦਾ ਦੱਸਿਆ ਜਾਂਦਾ ਹੈ ਅਤੇ ਮੱਛ, ਕੱਛ, ਵ੍ਹਾਹ ਆਦਿ ਕਈ ਅਣ-ਮਨੁੱਖੀ ਰੂਪਾਂ ਦੇ ਵੀ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਅਤੇ ਕ੍ਰਿਸ਼ਨ ਭਗਵਾਨ ਕਲਕੀ ਭਗਵਾਨ ਦੇ ਰੂਪ ਵਿਚ ਹਾਲੀਂ ਇਕ ਅਵਤਾਰ ਹੋਰ ਵੀ ਧਾਰਨਗੇ। ਅਵਤਾਰਵਾਦ ਭਗਤੀ ਲਹਿਰ ਦਾ ਮੁੱਢਲਾ ਸਿਧਾਂਤ ਹੈ। ਦੂਜਾ ਸਿਧਾਂਤ ਭਗਤੀ ਲਹਿਰ ਦਾ ਇਹ ਹੈ ਕਿ ਮਨੁੱਖ ਦਾ ਕਲਿਆਣ ਕੇਵਲ ਜਿਤਨੇ ਵਿਸ਼ਨੂੰ ਜੀ ਨੇ ਅਵਤਾਰ ਧਾਰੇ ਹਨ, ਉਨ੍ਹਾਂ ਵਿੱਚੋਂ ਕਿਸੇ ਇਕ ਦੀ ਪ੍ਰੇਮਾ-ਭਗਤੀ ਦੁਆਰਾ ਹੀ ਹੋ ਸਕਦਾ ਹੈ। ਜੇ ਇਹ ਦੋਵੇਂ ਸਿਧਾਂਤ ਮੰਨੋ ਤਾਂ ਤੁਸੀਂ ਭਗਤ ਕਹਾ ਸਕਦੇ ਹੋ। ਜੇ ਭਗਤ ਦੇ ਅਰਥ ਖੁਲ੍ਹਮ-ਖੁੱਲ੍ਹੇ ਲੈਣੇ ਹੋਣ; ਜਿਵੇਂ ਕਈ ਵਾਰ ਅਸੀਂ ਸਿੱਖ ਲੈਂਦੇ ਹਾਂ। ਜਿਹੜਾ ਵੀ ਕੋਈ ਕਿਸੇ ਕੋਲੋਂ ਕੋਈ ਚੀਜ਼ ਸਿੱਖੇ, ਉਹ ਹੀ ਸਿੱਖ ਕਿਹਾ ਜਾਂਦਾ ਹੈ। ਜਿਵੇਂ ਮਾਸਟਰ ਕੋਲੋਂ ਪੜ੍ਹਨ ਵਾਲਾ ਉਸ ਦਾ ਸਿੱਖ, ਕਿਸੇ ਹੋਰ ਕੰਮ ਦੇ ਉਸਤਾਦ ਤੋਂ ਸਿੱਖਣ ਵਾਲਾ ਉਸ ਦਾ ਸਿੱਖ, ਇਹ ਸਿੱਖ ਦੇ ਅਰਥਾਂ ਦਾ ਸੂਚਕ ਨਹੀਂ। ਸਿੱਖ ਕੇਵਲ ਉਹ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਨੂੰ ਮੰਨਦਾ ਤੇ ਹੋਰ ਕਿਸੇ ਧਰਮ ਦੀ ਅਕਾਂਖਿਆ ਨਾ ਰੱਖਦਾ ਹੋਵੇ, ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੋਵੇ, ਸਿੱਖ ਦੇ ਅਸਲੀ ਅਰਥ ਇਹ ਹਨ ਪਰ ਜੇ ਡਿਕਸ਼ਨਰੀ ਦੇ ਅਰਥ ਲਏ ਜਾਣ ਤਾਂ ਹਰ ਇਕ ਹਰ ਚੀਜ਼ ਦਾ ਸਿਖਾਂਦਰੂ ਹੀ ਸਿੱਖ ਬਣ ਜਾਂਦਾ ਹੈ। ਜਿਸ ਕੋਲੋਂ ਕੋਈ ਗੱਲ ਸਿੱਖੀ, ਉਹ ਉਸ ਦਾ ਸਿੱਖ। ਇਉਂ ਤਾਂ ਤੋਤੇ ਵੀ ਸਿੱਖ ਕਹੇ ਜਾ ਸਕਦੇ ਹਨ। ਇਸੇ ਤਰ੍ਹਾਂ ਭਗਤ ਦੇ ਅਰਥ ਵੀ ਦੋਨੋਂ ਤਰ੍ਹਾਂ ਦੇ ਹਨ। ਇਕ ਭਗਤੀ ਮਤ ਦਾ ਧਾਰਨੀ, ਅਵਤਾਰਵਾਦ ਵਿਚ ਯਕੀਨ ਰੱਖਣ ਵਾਲਾ ਜਿਵੇਂ—ਰਾਮਾਨੁਜ, ਰਾਮਾਨੰਦ, ਕਬੀਰ, ਰਵਿਦਾਸ ਆਦਿ ਜੋ ਹੋਏ ਹਨ ਤੇ ਦੂਜਾ ਜਨਮ ਸਾਖੀ ਵਿਚ ਦੱਸੀ ਗਈ

'ਅਕਾਲ ਪੁਰਖਿ ਦਾ ਨਿਜ ਭਗਤ'

ਵਾਲੀ ਭਗਤੀ ਦਾ ਧਾਰਨੀ। ਗੁਰੂ ਨਾਨਕ ਜੀ ਅਵਤਾਰਵਾਦ ਨੂੰ ਨਹੀਂ ਮੰਨਦੇ ਸੀ, ਉਨ੍ਹਾਂ ਦਾ ਕਥਨ ਹੈ :

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ। *(ਵਲਾਇਤ ਵਾਲੀ ਜਨਮ ਸਾਖੀ)*

ਜਿਨ੍ਹਾਂ ਦੇ ਅਵਤਾਰਵਾਦ ਬਾਰੇ ਇਸ ਭਾਂਤ ਦੇ ਵਿਚਾਰ ਹੋਣ :

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥** *(ਭੈਰਉ ਮ: ੫, ਪੰਨਾ 1136)*

ਉਹ ਭਗਤ ਕਿਵੇਂ ਕਹੇ ਜਾ ਸਕਦੇ ਹਨ। ਭਗਤੀ ਦੇ ਨੌਂ ਰੂਪ ਹਨ। ਉਨ੍ਹਾਂ ਵਿੱਚੋਂ ਮੂਲ ਗੁਣ ਪ੍ਰੇਮਾ-ਭਗਤੀ ਹੈ, ਜਿਸ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦਾ। ਇਸ ਪ੍ਰੇਮਾ-ਭਗਤੀ ਦੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਵੀ ਮੰਨਿਆ ਹੈ :

**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥** *(ਵਾਰ ਬਿਲਾਵਲ, ਮ: ੩, ਪੰਨਾ 853)*

ਸਿੱਖੀ ਸਿਧਾਂਤ ਅਨੁਸਾਰ ਉਭਰਨ ਦੇ ਕਈ ਰਸਤੇ ਹੋ ਸਕਦੇ ਹਨ। ਮਨ ਸ਼ੁੱਧ ਹੋਣਾ ਚਾਹੀਦਾ ਹੈ ਤੇ ਪਰਮਾਤਮਾ ਨੂੰ ਮਿਲਣ ਦੀ ਅਕਾਂਖਿਆ ਤੁਹਾਡੇ ਅੰਦਰ ਪ੍ਰਬਲ ਹੋਣੀ ਚਾਹੀਦੀ ਹੈ ਤਾਂ ਤੁਹਾਨੂੰ ਸ਼ੁਭ ਕਰਮਾਂ ਦੁਆਰਾ ਗੁਰੂ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਦੀ ਕਿਰਪਾ ਨਾਲ ਤੁਹਾਡਾ ਕਲਿਆਣ ਹੁੰਦਾ ਹੈ। ਸੰਖੇਪ 'ਚ ਸਿੱਖ ਭਗਤੀ ਭਾਵਨਾ ਦਾ ਇਹ ਸਾਰ ਅੰਸ਼ ਹੈ ਜੋ ਉਪਰ ਦੱਸੀ ਅਵਤਾਰਵਾਦੀ ਭਗਤੀ ਦੇ ਮਾਰਗ ਨਾਲੋਂ ਬਿਲਕੁਲ ਵਿਲੱਖਣ ਹੈ।

ਅੱਜ ਕੱਲ ਹਿੰਦੀ ਸਾਹਿਤ ਰਾਹੀਂ ਗੁਰੂ ਨਾਨਕ ਦੇਵ ਜੀ ਬਾਰੇ ਕਈ ਤਰ੍ਹਾਂ ਦੀਆਂ ਅਜੀਬੋ-ਗ਼ਰੀਬ ਗੱਲਾਂ ਸਾਡੇ ਵਿਚਾਰਾਂ ਤੇ ਸ਼ਬਦਾਵਲੀ ਵਿਚ ਦਾਖ਼ਲ ਹੋ ਰਹੀਆਂ ਹਨ। ਕਈ ਕਿਤਾਬਾਂ ਤੇ ਲੇਖਾਂ ਦੇ ਹੈਡਿੰਗ ਹੀ ਇਸ ਭਾਂਤ ਦੇ ਹੁੰਦੇ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੂੰ ਸੰਤ ਜਾਂ ਕਵੀ ਦਰਸਾਇਆ ਗਿਆ ਹੁੰਦਾ ਹੈ। ਅਜਿਹੇ ਕੱਚੀ ਬੁੱਧੀ ਤੇ ਗੁਰੂ ਨਾਨਕ ਦੀ ਪਦ-ਪਦਵੀ ਨਾ ਸਮਝਣ ਵਾਲਿਆਂ ਨਾਲ ਕੌਣ ਮੱਥਾ ਮਾਰੇ ਕਿ ਗੁਰੂ ਨਾਨਕ ਦੇਵ ਨਾ ਸੰਤ ਤੇ ਨਾ ਹੀ ਸੰਤ ਕਵੀ ਬਣਦੇ ਹਨ। ਸੰਤ ਦਾ ਪਦ ਅਰਥ ਹੈ, ਜਿਸ ਨੇ ਆਪਣੀਆਂ ਮਨੋਕਾਮਨਾਵਾਂ ਨੂੰ ਇਤਨਾ ਸੋਧ ਲਿਆ ਹੋਵੇ ਕਿ ਉਹ ਮੁਕੰਮਲ ਇਨਸਾਨ ਕਿਹਾ ਜਾ ਸਕੇ। 'ਸੰਤ' ਸ਼ਬਦ ਦੇ ਅਰਥ ਦੋ ਪ੍ਰਕਾਰ ਦੇ ਹਨ। ਇਕ ਗੁਰਬਾਣੀ ਵਿਚ ਜਿਥੇ ਸੰਤ ਪਦ ਆਇਆ ਹੈ ਉਹ ਗੁਰੂ ਜਾਂ ਪਾਰਬ੍ਰਹਮ ਲਈ ਹੈ। ਦੂਜਾ ਆਮ ਅਰਥਾਂ ਵਾਲਾ ਸੰਤ ਪਦ ਹੈ, ਜਿਸ ਨੂੰ ਸਾਹਮਣੇ ਰੱਖ ਕੇ ਗੁਰੂ ਨਾਨਕ ਦੇਵ ਜੀ ਨੂੰ ਸੰਤ ਜਾਂ ਸੰਤ ਕਵੀ ਦੇ ਪਦ 'ਤੇ ਧਿੰਗੋਜ਼ੋਰੀ ਖਿੱਚ ਕੇ ਬਿਠਾਇਆ ਜਾ ਰਿਹਾ ਹੈ। ਪ੍ਰਚਲਿਤ ਅਰਥਾਂ ਵਿਚ ਸੰਤ ਉਹ ਹੁੰਦਾ ਹੈ, ਜਿਹੜਾ ਆਪਣੇ ਤੋਂ ਉੱਚੇ ਕਿਸੇ ਹੋਰ ਸੋਮੇ ਤੋਂ ਪ੍ਰਸਾਰਤ ਹੋਏ ਧਰਮ ਦਾ ਧਾਰਨੀ ਜਾਂ ਪ੍ਰਚਾਰਕ ਹੋਵੇ, ਜਿਸ ਨੂੰ ਲੋਕ ਕਹਿਣ ਕਿ ਭਾਈ ਇਹ ਵਿਅਕਤੀ ਧਰਮ ਧਾਰਨਾ ਉੱਤੇ ਇੰਨੀ ਸ਼ਰਧਾ ਨਾਲ ਚਲਿਆ ਤੇ ਇਸ ਦੀ ਧਰਮ ਦੀ ਕਮਾਈ ਐਸੀ ਹੈ, ਜੋ ਕਹਿੰਦਾ ਸੀ ਕਰ ਦਿਖਾਈ ਹੈ ਜਾਂ ਜਿਵੇਂ ਵੇਦਾਂ ਵਿਚ ਧਰਮ ਦੱਸਿਆ ਹੈ ਜਾਂ ਗੀਤਾ ਵਿਚ ਧਰਮ ਵਰਣਨ ਹੋਇਆ ਹੈ। *ਰਾਮ ਚਰਿਤ ਮਾਨਸ* 'ਚ ਜੋ ਧਰਮ ਦੇ ਲੱਛਣ ਦਰਸਾਏ ਹਨ, ਉਨ੍ਹਾਂ ਨੂੰ ਐਸੇ ਤਰੀਕੇ ਨਾਲ ਧਾਰਨ ਕੀਤਾ ਹੈ ਕਿ ਉੱਚਤਮ ਤੇ ਸ਼ੁੱਧ ਪਦਵੀ 'ਤੇ ਜਾ ਪੁੱਜਾ ਹੈ, ਇਸ ਲਈ ਇਸ ਨੂੰ ਤਾਂ ਭਾਈ ਸੰਤ ਕਹਿਣਾ ਚਾਹੀਦਾ ਹੈ।

ਇਸ ਕਿਸਮ ਦੇ ਸੰਤ ਪਦ ਦੇ ਅਰਥ *ਮਹਾਂਭਾਰਤ* ਅਤੇ *ਗੀਤਾ* ਵਿਚ ਵੀ ਮਿਲਦੇ ਹਨ। ਇਨ੍ਹਾਂ ਅਰਥਾਂ ਵਿਚ ਗੁਰੂ ਨਾਨਕ ਸੰਤ ਨਹੀਂ ਸਨ ਕਿਉਂਕਿ ਉਨ੍ਹਾਂ ਸਾਹਮਣੇ ਕੋਈ ਐਸਾ ਵਿਅਕਤੀ ਨਹੀਂ ਸੀ, ਜਿਸ ਦੇ ਧਰਮ ਦੇ ਉਹ ਪੈਰੋਕਾਰ ਜਾਂ ਗੁਣਾਂ ਦੇ ਧਾਰਨੀ ਬਣ ਕੇ ਉਸ ਦਾ ਪ੍ਰਚਾਰ ਕਰਦੇ ਤੇ ਉਸ ਮੁਤਾਬਿਕ ਆਪਣਾ ਜੀਵਨ ਢਾਲਦੇ। ਉਨ੍ਹਾਂ ਦਾ ਕਥਨ ਹੈ :

**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥**
*(ਸੋਰਠਿ ਮ: ੧, ਪੰਨਾ 599)*

**ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥** *(ਰਾਮਕਲੀ ਮ: ੧, ਪੰਨਾ 936)*

ਮੈਨੂੰ ਅਜਿਹਾ ਹੋਰ ਕੋਈ ਉਸ ਪਰਮੇਸ਼ਰ ਦੀ ਈਸ਼ਵਰੀ ਸੱਤਾ ਬਿਨਾਂ ਨਹੀਂ ਦਿੱਸਦਾ, ਜੋ ਆਪਣੇ ਕਿਸੇ ਉੱਚ ਪਦ ਦਾ ਦੁਸ਼ਾਲਾ ਵਿਛਾ ਕੇ ਬੈਠਾ ਹੋਵੇ। ਮੇਰੇ ਲਈ ਤਾਂ ਉਸ ਪਰਮ ਈਸ਼ਵਰ ਦੇ ਉਪਦੇਸ਼ ਹੀ ਗ੍ਰਹਿਣ ਕਰਨ ਯੋਗ ਹਨ।

ਹੁਣ ਗੁਰੂ ਨਾਨਕ ਜੀ ਨੂੰ ਤੁਸੀਂ ਸੰਤ ਕਿਵੇਂ ਕਹੋਗੇ ? ਜਿਹੜੇ ਕਿ ਆਪਣੇ ਅਨੁਭਵੀ ਮੌਲਿਕ ਧਰਮ ਦੇ ਸੰਚਾਲਕ ਸਨ।

ਅੱਜ ਜਦੋਂ ਅਸੀਂ ਪੰਜ ਸੌ ਸਾਲਾ ਮਨਾ ਰਹੇ ਹਾਂ, ਬੜਾ ਚੰਗਾ ਹੋਵੇ ਜੇ ਆਪਣੇ ਮਨਾਂ ਨੂੰ ਸਾਫ਼ ਕਰ ਲਈਏ ਕਿ ਗੁਰੂ ਨਾਨਕ ਜੀ ਦੀ ਪਦ-ਪਦਵੀ ਤੇ ਸੰਗਿਆ ਕੀ ਸੀ ? ਕਈ ਅੰਗਰੇਜ਼ੀ ਦੇ ਲੇਖਕ ਲਿਖਦੇ ਹਨ ਕਿ ਉਹ 'ਰਿਫ਼ਾਰਮਰ' ਸਨ। ਜਦੋਂ ਇਥੇ ਅੰਗਰੇਜ਼ ਲੋਕ ਆਏ ਤਾਂ ਲੋਕਾਂ ਨੇ ਨਵੀਂ-ਨਵੀਂ ਅੰਗਰੇਜ਼ੀ ਸਿੱਖੀ ਤਾਂ ਅੰਗਰੇਜ਼ਾਂ ਨੂੰ ਗੁਰੂ ਨਾਨਕ ਬਾਰੇ ਜੋ ਕੁਝ ਸਮਝ ਆਈ, ਉਹ ਉਨ੍ਹਾਂ ਨੇ ਯੂਰਪ ਵਿਚ ਹੋਏ 'ਲੂਥਰ' ਨਾਲ ਮੇਲ ਕਰ ਕੇ ਉਨ੍ਹਾਂ ਨੂੰ ਸੁਧਾਰਕ ਕਹਿਣ ਦੀ ਨਵੀਂ ਗੱਲ ਚਲਾ ਦਿੱਤੀ।

ਇਹ ਠੀਕ ਹੈ ਕਿ ਲੂਥਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ, ਪਰ ਕਿਸੇ ਦੇ ਸਮਕਾਲੀ ਹੋਣ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਉਹ ਇੱਕੋ ਜਿਹੇ ਵਿਚਾਰਾਂ ਦੇ ਧਾਰਨੀ ਸਨ। ਜਿਵੇਂ ਮੈਂ ਇਸ ਵੇਲੇ ਇਥੇ ਇਹ ਵਿਚਾਰ ਚਰਚਾ ਕਰ ਰਿਹਾ ਹਾਂ, ਕਾਲਜ ਦੇ ਬੂਹੇ ਅੱਗੇ ਮੂੰਗਫਲੀ ਵਾਲਾ ਮੂੰਗਫਲੀ ਵੇਚ ਰਿਹਾ ਹੈ, ਕੋਈ ਕਿਸੇ ਥਾਂ ਖੜੇ ਬੰਦੇ ਗਾਲ੍ਹੀ-ਗਲੋਚ ਵੀ ਕਰ ਰਹੇ ਹੋਣਗੇ। ਉਨ੍ਹਾਂ ਦਾ ਇਕ ਵਿਚਾਰਵਾਨਾਂ ਦੀ ਸਭਾ ਨਾਲ ਕਿਵੇਂ ਟਾਕਰਾ ਕੀਤਾ ਜਾ ਸਕਦਾ ਹੈ ? ਬੜੀ ਸੌਖੀ ਜਿਹੀ ਗੱਲ ਲੱਭ ਪਈ ਕਿ ਲੂਥਰ ਸੁਧਾਰਕ ਸੀ ਤੇ ਗੁਰੂ ਨਾਨਕ ਵੀ ਸੁਧਾਰਕ ਸਨ। ਸੁਧਾਰਕ ਦਾ ਅਰਥ ਹੈ, ਕਿਸੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਵਾਲਾ, ਜੋ ਇਹ ਕਹੇ ਕਿ ਭਾਈ ਦੇਖੋ, ਜੋ ਤੁਸੀਂ ਕਰ ਰਹੇ ਹੋ ਇਹ ਫ਼ਲਾਣੇ ਧਰਮ ਸ਼ਾਸਤਰ ਅਨੁਸਾਰ ਨਹੀਂ, ਇਹ ਤੁਸੀਂ ਗ਼ਲਤ ਅਰਥ ਕਰ ਰਹੇ ਹੋ ਤੇ ਗ਼ਲਤ ਅਮਲ ਸ਼ੁਰੂ ਕਰ ਦਿੱਤੇ ਹਨ। ਮੈਂ ਇਹ ਗ਼ਲਤ-ਫ਼ਹਿਮੀਆਂ ਦੂਰ ਕਰਦਾ ਹਾਂ। ਇਹ ਹੈ ਸੁਧਾਰਕ ਦਾ ਕਰਮ। ਗੁਰੂ ਨਾਨਕ ਉੱਤੇ ਸੁਧਾਰਕ ਹੋਣ ਦੀ ਅਜਿਹੀ ਕੋਈ ਗੱਲ ਢੁੱਕਦੀ ਨਹੀਂ।

ਅੱਜ ਕੱਲ ਬਹੁਤ ਸਾਰੇ ਲੋਕ ਪੀ-ਐਚ.ਡੀ. ਦੀ ਡਿਗਰੀ ਲੈਣ ਲਈ ਬੜੀਆਂ ਨਵੀਆਂ ਤੋਂ ਨਵੀਆਂ ਗੱਲਾਂ, ਜਿਨ੍ਹਾਂ ਵਿਚ ਕੁਝ ਸਾਰ-ਅੰਸ਼ ਹੁੰਦਾ ਨਹੀਂ, ਘੜਦੇ ਜਾ ਰਹੇ ਹਨ। ਸਭ ਦਾ ਤਾਣ ਤੇ ਤੋੜਾ ਇਥੇ ਆ ਕੇ ਮੁੱਕਦਾ ਹੈ ਕਿ ਗੁਰੂ ਨਾਨਕ ਕਵੀ ਸਨ, ਗੁਰੂ ਨਾਨਕ ਜੀ ਦੀ ਕਵਿਤਾ ਵਿਚ ਇਉਂ ਕਿਹਾ ਹੈ ਤੇ ਕਈ ਕਿਤਾਬਾਂ ਦੇ ਹੈਡਿੰਗ ਹਨ :

ਗੁਰੂ ਨਾਨਕ ਦਾ ਸਾਹਿਤਕ ਸੁਹਜ।
ਗੁਰੂ ਨਾਨਕ ਦੀ ਕਾਵਿ ਬਿੰਬਾਵਲੀ।

ਜੇ ਉਨ੍ਹਾਂ ਨੂੰ ਕਿਹਾ ਜਾਏ ਕਿ ਗੁਰੂ ਨਾਨਕ ਜੀ ਨੇ ਤੁਹਾਡਾ ਕੀ ਵਿਗਾੜਿਆ ਹੈ, ਕਿਉਂ ਤੁਸੀਂ ਉਨ੍ਹਾਂ ਨਾਲ ਇਸ ਤਰ੍ਹਾਂ ਕੁਪੱਤ ਕਰਨ ਲੱਗੇ ਹੋ ਤਾਂ ਉਹ ਕਹਿੰਦੇ ਹਨ, "ਲਉ ਜੀ! ਗੁਰੂ ਨਾਨਕ ਜੀ ਕਵੀ ਨਹੀਂ ਸਨ ਤਾਂ ਹੋਰ ਕੀ ਸਨ ? ਉਨ੍ਹਾਂ ਨੇ ਆਪਣੇ ਆਪ ਨੂੰ ਜੋ 'ਸਾਇਰ' ਕਿਹਾ ਹੈ।"

ਕੱਚੀਆਂ ਤੇ ਫ਼ਜ਼ੂਲ ਗੱਲਾਂ ਕਰਨੀਆਂ ਸਾਡੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚ ਇਕ ਆਮ ਘਾਟ ਪਾਈ ਜਾਂਦੀ ਹੈ। ਬੋਲਣਾ ਥੋੜਾ ਤੇ ਗੱਲ ਵਿਚਾਰਨੀ ਬਹੁਤੀ, ਇਹ ਸਾਡੇ ਸੁਭਾਉ ਦਾ ਭਾਗ ਨਹੀਂ ਬਣੇ। ਐਵੇਂ ਵਾਧੂ ਦੀ ਚਰਰ-ਚਰਰ ਲਾਈ ਰੱਖਣੀ, ਕਿਤਾਬਾਂ ਦੀਆਂ ਕਿਤਾਬਾਂ, ਲੇਖਾਂ ਦੇ ਲੇਖ ਲਿਖੀ ਜਾਣੇ ਤੇ ਗੱਲ ਵਿਚ ਕੁਝ ਵੀ ਨਾ ਹੋਣੀ, ਇਹ ਕੋਈ ਸਾਹਿਤਕ ਖੋਜ ਦਾ ਚਿੰਤਨ ਨਹੀਂ।

ਕਵੀ ਦੇ ਅਰਥ ਹਨ, ਜਿਸ ਆਦਮੀ ਦੀ ਜਿਹੜੀ ਸਮੱਸਿਆ ਹੈ, ਉਹ ਯਥਾਰਥ

ਵਿਚ ਕਹਿਣ ਦੀ ਥਾਂ ਇਸ਼ਾਰਿਆਂ ਨਾਲ ਰਹੱਸ ਸਮਝਾਵੇ। ਕਵਿਤਾ ਕੀ ਹੈ ? ਕਵਿਤਾ ਬੱਸ ਏਨੀ ਕੁ ਹੀ ਗੱਲ ਹੈ, ਕਹਿਣ ਵਾਲੀ ਗੱਲ ਕਹਿ ਦਿੱਤੀ, ਕਿਸੇ ਇਸ਼ਾਰੇ ਨਾਲ, ਐਸੇ ਤਰੀਕੇ ਨਾਲ ਕਿ ਕਹਿਣ ਵਾਲਾ ਵੀ ਖ਼ੁਸ਼ ਤੇ ਦੂਜਾ ਵੀ ਖ਼ੁਸ਼ ਹੋਵੇ। ਗ਼ਾਲਿਬ ਦਾ ਕਹਿਣਾ ਹੈ :

> ਦੇਖੀਏ ਤਕਰੀਰ ਕੀ ਲਜ਼ਤ
> ਕਿ ਉਸ ਨੇ ਕਹਾ ਔਰ ਮੈਂਨੇ ਜਾਨਾ ਕਿ
> ਗੋਇਆ ਯਿਹ ਭੀ ਮੇਰੇ ਦਿਲ ਮੇਂ ਹੈ।

ਬੱਸ, ਇਹੋ ਬਿੰਬ ਹੈ ਤੇ ਇਹੋ ਸ਼ਾਇਰੀ ਤੇ ਕਵਿਤਾ ਦਾ ਭੇਦ ਹੈ। ਕਹਿਣ ਵਾਲਾ ਵਿਅੰਗ ਜਾਂ ਢੰਗ ਨਾਲ ਕਹਿ ਦਿੰਦਾ ਹੈ; ਪਰ, ਜਿਸ ਨੂੰ 'ਧੁਰ ਕੀ ਬਾਣੀ ਆਈ' ਉਸ ਦੀ ਬਾਣੀ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ, ਨਾ ਹੀ ਉਸ ਦੀ ਕਵਿਤਾ ਵਾਂਗ ਪਰਖ ਕਰਨੀ ਠੀਕ ਹੈ। ਇਸ ਅਗੰਮੀ ਬਾਣੀ ਨੂੰ ਕਵਿਤਾ ਕਹਿਣਾ, ਉਸ ਦੀ ਸਾਹਿਤਕ ਸੋਧ ਤੇ ਸੁਹਜ ਨੂੰ ਸਾਹਿਤ-ਸ਼ਾਸਤ੍ਰ ਦੇ ਗੁਣਾਂ ਦੀਆਂ ਕਸਵੱਟੀਆਂ ਨਾਲ ਪਰਖਣਾ, ਇਹ ਇਕ ਤਰ੍ਹਾਂ ਦਾ ਗੁਰਬਾਣੀ ਦਾ ਤ੍ਰਿਸਕਾਰ ਹੈ। ਟੈਗੋਰ ਨੇ ਇਕ ਬੜਾ ਸੋਹਣਾ ਬਚਨ *ਗੀਤਾਂਜਲੀ* ਵਿਚ ਕਿਹਾ ਹੈ :

> "ਲਓ ਦੇਖੋ ਉਹ ਇਕ ਸੁਨਿਆਰਾ ਬਾਗ਼ ਵਿਚ ਆ ਵੜਿਆ ਹੈ। ਉਹ ਇਕ ਪੱਥਰ ਦਾ ਟੁੱਕੜਾ ਲਈ ਫਿਰਦਾ ਹੈ, ਜਿਸ ਉੱਤੇ ਸੋਨੇ ਨੂੰ ਘਸਾ ਕੇ ਦੇਖਦੇ ਹਨ। ਇਹ ਜਿਹੜਾ ਫੁੱਲ ਦੇਖਦਾ ਹੈ, ਤੋੜ ਲੈਂਦਾ ਹੈ ਤੇ ਉਸ ਨੂੰ ਆਪਣੀ ਪੱਥਰ ਦੀ ਕਸਵੱਟੀ ਉੱਤੇ ਘਸਾ-ਘਸਾ ਕੇ ਦੇਖਦਾ ਹੈ।"

ਜਿਹੜੇ ਲੋਕ ਇਸ ਤਰ੍ਹਾਂ ਦੀਆਂ ਗ਼ਲਤ-ਫ਼ਹਿਮੀਆਂ ਵਿਚ ਪੈ ਕੇ ਗੁਰੂ ਨਾਨਕ ਜੀ ਦੀ ਬਾਣੀ ਆਪਣੀਆਂ ਮਨੋ-ਮਿੱਥੀਆਂ ਪੱਥਰ-ਕਸਵੱਟੀਆਂ 'ਤੇ ਲਾਉਂਦੇ ਹਨ, ਉਨ੍ਹਾਂ ਦੇ ਹੱਥ ਕੁਝ ਆ ਨਹੀਂ ਸਕਦਾ।

ਬਾਕੀ ਗੱਲ ਰਹੀ 'ਸ਼ਾਇਰ' ਦੀ। ਇਹ ਅਰਬੀ ਦਾ ਸ਼ਬਦ ਹੈ। ਕੁਰਾਨ ਸ਼ਰੀਫ਼ ਤੋਂ ਪਹਿਲਾਂ ਜਿਹੜੀ ਅਰਬੀ ਸੀ ਉਸ ਵਿਚ ਸ਼ਾਇਰ ਦੇ ਅਰਥ ਹੋਰ ਸਨ ਤੇ ਪਿੱਛੋਂ ਜਾ ਕੇ ਹੋਰ ਹੋ ਗਏ। ਸ਼ਾਇਰ ਦੇ ਮੂਲ ਅਰਥ ਹਨ—"ਜਿਹੜਾ ਅਦ੍ਰਿਸ਼ ਤੇ ਅਲੌਕਿਕ ਸ਼ਕਤੀਆਂ ਨਾਲ ਸਿੱਧਾ ਸੰਬੰਧ ਰੱਖਦਾ ਹੋਵੇ, ਉਹ ਹੁੰਦਾ ਹੈ ਸ਼ਾਇਰ।"

ਹਜ਼ਰਤ ਮੁਹੰਮਦ ਸਾਹਿਬ ਨੇ ਜਦੋਂ ਇਹ ਦਾਅਵਾ ਕੀਤਾ ਕਿ ਉਨ੍ਹਾਂ ਉੱਤੇ ਗ਼ੈਬੀ ਵਹੀ ਨਾਜ਼ਲ ਹੁੰਦੀ ਹੈ ਤਾਂ ਕਈਆਂ ਹੋਰ ਲੋਕਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਮੁਹੰਮਦ ਵੀ ਸ਼ਾਇਰ ਹੈ, ਅਸੀਂ ਵੀ ਸ਼ਾਇਰ ਹਾਂ, ਸਾਨੂੰ ਵੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਸਾਨੂੰ ਵੀ ਇਹੋ ਗਿਆਨ ਉਤਰਦਾ ਹੈ। ਮੁਹੰਮਦ ਸਾਹਿਬ ਨੇ ਕਿਹਾ, "ਇਹ ਸ਼ਾਇਰ ਜੋ ਧੋਖੇਬਾਜ਼ ਹੁੰਦੇ ਹਨ ਉਹ ਚੰਗੇ ਨਹੀਂ, ਮੈਨੂੰ ਤਾਂ ਜਬਰੀਲ ਆਪ ਉੱਡ ਕੇ ਆ ਮਿਲਦਾ ਹੈ ਤੇ ਜੋ ਉਹ ਬੋਲਦਾ ਹੈ ਉਹੋ ਮੈਂ ਬੋਲਦਾ ਹਾਂ ਤੇ ਜਿਹੜੇ ਇਹ ਲੋਕ ਜੋ ਸ਼ਾਇਰੀ ਕਰਦੇ ਹਨ ਉਹ ਹੋਰ ਗੱਲਾਂ ਹਨ।"

ਜਿਹੜੇ ਲੋਕ ਗੁਰੂ ਨਾਨਕ ਦੇਵ ਜੀ ਨੂੰ ਕਵੀ ਜਾਂ ਸ਼ਾਇਰ ਇਨ੍ਹਾਂ ਅਰਥਾਂ ਵਿਚ ਲੈਂਦੇ ਹਨ, ਉਹ ਮੁਹੰਮਦ ਸਾਹਿਬ ਦਾ ਇਹ ਨਿਖੇੜਾ ਸਮਝਣ ਦੇ ਯੋਗ ਨਹੀਂ ਤੇ ਉਹ "ਨਾਨਕੁ ਸਾਇਰ ਏਵ ਕਹਤੁ ਹੈ" ਦੇ ਰਹੱਸ ਨੂੰ ਕਿਵੇਂ ਜਾਣ ਸਕਦੇ ਹਨ, ਜਿਸ ਦਾ ਅਲੌਕਿਕ ਤੇ ਅਦ੍ਰਿਸ਼ ਸ਼ਕਤੀਆਂ ਨਾਲ ਸਿੱਧਾ ਸੰਬੰਧ ਹੈ।

ਕੁਝ ਆਦਮੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪੇ ਦਾ ਕੋਈ ਦਾਅਵਾ ਹੀ ਨਹੀਂ ਕੀਤਾ ਕਿ ਮੈਂ ਕੋਈ ਵੱਡਾ ਆਦਮੀ ਜਾਂ ਪੈਗ਼ੰਬਰ ਹਾਂ। ਇਹ ਉਨ੍ਹਾਂ ਦੀ ਨਿਰਮਾਣਤਾ ਸੀ, ਪਰ ਇਸ ਦਾ ਇਹ ਮਤਲਬ ਨਹੀਂ ਕਿ ਜੇ ਉਹ ਨਿਰਮਾਣਤਾ ਨਾਲ ਆਪਣੇ ਆਪ ਨੂੰ ਨੀਚ ਕਹਿ ਗਏ ਹਨ, ਤਾਂ ਅਸੀਂ ਉਨ੍ਹਾਂ ਨੂੰ ਉਸੇ ਸ਼੍ਰੇਣੀ ਵਿਚ ਖੜਾ ਕਰ ਕੇ ਉਨ੍ਹਾਂ ਦੀ ਪਦ-ਪਦਵੀ ਦਾ ਮੁਲਾਂਕਣ ਕਰੀਏ। ਜਿਨ੍ਹਾਂ ਲੋਕਾਂ ਨੇ ਗੂੜ੍ਹਾ ਅਧਿਐਨ ਨਹੀਂ ਕੀਤਾ, ਗੁਰੂ ਪਦ ਦੇ ਰਹੱਸ ਨੂੰ ਨਹੀਂ ਸਮਝਿਆ, ਉਹ ਇਹੋ ਜਿਹੀਆਂ ਕੱਚੀਆਂ ਗੱਲਾਂ ਕਰਦੇ ਹਨ :

**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**

*(ਅਨੰਦੁ ਸਾਹਿਬ, ਪੰਨਾ 920)*

ਗੁਰੂ ਨਾਨਕ ਦੇਵ ਜੀ ਨੂੰ ਨਿਮਰਤਾ ਤੇ ਸ਼ਰਧਾ ਨਾਲ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਨਾ ਕਿ ਇਸ ਨਜ਼ਰੀਏ ਤੋਂ ਕਿ ਮੈਂ ਪੰਦਰਾਂ ਵੀਹ ਕਿਤਾਬਾਂ ਦਾ ਲੇਖਕ ਹਾਂ, ਮੈਂ ਪੀ-ਐਚ.ਡੀ. ਤੇ ਕੋਈ ਹੋਰ ਪੜ੍ਹਾਈ ਕੀਤੀ ਹੋਈ ਹੈ, ਮਨ ਵਿਚ ਇਹੋ ਜਿਹੀਆਂ ਮਲੀਨ ਕਾਮਨਾਵਾਂ ਰੱਖਦੇ ਹੋਏ ਕਈਆਂ ਨੇ ਕਿਹਾ ਹੈ ਕਿ 'ਗੁਰੂ ਨਾਨਕ ਹਿੰਦੂਆਂ ਦਾ ਗੁਰੂ ਸੀ, ਮੁਸਲਮਾਨਾਂ ਦਾ ਪੀਰ।' ਜਿਥੋ ਤਕ ਪੀਰ ਦੀ ਗੱਲ ਹੈ—ਪੀਰ ਉਹ ਕਹਾ ਸਕਦਾ ਹੈ ਜਿਹੜਾ ਹਜ਼ਰਤ ਮੁਹੰਮਦ ਸਾਹਿਬ ਤੇ ਕੁਰਾਨ ਸ਼ਰੀਫ਼ 'ਤੇ ਇਮਾਨ ਲਿਆਵੇ, ਇਹ ਗੱਲ ਪੱਕੀ ਹੈ; ਪਰ ਐਸਾ ਰਿਸ਼ਤਾ ਗੁਰੂ ਨਾਨਕ ਦੇਵ ਜੀ ਦਾ ਹਜ਼ਰਤ ਮੁਹੰਮਦ ਤੇ ਕੁਰਾਨ ਸ਼ਰੀਫ਼ ਨਾਲ ਨਹੀਂ। ਉਹ ਤਾਂ 'ਜਿਤ ਦਰ ਲਖ ਮੁਹੰਮਦਾ' ਦੇ ਬਚਨ ਉਚਾਰਨ ਵਾਲੇ ਸਨ।

ਕੁਝ ਲੋਕ ਵੱਡੀ ਤੋਂ ਵੱਡੀ ਛਾਲ ਮਾਰ ਕੇ ਗੁਰੂ ਨਾਨਕ ਜੀ ਦੀ ਪਦ-ਪਦਵੀ ਦੱਸਦੇ ਹਨ ਕਿ ਉਹ 'ਵਲੀ-ਅਲਾਹ' ਸਨ। ਇਸਲਾਮ ਵਿਚ ਪੈਗ਼ੰਬਰ ਦਾ ਦਰਜਾ ਆਖ਼ਰੀ ਹੈ—'ਆਖ਼ਰ ਨਬੀਆ'। ਇਸਲਾਮ ਦਾ ਕੌਲ ਹੈ, ਹੁਣ ਕਿਸੇ ਨੂੰ ਨਾ ਨਬੀ ਕਹਿ ਸਕਦੇ ਹੋ, ਨਾ ਰਸੂਲ। ਸਭ ਤੋਂ ਵੱਡੀ ਜੇ ਇੱਜ਼ਤ ਕਰਨੀ ਹੈ ਤਾਂ ਉਸ ਨੂੰ 'ਵਲੀ-ਅਲਾਹ' ਕਿਹਾ ਜਾ ਸਕਦਾ ਹੈ। ਯਾਨੀ ਜਿਸ ਨੂੰ ਅੱਲ੍ਹਾ ਵੱਲੋਂ ਬਲ ਜਾਂ ਤਾਕਤ ਮਿਲੀ ਹੋਵੇ, ਉਸ ਨੂੰ ਵਲੀ-ਅਲਾਹ ਕਹਿੰਦੇ ਹਨ। ਅਸਲੀ ਅਰਥਾਂ ਵਿਚ ਗੁਰੂ ਨਾਨਕ ਜੀ 'ਵਲੀ-ਅਲਾਹ' ਨਹੀਂ ਹਨ, ਨਾ ਹੀ ਪੈਗ਼ੰਬਰ। ਪੈਗ਼ੰਬਰ ਉਹ ਹੁੰਦਾ ਹੈ ਜਿਸ ਦੀ ਆਪਣੀ ਸ਼ਕਤੀ ਕੋਈ ਨਹੀਂ। ਉਹ ਪਰਮ ਸ਼ਕਤੀ ਨਾਲ ਅਭੇਦ ਹੋਵੇ ਤੇ ਉਹ ਸ਼ਕਤੀ ਉਸ ਨੂੰ ਆਪਣਾ ਪੈਗ਼ਾਮ ਦੇਣ ਦਾ ਵਸੀਲਾ ਬਣਾਵੇ। ਇਹ ਮਰਤਬਾ ਹੈ ਪੈਗ਼ੰਬਰ ਦਾ। ਪਰ ਗੁਰੂ ਨਾਨਕ ਸਾਹਿਬ ਨੂੰ ਕੀ ਕਹੀਏ ਤੇ ਕਿਸ 'ਕੈਟੇਗਰੀ' ਵਿਚ ਲਿਆਈਏ ? ਉਨ੍ਹਾਂ ਦੀ ਬਾਣੀ ਸਮਝਣ ਦਾ ਕਿਵੇਂ ਯਤਨ ਕਰੀਏ ਕਿ ਉਹ ਕਿਸ ਦੇ ਮੂੰਹ ਵਿੱਚੋਂ ਨਿਕਲਦੀ ਹੈ, ਇਸ ਨੂੰ ਕਹਿਣ ਵਾਲਾ ਕੌਣ ਹੈ ? ਤਾਂ ਸਾਨੂੰ ਉਨ੍ਹਾਂ ਦੀ ਪਦ-ਪਦਵੀ ਨਿਸਚਿਤ ਕਰਨੀ ਹੀ ਪਵੇਗੀ।

ਗੁਰੂ ਨਾਨਕ ਦੇਵ ਜੀ ਦੀ ਸੰਗਿਆ 'ਗੁਰੂ' ਚਲੀ ਆਉਂਦੀ ਹੈ। ਗੁਰੂ ਕੀ ਚੀਜ਼ ਹੈ, ਗੁਰੂ ਦੇ ਕੀ ਅਰਥ ਹਨ ? ਇਸ ਦੇ ਅਰਥ ਅਨੇਕ ਰੂਪਾਂ ਵਿਚ ਲਏ ਜਾਂਦੇ ਹਨ, ਟੋਕਰੀਆਂ ਬਣਾਉਣ ਵਾਲੇ ਤੋਂ ਲੈ ਕੇ ਵਿੱਦਿਆ ਪੜ੍ਹਾਉਣ ਵਾਲੇ ਤਕ, ਪਰ ਗੁਰੂ ਨਾਨਕ ਜੀ ਅਜਿਹੇ ਕੰਮਾਂ ਦੇ ਗੁਰੂ ਨਹੀਂ। ਉਨ੍ਹਾਂ ਦੇ ਗੁਰੂ-ਪਦ ਦਾ ਰਹੱਸ ਅਧਿਆਤਮਿਕ ਅਰਥਾਂ ਨਾਲ ਖੁੱਲ੍ਹਦਾ ਹੈ। ਸਾਡੇ ਦੇਸ਼ ਦੀ ਆਪਣੀ ਪਰੰਪਰਾ ਤੋਂ ਬਾਹਰ ਕੋਈ ਚੀਜ਼ ਬਣਦੀ ਨਹੀਂ। ਜੇ ਅਸੀਂ ਗੁਰੂ-ਪਦ ਦੀਆਂ ਪ੍ਰਾਚੀਨ ਜੜ੍ਹਾਂ ਵੱਲ ਜਾਈਏ, ਖੋਜੀਏ ਕਿ ਗੁਰੂ-ਪਦ ਦੇ ਅਧਿਆਤਮਿਕ ਤੇ ਉੱਤਮ ਅਰਥ ਕੀ ਹਨ ਤੇ ਜਿਸ ਪਦ ਲਈ ਗੁਰੂ ਜੀ ਨੇ ਆਪ ਕਲੇਮ ਕੀਤਾ ਹੈ,

ਉਸ ਨੂੰ ਸਮਝੇ ਬਿਨਾਂ ਅਸੀਂ ਉਨ੍ਹਾਂ ਦਾ ਮਰਤਬਾ ਨਹੀਂ ਸਮਝ ਸਕਦੇ। ਜਿਵੇਂ ਕਿਸੇ ਅਦਾਲਤ ਵਿਚ ਕੋਈ ਮੁਕੱਦਮਾ ਜਾਵੇ, ਕੋਈ ਗੱਲ ਠੀਕ ਤਰੀਕੇ ਨਾਲ ਸਮਝਣੀ ਹੋਵੇ ਤਾਂ ਉਸ ਦਾ ਪਿਛੋਕੜ ਜਾਨਣਾ ਜ਼ਰੂਰੀ ਹੁੰਦਾ ਹੈ। *ਭਗਵਤ ਗੀਤਾ* ਸਾਡੇ ਦੇਸ਼ ਦੇ ਫ਼ਲਸਫ਼ੇ ਦਾ ਮਹਾਨ ਗ੍ਰੰਥ ਹੈ, ਹਿੰਦੁਸਤਾਨ ਦੀ ਸਾਰੀ ਪ੍ਰਤਿਭਾ ਦੀ ਉੱਤਮ ਟੀਸੀ। ਯੂਰਪ ਇਸ ਦੇ ਫ਼ਲਸਫ਼ੇ ਤੋਂ ਪ੍ਰਭਾਵਿਤ ਹੋਇਆ। ਕਹਿੰਦੇ ਹਨ : ਸ਼ਾਸਤਰ ਤੇ ਵੇਦ ਗਾਂ ਦੇ ਥਣ ਹਨ, ਅਰਜਨ ਵੱਛਾ ਹੈ, ਕ੍ਰਿਸ਼ਨ ਜੀ ਚੋਣ ਵਾਲੇ ਹਨ ਤੇ ਗੀਤਾ ਦੁੱਧ ਹੈ। ਆਉ, ਅਸੀਂ ਇਸ ਮੰਨੇ-ਪ੍ਰਮੰਨੇ ਗ੍ਰੰਥ ਵਿਚ ਗੁਰੂ-ਪਦ ਦੇ ਅਰਥ ਲੱਭੀਏ। ਗੀਤਾ ਦੇ ਪਹਿਲੇ ਅਧਿਆਇ ਵਿਚ ਹੀ ਇਕ ਸਲੋਕ ਹੈ :

> ਗੁਰੂਰ ਬ੍ਰਹਮਾ ਗੁਰੂਰ ਵਿਸ਼ਨੂੰ ਗੁਰੂਰ ਦੇਵ ਮਹੇਸ਼੍ਵਰਃ।
> ਗੁਰੂਰੇਵ ਪਰੰਬ੍ਰਹਮ ਤਸ ਮੈ ਸ੍ਰੀ ਗੁਰੁ ਵੇ ਨਮਃ।

ਸਪੱਸ਼ਟ ਹੈ ਕਿ ਤਿੰਨਾਂ ਦੇਵਤਿਆਂ ਤੋਂ ਉੱਤੇ ਪਾਰਬ੍ਰਹਮ ਹੈ ਤੇ ਉਸ ਦਾ ਸਾਖਸ਼ਾਤ ਰੂਪ ਗੁਰੂ ਹੈ। ਮਨੁੱਖ ਜਾਤੀ ਦਾ ਧਰਮ ਬਣਦਾ ਹੈ ਕਿ ਉਹ ਗੁਰੂ ਦਾ ਸਤਿਕਾਰ ਕਰੇ ਅਤੇ ਗੁਰੂ ਦੀ ਪਦ-ਪਦਵੀ ਸਮਝੇ, ਜਿਸ ਦਾ ਕਲੇਮ ਗੁਰੂ ਨਾਨਕ ਸਾਹਿਬ ਜੀ ਨੇ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰੂ ਹੋਣ ਦਾ ਦਾਅਵਾ ਆਪਣੇ ਪੰਜ ਭੌਤਿਕ ਸਰੀਰ ਬਾਰੇ ਨਹੀਂ ਕੀਤਾ। ਆਪਣੇ ਸਰੀਰ ਬਾਰੇ ਤਾਂ ਉਨ੍ਹਾਂ ਜਿਨ੍ਹਾਂ ਲਫ਼ਜ਼ਾਂ ਵਿਚ ਨਿਮਰਤਾ ਦਿਖਾਈ ਹੈ, ਉਹ ਨੀਚ ਤੋਂ ਅਤਿ ਨੀਚ ਤੇ 'ਕੀਟਨ ਮਹਿ ਕੀਟ' ਕਿਹਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ 'ਮੂਰਖ ਮੁਗਧਾ ਜਨਮੁ ਭਇਆ' ਵੀ ਕਿਹਾ ਹੈ, ਪਰ ਇਸ ਦੇ ਨਾਲ ਹੀ ਜਿਹੜੀ ਉਨ੍ਹਾਂ ਦੀ ਆਤਮਾ ਦੀ ਪਰਮਾਤਮਾ ਨਾਲ ਅਭੇਦਤਾ ਹੈ :

> **ਅਪਰੰਪਰ ਪਾਰਬ੍ਰਹਮੁ ਪਰਮੇਸਰੁ,**
> **ਨਾਨਕ ਗੁਰੁ ਮਿਲਿਆ ਸੋਈ ਜੀਉ ॥** *(ਸੋਰਠਿ ਮਃ ੧, ਪੰਨਾ 599)*

ਇਹ ਗੁਰੂ ਤੇ ਪਾਰਬ੍ਰਹਮ ਨਾਲ ਅਭੇਦ ਹੋਣ ਦਾ ਦਾਅਵਾ ਹੈ ਜੋ ਅੱਜ ਤਕ ਕਿਸੇ ਨੇ ਨਹੀਂ ਕੀਤਾ। ਥੋੜ੍ਹਾ ਜਿਹਾ ਇਸ਼ਾਰਾ ਕ੍ਰਿਸ਼ਨ ਜੀ ਦਾ ਕੀਤਾ ਹੋਇਆ ਮਿਲਦਾ ਹੈ ਕਿ "ਹੇ ਅਰਜਨ! ਤੂੰ ਮੇਰਾ ਅਸਲ ਰੂਪ ਨਹੀਂ ਦੇਖਿਆ।" ਗੁਰੂ ਨਾਨਕ ਜੀ ਤੋਂ ਲੈ ਕੇ ਜੋ ਦਸ ਗੁਰੂ ਹੋਏ ਹਨ, ਉਨ੍ਹਾਂ ਨੇ ਇਸ ਪਦ-ਪਦਵੀ ਦਾ ਦਾਅਵਾ ਕੀਤਾ ਹੈ ਅਤੇ ਗੁਰੂ ਨਾਨਕ ਜੀ ਬਾਰੇ ਇਹੋ ਦ੍ਰਿੜ੍ਹ ਕਰਵਾਇਆ ਹੈ, ਜਿਸ ਦਾ ਭਰਪੂਰ ਸਮਰਥਨ ਗੁਰਬਾਣੀ ਵਿਚ ਮੌਜੂਦ ਹੈ।

ਮੇਰਾ ਖ਼ਿਆਲ ਹੈ ਕਿ ਹੁਣ ਤੁਸੀਂ ਗੁਰੂ ਨਾਨਕ ਜੀ ਦੀ ਪਦ-ਪਦਵੀ ਬਾਰੇ ਸੰਗਿਆ ਨੂੰ ਮਨਾਂ 'ਚ ਰੱਖ ਕੇ ਸੋਚੋਗੇ ਕਿ ਜਿਸ ਗੁਰੂ ਨਾਨਕ ਦਾ ਪੰਜ ਸੌ ਸਾਲਾ ਮਨਾਇਆ ਜਾ ਰਿਹਾ ਹੈ, ਉਨ੍ਹਾਂ ਦਾ ਸਥਾਨ ਸਾਡੇ ਮਨਾਂ ਵਿਚ ਕਿਹੋ ਜਿਹਾ ਹੋਣਾ ਚਾਹੀਦਾ ਹੈ। ਗੁਰੂ ਨਾਨਕ ਜੀ ਗੁਰੂ ਸਨ, ਜੇ ਉਨ੍ਹਾਂ ਨੂੰ ਸੰਤ, ਭਗਤ, ਕਵੀ, ਸ਼ਾਇਰ, ਵਲੀ ਅਲਾਹ, ਪੀਰ, ਪੈਗ਼ੰਬਰ ਸਮਝ ਕੇ ਜਾਨਣ ਦੀ ਕੋਸ਼ਿਸ਼ ਕਰਾਂਗੇ ਤਾਂ ਹੱਥ ਪੱਲੇ ਕੁਝ ਨਹੀਂ ਆਉਣਾ। ਇਹ ਸਭ ਯਤਨ ਨਿਰਾਰਥਕ ਹੀ ਰਹਿਣਗੇ।

ਗੁਰੂ ਨਾਨਕ ਸਾਹਿਬ ਬਾਰੇ ਮੈਂ ਥਿਊਰੈਟੀਕਲ ਪੱਖ ਤੋਂ ਹੀ ਆਪਣਾ ਬਹੁਤਾ ਸਮਾਂ ਖ਼ਰਚ ਕੀਤਾ ਹੈ, ਪਰ ਮੈਂ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਦੀ ਸੰਸਾਰ ਨੂੰ ਦੇਣ ਕੀ ਹੈ ? ਬਹੁਤੀਆਂ ਗੱਲਾਂ 'ਤੇ ਵਿਸਥਾਰ ਕਿਸੇ ਹੋਰ ਸਮੇਂ ਲਈ ਰੱਖਦਾ ਹੋਇਆ ਮੈਂ ਇੰਨਾ ਕੁ ਜ਼ਰੂਰ ਦੱਸਣਾ ਚਾਹਾਂਗਾ ਕਿ ਉਨ੍ਹਾਂ ਜੋ ਵਿਚਾਰਾਂ ਸੰਸਾਰ ਨੂੰ ਦਿੱਤੀਆਂ, ਉਹ ਬੜੀਆਂ ਨਰੋਈਆਂ

ਤੇ ਇੰਨੀਆਂ ਮਜ਼ਬੂਤ ਤੇ ਮੌਲਿਕ ਹਨ ਕਿ ਪਿਛਲੇ ਪੰਜ ਸੌ ਸਾਲਾਂ ਵਿਚ ਜਿੰਨੇ ਵੀ ਸੰਸਾਰ ਵਿਚ ਇਨਕਲਾਬ ਆਏ, ਪਰਿਵਰਤਨ ਹੋਏ, ਉਨ੍ਹਾਂ ਦੀਆਂ ਜੇ ਜੜ੍ਹਾਂ ਫਰੋਲੀਆਂ ਜਾਣ ਤਾਂ ਤੁਸੀਂ ਹੌਲੀ-ਹੌਲੀ ਜਦੋਂ ਇਹ ਦੇਖੋਗੇ ਕਿ ਇਹ ਵਿਚਾਰ-ਕਰੂੰਬਲਾਂ ਕਿਥੋਂ ਤੇ ਕਿਵੇਂ ਫੁੱਟੀਆਂ ਤਾਂ ਇਸ ਦਾ ਸਿਹਰਾ ਭਾਰਤ ਤੇ ਇਸ ਦੇ ਪੰਜਾਬ ਪ੍ਰਾਂਤ ਦੇ ਮਹਾਨ ਗੁਰੂ ਨਾਨਕ ਸਾਹਿਬ ਦੇ ਸਿਰ ਉੱਤੇ ਹੀ ਬੱਝਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਦੁਨੀਆ ਵਿਚ ਸਮਾਜਿਕ ਦਰਜਾਬੰਦੀ ਖ਼ਤਮ ਕੀਤੀ। ਇਹ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਅਜਿਹਾ ਕੀਤਾ। ਕਈ ਲੋਕ ਕਹਿੰਦੇ ਹਨ : ਜਾਤ-ਪਾਤ ਦਾ ਖੰਡਨ ਕਈਆਂ ਹੋਰਨਾਂ ਸੰਤਾਂ ਭਗਤਾਂ ਨੇ ਵੀ ਕੀਤਾ ਹੈ। ਕਬੀਰ, ਰਾਮਾਨੁਜ ਤੋਂ ਲੈ ਕੇ ਬੁੱਧ ਤਕ ਦੇ ਨਾਮ ਵੀ ਇਸ ਪ੍ਰਣਾਲੀ ਵਿਚ ਲਏ ਜਾ ਸਕਦੇ ਹਨ, ਪਰ ਯਾਦ ਰਹੇ ਉਨ੍ਹਾਂ ਨੇ ਵਰਣ-ਆਸ਼ਰਮ-ਧਰਮ ਦੇ ਬੰਧਨ ਨਹੀਂ ਤੋੜੇ ਸਨ। ਉਹ ਇਹੀ ਕਹਿੰਦੇ ਸਨ ਕਿ ਕਿਸੇ ਵੀ ਜਾਤੀ ਦਾ ਆਦਮੀ ਹੋਵੇ, ਜਿਹੜਾ ਰਸਤਾ ਉਹ ਦੱਸ ਰਹੇ ਹਨ, ਉਸ 'ਤੇ ਜੋ ਤੁਰੇਗਾ ਉਸ ਦਾ ਆਤਮਕ ਕਲਿਆਣ ਹੋ ਜਾਵੇਗਾ, ਪਰ ਕਿਸੇ ਨੇ ਵਰਣ-ਆਸ਼ਰਮ ਦਾ ਨਿਸ਼ੇਧ ਨਹੀਂ ਸੀ ਕੀਤਾ, ਜਿਵੇਂ ਗੁਰੂ ਨਾਨਕ ਜੀ ਨੇ ਕੀਤਾ ਹੈ।

ਦੂਜੀ ਦੇਣ ਉਨ੍ਹਾਂ ਦੀ ਸਾਰੀ ਮਨੁੱਖ ਜਾਤੀ ਨੂੰ ਚਾਹੇ ਕੋਈ ਕਿਸੇ ਦੀਪ ਦਾ ਹੋਵੇ, ਆਤਮਕ ਕਲਿਆਣ ਦਾ ਸਮਾਨ ਅਧਿਕਾਰ ਨਿਸਚਿਤ ਕਰਨਾ ਹੈ। ਇਹ ਠੀਕ ਹੈ ਕਿ ਸਾਨੂੰ ਆਪਣੇ ਦੇਸ਼ ਉੱਤੇ ਗੌਰਵ ਕਰਨਾ ਚਾਹੀਦਾ ਹੈ ਕਿ ਅਸੀਂ ਮਹਾਨ ਹਾਂ, ਸਾਡਾ ਗਿਆਨ ਮਹਾਨ ਹੈ, ਪਰ ਇਹ ਸਮਝਣਾ ਕਿ ਭਾਰਤ ਭੂਮੀ ਤੋਂ ਪਰੇ ਨਾ ਹੀ ਕੋਈ ਉੱਤਮ ਗਿਆਨ ਹੈ ਤੇ ਨਾ ਹੀ ਆਤਮਕ ਕਲਿਆਣ ਦਾ ਸਾਧਨ, ਕੋਈ ਨਰੋਆ ਵਿਚਾਰ ਨਹੀਂ। ਇਸ ਸੋਚ ਨੇ ਸਾਨੂੰ ਬਾਕੀ ਦੁਨੀਆ ਨਾਲੋਂ ਤੋੜ ਰੱਖਿਆ ਸੀ। ਉਨ੍ਹਾਂ ਨੇ ਜੋ ਗਿਆਨ ਦਿੱਤਾ ਤੇ ਜਿਸ ਕਿਸਮ ਦੇ ਵਿਚਾਰ ਭਾਰਤ ਭੂਮੀ ਤੋਂ ਬਾਹਰ ਜਾ ਕੇ ਦੂਜੇ ਦੇਸ਼ਾਂ ਵਿਚ ਪ੍ਰਚਾਰੇ, ਉਸ ਤੋਂ ਪ੍ਰਗਟ ਹੈ ਕਿ ਉਨ੍ਹਾਂ ਦਾ ਨਜ਼ਰੀਆ ਕੇਵਲ ਭਾਰਤ ਭੂਮੀ ਦੇ ਲੋਕਾਂ ਦੇ ਕਲਿਆਣ ਲਈ ਹੀ ਨਹੀਂ, ਸਗੋਂ ਸੱਚੇ ਅਰਥਾਂ ਵਿਚ 'ਸਰਬੱਤ ਦੇ ਭਲੇ' ਵਾਲਾ ਸੀ। ਗੁਰੂ ਨਾਨਕ ਜੀ ਦੀਆਂ ਯਾਤਰਾਵਾਂ ਨੇ ਸੰਬੰਧਤ ਦੇਸ਼ਾਂ ਦੇ ਲੋਕਾਂ ਦੀ ਇਹ ਸੋਚ ਭੰਨੀ ਕਿ ਜੋ ਕੁਝ ਖੂਹ ਦੇ ਡੱਡੂ ਵਾਂਗ ਆਪਣੇ ਆਪ ਨੂੰ ਉਹ ਸਮਝ ਰਹੇ ਹਨ, ਇਸ ਤੋਂ ਪਰੇ ਅਪਾਰ ਸੰਸਾਰ ਹੈ। ਸਾਡੀ ਤੰਗ-ਦਿਲ ਸੋਚ ਨੇ ਜੋ ਬਾਹਰਲੀ ਦੁਨੀਆ ਦੀਆਂ ਨਵੀਆਂ ਕਾਢਾਂ ਅਤੇ ਸੋਚਾਂ ਤੋਂ ਰੌਸ਼ਨਦਾਨ ਤੇ ਦਰਵਾਜ਼ੇ ਖਿੜਕੀਆਂ ਬੰਦ ਕਰ ਰੱਖੇ ਸਨ, ਗੁਰੂ ਨਾਨਕ ਜੀ ਨੇ ਖੋਲ੍ਹ ਕੇ ਸਾਨੂੰ ਦੂਰ-ਦ੍ਰਿਸ਼ਟ ਬਣਾਇਆ ਹੈ। ਉਸ ਦਾ ਫਲ ਹੈ ਕਿ ਭਾਰਤ ਵਾਸੀਆਂ ਵਿਚ ਮੁੜ ਆਜ਼ਾਦ ਹੋਣ ਦੀ, ਆਪਣੀ ਸੱਭਿਅਤਾ ਦੇ ਗੌਰਵ ਨੂੰ ਵਧਾਉਣ ਦੀ ਰੁਚੀ ਉਤਪੰਨ ਹੋਈ, ਜਿਸ ਕਾਰਨ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੱਝਾ। ਉਨ੍ਹਾਂ ਨੇ ਇਹ ਵੀ ਇਕ ਨਰੋਆ ਵਿਚਾਰ ਦਿੱਤਾ ਕਿ ਰਾਜਸੀ ਸ਼ਕਤੀ ਉੱਤੇ ਕਿਸੇ ਦਾ ਜਮਾਂਦਰੂ ਹੱਕ ਨਹੀਂ ਹੋ ਸਕਦਾ। ਇਸ 'ਤੇ ਸਭ ਦਾ ਹੱਕ ਹੈ। ਜੇ ਇਹ ਵਿਚਾਰ ਨਾ ਦਿੱਤੇ ਜਾਂਦੇ ਤਾਂ ਨਾ ਕੋਈ ਨਰੋਆ ਧਰਮ ਉਤਪੰਨ ਹੋ ਸਕਦਾ ਸੀ ਤੇ ਨਾ ਹੀ ਸਮਾਜ-ਸਿਰਜਣਾ ਕੀਤੀ ਜਾ ਸਕਦੀ ਸੀ, ਕਿਉਂਕਿ ਲੋਕ ਰਾਜ ਦੇ ਹੁਕਮ ਨੂੰ ਹੀ ਪਰਮਾਤਮਾ ਦਾ ਹੁਕਮ ਮੰਨਦੇ ਸੀ। ਉਨ੍ਹਾਂ ਨੇ ਰਾਜਿਆਂ ਅਮੀਰਾਂ ਤੋਂ ਨਿਸ਼ੰਗ ਹੋ ਕੇ ਆਪਣੇ ਸੁਤੰਤਰ ਵਿਚਾਰਾਂ ਦੀ ਨੀਂਹ ਧਰੀ ਤੇ ਥਾਂ-ਥਾਂ ਇਨ੍ਹਾਂ ਹੁਕਮਰਾਨਾਂ ਨੂੰ ਵੰਗਾਰਿਆ :

**ਹੁਕਮ ਕੀਏ ਮਨਿ ਭਾਵਦੇ, ਰਾਹਿ ਭੀੜੈ ਅਗੈ ਜਾਵਣਾ॥**

*(ਵਾਰ ਆਸਾ ਮ: ੧, ਪੰਨਾ 470)*

ਇਹ ਵੱਡੇ ਵਿਚਾਰ ਸਨ, ਜੋ ਗੁਰੂ ਨਾਨਕ ਸਾਹਿਬ ਨੇ ਦਿੱਤੇ, ਜਿਨ੍ਹਾਂ ਕਰਕੇ ਸਾਡੇ ਦੇਸ਼ ਦਾ ਆਧੁਨਿਕ ਸੰਸਾਰ ਨਾਲ ਅਗਵਾਈ ਵਾਲਾ ਸੰਬੰਧ ਕਾਇਮ ਹੋਇਆ:

1. ਗੁਰੂ ਨਾਨਕ ਦੇਵ ਜੀ ਨੇ ਸਾਡੇ ਸਮਾਜ ਵਿੱਚੋਂ ਦਰਜਾਬੰਦੀ ਖ਼ਤਮ ਕੀਤੀ।
2. ਸਾਨੂੰ ਆਪਣੀ ਭਾਰਤ ਭੂਮੀ ਤੋਂ ਬਾਹਰ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰਨ ਦੀ ਪ੍ਰੇਰਨਾ ਕੀਤੀ।
3. ਰਾਜਸੀ ਸ਼ਕਤੀ ਸਭ ਲਈ ਇਕ ਸਮਾਨ ਦੇ ਵਿਚਾਰਾਂ ਦੇ ਬੀਜ ਬੀਜੇ।

ਇਹ ਹਨ ਨੁਕਤੇ ਜੋ ਉਨ੍ਹਾਂ ਦੇ ਜੀਵਨ ਤੇ ਵਿਚਾਰਾਂ ਦੇ ਅਧਿਐਨ ਤੋਂ ਅਸੀਂ ਲੱਭ ਸਕਦੇ ਹਾਂ। ਉਨ੍ਹਾਂ ਦੇ ਵਿਚਾਰ ਕਿਥੇ, ਕਿਵੇਂ ਪ੍ਰਗਟੇ ਤੇ ਕਿਵੇਂ-ਕਿਵੇਂ ਵਧ ਫੁੱਲ ਕੇ ਆਪਣੇ-ਆਪਣੇ ਥਾਂ ਸਥਾਨਕ ਰੂਪ ਧਾਰਨ ਕੀਤਾ? ਇਹ ਇਕ ਹੋਰ ਮਹਾਨ ਪੱਖ ਹੈ ਜਿਸ ਦਾ ਜਿੰਨਾ-ਜਿੰਨਾ ਅਧਿਐਨ ਕੀਤਾ ਜਾਵੇ ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੇ ਵਿਚਾਰ ਹੀ ਸੰਸਾਰ ਵਿਚਾਰਧਾਰਾ ਵਿਚ ਇਸ ਆਧੁਨਿਕ ਜੁਗ ਦੀਆਂ ਜੜ੍ਹਾਂ ਹਨ। ਸਿੱਖ ਗੁਰੂਆਂ ਦੇ ਉਪਦੇਸ਼ਾਂ ਉੱਤੇ ਅਸੀਂ ਸਾਰੇ ਲੋਕ ਜਿੰਨਾ ਵੀ ਗੌਰਵ ਕਰੀਏ, ਓਨਾ ਹੀ ਥੋੜਾ ਹੈ।

# ਗੁਰੂ ਨਾਨਕ ਦੇ ਸਮੇਂ ਦੀ ਸਮੱਸਿਆ

ਵੇਦਿਕ ਯੱਗ ਪ੍ਰਾਰੰਭ ਕਰਦੇ ਸਮੇਂ ਵੱਡੇ ਦੇਵਤਿਆਂ ਨੂੰ ਅਹੂਤੀਆਂ ਦਿੱਤੀਆਂ ਜਾਂਦੀਆਂ ਹਨ, ਪਰ ਇੰਦ੍ਰ ਜੋ ਕਿ ਰਿਗਵੇਦ ਦਾ ਪ੍ਰਮੁੱਖ ਦੇਵਤਾ ਹੈ, ਉਸ ਨੂੰ ਪਹਿਲਾਂ ਅਹੂਤੀ ਨਹੀਂ ਪਾਈ ਜਾਂਦੀ, ਪਰ ਪਿੱਛੋਂ ਪਾ ਵੀ ਦਿੱਤੀ ਜਾਂਦੀ ਹੈ। ਕਾਰਨ ਇਹ ਦੱਸਿਆ ਗਿਆ ਹੈ ਕਿ ਇੰਦ੍ਰ ਨੇ ਵ੍ਰਿਤ੍ਰ ਨਾਮੀ ਅਸੁਰ ਦੀ ਹੱਤਿਆ ਕੀਤੀ ਸੀ। ਕਿਉਂਜੁ ਸੁਰ, ਅਸੁਰ, ਦੇਵ, ਅਦੇਵ ਸਭ ਬ੍ਰਾਹਮਣ ਜਾਤੀ ਦੇ ਹਨ, ਇਸ ਕਰਕੇ ਉਸ ਨੂੰ ਬ੍ਰਹਮ-ਹੱਤਿਆ ਲੱਗ ਗਈ। ਮੇਰਾ ਵਿਦਵਾਨਾਂ ਨੂੰ ਵਿਖਿਆਨ ਦੇਣਾ ਵੀ ਉਸ ਪ੍ਰਕਾਰ ਦੀ ਅਵੱਗਿਆ ਹੀ ਸਮਝਣੀ ਚਾਹੀਏ, ਜਿਹੀ ਕਿ ਇੰਦ੍ਰ ਨੇ ਕੀਤੀ ਸੀ। ਮੇਰੇ ਵਰਗੇ ਗ੍ਰਾਮੀਨ ਆਦਮੀ ਦਾ ਤੁਹਾਡੇ ਸਾਹਮਣੇ ਬੋਲਣਾ ਬ੍ਰਹਮ-ਹੱਤਿਆ ਤੁਲ ਹੀ ਹੈ, ਜਿਸ ਦਾ ਪ੍ਰਾਸ਼ਚਿਤ ਹੋਣਾ ਚਾਹੀਏ ਤੇ ਮੈਂ ਇਸ ਲਈ ਪਹਿਲਾਂ ਇਸ ਅਵੱਗਿਆ ਦੀ ਖਿਮਾ ਮੰਗਦਾ ਹਾਂ ਜਿਹੜੀ ਕਿ ਮੈਂ ਤੁਹਾਡੇ ਸਾਹਮਣੇ ਬੋਲਣ ਲਈ ਖੜਾ ਹੋ ਕੇ, ਹੁਣ ਕਰਨ ਲੱਗਾ ਹਾਂ। ਵਿੱਦਿਆ ਐਸੀ ਸੁੰਦਰੀ ਹੈ ਜੋ ਸੌਂਕਣ ਬਰਦਾਸ਼ਤ ਨਹੀਂ ਕਰਦੀ ਅਤੇ ਜੇ ਇਸ ਨੂੰ ਸਰਬ-ਜੀਵਨ ਪ੍ਰਮਾਣਤਾ ਦਿੱਤੀ ਜਾਵੇ ਤਾਂ ਹੀ ਆਪਣੇ ਚੰਦਰ ਬਦਨ ਤੋਂ ਇਹ ਪੂਰਾ ਘੁੰਡ ਲਾਹੁੰਦੀ ਹੈ। ਇਹ ਵਿਚਾਰ ਕੇ ਮੈਂ ਤੁਹਾਡੇ ਸਾਹਮਣੇ ਕੋਈ ਵਿਖਿਆਨ ਦੇਣ ਦਾ ਯਤਨ ਨਹੀਂ ਕਰਾਂਗਾ, ਕੇਵਲ ਆਪਣੇ ਅਸੰਗਠਤ ਵਿਚਾਰ ਤੁਹਾਡੇ ਪੁਖ਼ਤਾ ਵਿਚਾਰਾਂ ਨਾਲ ਮੇਲਣ ਦੀ ਕੋਸ਼ਿਸ਼ ਕਰਾਂਗਾ।

ਜਦੋਂ ਮੈਂ ਛੋਟੀ ਉਮਰ ਵਿਚ ਸਾਂ ਤਾਂ ਪਿੰਡ ਵਿਚ ਪੜ੍ਹਦਾ ਸੀ ਜੋ ਕਿ ਨਨਕਾਣਾ ਸਾਹਿਬ ਦੇ ਨੇੜੇ ਸੀ। ਹਰ ਸਾਲ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਉੱਤੇ ਲੈਕਚਰ ਦੇਣ ਵਾਲਿਆਂ ਨੇ ਆਉਣਾ ਤੇ ਸੌ ਵਿੱਚੋਂ ਪਚਾਨਵੇਂ ਪਰਚਾਰਕ ਗੁਰੂ ਸਾਹਿਬ ਦੀ ਮਹਾਨਤਾ ਨੂੰ ਦਰਸਾਣ ਲਈ, ਗੱਲ ਇਥੋਂ ਸ਼ੁਰੂ ਕਰਦੇ ਸਨ ਕਿ ਜਦੋਂ ਗੁਰੂ ਨਾਨਕ ਦਾ ਆਗਮਨ ਹੋਇਆ ਤਾਂ ਸਮੇਂ ਦੀ ਦਸ਼ਾ ਇਹ ਸੀ :

> **ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
> **ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥** *(ਵਾਰ ਮਾਝ, ਮ: ੧, ਪੰਨਾ 145)*

ਮੈਂ ਕਾਲਜ ਚਲਾ ਗਿਆ, ਯੂਨੀਵਰਸਿਟੀ ਚਲਾ ਗਿਆ, ਪਰ ਇਹ ਆਵਾਜ਼ ਉਸੇ ਤਰ੍ਹਾਂ ਕੰਨਾਂ ਵਿਚ ਪੈਂਦੀ ਰਹੀ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਕੀ ਇਹ ਦਸ਼ਾ, ਜੋ ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਬਿਆਨ ਕੀਤੀ ਹੈ, ਸੱਚ ਹੈ ਜਾਂ ਇਹ ਕੇਵਲ ਕਹਿਣ ਦਾ ਅਲੰਕਾਰਕ ਤਰੀਕਾ ਹੀ ਹੈ ਤੇ ਗੁਰੂ ਸਾਹਿਬ ਨੇ ਗੱਲ ਵਧਾ ਕੇ ਸ਼ਾਇਰਾਨਾ ਅਤਿਕਥਨੀ ਦੇ ਰੂਪ ਵਿਚ ਕੀਤੀ ਹੈ। ਇਹ ਵਿਚਾਰ ਮੇਰੇ ਮਨ ਵਿਚ ਚੱਲਦੇ ਰਹੇ ਹਨ। ਮੈਂ ਸੰਨ 1931 ਵਿਚ ਆਪਣੀ ਪੜ੍ਹਾਈ ਲਈ ਕੈਂਮਬ੍ਰਿਜ ਪਹੁੰਚਿਆ। ਉਥੋਂ ਲੰਡਨ ਵਿਚ ਬ੍ਰਿਟਿਸ਼ ਮਿਊਜ਼ੀਅਮ ਦੇਖਣ ਲਈ ਆਉਂਦਾ ਤੇ ਉਥੋਂ ਦੀਆਂ ਚੀਜ਼ਾਂ ਦੇਖ-ਦੇਖ ਕੇ ਹੈਰਾਨ

ਹੁੰਦਾ। ਜਦੋਂ ਮੈਂ ਉਥੇ ਮਿਸਰ ਦੀਆਂ ਮਮੀਆਂ ਪਈਆਂ ਦੇਖੀਆਂ ਤਾਂ ਬਹੁਤ ਅਸਚਰਜ ਵਿਚ, ਕਾਫ਼ੀ-ਕਾਫ਼ੀ ਅਰਸਾ, ਉਨ੍ਹਾਂ ਸਾਹਮਣੇ ਖੜਾ ਰਹਿੰਦਾ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਇਹ ਮਮੀਆਂ ਕਿਉਂ ਸੁਰੱਖਿਅਤ ਕੀਤੀਆਂ ਗਈਆਂ ਹਨ, ਮਿਸਰ ਦਾ ਪੁਰਾਤਨ ਵਿਚਾਰ ਇਨ੍ਹਾਂ ਬਾਰੇ ਕੀ ਹੈ, ਆਦਿ। ਇਸ ਲਈ ਦੇਸ਼ ਵਾਪਸ ਆਉਣ 'ਤੇ ਮਿਸਰ ਦੀ ਤਾਰੀਖ਼ ਬਾਰੇ ਕਿਤਾਬਾਂ ਲੱਭ ਕੇ ਪੜ੍ਹੀਆਂ ਅਤੇ 'ਪੇਪਰਸ' ਸਰਕੰਡੇ ਘਾਹ ਤੋਂ ਬਣਾਏ ਹੋਏ ਪ੍ਰਾਚੀਨ ਮਿਸਰੀ ਲੇਖ-ਪੱਤਰ ਵੀ ਪੜ੍ਹੇ, ਜੋ ਮਿਸਰ ਦੀ ਸੱਭਿਅਤਾ ਦਾ ਪਤਾ ਦਿੰਦੇ ਹਨ। ਇਨ੍ਹਾਂ ਲਿਖਤਾਂ ਵਿਚ ਹੀ ਇਕ ਚਿੱਠੀ, 3300 ਵਰ੍ਹੇ ਈਸਵੀ ਸੰਮਤ ਤੋਂ ਪਹਿਲਾਂ ਦੀ, ਪੁਰਾਣੀ ਸੀ, ਉਹ ਵੀ ਮੈਂ ਪੜ੍ਹੀ। ਇਸ ਵਿਚ ਲਿਖਣ ਵਾਲਾ ਆਪਣੇ ਸਮੇਂ ਦੀ ਹਾਲਤ ਬਾਰੇ ਲਿਖ ਰਿਹਾ ਸੀ ਕਿ 'ਰਾਜੇ ਕਸਾਈ ਹੋ ਗਏ ਹਨ ਜੋ ਛੁਰੀ ਨਾਲ ਪਰਜਾ ਨੂੰ ਕੋਹ ਰਹੇ ਹਨ, ਸਾਰੇ ਹਨੇਰਾ ਛਾਇਆ ਹੋਇਆ ਹੈ।' ਅਸਲ ਲਿਖਤ ਦਾ ਅੰਗਰੇਜ਼ੀ ਭਾਵ ਕੁਝ ਇਉਂ ਹੈ :

> "blackness has descended on human hearts. King's minions are like butchers. The friends are treacherous. The son is disobedient and the wife disloyal."

ਇਹ ਲਫ਼ਜ਼ ਮੈਨੂੰ ਜਾਣੇ-ਪਛਾਣੇ ਲੱਗੇ। ਮੈਨੂੰ ਫਿਰ ਗੁਰੂ ਨਾਨਕ ਸਾਹਿਬ ਦਾ ਵਾਕ ਚੇਤੇ ਆਇਆ—'ਕਲਿ ਕਾਤੀ ਰਾਜੇ ਕਾਸਾਈ.....।'

ਮੈਨੂੰ ਖ਼ਿਆਲ ਆਇਆ ਕਿ ਅੱਜ ਤੋਂ 5000 ਸਾਲ ਪਹਿਲਾਂ ਵੀ ਇਹੋ ਜਿਹੀ ਹਾਲਤ ਹੀ ਹੋਵੇਗੀ ਜਾਂ ਫਿਰ ਇਹ ਐਵੇਂ ਇਕ ਗੱਲ ਕਰਨ ਦਾ ਢੰਗ ਹੈ। ਮੈਂ ਬਾਰ-ਬਾਰ ਸੋਚਦਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਕਿਥੋਂ ਤਕ ਯਥਾਰਥਕ ਸਮਝਿਆ ਜਾਵੇ। ਇਸ ਖ਼ਾਤਰ ਮੈਂ ਭਾਰਤ ਦਾ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਤਦ ਮੈਨੂੰ ਨਿਸਚਾ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕੇਵਲ ਕਾਵਿ-ਸ਼ੈਲੀ ਜਾਂ ਅਤਿਕਥਨੀ ਨਹੀਂ ਹਨ ਜਾਂ ਕੇਵਲ ਲਿਖਣ ਦਾ ਢੰਗ ਹੀ ਨਹੀਂ, ਸਗੋਂ ਬਿਲਕੁਲ ਸੱਚੀਆਂ ਗੱਲਾਂ ਹਨ। ਜੋ ਕੁਝ ਉਨ੍ਹਾਂ ਆਖਿਆ ਹੈ, ਉਹ ਉਸ ਵਕਤ ਦੇ ਭਾਰਤੀ ਸਮਾਜ ਦੀ ਹੂ-ਬ-ਹੂ ਤਸਵੀਰ ਹੈ। ਇਸ ਦੀ ਪ੍ਰੋੜ੍ਹਤਾ ਵਜੋਂ ਜੋ ਕੁਝ ਇਤਿਹਾਸ ਵਿੱਚੋਂ ਪੜ੍ਹਿਆ, ਉਸ ਦਾ ਸਾਰੰਸ਼ ਤੁਹਾਡੇ ਸਾਹਮਣੇ ਵਿਚਾਰ-ਵਟਾਂਦਰੇ ਲਈ ਪੇਸ਼ ਕਰਦਾ ਹਾਂ :

ਇਸ ਗੱਲ ਉੱਤੇ ਤਾਂ ਸਹਿਮਤੀ ਹੈ ਕਿ ਪ੍ਰਾਚੀਨ ਭਾਰਤ ਦਾ ਸ਼ੁੱਧ ਤੇ ਸੰਪੂਰਨ ਇਤਿਹਾਸ ਨਹੀਂ ਮਿਲਦਾ। ਜਿਵੇਂ ਅੰਨ੍ਹੇ ਖੂਹ ਵਿਚ ਟਾਰਚ ਮਾਰ ਕੇ ਦੇਖੀਏ, ਕੁਝ ਨਾ ਕੁਝ ਪਤਾ ਲੱਗ ਜਾਂਦਾ ਹੈ, ਇਸੇ ਤਰ੍ਹਾਂ ਦੀਰਘ ਖੋਜ ਦੀ ਰੌਸ਼ਨੀ ਦੁਆਰਾ ਕਈ ਗੱਲਾਂ ਦਾ ਥਹੁ ਪਤਾ ਲੱਗਦਾ ਹੈ।

ਜਦੋਂ ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨਾਲ ਕਈ ਲੇਖਕ ਵੀ ਆਏ। ਇਹ ਗੱਲ ਈਸਵੀ ਸੰਮਤ ਦੇ ਪ੍ਰਾਰੰਭ ਤੇ ਚੌਥੀ ਸ਼ਤਾਬਦੀ ਤੋਂ ਪਹਿਲਾਂ ਦੀ ਹੈ। ਉਨ੍ਹਾਂ ਨੇ ਹਿੰਦੁਸਤਾਨ ਬਾਰੇ ਜੋ ਕੁਝ ਲਿਖਿਆ, ਉਹ ਸਾਡੇ ਲਈ ਪਹਿਲੀ ਮੰਨਣਯੋਗ ਇਤਿਹਾਸਕ ਸਮੱਗਰੀ ਹੈ। ਸਿਕੰਦਰ ਦੇ ਪਿੱਛੋਂ, ਸਿਕੰਦਰ ਦੇ ਜਰਨੈਲ, ਸੈਲੁਕੋਸ ਨੀਕਾਤੋਰ (Selucos Nikator), ਸੀਰੀਆ ਦੇਸ਼ ਦੇ ਰਾਜਾਧੀਰਾਜ ਨੇ ਮੁੜ ਪੱਛਮੀ ਭਾਰਤ ਉੱਤੇ ਆਕਰਮਣ ਕੀਤਾ ਤਾਂ ਚੰਦ੍ਰਗੁਪਤ ਮੋਰਯ ਕੋਲੋਂ ਹਾਰ ਖਾਧੀ ਅਤੇ ਕਾਬੁਲ, ਕੰਧਾਰ, ਬਲੋਚਿਸਤਾਨ ਦੇ ਇਲਾਕੇ ਅਤੇ ਆਪਣੀ ਕੰਨਿਆ ਦਾ ਡੋਲਾ ਸੁਲਹ ਵਜੋਂ ਮੋਰਯ ਸਮਰਾਟ ਨੂੰ ਦਿੱਤਾ ਅਤੇ ਆਪਣਾ ਰਾਜਦੂਤ ਮੈਗਸਥਨੀਸ (Magasthenese) ਭਾਰਤੀ

ਰਾਜਧਾਨੀ, ਪਾਟਲੀਪੁਤਰ ਵਿਚ ਨਿਯੁਕਤ ਕੀਤਾ। ਇਸ ਯਾਵਨੀ ਰਾਜਦੂਤ ਦੀਆਂ ਅਸਲ ਲਿਖਤਾਂ ਤਾਂ ਪਰਾਲਭਧ ਨਹੀਂ, ਪਰ ਇਨ੍ਹਾਂ ਦੇ ਉਤਾਰਿਆਂ ਦੇ ਕੁਝ ਟੋਟੇ ਮਿਲਦੇ ਹਨ, ਜਿਨ੍ਹਾਂ ਨੂੰ 'ਇੰਡੀਕਾ' ਕਿਹਾ ਜਾਂਦਾ ਹੈ। ਇਹ ਦੂਜੀ-ਤੀਜੀ ਸ਼ਤਾਬਦੀ ਪੂਰਵ ਈਸਵੀ ਸੰਮਤ ਦੀਆਂ ਲਿਖਤਾਂ ਹਨ। ਜੇ ਇਨ੍ਹਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਹਿੰਦੁਸਤਾਨ ਦੇ ਲੋਕਾਂ ਦਾ ਖਾਣ-ਪੀਣ, ਰਹਿਣ-ਸਹਿਣ, ਸਾਮਰਾਜ, ਗਣਰਾਜ ਤੇ ਵੰਸ਼ ਰਾਜ ਦੀ ਸਥਿਤੀ ਬਾਰੇ ਵੀ ਕਈ ਗੱਲਾਂ ਸਪੱਸ਼ਟ ਹੁੰਦੀਆਂ ਹਨ। ਇਸ ਵੇਲੇ ਦਾ, ਈਸਵੀ ਸੰਨ ਦੇ ਪ੍ਰਾਰੰਭ ਤੋਂ ਦੋ ਸ਼ਤਾਬਦੀਆਂ ਪਹਿਲਾਂ ਦੇ ਸਮੇਂ ਦਾ, ਜੋ ਭਾਰਤੀ ਸਮਾਜ ਤੇ ਭਾਰਤੀ ਸੰਸਕ੍ਰਿਤੀ 'ਇੰਡੀਕਾ' ਆਦਿ ਸ਼ਹਾਦਤਾਂ ਤੋਂ, ਨਿਖਰ ਕੇ ਦ੍ਰਿਸ਼ਟੀ-ਗੋਚਰ ਹੁੰਦਾ ਹੈ, ਉਹ ਇਕ ਬੜਾ ਸਭਯਤਾ ਪ੍ਰਾਪਤ, ਵਿਕਸਤ, ਪ੍ਰਗਤੀਸ਼ੀਲ ਸਮਾਜ ਹੈ, ਜਿਸ ਦਾ ਆਧਾਰ ਨਿਆਂ ਤੇ ਇਨਸਾਫ਼ ਹੈ ਅਤੇ ਜਿਸ ਦੀਆਂ ਰੁਚੀਆਂ ਸ਼ਾਂਤੀ-ਪ੍ਰਦਾ ਤੇ ਉੱਨਤੀ-ਤਤਪਰ ਹਨ।

ਦੂਸਰੀ ਸਦੀ ਈਸਵੀ ਵਿਚ ਹੁਨ ਜਾਤੀਆਂ ਦੇ ਹਮਲੇ ਪੱਛਮੀ ਭਾਰਤ ਉੱਤੇ ਹੋਏ ਤੇ ਪੁਰਾਣਾ ਸਾਮਰਾਜ ਢਹਿ-ਢੇਰੀ ਹੋ ਗਿਆ। ਉਸ ਸਮੇਂ ਬਾਰੇ ਸਾਨੂੰ ਬਹੁਤੀ ਜਾਣਕਾਰੀ ਨਹੀਂ ਮਿਲਦੀ। ਫਿਰ ਭਾਰਤ ਦੇ ਸਮਾਜ ਤੇ ਸੰਸਕ੍ਰਿਤੀ ਦਾ, ਚੰਦਰਗੁਪਤ ਦੂਜੇ ਸਮੇਂ ਉੱਚਤਰ ਵਿਕਾਸ ਹੋਇਆ। ਸਮੁੰਦਰਗੁਪਤ (335-375 ਈ:) ਦਾ ਵੱਡਾ ਭਰਾ ਰਾਮਗੁਪਤ ਸੀ ਤੇ ਉਸ ਦੀ ਪਤਨੀ ਧਰੂਵ ਸੀ। ਇਹ ਸਮੁੰਦਰਗੁਪਤ ਚੰਦਰਗੁਪਤ ਪਹਿਲੇ ਦਾ ਪੁੱਤਰ ਸੀ ਤੇ ਚੰਦਰਗੁਪਤ ਦੂਜੇ (375-414 ਈ:) ਦਾ ਪਿਤਾ ਸੀ। ਮਥਰਾ 'ਸ਼ਕ' ਬੰਸ ਦੀ ਰਾਜਧਾਨੀ ਸੀ।

ਮਥਰਾ ਦੇ ਰਾਜੇ ਨੇ ਰਾਮਗੁਪਤ ਨੂੰ ਕਿਹਾ—ਤੂੰ ਮੈਨੂੰ ਆਪਣੀ ਪਤਨੀ ਦੇ ਦੇ। ਰਾਮਗੁਪਤ ਆਪਣੀ ਪਤਨੀ ਦੇਣ ਲਈ ਤਿਆਰ ਹੋ ਗਿਆ। ਜਦ ਚੰਦਰਗੁਪਤ ਨੂੰ ਪਤਾ ਲੱਗਾ, ਉਹ ਦੁਖੀ ਹੋਇਆ। ਉਸ ਨੇ ਮਥਰਾ ਸੁਨੇਹਾ ਭੇਜ ਦਿੱਤਾ ਕਿ ਧਰੂਵ ਦੇਵੀ ਜਲਦੀ ਪਹੁੰਚ ਜਾਵੇਗੀ। ਚੰਦਰਗੁਪਤ ਨੇ ਆਪ ਜ਼ਨਾਨੀਆਂ ਵਾਲਾ ਭੇਸ ਬਣਾ ਲਿਆ। ਕਾਫ਼ੀ ਲੜਕੀਆਂ ਅਤੇ ਫ਼ੌਜ ਲੈ ਕੇ ਸ਼ਕ ਰਾਜ ਦੀ ਰਾਜਧਾਨੀ ਪਹੁੰਚ ਗਿਆ। ਜਦੋਂ ਮਥਰਾ ਪਹੁੰਚਿਆ ਤਾਂ ਅੱਗੋਂ ਰਾਜਾ ਲੈਣ ਲਈ ਆਇਆ। ਚੰਦਰਗੁਪਤ, ਜੋ ਕਿ ਜ਼ਨਾਨਾ ਭੇਸ ਵਿਚ ਸੀ, ਉਸ ਨੇ ਸ਼ਕ ਰਾਜੇ ਨੂੰ ਛੁਰਾ ਮਾਰ ਕੇ ਮਾਰ ਦਿੱਤਾ ਅਤੇ ਬਾਅਦ ਵਿਚ ਆਪਣੇ ਭਰਾ ਨੂੰ ਵੀ ਰਾਜ ਸਿੰਘਾਸਨ ਦੇ ਯੋਗ ਨਾ ਸਮਝ ਕੇ ਮਾਰ ਦਿੱਤਾ ਤੇ ਆਪ ਧਰੂਵ ਦੇਵੀ ਨਾਲ ਵਿਆਹ ਕਰ ਲਿਆ।

ਮਗਰੋਂ, ਜਾਇਸੀ ਰਚਿਤ 'ਪਦਮਾਵਤ' ਦੀ ਕਥਾ ਵਿਚ ਪਦਮਨੀ ਤੇ ਅਲਾਉਦੀਨ ਦਾ ਕਿੱਸਾ ਵੀ ਇਵੇਂ ਹੀ ਬਿਆਨ ਕੀਤਾ ਗਿਆ ਹੈ। ਹੋ ਸਕਦਾ ਹੈ ਇਸੇ ਘਟਨਾ ਦਾ ਹੀ ਸਾਹਿਤਿਕ ਪ੍ਰਤਿਬਿੰਬ ਹੋਵੇ ਯਾ ਇਉਂ ਵਾਪਰੀ ਹੀ ਹੋਵੇ। ਰਾਮਗੁਪਤ ਅਤੇ ਚੰਦਰਗੁਪਤ ਦੂਜਾ, ਜਿਸਨੂੰ ਚੰਦਰਗੁਪਤ ਵਿਕ੍ਰਮਾਦਿਤਯ ਭੀ ਕਿਹਾ ਜਾਂਦਾ ਹੈ, ਬਾਬਤ ਇਹ ਕਥਾ 'ਦੇਵੀ ਚੰਦਰਗੁਪਤ' ਕ੍ਰਿਤ ਵਿਸ਼ਵਦਤ ਨਾਮੀ ਸੰਸਕ੍ਰਿਤ ਨਾਟਕ ਵਿਚ ਮਿਲਦੀ ਹੈ। ਬਾਣ ਭੱਟ ਦੇ ਰਚਿਤ ਗ੍ਰੰਥ 'ਹਰਿਸ਼ਚ੍ਰਿਤ' ਵਿਚ ਭੀ ਇਸੇ ਕਥਾ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਕਿ ਕਿਵੇਂ ਰਾਮਗੁਪਤ, ਮਥਰਾ ਦੇ 'ਸ਼ਕ' ਨਰੇਸ਼ ਕੋਲੋਂ ਯੁੱਧ ਵਿਚ ਹਾਰ ਗਿਆ ਤੇ ਆਪਣੀ ਮਹਾਰਾਣੀ, ਧਰੂਵ ਦੇਵੀ, ਨੂੰ 'ਸ਼ਕ' ਨਰੇਸ਼ ਦੇ ਹਵਾਲੇ ਕਰਨਾ ਮੰਨ ਗਿਆ। ਇਸੇ ਸਥਿਤੀ ਵਿਚ ਚੰਦਰਗੁਪਤ ਦੂਜਾ ਮਹਾਨ ਸਮਰਾਟ ਦੇ ਰੂਪ ਵਿਚ ਭਾਰਤੀ ਇਤਿਹਾਸ ਵਿਚ ਪ੍ਰਗਟਿਆ, ਜਿਸ ਨੇ ਯਵਨ ਰਾਜੇ ਸੈਲੁਕੋਸ ਨੀਕਾਤੋਰ ਨੂੰ ਸ਼ਿਕੱਸਤ ਦਿੱਤੀ, ਜਿਸ ਦੇ ਪਰਿਣਾਮ ਵਜੋਂ ਯਵਨ ਰਾਜਦੂਤ, ਮੈਗਸਥਨੀਸ, ਭਾਰਤ ਆਇਆ ਅਤੇ ਉਸ ਨੇ ਭਾਰਤ

ਬਾਬਤ ਬਹੁ-ਮੁੱਲੀ ਲੇਖ-ਸਾਮਗਰੀ ਪਿੱਛੇ ਛੱਡੀ।

ਚੰਦਰਗੁਪਤ ਦਾ ਜਰਨੈਲ ਅਮਰਕਾਰੀ ਤਕਧ ਸੀ ਜੋ ਕਿ ਬੁੱਧ ਧਰਮ 'ਤੇ ਨਿਸਚਾ ਰੱਖਣ ਵਾਲਾ ਸੀ ਤੇ ਬੜਾ ਮਹਾਨ ਯੋਧਾ ਸੀ। ਇਸ ਤੋਂ ਪ੍ਰਗਟ ਹੈ ਕਿ ਇਸ ਸਮੇਂ ਬੁੱਧ ਮਤ ਤੇ ਬ੍ਰਾਹਮਣੀ ਮਤ ਦਾ ਭੇਦ ਬਹੁਤਾ ਤਿੱਖਾ ਨਹੀਂ ਸੀ।

ਚੌਥੀ ਸਦੀ ਵਿਚ ਚੀਨੀ ਯਾਤਰੂ, ਫਾਹੀਯਾਨ, ਭਾਰਤ ਆਇਆ। ਉਹ ਲਿਖਦਾ ਹੈ ਕਿ ਚੰਦਰਗੁਪਤ ਨਾ ਬੋਧ ਸੀ ਨਾ ਬ੍ਰਾਹਮਣ, ਉਹ ਦੋਹਾਂ ਦਾ ਬਰਾਬਰ ਸਤਿਕਾਰ ਕਰਦਾ ਸੀ। ਇਹ ਯਾਤਰੂ ਇਹ ਵੀ ਲਿਖਦਾ ਹੈ ਕਿ ਸਾਰੇ ਸੰਸਾਰ ਨਾਲੋਂ ਭਾਰਤ ਵਿਚ ਖ਼ੁਸ਼ਹਾਲੀ ਜ਼ਿਆਦਾ ਹੈ। ਇਸ ਪਿੱਛੋਂ ਹਰਸ਼ਵਰਧਨ ਤਕ ਸਾਨੂੰ ਕੋਈ ਬਹੁਤੀ ਇਤਿਹਾਸ ਬਾਬਤ ਸਾਮਗਰੀ ਨਹੀਂ ਮਿਲਦੀ। ਫਿਰ ਹੁਨ ਜਾਤੀ ਦੇ ਆਕ੍ਰਮਣ ਪ੍ਰਾਰੰਭ ਹੋਏ ਤੇ ਗੁਪਤ ਸਾਮਰਾਜ ਖੇਰੂੰ-ਖੇਰੂੰ ਹੋ ਗਿਆ। ਜਿਵੇਂ ਨਾਟਕੀ ਸਟੇਜ 'ਤੇ ਬੱਤੀਆਂ ਬੁਝ ਜਾਣ 'ਤੇ ਹੋ ਰਹੀ ਨਾਟ-ਕਿਰਿਆ ਦਾ ਕੁਝ ਪਤਾ ਨਹੀਂ ਲੱਗਦਾ। ਇਸੇ ਤਰ੍ਹਾਂ ਇਸ ਸਮੇਂ ਬਾਰੇ ਵੀ ਬਹੁਤ ਧੁੰਦਲਾ-ਪਨ ਹੈ। ਹਰਸ਼ਵਰਧਨ ਸੰਨ 698 ਤਕ ਰਾਜਭਾਗ ਮਾਣਦਾ ਰਿਹਾ। ਇਸ ਦੇ ਸਮੇਂ ਹਿਊਨਸਾਂਗ ਚੀਨੀ ਯਾਤਰੀ ਭਾਰਤ ਆਇਆ ਜੋ ਕਿ 630 ਤੋਂ 644 ਸੰਨ ਈਸਵੀ ਤਕ ਚੌਦਾਂ ਪੰਦਰਾਂ ਸਾਲ ਇਥੇ ਘੁੰਮਿਆ। ਉਸ ਨੇ ਬੜੀਆਂ ਦਿਲਚਸਪ ਗੱਲਾਂ ਸਾਡੇ ਬਾਰੇ ਲਿਖੀਆਂ ਹਨ। ਉਹ ਲਿਖਦਾ ਹੈ ਕਿ ਇਹ ਸ਼ਾਂਤੀ ਵਿਸ਼ਵਾਸੀ ਸਮਾਜ ਹੈ। ਭਾਰਤੀ ਕਲਾ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਮਿਸਟਰ ਹੈਵਲ, ਫ਼ਿਰੰਗੀ ਇਤਿਹਾਸਕਾਰ ਭੀ ਲਿਖਦਾ ਹੈ :

> "No civilization in the world's history can be said to have achieved perfection, but the fact remains that judged by standards of culture, Indian civilization in the 7th century A.D. attained to heights which have not been exceeded by any other in ancient or modern times."

ਇਹ ਐਵੇਂ ਇਤਫ਼ਾਕ ਸਮਝੋ ਜਾਂ ਕੋਈ ਰਹੱਸ ਦੀ ਗੱਲ ਕਿ ਭਾਰਤ ਵਰਸ਼ ਦੇ ਜਿਤਨੇ ਵੀ ਮਹਾਨ ਰਾਜੇ ਸਮਰਾਟ ਹੋਏ ਹਨ—ਅਸ਼ੋਕ, ਕਨਿਸ਼ਕ ਜਾਂ ਹਰਸ਼ਵਰਧਨ, ਸਭੇ ਬੋਧ ਵਿਚਾਰਾਂ ਦੇ ਸਨ। ਚੰਦਰਗੁਪਤ ਦੂਜਾ, ਸਾਂਝਾ ਜਿਹਾ ਸੀ ਅਤੇ ਹਰਸ਼ਵਰਧਨ ਵੀ ਇਕ ਅਜਿਹਾ ਮਹਾਨ ਸਮਰਾਟ ਸੀ ਜਿਸ ਨੇ ਥਾਨੇਸਰ ਵਿਚ, ਪਿੱਛੋਂ ਕਨੌਜ ਵਿਚ, ਰਾਜਧਾਨੀ ਸਥਾਪਿਤ ਕੀਤੀ। ਪਤਾ ਨਹੀਂ ਕੀ ਗੱਲ ਹੋਈ, ਬ੍ਰਾਹਮਣਾਂ ਨੇ ਇਸ ਨੂੰ ਸਾਜ਼ਸ਼ ਕਰ ਕੇ ਮਰਵਾ ਦਿੱਤਾ। ਇਹ ਗੱਲ ਧਿਆਨ-ਗੋਚਰੇ ਕਰਨ ਵਾਲੀ ਹੈ ਕਿ ਭਾਰਤੀ ਸਾਮਰਾਜ ਤੇ ਸਮਾਜ ਦੀ ਤਬਾਹੀ ਦਾ ਵੱਡਾ ਕਾਰਣ ਬ੍ਰਾਹਮਣ ਤੇ ਬੋਧੀ ਵਿਚਾਰਾਂ ਦੀ ਖਿੱਚੋਤਾਣ ਵਿੱਚੋਂ ਹੀ ਪੈਦਾ ਹੋਇਆ। ਛੇਵੀਂ ਸਦੀ ਤੋਂ ਤੇਰ੍ਹਵੀਂ ਸਦੀ ਦੀ ਤਾਰੀਖ਼, ਸਿੰਧ ਬੰਗਾਲ ਤਕ ਦੀ ਤਾਰੀਖ਼ ਦੀ ਦੀਰਘ ਖੋਜ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ। ਨੌਵੀਂ ਸਦੀ ਵਿਚ ਬਗ਼ਦਾਦ ਦੇ ਖ਼ਲੀਫ਼ੇ ਨੇ ਮੁਹੰਮਦ ਬਿਨ ਕਾਸਿਮ ਨੂੰ ਭੇਜ ਕੇ ਸਿੰਧ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਸਮੇਂ ਦੇ ਹਾਲਾਤ ਬਾਰੇ 'ਛੱਛਨਾਮਾ' ਇਕ ਅਰਬੀ ਲਿਖਤ ਮਿਲਦੀ ਹੈ। ਉਸ ਵਿਚ ਲਿਖਿਆ ਹੈ ਕਿ ਬੁੱਧ ਰੱਖੂ ਸਸਾਨੀ (ਬੁੱਧ ਰਖਸ਼ਿਤ ਸ਼੍ਰਮਣ) ਜੋ ਬੋਧੀਆਂ ਦਾ ਨੇਤਾ ਸੀ, ਜੇ ਉਹ ਅਨੇਕ ਪ੍ਰਕਾਰ ਅਰਬਾਂ ਦੀ ਮਦਦ, ਸਹਾਇਤਾ ਨਾ ਕਰਦਾ ਤਾਂ ਸਿੰਧ ਦੇਸ਼ ਅਰਬਾਂ ਦੇ ਕਾਬੂ ਵਿਚ ਨਹੀਂ ਆਉਣਾ ਸੀ। ਸੋ ਬੋਧੀਆਂ ਦੀ ਸਹਾਇਤਾ ਕਾਰਨ ਹੀ ਅਰਬਾਂ ਦੀ ਜਿੱਤ ਹੋਈ। ਇਸ ਤਰ੍ਹਾਂ ਦੇ ਭੇਦ-ਭਾਵਾਂ ਕਰਕੇ ਭਾਰਤੀ ਜਾਤੀ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਸਨ।

ਬਾਰ੍ਹਵੀਂ ਸਦੀ ਵਿਚ ਜੇ ਬੋਧੀ ਜਨਤਾ ਖ਼ਿਲਜੀਆਂ ਦੀ ਸਹਾਇਤਾ ਨਾ ਕਰਦੀ ਤਾਂ ਬੰਗਾਲ ਵਿਚ ਖ਼ਿਲਜੀਆਂ ਦਾ ਰਾਜ ਸਥਾਪਤ ਹੋਣਾ ਔਖਾ ਸੀ। ਇਸ ਸਦੀ ਦੇ ਸਾਡੇ ਪਾਸ ਦੋ ਗ੍ਰੰਥ ਹਨ—'ਸ਼ੂਨਯ ਪੁਰਾਣ' ਤੇ 'ਧਰਮ ਪੂਜਾ ਵਿਧਾਨ'। ਮਾਲਦੇਹ ਵਿਚ ਸੈਨ ਜਾਤੀ ਦੇ ਬ੍ਰਾਹਮਣ ਵੱਸਦੇ ਸਨ, ਉਨ੍ਹਾਂ ਨੇ ਬੋਧੀਆਂ ਉੱਤੇ ਬੜੇ ਧੱਕੇ ਕੀਤੇ। ਉਪਰੋਕਤ ਗ੍ਰੰਥ ਵਿਚ ਲਿਖਿਆ ਹੈ ਕਿ ਧਰਮੀਆਂ ਉੱਤੇ ਇਹ ਅਨਿਆਂ ਤੇ ਧੱਕੇ ਹੁੰਦੇ ਦੇਖ ਕੇ, ਬੈਕੁੰਠ ਵਾਸੀ, ਨਿਰੰਜਣ, ਅਤੀ ਕ੍ਰੋਧਵਾਨ ਹੋਏ। ਤਦ ਉਹ ਜਾਜਪੁਰੇ ਦੀ ਮਹਾਂ ਪਵਿੱਤਰ ਧਰਤੀ ਉੱਤੇ 'ਖ਼ੁਦਾ' ਨਾਮ ਧਾਰਣ ਕਰ ਕੇ ਪ੍ਰਗਟੇ। ਕਾਲੇ ਘੋੜੇ ਉੱਤੇ ਸਵਾਰ, ਕਾਲੀ ਟੋਪੀ ਸਿਰ ਉੱਤੇ, ਨਿਰੰਜਣ ਧਰਮੀਆਂ ਦੀ ਰੱਖਿਆ ਹਿਤ ਅਵਤਾਰੀ ਹੋਏ। ਤੇਤੀ ਕਰੋੜ ਦੇਵੀ ਦੇਵਤੇ, ਯਵਨ ਸਿਪਾਹੀਆਂ ਦੇ ਰੂਪ ਵਿਚ, ਨਿਰੰਜਣ ਦੇ ਹਮ-ਰਕਾਬ ਸਨ। ਇਉਂ 'ਧਰਮੀਆਂ' ਦੀ ਰੱਖਿਆ ਲਈ ਤੇ ਬ੍ਰਾਹਮਣ ਦੁਸ਼ਟਾਂ ਦੇ ਵਿਨਾਸ਼ ਲਈ ਨਿਰੰਜਣ ਨੇ ਅਵਤਾਰ ਧਾਰਿਆ।

ਇਹ ਦਸਵੀਂ, ਗਿਆਰ੍ਹਵੀਂ ਸਦੀ ਦੇ ਭਾਰਤੀ ਸਮਾਜ ਦੀ ਰੂਪ-ਰੇਖਾ ਹੈ, ਜੋ ਅਸਾਡੇ ਤਕ ਪੁੱਜੀ ਹੈ। ਦੋਫਾੜੀ ਹੋਇਆ-ਹੋਇਆ, ਆਪਸੀ ਦ੍ਵੈਸ਼ ਨਾਲ ਦੁਖਿਤ, ਸਮਾਜੀ ਧੱਕੇ ਤੇ ਅਨਿਆਂ ਨਾਲ ਦੂਸ਼ਿਤ, ਯਵਨੀ ਬਿਦੇਸ਼ੀਆਂ ਦੇ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਤੋਂ ਅਸਮਰੱਥ ਤੇ ਮੁਸਲਮਾਨ ਹਮਲਾਵਰਾਂ ਨੂੰ ਆਪਣੇ ਹੀ ਭਰਾਵਾਂ ਹੱਥੋਂ ਛੁਟਕਾਰਾ ਦੇਣਹਾਰਾ ਸਮਝਣ ਵਾਲਾ ਇਹ ਸਮਾਜ ਦਿੱਸ ਆਉਂਦਾ ਹੈ।

ਦਸਵੀਂ ਸਦੀ ਦਾ ਸੰਸਕ੍ਰਿਤ ਗ੍ਰੰਥ ਕਲ੍ਹਣ ਲਿਖਤ 'ਰਾਜਤ੍ਰੰਗਣੀ' ਹੈ। ਇਸ ਵਿਚ ਕਸ਼ਮੀਰ ਦਾ ਇਤਿਹਾਸ ਅੰਕਿਤ ਹੈ। ਇਹ ਗ੍ਰੰਥ ਉਸ ਸਮੇਂ ਦਾ ਦਰਪਣ ਹੈ, ਜਿਸ ਤੋਂ ਉਦੋਂ ਦੀ ਵਰਤਮਾਨ ਸਮਾਜੀ ਅਵਸਥਾ ਦਾ ਪਤਾ ਲੱਗਦਾ ਹੈ। 'ਰਾਜਤ੍ਰੰਗਣੀ' ਦਾ ਕਰਤਾ ਲਿਖਦਾ ਹੈ ਕਿ ਰਾਜ-ਕਰਮਚਾਰੀ ਭ੍ਰਿਸ਼ਟੇ ਹੋਏ ਹਨ ਤੇ ਇਹ ਪਰਜਾ ਦਾ ਵਿਨਾਸ਼ ਕਰ ਰਹੇ ਹਨ :

ਜਿਘਾਂਸਵः ਪਾਪਕਰਮः ਪਰਸ੍ਵਾਦਯਨਸ਼ਚ ਤः। *(ਰਾਜਤ੍ਰੰਗਣੀ, VIII, 86)*

ਭਾਵ ਇਹ ਕਿ ਰਾਜ-ਕਰਮਚਾਰੀ ਪਰਜਾ ਦਾ ਲਹੂ ਪੀਣੇ, ਨੀਚ ਕਰਮੀ, ਰਤ ਅਤੇ ਵੱਢੀ-ਖ਼ੋਰ ਹਨ।

ਕਵੀ ਕਸ਼ੇਮੇਂਦ੍ਰ ਦਾ 'ਕਲਾਵਿਕਾਸ' ਵੀ ਇਸ ਸਮੇਂ ਦੀ ਰਚਨਾ ਹੈ। ਉਹ ਲਿਖਦਾ ਹੈ ਕਿ ਲੋਕਾਂ ਨੂੰ ਕਾਲ ਨਹੀਂ ਖਾ ਰਿਹਾ, ਰਾਜ-ਕਰਮਚਾਰੀ ਹੀ ਖਾ ਰਹੇ ਹਨ :

ਦਿਵਿਰੈਰੇਵ ਸਮਸਤ ਗ੍ਰਸਤ ਜਨਤਾ ਨ ਕਾਲੇਨ। *(ਕਲਾਵਿਲਾਸ, VI, 4)*

ਕਸ਼ੇਮੇਂਦ੍ਰ ਦੇ ਇਸ ਕਥਨ ਤੋਂ, ਜਿਸ ਵਿਚ ਦਸਵੀਂ ਸ਼ਤਾਬਦੀ ਦੇ ਰਾਜ ਸਮਾਜ ਦੀ ਤਸਵੀਰ ਉਕਰੀ ਹੋਈ ਹੈ; ਕੀ ਗੁਰੂ ਨਾਨਕ ਦੇਵ ਜੀ ਦੇ ਚੌਧਵੀਂ ਸਦੀ ਦੇ ਰਾਜ ਸਮਾਜ ਬਾਬਤ ਕਹੇ ਹੋਏ ਬਚਨ ਇੰਨ-ਬਿੰਨ, ਸਮ੍ਰਿਤੀ ਵਿਚ ਨਹੀਂ ਆਉਂਦੇ ?

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥** *(ਵਾਰ ਮਲਾਰ ਮ: ੧, ਪੰਨਾ 1288)*

ਇਨ੍ਹਾਂ ਕਥਨਾਂ ਤੋਂ ਸਪੱਸ਼ਟ ਹੈ ਕਿ ਸੰਨ ਈਸਵੀ ਦੇ ਪ੍ਰਾਰੰਭ ਤੋਂ ਚਾਰ ਸਦੀਆਂ ਪਹਿਲਾਂ ਤੋਂ ਲੈ ਕੇ ਛੇਵੀਂ, ਸਤਵੀਂ ਸਦੀ ਤਕ, ਪੂਰਾ ਇਕ ਹਜ਼ਾਰ ਸਾਲ, ਭਾਰਤੀ ਸਮਾਜ ਤੇ ਭਾਰਤੀ ਰਾਜ-ਵਿਵਸਥਾ, ਸੱਭਯ, ਪ੍ਰਗਤੀਸ਼ੀਲ, ਸ਼ਾਂਤੀ ਪ੍ਰਾਯਣ, ਨਿਆਂ-ਆਧਾਰਤ ਤੇ ਉੱਨਤ ਅਵਸਥਾ ਵਿਚ ਲਗਪਗ ਰਹੀ। ਫੇਰ, ਅੱਠਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਦੇ ਸਮੇਂ ਵਿਚ ਰਾਜ ਵਿਵਸਥਾ ਤੇ ਭਾਰਤੀ ਸਮਾਜ, ਦੋਵੇਂ ਅਰਾਜਕਤਾ, ਪਤਨ, ਅਨਿਆਂ, ਆਪਸੀ ਧੱਕਾ

ਤੇ ਦ੍ਵੈਸ਼ ਦਾ ਸ਼ਿਕਾਰ ਹੁੰਦੇ ਚਲੇ ਗਏ ਅਤੇ ਇਸੇ ਸਮੇਂ ਵਿਚ, ਬਦੇਸ਼ੀ ਯਾਵਨੀ ਹਮਲਾ-ਆਵਰਾਂ ਦੇ ਹਿੰਦੁਸਤਾਨ ਉੱਤੇ ਕਬਜ਼ੇ ਲਈ ਭੂਮਿਕਾ ਬੱਝੀ। ਇਸੇ ਸਮੇਂ ਹੀ ਗਿਆਰ੍ਹਵੀਂ ਸਦੀ ਦੇ ਪ੍ਰਾਰੰਭ ਵਿਚ ਭਾਰਤ ਉੱਤੇ ਤੁਰਕਾਂ ਨੇ ਤਿੱਖੇ ਹਮਲੇ ਕੀਤੇ। ਮਹਿਮੂਦ ਗ਼ਜ਼ਨਵੀ ਦੇ ਨਾਲ 'ਅਲਬਰੂਨੀ' ਨਾਂ ਦਾ ਇਕ ਵਿਦਵਾਨ ਆਇਆ, ਜੋ ਕਾਫ਼ੀ ਸਮਾਂ ਇਸ ਦੇਸ਼ ਵਿਚ ਵਿਚਰਦਾ ਰਿਹਾ। ਇਸ ਨੇ ਹਿੰਦੁਸਤਾਨ ਬਾਰੇ 'ਕਿਤਾਬੁਲ-ਹਿੰਦ' ਨਾਮੀ ਪੁਸਤਕ ਲਿਖੀ ਹੈ। ਇਸ ਵਿਚ ਗਿਆਰ੍ਹਵੀਂ ਸਦੀ ਦੇ ਭਾਰਤ ਦੇ ਗਿਆਨ, ਸਾਹਿਤ ਅਤੇ ਧਰਮਾਂ ਸੰਬੰਧੀ ਵੇਰਵੇ ਨਾਲ ਵਿਚਾਰ ਕੀਤੀ ਗਈ ਹੈ। ਇਹ ਲੇਖਕ ਧਰਮ ਤੇ ਦਰਸ਼ਨ ਦਾ ਚੰਗਾ ਵਿਦਵਾਨ ਸੀ ਤੇ ਇਸ ਨੇ ਬੜੀ ਡੂੰਘੀ ਖੋਜ ਪੜਤਾਲ ਬਾਅਦ ਆਪਣੀ ਰਾਏ ਦਿੱਤੀ ਹੈ। ਉਹ ਕਹਿੰਦਾ ਹੈ ਕਿ ਹਿੰਦੂਆਂ ਵਿਚ ਜਾਤ-ਪਾਤ ਦਾ ਭੇਦ-ਵਿਤਕਰਾ ਜ਼ੋਰਾਂ 'ਤੇ ਹੈ। ਦੂਜੀ ਗੱਲ ਉਹ ਕਹਿੰਦਾ ਹੈ ਕਿ ਬ੍ਰਾਹਮਣੀ ਧਰਮ ਦਾ ਸੰਬੰਧ, ਬੁੱਧੀ, ਦਿਮਾਗ਼ ਨਾਲ ਹੈ, ਰੂਹ ਤੇ ਮਨ ਨਾਲ ਨਹੀਂ। ਅਲਬਰੂਨੀ ਦੀ ਪੁਸਤਕ ਵਿੱਚੋਂ ਇਕ ਟੂਕ ਦਾ ਤਰਜਮਾ ਇਹ ਹੈ :

> "On the whole there is very little disputing about theological topics among themselves, at the utmost they fight with words but they will never stake their soul or body or their property on religious controversy. On the contrary, all their fanaticism is directed against those, who do not belong to them, against all foreigners. They call them *mlechhas* and forbid having any connection with them, be it by intermarriage or by any other kind of relationship or by sitting, eating or drinking with them because thereby they think, they would be polluted."

ਡਾ. ਮਜੁਮਦਾਰ ਦਾ ਵਿਚਾਰ ਹੈ ਕਿ ਮੁਸਲਮਾਨੀ ਹਮਲੇ ਦੀ ਪ੍ਰਤੀਕਿਰਿਆ ਵਜੋਂ, ਹਿੰਦੂਆਂ ਵੱਲੋਂ ਜਾਤ-ਪਾਤ ਦਾ ਭੇਦ-ਭਾਵ ਅਪਨਾਇਆ ਗਿਆ, ਪਰ ਇਹ ਗੱਲ ਗ਼ਲਤ ਹੈ। ਇਹ ਜਾਤੀ ਭੇਦ-ਭਾਵ ਕਿਸੇ ਦਬਾ ਨਾਲ ਨਹੀਂ ਪੈਦਾ ਹੋਏ, ਸਗੋਂ ਪਹਿਲਾਂ ਹੀ ਮੌਜੂਦ ਸਨ। ਅਲਬਰੂਨੀ ਦੀ ਦੂਜੀ ਗੱਲ ਵੀ ਠੀਕ ਹੈ ਕਿ ਧਰਮ ਚੁੰਚ ਗਿਆਨ ਹੀ ਸਾਰ ਰੂਪ ਵਿਚ ਸੀ ਅਤੇ ਆਤਮਾ ਤੇ ਚਰਿੱਤਰ ਵਿਚ ਇਸ ਦੇ ਸੰਚਾਰ ਦਾ ਅਭਾਵ ਸੀ।

ਅਲਬਰਟ ਸ੍ਵਾਈਜ਼ਰ (Albert Schweitzer) ਨੇ ਵੀ ਹਿੰਦੂ ਮਤ 'ਤੇ ਅਜੋਕੇ ਸਮੇਂ ਵਿਚ ਇਹੋ ਦੋਸ਼ ਲਗਾਇਆ ਹੈ ਕਿ ਧਰਮ ਮੁਖ ਗਿਆਨੀ ਜਾਂ ਚੁੰਚ ਗਿਆਨੀ ਰੁਚੀਆਂ ਦਾ ਹੈ। ਦਿਲ ਵਿਚ, ਆਤਮਾ ਵਿਚ, ਮਨ ਵਿਚ ਇਸ ਧਰਮ ਦਾ ਸੰਚਾਰ ਨਹੀਂ। ਜਿਵੇਂ ਗੁਰੂ ਸਾਹਿਬ ਨੇ ਕਿਹਾ ਹੈ :

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥**

*(ਗਉੜੀ ਬਾਵਨ ਅਖਰੀ ਮ: ੫, ਪੰਨਾ 253)*

ਪ੍ਰੋ: ਪੂਰਨ ਸਿੰਘ ਜੀ ਵੀ ਇਹੋ ਗੱਲ ਮੈਨੂੰ ਆਖਿਆ ਕਰਦੇ ਸਨ ਕਿ ਹਿੰਦੂ ਮਤ ਵਿਚ ਕਰਨੀ ਤੇ ਵਿਚਾਰ ਦੇ ਸੰਮੇਲਨ ਦਾ ਅਭਾਵ ਹੈ ਅਤੇ ਕਥਨੀ ਸਰਵ-ਸਰੇਸ਼ਟ ਪਰਵਾਣ ਹੈ ਤੇ ਨਿਰੀ ਕਥਨੀ ਨਾਲ ਆਤਮਾ ਨੂੰ ਭਰਪੂਰ ਤੌਰ ਉੱਤੇ ਨਹੀਂ ਟੁੰਬਿਆ ਜਾ ਸਕਦਾ।

ਬਾਰ੍ਹਵੀਂ ਸਦੀ ਵਿਚ ਮੁਹੰਮਦ ਗ਼ੌਰੀ ਨੇ ਉੱਤਰ-ਪੱਛਮੀ ਭਾਰਤ 'ਤੇ ਹਮਲਾ ਕੀਤਾ। ਭਾਰਤੀ ਫੁੱਟ ਦਾ ਸ਼ਿਕਾਰ ਸਨ। ਪ੍ਰਿਥਵੀ ਰਾਜ ਤੇ ਜੈ ਚੰਦ ਦਾ ਕਿੱਸਾ ਸਭ ਨੂੰ ਪਤਾ

ਹੈ। ਜਿਸ ਵੇਲੇ ਮੁਹੰਮਦ ਗ਼ੌਰੀ ਨੇ ਤਰਾਵੜੀ ਦੇ ਮੈਦਾਨ ਵਿਚ ਪ੍ਰਿਥਵੀ ਰਾਜ ਨੂੰ ਮਾਰ ਲਿਆ, ਤਾਂ ਜੈ ਚੰਦ ਨੇ ਇਹ ਨਹੀਂ ਸੋਚਿਆ ਕਿ ਕੱਲ ਮੇਰੀ ਵੀ ਵਾਰੀ ਆ ਸਕਦੀ ਹੈ, ਸਗੋਂ ਉਸ ਨੇ ਆਪਣੀ ਪਰਜਾ ਨੂੰ ਹੁਕਮ ਦਿੱਤਾ ਕਿ ਆਪਣੀਆਂ ਡਿਉਢੀਆਂ ਦੀਆਂ ਦੇਹਲੀਆਂ ਉੱਤੇ ਘਿਉ ਚੋਵੋ ਤੇ ਖ਼ੁਸ਼ੀ ਵਿਚ ਤੁਰੀਆਂ ਵਜਾਓ:

> ਗ੍ਰਹੇ ਗ੍ਰਹੇ ਘ੍ਰਤੇਣੋ ਦਮਬਰਾਕਸਾਲਨ ਮਾਰਬਧਮ ਤੁਚਯ ਪ੍ਰਵ੍ਰਤੇ।
> ਪੁਰਾਤਨ ਪ੍ਰਬੰਧ ਸੰਗ੍ਰਹ, ਜੈ ਚੰਦ੍ਰ ਪ੍ਰੰਬੰਧਮ।

ਇਹ ਟੂਕ ਉਸ ਵਕਤ ਦੇ ਜੈਨੀਆਂ ਦੇ ਇਕ ਪੁਰਾਤਨ ਸਮਕਾਲੀ ਗ੍ਰੰਥ ਵਿੱਚੋਂ ਲਈ ਗਈ ਹੈ। ਇਸ ਤੋਂ ਪ੍ਰਗਟ ਹੈ ਕਿ ਸਾਡਾ ਦੇਸ਼ ਬਾਰ੍ਹਵੀਂ ਸਦੀ ਵਿਚ ਕਿਵੇਂ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ, ਪਰ ਇਹ ਹਾਲਤ ਉੱਤਰੀ ਭਾਰਤ ਦੀ ਹੀ ਹੈ। ਦੱਖਣ ਵਿਚ ਇਹ ਦਸ਼ਾ ਨਹੀਂ ਸੀ। ਬਾਰ੍ਹਵੀਂ ਸਦੀ ਦੇ ਦੱਖਣ ਦੀ ਸਮਾਜ ਵਿਵਸਥਾ ਬਾਰੇ ਇਹ ਅਰਥ ਭੂਗੋਲ ਦੇ ਪੰਡਿਤ 'ਇਦਰੀਸੀ' ਨੇ ਜੋ ਲਿਖਿਆ ਹੈ, ਉਸ ਦਾ ਅਨੁਵਾਦ ਇਹ ਹੈ:

> Edrisi (1154 A.D.) describes Hindus as "naturally inclined to justice and they never depart from it in their actions. Their good faith, fidelity and honesty to their engagements are well-known and they are so renowned for these qualities that people flock to their country from everyside."

ਤੇਰ੍ਹਵੀਂ ਚੌਦ੍ਹਵੀਂ ਸਦੀ ਦਾ ਕੋਈ ਸਮਕਾਲੀ ਗ੍ਰੰਥ ਭਰੋਸੇਯੋਗ ਨਹੀਂ ਮਿਲਦਾ, ਜੋ ਮਿਲਦੇ ਹਨ ਉਹ ਵਧੇਰੇ ਇਕ-ਪੱਖੇ ਤੇ ਮੁਸਲਮਾਨਾਂ ਦੇ ਲਿਖੇ ਹੋਏ ਹਨ। ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਦਾ ਆਗਮਨ ਹੋਇਆ ਅਤੇ ਇਸੇ ਇਤਿਹਾਸਕ ਪਿਛੋਕੜ ਵਿਚ ਅਸੀਂ ਚੰਗੀ ਤਰ੍ਹਾਂ ਦਾ ਜੋ ਨਕਸ਼ਾ ਖਿਚਿਆ ਹੈ, ਉਹ ਯਥਾਰਥਵਾਦੀ ਤੇ ਸੱਚ 'ਤੇ ਆਧਾਰਿਤ ਹੈ। ਐਵੇਂ ਕਾਵਿ-ਕਲਪਨਾ ਤੇ ਅਤਿਵਾਦ ਵਾਲਾ ਨਹੀਂ ਹੈ। ਇਸੇ ਬਾਰੇ ਪ੍ਰੋਫ਼ੈਸਰ ਪੀ.ਹਾਰਡੀ ਲਿਖਦਾ ਹੈ ਕਿ ਗ਼ੈਰ-ਮੁਸਲਿਮ ਜਨਤਾ ਤਾਂ ਮੁਸਲਿਮ ਸਿਆਸੀ ਨਾਟਕ ਲਈ ਕੇਵਲ ਸਾਮਗਰੀ ਦਾ ਕੰਮ ਦੇ ਰਹੀ ਸੀ, ਉਨ੍ਹਾਂ ਦੀ ਹੋਰ ਕੋਈ ਅਹਿਮੀਅਤ ਨਹੀਂ ਸੀ:

> "Non-Muslims (are) the furniture and properties for the stage on which the drama of the Muslim destiny.....in Hindustan is played. The Hindus are.....the passive material on which the Muslims impose their will. It is the function of the Hindus to provide opportunities for the practice of Muslim virtue, they are never interesting in themselves but only as converts, as capitation tax prayers or as corpses."

ਹੁਣ ਅਸੀਂ 'ਕਲਿ ਕਾਤੀ ਰਾਜੇ ਕਾਸਾਈ' ਵਾਲੇ ਗੁਰਵਾਕ ਨੂੰ ਠੀਕ ਸਮਝਣ ਯੋਗ ਹਾਂ। ਗੁਰੂ ਨਾਨਕ ਸਾਹਿਬ ਦੇ ਸਾਹਮਣੇ ਸਮੱਸਿਆ ਇਹ ਸੀ ਕਿ:

1. ਧਰਮ ਦਾ ਸੰਚਾਰ ਦਿਮਾਗ਼ ਤੋਂ ਉਤਰ ਕੇ ਦਿਲ ਤੇ ਰੂਹ ਵਿਚ ਕਿਵੇਂ ਹੋਵੇ;
2. ਇਹ ਧਰਮ ਸਮਾਜ ਉਥਾਨ ਤੇ ਸੁਧਾਰ ਦਾ ਸੰਚਾਲਕ ਕਿਵੇਂ ਬਣੇ;
3. ਰਾਜ ਤੇ ਧਰਮ ਦੇ ਕਿਸ ਤਰ੍ਹਾਂ ਦੇ ਸੰਬੰਧ ਹੋਣ।

ਇਨ੍ਹਾਂ ਸਮੱਸਿਆਵਾਂ ਦੇ ਉੱਤਰ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

> **ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥੧॥**

# ਮਾਰਟਨ ਲੂਥਰ ਤੇ ਗੁਰੂ ਨਾਨਕ

ਕੁਝ ਦਿਨ ਹੋਏ, ਇਕ ਸਪਤਾਹਕ ਪੱਤਰ ਵਿਚ ਕੈਨੇਡਾ ਦੇ ਇਕ ਦੈਨਿਕ ਅਖ਼ਬਾਰ ਵਿਚ ਛਪਿਆ ਲੇਖ ਛਾਪਿਆ ਗਿਆ ਸੀ, ਜਿਸ ਵਿਚ ਕਿ ਕੈਨੇਡਾ ਦੇ ਕਿਸੇ ਵਿਸ਼ਵ ਵਿਦਿਆਲੇ ਵਿਚ ਪੜ੍ਹ ਰਹੇ ਇਕ ਵਿਦਿਆਰਥੀ ਦੀ ਉਸ ਅਖ਼ਬਾਰ ਦੇ ਪੱਤਰ-ਪ੍ਰੇਰਕ ਨਾਲ ਸਿੱਖ ਮਤ ਬਾਰੇ ਹੋਈ ਗੱਲ-ਬਾਤ ਦਾ ਵਿਸਥਾਰ ਦਿੱਤਾ ਹੋਇਆ ਸੀ। ਸਿੱਖ ਮਤ ਬਾਰੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਉਸ ਸਿੱਖ ਵਿਦਿਆਰਥੀ ਨੇ ਕਿਹਾ ਕਿ "ਸਿੱਖ ਮਤ ਦਾ ਸੰਬੰਧ ਹਿੰਦੂ ਮਤ ਨਾਲ ਇਉਂ ਸਮਝੋ ਜਿਵੇਂ ਕਿ ਈਸਾਈ ਮਤ ਵਿਚ ਰੋਮਨ ਕੈਥੋਲਿਕ ਮਤ ਅਤੇ ਪ੍ਰੋਟੈਸਟੈਂਟ ਮਤ ਦਾ ਸੰਬੰਧ ਹੈ। ਗੁਰੂ ਨਾਨਕ ਸਿੱਖ ਮਤ ਦੇ ਨਿਰਮਾਤਾ ਮਾਰਟਨ ਲੂਥਰ ਦੇ ਸਮਕਾਲੀ ਹੀ ਸਨ।" ਇਹ ਭੁਲੇਖਾ ਪਾਊ ਵਿਚਾਰ ਸਿੱਖ ਮਤ ਬਾਰੇ ਕੇਵਲ ਇਸ ਸਿੱਖ ਵਿਦਿਆਰਥੀ ਦੇ ਹੀ ਨਹੀਂ ਹਨ, ਸਗੋਂ ਅੰਗਰੇਜ਼ੀ ਪੜ੍ਹੇ ਲਿਖੇ ਢੇਰ ਲੋਕਾਂ ਦੇ ਐਸੇ ਹੀ ਵਿਚਾਰ ਹਨ। ਕਨਿੰਘਮ ਨੇ ਸੌ ਕੁ ਸਾਲ ਹੋਇਆ, ਪਹਿਲੋਂ ਪਹਿਲ ਇਹ ਵਿਚਾਰ ਪ੍ਰਗਟ ਕੀਤੇ ਸਨ ਅਤੇ ਇਨ੍ਹਾਂ ਵਿਚਾਰਾਂ ਨੂੰ ਬਿਨਾਂ ਵਿਸ਼ਲੇਸ਼ਣ ਕੀਤਿਆਂ ਹੀ, ਬਗ਼ੈਰ ਸੁਤੰਤ੍ਰ ਪੜਤਾਲ ਤੋਂ ਪੱਛਮੀ ਵਿੱਦਿਆ ਪੜ੍ਹੇ ਹੋਏ ਲੋਕਾਂ ਨੇ ਅਪਣਾਅ ਲਿਆ ਹੈ। ਅਸਲ ਵਿਚ ਗੁਰੂ ਸਾਹਿਬਾਨ ਅਤੇ ਗੁਰੂ ਨਾਨਕ ਦੀ ਆਪਣੀ ਬਾਣੀ ਇਸ ਅਤੇ ਹੋਰ ਅਜੇਹੇ ਵਿਚਾਰਾਂ ਦਾ ਭਰਪੂਰ ਵਿਰੋਧ ਕਰਦੀ ਹੈ ਅਤੇ ਵਾਸਤਵ ਵਿਚ ਹੈ ਵੀ ਇਉਂ ਹੀ ਕਿ ਗੁਰੂ ਨਾਨਕ ਦੇ ਨਿਰਮਤ ਕੀਤੇ ਹੋਏ ਸਿੱਖ ਮਤ ਅਤੇ ਹਿੰਦੂ ਸਨਾਤਨ ਧਰਮ ਦਾ ਉਹ ਸੰਬੰਧ ਉੱਕਾ ਨਹੀਂ ਹੈ, ਜੋ ਕਿ ਰੋਮਨ ਕੈਥੋਲਿਕ ਈਸਾਈ ਮਤ ਅਤੇ ਪ੍ਰੋਟੈਸਟੈਂਟ ਈਸਾਈ ਮਤ ਦਾ ਹੈ। ਇਸ ਵਿਚਾਰਧਾਰਾ ਦੇ ਪਿੱਛੇ ਸੱਚਾਈ ਕੇਵਲ ਇਤਨੀ ਹੀ ਹੈ ਕਿ (1) ਮਾਰਟਨ ਲੂਥਰ ਅਤੇ ਗੁਰੂ ਨਾਨਕ ਦੋਨੋਂ ਸੋਲ੍ਹਵੀਂ ਸਦੀ ਈਸਵੀ ਵਿਚ ਹੋਏ ਹਨ; (2) ਮਾਰਟਨ ਲੂਥਰ ਨੇ ਈਸਾਈ ਮਤ ਦੀ ਜੋ ਵਿਆਖਿਆ ਰੋਮਾਧੀਸ ਮਹਾਂ ਮਹੰਤ ਪੋਪ ਅਤੇ ਉਸ ਦੇ ਪਾਦਰੀ ਕਰਦੇ ਸਨ, ਉਸ ਵਿਆਖਿਆ ਅਤੇ ਉਸ ਉੱਤੇ ਨਿਰਭਰ ਕੁਝ ਪ੍ਰਚਲਿਤ ਰਹੁ-ਰੀਤਾਂ ਦਾ ਖੰਡਨ ਅਤੇ ਵਿਰੋਧ ਕੀਤਾ ਸੀ ਅਤੇ ਗੁਰੂ ਨਾਨਕ ਨੇ ਜੋ ਵਿਸ਼ਵ ਧਰਮ ਪ੍ਰਚਾਰ ਨਿਰਮਤ ਕੀਤਾ, ਉਸ ਦੁਆਰਾ ਭੀ ਹਿੰਦੂ ਮਤ ਦੇ ਕੁਝ ਪ੍ਰਚਲਿਤ ਵਿਸ਼ਵਾਸਾਂ ਅਤੇ ਰਹੁ-ਰੀਤਾਂ ਦਾ ਨਿਰੋਧ ਹੁੰਦਾ ਹੈ, ਜਿਸ ਤੋਂ ਕਿ ਇਹ ਭੁਲੇਖਾ ਸਾਧਾਰਨ ਹੀ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਦੇ ਉਪਦੇਸ਼ ਤੇ ਵਿਚਾਰ ਇਸ ਖੰਡਨ ਅਤੇ ਨਿਰੋਧ ਪਰ ਹੀ ਸੀਮਤ ਹਨ।

ਇਉਂ ਇਸ ਭੁਲੇਖੇ ਦੀ ਨੀਂਹ ਬੱਝੀ ਕਿ ਗੁਰੂ ਨਾਨਕ ਦੀ ਪਦਵੀ ਤੇ ਉਦੇਸ਼ ਉਹੋ ਹੈ ਜੋ ਕਿ ਮਾਰਟਨ ਲੂਥਰ ਦਾ ਸੀ।

ਇਸੇ ਪ੍ਰਕਾਰ ਦੇ ਦੋ ਭੁਲੇਖੇ ਜੋ ਕਿ ਸਿਧਾਂਤਕ ਤੌਰ ਉੱਤੇ ਹੀ ਗ਼ਲਤ ਅਤੇ ਅਗਿਆਨ-ਆਸ਼ਿ੍ਤ ਹਨ, ਹੋਰ ਭੀ ਹਨ ਜੋ ਕਿ ਸਿੱਖਾਂ ਅਤੇ ਅਸਿੱਖਾਂ ਦੋਹਾਂ ਵਿਚ ਪ੍ਰਚਲਿਤ

ਹਨ। ਉਹ ਹਨ : (1) ਸਿੱਖ ਮਤ, ਪ੍ਰਾਚੀਨ ਹਿੰਦੂ ਸਨਾਤਨ ਮਤ ਦਾ ਹੀ ਸੰਸ਼ੋਧਤ ਅਤੇ ਸ਼ੁੱਧ ਰੂਪ ਹੈ। (2) ਗੁਰੂ ਨਾਨਕ ਦਾ ਪ੍ਰਚਾਰਿਆ ਸਿੱਖ ਮਤ, ਭਾਰਤ ਦੇ ਮੱਧਕਾਲੀਨ ਭਗਤੀ ਸ਼ਰਾਵ ਅਥਵਾ ਲਹਿਰ ਦਾ ਹੀ ਪਰਿਣਾਮ ਯਾ ਸ਼ਾਖਾ ਹੈ।

ਇਹ ਦੋਨੋਂ ਵਿਚਾਰ ਭੀ ਐਵੇਂ ਬਿਨਾਂ ਪੜਤਾਲ ਪੜਚੋਲ ਕੀਤੇ ਦੇ ਹੀ ਸਵੀਕਾਰ ਕਰ ਲਏ ਗਏ ਹਨ, ਪਰ ਅਸਲ ਵਿਚ ਨਿਰਾਧਾਰ ਹਨ।

ਇਨ੍ਹਾਂ ਦੋਹਾਂ ਵਿਚਾਰਧਾਰਾਂ ਦੀ ਪੜਤਾਲ ਸਮੀਖਿਆ ਕਿਸੇ ਹੋਰ ਸਮੇਂ ਲਈ ਮੁਲਤਵੀ ਕਰਕੇ, ਇਸ ਨੋਟ ਵਿਚ ਕੇਵਲ ਇਤਨਾ ਵਿਚਾਰ ਹੀ ਕੀਤਾ ਜਾਵੇਗਾ ਕਿ ਕੀ ਗੁਰੂ ਨਾਨਕ ਦਾ ਪਦ ਤੇ ਸੰਬੰਧ ਸਨਾਤਨ ਹਿੰਦੂ ਮਤ ਨਾਲ ਉਹੋ ਹੈ, ਯਾ ਉਹੋ ਜਿਹਾ ਹੈ, ਜੋ ਕਿ ਮਾਰਟਨ ਲੂਥਰ ਦਾ ਈਸਾਈ ਮਤ ਨਾਲ ਹੈ।

ਮਾਰਟਨ ਲੂਥਰ ਕੌਣ ਸੀ ਅਤੇ ਉਸ ਦੇ ਵਿਚਾਰ, ਉਪਦੇਸ਼ ਕੀ ਸਨ, ਉਸ ਦਾ ਤੇ ਇਨ੍ਹਾਂ ਦਾ ਗੁਰੂ ਨਾਨਕ ਤੇ ਉਸ ਦੇ ਉਪਦੇਸ਼ਾਂ ਨਾਲੋਂ ਕੀ ਅੰਤਰ ਹੈ ?

ਮਾਰਟਨ ਲੂਥਰ (1483—1546 ਈ:) ਜਰਮਨੀ ਦੇ ਈਸਲੀਬਨ (Eisleben) ਨਾਮੀ ਪਿੰਡ ਵਿਚ ਇਕ ਸਾਧਾਰਨ ਕਿਰਸਾਣ ਦੇ ਘਰ ਜਨਮਿਆ। ਲੂਥਰ ਅਜੇ ਤਿੰਨ ਚਾਰ ਵਰ੍ਹੇ ਦਾ ਹੀ ਹੋਇਆ ਸੀ ਕਿ ਉਸ ਦਾ ਪਰਿਵਾਰ ਇਕ ਲਾਗੇ ਦੇ ਸ਼ਹਿਰ, ਮਨਸਫ਼ਲਡ (Mansfeld) ਵਿਚ ਜਾ ਵਸਿਆ ਅਤੇ ਉਥੇ ਹੀ ਮਾਰਟਨ ਲੂਥਰ ਨੇ ਆਪਣਾ ਬਚਪਨ ਬਿਤਾਇਆ ਅਤੇ ਆਰੰਭਕ ਵਿੱਦਿਆ ਪ੍ਰਾਪਤ ਕੀਤੀ। ਉਥੇ ਹੀ ਮਾਰਟਨ ਲੂਥਰ ਨੇ ਈਸਾਈ ਜਨਤਾ ਦੇ ਯੂਰਪ ਵਿਚ ਉਸ ਸਮੇਂ ਦੇ ਜੋ ਪ੍ਰਚਲਿਤ ਵਿਚਾਰ ਸਨ, ਉਹ ਗ੍ਰਹਿਣ ਕੀਤੇ ਅਤੇ ਉਨ੍ਹਾਂ ਵਿਚਾਰਾਂ ਦੇ ਅਧੀਨ ਤੇ ਪ੍ਰਭਾਵ ਹੇਠਾਂ ਹੀ ਮਾਰਟਨ ਲੂਥਰ ਦੀ ਵਿਚਾਰਧਾਰਾ ਤੇ ਕਾਰਯ-ਖੇਤਰ ਆਯੂ ਪ੍ਰਯੰਤ ਰਿਹਾ। ਉਹ ਵਿਚਾਰਧਾਰਾ ਜਾਂ ਵਿਸ਼ਵਾਸ-ਪ੍ਰਥਾ ਕੁਝ ਇਉਂ ਸੀ : (ੳ) ਜਰਮਨੀ ਦਾ ਮਹਾਰਾਜਾ ਸੀਰਾਜ, ਤੁਰਕਾਂ ਤੋਂ ਆਪਣੀ ਪ੍ਰਜਾ ਨੂੰ ਬਚਾਉਂਦਾ ਅਤੇ ਉਸ ਦੀ ਰਖਸ਼ਾ ਕਰਦਾ ਹੈ। (ਅ) ਰੋਮ ਦਾ ਸ੍ਰੀ ਮਹੰਤ ਪਾਦਰੀ, ਪੋਪ, ਈਸਾਈ ਪੰਥ ਦਾ ਪਿਤਾ ਅਤੇ ਵਾਲ਼ੀ ਹੈ ਅਤੇ ਉਸ ਨੂੰ ਉਹੋ ਅਧਿਕਾਰ ਹਨ ਜੋ ਪਿਤਾ ਨੂੰ ਆਪਣੇ ਪਰਿਵਾਰ ਉੱਤੇ ਪ੍ਰਾਪਤ ਹੁੰਦੇ ਹਨ। ਮਾਰਟਨ ਲੂਥਰ ਨੇ ਈਸਾਈ ਮਤ ਦੇ ਜਿਨ੍ਹਾਂ ਸਿੱਧਾਂਤਾਂ ਦੀ ਵਿਆਖਿਆ ਨਵੇਂ ਸਿਰਿਓਂ ਕੀਤੀ ਅਤੇ ਉਸ ਵਿਆਖਿਆ ਦਾ ਜੋ ਪਰਿਣਾਮ ਫਲ ਈਸਾਈ ਪੰਥ ਨੂੰ ਭੂਕੰਪ ਸਮਾਨ ਹਿਲਾ ਕੇ ਦੋ ਸੰਪਰਦਾਵਾਂ ਵਿਚ ਖਿੱਲ ਕਰ ਗਿਆ, ਉਸ ਦੀ ਭੂਮੀ ਅਤੇ ਉਸ ਦੀ ਖੇਤਰ-ਸੀਮਾ, ਇਹ ਦੋ ਉਪਰੋਕਤ ਵਿਚਾਰ ਹੀ ਸਨ ਤੇ ਰਹੇ। ਗੁਰੂ ਨਾਨਕ ਦੇ ਵਿਚਾਰ ਉਪਦੇਸ਼ ਇਤਨੇ ਪ੍ਰਾਗਯ, ਮੌਲਿਕ, ਅਨੂਠੇ ਤੇ ਸਿਧਾਂਤਕ ਹਨ ਕਿ ਰਾਜੇ ਰਾਣਿਆਂ ਜਾਂ ਪੰਡਿਤਾਂ ਸ੍ਰੀ ਮਹੰਤਾਂ ਦੇ ਪਦ ਅਧਿਕਾਰਾਂ ਨਾਲ ਉਨ੍ਹਾਂ ਦਾ ਕੋਈ ਸਿੱਧਾ ਸੰਬੰਧ ਨਹੀਂ ਤੇ ਇਹ ਇਕ ਨੁਕਤਾ ਹੀ ਗੁਰੂ ਨਾਨਕ ਪਦ ਅਤੇ ਮਾਰਟਨ ਲੂਥਰ ਦੀ ਪਦਵੀ ਦੇ ਨਿਖੇੜ ਅੰਤਰੇ ਲਈ ਕਾਫ਼ੀ ਹੈ।

ਪਿੰਡ ਦੀ ਪਾਠਸ਼ਾਲਾ ਵਿਚ ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪ੍ਰੰਤ ਮਾਰਟਨ ਲੂਥਰ ਮਾਗਦੇਬਰਗ (Magdeburg) ਸ਼ਹਿਰ ਦੇ ਉਚੇਰੇ ਸਕੂਲ ਵਿਚ ਜਾ ਪੜ੍ਹਨੇ ਪਿਆ ਅਤੇ ਉਸ ਤੋਂ ਪਿੱਛੋਂ ਆਈਸਨਖ (Eisenach) ਦੀ ਪ੍ਰਸਿੱਧ ਪਾਠਸ਼ਾਲਾ ਦਾ ਜਾ ਵਿਦਿਆਰਥੀ ਬਣਿਆ। ਇਥੇ ਤਿੰਨ ਸਾਲ ਰਹਿ ਤੇ ਪੜ੍ਹ ਕੇ ਮਾਰਟਨ ਲੂਥਰ ਅਰਫ਼ਰਟ (Erfurt) ਦੇ ਵਿਸ਼ਵ-ਵਿਦਿਆਲੇ ਵਿਚ ਜਾ ਦਾਖ਼ਲ ਹੋਇਆ। ਉਸ ਸਮੇਂ (ਸੰਨ 1501 ਈ:) ਇਹ ਵਿਸ਼ਵ-ਵਿਦਿਆਲਾ ਜਰਮਨੀ ਅਤੇ ਸਾਰੇ ਯੂਰਪ ਵਿਚ ਪ੍ਰਸਿੱਧ ਤੇ ਮਾਨ੍ਯਵਰ

ਵਿਸ਼ਵ-ਵਿਦਿਆਲਾ ਸੀ। ਉਥੇ ਮਾਰਟਨ ਲੂਥਰ ਨੇ ਅੰਜੀਲ ਭਾਸ਼ਯ ਅਤੇ ਅੰਜੀਲ ਮੀਮਾਂਸਾ ਉੱਤੇ ਬਹੁਤ ਕੁਝ ਪੜ੍ਹਿਆ ਸੁਣਿਆ, ਪਰ ਉਸ ਦੀਆਂ ਮਨੋਂਵਿਰਤੀਆਂ ਅਤੇ ਉਸ ਦਾ ਮਾਨਸਕ ਝੁਕਾਅ ਇਸ ਪਾਸੇ ਨਹੀਂ ਸੀ ਕਿ ਸੁਦਰਸ਼ਨ ਦ੍ਰਿਸ਼ਟੀ ਜਾਂ ਸ਼ੁੱਧ ਸਿਧਾਂਤ ਕੀ ਹੈ, ਸਗੋਂ ਇਸ ਪਾਸੇ ਸੀ ਕਿ ਕਿਹੜੇ ਸਿਧਾਂਤ ਦੀ ਕਿਹੜੀ ਵਿਆਖਿਆ ਦਾ, ਈਸਾਈਆਂ ਦੇ ਨਿਤਾਪ੍ਰਤਿ ਦੀਆਂ ਰਹੁ-ਰੀਤਾਂ ਦੇ ਖੇਤਰ ਵਿਚ ਕੀ ਸਿੱਟਾ ਨਿਕਲਦਾ ਤੇ ਕੀ ਪ੍ਰਭਾਵ ਪੈਂਦਾ ਹੈ। ਉਸਦੇ ਪੰਚਨਵਤੀ ਅਨੁਕ੍ਰਮਣ (Ninety five Theses) ਜੋ ਕਿ ਪ੍ਰੋਟੈਸਟੈਂਟ ਸੰਪਰਦਾ ਦੀ ਬੁਨਿਆਦ ਤੇ ਆਰੰਭ ਹਨ, ਦਾ ਵਿਸ਼ਾ ਵੀ ਬੁਨਿਆਦੀ ਤੌਰ 'ਤੇ ਇਹੋ, ਨਿਤਾਪ੍ਰਤਿ ਦੀਆਂ ਰਹੁ-ਰੀਤਾਂ ਤੇ ਕਰਮ-ਕਾਂਡ ਹੀ ਹਨ। ਇਉਂ ਵਿਚਾਰਿਆਂ ਭੀ ਗੁਰੂ ਨਾਨਕ ਦੇ ਪਦ ਤੇ ਵਿਚਾਰਾਂ ਦਾ ਨਿਖੇੜ ਤੇ ਅੰਤਰਾ ਮਾਰਟਨ ਲੂਥਰ ਨਾਲੋਂ ਸਪੱਸ਼ਟ ਦ੍ਰਿਸ਼ਟੀਗੋਚਰ ਹੋ ਆਉਂਦਾ ਹੈ।

ਯੂਰਪ ਵਿਚ ਈਸਾਈ ਮਤ ਦੇ ਘੇਰੇ ਅੰਦਰ ਮਾਰਟਨ ਲੂਥਰ ਸੋਲ੍ਹਵੀਂ ਸ਼ਤਾਬਦੀ ਈਸਵੀ ਦਾ ਇਕ ਮਹਾਨ ਅਨੁਭਵੀ ਧਾਰਮਿਕ ਨੇਤਾ ਹੋਇਆ ਹੈ, ਪਰ ਉਸ ਨੇ ਨਾ ਤਾਂ ਕਿਸੇ ਨਵੇਂ ਧਰਮ ਨੂੰ ਨਿਰਮਤ ਕਰਨ ਦਾ ਦਾਹਵਾ ਹੀ ਕੀਤਾ ਹੈ ਅਤੇ ਨਾ ਹੀ ਉਸ ਨੇ ਕਿਸੇ ਐਸੀ ਵਿਚਾਰਧਾਰਾ ਨੂੰ ਜਨਮ ਦਿੱਤਾ ਜੋ ਕਿ ਪਹਿਲਾਂ ਹੀ ਪ੍ਰਚਲਿਤ ਨਹੀਂ ਹੋ ਚੁੱਕੀ ਸੀ। ਮਾਰਟਨ ਲੂਥਰ ਤਾਂ ਕੇਵਲ ਉਨ੍ਹਾਂ ਵਿਚਾਰਾਂ ਦਾ ਚਿੰਨ੍ਹ ਤੇ ਨੇਤਾ ਹੀ ਬਣਿਆ, ਜਿਹੜੇ ਕਿ ਉਸ ਤੋਂ ਸੈਂਕੜੇ ਵਰ੍ਹੇ ਪਹਿਲਾਂ ਤੋਂ ਯੂਰਪ ਦੀ ਜਨਤਾ ਵਿਚ ਪ੍ਰਚਲਿਤ ਅਤੇ ਪ੍ਰਿਯ ਹੋ ਚੁੱਕੇ ਸਨ। ਇਸ ਨੁਕਤੇ ਤੋਂ ਵੀ ਗੁਰੂ ਨਾਨਕ ਦੀ ਵਿਲੱਖਣਤਾ ਮਾਰਟਨ ਲੂਥਰ ਨਾਲੋਂ ਸਪੱਸ਼ਟ ਹੈ।

ਉਹ ਕਿਹੜੇ ਵਿਚਾਰ ਸਨ, ਜਿਨ੍ਹਾਂ ਦਾ ਕਿ ਮਾਰਟਨ ਲੂਥਰ ਸੰਕੇਤ ਤੇ ਨੇਤਾ ਬਣ ਗਿਆ ?

ਜੇ ਯੂਰਪ ਦੀ ਉਨ੍ਹਾਂ ਸ਼ਤਾਬਦੀਆਂ ਦੀ ਤਵਾਰੀਖ਼ ਨੂੰ ਗਹੁ ਨਾਲ ਵਿਚਾਰੀਏ ਤਾਂ ਉਸ ਧੁੰਦਲੇ ਸਮੇਂ ਵਿੱਚੋਂ ਇਹ ਸਪੱਸ਼ਟ ਦਿੱਸ ਆਉਂਦਾ ਹੈ ਕਿ ਉਦੋਂ ਪਿਛਲੇਰੀਆਂ ਸਦੀਆਂ ਤੋਂ ਲੈ ਕੇ ਜਨ-ਸਾਧਾਰਣ ਈਸਾਈ ਆਪਣੇ ਬੱਚਿਆਂ ਨੂੰ ਈਸਾਈ ਮਤ ਦੇ ਬੁਨਿਆਦੀ ਉਪਦੇਸ਼ਾਂ ਦੀ ਸੂਝ-ਬੂਝ ਆਪਣੀ ਮਾਤਰੀ ਭਾਸ਼ਾ ਵਿਚ ਹੀ ਦ੍ਰਿੜ੍ਹਾਉਂਦੇ ਸਨ, ਜਿਵੇਂ ਕਿ 'ਈਸ਼ਵਰ-ਪ੍ਰਾਰਥਨਾ' (Lord's Prayer) ਤੇ 'ਦਸ ਧਰਮ ਸਿਧਾਂਤ' (Ten Commandments)। ਇਹੋ ਮੂਲ ਲੱਖਣ, ਮਾਰਟਨ ਲੂਥਰ ਨੂੰ ਨੇਤਾ ਮੰਨ ਕੇ ਚਲੀ ਹੋਈ ਪਰੋਟੈਸਟੈਂਟ ਸੰਪਰਦਾ ਦਾ ਹੈ। ਪੰਦਰ੍ਹਵੀਂ ਸ਼ਤਾਬਦੀ ਈਸਵੀ ਵਿਚ, ਸਾਰੇ ਯੂਰਪ ਵਿਚ ਧਾਰਮਿਕ ਜਜ਼ਬਿਆਂ ਦਾ ਪੁਨਰੋਥਾਨ (religious revival) ਜ਼ੋਰਾਂ ਉੱਤੇ ਸੀ, ਜਿਸ ਦੇ ਕੁਝ ਸਪੱਸ਼ਟ ਕਾਰਨ ਸਨ। ਸਾਰੇ ਯੂਰਪ ਵਿਚ ਮਹਾਂਮਾਰੀ ਦਾ ਰੋਗ ਸਥਾਈ ਰੂਪ ਵਿਚ ਫੈਲਿਆ ਹੋਇਆ ਸੀ ਅਤੇ ਇਉਂ ਮ੍ਰਿਤੂ ਭੈ ਹਰ ਸਮੇਂ ਲੋਕਾਂ ਦੇ ਮਨਾਂ ਨੂੰ ਭੈ-ਭੀਤ ਕਰ ਰਿਹਾ ਸੀ। ਤੁਰਕਾਂ ਦੀ ਯੂਰਪ ਨੂੰ ਪ੍ਰਾਜੈ ਕਰ ਲੈਣ ਦੀ ਸੰਭਾਵਨਾ ਭੀ ਸਥਾਈ ਰੂਪ ਵਿਚ ਬੜੇ ਚਿਰ ਤੋਂ ਬਣੀ ਹੋਈ ਤੇ ਰਹਿੰਦੀ ਸੀ ਅਤੇ ਇਉਂ ਯੂਰਪ ਦੀ ਭੈ-ਭੀਤ ਤੇ ਤ੍ਰਾਸਮਾਨ ਜਨਤਾ ਧਾਰਮਿਕ ਵਿਸ਼ਵਾਸਾਂ ਵਹਿਮਾਂ ਨੂੰ ਆਪਣੇ ਜੀਵਨ ਦਾ ਵੱਧ ਤੋਂ ਵੱਧ ਆਧਾਰ ਬਣਾ ਰਹੀ ਸੀ ਅਤੇ ਇਸ ਕਰਕੇ ਧਾਰਮਿਕ ਜਜ਼ਬਿਆਂ ਦੀ ਉਤੇਜਨਾ ਵਧ ਰਹੀ ਸੀ। ਜਿਹੜੀ ਪ੍ਰੋਟੈਸਟੈਂਟ ਸੰਪ੍ਰਦਾ ਮਾਰਟਨ ਲੂਥਰ ਦੀ ਜਥੇਦਾਰੀ ਹੇਠਾਂ ਸੋਲ੍ਹਵੀਂ ਸ਼ਤਾਬਦੀ ਵਿਚ ਯੂਰਪ ਵਿਚ ਚੱਲੀ, ਉਸ ਦੀ ਚਾਲਿਕ ਸ਼ਕਤੀ (dynamism) ਇਹੋ ਧਾਰਮਿਕ ਜਜ਼ਬਿਆਂ

ਦੀ ਉਤੇਜਨਾ ਹੀ ਸੀ, ਜਿਸ ਦੀਆਂ ਜੜ੍ਹਾਂ ਇਨ੍ਹਾਂ ਬਾਹਰਲੇ ਰਾਜਸੀ ਤੇ ਸਮਾਜਿਕ ਕਾਰਨਾਂ ਵਿਚ ਸਥਿਤ ਸਨ। ਗੁਰੂ ਨਾਨਕ ਦੇ ਨਿਰਮਤ ਕੀਤੇ ਹੋਏ ਧਰਮ ਅਤੇ ਉਸਦੇ ਵਿਕਾਸ ਦੇ ਐਸੇ ਕਾਰਨ ਜਾਂ ਵਾਤਾਵਰਣ ਉੱਕਾ ਨਹੀਂ ਹਨ ਅਤੇ ਇਉਂ ਭੀ ਗੁਰੂ ਨਾਨਕ ਦੇ ਪਦ ਦਾ ਵਿਸ਼ਲੇਸ਼ਣ-ਨਿਖੇੜਾ, ਮਾਰਟਨ ਲੂਥਰ ਨਾਲੋਂ ਸਪੱਸ਼ਟ ਹੋ ਆਉਂਦਾ ਹੈ।

ਮਾਰਟਨ ਲੂਥਰ ਤੋਂ ਇਕ ਦੋ ਸਦੀਆਂ ਪਹਿਲਾਂ ਦੇ ਮੱਧਯ ਯੂਰਪ ਤੇ ਖ਼ਾਸ ਕਰਕੇ ਜਰਮਨੀ ਦੇ ਸਮਾਜਿਕ ਇਤਿਹਾਸ ਉੱਤੇ ਜੇ ਰਤਾ ਡੂੰਘੀ ਨਜ਼ਰ ਮਾਰੀਏ ਤਾਂ ਇਕ ਹੋਰ ਧਾਰਮਿਕ ਪ੍ਰਵਿਰਤੀ, ਉਸ ਸਮੇਂ ਜਨ-ਸਾਧਾਰਨ ਵਿਚ ਪ੍ਰਚਲਿਤ ਦਿੱਸ ਆਉਂਦੀ ਹੈ। ਲੋਕਾਂ ਵਿਚ ਅਜੇਹੇ ਵਿਚਾਰ ਸਪੱਸ਼ਟ ਉਭਰ ਰਹੇ ਸਨ ਕਿ ਧਰਮ ਕਿਰਿਆ ਅਤੇ ਧਰਮ ਕਾਰਜਾਂ ਦੇ ਕੁਝ ਖੇਤਰਾਂ ਉੱਤੇ ਜਨਤਾ ਦਾ ਸਿੱਧਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਸ੍ਰੀ ਮਹੰਤ ਪੋਪ ਅਤੇ ਉਸਦੇ ਨੀਯਤ ਕੀਤੇ ਹੋਏ ਪਾਦਰੀਆਂ ਦੀ ਸਰਬਰਾਹੀ ਦੀ ਉਥੇ ਲੋੜ ਨਹੀਂ ਹੋਣੀ ਚਾਹੀਦੀ। ਇਹ ਪ੍ਰੋਹਤ-ਵਿਦਰੋਹੀ ਜਜ਼ਬਾ ਮਾਰਟਨ ਲੂਥਰ ਦੇ ਜਨਮ ਤੋਂ ਚਿਰੋਕਾ ਪਹਿਲਾਂ ਲੋਕਾਂ ਦੇ ਖ਼ਿਆਲਾਂ ਵਿਚ ਹੀ ਨਹੀਂ, ਸਗੋਂ ਪ੍ਰਤੱਖ ਤੇ ਯਥਾਰਥ ਰੂਪ ਵਿਚ ਪ੍ਰਗਟ ਤੇ ਸਵੀਕਾਰ ਹੋ ਚੁੱਕਾ ਸੀ। ਮਾਰਟਨ ਲੂਥਰ ਨੇ ਆਪਣੇ ਪ੍ਰਸਿੱਧ 'ਪੰਚਨਵਤੀ ਅਨੁਕ੍ਰਮਣ' ਵਿਚ ਜਿਸ 'ਪ੍ਰੋਹਤ-ਵਿਧਾਨ' (Jus episcopale) ਦੀ ਹਾਮੀ ਭਰੀ ਤੇ ਪ੍ਰਚਾਰ ਕੀਤਾ ਹੈ, ਉਹ ਮਾਰਟਨ ਲੂਥਰ ਦੇ ਜਨਮ ਤੋਂ ਪਹਿਲਾਂ ਹੀ ਸਾਕਸਨੀ (Saxony) ਤੇ ਬ੍ਰਾਂਡਨਬਰਗ (Brandenburg) ਦੇ ਰਾਜਾਂ ਵਿਚ ਪ੍ਰਚਲਿਤ ਤੇ ਪ੍ਰਮਾਣੀਕ ਸੀ, ਜਿਸ ਦੁਆਰਾ ਰਾਜੇ ਤੇ ਨਗਰ ਸਭਾਵਾਂ, ਮੰਗਤਿਆਂ ਦੇ ਪ੍ਰਬੰਧ ਬਾਰੇ ਅਤੇ ਕੰਮ-ਕਾਜ ਤੋਂ ਛੁੱਟੀਆਂ ਬਾਰੇ, ਆਪਣੇ ਨਿਯਮ ਆਪ ਬਣਾਂਦੇ ਸਨ ਅਤੇ ਸ੍ਰੀ ਮਹੰਤ ਪੋਪ ਦੇ ਨਿਸ਼ਚਿਤ ਕੀਤੇ ਹੋਏ ਕਾਨੂੰਨਾਂ-ਨਿਯਮਾਂ ਦੀ ਪਾਲਣਾ ਨਹੀਂ ਸੀ ਕਰਦੇ। ਮਾਰਟਨ ਲੂਥਰ ਦੇ 'ਪ੍ਰੋਹਤ-ਵਿਧਾਨ' ਦਾ ਸਾਰੰਸ਼ ਇਹੋ ਹੈ ਕਿ ਲੋਕਾਯਤ ਰਾਜਾਧਿਕਾਰੀ (secular authorities) ਬਹੁਤ ਸਾਰੇ ਵਿਸ਼ਿਆਂ ਉੱਤੇ ਆਪਣਾ ਕਾਨੂੰਨ ਸ਼ਾਸਨ ਆਪ ਬਣਾ ਸਕਦੇ ਹਨ, ਬਿਨਾਂ ਸ੍ਰੀ ਮਹੰਤ ਪੋਪ ਅਤੇ ਉਸਦੇ ਪਾਦਰੀਆਂ ਦੀ ਸਰਬਰਾਹੀ ਤੇ ਮਨਜ਼ੂਰੀ ਦੇ। ਮਾਰਟਨ ਲੂਥਰ ਦੇ 'ਪੰਚਨਵਤੀ ਅਨੁਕ੍ਰਮਣ' ਵਿਚ ਸਭ ਨਾਲੋਂ ਵਧੇਰੇ ਇਹ ਗੱਲ ਹੀ ਸੀ, ਜਿਸ ਨੇ ਕਿ ਪ੍ਰੋਟੈਸਟੈਂਟ ਸੰਪ੍ਰਦਾਯ ਦਾ ਪ੍ਰਚਾਰ ਤੇਜ਼ ਤੇ ਝੱਟ-ਪੱਟ ਪ੍ਰਬਲ ਕਰ ਦਿੱਤਾ, ਕਿਉਂਜੁ ਇਹ ਗੱਲ ਰਾਜਿਆਂ ਰਾਣਿਆਂ ਦੇ ਹਿੱਤ ਤੇ ਲਾਭ ਵਿਚ ਸੀ ਕਿ ਰਾਜਾਧਿਕਾਰ ਤੇ ਰਾਜ ਸ਼ਕਤੀ, ਪੋਪ ਤੇ ਉਸ ਦੇ ਚੇਲਿਆਂ ਦੇ ਹੱਥੋਂ ਨਿਕਲ ਕੇ ਉਨ੍ਹਾਂ ਦੇ ਹੱਥ ਵਿਚ ਆ ਜਾਵੇ ਤੇ ਇਸੇ ਕਾਰਨ ਹੀ ਅੱਧੇ ਯੂਰਪ ਦੇ ਰਾਜੇ ਰਾਣੇ, ਝੱਟ-ਪੱਟ ਮਾਰਟਨ ਲੂਥਰ ਦੇ ਹਿਮਾਇਤੀ ਬਣ ਗਏ ਅਤੇ ਪ੍ਰੋਟੈਸਟੈਂਟ ਸੰਪ੍ਰਦਾਯ ਦੀ ਸਰਪ੍ਰਸਤੀ ਕਰਨ ਲੱਗ ਪਏ। ਇਉਂ ਇਹ ਸੰਪਰਦਾ ਥੋੜੇ ਚਿਰ ਵਿਚ ਹੀ ਯੂਰਪ ਦੇ ਵਧੇਰੇ ਭਾਗ ਦਾ ਰਾਜ-ਧਰਮ ਤੇ ਲੋਕ-ਧਰਮ ਬਣ ਗਈ। ਇਹ ਅੰਤਰ ਵੀ ਗੁਰੂ ਨਾਨਕ ਦੀ ਧਾਰਮਿਕ ਪਦਵੀ ਤੇ ਉਨ੍ਹਾਂ ਦੇ ਵਿਚਾਰ-ਉਪਦੇਸ਼ਾਂ ਨੂੰ ਮਾਰਟਨ ਲੂਥਰ ਨਾਲੋਂ ਪ੍ਰਤੱਖ ਨਿਖੇੜਦਾ ਹੈ ਅਤੇ ਇਹੋ ਕਾਰਨ ਹੈ ਕਿ ਸਿੱਖ ਮਤ ਅਤੇ ਸਿੱਖ ਪੰਥ ਨੂੰ ਜਨਮੋਪ੍ਰਾਂਤ ਰਾਜਸੀ ਕੋਪ ਤੇ ਅਗਿਆਨ ਗ੍ਰਸਤ ਗਵਾਂਢੀਆਂ ਦੇ ਉਪਦ੍ਰਵਾਂ ਦੇ ਉਪਜਾਏ ਹੋਏ ਸੌ ਡੇਢ ਸੌ ਸਾਲ ਲੰਮੇ ਮਾਰੂ ਸੰਗਰਾਮਾਂ ਵਿੱਚੋਂ ਲੰਘਣਾ ਪਿਆ ਅਤੇ ਫੇਰ ਕਿਤੇ ਜਾ ਕੇ ਸਿੱਖੀ ਤੇ ਸਿੱਖਾਂ ਦੇ ਜੀਵਤ ਰਹਿਣ ਦੇ ਅਧਿਕਾਰ ਨੂੰ ਤਸਲੀਮ ਕੀਤਾ ਗਿਆ।

ਜਿਨ੍ਹਾਂ ਦਿਨਾਂ ਵਿਚ ਲੂਥਰ, ਵਿਸ਼ਵ-ਵਿਦਿਆਲੇ ਵਿਚ ਵਿਦਿਆਰਥੀ ਸੀ, ਉਨ੍ਹਾਂ ਦਿਨਾਂ ਵਿਚ ਪਾਦਰੀ ਹੀ ਵਿੱਦਿਆ, ਗਿਆਨ ਤੇ ਵਿਗਿਆਨ ਆਦਿਕ ਦੇ ਭੰਡਾਰੀ ਸਨ,

ਜਿਵੇਂ ਕਿ ਅਸਾਡੇ ਦੇਸ਼ ਵਿਚ ਬ੍ਰਾਹਮਣ ਜਾਤੀ ਹਜ਼ਾਰਾਂ ਵਰ੍ਹੇ ਰਹੀ ਹੈ। ਇਨ੍ਹਾਂ ਪਾਦਰੀਆਂ ਵਿਚ ਹੀ ਪਾਦਰੀ ਪ੍ਰਥਾ ਦੇ ਵਿਰੁੱਧ ਖ਼ਿਆਲ ਉਸ ਸਮੇਂ ਪ੍ਰਤੱਖ ਉਗਮ ਰਹੇ ਸਨ ਅਤੇ ਟ੍ਰੈਕਟ ਆਦਿਕ ਇਸ ਵਿਸ਼ੇ ਉੱਤੇ ਲਿਖ ਕੇ ਵੰਡੇ ਜਾ ਰਹੇ ਸਨ। ਸਮਾਜਵਾਦੀ ਵਿਚਾਰ ਭੀ, ਇਉਂ ਹੀ, ਓਦੋਂ ਪ੍ਰਚਾਰੇ ਜਾ ਰਹੇ ਸਨ। ਇਸ ਵਾਤਾਵਰਣ ਦਾ ਪ੍ਰਤਿਕਰਮ ਮਾਰਟਨ ਲੂਥਰ ਉੱਤੇ ਇਉਂ ਹੋਇਆ ਕਿ ਉਹ ਈਸਾਈ ਸੰਨਿਆਸੀ ਬਣ ਗਿਆ, ਤਾਂ ਜੁ ਉਹ ਇਸ ਨਵੀਨ ਵਿਚਾਰਧਾਰਾ ਦੇ ਗਿਲਾਨੀ ਪੂਰਤ ਵਾਯੂ ਮੰਡਲ ਵਿੱਚੋਂ ਬਾਹਰ ਨਿਕਲ ਕੇ ਈਸਾਈ ਮਤ ਦੇ ਕਰਮ-ਕਾਂਡਾਂ ਵਿਚ ਅਟੰਕ ਪ੍ਰਵੇਸ਼ ਕਰ ਕੇ ਆਤਮਕ ਸ਼ਾਂਤੀ ਪ੍ਰਾਪਤ ਕਰ ਸਕੇ। ਇਉਂ ਕੁਝ ਸਮਾਂ ਇਕ ਮਠ ਵਿਚ ਬਿਤਾ ਕੇ ਮਾਰਟਨ ਲੂਥਰ, ਸ੍ਰੀ ਮਹੰਤ ਪੋਪ ਦੇ ਵਿਧਾਨਨੁਸਾਰ, ਪਾਦਰੀ ਬਣ ਗਿਆ। ਸ੍ਰੀ ਮਹੰਤ ਪੋਪ ਦੇ ਆਪ ਨਿਯੁਕਤ ਕੀਤੇ ਹੋਏ ਪਾਦਰੀ ਦੀ ਹੈਸੀਅਤ ਵਿਚ ਹੀ ਮਾਰਟਨ ਲੂਥਰ ਨੇ, ਪੋਪ ਦੇ ਵਿਧਾਨ ਕੀਤੇ ਹੋਏ ਅਨੁਸ਼ਠਾਨਾਂ (indulgences) ਦੀ ਵਿਆਖਿਆ ਕੁਝ ਇਸ ਤਰ੍ਹਾਂ ਕੀਤੀ, ਜਿਸ ਤੋਂ ਕਿ ਉਸ ਦਾ ਪੋਪ ਨਾਲ ਵਿਰੋਧ ਹੋ ਗਿਆ, ਜਦੋਂ ਕਿ ਜਰਮਨੀ ਦੇ ਰਾਜੇ ਰਾਣਿਆਂ ਨੇ ਮਾਰਟਨ ਲੂਥਰ ਦਾ ਪੱਖ ਲੈ ਕੇ, ਉਸ ਦੀ ਭਰਪੂਰ ਹਮਾਇਤ ਤੇ ਰਖਸ਼ਾ ਕੀਤੀ ਤੇ ਉਸ ਨੂੰ ਪੋਪ ਦੇ ਕੋਪ ਤੋਂ ਬਚਾਇਆ ਤੇ ਇਉਂ ਪ੍ਰੋਟੈਸਟੈਂਟ ਸੰਪ੍ਰਦਾਯ ਦਾ ਜਨਮ ਤੇ ਵਿਕਾਸ ਹੋਇਆ। ਇਹ ਵੀ ਇਕ ਵੱਡਾ ਬੁਨਿਆਦੀ ਅੰਤਰ ਹੈ, ਜੋ ਕਿ ਗੁਰੂ ਨਾਨਕ ਨੂੰ ਮਾਰਟਨ ਲੂਥਰ ਦੀ ਪਦਵੀ ਤੇ ਵਿਚਾਰਾਂ ਨਾਲੋਂ ਪ੍ਰਤੱਖ ਨਿਖੇੜਦਾ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਮੁੱਢ ਤੋਂ ਹੀ ਸੁਤੰਤਰ ਤੇ ਸੰਭਵ ਸੀ ਤੇ ਕਿਸੇ ਵਾਦ-ਵਿਵਾਦ ਅਥਵਾ ਵਿਆਖਿਆ ਵਿਖੇਵੇਂ ਦਾ ਸਿੱਟਾ ਨਹੀਂ ਸੀ।

ਇਹ ਅਨੁਸ਼ਠਾਨ ਕੀ ਸਨ, ਜਿਨ੍ਹਾਂ ਦਾ ਕਿ ਮਾਰਟਨ ਲੂਥਰ ਨੇ ਵਿਆਖਿਆ ਵਿਰੋਧ ਕੀਤਾ ਅਤੇ ਇਉਂ ਪ੍ਰੋਟੈਸਟੈਂਟ ਸੰਪ੍ਰਦਾਯ ਨੂੰ ਜਨਮ ਦਿੱਤਾ ?

ਅਨੁਸ਼ਠਾਨ ਦੀ ਪ੍ਰਥਾ ਈਸਾਈ ਮਤ ਵਿਚ ਪ੍ਰਾਚੀਨ ਸਮਿਆਂ ਤੋਂ ਪ੍ਰਚਲਿਤ ਹੈ, ਈਸਾਈ ਮਤ ਦੇ ਆਦਿ ਤੋਂ ਹੀ ਅਤੇ ਲੂਥਰ ਦੇ ਜਨਮ ਤੋਂ ਕੋਈ ਹਜ਼ਾਰ ਵਰ੍ਹਾ ਪਹਿਲਾਂ ਤੋਂ। ਪ੍ਰਾਚੀਨ ਸਮਿਆਂ ਵਿਚ ਜਦੋਂ ਕਦੇ ਕੋਈ ਈਸਾਈ ਪਾਪ ਜਾਂ ਕੁਰਹਿਤ ਕਰਦਾ, ਤਾਂ ਉਹ ਗਿਰਜੇ ਦੇ ਭਰੇ ਦੀਵਾਨ ਵਿਚ ਆਪਣੀ ਭੁੱਲ ਮੰਨ ਲੈਂਦਾ ਸੀ ਅਤੇ ਇਹ ਪ੍ਰਣ ਕਰਦਾ ਸੀ ਕਿ ਪ੍ਰਾਸ਼ਚਿਤ ਵਜੋਂ ਉਹ ਕੋਈ ਵਰਤ, ਤਪ ਆਦਿਕ ਕਰਮ ਕਰੇਗਾ। ਜਿਸ ਵੇਲੇ ਸਮਾਂ ਪਾ ਕੇ ਭਰੇ ਦੀਵਾਨ ਵਿਚ ਭੁੱਲ ਮੰਨਣ ਦਾ ਰਿਵਾਜ ਹਟ ਗਿਆ ਤੇ ਆਪਣੀ ਭੁੱਲ ਪ੍ਰੋਖ ਤੌਰ 'ਤੇ ਆਮ ਈਸਾਈ ਸੰਗਤ ਕੋਲੋਂ ਲੁਕਾ ਕੇ, ਕੇਵਲ ਪਾਦਰੀ ਦੇ ਸਾਹਮਣੇ ਮੰਨਣ ਦਾ ਰਿਵਾਜ ਪੈ ਗਿਆ ਤਾਂ ਉਸ ਸਮੇਂ ਇਹ ਰਿਵਾਜ ਵੀ ਪੈ ਗਿਆ ਸੀ ਕਿ ਜਿਸ ਪਾਦਰੀ ਸਾਹਮਣੇ ਭੁੱਲ ਮੰਨੀ ਜਾਵੇ, ਉਹ ਨਿਸਚਿਤ ਕਰੇ ਕਿ ਭੁੱਲ ਮੰਨਣ ਵਾਲਾ ਕੀ ਪ੍ਰਾਸ਼ਚਿਤ ਕਰਮ ਕਰੇ। ਇਹ ਪਰਪਾਟੀ, ਅਸਲ ਵਿਚ ਈਸਾਈਆਂ ਨੇ ਬੋਧੀ ਮੱਠਾਂ ਦੇ ਵਿਨਾਯ ਜਾਂ ਰਹਿਤ ਮਰਯਾਦਾ ਤੋਂ ਮਾਂਗਵੀ ਲਈ ਹੈ, ਕਿਉਂਜੁ ਮਹਾਯਾਨ ਬੁੱਧ ਧਰਮ ਤੇ ਬੋਧੀ ਮੱਠ, ਸੀਰੀਆ ਆਦਿ ਦੇਸ਼ਾਂ ਵਿੱਚ ਜਿਥੋਂ ਕਿ ਪਹਿਲੋਂ ਪਹਿਲ ਈਸਾਈ ਮਤ ਦੀ ਰੂਪ-ਰੇਖਾ ਬੱਝੀ, ਲੋਕ ਮਤ ਤੇ ਪ੍ਰਚਲਿਤ ਧਰਮ ਸੀ। ਸਿੱਖਾਂ ਵਿਚ ਭੁੱਲ ਮੰਨਣ ਅਤੇ ਤਨਖ਼ਾਹ ਲਗਵਾਉਣ ਦੀ ਰੀਤ ਦਾ ਮੂਲ ਵੀ ਇਹ ਬੋਧੀ-ਵਿਨਾਯ ਹੀ ਹੈ ਤੇ ਈਸਾਈਆਂ ਦੀ ਇਸ ਰਹੁ-ਰੀਤ ਨਾਲ, ਸਿੱਖਾਂ ਦੀ ਇਸ ਪਰਪਾਟੀ ਦਾ ਕੋਈ ਸੰਬੰਧ ਸਿੱਧਾ ਨਹੀਂ ਹੈ। ਈਸਾਈਆਂ ਵਿਚ ਅਨੁਸ਼ਠਾਨ ਦੀ ਰਹੁਰੀਤ ਜਦੋਂ ਇਉਂ ਪ੍ਰਚਲਿਤ ਹੋਈ ਤਾਂ ਇਹੋ ਜਹੇ ਵਿਧਾਨ ਬਣਾਉਣੇ

ਕੁਦਰਤੀ ਸਨ, ਜਿਨ੍ਹਾਂ ਦੁਆਰਾ ਇਕ ਰਾਹਨੁਮਾਈ ਮਿਲੇ ਕਿ ਕਿਸ ਕਿਸਮ ਦੀ ਭੁੱਲ ਦਾ ਪ੍ਰਾਸ਼ਚਿਤ ਯੋਗ ਹੈ। ਸੱਤਵੀਂ ਸ਼ਤਾਬਦੀ ਈਸਵੀ ਦੇ ਲਾਗੇ-ਲਾਗੇ 'ਅਨੁਰੁਧ' (gommutation) ਦੀ ਪ੍ਰਥਾ ਈਸਾਈਆਂ ਵਿਚ ਚੱਲੀ, ਜਿਸ ਦੁਆਰਾ ਕਿ ਨਿਯਤ ਪ੍ਰਾਸ਼ਚਿਤ ਵਿਚ ਘਾਟ ਤੇ ਨਰਮੀ ਲਿਆਂਦੀ ਜਾ ਸਕਦੀ ਹੈ। ਇਉਂ ਸਮਝੋ ਕਿ ਜੇ ਕਿਸੇ ਪਾਪ, ਦੁਰਕਰਮ ਦਾ ਨਿਯਤ ਪ੍ਰਾਸ਼ਚਿਤ ਛੇ ਮਹੀਨੇ ਫਾਕਾ ਕਰਨਾ ਜਾਂ ਰੋਜ਼ਾ ਰੱਖਣਾ ਹੋਵੇ ਤਾਂ 'ਅਨੁਰੁਧ' ਅਨੁਸਾਰ, ਜੇ ਕੋਈ ਛੇ ਵਾਰ ਈਸਾਈਆਂ ਦੀ ਈਸ਼ਵਰੀ ਪ੍ਰਾਰਥਨਾ ਦਾ ਪਾਠ ਹੀ ਕਰ ਲਵੇ, ਤਾਂ ਪ੍ਰਾਸ਼ਚਿਤ ਸੰਪੂਰਣ ਹੋਇਆ ਸਮਝਿਆ ਜਾਣ ਲੱਗਾ। ਜਾਂ ਜੇ ਕੋਈ ਛੇ ਰੁਪਏ ਧਰਮ ਕਾਰਜਾਂ ਲਈ ਖ਼ਰਚ ਕਰ ਦੇਵੇ ਜਾਂ ਗਿਰਜੇ ਦੀ ਗੋਲਕ ਵਿਚ ਪਾ ਦੇਵੇ ਤਾਂ ਸਮਝਿਆ ਜਾਣ ਲੱਗਾ ਕਿ ਪ੍ਰਾਸ਼ਚਿਤ ਪੂਰਨ ਹੋ ਗਿਆ।

ਇਹੋ 'ਅਨੁਸ਼ਠਾਨ' ਦੇ ਸਿਧਾਂਤ ਤੇ ਮਰਯਾਦਾ ਦਾ ਮੂਲ ਤੇ ਸਾਰੰਸ਼ ਹੈ ਅਤੇ ਮਾਰਟਨ ਲੂਥਰ ਨੇ ਅਨੁਸ਼ਠਾਨ ਦੀ ਇਸ ਪ੍ਰਥਾ ਦਾ ਕਦੇ ਵੀ ਵਿਰੋਧ ਨਹੀਂ ਕੀਤਾ, ਸਗੋਂ ਉਸ ਦੇ ਵਿਚਾਰ ਇਹ ਸਨ ਕਿ ਇਹ ਇਕ ਯੋਗ ਪ੍ਰਥਾ ਹੈ, ਕਿਉਂਜੁ ਚਰਚ ਜੋ ਕਿ ਪ੍ਰਾਸ਼ਚਿਤ ਨਿਸਚਿਤ ਕਰਦਾ ਹੈ, ਉਸ ਨੂੰ ਇਹ ਅਧਿਕਾਰ ਭੀ ਹੈ ਕਿ ਉਸ ਨੂੰ ਘਟਾ ਯਾ ਨਰਮਾ ਸਕੇ ਅਤੇ ਇਉਂ ਉਸ ਨਿਯਤ ਪ੍ਰਾਸ਼ਚਿਤ ਦਾ ਨਿਰੋਧ ਕਰ ਸਕੇ।

ਪਰ ਤੇਰ੍ਹਵੀਂ ਸ਼ਤਾਬਦੀ ਈਸਵੀ ਤਕ ਇਹ ਅਨੁਸ਼ਠਾਨ ਦਾ ਈਸਾਈ ਸਿਧਾਂਤ ਹੋਰ ਦਾ ਹੋਰ ਰੂਪ ਵਟਾ ਚੁੱਕਾ ਸੀ।

ਪ੍ਰਾਚੀਨ ਭਾਵ ਤਾਂ ਅਨੁਸ਼ਠਾਨ ਦਾ ਇਹ ਸੀ ਕਿ ਭੁੱਲ ਕਰਨ ਵਾਲੇ ਦੇ ਮਨ ਵਿਚ ਪਸ਼ਚਾਤਾਪ ਉਤਪੰਨ ਹੋਵੇ ਤਾਂ ਉਹ ਆਪਣੀ ਭੁੱਲ ਖੁੱਲ੍ਹ ਕੇ ਤਸਲੀਮ ਕਰੇ, ਲੁਕਾਵੇ ਨਾ ਅਤੇ ਪ੍ਰਾਸ਼ਚਿਤ ਵਜੋਂ ਦੰਡ ਸਵੀਕਾਰ ਕਰੇ। ਹੁਣ ਵਿਚਾਰ ਇਉਂ ਪ੍ਰਚਲਿਤ ਹੋਇਆ ਕਿ ਦੰਡ ਸਵੀਕਾਰ ਕਰਨ ਨਾਲ ਈਸ਼ਵਰੀ ਖਿਮਾ ਤਾਂ ਪ੍ਰਾਪਤ ਹੋ ਆਉਂਦੀ ਹੈ, ਪ੍ਰੰਤੂ ਲੋਕ-ਦੰਡ ਅਥਵਾ ਰਾਜ-ਦੰਡ ਤੋਂ ਵਿਮੁਕਤ, ਭੁੱਲ ਕਰਨ ਵਾਲਾ ਨਹੀਂ ਹੋ ਸਕਦਾ। ਕਿਉਂਜੁ ਈਸਾਈ ਮਤ ਦੇ ਪ੍ਰਾਚੀਨ ਵਿਧਾਨ ਅਨੁਸਾਰ ਰੋਮ ਦਾ ਸ੍ਰੀ ਮਹੰਤ ਪੋਪ ਦਾ ਏਥੇ ਉਥੇ ਦੋਹਾਂ ਜਹਾਨਾਂ ਉੱਤੇ ਅਧਿਕਾਰ ਪ੍ਰਾਪਤ ਹੈ, ਇਸ ਲਈ ਅਜੇਹਾ ਲੋਕ-ਦੰਡ ਨਿਸਚਿਤ ਕਰਨ ਦਾ ਅਧਿਕਾਰ ਵੀ ਉਸ ਨੂੰ ਅਤੇ ਉਸ ਦੇ ਪਾਦਰੀਆਂ ਨੂੰ ਹੀ ਸੀ। ਸਿੱਟਾ ਇਹ ਕਿ ਭੁੱਲ ਮੰਨ ਲੈਣ ਅਤੇ ਤਨਖ਼ਾਹ ਲਗਵਾ ਕੇ ਉਸ ਦੀ ਪੂਰਤੀ ਕਰਨ ਉਪ੍ਰੰਤ ਵੀ ਭੁੱਲ ਕਰਨ ਵਾਲਾ ਲੋਕਾਯਤ ਤੇ ਰਾਜਸੱਤਾ ਦੇ ਰੂ-ਬ-ਰੂ ਅਪਰਾਧੀ ਬਣਿਆ ਰਿਹਾ। ਸਾਰੰਸ਼ ਇਸ ਸਿਧਾਂਤ ਦਾ ਇਹ ਸੀ ਕਿ ਹਜ਼ਰਤ ਈਸਾ ਦੇ ਅਖੁੱਟ ਪੁੰਨ ਕਰਮ ਤਾਂ ਹੈਣ ਹੀ, ਪਰ ਭੂਤ ਤੇ ਵਰਤਮਾਨ ਕਾਲ ਦੇ ਈਸਾਈ ਸਾਧੂ ਸੰਤਾਂ ਦੇ ਜੋ ਸ਼ੁਭ ਕਰਮ ਹੈਣ, ਉਹ ਸਾਰੇ ਇਕ ਅਪੂਰਣ ਕੋਸ਼ ਵਿਚ ਸੰਚਤ ਹਨ ਅਤੇ ਰੋਮ ਦਾ ਸ੍ਰੀ ਮਹੰਤ ਪੋਪ ਉਸ ਕੋਸ਼ ਵਿੱਚੋਂ ਜਿਸ ਵੇਲੇ ਚਾਹੇ, ਕੁਝ ਪੁੰਨ-ਕਰਮਾਂ ਦਾ ਫਲ ਕਿਸੇ ਸ਼ਰਧਾਲੂ ਈਸਾਈ ਭਗਤ ਨੂੰ ਪ੍ਰਦਾਨ ਕਰ ਸਕਦਾ ਹੈ।

ਇਹ 'ਪੁੰਨ-ਕੋਸ਼' ਦਾ ਸਿਧਾਂਤ ਵੀ ਈਸਾਈਆਂ ਦੀ ਆਪਣੀ ਉਪਜ ਨਹੀਂ ਹੈ, ਸਗੋਂ ਇਹ ਆਪਣੇ ਸਾਰ ਰੂਪ ਵਿਚ ਪ੍ਰਾਚੀਨ ਵੈਦਿਕ ਵਿਚਾਰਧਾਰਾ ਹੈ, ਜੋ ਕਿ ਮਹਾਯਾਨ ਬੁੱਧ ਮਤ ਦੀ ਵਿਚਾਰ-ਪ੍ਰਣਾਲੀ ਨਾਲ ਸੀਮਤ ਹੋ ਕੇ ਈਸਵੀ ਸੰਮਤ ਦੀਆਂ ਮੁੱਢਲੀਆਂ ਸ਼ਤਾਬਦੀਆਂ ਵਿਚ ਤੁਰਕਿਸਤਾਨ ਅਤੇ ਮੱਧ ਪੂਰਬ ਦੇ ਦੇਸ਼ਾਂ ਰਾਹੀਂ ਈਸਾਈਆਂ ਦੀ ਵਿਚਾਰਧਾਰਾ ਵਿਚ ਪ੍ਰਵੇਸ਼ ਕਰ ਗਈ ਹੈ ਅਤੇ ਜਿਸ ਨੇ ਈਸਾਈਆਂ ਦੇ 'ਪੁੰਨ-ਕੋਸ਼' ਸਿਧਾਂਤ

ਦਾ ਰੂਪ ਵਟਾ ਲਿਆ ਹੈ। ਜੈਮਨੀ ਰਿਸ਼ੀ ਰਚਿਤ ਪੂਰਵ-ਮੀਮਾਂਸਾ ਦਾ ਇਹ ਸਿਧਾਂਤ ਹੈ ਕਿ ਵੈਦਿਕ ਕਰਮ-ਕਾਂਡਾਂ ਦਾ ਜਦੋਂ ਸਪੱਸ਼ਟ ਅਤੇ ਤਤਕਾਲ ਫਲ ਨਹੀਂ ਹੁੰਦਾ ਤਾਂ ਉਹ ਫਲ ਅਪੂਰਵ-ਕੋਸ਼ ਵਿਚ ਸੰਚਿਤ ਹੋ ਜਾਂਦਾ ਹੈ ਅਤੇ ਸਮਾਂ ਪਾ ਕੇ ਇਸੇ ਜਨਮ ਵਿਚ ਅਥਵਾ ਕਿਸੇ ਆਗਾਮੀ ਜਨਮ ਵਿਚ ਜਜਮਾਨ ਨੂੰ ਪ੍ਰਾਪਤ ਹੁੰਦਾ ਹੈ। ਇਹੋ ਅਪੂਰਨ ਪੁੰਨ-ਕੋਸ਼ ਹੈ, ਜਿਸ ਦੀ ਕੁੰਜੀ-ਬਰਦਾਰੀ ਦਾ ਅਧਿਕਾਰ ਈਸਾਈਆਂ ਦੇ ਸ੍ਰੀ ਮਹੰਤ ਪੋਪ ਨੇ ਸ੍ਵੈਵਸ਼ ਕਰਕੇ, ਤੇਰ੍ਹਵੀਂ ਸ਼ਤਾਬਦੀ ਵਿਚ ਈਸਾਈ ਮਤ ਦੇ 'ਅਨੁਸ਼ਠਾਨ' ਸਿਧਾਂਤ ਨੂੰ ਨਵਾਂ ਰੂਪ ਦਿੱਤਾ।

ਇਸ ਨਵੇਂ ਰੂਪ ਅਨੁਸਾਰ ਇਹ ਕਿਹਾ ਗਿਆ ਕਿ ਜੇ ਕੋਈ ਸ਼ਰਧਾਵਾਨ ਈਸਾਈ ਪਾਪ ਕਰਕੇ, ਉਸ ਪਾਪ ਦੇ ਪ੍ਰਾਸ਼ਚਿਤ ਵਜੋਂ ਗਿਰਜੇ ਵਿਚ ਯਾ ਪੋਪ ਨੂੰ ਨਿਸਚਿਤ ਮਾਯਾ ਦਾਨ ਕਰ ਦੇਵੇ ਤਾਂ ਉਸ ਦੇ ਪਾਪ ਖਿਮਾ ਹੋ ਜਾਣਗੇ। ਇਉਂ ਪੋਪ ਦੇ ਦਸਤਖ਼ਤੀ ਅਨੁਸ਼ਠਾਨ ਪੱਤਰ (indulgences) ਈਸਾਈ ਦੇਸ਼ਾਂ ਵਿਚ ਆਮ ਚੱਲਣ ਲੱਗ ਪਏ, ਜਿਵੇਂ ਕਿ ਅੱਜ ਕੱਲ ਮਾਰਗਾਯ ਪੱਤਰ (travelling cheques) ਖ਼ਰੀਦ ਲਈਦੇ ਹਨ ਤਾਂ ਜੁ ਜਿਥੇ ਵੀ ਜਾਈਏ, ਉਨ੍ਹਾਂ ਨੂੰ ਭਨਾ ਕੇ ਆਪਣਾ ਖ਼ਰਚ-ਪੱਠਾ ਤੋਰ ਲਈਏ।

ਪੋਪ ਨੇ ਖੁੱਲ੍ਹ ਕੇ ਇਹ ਗੱਲ ਕਦੀ ਵੀ ਨਹੀਂ ਸੀ ਆਖੀ ਕਿ ਇਹ ਅਨੁਸ਼ਠਾਨ ਪੱਤਰ ਪਾਪ ਕਰਮਾਂ ਦੇ ਵਿਨਾਸ਼ਕ ਅਤੇ ਈਸ਼ਵਰੀ ਖਿਮਾ ਪ੍ਰਾਪਤੀ ਦੀ ਸਨਦ ਹਨ। ਬੁਧੀਵਾਨ ਤੇ ਵਿਚਾਰਵਾਨ ਪਾਦਰੀਆਂ ਦਾ ਵੀ ਇਹੋ ਮਤ ਸੀ ਕਿ ਇਹ ਅਨੁਸ਼ਠਾਨ ਪੱਤਰ ਪਾਪ ਵਿਨਾਸ਼ਕ ਨਹੀਂ ਹਨ, ਕੇਵਲ ਲੌਕਿਕ ਦੰਡ ਨਵ੍ਰਿਤਕ ਹਨ, ਪਰ ਜਨ-ਸਾਧਾਰਨ ਇਨ੍ਹਾਂ ਗੁਹਜ ਅੰਤਰਾਂ ਨੂੰ ਸਮਝਣ ਤੋਂ ਅਸਮਰਥ ਸਨ। ਉਨ੍ਹਾਂ ਦਾ ਵਿਸ਼ਵਾਸ ਇਹੋ ਸੀ ਕਿ ਜਿਤਨੀ ਵੱਡੀ ਰਕਮ ਦਾ ਅਨੁਸ਼ਠਾਨ ਪੱਤਰ ਖ਼ਰੀਦਿਆ ਜਾਵੇ, ਉਤਨੇ ਉਗਰ ਪਾਪ ਹੀ ਈਸ਼ਵਰ ਦੇ ਦਰਬਾਰ ਵਿਚ ਬਖ਼ਸ਼ੇ ਜਾਂਦੇ ਹਨ ਅਤੇ ਮਾਰਟਨ ਲੂਥਰ ਨੇ ਅਨੁਸ਼ਠਾਨ ਪੱਤਰਾਂ ਦਾ ਇਹ ਜਨ-ਸਾਧਾਰਨ ਭਾਵ ਹੀ ਸਵੀਕਾਰ ਕਰ ਲਿਆ, ਜਿਹੜਾ ਭਾਵ ਕਿ ਪੋਪ ਜਾਂ ਉਸ ਦੇ ਪਾਦਰੀਆਂ ਨੇ ਕਦੇ ਵੀ ਘੋਸ਼ਿਤ ਨਹੀਂ ਸੀ ਕੀਤਾ ਅਤੇ ਇਸ ਜਨ-ਸਾਧਾਰਨ ਅਤੇ ਮਨੋਕਲਪਿਤ ਭਾਵ ਦਾ ਵਿਰੋਧ ਤੇ ਖੰਡਨ ਹੀ ਆਪਣੇ 'ਪੰਚਨਵਤੀ ਅਨੁਕ੍ਰਮਣ' ਵਿਚ ਕਰ ਮਾਰਿਆ, ਜਿਸ ਦੇ ਕਿ ਛੇ ਅਨੁਕ੍ਰਮਣ ਨਿਮਨ-ਲਿਖਤ ਹਨ:

1. ਅਨੁਸ਼ਠਾਨ ਕੇਵਲ ਧਾਰਮਿਕ ਸਜ਼ਾ (ecelesiastical penalty) ਹੀ ਬਖ਼ਸ਼ ਸਕਦਾ ਹੈ, ਕਿਉਂਜੁ ਧਾਰਮਿਕ ਪ੍ਰੋਹਤ ਜੋ ਦੰਡ ਦੇਣ ਉਹ ਬਖ਼ਸ਼ ਵੀ ਸਕਦੇ ਹਨ, ਪਰ ਈਸ਼ਵਰੀ ਦੰਡ ਤਾਂ ਈਸ਼ਵਰ ਹੀ ਬਖ਼ਸ਼ ਸਕਦਾ ਹੈ।
2. ਅਨੁਸ਼ਠਾਨ ਪੱਤਰ ਪਾਪ ਵਿਨਾਸ਼ਕ ਕਦਾਚਿਤ ਨਹੀਂ ਹੋ ਸਕਦਾ। ਪੋਪ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਹੈ। ਇਹ ਅਧਿਕਾਰ ਈਸ਼ਵਰ ਨੇ ਆਪਣੇ ਹੱਥ ਹੀ ਰੱਖਿਆ ਹੋਇਆ ਹੈ।
3. ਈਸ਼ਵਰੀ ਦੰਡ ਨੂੰ ਅਨੁਸ਼ਠਾਨ ਰੋਕ ਨਹੀਂ ਸਕਦਾ। ਇਹ ਸ਼ਕਤੀ ਈਸ਼ਵਰ ਦੇ ਆਪਣੇ ਹੱਥ ਹੀ ਹੈ।
4. ਨਰਕ ਕੁੰਡ ਵਿਚ ਵੀ ਅਨੁਸ਼ਠਾਨ ਸਹਾਈ ਨਹੀਂ ਹੋ ਸਕਦੇ। ਧਾਰਮਿਕ ਦੰਡ ਜੀਵਤ ਮਨੁਸ਼ਾਂ ਉੱਤੇ ਹੀ ਲਾਗੂ ਹਨ। ਮ੍ਰਿਤੂ ਇਨ੍ਹਾਂ ਦਾ ਅੰਤ ਕਰ ਦਿੰਦੀ ਹੈ। ਪੋਪ ਨਰਕ ਵਾਸੀ ਆਤਮਾ ਲਈ ਅਰਦਾਸ ਤਾਂ ਕਰ ਸਕਦਾ ਹੈ, ਪਰ ਉਸ ਨੂੰ ਨਰਕ ਲੋਕ ਵਿਚ ਕੋਈ ਸਿੱਧੇ ਅਧਿਕਾਰ ਪ੍ਰਾਪਤ ਨਹੀਂ ਹਨ।

5. ਜਿਹੜਾ ਈਸਾਈ ਸ਼ਰਧਾਵਾਨ ਸੱਚੇ ਦਿਲੋਂ ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੈ, ਈਸ਼ਵਰ ਉਸ ਨੂੰ ਬਖ਼ਸ਼ ਦਿੰਦਾ ਹੈ ਅਤੇ ਕਿਸੇ ਅਨੁਸ਼ਠਾਨ ਦੀ ਉਸ ਨੂੰ ਲੋੜ ਨਹੀਂ ਹੈ। ਈਸਾ ਕ੍ਰਿਸਤੋ ਇਸ ਸੱਚੇ ਪਸ਼ਚਾਤਾਪ ਦੀ ਮੰਗ ਹੀ ਹਰ ਪ੍ਰਾਣੀ ਕੋਲੋਂ ਕਰਦਾ ਹੈ।
6. 'ਪੁੰਨ-ਕੋਸ਼' ਦੀ ਵਿਸਥਾਰ-ਪੂਰਵਕ ਵਿਆਖਿਆ ਨਹੀਂ ਹੋ ਸਕੀ। ਇਹ ਕਹਿਣਾ ਕਠਨ ਹੈ ਕਿ ਅਸਲ ਵਿਚ ਕੀ ਹੈ ਅਤੇ ਇਹ ਜਨ-ਸਾਧਾਰਣ ਦੀ ਸਮਝ ਤੋਂ ਪਰੇ ਦੀ ਗੱਲ ਹੈ। ਇਹ ਕ੍ਰਿਸਤੋ ਯਸੂ ਮਸੀਹ ਅਤੇ ਉਸ ਦੇ ਪੁੰਨ ਕਰਮਾਂ ਦੀ ਕੋਸ਼ੀ ਨਹੀਂ ਕਹੀ ਜਾ ਸਕਦੀ ਕਿਉਂਜੁ ਕ੍ਰਿਸਤੋ ਅਤੇ ਸੰਤਾਂ ਦੇ ਪੁੰਨ ਕਰਮ ਤਾਂ ਪੋਪ ਦੀ ਵਿਚੋਲਗੀ ਤੋਂ ਬਿਨਾਂ ਹੀ ਪਾਪੀਆਂ ਦਾ ਉੱਧਾਰ ਕਰਦੇ ਹਨ। 'ਪੁੰਨ-ਕੋਸ਼' ਦਾ ਅਰਥ ਇਹੋ ਹੋ ਸਕਦਾ ਹੈ ਕਿ ਪੋਪ ਧਾਰਮਿਕ ਦੰਡ ਬਖ਼ਸ਼ ਦੇਵੇ ਜਿਹੜੇ ਕਿ ਉਸ ਨੇ ਜਾਂ ਉਸ ਦੇ ਪਾਦਰੀਆਂ ਦੇ ਨਿਸਚਿਤ ਕੀਤੇ ਹੋਏ ਹਨ। ਅਸਲੀ ਪੁੰਨ-ਕੋਸ਼ ਤਾਂ ਕਰੁਣਾਨਿਧ ਈਸ਼ਵਰ ਆਪ ਹੀ ਹੋ ਸਕਦਾ ਹੈ ਜੋ ਕਿ ਸ੍ਵਤੇਸਿੱਧ ਅਮੋਘ ਵਿਨਾਸ਼ਕ ਹੈ।

ਨਵੰਬਰ ਮਹੀਨੇ ਦੀ ਪਹਿਲੀ ਤੇ ਸੰਨ ਈਸਵੀ 1517 ਨੂੰ ਉਪਰੋਕਤ ਛੇ ਤੇ ਬਾਕੀ ਦੇ ਅਨੁਕ੍ਰਮਣ ਜਿਹੜੇ ਕਿ ਪਿੱਛੋਂ ਜਾ ਕੇ 'ਪੰਚਨਵਤੀ ਅਨੁਕ੍ਰਮਣ' ਪ੍ਰਸਿੱਧ ਹੋਏ, ਮਾਰਟਨ ਲੂਥਰ ਨੇ ਸਰਵਦੇਵ ਪੂਜਾ ਉਤਸਵ (all saints day) ਵਾਲੇ ਦਿਨ ਵਿਟਨਬਰਗ (Wittenberg) ਦੇ ਵਿਸ਼ਵ-ਵਿਦਿਆਲੇ ਦੇ ਵੱਡੇ ਗਿਰਜੇ ਦੇ ਬੂਹੇ ਅੱਗੇ ਟੂੰਗ ਦਿੱਤੇ, ਜਿਸ ਨਾਲ ਇਕ ਭਾਰੀ ਉਤਸ਼ਾਹ ਲੋਕਾਂ ਵਿਚ ਉੱਠ ਖੜਾ ਹੋਇਆ ਅਤੇ ਜਨ-ਸਾਧਾਰਨ ਤੇ ਰਾਜੇ ਰਾਣੇ ਰਾਤੋ-ਰਾਤ ਮਾਰਟਨ ਲੂਥਰ ਦੀ ਹਿਮਾਇਤ 'ਤੇ ਉੱਠ ਖੜੇ ਹੋਏ ਤੇ ਇਉਂ ਰੋਮ ਦੇ ਪੋਪ ਦਾ ਲੌਕਿਕ ਤੇ ਧਾਰਮਿਕ ਅਧਿਕਾਰ ਅੱਧੇ ਯੂਰਪ ਉੱਤੋਂ ਚੁੱਕਿਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਈਸਾਈ ਮਤ ਦੋ ਸੰਪਰਦਾਵਾਂ ਵਿਚ ਖਿੱਲ ਹੋ ਗਿਆ, ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ, ਜਿਸ ਦਾ ਪਰਿਣਾਮ ਕਿ ਡੇਢ ਦੋ ਸਦੀਆਂ ਦਾ ਖ਼ੂਨ-ਖ਼ਰਾਬਾ ਯੂਰਪੀ ਦੇਸ਼ਾਂ ਵਿਚ ਨਿਕਲਿਆ, ਜਿਹੜਾ ਖ਼ੂਨ-ਖ਼ਰਾਬਾ ਅਤੇ ਉਸ ਤੋਂ ਉਤਪੰਨ ਹੋਈ ਪਰਸਪਰ ਘ੍ਰਿਣਾ, ਅਜੇ ਸੌ ਕੁ ਸਾਲ ਹੀ ਹੋਇਆ ਹੈ ਕਿ ਸ਼ਾਂਤ ਹੋਈ ਹੈ।

ਇਹ ਹੈ ਈਸਾਈ ਮਤ ਵਿਚ ਮਾਰਟਨ ਲੂਥਰ ਦੀ ਪਦਵੀ ਤੇ ਉਸ ਦਾ ਕਰਮ-ਖੇਤਰ।

ਗੁਰੂ ਨਾਨਕ ਦੀ ਪਦਵੀ ਤੇ ਗੁਰੂ ਨਾਨਕ ਦੇ ਕਰਮ-ਖੇਤਰ ਨਾਲੋਂ ਇਹ ਅਸਲੋਂ ਭਿੰਨ ਤੇ ਮੁਖ਼ਤਲਿਫ਼ ਹੈ ਅਤੇ ਇਕ ਦਾ ਦੂਜੇ ਨਾਲ ਮੁਕਾਬਲਾ ਕਰਨਾ ਭਾਰੀ ਭੁੱਲ ਹੈ।

ਮੋਟੇ-ਮੋਟੇ ਅੰਤਰ ਜੋ ਦੋਹਾਂ ਮਹਾਂਪੁਰਖਾਂ ਦੀ ਪਦਵੀ ਤੇ ਕਰਮ-ਖੇਤਰਾਂ ਵਿਚ ਹਨ, ਉਹ ਇਹ ਸਹੀ ਹੁੰਦੇ ਹਨ:

(1) ਗੁਰੂ ਨਾਨਕ ਦਾ ਇਹ ਦਾਹਵਾ ਕਿ ਮੈਂ ਜੋ ਗਿਆਨ ਪ੍ਰਚਾਰ ਤੇ ਉਪਦੇਸ਼ ਪ੍ਰਸਾਰ ਕਰਦਾ ਹਾਂ, ਉਹ ਵਹੀ ਰੂਪ, ਤਿੰਨ ਕਾਲ ਸੱਤ, ਅਕਾਲ ਪੁਰਖ ਵਾਕ ਹਨ, ਮਨੁਸ਼ ਬੁੱਧੀ-ਆਸ਼੍ਰਿਤ, ਜਾਂ ਕਿਸੇ ਵੇਦ ਕਤੇਬ ਦੀ ਵਿਆਖਿਆ ਅਥਵਾ ਪ੍ਰੋੜ੍ਹਤਾ ਵਜੋਂ ਨਹੀਂ, ਗੁਰੂ ਨਾਨਕ ਨੂੰ ਦੁਨੀਆ ਭਰ ਦੇ ਰਿਸ਼ੀਆਂ, ਪੈਗ਼ੰਬਰਾਂ, ਨਬੀਆਂ ਤੇ ਅਵਤਾਰਾਂ ਦੀ ਸ਼੍ਰੇਣੀ ਵਿਚ ਸ਼੍ਰੋਮਣੀ ਅਸਥਾਨ ਦਾ ਅਧਿਕਾਰੀ ਬਣਾਉਂਦੇ ਹਨ। "ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥" (ਵਾਰ ਆਸਾ, ਪੰਨਾ 466) ਦੇ ਸਪੱਸ਼ਟ ਅਰਥ ਇਹੋ

ਹਨ ਕਿ ਗੁਰੂ ਨਾਨਕ ਦਾ ਦਾਹਵਾ ਇਹੋ ਸੀ ਕਿ ਉਨ੍ਹਾਂ ਦੀ ਜੀਭਾ ਰਾਹੀਂ ਸਰਬਾਸ਼ਰ ਅਕਾਲ ਪੁਰਖ ਆਪ ਵਾਕ ਕਰਦਾ ਹੈ, ਜਿਵੇਂ ਕਿ ਮੀਮਾਂਸਾ ਦਾ ਮਤ ਹੈ ਕਿ ਵੇਦ ਈਸ਼ਵਰ ਕ੍ਰਿਤ ਅਥਵਾ ਈਸ਼ਵਰ ਵਾਕ ਹਨ। "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" (ਸੂਹੀ ਮ: ੧, ਪੰਨਾ 763), "ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥" (ਵਡਹੰਸੁ ਛੰਤ ਮ: ੧, ਪੰਨਾ 566), "ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥" (ਵਾਰ ਮਲਾਰ ਪਉੜੀ ੨, ਪੰਨਾ 1279)। ਇਤਿਆਦਿ ਗੁਰਵਾਕਾਂ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਦਾ ਗਿਆਨ ਉਪਦੇਸ਼ ਉਨ੍ਹਾਂ ਦੇ ਆਪਣੇ ਦਾਹਵੇ ਅਨੁਸਾਰ ਈਸ਼ਵਰ-ਵਾਕ, ਵਹੀ ਤੇ ਅਲਹਾਮ ਦਾ ਦਰਜਾ ਰੱਖਦਾ ਹੈ। ਈਸ਼ਵਰ-ਵਾਕ ਤੇ 'ਵਹਜ਼' ਅਰਥਾਤ 'ਵਹੀ' ਦੁਆਰਾ ਉਤਰਿਆ ਹੋਇਆ ਕਲਾਮ ਉਹ ਸ਼ਬਦ ਹਨ, ਜਿਨ੍ਹਾਂ ਬਾਰੇ ਸਿਧਾਂਤ ਹੈ ਕਿ ਇਹ ਉਹ ਬੋਲੀ ਤੇ ਉਹੋ ਸ਼ਬਦ ਇਨ-ਬਿਨ ਹਨ, ਜੋ ਈਸ਼ਵਰ ਨੇ ਆਪ ਉਚਾਰਣ ਕੀਤੇ। ਮੀਮਾਂਸਾ ਕਰਤਾ ਵੇਦ ਬਾਰੇ ਅਤੇ ਮੁਸਲਮਾਨ ਵਿਦਵਾਨ ਕੁਰਾਨ ਬਾਰੇ ਇਹੋ ਦਾਹਵਾ ਕਰਦੇ ਹਨ ਕਿ ਇਹ ਉਪਰੋਕਤ ਅਰਥਾਂ ਵਿਚ ਈਸ਼ਵਰ-ਕ੍ਰਿਤ ਤੇ ਵਹਜ਼ ਹਨ। ਪਰ ਮੁਸਲਮਾਨਾਂ ਵਿਚ ਇਕ ਸ਼੍ਰੇਣੀ ਦੇ ਵਿਦਵਾਨ ਜੋ ਕਿ 'ਮੁਤਿਜ਼ਿਲਾ' ਕਹੇ ਜਾਂਦੇ ਹਨ, ਉਨ੍ਹਾਂ ਦਾ ਮਤ ਹੈ ਕਿ ਕੁਰਾਨ ਸ਼ਰੀਫ਼ ਦੇ ਵਾਕ ਈਸ਼ਵਰ ਦੇ ਸ੍ਵੈ-ਉਚਾਰਣ ਕੀਤੇ ਹੋਏ ਸ਼ਬਦ ਨਹੀਂ ਹਨ ਪ੍ਰੰਤੂ ਉਸ ਦੇ ਬਖ਼ਸ਼ੇ ਹੋਏ ਗਿਆਨ ਨੂੰ ਹੀ ਪ੍ਰਗਟਾਉਂਦੇ ਹਨ, ਜਿਸ ਦਾ ਨਾਂ 'ਇਲਹਾਮ' ਹੈ। ਭਾਵ ਇਹ ਕਿ ਈਸ਼ਵਰ ਦੀ ਮਾਤ-ਭਾਸ਼ਾ ਜਾਂ ਸਾਂਸਕ੍ਰਿਤਿਕ ਭਾਸ਼ਾ ਤਾਂ ਅਰਬੀ ਨਹੀਂ ਕਹੀ ਜਾ ਸਕਦੀ, ਪਰ ਕੁਰਾਨ ਸ਼ਰੀਫ਼ ਵਿਚ ਜੋ ਗਿਆਨ ਤੇ ਧਰਮ ਅੰਕਤ ਹੈ, ਉਹ ਸਿੱਧਾ ਈਸ਼ਵਰੀ ਗਿਆਨ ਹੈ। ਗੁਰੂ ਨਾਨਕ ਦਾ ਜੋ ਦਾਹਵਾ ਇਸ ਵਿਸ਼ੇ ਉੱਤੇ ਹੈ, ਉਸ ਬਾਬਤ ਇਹ ਕਹਿਣਾ ਕਠਨ ਹੈ ਕਿ ਉਹ ਗੁਰਵਾਕ ਨੂੰ 'ਵਹਜ਼' ਕਹਿੰਦੇ ਹਨ ਕਿ 'ਇਲਹਾਮ' ਮੰਨਦੇ ਹਨ। ਇਉਂ ਕਹਿਣਾ ਸ਼ਾਇਦ ਵਧੇਰੇ ਠੀਕ ਹੋਵੇ ਕਿ ਉਹ 'ਵਹਜ਼' ਤੇ 'ਇਲਹਾਮ' ਦੇ ਅੰਤਰ ਨੂੰ ਹੀ ਨਿਰਾਧਾਰ ਤੇ ਵਿਤੰਡਾਵਾਦ ਮੰਨਦੇ ਹਨ ਅਤੇ ਈਸ਼ਵਰੀ ਗਿਆਨ ਤੇ ਵਿਧਾਨ ਨੂੰ ਕਿਸੇ ਵਿਸ਼ੇਸ਼ ਭਾਸ਼ਾ ਵਿਚ ਸੀਮਿਤ ਕਰਨ ਨੂੰ ਹੀ ਅਗਿਆਨ-ਆਸ਼੍ਰਤ ਮੰਨਦੇ ਹਨ ਤੇ ਇਹੋ ਵਿਚਾਰ ਉਨ੍ਹਾਂ ਦੇ ਸੰਸਕ੍ਰਿਤ ਬੋਲੀ ਦੇ ਦੇਵ ਬਾਣੀ ਕਹਿਣ ਬਾਬਤ ਤੇ ਵੇਦ-ਵਾਕਾਂ ਦੇ ਈਸ਼ਵਰ-ਕ੍ਰਿਤ ਮੰਨਣ ਬਾਰੇ ਸਨ ਤੇ ਇਹੋ ਮਤ ਉਨ੍ਹਾਂ ਦਾ ਅਰਬੀ ਭਾਸ਼ਾ ਤੇ ਕੁਰਾਨ ਸ਼ਰੀਫ਼ ਦੇ 'ਵਹਜ਼' ਸਿਧਾਂਤ ਬਾਰੇ ਸੀ, ਕਿਉਂਜੁ ਦਸਮ ਗੁਰੂ ਦੇ ਸਰਵ ਪ੍ਰਮਾਣੀਕ ਤੇ ਸੰਸੈ-ਨਿਰੋਧੀ ਬਚਨ ਹਨ :

**ਸਭੈ ਅੱਛਰ ਬਿਦਿਆ ਸਭੈ ਦੇਸ ਬਾਨੀ ॥**
**ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ ॥੧੨॥੨੮੩॥** *(ਦਸਮ ਗ੍ਰੰਥ, ਗਿਆਨ ਪ੍ਰਬੋਧ, ਪੰਨਾ 151)*

ਇਹੋ ਸਿਧਾਂਤ ਤੇ ਵਿਆਖਿਆ ਹੀ ਬੁੱਧੀਵਾਨ ਤੇ ਪੱਖਪਾਤ ਤੋਂ ਰਹਿਤ ਭਲੇ ਪੁਰਸ਼ ਸਵੀਕਾਰ ਕਰ ਸਕਦੇ ਹਨ। ਇਉਂ ਵਿਚਾਰਿਆਂ ਗੁਰੂ ਨਾਨਕ ਦੀ ਪਦਵੀ ਉਸ ਸ਼੍ਰੇਣੀ ਦੇ ਮਹਾਂਪੁਰਖਾਂ ਨਾਲ ਤੁਲਨਾ ਯੋਗ ਹੈ, ਜਿਸ ਨਾਲ ਕਿ ਮਹਾਨ ਅਰਬੀ ਪੈਗ਼ੰਬਰ, ਹਜ਼ਰਤ ਮੁਹੰਮਦ ਦਾ ਸਬੰਧ ਹੈ ਤੇ ਜਿਸ ਸ਼੍ਰੇਣੀ ਦੇ ਇਕ ਪ੍ਰਸਿੱਧ ਰਤਨ ਗੌਤਮ ਬੁੱਧ ਹਨ। ਪਰ ਗੁਰੂ ਨਾਨਕ ਦਾ ਆਪਣੇ ਦਾਹਵੇ ਅਨੁਸਾਰ ਹੀ ਇਨ੍ਹਾਂ ਦੋ ਉਪਰੋਕਤ ਮਹਾਂਪੁਰਖਾਂ ਨਾਲੋਂ ਭੀ ਇਕ ਭਾਰਾ ਅੰਤਰਾ ਹੈ। ਹਜ਼ਰਤ ਮੁਹੰਮਦ ਦਾ ਇਹ ਦਾਹਵਾ ਤਾਂ ਸੀ ਕਿ ਜਿਹੜਾ ਗਿਆਨ ਉਪਦੇਸ਼ ਉਹ ਪ੍ਰਚਾਰਦੇ ਹਨ, ਉਹ ਈਸ਼ਵਰ-ਕ੍ਰਿਤ ਜਾਂ ਈਸ਼ਵਰ ਪ੍ਰੇਰਿਤ ਹੈ, ਪਰ ਉਹ ਨਾਲ ਇਹ ਵੀ ਘੜੀ ਮੁੜੀ ਸਪੱਸ਼ਟ ਤੌਰ 'ਤੇ ਕਹਿੰਦੇ ਸਨ ਕਿ ਇਹ ਗਿਆਨ

ਉਪਦੇਸ਼ ਉਹੋ ਹਨ ਜੋ ਕਿ ਅੱਲ੍ਹਾ ਨੇ ਪ੍ਰਾਚੀਨ ਸਮਿਆਂ ਵਿਚ ਨਬੀ ਇਬਰਾਹੀਮ ਨੂੰ ਦਿੱਤੇ ਸਨ। "ਅਤੇ ਉਨ੍ਹਾਂ ਨੇ ਕਿਹਾ, ਤੁਸੀਂ ਯਾ ਈਸਾਈ ਬਣੋ ਤੇ ਯਾ ਯਹੂਦੀ ਤਾਂ ਜੁ ਤੁਹਾਨੂੰ ਧਰਮ ਪੱਖ ਦੀ ਪ੍ਰਾਪਤੀ ਹੋਵੇ। ਪਰ ਤੂੰ ਕਹਿ, ਇਬਰਾਹੀਮ ਦਾ ਧਰਮ ਅਤੇ ਉਹ ਇਬਰਾਹੀਮ ਦ੍ਵੈਤਵਾਦੀ ਨਹੀਂ ਸੀ।"[1] ਇਵੇਂ ਹੀ ਗੌਤਮ ਬੁੱਧ ਦਾ ਬਚਨ ਹੈ ਕਿ ਜਿਹੜੇ ਧਰਮ ਉਪਦੇਸ਼ ਮੈਂ ਪ੍ਰਚਾਰ ਰਿਹਾ ਹਾਂ, ਉਹ ਉਹੋ ਪ੍ਰਾਚੀਨ ਤੇ ਸਨਾਤਨ ਧਰਮ ਉਪਦੇਸ਼ ਹਨ ਜੋ ਕਿ ਬੁੱਧ ਗਤੀ ਨੂੰ ਪ੍ਰਾਪਤ ਹੋਏ ਹੋਏ ਮਹਾਂਪੁਰਖ ਬੀਤ ਚੁੱਕੇ ਕਲਪਾਂ ਵਿਚ ਪ੍ਰਚਾਰਦੇ ਰਹੇ ਹਨ, "ਏਸ਼ੋ ਧੱਮਮ ਸਨਾਤਮ"। "ਮੈਂ ਪੁਰਾਤਨ ਰਾਹ ਅਨੁਭਵ ਕੀਤਾ। ਉਹ ਪ੍ਰਾਚੀਨ ਪੰਥ ਜੋ ਕਿ ਪੂਰਵ ਬੁੱਧ ਅਪਣਾਉਂਦੇ ਰਹੇ ਹਨ। ਉਹੋ ਧਰਮ ਪੱਥ ਮੈਂ ਫੜ ਲਿਆ ਹੈ।"[2] ਗੁਰੂ ਨਾਨਕ ਦੀ ਬਾਣੀ ਤੇ ਵਾਕਾਂ ਅਤੇ ਬਾਕੀ ਸਿੱਖ ਗੁਰੂਆਂ ਦੀ ਬਾਣੀ ਤੇ ਕਥਨੀ ਵਿਚ ਕੋਈ ਸੰਕੇਤ ਇਸ਼ਾਰਾ ਅਜੇਹਾ ਨਹੀਂ ਹੈ, ਜਿਸ ਤੋਂ ਇਹ ਸਿੱਧ ਹੋਵੇ ਕਿ ਉਹ ਆਪਣੇ ਗਿਆਨ ਤੇ ਆਪਣੀ ਸ਼ਰੁਤੀ ਅਥਵਾ ਆਪਣੇ ਇਲਹਾਮ ਦੀ ਸੱਤਯ ਸਿਧੀ ਨੂੰ ਕਿਸੇ ਹੋਰ ਬਾਣੀ ਜਾਂ ਇਲਹਾਮ ਉੱਤੇ ਆਧਾਰਤ ਜਾਂ ਆਸ਼ਰਤ ਮੰਨਦੇ ਹਨ। ਉਹ ਆਪਣੀ ਬਾਣੀ ਨੂੰ ਸਿੱਧਾ ਈਸ਼ਵਰ-ਪ੍ਰੇਰਤ ਤੇ ਈਸ਼ਵਰੋਤਪਤ ਗਿਆਨ ਤੇ ਧਰਮ ਹੋਣ ਦਾ ਦਾਹਵਾ ਕਰਦੇ ਹਨ ਅਤੇ ਉਸਦੀ ਸੱਤਯ ਸਿਧੀ ਦੀ ਸਾਖੀ ਕਿਸੇ ਹੋਰ ਵਾਕ ਜਾਂ ਇਲਹਾਮ ਨੂੰ ਨਹੀਂ ਬਿਆਨਦੇ। ਇਸ ਦਾ ਭਾਵ ਇਹ ਨਹੀਂ ਹੈ ਕਿ ਜੋ ਉਪਦੇਸ਼ ਗਿਆਨ ਗੁਰੂ ਨਾਨਕ ਨੇ ਪ੍ਰਚਾਰਿਆ, ਉਸ ਦਾ ਯਾ ਉਸਦੇ ਵਿਕੋਲਿਤਰੇ ਰੂਪਾਂ ਦਾ ਪੰਦਰ੍ਹਵੀਂ ਸਦੀ ਈਸਵੀ ਤੋਂ ਪਹਿਲਾਂ ਅਭਾਵ ਸੀ। ਹੋ ਸਕਦਾ ਹੈ ਤੇ ਇਉਂ ਹੈ ਕਿ ਜੋ ਗਿਆਨ ਉਪਦੇਸ਼ ਗੁਰੂ ਨਾਨਕ ਰਾਹੀਂ ਜਗਤ ਦੇ ਕਲਿਆਣ ਹਿਤ ਪੰਦਰ੍ਹਵੀਂ ਸਦੀ ਈਸਵੀ ਵਿਚ ਉਤਰਿਆ, ਉਹ ਯਾ ਉਸਦੇ ਢੇਰ ਸਾਰੇ ਅੰਸ਼ ਪਹਿਲੋਂ ਵੀ ਪ੍ਰਾਚੀਨ ਸਮਿਆਂ ਤੋਂ ਸੰਸਾਰ ਵਿਚ ਪ੍ਰਗਟ ਸਨ, ਪਰ ਇਸ ਦਾ ਕਾਰਣ ਇਹ ਹੈ ਕਿ ਜਿਵੇਂ ਕਿ ਯੂਰਪੀਨ ਸੰਤ ਅੰਬਰੋਸ ਦਾ ਵਚਨ ਹੈ: "ਜੋ ਕੁਝ ਵੀ ਸੂਤੇ-ਸਿਧ ਤੇ ਸਤ ਹੈ ਉਹ ਜਿਸ ਕਿਸੇ ਨੇ ਵੀ ਕਿਹਾ ਹੈ, ਉਸ ਦੀ ਪ੍ਰੇਰਨਾ ਈਸ਼ਵਰ ਸ਼ਕਤੀ (Holy Ghost) ਹੀ ਹੈ।"[3] ਨੁਕਤਾ ਕੇਵਲ ਇਤਨਾ ਹੀ ਹੈ ਕਿ ਗੁਰੂ ਨਾਨਕ ਦੇ ਗਿਆਨ ਉਪਦੇਸ਼ਾਂ ਦਾ ਮੂਲ ਸੋਮਾ ਕੋਈ ਅਨਯ ਧਰਮ ਗਿਆਨ ਨਹੀਂ, ਸਗੋਂ ਉਹ ਸਿੱਧੇ ਈਸ਼ਵਰ-ਸ੍ਰਿਸ਼ਟ ਤੇ ਈਸ਼ਵਰ-ਪ੍ਰੇਰਤ ਵਾਕ ਹਨ ਅਤੇ ਨਾ ਹੀ ਗੁਰੂ ਨਾਨਕ ਦੀ ਬਾਣੀ ਤੇ ਗਿਆਨ ਉਪਦੇਸ਼ਾਂ ਦੀ ਸਨਦ ਤੇ ਸਾਖੀ ਕੋਈ ਹੋਰ ਅਨਯ ਸ਼ਰੁਤੀ-ਗ੍ਰੰਥ, ਇਲਹਾਮੀ ਕਿਤੇਬਾਂ, ਯਾ ਕੋਈ ਹੋਰ ਪ੍ਰਾਚੀਨ ਸਨਾਤਨ ਅਨੁਭਵ ਤੇ ਪੂਰਵ ਪ੍ਰਚਲਿਤ ਪ੍ਰਥਾ ਹੈ। ਇਹ ਉਪਦੇਸ਼ ਗਿਆਨ, ਸਿੱਧੇ ਈਸ਼ਵਰ-ਸ੍ਰਿਸ਼ਟ, ਸੂਤੇ-ਸਿਧ ਤੇ ਆਪਣੀ ਸਨਦ ਸਾਖੀ ਆਪ ਹੀ ਹਨ। ਇਉਂ ਵਿਚਾਰਿਆਂ, ਗੁਰੂ ਨਾਨਕ ਦੀ ਪਦ-ਪਦਵੀ, ਵੈਦਿਕ ਰਿਸ਼ੀਆਂ, ਭਾਰਤੀ ਬੁੱਧਾਂ, ਤੀਰਥੰਕਰਾਂ ਤੇ ਸਾਮੀ ਨਬੀਆਂ ਪੈਕੰਬਰਾਂ ਨਾਲੋਂ ਸਪੱਸ਼ਟ ਭਿੰਨ ਤੇ ਸ੍ਰੇਸ਼ਟ ਦਿੱਸ ਆਉਂਦੀ ਹੈ, ਤੇ ਕੁਝ ਇਹੋ ਜਿਹੇ ਵਿਚਾਰਾਂ ਤੇ ਉਕਤੀਆਂ ਯੁਕਤੀਆਂ ਨੇ ਹੀ ਮਹਾਂ ਕਵੀ ਸੰਤੋਖ ਸਿੰਘ ਦੇ ਮਨ ਨੂੰ ਪ੍ਰਭਾਵਤ ਕੀਤਾ ਹੋਵੇਗਾ, ਜਦੋਂ ਕਿ ਉਸ ਨੇ ਕਿਹਾ ਕਿ "ਸ੍ਰੀ ਨਾਨਕ ਪੁਰਸ਼ੋਤਮੰ ਪਰਮ ਪਰਾਵਰ ਨਾਥ।"[4] ਭਾਵਾਰਥ ਇਹ ਕਿ 'ਰ', 'ਵ', 'ਰ', ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਤੋਂ ਪਰੇ

---

1. *ਕੁਰਾਨ* ੨.੧੩੫.
2. *ਸਮਯੁਤਨਿਕਾਯ* ੨.੧੦੬.
3. St. Ambrose in I. Corinth. 12.3, endorsed by St. Thomas Acquines Sum Theol. I.II. 109.I
4. *ਨਾਨਕ ਪ੍ਰਕਾਸ਼* ।

ਤੇ ਉੱਚੇ, ਸ਼ੁੱਧ ਤੇ ਤੀਰਥੰਕਰ ਜੋ ਪਰਾਵਰ ਕਹੀਦੇ ਹਨ, ਉਨ੍ਹਾਂ ਦੇ ਨਾਥ ਗੁਰੂ ਨਾਨਕ ਹਨ। ਸੋ, ਇਹ ਪਦਵੀ ਜੋ ਗੁਰੂ ਨਾਨਕ ਦੀ ਮਹਾਂਕਵੀ ਨੇ ਕਹੀ ਹੈ, ਇਹ ਵਾਸਤਵਕ ਬਚਨ ਹੈ, ਐਵੇਂ ਕਾਵਯ ਅਤਿਕਥਨੀ ਯਾ ਸ਼ਾਇਰ ਦਾ ਮੁਬਾਲਗ਼ਾ ਨਹੀਂ ਹੈ। ਇਹ ਮਹਾਂਕਵੀ ਦੀ ਕਥੀ ਹੋਈ ਪਦਵੀ, ਉਹੋ ਵਾਸਤਵਕ ਕਥਨੀ ਹੈ, ਜਿਸ ਦੀ ਕਿ ਗੁਰੂ ਨਾਨਕ ਦੇ ਆਪਣੇ ਦਾਹਵੇ ਤੋਂ ਪੁਸ਼ਟੀ ਹੁੰਦੀ ਹੈ। ਇਸ ਪਦ-ਪਦਵੀ ਦਾ ਮਾਰਟਨ ਲੂਥਰ ਦੀ ਪਦਵੀ ਨਾਲ ਮੁਕਾਬਲਾ ਕਰਨਾ ਯਾ ਸੰਤੁਲਨਾ ਦੇਣੀ ਭਾਰੀ ਭੁੱਲ ਤੇ ਅਵੱਗਿਆ ਹੈ। ਮਾਰਟਨ ਲੂਥਰ ਨੇ ਕਿਸੇ ਸਮੇਂ ਅਤੇ ਕਿਵੇਂ ਭੀ ਰਿਸ਼ੀ, ਸ਼ਰੁਤੀ ਦਾ ਸੰਚਾਲਕ ਯਾ ਨਬੀ ਪੈਕੰਬਰ ਹੋਣ ਦਾ ਦਾਹਵਾ ਨਹੀਂ ਕੀਤਾ, ਸਗੋਂ ਉਹ ਆਯੂ ਪ੍ਰਯੰਤ ਆਪਣੇ ਆਪ ਨੂੰ ਅੰਜੀਲ ਦਾ ਅਨੁਯਾਈ ਤੇ ਈਸਾਈ ਪੰਥ ਦਾ ਤੁੱਛ ਸੇਵਕ ਕਹਿੰਦਾ ਤੇ ਸਮਝਦਾ ਰਿਹਾ। ਉਸ ਨੇ ਕੇਵਲ ਅੰਜੀਲ ਤੇ ਈਸਾਈ ਮਤ ਦੇ ਕੁਝ ਸਿਧਾਂਤਾਂ ਤੇ ਰਹੁ-ਰੀਤਾਂ ਦੀ ਅਜੇਹੀ ਵਿਆਖਿਆ ਕੀਤੀ ਜੋ ਕਿ ਰੋਮ ਦੇ ਸ੍ਰੀ ਮਹੰਤ ਪੋਪ ਨੂੰ ਸਵੀਕਾਰ ਨਹੀਂ ਸੀ। ਇਸ ਲਈ ਉਸ ਦੀ ਪਦਵੀ ਉਹੋ ਹੈ ਜੋ ਸਨਾਤਨ ਹਿੰਦੂ ਮਤ ਵਿਚ ਸ਼ੰਕ੍ਰਾਚਾਰਯ, ਮਾਧਵਾਚਾਰਯ ਤੇ ਰਾਮਾਨੁਜਾਚਾਰਯ ਦੀ ਹੈ, ਜਿਨ੍ਹਾਂ ਨੇ ਕਿ ਬਦ੍ਰਾਯਣ ਰਿਸ਼ੀ ਦੇ ਰਚੇ ਹੋਏ ਬ੍ਰਹਮ ਸੂਤਰਾਂ ਦੀ ਵਿਆਖਿਆ ਵੱਖੋ-ਵੱਖਰੀ ਕੀਤੀ ਹੈ, ਜਿਸ ਦਾ ਸਿੱਟਾ ਕਿ ਅਦ੍ਵੈਤਵਾਦ, ਦ੍ਵੈਤਵਾਦ ਤੇ ਵਸ਼ਿਸ਼ਟ ਦ੍ਵੈਤਵਾਦ ਦੇ ਸਿਧਾਂਤ ਹਨ। ਇਹ ਆਚਾਰਯ ਆਪਣੇ ਸਿਧਾਂਤਾਂ ਦੀ ਸਿੱਧੀ ਤੇ ਪੁਸ਼ਟੀ ਦੀ ਸਨਦ ਬ੍ਰਹਮਸੂਤ੍ਰਾਂ ਨੂੰ ਹੀ ਮੰਨਦੇ ਹਨ ਤੇ ਕਿਸੇ ਸੰਭਵ ਗਿਆਨ ਦੇ ਸੰਚਾਲਕ ਹੋਣ ਦਾ ਦਾਹਵਾ ਇਹ ਆਚਾਰਯ ਨਹੀਂ ਕਰਦੇ। ਇਉਂ ਮਾਰਟਨ ਲੂਥਰ ਵੀ ਇਕ ਈਸਾਈ ਆਚਾਰਯ ਹੈ ਤੇ ਗੁਰੂ ਨਾਨਕ ਨਾਲ ਉਸ ਨੂੰ ਤੁਲਣਾ ਦੇਣੀ ਇਕ ਵੱਡਾ ਭੁਲੇਖਾ ਹੈ।

(2) ਗੁਰੂ ਨਾਨਕ ਦਾ ਕਰਮ ਖੇਤਰ, ਮਾਰਟਨ ਲੂਥਰ ਦੇ ਕਰਮ ਖੇਤਰ ਨਾਲੋਂ ਬਿਲਕੁਲ ਵੱਖਰਾ ਤੇ ਭਿੰਨ ਹੈ, ਕਿਉਂਜੁ ਮਾਰਟਨ ਲੂਥਰ ਕੇਵਲ ਆਪਣੇ ਸਮੇਂ ਤੇ ਆਪਣੇ ਚੌਗਿਰਦੇ ਵਿਚ ਉੱਗਮ ਤੇ ਪ੍ਰਿਯ ਬਣ ਰਹੇ ਵਿਚਾਰਾਂ ਦਾ ਕੇਵਲ ਪ੍ਰਤਿਨਿਧ ਹੀ ਸੀ, ਕਿਸੇ ਨਵੀਨ ਵਿਚਾਰਧਾਰਾ ਦਾ ਸੰਚਾਲਕ ਨਹੀਂ ਸੀ। ਤਾਂ ਹੀ ਉਸ ਨੂੰ ਝੱਟ-ਪੱਟ ਜਨਤਾ ਤੇ ਰਾਜੇ ਰਾਣਿਆਂ ਦੀ ਹਮਾਯਤ ਪ੍ਰਾਪਤ ਹੋ ਗਈ ਤੇ ਪ੍ਰੋਟੈਸਟੈਂਟ ਸੰਪਰਦਾ ਦਿਨਾਂ ਵਿਚ ਹੀ ਸਰਵ-ਪ੍ਰਿਯ ਲਹਿਰ ਦਾ ਰੂਪ ਧਾਰਨ ਕਰ ਗਈ। ਇਸ ਦੇ ਉਲਟ ਗੁਰੂ ਨਾਨਕ ਦਾ ਉਪਦੇਸ਼ਿਆ ਧਰਮ ਗਿਆਨ, ਉਸ ਸਮੇਂ ਤੇ ਗੁਰੂ ਨਾਨਕ ਦੇ ਚੌਗਿਰਦੇ ਵਿਚ ਪਹਿਲੋਂ ਤੋਂ ਪ੍ਰਚਲਿਤ ਤੇ ਪ੍ਰਿਯ ਧਰਮ ਗਿਆਨ ਨਹੀਂ ਸੀ, ਸਗੋਂ ਇਕ ਨਵੀਂ ਜੀਵਨ-ਜਾਚ, ਇਕ ਵੱਖਰਾ ਧਰਮ ਤੇ ਇਕ ਅਨੂਠਾ ਪੰਥ ਮਾਰਗ ਸੀ, ਜਿਸ ਕਾਰਨ ਸਿੱਖੀ ਤੇ ਸਿੱਖਾਂ ਨੂੰ ਕੇਵਲ ਜੀਵਨ ਅਧਿਕਾਰ ਪ੍ਰਾਪਤ ਕਰਨ ਲਈ ਡੇਢ ਸੌ ਵਰ੍ਹੇ ਤਕ ਬਲੀਦਾਨ ਦੇਣਾ ਪਿਆ ਤੇ ਸਿਰ ਤਲੀ ਉੱਤੇ ਰੱਖ ਕੇ ਸਿੱਖੀ ਮਾਰਗ ਉੱਤੇ ਤੁਰਨਾ ਪਿਆ।

(3) ਜਿਸ ਧਰਮ ਗਿਆਨ ਦਾ ਉਪਦੇਸ਼ ਗੁਰੂ ਨਾਨਕ ਨੇ ਪ੍ਰਚਾਰਿਆ, ਉਸ ਦੀ ਵਿਚਾਰ ਸਾਮੱਗਰੀ (conceptual content) ਉਸ ਸ਼੍ਰੇਣੀ ਨਾਲੋਂ ਕਿਤੇ ਵੱਖਰਾ ਹੈ, ਜਿਸ ਸ਼੍ਰੇਣੀ ਦੀ ਕਿ ਮਾਰਟਨ ਲੂਥਰ ਦੀ ਵਿਚਾਰਧਾਰਾ ਹੈ। ਮਾਰਟਨ ਲੂਥਰ ਦੇ ਵਿਚਾਰਾਂ ਨੇ ਪ੍ਰਚਲਿਤ ਈਸਾਈ ਮਤ ਨੂੰ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਅਤੇ ਉਸ ਨੂੰ ਕਈ ਨਵੀਆਂ ਪਗਡੰਡੀਆਂ ਦਰਸਾਈਆਂ, ਜਿਨ੍ਹਾਂ ਉੱਤੇ ਚੱਲ ਕੇ ਯੂਰਪ ਦੇ ਈਸਾਈ ਦੇਸ਼ ਆਧੁਨਿਕ ਸਮਾਜਕ ਯੁਗ ਦੇ ਮੋਹਰੀ ਬਣ ਗਏ ਹਨ। ਪਰ ਜੋ ਗਿਆਨ ਉਪਦੇਸ਼ ਗੁਰੂ ਨਾਨਕ ਨੇ ਜਗਤ ਨੂੰ ਦਿੱਤਾ, ਉਸਦੇ ਵਿਚਾਰ-ਕੋਸ਼ ਵਿਚ ਇਕ ਨਵੇਂ ਯੁਗ ਤੇ ਨਵੀਂ ਵਿਸ਼ਵ-

ਸੱਭਿਅਤਾ ਨੂੰ ਨਿਰਮਤ ਤੇ ਉਜਾਗਰ ਕਰਨ ਦੀ ਸ਼ਕਤੀ ਹੈ, ਜਿਹੜੀ ਪ੍ਰਮਾਣੂ ਸ਼ਕਤੀ ਕਿ ਅਜੇ ਤਕ ਕੁਝ ਰਾਜ ਭੂਗੋਲਿਕ (geophysical) ਕਾਰਨਾਂ ਕਰਕੇ ਪ੍ਰਚਲਿਤ ਨਹੀਂ ਹੋ ਸਕੀ। ਪਰ ਜਿਸ ਦੀ ਹੋਂਦ ਤੇ ਪ੍ਰਾਲਬਧਤਾ ਵਿਚ ਕਿਸੇ ਦੀਰਘ ਧੀਮਾਨ ਪੁਰਸ਼ ਨੂੰ ਸੰਸਾ ਨਹੀਂ ਹੋ ਸਕਦਾ।

ਇਹ ਤਿੰਨ ਮੋਟੇ ਅੰਤਰੇ ਗੁਰੂ ਨਾਨਕ ਦੀ ਪਦ-ਪਦਵੀ ਤੇ ਵਿਚਾਰ-ਧਾਰਾ ਅਤੇ ਮਾਰਟਨ ਲੂਥਰ ਵਿਚਕਾਰ ਐਸੇ ਮੌਲਕ ਤੇ ਬੁਨਿਆਦੀ ਹਨ ਕਿ ਦੋਹਾਂ ਨੂੰ ਕਿਸੇ ਅੰਗ ਤੋਂ ਵੀ ਸੰਤੁਲਤ ਕਰਨਾ ਇਕ ਭਾਰੀ ਭੁੱਲ ਹੈ। ਬਿਨਾਂ ਮੁਬਾਲਗੇ ਦੇ ਤੇ ਸੱਚੀ ਗੱਲ ਤਾਂ ਇਹੋ ਹੈ ਕਿ ਗੁਰੂ ਨਾਨਕ ਦੀ ਪਦਵੀ ਦੀ ਸ੍ਰੇਸ਼ਟਤਾ ਤੇ ਉਨ੍ਹਾਂ ਦੇ ਗਿਆਨ ਵਿਚਾਰਾਂ ਦੀ ਸਰਵੱਗਯ ਸ਼ਕਤੀ ਅਸੰਤੁਲਤ ਤੇ ਅਦੁੱਤੀ ਹੈ।

*ਭਵਿਸ਼ਯ ਪੁਰਾਣ* ਦੇ ਅਨੁਭਵੀ ਕਰਤਾ ਨੇ ਜੋ ਕਿਹਾ ਹੈ ਕਿ :

ਤਦਾ ਵੈ ਲੋਕ ਰਖਯਾਰਥੰ ਮੱਲੇਛਾਨਾ ਨਾਸ਼ ਹੇਤਵੇ।
ਪਸਿਚਮੇ ਤੁ ਸ਼ੁਭੇ ਦੇਸ਼ੇ, ਵੇਦੀ ਵੰਸ਼ੇ ਚ ਨਾਨਕੋ।੩੪।

ਇਹ ਬਹੁਤ ਹੱਦ ਤਕ ਠੀਕ ਸਮੀਖਿਆ ਗੁਰੂ ਨਾਨਕ ਦੀ ਪਦਵੀ ਤੇ ਕਰਮ ਖੇਤਰ ਦੀ ਹੈ। ਗੁਰੂ ਨਾਨਕ ਦੀ ਪਦਵੀ ਉਸ ਰਾਹਨੁਮਾ ਦੀ ਹੈ, ਜਿਸ ਨੇ ਮਨੁੱਖ ਜਾਤੀ ਦੀ ਹਰ ਪ੍ਰਕਾਰ ਦੇ ਪਾਪ ਅਨਯਾ ਤੋਂ ਰਖਸ਼ਾ ਕਰਨ ਹਿਤ ਅਤੇ ਮਲੇਛ ਸ਼ਕਤੀਆਂ ਦਾ ਪ੍ਰਹਾਰ ਕਰਨ ਹਿੱਤ ਆਪਣੇ ਧਰਮ ਗਿਆਨ ਦਾ ਉਪਦੇਸ਼ ਦਿੱਤਾ।

# ਯਾਸਾ ਅਤੇ ਗੁਰੂ ਅਰਜਨ

ਗੁਰੂ ਅਰਜਨ ਬਾਬਤ ਮੁਗ਼ਲ ਸ਼ਹਿਨਸ਼ਾਹ ਜਹਾਂਗੀਰ ਨੇ ਆਪਣੀ ਡਾਇਰੀ *ਤੋਜ਼ਕਿ ਜਹਾਂਗੀਰੀ* ਵਿਚ ਇਉਂ ਲਿਖਿਆ ਹੈ :

> "ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਯਾਏ ਬਿਆਹ ਵਾਕਿ ਅਸਤ, ਹਿੰਦੂਏ ਬੂਦ, ਅਰਜਨ ਨਾਮ, ਦਰ ਲਿਬਾਸੇ ਪੀਰੀ-ਓ-ਸ਼ੇਖੀ। ਚੁਨਾਂਚਿ ਬਿਸਯਾਰੇ ਅਜ਼ ਸਾਦਾ ਲੌਹਾਨੇ ਹਨੂਦ, ਬਲਕਿ ਨਾਦਾਨੋ ਸਫੀਹਾਨੇ ਇਸਲਾਮ ਰਾ ਮੁਕੱਯਦੇ ਅਤਵਾਰੋ ਔਜ਼ਾਏ ਖ਼ੁਦ ਸਾਖਤਾ ਕੂਸੇ ਪੀਰੀ-ਓ-ਵਲਾਯਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੀ ਗੁਫਤੰਦ ਵ ਅਜ਼ ਅਤਰਾਫੋ ਜਵਾਨਿਬ ਗੋਲਾਨੋ ਗੂਲ ਪਰੱਸਤਾਂ ਬਦੂ ਰਜੂਹ ਆਵੁਰਦਾ ਇਹਤਕਾਦੇ ਤਮਾਮ ਬ ਊ ਅਜ਼ਹਾਰ ਮੀ ਕਰਦੰਦ। ਅਜ਼ ਸੀਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੀ ਦਾਸ਼ਤੰਦ। ਮੁੱਦਤਹਾ ਬਖਾਤਰ ਮੀ ਗੁਜ਼ੱਸ਼ਤ ਕਿ ਈਂ ਦੁਕਾਨੀ ਬਾਤਲ ਰਾ ਬਰਤਰਫ਼ ਮੀ ਬਾਯਦ ਸਾਖਤ, ਯਾ ਊ ਰਾ ਦਰ ਜਿਰਗਾਏ ਅਹਲੀ ਇਸਲਾਮ ਦਰ ਬਾਯਦ ਆਵੁਰਦ। ਤਾ ਆਂ ਕਿ ਦਰੀਂ ਅੱਯਾਮ ਖਿਸਰੌ ਦਰੀਂ ਰਾਹ ਅਬੂਰ ਮੀਨਮੂਦ। ਈਂ ਮਰਦਕੇ ਮਜਹੂਲ ਇਰਾਦਾ ਕਰਦ ਕਿ ਮੁਲਾਜ਼ਮਤੇ ਊ ਰਾ ਦਰਯਾਬਦ। ਦਰ ਮੰਜ਼ਲੇ ਕਿ ਜਾ ਵ ਮੁਕਾਮੇ ਊ ਬੂਦ, ਖਿਸਰੌ ਰਾ ਨਜ਼ੂਲ ਉਫਤਾਦ, ਆਮਦਹ ਊ ਰਾ ਦੀਦ ਵ ਬਾਹਜ਼ੇ ਮੁਕੱਦਮਾਤੇ ਫਰਾਯਾਫਤਾ ਬ ਊ ਰਸਾਨੀਦ ਵ ਬਰ ਪੇਸ਼ਾਨੀਏ ਊ ਅੰਗੁਸ਼ਤੇ ਅਜ਼ ਜ਼ਾਹਫਰਾਨ ਕਿ ਬ ਇਸਤਲਾਹੇ ਹਿੰਦੂਆਂ 'ਕਸ਼ਕਾ' ਗੂਇੰਦ, ਵਾ ਆਂ ਰਾ ਸ਼ਗੂਨ ਮੀ ਦਾਨੰਦ। ਚੂੰ ਈਂ ਮੁਕੱਦਮਾ ਬਸਮਾਹੇ ਜਾਹੋ ਜਲਾਲ ਮੀਰਸੀਦ, ਵ ਬੁਤਲਾਨੇ ਊ ਰਾ ਬਵੱਜ੍ਹਾ ਅਕਮਲ ਮੀ ਦਾਨਿੱਸਤਮ, ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖਤੰਦ ਵ ਮਸਾਕਿਨ ਵ ਮਨਾਜ਼ਲ ਵ ਫਰਜ਼ਦਾਨੇ ਊ ਰਾ ਬ ਮੁਰਤਜ਼ਾ ਖਾਂ ਇਨਾਯਤ ਨਮੂਦਮ ਵ ਅਸਬਾਬੋ ਅਮਵਾਲੇ ਊ ਰਾ ਬਕੈਦੇ ਜ਼ੱਬਤ ਦਰ ਆਵੁਰਦਹ ਫਰਮੂਦਮ ਕਿ ਊ ਰਾ ਬ ਸਿਯਾਸਤ-ਵ-ਬ-ਯਾਸਾ ਰਸਾਨੰਦ।"[1]

ਜਹਾਂਗੀਰ ਦੇ ਇਸ ਹੁਕਮ ਕਿ ਗੁਰੂ ਅਰਜਨ ਨੂੰ 'ਯਾਸਾ' ਅਨੁਸਾਰ ਦੰਡ ਦਿੱਤਾ ਜਾਵੇ, ਦੇ ਕੀ ਅਰਥ ਹਨ ? *ਤੋਜ਼ਕਿ ਜਹਾਂਗੀਰੀ* ਦੇ ਉਲਥਾਉਣ ਵਾਲਿਆਂ ਅਤੇ ਸਿੱਖ ਤਵਾਰੀਖ਼ ਦੇ ਲਿਖਾਰੀਆਂ[2] ਨੇ 'ਯਾਸਾ' ਦਾ ਅਰਥ 'ਤਸੀਹਾ' ਯਾ 'ਤਸੀਹੇ' ਹੀ ਕੀਤਾ ਹੈ ਅਤੇ ਇਉਂ ਕਿਹਾ ਗਿਆ ਹੈ ਕਿ 'ਯਾਸਾ' ਤੁਰਕੀ ਬੋਲੀ ਦਾ ਸ਼ਬਦ ਹੈ, ਜਿਸ ਦੇ ਕਿ ਅਰਥ ਹਨ : ਤਸੀਹਾ, ਦੁੱਖ, ਸਰੀਰਕ ਕਸ਼ਟ, ਆਦਿ। ਇਹ ਗੱਲ ਕੇਵਲ ਫ਼ਾਰਸੀ ਬੋਲੀ

---

1. ਦੇਖੋ, *ਤੋਜ਼ਕਿ ਜਹਾਂਗੀਰੀ*, ਨੱਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ਾ 35 (ਫ਼ਾਰਸੀ)।
2. ਦੇਖੋ, *A Short History of the Sikhs*, by Teja Singh & Ganda Singh, Vol. I, Orient Longmans, 1950, ਸਫ਼ਾ 34, ਜਿਥੇ 'ਤੋਜ਼ਕਿ' ਦੀਆਂ ਉਨ੍ਹਾਂ ਸਤਰਾਂ, ਜਿਨ੍ਹਾਂ ਵਿਚ ਕਿ 'ਯਾਸਾ' ਸ਼ਬਦ ਆਉਂਦਾ ਹੈ, ਦਾ ਤਰਜਮਾ ਇਉਂ ਕੀਤਾ ਹੋਇਆ ਹੈ : I ordered that.....he should be put to death with tortures.

ਦੀਆਂ ਡਿਕਸ਼ਨਰੀਆਂ ਤੇ ਕੋਸ਼ਾਂ ਦੇ ਆਧਾਰ 'ਤੇ ਹੀ ਮਿੱਥ ਲਈ ਗਈ ਹੈ। ਇਹ ਨਹੀਂ ਵਿਚਾਰਿਆ ਗਿਆ ਕਿ ਤੁਰਕੀ ਯਾ ਵਾਸਤਵ ਵਿਚ ਮੰਗੋਲੀ ਭਾਸ਼ਾ ਦਾ ਸ਼ਬਦ 'ਯਾਸਾ', ਫ਼ਾਰਸੀ ਬੋਲੀ ਵਿਚ ਆਉਣ ਤੋਂ ਪਹਿਲਾਂ ਕੀ ਅਰਥ ਰੱਖਦਾ ਸੀ। ਇਹ ਨਹੀਂ ਸੋਚਿਆ ਗਿਆ ਕਿ *ਤੋਜ਼ਕਿ ਜਹਾਂਗੀਰੀ* ਦੇ ਲਿਖਣ ਵਾਲਾ ਇਕ ਮੰਗੋਲ ਨਸਲ ਦਾ ਸ਼ਹਿਨਸ਼ਾਹ ਹੈ ਅਤੇ 'ਯਾਸਾ' ਸ਼ਬਦ ਮੰਗੋਲ ਸ਼ਹਿਨਸ਼ਾਹੀਯਤ ਤੇ ਉਸਦੇ ਆਦਰਸ਼ਾਂ ਦਾ ਧੁਰਵਾ ਹੈ ਤੇ ਇਸ ਲਈ ਜਹਾਂਗੀਰ ਦੇ ਲਿਖੇ ਹੋਏ 'ਯਾਸਾ' ਦੇ ਅਰਥ ਉਹ ਹੀ ਹੋ ਸਕਦੇ ਹਨ ਜੋ ਮੰਗੋਲ ਸ਼ਹਿਨਸ਼ਾਹ ਸਮਝਦੇ ਰਹੇ ਹਨ। ਇਸ ਭੁਲੇਖੇ ਕਾਰਨ ਇਉਂ ਇਹ ਮੰਨ ਲਿਆ ਗਿਆ ਹੈ ਕਿ ਸ਼ਹਿਨਸ਼ਾਹ ਜਹਾਂਗੀਰ ਦਾ ਸ਼ਾਹੀ ਹੁਕਮ, ਗੁਰੂ ਅਰਜਨ ਬਾਰੇ ਇਹ ਸੀ ਕਿ ਗੁਰੂ ਨੂੰ ਅੱਤ ਦੇ ਸਰੀਰਕ ਕਸ਼ਟ ਦੇ ਕੇ ਮਾਰ ਦਿੱਤਾ ਜਾਵੇ। ਇਹ ਸ਼ਾਹੀ ਹੁਕਮ ਸਰਕਾਰੀ ਅਹਿਲਕਾਰ, ਮੁਰਤਜ਼ਾ ਖ਼ਾਨ ਦੇ ਨਾਮ ਜਾਰੀ ਹੋਇਆ ਅਤੇ ਸਮਕਾਲੀ ਯਾ ਪਿਛਲੇਰੇ ਸਿੱਖ ਤਵਾਰੀਖ਼ ਦੇ ਲਿਖਾਰੀਆਂ ਦੇ ਲਿਖੇ ਅਨੁਸਾਰ ਸਰਕਾਰੀ ਮੁਨਸ਼ੀ ਖ਼ਾਨੇ ਦੇ ਕਿਸੇ ਕਲਰਕ ਯਾ 'ਦੀਵਾਨ' ਚੰਦੂ ਸ਼ਾਹ ਨਾਮੀ ਨੇ ਜਿਸ ਦਾ ਕਿ ਗੁਰੂ ਅਰਜਨ ਨਾਲ ਘਰੋਗੀ ਝਗੜਾ ਸੀ, ਗੁਰੂ ਸਾਹਿਬ ਨੂੰ ਅੱਤ ਦੇ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ।

*ਤੋਜ਼ਕਿ ਜਹਾਂਗੀਰੀ* ਦੀ ਉਪਰ ਦਿੱਤੀ ਲਿਖਤ ਦੇ ਪ੍ਰਗਟ ਹੋਣ ਤੋਂ ਪਹਿਲਾਂ ਤਾਂ ਸਿੱਖ ਤਵਾਰੀਖ਼ ਦੇ ਲਿਖਾਰੀਆਂ ਤੇ ਪੜ੍ਹਨ ਵਿਚਾਰਨ ਵਾਲਿਆਂ ਅਤੇ ਸਿੱਖਾਂ ਦਾ ਇਹੋ ਪ੍ਰਪੱਕ ਵਿਸ਼ਵਾਸ ਸੀ, ਜੁ ਗੁਰੂ ਅਰਜਨ ਨੂੰ ਸ਼ਹੀਦ ਕਰਨ ਦੀ ਸਾਰੀ ਜ਼ੁੰਮੇਵਾਰੀ 'ਦੀਵਾਨ' ਚੰਦੂ ਸ਼ਾਹ ਉੱਤੇ ਹੈ ਅਤੇ ਮੁਗ਼ਲ ਹਕੂਮਤ ਦਾ ਇਸ ਸਾਕੇ ਵਿਚ ਸਿੱਧਾ ਯਾ ਵਿੰਗਾ ਕੋਈ ਹੱਥ ਨਹੀਂ ਸੀ। ਕਾਰਨ ਇਸ ਸਾਕੇ ਦਾ, ਚੰਦੂ ਸ਼ਾਹ ਦੀ, ਗੁਰੂ ਅਰਜਨ ਤੋਂ ਘਰੋਗੀ ਝਗੜਿਆਂ ਦਾ ਬਦਲਾ ਲੈਣ ਦੀ ਇੱਛਾ ਮੰਨ ਲਈ ਗਈ ਸੀ, ਤੇ ਬੱਸ ! ਇਹ ਹੁਣ ਸਪੱਸ਼ਟ ਹੈ ਜੁ ਗੁਰੂ ਅਰਜਨ ਦੀ ਸ਼ਹੀਦੀ ਦੇ ਸਾਕੇ ਬਾਰੇ ਇਹ ਭੁਲੇਖਾ ਸਿੱਖ ਸੰਗਤਾਂ ਵਿਚ ਮੁੱਢੋਂ ਹੀ ਨਹੀਂ ਸੀ, ਕਿਤੇ ਪਿੱਛੋਂ ਜਾ ਕੇ ਪਾਇਆ ਯਾ ਪਿਆ ਜਾਪਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਪਿੱਛੋਂ ਦੇ ਸਮੇਂ ਵਿਚ *ਬੰਸਾਵਲੀ ਨਾਮਾ* ਲਿਖਣ ਵਾਲਾ, ਕੇਸਰ ਸਿੰਘ ਛਿੱਬਰ ਇਸ ਗੱਲ ਨੂੰ ਜਾਣਦਾ ਸੀ ਕਿ ਗੁਰੂ ਦੀ ਸ਼ਹੀਦੀ ਵਿਚ ਮੁਗ਼ਲ ਹਕੂਮਤ ਦਾ ਹੱਥ ਹੈ। ਉਹ ਕਹਿੰਦਾ ਹੈ :

ਖੱਖੇ ਦਾ ਖੱਖਾ ਵੈਰੀ, ਮੁੱਢ ਤੋਂ ਹੋਂਦਾ ਆਇਆ।
ਆਪਣਿਆਂ ਨੇ ਧ੍ਰੋਹ ਕੀਤਾ, ਮੁਗ਼ਲਾਂ ਨੇ ਵੈਰ ਕਮਾਇਆ।
ਕਿਸੇ ਹਿੰਦੂ ਨੇ ਹਾਹ ਨਾ ਮਾਰੀ, ਕਿਸੇ ਸਿੱਖ ਨੇ ਬਦਲਾ ਨਾ ਚਾਇਆ।

ਛਿੱਬਰ ਗੁਰੂ ਰਾਮਦਾਸ ਦੇ ਪੁੱਤਰ ਪ੍ਰਿਥੀ ਚੰਦ ਅਤੇ ਮੁਗ਼ਲ ਸ਼ਹਿਨਸ਼ਾਹ ਜਹਾਂਗੀਰ ਦੇ ਇਸ ਸਾਕੇ ਵਿਚ ਹੱਥ ਹੋਣ ਬਾਬਤ ਖੁੱਲ੍ਹੇ ਇਸ਼ਾਰੇ ਕਰਦਾ ਹੈ। ਜਾਪਦਾ ਹੈ ਜੁ ਪਿੱਛੋਂ ਜਾ ਕੇ, ਕਿਸੇ ਕਾਰਨ ਇਹ ਭੁਲੇਖਾ ਪੈ ਗਿਆ ਅਤੇ ਪੱਕਾ ਹੋ ਗਿਆ ਕਿ ਗੁਰੂ ਅਰਜਨ ਨੂੰ ਸ਼ਹੀਦ ਕਰਨ ਦਾ ਕਾਰਨ ਤੇ ਕਰਤਾ ਕੇਵਲ 'ਦੀਵਾਨ' ਚੰਦੂ ਸ਼ਾਹ ਹੀ ਸੀ।

ਜਦੋਂ *ਤੋਜ਼ਕਿ ਜਹਾਂਗੀਰੀ* ਵਿਚ ਸ਼ਹਿਨਸ਼ਾਹ ਜਹਾਂਗੀਰ ਬਾਰੇ ਇਹ ਪਤਾ ਲੱਗਾ ਕਿ ਉਸ ਨੇ ਆਪੂੰ ਮੰਨ ਲਿਆ ਹੈ ਕਿ ਗੁਰੂ ਅਰਜਨ ਦੀ ਸ਼ਹੀਦੀ ਦਾ ਹੁਕਮ ਉਸ ਨੇ ਆਪ ਜਾਰੀ ਕੀਤਾ ਸੀ ਤਾਂ ਨਾਲ ਹੀ ਇਹ ਵੀ ਪ੍ਰਵਾਣ ਕਰ ਲਿਆ ਗਿਆ ਕਿ ਇਸ ਹੁਕਮ ਦੇਣ ਦਾ ਕਾਰਨ ਦੀਨੀ ਤਅੱਸਬ ਸੀ ਅਤੇ ਬਹਾਨਾ ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ

ਵਿਚ ਗੁਰੂ ਅਰਜਨ ਦਾ ਸ਼ਾਹਜ਼ਾਦੇ ਨੂੰ ਅਸ਼ੀਰਵਾਦ ਦੇਣਾ, ਬਣਾਇਆ ਗਿਆ ਸੀ। ਆਧੁਨਿਕ ਸਿੱਖ ਤਵਾਰੀਖ਼ਕਾਰ ਇਹ ਸਿੱਧ ਕਰਨ ਦਾ ਜਤਨ ਕਰਦੇ ਹਨ [1]ਕਿ ਵਾਸਤਵ ਵਿਚ ਗੁਰੂ ਅਰਜਨ ਨੇ ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ ਵਿਚ ਕੋਈ ਸਹਾਇਤਾ ਨਹੀਂ ਸੀ ਕੀਤੀ। ਕੇਵਲ ਇਕ ਭੁੱਖੇ ਅਤਿਥੀ ਨੂੰ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦ ਛਕਾਇਆ ਸੀ, ਜਿਸਦਾ ਕਿ ਸ਼ਾਹਜ਼ਾਦੇ ਦੀ ਬਗ਼ਾਵਤ ਯਾ ਉਸ ਸਮੇਂ ਦੇ ਰਾਜਨੀਤਕ ਝਗੜਿਆਂ ਨਾਲ ਕੋਈ ਸੰਬੰਧ ਨਹੀਂ ਸੀ। ਮੁਗ਼ਲ ਸ਼ਹਿਨਸ਼ਾਹ ਨੇ ਐਵੇਂ ਦੀਨੀ ਪੱਖਪਾਤ ਅਤੇ ਮੁਸਲਮਾਨੀ ਤਅੱਸਬ ਦੇ ਕਾਰਨ, ਸ਼ਾਹਜ਼ਾਦਾ ਖ਼ੁਸਰੋ ਨੂੰ ਬਗ਼ਾਵਤ ਵਿਚ ਸਹਾਇਤਾ ਦੇਣ ਦੀ ਝੂਠੀ ਊਜ ਲਾ ਕੇ, ਗੁਰੂ ਨੂੰ ਸ਼ਹੀਦ ਕਰਵਾ ਦਿੱਤਾ। ਇਹ ਸਿਧਾਂਤ ਵੀ ਸਰਬਦਾ ਸਹੀ ਨਹੀਂ ਜਾਪਦਾ।

ਇਕ ਤੋਂ ਵੱਧ ਦਲੀਲਾਂ ਇਸ ਕਿੰਤੂ ਦੀ ਪੁਸ਼ਟੀ ਵਿਚ ਦਿੱਤੀਆਂ ਜਾ ਸਕਦੀਆਂ ਹਨ। ਸ਼ਹਿਨਸ਼ਾਹ ਜਹਾਂਗੀਰ ਆਪ-ਹੁਦਰਾ ਅਤੇ ਪ੍ਰਭੂ-ਸੱਤਾ ਵਾਲਾ ਰਾਜਾ ਸੀ। ਜੇ ਉਹ ਗੁਰੂ ਅਰਜਨ ਨੂੰ ਇਸ 'ਕਸੂਰ' ਬਦਲੇ ਹੀ ਮਰਵਾ ਦੇਣਾ ਚਾਹੁੰਦਾ, ਕਿ ਉਸ ਨੇ 'ਪੀਰੀ ਮੁਰੀਦੀ ਦੀ ਝੂਠੀ ਦੁਕਾਨ' ਚਲਾਈ ਹੋਈ ਹੈ, ਜਿਸ ਨਾਲ ਕਿ ਮੁਸਲਮਾਨ ਵੀ 'ਗੁੰਮਰਾਹ' ਹੋ ਰਹੇ ਹਨ, ਤਾਂ ਉਸ ਦੇ ਰਾਹ ਵਿਚ ਕੋਈ ਰੋਕ ਨਹੀਂ ਸੀ। ਕਿਸੇ ਮੁਸਲਮਾਨ ਨੂੰ 'ਗੁੰਮਰਾਹ' ਕਰ ਕੇ 'ਕੁਫ਼ਰ' ਦੇ ਰਾਹ ਉੱਤੇ ਪਾਉਣਾ, ਮੁਸਲਮਾਨੀ ਸ਼ਰਹਾ ਦੇ ਕਾਨੂੰਨ ਅਨੁਸਾਰ ਆਪੂੰ ਇਕ ਅਜੇਹਾ ਜੁਰਮ ਹੈ, ਜਿਸ ਦੀ ਸਜ਼ਾ ਇਸਲਾਮੀ ਰਾਜ ਵਿਚ ਮੌਤ ਤੋਂ ਹੇਠਾਂ ਨਹੀਂ ਦਿੱਤੀ ਜਾ ਸਕਦੀ ਅਤੇ ਇਹ 'ਜੁਰਮ' ਗੁਰੂ ਅਰਜਨ ਦਾ ਸਪੱਸ਼ਟ ਹੀ ਸੀ। ਕਿਉਂ ਜਹਾਂਗੀਰ ਨੇ ਗੁਰੂ ਅਰਜਨ ਨੂੰ ਖ਼ੁਸਰੋ ਨੂੰ ਸਹਾਇਤਾ ਦੇਣ ਵਾਲੀ 'ਝੂਠੀ ਊਜ' ਲਾਉਣ ਤੋਂ ਪਹਿਲਾਂ ਹੀ ਸ਼ਹੀਦ ਨਾ ਕਰਵਾ ਦਿੱਤਾ ? ਹਿੰਦੂਆਂ ਯਾ ਸਿੱਖਾਂ ਦੀ ਲੋਕ-ਰਾਇ ਦਾ ਤਾਂ ਉਸ ਨੂੰ ਕੋਈ ਭੈ ਹੈ ਹੀ ਨਹੀਂ ਸੀ ਅਤੇ ਇਸਲਾਮੀ ਲੋਕ-ਰਾਇ ਨੇ ਅਜੇਹਾ ਸਾਕਾ ਸ਼ਰਹਾ ਦੇ ਕਾਨੂੰਨ ਹੇਠਾਂ ਵਰਤਾਉਣ ਉੱਤੇ ਜਹਾਂਗੀਰ ਨੂੰ ਪ੍ਰਸੰਸਾ ਹੀ ਦੇਣੀ ਸੀ। ਸਾਨੂੰ ਇਹ ਵੀ ਮੰਨਣਾ ਪਵੇਗਾ ਕਿ *ਤੋਜ਼ਕਿ* ਵਿਚ ਗੁਰੂ ਅਰਜਨ ਬਾਬਤ ਇਹ ਸਤਰਾਂ ਲਿਖਣ ਵੇਲੇ ਜਹਾਂਗੀਰ ਕੋਈ ਪ੍ਰਚਾਰ ਯਾ 'ਪ੍ਰਾਪੇਗੰਡਾ' ਨਹੀਂ ਸੀ ਕਰ ਰਿਹਾ, ਸਗੋਂ ਜੋ ਕੁਛ ਉਹ ਸਹੀ ਸਮਝਦਾ ਤੇ ਮੰਨਦਾ ਸੀ, ਇਨ-ਬਿਨ ਉਹੀ ਆਪਣੀ ਡਾਇਰੀ ਵਿਚ ਲਿਖ ਰਿਹਾ ਸੀ, ਜਿਹੜੀ ਡਾਇਰੀ ਯਾ *ਤੋਜ਼ਕਿ* ਉਸ ਦੇ ਮਰਨ ਪਿੱਛੋਂ ਵੀ ਸ਼ਾਹੀ ਤੋਸ਼ੇਖ਼ਾਨੇ ਯਾ ਪੁਸਤਕਾਲੇ ਵਿਚ ਹੀ ਪਈ ਰਹਿਣੀ ਸੀ, ਲੋਕਾਂ ਸਾਹਮਣੇ ਇਸ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ ਸੀ ਅਤੇ ਨਾ ਹੀ ਇਸ ਦੀ ਕੋਈ ਲੋੜ ਸੀ। ਕਿਵੇਂ ਵੀ ਵਿਚਾਰੋ, ਇਹ ਮੰਨਣਾ ਹੀ ਪਵੇਗਾ ਕਿ ਜਹਾਂਗੀਰ ਨੇ ਜੋ ਕੁਛ ਗੁਰੂ ਅਰਜਨ ਬਾਬਤ ਅਤੇ ਉਨ੍ਹਾਂ ਦੀ ਸ਼ਹੀਦੀ ਦੇ ਕਾਰਨਾਂ ਬਾਬਤ ਆਪਣੀ *ਤੋਜ਼ਕਿ* ਵਿਚ ਲਿਖਿਆ ਹੈ, ਉਹ ਉਹੋ ਕੁਛ ਹੈ ਜਿਸ ਨੂੰ ਕਿ ਜਹਾਂਗੀਰ ਆਪੂੰ ਠੀਕ ਸਮਝਦਾ ਤੇ ਮੰਨਦਾ ਸੀ। ਹਾਂ, ਉਸ ਨੂੰ ਆਪ ਕੋਈ ਭੁਲੇਖਾ ਸਹੀ ਹਾਲਾਤ ਬਾਰੇ ਲੱਗ ਗਿਆ ਹੋਵੇ ਯਾ ਲਗਾ ਦਿੱਤਾ ਗਿਆ ਹੋਵੇ, ਇਹ ਸੰਭਵ ਹੈ। ਇਹ ਮੰਨਣਾ ਅਯੋਗ ਜਾਪਦਾ ਹੈ ਕਿ ਜਹਾਂਗੀਰ ਨੇ ਜਾਣ ਬੁੱਝ ਕੇ ਝੂਠੀ ਊਜ ਗੁਰੂ ਬਾਬਤ ਘੜੀ ਯਾ ਘੜਵਾਈ ਤੇ ਇਉਂ ਗੁਰੂ ਨੂੰ, ਰਾਜਨੀਤਕ ਬਹਾਨਾ ਬਣਾ ਕੇ, ਸ਼ਹੀਦ ਕਰਵਾ ਦਿੱਤਾ, ਇਸ ਲਈ ਜੁ ਇਸਲਾਮ ਦੇ ਰਾਹ ਵਿੱਚੋਂ ਇਹ ਕੰਡਾ ਨਿਕਲ ਜਾਵੇ। ਇਸ ਲਈ ਨਹੀਂ

1. ਦੇਖੋ, *A Short History of the Sikhs,* by Teja Singh & Ganda Singh, p. 35.

ਕਿ ਜਹਾਂਗੀਰ ਆਤਮਕ ਨਿਰਮਲਤਾ ਦੀ ਕਿਸੇ ਅਜੇਹੀ ਉੱਚੀ ਪੱਧਰ ਉੱਤੇ ਸੀ ਕਿ ਉਹ ਰਾਜਨੀਤਕ ਝੂਠ ਬੋਲ ਯਾ ਬੁਲਵਾ ਨਹੀਂ ਸੀ ਸਕਦਾ, ਸਗੋਂ ਇਸ ਲਈ ਕਿ ਰਾਜਨੀਤਕ ਨੁਕਤੇ ਤੋਂ ਅਜੇਹੀ ਝੂਠੀ ਊਜ ਲਾਉਣ ਦੇ ਸਮੇਂ ਨੂੰ ਉਡੀਕਣ ਦੀ ਕੋਈ ਲੋੜ ਨਹੀਂ ਸੀ। ਜੇ ਜਹਾਂਗੀਰ ਨਿਰੋਲ ਸ਼ਰਹਾ ਨੂੰ ਵਰਤਣਾ ਤੇ ਆਪਣੇ ਰਾਜ ਸ਼ਾਸਨ ਵਿਚ ਪ੍ਰਧਾਨਤਾ ਦੇਣਾ ਚਾਹੁੰਦਾ ਤਾਂ ਗੁਰੂ ਅਰਜਨ ਨੂੰ ਪਹਿਲਾਂ ਹੀ ਸ਼ਰਹਾ ਦਾ ਕਾਨੂੰਨ ਵਰਤ ਕੇ ਸ਼ਹੀਦ ਕਰਵਾ ਦਿੰਦਾ ਅਤੇ ਇਉਂ ਉਸ ਸਮੇਂ ਦੇ ਰਾਜ ਪ੍ਰਭਾਵ ਤੇ ਲੋਕ ਨੀਤੀ ਦੇ ਖ਼ਿਆਲਾਂ ਅਨੁਸਾਰ ਏਥੇ ਓਥੇ ਦੋਹੀਂ ਥਾਈਂ ਅੱਲ੍ਹਾ ਅਤੇ ਉਸ ਦੇ ਭੇਜੇ ਹੋਏ ਰਸੂਲ ਦੀਆਂ ਖ਼ੁਸ਼ੀਆਂ ਦਾ ਅਧਿਕਾਰੀ ਬਣਦਾ, ਜਿਵੇਂ ਕਿ ਉਸ ਦੇ ਪੋਤਰੇ ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦਰ ਨੂੰ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾਂ, ਬਿਨਾਂ ਝਿਜਕ ਅਤੇ ਬਿਨਾਂ ਬਿਲੰਬ, ਚਾਂਦਨੀ ਚੌਕ ਵਿਚ, ਡੂਢ ਪਹਿਰ ਦਿਨ ਚੜ੍ਹੇ ਪਬਲਿਕ ਦੇ ਸਾਹਮਣੇ, ਕਤਲ ਕਰਵਾ ਦਿੱਤਾ ਸੀ।

ਭਾਵੇਂ ਜਹਾਂਗੀਰ ਆਪਣੀ *ਤੋਜ਼ਕਿ* ਵਿਚ ਮੰਨਦਾ ਹੈ ਕਿ ਉਹ ਗੁਰੂ-ਘਰ ਦੀ ਪਸਰ ਰਹੀ ਕੀਰਤੀ ਅਤੇ ਗੁਰੂ ਅਰਜਨ ਦੇ ਨਿਤਾਪ੍ਰਤਿ ਵਧਦੇ ਆਤਮਕ ਪ੍ਰਤਾਪ ਨੂੰ ਪਸੰਦ ਨਹੀਂ ਸੀ ਕਰਦਾ ਅਤੇ ਇਹ ਇੱਛਾ ਵੀ ਰੱਖਦਾ ਸੀ ਕਿ ਕੋਈ ਮੌਕਾ ਬਣੇ ਤਾਂ 'ਇਸ ਝੂਠ ਦੀ ਦੁਕਾਨ', ਗੁਰੂ-ਗੱਦੀ, ਦੇ ਧਾਰਮਿਕ ਪ੍ਰਚਾਰ ਨੂੰ ਬੰਦ ਕਰ ਦੇਵੇ, ਪਰ ਕਿਸੇ ਕਾਰਨ ਗੁਰੂ-ਘਰ ਨੂੰ ਕੇਵਲ ਸ਼ਰਹਾ ਦੇ ਕਾਨੂੰਨ ਅਨੁਸਾਰ ਹੱਥ ਨਹੀਂ ਸੀ ਪਾਉਣਾ ਚਾਹੁੰਦਾ ਅਤੇ ਕੋਈ ਅਜੇਹਾ ਮੌਕਾ ਲੱਭਦਾ ਸੀ, ਜਦੋਂ ਕਿ ਗੁਰੂ ਅਰਜਨ ਉੱਤੇ ਕੋਈ ਰਾਜਨੀਤਕ ਦੂਸ਼ਣ ਸਾਬਤ ਹੋ ਸਕੇ। ਇਹ ਮੰਨਣਾ ਕਠਿਨ ਹੋਵੇਗਾ ਕਿ ਜਹਾਂਗੀਰ ਕੋਈ ਝੂਠੀ ਰਾਜਨੀਤਕ ਊਜ ਗੁਰੂ ਉੱਤੇ ਲਗਵਾਣਾ ਚਾਹੁੰਦਾ ਸੀ। ਜੇ ਇਉਂ ਹੁੰਦਾ ਤਾਂ ਝੂਠੀ ਰਾਜਨੀਤਕ ਊਜ ਕਿਸੇ ਵੇਲੇ ਵੀ ਲਗਵਾਈ ਜਾ ਸਕਦੀ ਸੀ। ਸ਼ਹਿਨਸ਼ਾਹ ਦੇ ਇਸ਼ਾਰਾ ਕਰਨ ਦੀ ਹੀ ਲੋੜ ਸੀ, ਪ੍ਰਿਥੀਆ ਯਾ ਗੋਇੰਦਵਾਲ ਦੇ ਲਾਗੇ ਸ਼ਾਗੇ ਦੇ ਮੁੱਲਾਂ ਕਾਜ਼ੀ ਝੂਠੀਆਂ ਸੱਚੀਆਂ ਗਵਾਹੀਆਂ ਦੇਣ ਵਾਲੇ ਬਥੇਰੇ ਲੱਭ ਪੈਣੇ ਸਨ। ਪਰ ਅਜੇਹੀ ਇੱਛਾ ਸ਼ਹਿਨਸ਼ਾਹ ਦੀ ਕਿਸੇ ਵੇਲੇ ਵੀ ਸੀ, ਇਹ ਉੱਕਾ ਨਿਰਮੂਲ ਜਾਪਦਾ ਹੈ।

ਇਨ੍ਹਾਂ ਵਿਚਾਰਾਂ ਤੋਂ ਸਿੱਧ ਇਹ ਹੁੰਦਾ ਹੈ ਕਿ (1) ਜਹਾਂਗੀਰ ਗੁਰੂ ਅਰਜਨ ਨੂੰ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾਂ ਸ਼ਹੀਦ ਨਹੀਂ ਸੀ ਕਰਵਾਣਾ ਚਾਹੁੰਦਾ। ਇਹ ਇਸ ਲਈ ਨਹੀਂ ਕਿ ਗੁਰੂ ਅਰਜਨ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾਂ ਮ੍ਰਿਤੂ ਦੰਡ ਦੇ ਭਾਗੀ ਨਹੀਂ ਸਨ, ਸਗੋਂ ਇਸ ਕਾਰਨ ਕਿ ਜਹਾਂਗੀਰ ਦੇ ਰਾਜ ਸ਼ਾਸਨ ਦੀ ਇਹ ਨੀਤੀ ਨਿਸਚਿਤ ਨਹੀਂ ਸੀ ਹੋਈ ਹੋਈ ਕਿ ਹਿੰਦੁਸਤਾਨ ਵਿਚ ਰਾਜ ਦੀਆਂ ਨੀਹਾਂ ਸੌ ਫ਼ੀਸਦੀ, ਇਸਲਾਮੀ ਸ਼ਰਹਾ ਦੇ ਕਾਨੂੰਨ ਉੱਤੇ ਬੰਨ੍ਹਣੀਆਂ ਹਨ। (2) ਜਹਾਂਗੀਰ ਨੂੰ ਆਪਣੇ ਮਨ ਵਿਚ ਨਿਸਚਾ ਸੀ ਕਿ ਗੁਰੂ ਅਰਜਨ ਦੇ ਉਪਦੇਸ਼ ਪ੍ਰਚਾਰ ਅਤੇ ਕੰਮ-ਕਾਰ ਅਜੇਹੇ ਇੰਦੀਏ ਅਤੇ ਰੂਪ ਦੇ ਹਨ ਕਿ ਕਿਸੇ ਨਾ ਕਿਸੇ ਵੇਲੇ ਉਹ ਸ਼ਰਹਾ ਦੇ ਕਾਨੂੰਨ ਤੋਂ ਬਗ਼ੈਰ, ਨਿਰੋਲ ਰਾਜਨੀਤਕ ਕਾਨੂੰਨ ਦੀ ਪਕੜ ਵਿਚ ਆ ਜਾਣਗੇ ਅਤੇ ਅਜੇਹੇ ਸਮੇਂ ਦੀ ਜਹਾਂਗੀਰ ਉਡੀਕ ਵਿਚ ਹੀ ਸੀ, ਜਦੋਂ ਕਿ ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ ਵਾਲੀ ਘਟਨਾ ਵਾਪਰੀ।

ਉਪ੍ਰੋਕਤ ਵਿਚਾਰਾਂ ਤੋਂ ਇਲਾਵਾ ਇਹਨਾਂ ਦੋਹਾਂ ਅਨੁਮਾਨਾਂ ਦੀ ਪੁਸ਼ਟੀ ਵਿਚ ਮੁਗ਼ਲ ਸਾਮਰਾਜ ਦੀ ਤਵਾਰੀਖ਼ ਅਤੇ ਮੁਗ਼ਲਾਂ ਦੀ ਰਾਜਨੀਤਕ ਪਾਲਸੀ ਦਾ ਵਿਸ਼ਲੇਸ਼ਣ ਕਰ ਕੇ ਬੜੀਆਂ ਠੋਸ ਤੇ ਨਿੱਗਰ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਇਹ ਵਿਸ਼ਾ ਇਸ ਛੋਟੇ ਜਿਹੇ ਨਿਬੰਧ ਦਾ ਨਹੀਂ। ਭਾਰਤ ਵਿਚ ਮੁਗ਼ਲ ਸਾਮਰਾਜ ਦੀ ਤਵਾਰੀਖ਼

ਦੇ ਸੂਝਵਾਨ ਵਿਦਿਆਰਥੀ ਇਹ ਭਲੀ ਪ੍ਰਕਾਰ ਜਾਣਦੇ ਹਨ ਕਿ ਬਾਬਰ ਤੋਂ ਪਹਿਲਾਂ ਭਾਰਤ ਵਿਚ ਮੁਸਲਮਾਨੀ ਸੁਲਤਾਨਾਂ ਅਤੇ ਵਿਜਈ ਹੁਕਮਰਾਨਾਂ ਦੀ ਰਾਜ-ਸ਼ਾਸਨ ਦੀ ਨੀਂਹ ਇਸਲਾਮੀ ਸ਼ਰਹਾ ਦੇ ਕਾਨੂੰਨ ਨੂੰ ਕੇਂਦਰ ਮੰਨ ਕੇ ਬੰਨ੍ਹਣ ਦੇ ਜਤਨ ਹੁੰਦੇ ਰਹੇ ਸਨ, ਪਰ ਮੁਗ਼ਲਾਂ ਦੇ ਸਾਮਰਾਜ ਦੇ ਸਥਾਪਤ ਹੋਣ ਨਾਲ ਇਸ ਰਾਜ-ਸ਼ਾਸਨ ਦਾ ਅੰਤਰ-ਮੁਖੀ ਝੁਕਾ ਹਿੰਦੁਸਤਾਨ ਵਿਚ ਅਜੇਹਾ ਮਿਲਵਰਤਨੀ ਰਾਜ ਸਥਾਪਤ ਕਰਨ ਦਾ ਹੋ ਗਿਆ, ਜਿਸ ਵਿਚ ਕਿ ਹਿੰਦੂਆਂ ਨੂੰ ਤਲਵਾਰ ਯਾ ਇਸਲਾਮ ਕਬੂਲਣ ਤੋਂ ਬਗ਼ੈਰ ਵੀ ਨਾਗਰਿਕਤਾ ਦੇ ਅਧਿਕਾਰ ਪ੍ਰਾਪਤ ਹੋ ਸਕਣ। ਇਸ ਲੌਕਿਕ ਯਾ 'ਸੈਕੁਲਰ' ਝੁਕਾ ਦੀ ਟੀਸੀ, ਜਹਾਂਗੀਰ ਦੇ ਪਿਤਾ ਅਕਬਰ ਦੇ ਰਾਜ ਸਮੇਂ ਵਿਚ ਉਸਰੀ, ਅਤੇ ਫੇਰ ਇਹ ਝੁਕਾ ਢਿੱਲਾ ਪੈਂਦਾ ਪੈਂਦਾ ਔਰੰਗਜ਼ੇਬ ਦੇ ਸਮੇਂ ਤਕ ਬਿਲਕੁਲ ਅਲੋਪ ਹੋ ਗਿਆ। ਭਾਰਤ ਵਿਚ ਮੁਗ਼ਲ ਰਾਜ ਦੀ ਰਾਜਨੀਤੀ ਇਨ੍ਹਾਂ ਦੋਂਹ ਰੁਚੀਆਂ ਦੀ ਟੱਕਰ ਦੇ ਆਧਾਰ ਉੱਤੇ ਹੀ ਚੱਲਦੀ ਰਹੀ ਤੇ ਇਉਂ ਹੀ ਠੀਕ ਸਮਝੀ ਜਾ ਸਕਦੀ ਹੈ। ਮੁਗ਼ਲ ਸ਼ਹਿਨਸ਼ਾਹਾਂ ਦੇ ਰਾਜ ਦਰਬਾਰ ਵਿਚ ਇਹਨਾਂ ਦੋਂਹ ਰੁਚੀਆਂ ਦੇ ਪ੍ਰਤਿਨਿਧ ਸਨ—ਰਾਜਪੂਤ ਅਤੇ ਉਲਮਾ। ਰਾਜਪੂਤਾਂ ਦੀ ਨੀਤੀ ਅਤੇ ਮੁਗ਼ਲ ਸਾਮਰਾਜ ਨਾਲ ਮਿਲਵਰਤਣ ਦੀ ਸ਼ਰਤ ਇਹ ਸੀ ਕਿ ਰਾਜ-ਸ਼ਾਸਨ ਦੀ ਨੀਂਹ ਅਤੇ ਰਾਜ-ਨੀਤੀ ਦਾ ਕੇਂਦਰ ਇਸਲਾਮੀ ਸ਼ਰਹਾ ਨਾ ਹੋਵੇ, ਸਗੋਂ ਇਕ ਸਾਂਝਾ ਜਿਹਾ ਮਿਲਵਰਤਣਕ, ਪੱਖ-ਪਾਤ ਤੋਂ ਰਹਿਤ, ਮੁਸਲਮਾਨੀ ਨਾ ਹੋਵੇ, ਹਿੰਦੂ ਵੀ ਨਾ, ਸਗੋਂ 'ਹਿੰਦੁਸਤਾਨੀ' ਜਿਹਾ ਰਾਜ-ਪ੍ਰਬੰਧ ਤੇ ਰਾਜ-ਸ਼ਾਸਨ ਪ੍ਰਚਲਿਤ ਕੀਤਾ ਜਾਵੇ, ਜਿਸ ਦੀ ਰਾਜ-ਗੱਦੀ ਉੱਤੇ ਤੁਰਕਾਂ ਅਤੇ ਰਾਜਪੂਤਾਂ ਦੇ ਸਾਂਝੇ ਖ਼ੂਨ ਵਿੱਚੋਂ ਜਨਮਿਆ ਰਾਜ ਘਰਾਣਾ ਬੈਠਾ ਰਹੇ। ਇਸ ਦੇਸ਼ ਵਿਚ ਮੁਸਲਮਾਨ ਵੀ ਵੱਸਦੇ ਰਹਿਣ ਤੇ ਹਿੰਦੂ ਵੀ ਅਤੇ ਦੋਵੇਂ ਆਪਣੇ-ਆਪਣੇ ਧਰਮਾਂ ਉੱਤੇ ਬਿਨਾਂ ਰੋਕ ਟੋਕ ਦੇ ਚੱਲਦੇ ਰਹਿਣ। ਇਉਂ ਇਸਲਾਮ ਤੇ ਹਿੰਦੂ ਸੰਸਕ੍ਰਿਤੀ ਦਾ ਆਪਸੀ ਮੇਲ-ਜੋਲ ਸਰਵ-ਸਾਧਾਰਨ ਪੱਧਰ ਉੱਤੇ ਹੁੰਦਾ ਰਹੇ, ਪਰ ਹਿੰਦੂ ਸਮਾਜ ਦੀ ਰੂਪ-ਰੇਖਾ ਤੇ ਬਣਤਰ ਨਾ ਬਦਲੇ ਅਤੇ ਹਿੰਦੂ ਸੰਸਕ੍ਰਿਤੀ ਤੇ ਹਿੰਦੂ ਧਰਮ ਦਾ ਮੁਹਾਂਦਰਾ ਬੇਸ਼ੱਕ ਬਦਲ ਜਾਵੇ, ਪਰ ਇਸ ਦੀ ਆਤਮਾ ਨਾ ਮਰੇ; ਕੁਝ ਏਹੋ ਜਿਹੇ ਵਿਚਾਰ ਤੇ ਸਿਧਾਂਤ, ਨਿਰਸੰਦੇਹ ਰਾਜਾ ਮਾਨ ਸਿੰਘ ਜਿਹੇ ਲੋਕਾਂ ਦੇ ਸਨ। ਇਸ ਵਿਚਾਰਧਾਰਾ ਦੇ ਜਾਨੀ ਸ਼ਤਰੂ ਸਨ ਉਹ ਲੋਕ ਜੋ 'ਉਲਮਾ' ਕਹਾਉਂਦੇ ਸਨ ਅਤੇ ਜੋ ਏਥੇ ਓਥੇ ਦੋਹਾਂ ਜਹਾਨਾਂ ਵਿਚ ਤ੍ਰਿੰਨ ਕਾਲ ਕਲਿਆਣਕਾਰੀ ਇਸਲਾਮ ਅਤੇ ਇਸਲਾਮੀ ਸ਼ਰਹਾ ਨੂੰ ਮੰਨਦੇ ਸਨ ਅਤੇ ਕਿਸੇ ਹੋਰ ਵਿਚਾਰਧਾਰਾ ਨੂੰ ਰਾਜ-ਸ਼ਾਸਨ ਯਾ ਰਾਜਨੀਤੀ ਦੀ ਨੀਂਹ ਬਨਾਉਣ ਦਾ ਖ਼ਿਆਲ ਵੀ ਕਾਇਰਤਾ, ਕੁਰੀਤ, ਅਧਰਮ ਤੇ ਕੁਫ਼ਰ ਜਾਣਦੇ ਸਨ। ਇਨ੍ਹਾਂ ਦੋਂਹ ਵਿਚਾਰਧਾਰਾਵਾਂ ਦੀ ਟੱਕਰ ਪੂਰੀਆਂ ਦੋ ਸ਼ਤਾਬਦੀਆਂ ਬੜੇ ਤੀਬਰ ਰੂਪ ਵਿਚ ਮੁਗ਼ਲਾਂ ਦੇ ਰਾਜ ਸਿੰਘਾਸਣ ਦੇ ਆਲੇ-ਦੁਆਲੇ ਹੁੰਦੀ ਰਹੀ ਹੈ ਅਤੇ ਖ਼ੁਸਰੋ ਅਤੇ ਦਾਰਾ ਸ਼ਿਕੋਹ ਆਦਿ ਸ਼ਾਹਜ਼ਾਦੇ ਇਸ ਟੱਕਰ ਵਿਚ ਹੀ ਪਹਿਲੀ ਵਿਚਾਰਧਾਰਾ ਦੇ ਅਨੁਯਾਈ ਹੋਣ ਦੇ ਕਾਰਨ ਬਲੀਦਾਨ ਹੋਏ ਅਤੇ ਅੰਤ ਨੂੰ ਔਰੰਗਜ਼ੇਬ ਦੇ ਰੂਪ ਵਿਚ ਦੂਜੀ ਵਿਚਾਰਧਾਰਾ ਨੂੰ ਪ੍ਰਗਟ ਰੂਪ ਵਿਚ ਸਫਲਤਾ ਹੋਈ। ਜਿਉਂ-ਜਿਉਂ ਇਹ ਸਫਲਤਾ ਜਹਾਂਗੀਰ ਅਤੇ ਸ਼ਾਹਜਹਾਨ ਦੇ ਸਮੇਂ ਪ੍ਰਤੱਖ ਰੂਪ ਧਾਰਨ ਕਰਦੀ ਗਈ, ਤਿਉਂ-ਤਿਉਂ ਪਹਿਲੀ ਵਿਚਾਰਧਾਰਾ ਮੱਧਮ ਅਤੇ ਅਬੱਲ ਹੁੰਦੀ ਗਈ ਅਤੇ ਉਸ ਦੀ ਥਾਂ ਇਕ ਹੋਰ ਵਿਚਾਰਧਾਰਾ ਤੀਜੀ ਵਿਚਾਰਧਾਰਾ ਨੇ ਮੱਲਣੀ ਆਰੰਭ ਕਰ ਦਿੱਤੀ, ਜਿਸਨੂੰ

ਕਿ ਹਿੰਦੂਤਵ ਵਿਚਾਰਧਾਰਾ ਕਿਹਾ ਜਾ ਸਕਦਾ ਹੈ ਅਤੇ ਜਿਸ ਦਾ ਕੇਂਦਰੀ ਸਿਧਾਂਤ ਇਹ ਹੈ ਕਿ ਭਾਰਤ ਵਰਸ਼ ਹਿੰਦੂਤਵ ਦੀ ਜਨਮ-ਭੂਮੀ ਅਤੇ ਪੁੰਨਯਭੂਮੀ ਹੈ ਅਤੇ ਇਸ ਦੇਸ਼ ਵਿਚ ਰਾਜ-ਸ਼ਾਸਨ ਅਤੇ ਰਾਜਨੀਤੀ ਦੀ ਨੀਂਹ ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਧਰਮ ਦੇ ਅਧੀਨ ਅਤੇ ਉਨ੍ਹਾਂ ਉੱਤੇ ਨਿਰਭਰ ਹੋਣੀ ਚਾਹੀਦੀ ਹੈ। ਇਸ ਵਿਚਾਰਧਾਰਾ ਦੇ ਪ੍ਰਤਿਨਿਧ ਸਨ—ਰਾਣਾ ਪ੍ਰਤਾਪ, ਸ਼ਿਵਾਜੀ ਮਰਾਠਾ ਅਤੇ ਸਾਮਰਥ ਰਾਮਦਾਸ।

ਸੂਝਵਾਨ ਪਾਠਕ ਸੁਖੈਨ ਹੀ ਸਮਝ ਲੈਣਗੇ ਕਿ ਇਹ ਤਿੰਨੇ ਵਿਚਾਰਧਾਰਾਵਾਂ ਅੱਜ ਵੀ ਸਾਡੇ ਦੇਸ਼ ਵਿਚ ਪ੍ਰਬਲ ਰੂਪ ਵਿਚ ਜੀਵਤ ਹਨ—ਪਾਕਿਸਤਾਨੀ ਮੁਸਲਮ ਲੀਗ, ਕਾਂਗਰਸ ਅਤੇ ਹਿੰਦੂ ਸਭਾ। ਪ੍ਰਤੱਖ ਪ੍ਰੋਗਰਾਮ ਕੋਈ ਵੀ ਬਣਨ, ਨਾਹਰੇ ਕੁਝ ਵੀ ਲਾਏ ਜਾਣ, ਪੋਲੀਟੀਕਲ ਪਾਰਟੀਆਂ ਦੇ ਰਾਜਨੀਤਕ ਰੂਪ ਤੇ ਕਾਰਯਕਰਮ ਕੋਈ ਵੀ ਹੋਣ, ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਦਾ ਘੋਲ ਤੇ ਟੱਕਰ, ਦਸਵੀਂ ਸ਼ਤਾਬਦੀ ਮਸੀਹੀ ਤੋਂ ਲੈ ਕੇ ਅੱਜ ਤਕ ਸਾਡੇ ਦੇਸ਼ ਵਿਚ ਚੱਲ ਰਹੀ ਹੈ ਅਤੇ ਇਸ ਦਾ ਕੋਈ ਅੰਤਮ ਨਿਬੇੜਾ, ਦ੍ਰਿਸ਼ਟ ਅਤੇ ਨਿਕਟ ਭਵਿੱਸ਼ ਵਿਚ ਹੋਣ ਦੀ ਆਸ ਘੱਟ ਹੀ ਹੈ।

ਇਨ੍ਹਾਂ ਮਹਾਨ ਅਤੇ ਸ਼ਕਤੀਸ਼ਾਲੀ ਤਿੰਨ ਵਿਚਾਰਧਾਰਾਵਾਂ ਦਾ ਜੋ ਕਿ ਭਾਰਤ ਦੀ ਤਵਾਰੀਖ਼ ਅਤੇ ਹੋਣੀ ਉੱਤੇ ਪਿਛਲੇ ਇਕ ਹਜ਼ਾਰ ਸਾਲਾਂ ਤੋਂ ਹਾਵੀ ਹਨ, ਗੁਰੂ ਅਰਜਨ ਦੀ ਸ਼ਹੀਦੀ ਨਾਲ ਕੀ ਸੰਬੰਧ ਹੈ ?

ਇਸ ਸਿਧਾਂਤ ਦੇ ਸਵਿਸਤਾਰ ਨਿਰੂਪਣ ਅਤੇ ਉਕਤੀ-ਯੁਕਤੀ ਨਾਲ ਪੁਸ਼ਟੀ ਕਰਨ ਦੀ ਗੁੰਜਾਇਸ਼ ਇਥੇ ਨਹੀਂ ਅਤੇ ਨਾ ਹੀ ਅਜੇਹਾ ਉਕਤੀ-ਯੁਕਤੀ ਸੰਯੁਕਤ ਨਿਰੂਪਣ ਅਜੇਹੇ ਮੁਖ਼ਤਸਰ ਤੇ ਸੰਕੁਚਤ ਨੋਟ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ, ਪਰ ਸਿਧਾਂਤ ਇਹ ਹੈ ਕਿ ਗੁਰੂ ਨਾਨਕ ਭਾਰਤ ਵਰਸ਼ ਦੀ ਪਿੱਛੇ ਪੰਜ ਸੌ ਸਾਲ ਦੀ ਬੀਤ ਚੁੱਕੀ ਤਵਾਰੀਖ਼ ਦੇ ਪਿਛੋਕੜ ਵਿਚ ਅਤੇ ਆਉਣ ਵਾਲੀਆਂ ਸ਼ਤਾਬਦੀਆਂ ਅਤੇ ਸਹੰਸ੍ਰ ਸ਼ਤਾਬਦੀਆਂ ਨੂੰ ਸਾਹਮਣੇ ਰੱਖ ਕੇ ਇਕ ਨਵੀਂ ਸਰਵ-ਵਿਆਪੀ, ਸਰਵ-ਸੰਚਕ ਅਤੇ ਚੌਥੀ ਵਿਚਾਰਧਾਰਾ ਨੂੰ ਜਨਮ ਦੇਣਾ ਚਾਹੁੰਦੇ ਸਨ, ਜਿਹੜੀ ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਦੇ ਘੋਲ ਨੂੰ ਇੱਕਲ-ਵਾਂਝੇ ਛੱਡ ਕੇ, ਇਸ ਟੱਕਰ ਤੋਂ ਉੱਚਾ ਉੱਠ ਕੇ, ਇਕ ਅਜੇਹੇ ਸਮਾਜ, ਸੰਸਕ੍ਰਿਤੀ ਦੀ ਨੀਂਹ ਰੱਖੇ, ਜਿਸ ਉੱਤੇ ਨਿਰਭਰ ਰਾਜ-ਸ਼ਾਸਨ ਵਿਚ ਇਹ ਘੋਲ ਅਤੇ ਟੱਕਰ ਆਪੂੰ-ਆਪ ਬੇ-ਲੋੜੇ ਹੋ ਜਾਣ ਅਤੇ ਜਿਹੜਾ ਸਮਾਜ ਤੇ ਸੰਸਕ੍ਰਿਤੀ, ਆਰਯ ਆਤਮਾ ਅਤੇ ਸਾਮੀ ਰੂਹ ਨੂੰ ਅਜੇਹੇ ਢੰਗ ਨਾਲ ਅਭੇਦ ਕਰੇ, ਜਿਸ ਵਿੱਚੋਂ ਕਿ ਇਕ ਨਵਾਂ ਵਿਸ਼ਵ-ਵਿਆਪੀ ਸਮਾਜ ਜਨਮ ਲਵੇ। ਸਿਧਾਂਤਕ ਨੀਹਾਂ ਅਜੇਹੇ ਸਮਾਜ ਦੀਆਂ ਉਨ੍ਹਾਂ ਨੇ ਤ੍ਰੀ-ਉਪਦੇਸ਼, 'ਕਿਰਤ ਕਰੋ, ਵੰਡ ਛਕੋ, ਨਾਮ ਜਪੋ', ਉੱਤੇ ਰੱਖੀਆਂ ਸਨ ਅਤੇ ਜਨਮ ਭੂਮੀ ਇਸ ਸਮਾਜ ਦੀ ਸਰਵੁੱਨਤ ਮਨੁੱਸ਼ ਦੀ ਆਤਮਾ ਅਤੇ ਪੁੰਨਯ ਭੂਮੀ ਇਸ ਸਮਾਜ ਦੀ ਸਾਰੀ ਧਰਤੀ ਦੇ ਦੇਸ਼ ਮਿੱਥੇ ਸਨ। ਇਸੇ ਆਰਯ ਆਤਮਾ ਅਤੇ ਸਾਮੀ ਰੂਹ ਦੇ ਸੰਗਮ ਵਿਚ ਸਰਵ-ਵਿਸ਼ਵ ਦੀ ਆਤਮਾ ਦੀ ਜੋਤ ਨੂੰ ਮਿਲਾਉਣ ਦਾ ਸੁਪਨਾ ਗੁਰੂ ਨਾਨਕ ਨੇ ਲਿਆ ਸੀ, ਜਿਸ ਸੁਪਨੇ ਦੀ ਪੂਰਤੀ ਲਈ ਗੁਰੂ ਅਰਜਨ ਤੇ ਦਸ ਗੁਰੂ ਘਾਲਾਂ ਘਾਲਦੇ ਰਹੇ ਅਤੇ ਜਿਸ ਸੁਪਨੇ ਨੂੰ ਸਾਮਰਤੱਖ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ, ਨਵਾਂ ਪੰਥ, ਰਚਿਆ ਅਤੇ ਹਿਦਾਯਤ ਕੀਤੀ ਕਿ ਖ਼ਾਲਸਾ ਪੰਥ "ਹਿੰਦੂ ਤੁਰਕ ਕੀ ਕਾਣ ਮੇਟੇ" ਅਤੇ ਅੰਮ੍ਰਿਤਧਾਰੀ ਸਿੰਘ ਕਦੇ ਪ੍ਰਾਧੀਨਤਾ ਨੂੰ ਸਵੀਕਾਰ ਨਾ ਕਰੇ। ਗੁਰੂ ਕਾ ਸਿੰਘ ਬਾਗ਼ੀ ਹੋਵੇ ਯਾ ਖ਼ਾਲਸਾ ਰਾਜ ਦਾ ਰਖਸ਼ਕ ਅਤੇ ਅੰਮ੍ਰਿਤ ਛਕਣ ਦਾ ਰਹੱਸਯ ਇਹ ਜਾਣੇ ਕਿ ਹੁਣ

ਉਹ ਸ਼ਸਤਰਧਾਰੀ ਹੋ ਕੇ ਰਾਜ-ਸਿੰਘਾਸਣ ਸੰਭਾਲੇਗਾ[1] ਅਤੇ ਇਉਂ ਰਾਜ-ਸੱਤਾ ਨੂੰ ਉਸ ਵਿਸ਼ਵ-ਵਿਆਪੀ ਸਮਾਜ ਦੀ ਸਥਾਪਨਾ ਦਾ ਵਸੀਲਾ ਬਣਾਵੇ।[2]

ਇਤਿਹਾਸ ਦੇ ਸੂਝਵਾਨ ਪਾਠਕ ਸੁਖੈਨ ਹੀ ਸਮਝ ਲੈਣਗੇ ਕਿ ਭਾਰਤ ਵਰਸ਼ ਵਿਚ ਇਸ ਵਿਚਾਰਧਾਰਾ ਨੂੰ ਸਮਝਣ ਤੇ ਅਪਨਾਉਣ ਵਾਲੇ ਕੋਈ ਸੌ ਕੁ ਵਰ੍ਹਾ ਹੋਇਆ, ਮਰ ਮਿੱਟ ਗਏ ਸਨ ਅਤੇ ਹੁਣ ਇਸ ਵਿਚਾਰਧਾਰਾ ਵਿਚ ਉਲੀਕੇ ਹੋਏ ਢੰਗਾਂ ਨੂੰ ਸਮਝਣ ਤੇ ਅਪਨਾਉਣ ਵਾਲੇ ਤਾਂ ਪਿਛਲੇਰੀ ਸ਼ਤਾਬਦੀ ਵਿਚ ਹੋਰ ਦੇਸ਼ਾਂ ਵਿਚ ਉੱਠ ਕੇ ਜਥੇਬੰਦੀਆਂ ਬਣਾ ਕੇ ਸ਼ਕਤੀਸ਼ਾਲੀ ਬਣ ਗਏ ਹਨ, ਪਰ ਗੁਰੂ ਨਾਨਕ ਦੇ ਇਸ ਵਿਸ਼ਵ-ਵਿਆਪੀ ਸੁਪਨੇ ਦੀ ਰੂਪ-ਰੇਖਾ ਬਾਬਤ ਉਲੀਕੇ ਹੋਏ ਪੂਰਨਿਆਂ ਅਤੇ ਆਦਰਸ਼ਾਂ ਤੋਂ ਉਹ ਅਜੇ ਉੱਕਾ ਅਗਿਯਾਤ ਹਨ।

ਇਹ ਗੁਰੂ ਮਤ ਦੀ ਵਿਚਾਰਧਾਰਾ ਦੀ ਰੂਪ-ਰੇਖਾ ਜੋ ਕੁਛ ਉਪਰ ਕਿਹਾ ਗਿਆ ਹੈ, ਉਸ ਦੀ ਵਿੰਗੇ ਢੰਗ ਨਾਲ ਪੁਸ਼ਟੀ ਜਹਾਂਗੀਰ ਦੀ ਆਪਣੀ *ਤੋਜ਼ਕਿ* ਵਿਚ ਦਿੱਤੀ ਹੋਈ ਉਸ ਟੂਕ ਤੋਂ ਵੀ ਹੁੰਦੀ ਹੈ, ਜਿਸ ਦੁਆਰਾ ਕਿ ਸ਼ਹਿਨਸ਼ਾਹ ਨੇ ਗੁਰੂ ਅਰਜਨ ਨੂੰ ਮੁਰਤਜ਼ਾ ਖ਼ਾਂ ਕਿਲ੍ਹਾਦਾਰ ਲਾਹੌਰ ਦੇ ਹਵਾਲੇ ਕੀਤਾ। ਜਹਾਂਗੀਰ ਲਿਖਦਾ ਹੈ ਕਿ ਸ਼ਾਹੀ ਹੁਕਮ ਗੁਰੂ ਅਰਜਨ ਬਾਰੇ ਇਹ ਸੀ ਕਿ ਗੁਰੂ ਅਰਜਨ ਨੂੰ "ਬ ਸਿਯਾਸਤ-ਵ-ਯਾਸਾ ਰਸਾਨੰਦ।" ਇਸ ਦਾ ਸ਼ੁੱਧ ਉਲਥਾ ਇਉਂ ਹੈ ਕਿ ਗੁਰੂ ਅਰਜਨ ਨੂੰ "ਸਿਆਸਤ ਅਤੇ ਯਾਸਾ ਦੇ (ਕਾਨੂੰਨ) ਅਨੁਸਾਰ (ਦੰਡ) ਦਿੱਤਾ ਜਾਵੇ।" ਗੁਰੂ ਅਰਜਨ ਨੂੰ "ਤਸੀਹੇ ਦੇ ਕੇ ਮਾਰ ਦਿੱਤਾ ਜਾਵੇ", ਇਹ ਉਲਥਾ ਇਸ ਟੂਕ ਦਾ ਉੱਕਾ ਅਸ਼ੁੱਧ ਹੈ ਅਤੇ ਇਸ ਗ਼ਲਤ ਉਲਥੇ ਦੀ ਪੁਸ਼ਟੀ ਵਿਚ ਕੋਈ ਸ਼ਬਦਕੋਸ਼ਕ ਉੱਕਤੀ ਯਾ ਸੱਨਦ ਨਹੀਂ ਹੈ। 'ਸਿਆਸਤ' ਤਾਂ ਅਰਬੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਰਾਜ-ਦੰਡ, ਰਾਜ-ਨੀਤੀ। 'ਯਾਸਾ' ਮੰਗੋਲੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ—ਹੁਕਮ, ਸ਼ਾਹੀ ਹੁਕਮ, ਕਾਨੂੰਨ। ਇਹ 'ਯਾਸਾ' ਦੇ ਸ਼ਾਬਦਿਕ ਅਰਥ ਹਨ, ਪਰ ਇਸ ਦੇ ਸਰਵ ਪ੍ਰਮਾਣੀਕ ਅਰਥ ਹਨ, "ਉਹ ਕਾਨੂੰਨ ਜਿਸ ਨੂੰ ਚੰਗੇਜ਼ ਖ਼ਾਂ ਨੇ ਬੱਧਾ।"[3] ਇਹੋ ਠੀਕ ਅਰਥ 'ਯਾਸਾ' ਦਾ ਹੈ ਅਤੇ ਜਦੋਂ ਜਹਾਂਗੀਰ ਨੇ ਗੁਰੂ ਅਰਜਨ ਨੂੰ ਮੁਰਤਜ਼ਾ ਖ਼ਾਂ ਕਿਲ੍ਹਾਦਾਰ ਦੇ ਹਵਾਲੇ ਕੀਤਾ ਤਾਂ ਹੁਕਮ ਇਹੋ ਦਿੱਤਾ ਕਿ ਗੁਰੂ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਸਿਆਸੀ ਪੋਲੀਟੀਕਲ 'ਜੁਰਮਾਂ' ਦੇ ਦੰਡ ਦੇਣ ਲਈ 'ਯਾਸਾ' ਦੇ ਕਾਨੂੰਨ ਅਨੁਸਾਰ ਸਲੂਕ ਕੀਤਾ ਜਾਵੇ।

ਗੁਰੂ ਦੇ ਪੋਲੀਟੀਕਲ 'ਜੁਰਮ' ਕੀ ਸਨ ? ਇਹ 'ਯਾਸਾ' ਦਾ ਕਾਨੂੰਨ ਕੀ ਹੈ ? ਇਹਨਾਂ ਪ੍ਰਸ਼ਨਾਂ ਦਾ ਉੱਤਰ ਮਿਲਣ ਉੱਤੇ ਹੀ ਗੁਰੂ ਅਰਜਨ ਦੀ ਸ਼ਹੀਦੀ ਦੀ ਸਹੀ ਰੂਪ-ਰੇਖਾ ਤੇ ਉਸਦਾ ਠੀਕ ਪਿਛੋਕੜ ਸਮਝਿਆ ਜਾ ਸਕਦਾ ਹੈ।

---

1. ਦੇਖੋ, ਰਤਨ ਸਿੰਘ ਭੰਗੂ ਦੇ *ਪ੍ਰਾਚੀਨ ਪੰਥ ਪ੍ਰਕਾਸ਼* (1898 ਬਿਕਰਮੀ) ਦੇ ਆਧਾਰ ਉੱਤੇ ਰਚਿਆ ਗਿਆਨ ਸਿੰਘ ਗਿਆਨੀ ਦਾ *ਪੰਥ ਪ੍ਰਕਾਸ਼* ਪਦ ਰਚਨਾ :

   ਕਾਣ ਨ ਕਾਹੂੰ ਕੀ ਇਹ ਰਾਖਤ, ਸ਼ਹਿਨਸ਼ਾਹ ਖ਼ੁਦ ਹੀ ਕੋ ਭਾਖਤ।
   ..... ..... ..... ..... .....
   ਤੱਤਿ ਖ਼ਾਲਸਾ ਗੁਰ ਕਾ ਜ਼ਾਹਿਰ, ਸਰਬ ਚੌਰਾਸੀ ਤੇ ਹੈਂ ਬਾਹਿਰ।
   ..... ..... ..... ..... .....
   ਕਿਸ ਹੂੰ ਕੀ ਇਹ ਕਾਣ ਨ ਧਰਹੈਂ। ਰਾਜ ਕਰੈਂ ਇੱਕੈ ਲਰ ਮਰਹੈਂ।

2. ਦੇਖੋ, *ਗੁਰਬਿਲਾਸ,* ਭਾਈ ਸੁੱਖਾ ਸਿੰਘ, (1854 ਬਿਕਰਮੀ)

   ਇਹ ਖੜਗ ਕੇਤੁ ਬੁਰਕਾ ਸੁ ਜਾਨ। ਜੋ ਦਯੋ ਚਹਤ ਖਾਲਸ ਨਿਧਾਨ।
   ਇਹ ਆਦਿ ਅੰਤ ਤਾਂ ਕੋ ਸੁ ਪੰਥ। ਗੁਰ ਰਚਯੋ ਜਗਤ ਕਹ ਦੈਨ ਸੰਥ।੧੨੫।੯।

3. ਦੇਖੋ, Riasanovsky, *Fundamental Principles of Mongol Law,* pp. 32-33.

ਗੁਰੂ ਦੇ ਪੋਲੀਟੀਕਲ 'ਜੁਰਮਾਂ' ਬਾਬਤ ਜਹਾਂਗੀਰ ਆਪ ਹੀ ਦੱਸਦਾ ਹੈ ਕਿ ਸ਼ਾਹਜ਼ਾਦਾ ਖ਼ੁਸਰੋ ਗੋਇੰਦਵਾਲ ਗੁਰੂ ਅਰਜਨ ਦੇ ਡੇਰੇ ਕੁਝ ਸਮਾਂ ਠਹਿਰਿਆ ਅਤੇ ਗੁਰੂ ਅਰਜਨ ਨੇ ਖ਼ੁਸਰੋ ਦੇ ਮੱਥੇ ਉੱਤੇ ਨੇਕ ਸ਼ਗਨ ਵਜੋਂ ਤਿਲਕ ਲਗਾਇਆ। ਖ਼ੁਸਰੋ ਇਸ ਵੇਲੇ ਸ਼ਾਹੀ ਫ਼ੌਜਾਂ ਦੇ ਅੱਗੇ-ਅੱਗੇ ਨੱਸਿਆ ਜਾ ਰਿਹਾ ਸੀ ਅਤੇ ਦੋਸ਼ ਉਸ ਉੱਤੇ ਇਹ ਸੀ ਕਿ ਉਹ ਜਹਾਂਗੀਰ ਨੂੰ ਤਖ਼ਤੋਂ ਲਾਹ ਕੇ ਆਪ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਣਨਾ ਚਾਹੁੰਦਾ ਹੈ। ਇਹ ਜਹਾਂਗੀਰ ਨੂੰ ਤਖ਼ਤੋਂ ਲਾਹ ਕੇ ਆਪ ਸ਼ਹਿਨਸ਼ਾਹ ਬਣ ਬੈਠਣ ਦਾ ਖ਼ਿਆਲ ਉਸੇ ਦੋਂਹ ਵਿਚਾਰਧਾਰਾਵਾਂ ਦੀ ਟੱਕਰ ਦੀ ਇਕ ਕੜੀ ਹੈ, ਜਿਨ੍ਹਾਂ ਨੂੰ ਕਿ ਮਿਲਵਰਤਣਕ ਵਿਚਾਰਧਾਰਾ ਅਤੇ ਇਸਲਾਮੀ ਸ਼ਰਹਾ ਦੀ ਵਿਚਾਰਧਾਰਾ ਉੱਤੇ ਕਿਹਾ ਗਿਆ ਹੈ। ਇਸ ਟੱਕਰ ਵਿਚ ਸ਼ਾਹਜ਼ਾਦਾ ਖ਼ੁਸਰੋ ਦੇ ਹਮੈਤੀ ਉਹ ਲੋਕ ਹੀ ਹੋਣੇ ਹਨ, ਜਿਹੜੇ ਕਿ ਯਾ ਤਾਂ ਉਪ੍ਰੋਕਤ ਮਿਲਵਰਤਣਕ ਵਿਚਾਰਧਾਰਾ ਦੇ ਸੰਚਾਲਕ ਸਨ ਅਤੇ ਯਾ ਘੱਟੋ ਘੱਟ ਇਸਲਾਮੀ ਸ਼ਰਹਾ ਦੀ ਵਿਚਾਰਧਾਰਾ ਦੇ ਵਿਰੋਧੀ। ਅਜੇਹੇ ਸਮੇਂ ਜਦੋਂ ਕਿ ਸ਼ਹਿਨਸ਼ਾਹ ਜਹਾਂਗੀਰ ਆਪ ਸ਼ਾਹਜ਼ਾਦੇ ਉੱਤੇ ਫ਼ੌਜ-ਕਸ਼ੀ ਕਰ ਰਿਹਾ ਹੋਵੇ, ਕੌਣ ਹੋ ਸਕਦਾ ਹੈ ਜੋ ਸ਼ਾਹਜ਼ਾਦੇ ਨੂੰ ਖੁਲ੍ਹਮ-ਖੁੱਲ੍ਹਾ ਕੋਲ ਠਹਿਰਾ ਲਵੇ ਅਤੇ ਜਿਸ ਕੋਲ ਸ਼ਾਹਜ਼ਾਦਾ ਅਸ਼ੀਰਵਾਦ ਲੈਣ ਲਈ ਆਪ ਰੁਕ ਜਾਵੇ। ਨਿਰਸੰਦੇਹ, ਅਜੇਹਾ ਪੁਰਸ਼ ਉਹੀ ਹੋ ਸਕਦਾ ਹੈ ਜਿਸ ਨੂੰ ਉਸ ਵੇਲੇ ਸਭ ਜਾਣਦੇ ਹੋਣ ਕਿ ਇਹ ਸ਼ਹਿਨਸ਼ਾਹ ਜਹਾਂਗੀਰ ਦੇ ਰਾਜ-ਸ਼ਾਸਨ ਬਾਰੇ ਖ਼ਿਆਲਾਂ ਦਾ ਵਿਰੋਧੀ ਹੈ ਅਤੇ ਉਸ ਵਿਰੋਧ ਨੂੰ ਖੁਲ੍ਹਮ-ਖੁੱਲ੍ਹਾ ਪ੍ਰਗਟ ਕਰਨ ਅਤੇ ਸ਼ਹਿਨਸ਼ਾਹੀ ਸੱਤਾ ਨਾਲ ਮੱਥਾ ਲਾਉਣ ਦਾ ਇੰਦੀਆ ਤੇ ਹੌਸਲਾ ਰੱਖਦਾ ਹੈ। ਕਿਸੇ ਐਰੇ ਗ਼ੈਰੇ ਕੋਲ ਭਾਵੇਂ ਉਂਜ ਉਸ ਦੇ ਖ਼ਿਆਲ ਕੁਝ ਵੀ ਹੋਣ, ਅਜੇਹੇ ਸਮੇਂ ਸ਼ਾਹਜ਼ਾਦਾ ਕਦੇ ਵੀ ਅਟਕਣ ਤੇ ਸੰਬੰਧ ਸਥਾਪਤ ਕਰਨ ਦਾ ਖ਼ਿਆਲ ਨਾ ਕਰਦਾ। ਇਸ ਘਟਨਾ ਤੋਂ ਕੋਈ ਸਿੱਖ ਇਤਿਹਾਸਕਾਰ ਵੀ ਇਨਕਾਰ ਨਹੀਂ ਕਰਦਾ ਕਿ ਇਸ ਸਮੇਂ ਸ਼ਾਹਜ਼ਾਦਾ ਖ਼ੁਸਰੋ, ਜਦੋਂ ਕਿ ਜਹਾਂਗੀਰ ਫ਼ੌਜ-ਕਸ਼ੀ ਕਰਦਾ ਉਸ ਦੇ ਮਗਰੇ-ਮਗਰ ਆ ਰਿਹਾ ਸੀ, ਗੋਇੰਦਵਾਲ ਗੁਰੂ ਅਰਜਨ ਕੋਲ ਕੁਝ ਸਮੇਂ ਲਈ ਅਟਕਿਆ। ਸਿੱਖ ਇਤਿਹਾਸਕਾਰ ਇਹ ਦਰਸਾਉਣ ਦਾ ਜਤਨ ਕਰਦੇ ਹਨ ਕਿ ਸ਼ਾਹਜ਼ਾਦਾ ਅਤੇ ਉਸਦੇ ਸਾਥੀ ਭੁੱਖੇ ਸਨ ਅਤੇ ਉਨ੍ਹਾਂ ਨੇ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦ ਛਕਿਆ। ਉਂਜ ਖ਼ੁਸਰੋ ਦੀ ਬਗ਼ਾਵਤ ਨਾਲ, ਗੁਰੂ ਦਾ ਕੋਈ ਸੰਬੰਧ ਸਿੱਧਾ ਯਾ ਪੁੱਠਾ ਨਹੀਂ ਸੀ। ਗਹੁ ਕੀਤਿਆਂ ਇਹ ਗੱਲ ਕਿਵੇਂ ਵੀ ਮੰਨਣ ਯੋਗ ਨਹੀਂ। ਇਕ ਤਾਂ ਬਾਗ਼ੀ ਸ਼ਾਹਜ਼ਾਦੇ ਨੂੰ ਪ੍ਰਸ਼ਾਦ ਛਕਾਉਣਾ ਹੀ ਕਾਨੂੰਨ ਦੀਆਂ ਨਜ਼ਰਾਂ ਵਿਚ ਬਗ਼ਾਵਤ ਦੀ ਮਦਦ ਕਰਨੀ ਹੈ। ਦੂਜੇ, ਤਿਲਕ ਲਗਾਉਣ ਵਾਲੀ ਗੱਲ ਇਸ ਨਾਲ ਜੋੜ ਨਹੀਂ ਖਾਂਦੀ, ਜਿਤਨਾ ਚਿਰ ਇਹ ਨਾ ਮੰਨ ਲਈਏ ਕਿ ਇਹ ਕਹਾਣੀ ਉੱਕਾ ਹੀ ਨਿਰਮੂਲ ਹੈ। ਪਰ ਇਹ ਤਿਲਕ ਲਗਾਉਣ ਵਾਲੀ ਕਹਾਣੀ ਨੂੰ, ਉੱਕਾ ਨਿਰਮੂਲ ਘੜ ਲੈਣ ਦਾ, ਜਹਾਂਗੀਰ ਯਾ ਗੁਰੂ ਅਰਜਨ ਦੇ ਹੋਰ ਦੋਖੀਆਂ ਨੂੰ ਕੀ ਲਾਭ ਹੋ ਸਕਦਾ ਹੈ ? ਬਾਗ਼ੀ ਸ਼ਾਹਜ਼ਾਦੇ ਅਤੇ ਉਸ ਦੇ ਸਾਥੀਆਂ ਨੂੰ ਉਸ ਸਮੇਂ ਰੋਟੀ ਖੁਆ ਦੇਣਾ ਹੀ, ਕਾਨੂੰਨ ਦੀਆਂ ਨਜ਼ਰਾਂ ਵਿਚ ਸ਼ਾਹੀ ਬਗ਼ਾਵਤ ਦੀ ਸਹਾਇਤਾ ਕਰਨ ਦੇ ਤੁੱਲ ਹੈ ਅਤੇ ਤਿਲਕ ਲਗਾਉਣ ਨਾਲ ਇਸ ਜੁਰਮ ਦੀ ਉੱਗਰਤਾ ਵਿਚ ਕੋਈ ਖ਼ਾਸ ਵਾਧਾ ਨਹੀਂ ਹੁੰਦਾ। ਠੀਕ ਏਹੋ ਜਾਪਦਾ ਹੈ ਕਿ ਸ਼ਾਹਜ਼ਾਦਾ ਖ਼ੁਸਰੋ ਭਲੀ ਪ੍ਰਕਾਰ ਜਾਣਦਾ ਸੀ ਕਿ ਗੁਰੂ ਅਰਜਨ ਜਹਾਂਗੀਰ ਦੇ ਇਸਲਾਮੀ ਸ਼ਰਹਾ ਦੀਆਂ ਰੁਚੀਆਂ ਨੂੰ ਰਾਜ-ਸ਼ਾਸਨ ਦੀ ਨੀਂਹ ਬਣਾਉਣ ਦੇ ਸਿਧਾਂਤ ਦਾ ਕੱਟੜ ਵਿਰੋਧੀ ਹੈ ਅਤੇ ਗੁਰੂ ਅਰਜਨ ਅਜੇਹੀ ਮਹਾਨ ਤੇ ਨਿਰਭੈ ਸ਼ਖ਼ਸੀਅਤ

ਦਾ ਮਾਲਕ ਹੈ ਕਿ ਉਹ ਅਜੇਹੇ ਸਮੇਂ ਵੀ ਜਦ ਕਿ ਸ਼ਹਿਨਸ਼ਾਹ ਆਪ ਸ਼ਾਹਜ਼ਾਦੇ ਉੱਤੇ ਫ਼ੌਜ ਚਾੜ੍ਹੀ ਪਿੱਛੇ-ਪਿੱਛੇ ਲੱਗਾ ਆਉਂਦਾ ਹੈ, ਖ਼ੁਸਰੋ ਨੂੰ ਧੀਰਜ ਤੇ ਸਹਾਇਤਾ ਦੇਣੋਂ ਸੰਕੋਚ ਨਹੀਂ ਕਰੇਗਾ। ਇਉਂ ਹੀ ਹੋਇਆ। ਬਾਕੀ ਰਹੀ ਤਿਲਕ ਲਗਾਉਣ ਵਾਲੀ ਗੱਲ, ਜਾਪਦਾ ਇਉਂ ਹੈ, ਜੁ ਸ਼ਾਹਜ਼ਾਦੇ ਨੇ ਮਰਯਾਦਾ ਅਨੁਸਾਰ ਕੁਛ ਭੇਟ ਗੁਰੂ ਮੂਹਰੇ ਰੱਖੀ ਹੋਵੇਗੀ ਅਤੇ ਜਿਵੇਂ ਅੱਜ ਕੱਲ ਵੀ ਸਿਰੋਪਾ ਦੇਣ ਦਾ ਰਿਵਾਜ ਹੈ, ਅਰਦਾਸੀਏ ਨੇ ਸ਼ਾਹਜ਼ਾਦੇ ਦੀ ਭੇਟ ਦੀ ਅਰਦਾਸ ਕੀਤੀ ਹੋਵੇਗੀ ਤੇ ਸ਼ਾਹਜ਼ਾਦੇ ਨੂੰ ਤਿਲਕ ਲਗਾ ਦਿੱਤਾ ਗਿਆ ਹੋਵੇਗਾ। ਇਹੋ ਰਿਵਾਜ ਮਰਯਾਦਾ ਓਦੋਂ ਪ੍ਰਚਲਿਤ ਸੀ। ਇਹ ਗੱਲ ਸਦਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਜਦੋਂ ਗੁਰੂ ਅਰਜਨ ਜਹਾਂਗੀਰ ਦੇ ਹੁਕਮ ਨਾਲ ਪਕੜੇ ਗਏ, ਤਾਂ ਗੁਰੂ ਅਰਜਨ ਨੇ ਕਦੇ ਅਤੇ ਕਿਸੇ ਵੇਲੇ ਵੀ ਸ਼ਾਹਜ਼ਾਦਾ ਖ਼ੁਸਰੋ ਨੂੰ ਕੋਲ ਠਹਿਰਾਉਣ, ਰੋਟੀ ਖੁਆਣ ਯਾ ਅਸ਼ੀਰਵਾਦ ਦੇਣ ਤੋਂ ਇਨਕਾਰ ਨਹੀਂ ਕੀਤਾ। ਜੇ ਕੀਤਾ ਤਾਂ ਇਹ ਕਿ ਜ਼ੁਰਮਾਨਾ ਭਰਨੋਂ ਨਾਂਹ ਕਰ ਦਿੱਤੀ ਅਤੇ ਗੁਰੂ ਹਰਿਗੋਬਿੰਦ ਨੂੰ ਹੁਕਮ ਕੀਤਾ ਕਿ ਫ਼ੌਜੀ ਤਾਕਤ ਇਕੱਠੀ ਕਰੋ। ਇਹ ਵਤੀਰਾ ਗੁਰੂ ਅਰਜਨ ਦਾ ਦੱਸਦਾ ਹੈ ਕਿ ਉਹ ਤਵਾਰੀਖ਼ ਨੂੰ ਪ੍ਰੇਰਤ ਕਰ ਰਹੀਆਂ ਵਿਚਾਰਧਾਰਾਵਾਂ ਅਤੇ ਉਨ੍ਹਾਂ ਵਿੱਚੋਂ ਉਗਮੇ ਰਾਜਨੈਤਿਕ ਉਥਲ-ਪੁਥਲ ਤੋਂ ਇੱਕਲਵਾਂਝੇ ਕਿਸੇ ਹਾਲਤ ਵਿਚ ਵੀ ਨਹੀਂ ਸੀ ਰਹਿਣਾ ਚਾਹੁੰਦੇ। ਗੁਰੂ ਨਾਨਕ ਦੇ ਤ੍ਰੈ-ਉਪਦੇਸ਼ ਦਾ ਇਹ ਅਵੱਸ਼ ਸਿੱਟਾ ਸੀ।

'ਯਾਸਾ' ਕੀ ਹੈ ? ਚੰਗੇਜ਼ ਖ਼ਾਂ, ਜਿਸ ਦਾ ਅਸਲੀ ਨਾਮ ਕਿ ਤੈਮੂਚਨ ਸੀ, ਮੰਗੋਲਾਂ ਦੇ ਇਕ ਕਬੀਲੇ ਦਾ ਸਰਦਾਰ ਸੀ। ਹੌਲੀ-ਹੌਲੀ ਉਸ ਨੇ ਆਪਣੇ ਆਲੇ-ਦੁਆਲੇ ਦੇ ਟੱਪਰੀ-ਵਾਸ ਸਭ ਕਬੀਲੇ ਪ੍ਰਾਜੈ ਕਰ ਲਏ ਅਤੇ ਸਾਰੇ ਮੰਗੋਲ ਅਤੇ ਤਾਤਾਰ ਕਬੀਲਿਆਂ ਦਾ ਉਹ ਸਰਦਾਰ ਯਾ 'ਖ਼ਾਕਾਨ' ਬਣ ਗਿਆ। ਉਸ ਦਾ ਜਨਮ ਸੰਨ 1162 ਈਸਵੀ ਵਿਚ ਹੋਇਆ ਅਤੇ ਸੰਨ 1227 ਈਸਵੀ ਵਿਚ ਉਸ ਦੀ ਮ੍ਰਿਤੂ ਹੋਈ। ਮਰਨ ਤੋਂ ਪਹਿਲਾਂ ਇਸ ਸੰਸਾਰ ਦੇ ਮਹਾਨ ਵਿਜਈ ਨੇ ਇਤਨੀ ਵੱਡੀ ਸਲਤਨਤ ਸਥਾਪਤ ਕਰ ਲਈ, ਜਿਸ ਦੀ ਕਿ ਇਕ ਹੱਦ ਚੀਨ ਸਾਗਰ ਸੀ ਅਤੇ ਦੂਜੀ ਰੂਸ ਦੀ ਨੇਪੀਯਰ ਨਦੀ; ਇਕ ਪਾਸੇ ਸਿੰਧੂ ਨਦੀ ਅਤੇ ਦੂਜੇ ਪਾਸੇ ਮੱਧ ਯੂਰਪ ਦੇ ਪਹਾੜ। ਇਸ ਚੰਗੇਜ਼ ਖ਼ਾਂ ਨੇ, ਮੰਗੋਲ ਕਬੀਲਿਆਂ ਦੇ ਪ੍ਰਾਚੀਨ ਸਨਾਤਨ ਰਿਵਾਜ ਅਤੇ ਚੀਨੀਆਂ ਦੇ ਪੁਰਾਤਨ ਸ਼ਾਹੀ ਕਾਨੂੰਨਾਂ ਨੂੰ ਮੇਲ ਕੇ ਇਕ ਰਾਜ-ਨਿਯਮਾਵਲੀ ਤੇ ਡੰਡਾਵਲੀ ਸੰਨ 1206 ਵਿਚ ਤਿਆਰ ਕੀਤੀ ਤੇ ਸੰਨ 1218 ਵਿਚ ਆਪਣੀ ਸਾਰੀ ਸਲਤਨਤ ਵਿਚ ਲਾਗੂ ਕਰ ਦਿੱਤੀ। ਇਸ ਨਿਯਮਾਵਲੀ ਦੀ ਪ੍ਰਵਾਨਗੀ ਮੰਗੋਲੀ ਕਬੀਲਿਆਂ ਦੀ ਸੰਨ 1206 ਵਿਚ ਹੋਈ ਇਕੱਤ੍ਰਤਾ ਵਿਚ ਲੈ ਲਈ ਗਈ ਸੀ।[1] 'ਬਿਲੀਕ' ਨਾਮੀ ਸੰਘਤਾ ਚੰਗੇਜ਼ ਖ਼ਾਂ ਦੇ ਬਚਨਾਂ ਦਾ ਸੰਗ੍ਰਹਿ ਹੈ ਅਤੇ 'ਯਾਸਾ' ਨਾਮ ਹੈ ਉਸ ਦੇ ਨਿਰਮਤ ਕੀਤੇ ਹੋਏ ਕਾਨੂੰਨਾਂ ਦਾ। 'ਬਿਲੀਕ' ਤੇ 'ਯਾਸਾ' ਦੇ ਹੁਣ ਕੁਛ ਹਿੱਸੇ ਹੀ ਐਧਰੋਂ ਓਧਰੋਂ ਮਿਲਦੇ ਹਨ। 'ਬਿਲੀਕ' ਵਿਚ ਚੰਗੇਜ਼ ਖ਼ਾਂ ਦਾ ਯਾਸਾ ਬਾਰੇ ਇਹ ਕਥਨ ਦਿੱਤਾ ਹੋਇਆ ਹੈ।[2]

1. ਦੇਖੋ, Riasanovsky, *Fundamental Principles of Mongol Law,* pp. 27-29 and 30. ਹੋਰ ਦੇਖੋ, Vernadsky, "The Scope and Contents of Chingiz Khan's Yasa"—*Journal of Harvard Asiatic Studies,* pp. 337-360, Cambridge, 1938.
2. ਦੇਖੋ, Vladimirtsov, *The Life of Chingiz Khan,* p. 77.

"ਮੇਰੇ ਪਿੱਛੋਂ ਜਿਹੜੇ ਹਾਕਮ, ਖ਼ਾਨ, ਸਿਰਦਾਰ ਹੋਣਗੇ, ਜੇ ਉਹ ਯਾਸਾ ਵਿਚ ਦਿੱਤੇ ਨਿਯਮਾਂ ਦਾ ਰੰਚਕ-ਮਾਤਰ ਵੀ ਉਲੰਘਣ ਕਰਨਗੇ, ਤਾਂ ਰਾਜ ਦਾ ਕੰਮ ਵਿਗੜ ਜਾਏਗਾ ਤੇ ਲੋਕਾਂ ਵਿਚ ਗੜਬੜੀ ਪੈ ਜਾਵੇਗੀ। ਫੇਰ ਉਹ ਚੰਗੇਜ਼ ਖ਼ਾਂ ਨੂੰ ਢੂੰਡਣਗੇ, ਪਰ ਚੰਗੇਜ਼ ਖ਼ਾਂ ਨਹੀਂ ਲੱਭੇਗਾ।"

ਅਰਬੀ ਤਵਾਰੀਖ਼ਕਾਰ ਮਕਰੀਜ਼ੀ ਲਿਖਦਾ ਹੈ:

"ਜਦੋਂ ਮੰਗੋਲਾਂ ਨੇ ਇਸਲਾਮ ਧਰਮ ਗ੍ਰਹਿਣ ਕਰ ਲਿਆ ਤਾਂ ਉਨ੍ਹਾਂ ਨੇ ਸ਼ਰਹਾ ਨੂੰ ਆਪਣੇ ਕਬੀਲਿਆਂ ਦੇ ਰਿਵਾਜਾਂ ਅਨੁਸਾਰ ਢਾਲ ਲਿਆ। ਨਿਰੋਲ ਮਜ਼ਹਬੀ ਕੰਮਾਂ ਲਈ ਤਾਂ ਉਹ ਕਾਦੀ ਉਲਕਾਦਾਤ ਨੂੰ ਪੁੱਛ ਲੈਂਦੇ ਹਨ, ਪਰ ਜਿਸ ਮਸਲੇ ਦਾ ਸੰਬੰਧ ਉਨ੍ਹਾਂ ਦੀ ਆਪਣੀ ਜਾਤ ਜਾਂ ਕਬੀਲੇ ਨਾਲ ਹੋਵੇ, ਉਥੇ ਉਹ ਚੰਗੇਜ਼ ਖ਼ਾਨੀ ਯਾਸਾ ਨੂੰ ਹੀ ਮੰਨਦੇ ਹਨ ਅਤੇ ਇਸ ਕੰਮ ਲਈ ਉਹ ਵੱਖਰਾ ਅਫ਼ਸਰ ਨੀਯਤ ਕਰਦੇ ਹਨ।"[1]

ਜਦੋਂ ਚੰਗੇਜ਼ ਖ਼ਾਂ ਨੇ ਮੁਸਲਮਾਨੀ ਪਾਤਸ਼ਾਹ ਖ਼ੁਵਾਰਜ਼ਮ ਸ਼ਾਹ ਤਥਾ ਮੁਹੰਮਦ ਸ਼ਾਹ ਨੂੰ, ਸੀਸਤਾਨ ਤੇ ਕਾਬੁਲ ਵਿੱਚੋਂ ਮਾਰ ਕੱਢਿਆ ਅਤੇ ਸਿੰਧੂ ਨਦੀ ਦੇ ਕੰਢਿਆਂ ਤਕ ਖ਼ੁਵਾਰਜ਼ਮ ਸ਼ਾਹ ਦਾ ਪਿੱਛਾ ਕਰਦਾ ਆਇਆ ਤਾਂ ਉਸ ਭਾਜੜ ਵਿਚ ਸਾਡੇ ਦੇਸ਼ ਪੁੱਜਾ ਹੋਇਆ ਇਕ ਫ਼ਾਰਸੀ ਦੇ ਕਵੀ ਅਮੀਰ ਖ਼ੁਸਰੂ ਦਾ ਪਿਤਾ ਦਿੱਲੀ ਆ ਪੁੱਜਾ ਅਤੇ ਪਿੱਛੋਂ ਜਾ ਕੇ ਇਹ ਅਮੀਰ ਖ਼ੁਸਰੂ ਦਿੱਲੀ ਦੇ ਸੁਲਤਾਨ ਗਿਆਸੁਦੀਨ ਬਲਬਨ ਦੇ ਦਰਬਾਰ ਵਿਚ ਭਰਤੀ ਹੋਇਆ, ਜਿਸ ਬਲਬਨ ਦਾ ਕਿ ਰਾਜ ਸਮਾਂ ਸੰਨ 1266 ਤੇ ਸੰਨ 1287 ਦੇ ਵਿਚਕਾਰ ਹੈ। ਉਹ ਅਮੀਰ ਖ਼ੁਸਰੂ ਲਿਖਦਾ ਹੈ:

> "ਮੰਗੋਲਾਂ ਦੀਆਂ ਅੱਖੀਆਂ ਇਤਨੀਆਂ ਛੋਟੀਆਂ ਤੇ ਤਿੱਖੀਆਂ ਹਨ ਕਿ ਤਾਂਬੇ ਦੀ ਦੇਗਚੀ ਵਿਚ ਮੋਰੀ ਕਰ ਸੁੱਟਣ। ਉਨ੍ਹਾਂ ਦੇ ਰੰਗ ਨੂੰ ਦੇਖ ਕੇ ਇਤਨੀ ਕਚਿਆਣ ਔਂਦੀ ਹੈ ਕਿ ਉਨ੍ਹਾਂ ਦੇ ਸਰੀਰ ਦੀ ਬਦਬੂ ਹੀ ਉਨ੍ਹਾਂ ਦੀ ਰੰਗਤ ਨਾਲੋਂ ਵਧੇਰੇ ਕਚਿਆਣ ਦਵਾ ਸਕਦੀ ਹੈ। ਉਨ੍ਹਾਂ ਦੇ ਸਿਰ ਉਨ੍ਹਾਂ ਦੇ ਜਿਸਮਾਂ ਵਿਚ ਗੱਡੇ ਹੋਏ ਹਨ ਅਤੇ ਉਨ੍ਹਾਂ ਦੀਆਂ ਗਰਦਣਾਂ ਹੈਨ ਹੀ ਨਹੀਂ। ਉਨ੍ਹਾਂ ਦੀਆਂ ਗੱਲ੍ਹਾਂ ਇਉਂ ਹਨ ਜਿਵੇਂ ਪੁਰਾਣੀਆਂ ਝੁਰੜੀਦਾਰ ਚਮਰਕਾਂ। ਉਨ੍ਹਾਂ ਦੇ ਨੱਕ ਚੌੜੇ ਤੇ ਫੀਨੇ ਹਨ ਅਤੇ ਉਨ੍ਹਾਂ ਦੀਆਂ ਨਾਸਾਂ ਜਿਵੇਂ ਤਰੱਕੀਆਂ ਹੋਈਆਂ ਕਬਰਾਂ।.....ਉਨ੍ਹਾਂ ਦੇ ਸਰੀਰ ਜੂਆਂ ਨਾਲ ਭਰੇ ਹੋਏ ਅਤੇ ਉਨ੍ਹਾਂ ਦੀ ਚਮੜੀ ਧੌੜੀ ਵਾਂਗਰ ਹੈ ਜਿਸ ਦੀਆਂ ਕਿ ਚਰਮ ਜੁੱਤੀਆਂ ਬਣਾਈਆਂ ਜਾ ਸਕਣ।..... ਜਿਸ ਵੇਲੇ ਸੁਲਤਾਨ (ਖ਼ੁਵਾਰਜ਼ਮ ਸ਼ਾਹ) ਨੇ ਇਨ੍ਹਾਂ ਮੰਗੋਲਾਂ ਨੂੰ ਤੱਕਿਆ ਤਾਂ ਫ਼ੁਰਮਾਇਆ ਕਿ ਇਹ ਨਿਰਸੰਦੇਹ ਜਹੱਨਮ ਦੀ ਆਤਸ਼ ਵਿੱਚੋਂ ਉਪਜੇ ਹਨ.....ਜਿਹੋ ਜਿਹੀ ਇਨ੍ਹਾਂ ਦੀ ਮਨਹੂਸ ਸ਼ਕਲ ਸੂਰਤ ਹੈ, ਏਹੋ ਜਹੇ ਹੀ ਇਨ੍ਹਾਂ ਦੇ ਕਾਨੂੰਨ ਹਨ, ਜੋ ਕਿ ਯਾਸਾ ਕਹਾਉਂਦੇ ਹਨ।"[2]

ਇਸਲਾਮ ਗ੍ਰਹਿਣ ਕਰਨ ਤੋਂ ਪਹਿਲਾਂ ਮੰਗੋਲਾਂ ਦਾ ਧਰਮ, 'ਸ਼ਮਨ' ਧਰਮ ਸੀ, ਜਿਸ ਵਿਚ ਕਿ ਰੂਹਾਂ, ਬ੍ਰਿਛਾਂ ਤੇ ਅਸਮਾਨ ਦੀ ਪੂਜਾ ਹੁੰਦੀ ਸੀ। ਇਸ ਧਰਮ ਦੇ ਪ੍ਰੋਹਤ 'ਬਿੱਕੀ' ਕਹਾਉਂਦੇ ਸਨ ਅਤੇ ਵਿਸ਼ਵਾਸ ਮੰਗੋਲਾਂ ਦਾ ਇਹ ਸੀ, ਜੁ ਇਹ 'ਬਿੱਕੀ, ਮ੍ਰਿਤੂ ਪਿੱਛੋਂ, ਪ੍ਰੇਤ-ਰੂਹਾਂ ਦੇ ਰੂਪ ਵਿਚ ਮੰਗੋਲ ਕਬੀਲਿਆਂ ਦੀ ਰੱਖਿਆ ਯਾ ਹਾਨੀ ਕਰਦੇ ਹਨ। ਜੇ ਕਿਸੇ 'ਬਿੱਕੀ' ਦਾ ਲਹੂ ਡੁੱਲ੍ਹ ਜਾਵੇ ਤਾਂ ਉਹ 'ਬਿੱਕੀ' ਦੀ ਪ੍ਰੇਤ-ਰੂਹ ਮੰਗੋਲਾਂ ਲਈ ਬੜੀ

1. ਦੇਖੋ, Stevenson, W.B., *The Crusadors in the East,* p. 334.
2. ਦੇਖੋ, *Cambridge History of India,* Vol. III, p. 84.

ਹਾਨੀਕਾਰਕ ਹੋਣੀ ਮੰਨੀ ਜਾਂਦੀ ਸੀ। ਇਕ ਚੰਗੇਜ਼ ਖ਼ਾਂ ਅਤੇ ਇਕ ਚੰਗੇਜ਼ ਖ਼ਾਂ ਦੇ ਜਰਨੈਲ, ਮੁਖਾਲੀ ਦੇ ਜੀਵਨ ਵਿਚ ਉਨ੍ਹਾਂ ਨੂੰ 'ਬਿੱਕੀਆਂ' ਨੂੰ ਮੌਤ ਦੰਡ ਦੇਣਾ ਪਿਆ ਸੀ ਤਾਂ, ਇਕ ਨੇ 'ਬਿੱਕੀ' ਨੂੰ ਗਰਮ ਪਾਣੀ ਵਿਚ ਉਬਾਲ ਕੇ ਮਾਰ ਦਿੱਤਾ ਅਤੇ ਦੂਜੇ ਨੇ ਹੱਥ ਪੈਰ ਬੰਨ੍ਹ ਕੇ ਦਰਿਆ ਵਿਚ ਰੁੜ੍ਹਵਾ ਕੇ ਮਾਰ ਦਿੱਤਾ, ਤਾਂ ਜੁ ਉਨ੍ਹਾਂ ਦੀ ਰੂਹ, ਮ੍ਰਿਤੂ ਪਿੱਛੋਂ, ਮੰਗੋਲ ਕਬੀਲਿਆਂ ਨੂੰ ਦੁਖ ਨਾ ਦੇਵੇ।[1]

ਸੰਦੇਹ ਨਹੀਂ ਜੁ ਇਹੋ 'ਯਾਸਾ' ਦਾ ਕਾਨੂੰਨ ਸੀ ਕਿ ਧਾਰਮਿਕ ਆਗੂਆਂ ਤੇ ਰੂਹਾਨੀ ਪ੍ਰਤਿਭਾ ਵਾਲੇ ਪੁਰਸ਼ਾਂ ਦਾ ਲਹੂ ਨਹੀਂ ਡੋਲ੍ਹਣਾ। ਅਤੇ ਜੇ ਕਦੇ ਕਿਸੇ ਬੜੇ ਗੰਭੀਰ ਤੇ ਰਾਜਨੀਤਕ ਕਾਰਨਾਂ ਦੇ ਸਬੱਬ, ਜਿਹੜੇ ਕਾਰਨ ਕਿ ਮੰਗੋਲਾਂ ਦੀ ਸਲਤਨਤ ਤੇ ਰਾਜ ਸੱਤਾ ਦੀ ਹੋਂਦ ਅਣਹੋਂਦ ਨਾਲ ਸਿੱਧੇ ਸੰਬੰਧਤ ਹੋਣ, ਕਿਸੇ ਅਜੇਹੇ ਪੁਰਸ਼, 'ਬਿੱਕੀ' ਨੂੰ ਮ੍ਰਿਤੂ ਦੰਡ ਦੇਣਾ ਹੀ ਪੈ ਜਾਵੇ, ਤਾਂ ਉਸ 'ਬਿੱਕੀ' ਸਥਾਨੀ ਵਿਅਕਤੀ ਦੀ ਮ੍ਰਿਤੂ ਅਜੇਹੇ ਢੰਗ ਨਾਲ ਕੀਤੀ ਜਾਵੇ ਕਿ ਲਹੂ ਨਾ ਡੁੱਲ੍ਹੇ। ਇਹੋ ਲਹੂ ਨਾ ਡੋਲ੍ਹਣ ਬਾਬਤ ਵਿਸ਼ਵਾਸ ਯਹੂਦੀਆਂ ਤੇ ਈਸਾਈਆਂ ਦੇ ਧਰਮ ਦਾ ਵੀ ਇਕ ਬੁਨਿਆਦੀ ਅੰਗ ਹੈ ਅਤੇ ਮੂਸਾ ਦੇ ਦਸਾਂ ਹੁਕਮਾਂ ਵਿੱਚੋਂ ਇਹ ਵੀ ਇਕ ਹੁਕਮ ਹੈ, "ਤੂੰ ਲਹੂ ਨਾ ਡੋਲ੍ਹ।" ਫਾਂਸੀ ਦੇ ਕੇ ਮ੍ਰਿਤੂ ਦੰਡ ਦੇਣ ਯਾ ਜੀਉਂਦੇ ਸਾੜ ਦੇਣ ਦਾ ਰਿਵਾਜ, ਵਾਸਤਵ ਵਿਚ, ਮੂਸਾ ਦੇ ਇਸ ਹੁਕਮ ਦੀ ਪਾਲਣਾ ਵਿਚ ਹੀ ਪ੍ਰਚਲਿਤ ਹੋਇਆ ਹੈ।

ਇਨ੍ਹਾਂ ਵਿਚਾਰਾਂ ਤੋਂ ਇਹ ਸਪੱਸ਼ਟ ਹੋ ਗਿਆ ਜੋ ਗੁਰੂ ਅਰਜਨ ਨੂੰ 'ਯਾਸਾ' ਦੇ ਕਾਨੂੰਨ ਅਨੁਸਾਰ ਸਜ਼ਾ, ਜੋ ਮੰਗੋਲ ਸ਼ਹਿਨਸ਼ਾਹ, ਜਹਾਂਗੀਰ ਨੇ ਦਿੱਤੀ, ਤਾਂ ਉਸ ਦੇ ਦੋ ਕਾਰਨ ਸਨ। ਇਕ, ਇਹ ਕਿ ਗੁਰੂ ਅਰਜਨ ਦਾ 'ਜੁਰਮ' ਰਾਜਨੀਤਕ ਅਤੇ ਅਜੇਹਾ ਉੱਗਰ ਸੀ ਕਿ ਗੁਰੂ ਅਰਜਨ ਦੇ ਜੀਵਤ ਰਹਿਣ ਨਾਲ ਮੁਗ਼ਲਾਂ ਦੇ ਰਾਜ ਦਾ ਭਾਰਤ ਵਿੱਚੋਂ ਨਸ਼ਟ ਹੋਣ ਦਾ ਤੌਖਲਾ ਪੱਕਾ ਸਮਝਿਆ ਗਿਆ ਅਤੇ ਦੂਜੇ, ਗੁਰੂ ਦਾ ਆਤਮਕ ਔਜ ਇਤਨਾ ਬਲਵਾਨ ਮੰਨਿਆ ਗਿਆ ਕਿ ਉਨ੍ਹਾਂ ਨੂੰ ਮ੍ਰਿਤੂ ਦੰਡ, ਉਬਲਦੀ ਦੇਗ ਵਿਚ ਪਾ ਕੇ ਅਤੇ ਦਰਿਆ ਵਿਚ ਰੋੜ੍ਹ ਕੇ ਦਿੱਤਾ ਗਿਆ।

ਇਹੋ ਭਾਵ ਤੇ ਇਹੋ ਅਰਥ ਹਨ, ਜਹਾਂਗੀਰ ਦੇ ਇਸ ਹੁਕਮ ਦੇ ਕਿ ਗੁਰੂ ਨੂੰ "ਬ ਸਿਯਾਸਤ-ਵ-ਬ-ਯਾਸਾ ਰਸਾਨੰਦ।"

---

1. ਦੇਖੋ, Tsui Chi, *A Short History of Chinese Civilisation*, London-1942, pp. 68, 168, 213 etc.

# ਗੁਰੂ ਤੇਗ਼ ਬਹਾਦਰ

ਸ਼ਾਹ ਜਹਾਨ ਦੀ ਆਬਾਦ ਕੀਤੀ ਹੋਈ ਪੁਰਾਣੀ ਦਿੱਲੀ ਅਤੇ ਅੰਗਰੇਜ਼ਾਂ ਦੀ ਵਸਾਈ ਹੋਈ ਨਵੀਂ ਦਿੱਲੀ ਵਿਚ, ਦੋ ਸਿੱਖ ਗੁਰਦੁਆਰੇ, ਦਿੱਲੀ-ਵਾਸੀਆਂ ਅਤੇ ਬਾਹਰੋਂ ਆਏ ਸੈਲਾਨੀਆਂ ਦਾ ਧਿਆਨ ਅਵੱਸ਼ ਖਿੱਚਦੇ ਹਨ; ਚਾਂਦਨੀ ਚੌਂਕ ਵਿਚ ਸੁਨਹਿਰੀ ਕਲਸ਼ਾਂ ਨਾਲ ਸੁਸ਼ੋਭਿਤ ਸੀਸ ਗੰਜ ਅਤੇ ਨਵੀਂ ਦਿੱਲੀ ਦੇ ਪਾਰਲੀਮੈਂਟ ਹਾਊਸ ਅਤੇ ਸੈਕ੍ਰਟੇਰੀਅਟ ਦੇ ਗੁਆਂਢ, ਸੰਗਮਰਮਰ ਦਾ ਨਵਾਂ ਉਭਰ ਰਿਹਾ ਗੁਰਦੁਆਰਾ ਰਕਾਬ ਗੰਜ!

ਇਹ ਦੋਵੇਂ ਗੁਰਦੁਆਰੇ ਨੌਂਵੇਂ ਨਾਨਕ, ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੀਆਂ ਯਾਦਗਾਰਾਂ ਤੇ ਸਮਾਰਕ ਹਨ; ਸੀਸ ਗੰਜ ਜਿਥੇ ਗੁਰੂ ਤੇਗ਼ ਬਹਾਦਰ ਦਾ ਪਵਿੱਤਰ ਸੀਸ ਕਲਮ ਕੀਤਾ ਗਿਆ ਅਤੇ ਰਕਾਬ ਗੰਜ ਜਿਥੇ ਉਨ੍ਹਾਂ ਦੇ ਪਵਿੱਤਰ ਧੜ ਦਾ ਸਸਕਾਰ ਕੀਤਾ ਗਿਆ।

ਗੁਰੂ ਤੇਗ਼ ਬਹਾਦਰ ਦਾ ਜਨਮ 1 ਅਪ੍ਰੈਲ, ਸੰਨ 1621 ਨੂੰ ਅੰਮ੍ਰਿਤਸਰ ਵਿਚ ਛਟਮ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਹੋਇਆ ਅਤੇ ਉਨ੍ਹਾਂ ਨੂੰ 11 ਨਵੰਬਰ, ਸੰਨ 1675 ਦੀ ਸ਼ਾਮ ਨੂੰ ਸੂਰਜ ਅਸਤ ਦੇ ਸਮੇਂ ਸ਼ਹਿਨਸ਼ਾਹ ਔਰੰਗਜ਼ੇਬ ਦੇ ਹੁਕਮ ਅਨੁਸਾਰ ਉਸ ਸਮੇਂ ਦੀ ਮੁਗ਼ਲ ਕੋਤਵਾਲੀ ਦੇ ਸਾਹਮਣੇ ਸ਼ਹਿਰ ਦੇ ਲੋਕਾਂ ਦੇ ਇਕੱਠ ਦੇ ਰੂਬਰੂ, ਇਕ ਪੁਰਾਣੇ ਬੋਹੜ ਦੇ ਹੇਠਾਂ ਥੜ੍ਹੇ ਉੱਤੇ ਬਿਠਾ ਕੇ, ਬਾਦਸ਼ਾਹੀ ਜੱਲਾਦ, ਸਯਦ ਜਲਾਲ-ਦੀਨ ਕਸਬਾ ਸਮਾਣਾ ਦੇ ਸ਼ਾਹੀ ਜਗੀਰਦਾਰ ਨੇ ਕਤਲ ਕੀਤਾ। ਇਹੋ ਅਸਥਾਨ ਹੁਣ ਗੁਰਦੁਆਰਾ ਸੀਸ ਗੰਜ ਹੈ, ਜਿਸ ਦਾ ਭਾਵ ਅਰਥ ਹੈ 'ਪਵਿੱਤਰ ਸੀਸ ਦੀ ਰਤਨ ਨਿਧੀ'। ਦੂਜੇ ਪਵਿੱਤਰ ਅਸਥਾਨ ਰਕਾਬ ਗੰਜ ਵਾਲੀ ਥਾਂ ਉੱਤੇ, ਸ਼ਹਿਨਸ਼ਾਹ ਔਰੰਗਜ਼ੇਬ ਦੇ ਸਮੇਂ ਜੈਪੁਰ-ਪਤੀ ਅਤੇ ਮੁਗ਼ਲ ਫ਼ੌਜਾਂ ਦੇ ਜਰਨੈਲ, ਮਿਰਜ਼ਾ ਰਾਜਾ ਜੈ ਸਿੰਘ ਦੇ ਘੋੜ-ਸਵਾਰ ਰਿਸਾਲਿਆਂ ਦੀ ਛਾਉਣੀ ਸੀ ਅਤੇ ਸਿੱਖਾਂ ਦੀ ਇਕ ਛੋਟੀ ਜਹੀ ਬਸਤੀ ਆਬਾਦ ਸੀ, ਜਿਸ ਵਿਚ ਘੋੜਿਆਂ ਨੂੰ ਆਟਾ ਦਾਣਾ ਅਤੇ ਫ਼ੌਜੀਆਂ ਨੂੰ ਰਸਦ ਆਦਿ ਪੁਚਾਉਣ ਵਾਲੇ ਮਜ਼ਦੂਰ, ਠੇਕੇਦਾਰ ਵੱਸਦੇ ਸਨ ਅਤੇ ਇਸ ਬਸਤੀ ਦਾ ਨਾਮ ਰਕਾਬ ਗੰਜ ਸੀ। ਇਨ੍ਹਾਂ ਸਿੱਖਾਂ ਨੇ ਹੀ, ਗੁਰੂ ਤੇਗ਼ ਬਹਾਦਰ ਦਾ ਧੜ, ਸ਼ਾਹੀ ਹੁਕਮਾਂ ਦੀ ਉਲੰਘਣਾ ਕਰ ਕੇ, ਚਾਂਦਨੀ ਚੌਂਕ ਦੇ ਥੜ੍ਹੇ ਉੱਤੋਂ ਚੁੱਕ ਲਿਆਂਦਾ ਸੀ ਅਤੇ ਆਪਣੀਆਂ ਕੁਲੀਆਂ ਨੂੰ, ਆਪ ਹੀ ਅੱਗ ਲਾ ਕੇ ਅਗਨੀ-ਭੇਟ ਕਰ ਦਿੱਤਾ ਸੀ, ਤਾਂ ਜੁ ਸ਼ਾਹੀ ਹੁਕਮ ਅਨੁਸਾਰ, ਗੁਰੂ ਦੇ ਪਵਿੱਤਰ ਸਰੀਰ ਦਾ ਤ੍ਰਿਸਕਾਰ ਨਾ ਕੀਤਾ ਜਾ ਸਕੇ। ਗੁਰੂ ਦੇ ਪਵਿੱਤਰ ਸਰੀਰ ਨੂੰ, ਇਕ ਆਵਰਣ ਜਾਤੀ ਦਾ ਸਿੱਖ, ਲੁਕ-ਛਿਪ ਕੇ ਚੁੱਕ ਲੈ ਗਿਆ ਸੀ ਅਤੇ ਸੀਸ ਨੂੰ ਸ਼ਿਵਾਲਕ ਪਹਾੜੀਆਂ ਦੇ ਚਰਨਾਂ ਵਿਚ ਵੱਸਦੇ, ਅਨੰਦਪੁਰ ਸਾਹਿਬ ਨਗਰ ਵਿਚ, ਗੁਰੂ ਤੇਗ਼ ਬਹਾਦਰ ਦੇ ਸਪੁੱਤਰ, ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਿਆ ਸੀ, ਜਿਥੇ ਉਸ ਸੀਸ ਦੇ ਸਸਕਾਰ ਕਰਨ ਵਾਲੀ ਥਾਂ ਉੱਤੇ ਹੁਣ ਇਕ ਯਾਦਗਾਰੀ ਗੁਰਦੁਆਰਾ ਮੌਜੂਦ ਹੈ।

ਇਹ ਸ਼ਹੀਦੀ, ਸ਼ਹਿਨਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਹੋਈ, ਇਸ ਵਿਚ ਕੋਈ ਸੰਦੇਹ ਅਤੇ ਸੰਸਾ ਨਹੀਂ ਹੈ। *ਸੀਯਰ-ਉਲ-ਮੁਤਾਖ਼ਰੀਨ*, ਗ਼ੁਲਾਮ ਹੁਸੈਨ ਦੀ ਲਿਖੀ ਹੋਈ ਹਿੰਦੁਸਤਾਨ ਦੀ ਤਵਾਰੀਖ਼ ਹੈ, ਵਿਚ 1606 ਤੋਂ ਲੈ ਕੇ ਸੰਨ 1782 ਤਕ ਦੇ ਹਾਲਾਤ ਦਰਜ ਹਨ ਅਤੇ ਇਹ ਫ਼ਾਰਸੀ ਦੀ ਪੁਸਤਕ, ਸੰਨ 1785 ਵਿਚ ਸਮਾਪਤ ਹੋਈ। ਇਸ ਵਿਚ ਦਰਜ ਹੈ ਕਿ ਜਦੋਂ ਸ਼ਹਿਨਸ਼ਾਹ ਹਸਨਾਬਦਾਲ ਦੇ ਇਲਾਕੇ ਵਿਚ ਰਾਜ-ਪ੍ਰਬੰਧ ਵਿਚ ਰੁੱਝਾ ਹੋਇਆ ਸੀ ਤਾਂ ਸੰਨ 1675 ਦੀ ਹੁਨਾਲੇ ਦੀ ਰੁੱਤੇ, ਉਸ ਨੂੰ ਰਿਪੋਰਟ ਮਿਲੀ ਕਿ ਗੁਰੂ ਤੇਗ਼ ਬਹਾਦਰ ਪੂਰਬੀ ਪੰਜਾਬ ਦੇ ਪਿੰਡਾਂ ਵਿਚ ਦੌਰਾ ਕਰ ਰਹੇ ਹਨ ਅਤੇ ਹਜ਼ਾਰਾਂ ਸ਼ਰਧਾਲੂ ਉਨ੍ਹਾਂ ਦੇ ਹਮਰਾਹੀ ਹਨ:

> "ਆਲਮਗੀਰ ਬਹ ਇਸ੍ਤਿਆ੍ਇ ਈਂ ਖ਼ਬਰ ਬਹ ਹਾਕਿਮਿ ਲਾਹੌਰ ਨਵਿਸ਼੍ਤ ਕਿ ਤੇਗ਼ ਬਹਾਦੁਰ ਰਾ ਗਿਫ਼੍ਤਾਰ ਵ ਮੁਕੀਦ ਵ ਮਹਬੂਸ ਦਾਰੰਦ। ਚੁਨਾਂਚਿ ਹਸ੍ਬੁਲ ਹੁਕ੍ਮ ਬਹ ਅਮਲ ਆਮਦ।"

ਭਾਵ ਇਹ ਕਿ ਪਾਤਸ਼ਾਹ ਨੇ ਜਦੋਂ ਇਹ ਰਪੋਟ ਸੁਣੀ ਤਾਂ ਲਾਹੌਰ ਦੇ ਸੂਬੇ ਨੂੰ ਹੁਕਮ ਕੀਤਾ ਕਿ ਤੇਗ਼ ਬਹਾਦਰ ਨੂੰ ਗ੍ਰਿਫ਼ਤਾਰ ਕਰ ਕੇ ਬੰਦੀਵਾਨ ਬਣਾਇਆ ਜਾਵੇ। ਆਗਿਆ ਅਨੁਸਾਰ ਇਵੇਂ ਹੀ ਕੀਤਾ ਗਿਆ।

ਜਿਸ ਸਮੇਂ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਆਗਰੇ ਸ਼ਹਿਰ ਵਿੱਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਵਿਚ ਲਿਆਂਦਾ ਗਿਆ, ਤਾਂ ਪਾਤਸ਼ਾਹ ਨੂੰ ਇਸ ਦੀ ਇਤਲਾਹ ਦਿੱਤੀ ਗਈ, ਜਿਸ ਨੂੰ ਸੁਣ ਕੇ:

> "ਬਾਅਦਿ ਚੰਦ ਰੂਜ਼ ਹੁਕਮਿ ਦੀਗਰ ਦਰ ਬਾਰਹਇ ਤੇਗ਼ ਬਹਾਦਰ ਰਸੀਦ ਕਿ ਊ ਰਾ ਕੁਸ਼ਤਾ ਵਜੂਦਸ਼ ਰਾ ਚੰਦ ਹਿੱਸਹ ਨਮੂਦਹ; ਅਤਰਾਫ਼ਿ ਸ਼ਹਰ ਬਿ ਆਵੇਜ਼ੰਦ।"

ਭਾਵ ਇਹ ਕਿ ਫੇਰ ਪਾਤਸ਼ਾਹ ਨੇ ਹੁਕਮ ਕੀਤਾ ਕਿ ਤੇਗ਼ ਬਹਾਦਰ ਨੂੰ ਕਤਲ ਕਰ ਕੇ ਉਸ ਦੇ ਸਰੀਰ ਦੇ ਟੁਕੜੇ ਸ਼ਹਿਰ ਦੇ ਚੌਹੀਂ ਪਾਸੀਂ ਟੰਗ ਦਿੱਤੇ ਜਾਣ। ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਇਸ ਬੇਹੁਰਮਤੀ ਤੋਂ ਬਚਾਉਣ ਲਈ ਹੀ, ਸਿੱਖ ਉਨ੍ਹਾਂ ਦੇ ਪਵਿੱਤਰ ਸੀਸ ਨੂੰ ਚੋਰੀ ਚੁੱਕ ਕੇ ਆਨੰਦਪੁਰ ਲੈ ਗਏ ਸਨ ਅਤੇ ਉਨ੍ਹਾਂ ਦੇ ਪਵਿੱਤਰ ਧੜ ਨੂੰ, ਆਪਣੇ ਘਰਾਂ ਨੂੰ ਅੱਗ ਲਾ ਕੇ ਅਗਨੀ ਭੇਟ ਕਰ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ੍ਵੈ ਰਚਿਤ ਗ੍ਰੰਥ 'ਬਚਿੱਤ੍ਰ ਨਾਟਕ' ਵਿਚ ਆਪਣੇ ਪਿਤਾ-ਗੁਰੂ ਦੀ ਸ਼ਹੀਦੀ ਬਾਰੇ ਠੀਕ ਕਿਹਾ ਹੈ ਕਿ ਗੁਰੂ ਤੇਗ਼ ਬਹਾਦਰ, ਸ਼ਹਿਨਸ਼ਾਹ ਔਰੰਗਜ਼ੇਬ ਦੇ ਸਿਰ ਚੜ੍ਹ ਕੇ ਸ਼ਹੀਦ ਹੋਏ:

**ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥**

ਇਸ ਮਹਾਨ ਸ਼ਹਾਦਤ ਦੇ ਕਾਰਨ ਕੀ ਸਨ, ਜਿਸ ਬਾਬਤ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ:

**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥**

ਇਸ ਪ੍ਰਸ਼ਨ ਦਾ ਉੱਤਰ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਦਿੰਦੇ ਹਨ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥.....**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**

ਇਹ ਮਹਾਨ ਸ਼ਹਾਦਤ ਗੁਰੂ ਤੇਗ਼ ਬਹਾਦਰ ਨੇ, ਹਿੰਦੂ ਧਰਮ ਦੀ ਚਿੰਨ੍ਹ ਰਖ਼ਸ਼ਾ ਲਈ ਦਿੱਤੀ, ਮਜ਼ਹਬ ਦੀ ਆਜ਼ਾਦੀ ਲਈ ਦਿੱਤੀ ਅਤੇ ਪੁਰਸ਼ੋਤਮ ਪੁਰਸ਼ ਦੇ ਆਤਮ-ਗੌਰਵ ਦੀ ਰਖ਼ਸ਼ਾ ਹਿੱਤ ਦਿੱਤੀ। ਇਹਨਾਂ ਤਿੰਨ ਮਹਾਨ ਆਦਰਸ਼ਾਂ ਦੀ ਰੱਖਿਆ ਲਈ ਗੁਰੂ ਤੇਗ਼ ਬਹਾਦਰ ਨੇ ਆਪਣਾ ਬਲੀਦਾਨ ਦਿੱਤਾ:

(1) ਧਾਰਮਿਕ ਸੁਤੰਤ੍ਰਤਾ: "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।"

(2) ਧਰਮ ਦੀ ਰੱਖਿਆ: "ਧਰਮ ਹੇਤ ਸਾਕਾ ਜਿਨਿ ਕੀਆ," ਅਤੇ

(3) ਪੁਰਸ਼ੋਤਮ ਪੁਰਸ਼ ਦੇ ਆਤਮ-ਗੌਰਵ ਦੀ ਰੱਖਿਆ: "ਸੀਸੁ ਦੀਆ ਪਰ ਸਿਰਰੁ ਨ ਦੀਆ॥"

'ਸਿਰਰੁ' ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਸੂਫ਼ੀ ਅਧਿਆਤਮਵਾਦ ਦੀ ਸ਼ਬਦਾਵਲੀ ਵਿਚ ਮਨੁੱਖੀ ਆਤਮ ਦੇ ਉਸ ਔਜ ਦਾ ਸੰਕੇਤ ਕਰਦਾ ਹੈ ਜਿਥੇ ਜੀਵ-ਆਤਮਾ ਅਤੇ ਈਸ਼ਵਰ-ਆਤਮਾ ਦਾ ਸੰਪਰਕ ਹੁੰਦਾ ਹੈ। ਯੋਗ ਸ਼ਾਸਤਰ ਦੀ ਭਾਸ਼ਾ ਵਿਚ, ਇਹ ਕੁੰਡਲਨੀ ਸ਼ਕਤੀ ਦੇ ਉਥਾਨ ਦਾ ਉਹ ਸਥਾਨ ਹੈ, ਜਿਥੇ ਯੋਗੀ ਸਿੱਧੀ-ਪ੍ਰਾਪਤ ਅਵਸਥਾ ਨੂੰ ਪਹੁੰਚਦਾ ਹੈ। ਸਾਮੀ ਧਰਮਾਂ, ਇਸਲਾਮ ਆਦਿ ਵਿਚ, ਕਰਾਮਾਤੀ ਸ਼ਕਤੀ, ਈਸ਼ਵਰ ਸਥਾਪਿਤ ਨਬੀ ਰਸੂਲ ਦੀ ਨਿਸ਼ਾਨੀ ਹੈ। ਜਦੋਂ ਗੁਰੂ ਤੇਗ਼ ਬਹਾਦਰ ਜੀ, ਸ਼ਾਹੀ ਬੰਦੀਵਾਨ ਬਣੇ ਅਤੇ ਉਨ੍ਹਾਂ ਨੇ ਹਿੰਦੂ-ਧਰਮ ਦੇ ਨਿਤਯ-ਸਤਯ ਹੋਣ ਦੀ ਹਾਮੀ ਭਰੀ ਤਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਹ ਹਿੰਦੂ ਧਰਮ ਦੇ ਨਬੀ ਰਸੂਲ ਹੋਣ ਦਾ ਦਾਅਵਾ ਕਰਦੇ ਹਨ ਤਾਂ ਕਰਾਮਾਤ ਦਾ ਚਮਤਕਾਰ ਦਿਖਾਉਣ। ਗੁਰੂ ਤੇਗ਼ ਬਹਾਦਰ ਨੇ ਇਸ ਮੰਗ ਨੂੰ ਪੁਰਸ਼ੋਤਮ ਪੁਰਸ਼ ਦੇ ਆਤਮ-ਗੌਰਵ ਦੀ ਮਾਨ-ਹਾਨੀ ਸਮਝਿਆ, ਕਿਉਂਜੁ:

**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥**

ਅਤੇ ਇਸ ਕਾਰਨ, ਕਰਾਮਾਤ ਨਾ ਦਿਖਾਈ, ਆਪਣੀ ਆਤਮਾ ਦੇ ਪਾਰਬ੍ਰਹਮ ਨਾਲ ਸੰਪਰਕ ਦੇ ਔਜ ਦਾ ਚਮਤਕਾਰੀ ਸਬੂਤ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਇਉਂ:

**ਸੀਸੁ ਦੀਆ ਪਰ ਸਿਰਰੁ ਨ ਦੀਆ॥**

ਗੁਰੂ ਤੇਗ਼ ਬਹਾਦਰ ਸ਼ਾਹੀ ਹੁਕਮ ਦੁਆਰਾ ਗ੍ਰਿਫ਼ਤਾਰ ਕਿਉਂ ਕੀਤੇ ਗਏ? *ਸੀਯਰ-ਉਲ-ਮੁਤਾਖ਼ਰੀਨ* ਦਾ ਕਰਤਾ ਕਹਿੰਦਾ ਹੈ ਕਿ ਸ਼ਾਹੀ ਅਖ਼ਬਾਰ-ਨਵੀਸਾਂ ਨੇ ਪਾਤਸ਼ਾਹ ਕੋਲ ਰਪੋਟਾਂ ਕੀਤੀਆਂ ਸਨ ਕਿ ਗੁਰੂ ਤੇਗ਼ ਬਹਾਦਰ ਨਾਲ ਹਜ਼ਾਰਾਂ ਸ਼ਰਧਾਲੂ ਇਕੱਠੇ ਹੋ ਰਹੇ ਹਨ ਅਤੇ ਡਰ ਉਤਪੰਨ ਹੋ ਰਿਹਾ ਹੈ ਕਿ ਉਸ ਦੀ ਸ਼ਕਤੀ ਰਾਜ ਲਈ ਖ਼ਤਰਾ ਬਣ ਜਾਏਗੀ। *ਗੁਰ ਪ੍ਰਤਾਪ ਸੂਰਯ* ਨਾਮੀ ਗ੍ਰੰਥਿ ਦਾ ਕਰਤਾ ਦੱਸਦਾ ਹੈ ਕਿ ਜਿਸ ਵੇਲੇ ਸੰਨ 1669 ਵਿਚ ਔਰੰਗਜ਼ੇਬ ਨੇ ਸਰਵ-ਵਿਆਪੀ ਸ਼ਾਹੀ ਹੁਕਮ ਜਾਰੀ ਕੀਤਾ ਕਿ ਗ਼ੈਰ-ਮੁਸਲਮਾਨਾਂ ਦੇ ਮੰਦਿਰ, ਧਰਮ ਅਸਥਾਨ ਅਤੇ ਪਾਠਸ਼ਾਲਾਵਾਂ ਨਸ਼ਟ ਕਰ ਦਿੱਤੀਆਂ ਜਾਣ ਤਾਂ ਕਸ਼ਮੀਰ ਦੇ ਮੁਗ਼ਲ ਸੂਬੇਦਾਰ ਸ਼ੇਰ ਅਫ਼ਗ਼ਾਨ ਨੇ ਕਸ਼ਮੀਰੀ ਪੰਡਿਤਾਂ ਉੱਤੇ ਬਹੁਤ ਤੱਦੀ ਕੀਤੀ ਅਤੇ ਉਨ੍ਹਾਂ ਨੂੰ ਹਿੰਦੂ ਧਰਮ ਤਿਆਗਣ ਲਈ ਮਜਬੂਰ ਕੀਤਾ ਤਾਂ ਉਹ ਅਮਰਨਾਥ ਗੁਫ਼ਾ ਦੇ ਪਵਿੱਤਰ ਅਸਥਾਨ ਉੱਤੇ ਜਾ ਕੇ ਧਿਆਨ, ਪ੍ਰਾਰਥਨਾ ਦੁਆਰਾ ਆਪਣੇ ਧਰਮ ਦੀ ਰੱਖਿਆ ਦਾ ਰਾਹ ਢੂੰਡਣ ਲੱਗੇ। ਉਥੇ ਉਨ੍ਹਾਂ ਨੂੰ *ਭਵਿਸ਼ਯ ਪੁਰਾਣ* ਦੇ ਸ਼ਲੋਕ ਦੀ ਆਕਾਸ਼ਬਾਣੀ ਹੋਈ ਕਿ ਕਲਿਯੁਗ ਵਿਚ ਹਿੰਦੂ ਧਰਮ ਉੱਤੇ ਸੰਕਟ-ਕਾਲ ਸਮੇਂ

ਤਦਾ ਵੈ ਲੋਕ ਰਖਯਾਰਥੰ ਮੱਲੇਛਾਨਾ ਨਾਸ਼ ਹੇਤਵੇ।
ਪਸਿਚਮੇ ਤੁ ਸ਼ੁਭੇ ਦੇਸ਼ੇ, ਵੇਦੀ ਵੰਸ਼ੇ ਚ ਨਾਨਕੇ।੩੪।

ਭਾਵ ਇਹ ਕਿ ਇਸ ਸੰਕਟ ਕਾਲ ਸਮੇਂ ਭਾਰਤ ਦੇ ਪਸ਼ਚਿਮ ਪ੍ਰਾਂਤ ਵਿਚ ਬੇਦੀ ਵੰਸ਼ ਵਿਚ ਅਵਤਰਿਆ, ਨਾਨਕ ਸੰਗਿਆ ਦਾ ਪੁਰਸ਼ੋਤਮ, ਹਿੰਦੂ ਧਰਮ ਦੀ ਰੱਖਿਆ ਕਰੇਗਾ।

ਇਸ ਦੇ ਉਪਰੰਤ ਕਸ਼ਮੀਰ ਦੇ ਪੰਡਿਤ ਆਨੰਦਪੁਰ ਸਾਹਿਬ, ਗੁਰੂ ਤੇਗ਼ ਬਹਾਦਰ ਕੋਲ ਹਾਜ਼ਿਰ ਹੋਏ ਤਾਂ ਗੁਰੂ ਸਾਹਿਬ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਧਰਮ ਦੀ ਰੱਖਿਆ ਕਰਨ ਦਾ ਦ੍ਰਿੜ੍ਹ ਨਿਸਚਾ ਕਰਾ ਕੇ, ਉਨ੍ਹਾਂ ਕਸ਼ਮੀਰੀ ਪੰਡਿਤਾਂ ਦਾ ਹੌਸਲਾ ਬੰਨ੍ਹਾਇਆ। ਫੇਰ ਦੇਸ਼ਾਟਨ ਆਰੰਭ ਕਰ ਕੇ ਲੋਕਾਂ ਨੂੰ ਧਰਮ ਵਿਚ ਪ੍ਰਪੱਕ ਅਤੇ ਨਿਰਭੈ ਰਹਿਣ ਦਾ ਉਪਦੇਸ਼ ਕਰਨ ਲੱਗੇ, ਜਿਸ ਦਾ ਪਰਿਣਾਮ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਨਿਕਲਿਆ।

ਇਕ ਸਮਕਾਲੀ ਕਵੀ ਨੇ ਗੁਰੂ ਦੇ ਇਸ ਮਹਾਨ ਸਾਕੇ ਅਤੇ ਬਲੀਦਾਨ ਦਾ ਵਰਣਨ ਇਉਂ ਕੀਤਾ ਹੈ:

ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ, ਗੁਰ ਸ਼ਬਦੀ ਇਹ ਮਨ ਹੋੜੀਏ।
ਬਾਂਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨਾ ਛੋੜੀਏ।
ਗੁਰੂ ਤੇਗ਼ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ।

ਇਸ ਪਿਛੋਕੜ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਬਾਰੇ ਕਿਹਾ ਹੈ:

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥**

*[ਆਕਾਸ਼ਵਾਣੀ ਦਿੱਲੀ ਦੇ ਧੰਨਵਾਦ ਨਾਲ]*

# ਦਸਮੇਸ਼ ਜੀ ਦਾ ਜਲਾਲੀ ਸਰੂਪ

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਨੂੰ ਵਰਣਨ ਕਰਨਾ ਇਉਂ ਹੈ ਜਿਵੇਂ ਕੋਈ ਸੂਰਜ ਸਾਹਮਣੇ ਝਾਕ ਕੇ ਕੈਮਰੇ ਨਾਲ ਉਸ ਦੀ ਫੋਟੋ ਉਤਾਰਣ ਦਾ ਯਤਨ ਕਰੇ। ਅਵੱਸ਼ ਸਿੱਟਾ ਇਸ ਯਤਨ ਦਾ ਇਹੋ ਨਿਕਲੇਗਾ ਕਿ ਚਕਸ਼ੂ ਅੰਧ ਹੋ ਜਾਣਗੇ ਤੇ ਕੈਮਰੇ ਦੀ ਫ਼ਿਲਮ ਭੂੰਸ਼ ਹੋ ਜਾਵੇਗੀ। ਜੋ ਕੋਈ ਪ੍ਰਤੱਖ ਬਿਜਲੀ ਨੂੰ ਹੱਥ ਨਾਲ ਫੜਨ ਦਾ ਯਤਨ ਕਰੇਗਾ, ਉਹ ਭਸਮ ਤਾਂ ਹੋ ਸਕਦਾ ਹੈ, ਪਰ ਸਫਲ ਨਹੀਂ। ਕਿਉਂ ? ਇਸ ਲਈ ਕਿ ਪੁਰਸ਼ੋਤਮ ਗੁਰੂ ਅਵਤਾਰ ਆਪਣੇ ਦਿੱਬ ਜਲਵੇ, ਜਲਾਲ ਦੇ ਰੂਪ ਵਿਚ, ਅਮਿਤ, ਅਥਾਹ, ਅਗੋਚਰ, ਮਨ-ਬੁੱਧੀ ਦੀ ਪਹੁੰਚ ਤੋਂ ਵਿਮੁਕਤ, ਪਰਮ ਈਸ਼ਵਰ-ਸੱਤਾ ਨਾਲ ਅਭੇਦ ਹੁੰਦੇ ਹਨ ਅਤੇ ਉਨ੍ਹਾਂ ਦੇ ਦਰਸ਼ਨ-ਸਿਧਾਂਤ ਦਾ ਵਰਣਨ ਅਸੰਭਵ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੰਚ-ਭੌਤਿਕ ਜਲਾਲ ਬਾਬਤ ਮਹਾਂਕਵੀ ਸੰਤੋਖ ਸਿੰਘ ਨੇ ਕਿਹਾ ਹੈ :

ਦੁਰਨਰਿੱਖ ਦਰਸ਼ਨ ਸਤਿਗੁਰ ਕੇ।

ਤਾਂ ਉਨ੍ਹਾਂ ਦੇ ਆਤਮਕ ਓਜ, ਦਿੱਬ ਪ੍ਰਤਿਭਾ, ਰੂਹਾਨੀ ਜਲਾਲ ਅਤੇ ਪਰਾਭੌਤਿਕ ਅਸੀਮਤਾ ਦੀ ਵਰਣਨ-ਵਿਆਖਿਆ, ਉਨ੍ਹਾਂ ਦੇ ਜੀਵਨ-ਸਿਧਾਂਤ ਦੇ ਵਿਸ਼ਲੇਸ਼ਨ ਦੇ ਮੰਤਵ ਨਾਲ ਕਰਨ ਦਾ ਹੌਸਲਾ ਕੌਣ ਕਰੇ ?

ਜਿਸ ਵੇਲੇ, ਅਰਜਨ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਸ਼ੁੱਧ ਰੂਪ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ, *ਭਾਗਵਤ ਗੀਤਾ* ਅਨੁਸਾਰ :

ਦ੍ਰਸ਼ਟੁਮਿ ਇਛਾਮਿ ਤੇ ਰੂਪਮ, ਏਸ਼ਵਰੰ ਪੁਰਸ਼ੋਤਮ। (੧੧-੩)

ਤਦ ਭਗਵਾਨ ਦਾ ਉੱਤਰ ਸੀ :

ਨ ਤੁ ਮਾਂ ਸ਼ਕਯਸੇ ਦ੍ਰਸ਼ਟਮਾ। (੧੧-੮)

ਮਨੁੱਖ, ਗਿਆਨ-ਇੰਦ੍ਰਿਆਂ ਦੁਆਰਾ, ਮਨ ਬੁੱਧੀ ਦੀ ਸ਼ਕਤੀ ਨਾਲ ਅਮਿਤ, ਅਸੀਮ ਗੁਰੂ ਜਯੋਤੀ ਦਾ ਪਾਰਾਵਾਰ ਪਾ ਨਹੀਂ ਸਕਦਾ, ਜਦ ਤਕ ਉਸ ਨੂੰ ਦਿੱਬ-ਦ੍ਰਿਸ਼ਟੀ ਬ੍ਰਹਮ-ਚਕਸ਼ੂ ਪ੍ਰਾਪਤ ਨਾ ਹੋ ਜਾਣ। ਇਸੇ ਕਾਰਨ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਕਿਹਾ ਕਿ ਤੇਰੀ ਪੁਰਸ਼ੋਤਮ ਪੁਰਖ ਦੇ ਦਰਸ਼ਨਾਂ ਦੀ ਇੱਛਾ-ਪੂਰਤੀ ਕਰਨ ਹਿੱਤ, ਮੈਂ ਤੈਨੂੰ ਰੂਹਾਨੀ ਅੱਖਾਂ ਪ੍ਰਦਾਨ ਕਰਦਾ ਹਾਂ :

ਦਿਵਯਮ ਦਦਾਮਿ ਤੇ ਚਕਸ਼ੂ। (੧੧-੮)

ਇਉਂ ਵਿਚਾਰਿਆਂ, ਪੁਰਸ਼ੋਤਮ ਗੁਰੂ ਅਵਤਾਰ, ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁੱਧ ਜੀਵਨ-ਸਿਧਾਂਤ ਤਾਂ ਇਹੋ ਹੈ ਕਿ ਮਨੁੱਖ ਦਾ ਪਰਮ ਧਰਮ ਹੈ, ਗਿਆਨ ਭਗਤੀ ਦੁਆਰਾ, ਆਤਮ ਰੂਪ, ਪਰਮ ਈਸ਼ਵਰ ਦੀ ਪ੍ਰਾਪਤੀ, ਸਮੀਪਤਾ, ਪਰ ਇਸ ਗਿਆਨ-ਭਗਤੀ ਦੀ

ਵਿਧੀ ਕੀ ਹੋਵੇ ਤੇ ਇਸ ਦਾ ਸਮਾਜੀ-ਰਾਜਸੀ ਵਾਤਾਵਰਣ ਕੀ ਹੋਵੇ ? ਇਨ੍ਹਾਂ ਦੋਂਹ ਪ੍ਰਸ਼ਨਾਂ ਦਾ ਉੱਤਰ ਦੇਣ ਦਾ ਜਤਨ ਜਦੋਂ ਕਰੀਦਾ ਹੈ ਤਾਂ ਇਹ ਦੋ ਪ੍ਰਸ਼ਨ, ਨਵਾਂ ਰੂਪ ਪਲਟਾ ਲੈਂਦੇ ਹਨ, ਇਉਂ :

(1) ਸਿੱਖ ਧਰਮ, ਜਿਸ ਬਾਬਤ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਮੈਂ ਇਸਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਜਨਮ ਲਿਆ ਹੈ :

**ਯਾਹੀ ਕਾਜ ਧਰਾ ਹਮ ਜਨਮੰ ॥.....**
**ਧਰਮ ਚਲਾਵਨ..... ॥**

ਉਸ ਧਰਮ ਅਥਵਾ ਮਤ ਦੀ ਰੂਪ-ਰੇਖਾ ਕੀ ਹੈ ?

(2) ਕੀ ਸਿੱਖ ਧਰਮ ਕੇਵਲ ਇਕ ਨਿੱਜੀ ਜੀਵਨ ਹੈ ਜਿਸ ਦਾ ਆਧਾਰ ਅੰਤਰ-ਆਤਮਕ ਸਾਧਨ ਹਨ ਅਤੇ ਜੋ ਸਮਾਜੀ ਢਾਂਚਿਆਂ ਅਤੇ ਰਾਜਸੀ ਕਰਤੱਬਾਂ ਵਿਚ ਦਿਲਚਸਪੀ ਨਹੀਂ ਰੱਖਦਾ ਅਤੇ ਇਨ੍ਹਾਂ ਵਾਦਾਂ, ਵਿਵਾਦਾਂ ਅਤੇ ਸੰਘਰਸ਼ ਝਗੜਿਆਂ ਤੋਂ ਨਿਰਲੇਪ ਰਹਿਣਾ ਚਾਹੁੰਦਾ ਹੈ, ਯਾ ਕਿ ਸਮਾਜਿਕ ਪ੍ਰਬੰਧ ਅਤੇ ਰਾਜਨੀਤਿਕ ਸ਼ਾਸਨ ਇਸ ਧਰਮ ਦਾ ਅਨਿੱਖੜਵਾਂ ਅੰਗ ਹਨ ?

ਪਹਿਲੇ ਪ੍ਰਸ਼ਨ ਦਾ ਉੱਤਰ ਸਿੱਖ ਮਤ ਦੇ ਨਿਰਣੈ ਦੇ ਰੂਪ ਵਿਚ ਹੀ ਦਿੱਤਾ ਜਾ ਸਕਦਾ ਹੈ, ਜੋ ਕਿ ਆਪਣੇ ਆਪ ਵਿਚ ਇਕ ਸਰਵ-ਸੰਪੰਨ ਦਰਸ਼ਨ, ਫ਼ਲਸਫ਼ੇ ਦੀ ਤੁਲਨਾ ਰੱਖਦਾ ਹੈ ਅਤੇ ਕਿਸੇ ਛੋਟੀ ਮੋਟੀ ਗੱਲਬਾਤ ਯਾ ਗੋਸ਼ਟੀ ਦਾ ਵਿਸ਼ਾ ਨਹੀਂ ਬਣ ਸਕਦਾ। ਹਾਂ, ਦੂਜੇ ਪ੍ਰਸ਼ਨ ਦੇ ਉੱਤਰ ਦੇਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖਵਾਕ ਬਚਨਾਂ ਅਤੇ ਉਨ੍ਹਾਂ ਦੇ ਸ੍ਵੈ-ਜੀਵਨ ਆਧਾਰਿਤ ਚਮਤਕਾਰੀ ਕਿਰਦਾਰਾਂ ਦੀ ਪੜਚੋਲ ਅਵੱਸ਼ ਹੋ ਜਾਂਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਦੇ ਇਸੇ ਪਹਿਲੂ ਉੱਤੇ ਮੈਂ ਹੁਣ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖਵਾਕ, ਬਚਨ, ਕੁਝ ਤਾਂ ਦਸਮ ਗ੍ਰੰਥ ਵਿਚ ਸੁਰੱਖਿਅਤ ਹੋਏ-ਹੋਏ, ਅਸਾਨੂੰ ਪ੍ਰਾਪਤ ਹਨ ਤੇ ਕੁਝ ਕਥਾ, ਸਾਖੀਆਂ ਅਤੇ ਪਰੰਪਰਾ-ਇਤਿਹਾਸ ਦੁਆਰਾ ਦਸਤਯਾਬ ਹਨ। ਪਰ ਉਹ ਵਾਕ, ਬਚਨ ਅਤੇ ਉਨ੍ਹਾਂ ਦੇ ਜੀਵਨ-ਕਰਤੱਬਾਂ ਤੇ ਕਰਨੀਆਂ ਨੂੰ ਜਿਤਨਾ ਚਿਰ, ਇਕੱਠਿਆਂ ਅਤੇ ਇਕ ਸੰਗਠਿਤ ਰੂਪ ਮੰਨ ਕੇ ਵਾਚਿਆ ਤੇ ਸਮਝਿਆ ਨਹੀਂ ਜਾਂਦਾ, ਉਤਨਾ ਚਿਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਅਤੇ ਰਾਜਸੀ ਸਿੱਧਾਂਤਾਂ ਦੀ ਰੂਪ-ਰੇਖਾ ਉਘੜਦੀ ਨਹੀਂ। ਅਨੇਕਾਂ ਕਾਰਜ ਤੇ ਕੌਤਕ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ, ਇਸ ਤਰ੍ਹਾਂ ਰਲੇ-ਮਿਲੇ ਪਏ ਹਨ ਕਿ ਅਜੇ ਤਕ, ਉਨ੍ਹਾਂ ਦਾ ਇਤਿਹਾਸਿਕ ਤੇ ਪੌਰਾਣਿਕ ਅੰਸ਼, ਉਨ੍ਹਾਂ ਦਾ ਭਾਵ ਤੇ ਰਹੱਸ ਅਤੇ ਉਨ੍ਹਾਂ ਦਾ ਲੀਲ੍ਹਾ ਰੂਪ ਤੇ ਸੰਘਰਸ਼ ਰੂਪ ਨਿਖੇੜਿਆ ਤੇ ਬਿਆਨਿਆ ਨਹੀਂ ਜਾ ਸਕਿਆ। ਭਾਈ ਨੰਦ ਲਾਲ ਜੀ ਨੇ ਸੱਚ ਹੀ ਕਿਹਾ ਸੀ :

**ਗਾਹਿ ਜ਼ਾਹਿਦ ਗਾਹਿ ਸੂਫ਼ੀ, ਗਾਹ ਕਲੰਦਰ ਮੀ ਸ਼ਵੱਦ।**
**ਰੰਗ ਹਾਏ ਮੁਖ਼ਤਲਿਫ਼ ਦਾਰਦ ਬੁਤੇ ਅੱਯਾਰਿ ਮਾ।**

ਕਿ ਅਨੰਤ ਤੇ ਮੁਖ਼ਤਲਿਫ਼ ਜੀਵਨ ਕਿਰਦਾਰ ਗੁਰੂ ਗੋਬਿੰਦ ਸਿੰਘ ਜੀ ਦੇ ਮੈਂ ਦੇਖੇ ਹਨ, ਕਦੇ ਜ਼ਾਹਿਦ, ਕਦੇ ਸੂਫ਼ੀ ਅਤੇ ਕਦੇ ਕਲੰਦਰ। ਇਹ ਤਸ਼ਰੀਹ ਭਾਈ ਨੰਦ ਨਾਲ ਦੀ ਉਸੇ ਭਾਵ ਦੀ ਹੈ, ਜਿਸ ਦਾ ਜ਼ਿਕਰ *ਭਾਗਵਤ ਗੀਤਾ* ਵਿਚ ਆਉਂਦਾ ਹੈ :

ਨ ਅੰਤੋਇਸਤਿ ਮਮ ਦਿਵਯਨਾਮ ਵਿਭੂਤੀਨਾਮ। (੧੧-੪੦)

ਪਰ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਲੀਲ੍ਹਾ ਵਿਚ ਸਭ ਨਾਲੋਂ ਉੱਘੜਵਾਂ, ਪ੍ਰਮੁੱਖ, ਕੇਂਦਰੀ ਅਤੇ ਸ਼ਿਰੋਮਣੀ ਚਮਤਕਾਰ ਹੈ, ਖ਼ਾਲਸਾ ਪੰਥ ਦੀ ਸਾਜਨਾ ਅਤੇ ਇਸ ਮਹਾਨ ਘਟਨਾ ਤੋਂ ਪਹਿਲਾਂ ਅਤੇ ਇਸ ਨਾਲ ਸੰਬੰਧਿਤ ਅਤੇ ਸੰਗਤ-ਪ੍ਰਾਪਤ, ਦੇਵੀ ਪੂਜਨ ਦਾ ਕੌਤਕ।

ਇਨ੍ਹਾਂ ਦੋਹ ਘਟਨਾਵਾਂ ਵਿਚ ਮੇਰੇ ਵਿਚਾਰਾਂ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਦਾ ਸਮਾਜੀ ਅਤੇ ਰਾਜਸੀ ਦਰਸ਼ਨ-ਸਿਧਾਂਤ ਲੁਕਿਆ ਪਿਆ ਹੈ।

*ਮਾਰਕੰਡੇਯ ਪੁਰਾਣ* ਵਿਚ ਕਥਿਤ ਦੁਰਗਾ ਦੇਵੀ ਦੇ ਰਾਕਸ਼ਾਂ ਦੇ ਸਰਦਾਰ, ਮਹਿਖਾਸੁਰ ਨੂੰ ਯੁੱਧ ਵਿਚ ਮਾਰ ਮੁਕਾਉਣ ਦਾ ਵਰਣਨ, ਗੁਰੂ ਗੋਬਿੰਦ ਸਿੰਘ ਜੀ ਨੇ ਆਪ, ਆਪਣੇ ਦਰਬਾਰੀ ਕਵੀਆਂ ਰਾਹੀਂ, ਬ੍ਰਜੀ ਬੋਲੀ ਅਤੇ ਪੰਜਾਬੀ ਭਾਸ਼ਾ ਵਿਚ, ਦੋ ਬੋਲੀਆਂ ਵਿਚ ਅਨੁਵਾਦਿਆ ਹੈ ਅਤੇ ਇਉਂ ਕਿਸੇ ਹੋਰ ਗ੍ਰੰਥ ਸ਼ਾਸਤਰ ਦੇ ਤਰਜੁਮਾਉਣ ਤੇ ਅਨੁਵਾਦਨ ਦੀ ਗਵਾਹੀ ਅਸਾਨੂੰ ਨਹੀਂ ਮਿਲਦੀ। ਹੋਰ ਅਨੰਦਪੁਰ ਸਾਹਿਬ ਦੇ ਲਾਗੇ, ਨੈਣੇ ਗੁੱਜਰ ਦੇ ਟਿੱਲੇ ਉੱਤੇ, ਕੇਸ਼ਵਦਾਸ ਪ੍ਰੋਹਤ ਰਾਹੀਂ, ਦੇਵੀ ਪ੍ਰਗਟਾਉਣ ਲਈ ਯੱਗ ਕਰਨ ਬਾਬਤ ਅਤੁੱਟ ਪਰੰਪਰਾ ਤੇ ਇਤਿਹਾਸਿਕ ਪ੍ਰੋੜ੍ਹਤਾ ਮਿਲਦੀ ਹੈ, ਕੇਵਲ ਇਸ ਯੱਗ ਦੇ ਮੰਤਵ, ਰਹੱਸ ਬਾਰੇ ਵਿਚਾਰਾਂ ਦੀ ਭਿੰਨਤਾ ਹੈ। ਗੁਰੂ ਗੋਬਿੰਦ ਸਿੰਘ ਜੀ, *ਭਾਗਵਤ ਪੁਰਾਣ* ਦੇ ਆਧਾਰ ਉੱਤੇ, ਬ੍ਰਜੀ ਬੋਲੀ ਵਿਚ ਅਨੁਵਾਦੀ ਹੋਈ ਦੁਰਗਾ ਤੇ ਅਸੁਰਾਂ ਦੇ ਯੁੱਧ ਦੀ ਕਥਾ ਵਿਚ ਆਪ ਨਿਰਣਾ ਕਰਦੇ ਹਨ ਕਿ ਇਸ ਪੌਰਾਣਿਕ ਸਾਹਿਤ ਨੂੰ ਉਲਥਾਉਣ ਤੇ ਪ੍ਰਚਾਰਣ ਦਾ ਮੂਲ ਮੰਤਵ, ਮਨੁੱਖ ਜਾਤੀ ਵਿਚ ਧਰਮ ਯੁੱਧ ਦਾ ਚਾਉ ਉਪਜਾਉਣਾ ਹੈ, ਦੁਰਗਾ ਪੂਜਾ ਯਾ ਪੌਰਾਣਿਕ ਧਰਮ ਦਾ ਪ੍ਰਚਾਰ ਮੰਤਵ ਨਹੀਂ ਹੈ:

**ਕਥਾ ਭਗੌਤ ਪੁਰਾਣ ਕੀ ਭਾਖਾ ਕਹੀ ਬਣਾਇ॥**
**ਅਵਰ ਲਾਲਸਾ ਨਾਹਿ ਮੋਹਿ, ਧਰਮਜੁਧ ਕੇ ਚਾਇ॥**

ਮਹਾਂਕਵੀ ਸੰਤੋਖ ਸਿੰਘ ਭੀ ਦੁਰਗਾ-ਪੂਜਨ ਦੀ ਸਾਖੀ ਦਾ ਵਿਸਤਾਰ ਕਰਨ ਉਪ੍ਰਾਂਤ ਨਿਰਣਾ ਕਰਦੇ ਹਨ:

ਦੇਵੀ ਦੇਵ ਜਿਤੇ ਜਗ ਮਾਹੀਂ।
ਗੁਰੂ ਪਦ ਪੰਕੁਜ ਮੱਧ ਸਮਾਹੀ।
ਇਹ ਭੀ ਇਕ ਕੌਤਕ ਕੌ ਕਾਜਾ।
ਕਰਤ ਚ੍ਰਿਤ੍ਰ ਗਰੀਬ ਨਿਵਾਜਾ।

ਇਸ ਦੇਵੀ-ਪੂਜਨ ਦੇ ਕੌਤਕ ਪਿੱਛੇ ਦੋ ਮਹਾਨ ਰਹੱਸਮਈ ਤੇ ਮੌਲਿਕ ਵਿਚਾਰ ਲੁਕੇ ਪਏ ਹਨ, ਜਿਨ੍ਹਾਂ ਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ, ਖ਼ਾਲਸਾ ਸਾਜਣ ਲਈ ਭੀ ਅਤੇ ਕੌਮ ਤੇ ਜਾਤੀ ਨੂੰ ਆਤਮਕ ਨਵ-ਜਨਮ ਦੇਣ ਲਈ ਭੀ ਭਰਪੂਰ ਪ੍ਰਯੋਗ ਕੀਤਾ। ਇਹ ਦੋ ਵਿਚਾਰ ਹਨ: (1) ਜੀਵਨ ਸੰਘਰਸ਼ ਇਕ ਵਾਸਤਵਿਕ ਸੱਤਰੂਪ ਕਰਮ-ਖੇਤਰ ਹੈ, ਕੇਵਲ ਪਰਛਾਵੇਂ-ਵਤ ਅਸਾਰ, ਮਾਯਾ, ਛਾਇਆ ਦੀ ਖੇਲ ਨਹੀਂ, ਜਿਸ ਤੋਂ ਗਿਆਨਵਾਨ ਪੁਰਸ਼ ਨੂੰ ਛੇਤੀ ਤੋਂ ਛੇਤੀ ਇੱਕਲਵਾਂਝੇ ਹੋ ਜਾਣਾ ਚਾਹੀਏ। ਜੀਵਨ ਨੇਕੀ ਤੇ ਬਦੀ ਦਾ ਸਾਰ ਰੂਪ ਯੁੱਧ ਤੇ ਸੰਗਰਾਮ ਹੈ ਅਤੇ ਗਿਆਨਵਾਨ, ਬੁੱਧੀਵਾਨ, ਪੁਰਸ਼ਾਂ ਦਾ ਇਹ ਕਰਤੱਵ ਬਣਦਾ ਹੈ ਕਿ ਉਹ ਸੰਸਾਰ ਨੂੰ ਤਿਆਗਣ ਨਾ, ਸਗੋਂ ਇਸ ਵਿਚ ਗੰਭੀਰ ਤੇ ਭਰਪੂਰ ਭਾਗ ਲੈਣ, ਤਾਂ ਜੋ ਧਾਰਮਿਕ, ਸੁਖਾਵਾਂ ਤੇ ਪ੍ਰਗਤੀਸ਼ੀਲ ਸਮਾਜ

ਸਥਾਪਿਤ ਤੇ ਸੁਰੱਖਿਅਤ ਹੋਵੇ। ਇਸੇ ਸਿਧਾਂਤ ਵਿਚ ਸਿੱਖ ਜਾਤੀ ਦੇ ਬਾਹਰਮੁਖੀ ਤੇ ਕਰਮਯੋਗੀ ਹੋਣ ਦਾ ਭੇਤ ਲੁਕਿਆ ਪਿਆ ਹੈ।

(2) ਦੂਜਾ ਵਿਚਾਰ ਇਸ ਕੌਤਕ ਵਿਚ ਪੋਸ਼ੀਦਾ ਇਹ ਹੈ ਕਿ ਜੀਵਨ ਨੂੰ ਉਤਸਾਹਿਤ, ਬਲਵਾਨ ਤੇ ਸ਼ਕਤੀਸ਼ਾਲੀ ਬਣਾਉਣ ਦੀ ਸੱਤਾ ਸ਼ਬਦ ਸ਼ਾਸਨ, ਬੁੱਧੀ ਦੀ ਉਪਜ ਨਹੀਂ ਅਤੇ ਬੌਧਿਕ ਫ਼ਲਸਫ਼ਾ ਵਿਗਿਆਨ ਇਸ ਲਈ ਉਤਨਾ ਸਹਾਇਕ ਨਹੀਂ, ਜਿਤਨੇ ਕਿ ਚਿੰਨ੍ਹ ਤੇ ਅਲੰਕਾਰ। ਜਿਥੇ ਬੁੱਧੀ ਤੇ ਗਿਆਨ ਦੀ ਸੀਮਾ ਮੁੱਕ ਜਾਂਦੀ ਹੈ, ਉਸ ਤੋਂ ਉਚੇਰੀ ਗਮਤਾ ਚਿੰਨ੍ਹਾਂ, ਸੰਕੇਤਾਂ ਅਤੇ ਅਲੰਕਾਰਾਂ ਦੀ ਹੈ। ਇਸ ਲਈ ਚਿੰਨ੍ਹਾਂ ਦੇ ਪ੍ਰਯੋਗ ਤੋਂ ਬਿਨਾਂ, ਨਾ ਵਿਅਕਤੀਗਤ ਜੀਵਨ ਅਤੇ ਨਾ ਹੀ ਸਾਮੂਹਿਕ ਯਾ ਜਾਤੀ ਜੀਵਨ ਨਿਰਮਾਣਿਤ ਤੇ ਨਰੋਆ ਬਣਾਇਆ ਜਾ ਸਕਦਾ ਹੈ, ਇਉਂ ਦੁਰਗਾ-ਮਹਿਖਾਸੁਰ ਸੰਗਰਾਮ ਚਿੰਨ੍ਹ ਤੇ ਸੰਕੇਤ ਹੈ, ਮਨੁਸ਼ ਦੀ ਆਤਮਾ ਦੇ ਬੁਨਿਆਦੀ ਸੰਘਰਸ਼ ਦਾ ਅਤੇ ਇਸ ਚਿੰਨ੍ਹ ਦੀ ਸਿਮਰਤੀ ਤੇ ਸ਼ੁੱਧ ਪ੍ਰਯੋਗ ਤੋਂ ਬਿਨਾਂ ਨਵ-ਜੀਵਨ ਦਾ ਉੱਥਾਨ ਤੇ ਉਸ ਦੀ ਦ੍ਰਿੜ੍ਹਤਾ ਸੰਭਵ ਨਹੀਂ। ਇਹੋ ਨੁਕਤਾ ਹੈ, ਜਿਸ ਵੱਲ ਵੇਦ ਵਿਚ ਇਸ਼ਾਰਾ ਹੈ:

ਪ੍ਰੋਕਸ਼ਕਾਮਾਹਿ ਦੇਵਾਹ।

ਦੇਵ ਲੋਕ ਤੇ ਦਿੱਬ ਸ਼ਕਤੀਆਂ ਨਾਲ ਸੰਪਰਕ ਬੌਧਿਕ ਸੰਬੋਧਾਂ ਦੁਆਰਾ ਸੰਭਵ ਨਹੀਂ, ਚਿੰਨ੍ਹ ਤੇ ਸੰਕੇਤਾਂ ਦੁਆਰਾ ਹੀ ਸੰਭਵ ਹੈ।

ਇਹ ਕੁੰਜੀ ਹੈ, ਖ਼ਾਲਸੇ ਦੇ ਚਿੰਨ੍ਹਾਂ, ਕਕਾਰਾਂ ਤੇ ਰਹਿਤ ਬਹਿਤ ਦੇ ਰਹੱਸ ਦੀ।

ਦੂਜੀ ਮਹਾਨ ਘਟਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਹੈ, ਖ਼ਾਲਸੇ ਦੀ ਸਾਜਨਾ। ਆਮ ਵਿਸ਼ਵਾਸ ਹੈ ਕਿ ਸਿੱਖ ਸੰਗਤ ਨੂੰ ਨਵਾਂ ਰੂਪ ਦੇ ਕੇ ਸੰਗਤ-ਸਥਾਨੀ ਖ਼ਾਲਸਾ ਬਣਾਇਆ।

"ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ" ਪਰ 'ਖ਼ਾਲਸਾ' ਅਤੇ 'ਸਿੱਖ ਸੰਗਤਾਂ' ਇੱਕੋ ਅਰਥਾਂ ਵਾਲੇ ਦੋ ਸ਼ਬਦ ਨਹੀਂ ਹਨ। ਸੰਗਤ ਤਾਂ ਸਿੱਖਾਂ ਦੀ ਹੈ, ਉਨ੍ਹਾਂ ਧਰਮ-ਅਭਿਲਾਸ਼ੀਆਂ ਦਾ ਸਮਾਜ ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਅਤੇ ਅਪਣਾਉਂਦੇ ਹਨ ਤੇ ਇਉਂ ਉਨ੍ਹਾਂ ਦਾ ਰਿਸ਼ਤਾ ਗੁਰੂ ਨਾਲ ਸ਼ਰਧਾ ਤੇ ਨਿਸਚੇ ਦਾ ਹੈ:

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥** *(ਪੰਨਾ 305)*

ਤਥਾ:

**ਮਨੁ ਬੇਚੈ ਸਤਿਗੁਰ ਕੈ ਪਾਸਿ॥**
**ਤਿਸੁ ਸੇਵਕ ਕੇ ਕਾਰਜ ਰਾਸਿ॥** *(ਪੰਨਾ 286)*

ਪਰ 'ਖ਼ਾਲਸਾ' ਦੀ ਪਦ-ਪਦਵੀ 'ਸਿੱਖ' ਦੀ ਪਦਵੀ ਨਾਲੋਂ ਭਿੰਨ ਤੇ ਉੱਚਤਰ ਹੈ:

**ਖ਼ਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥**
**ਹੋ ਖ਼ਾਲਸੇ ਕੋ ਖ਼ਾਲਸਾ ਮੇਰੋ॥ ਓਤ ਪੋਤ ਸਾਗਰ ਬੂੰਦੇਰੋ॥**

ਸਿੱਖ, ਜਗਿਆਸੀ, ਅਭਿਆਸੀ, ਧਰਮ-ਪੰਥ ਦਾ ਪਾਂਧੀ ਹੈ ਅਤੇ ਖ਼ਾਲਸਾ ਉਸ ਸਮਾਜਿਕ ਅਤੇ ਰਾਜਸੀ ਪ੍ਰਬੰਧ ਸ਼ਾਸਨ ਦਾ ਸ੍ਰਿਸ਼ਟਾ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ-ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁੱਧ ਅਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਇਸ ਪ੍ਰਕਾਰ ਦਾ, ਇਨ੍ਹਾਂ ਆਸ਼ਿਆਂ ਉੱਤੇ ਆਧਾਰਿਤ ਇਸ ਸਫੁਰਤੀ ਦੀਆਂ ਨੀਹਾਂ ਉੱਤੇ ਉਸਰਿਆ ਹੋਇਆ ਸੰਘ, ਸੋਸਾਇਟੀ, ਮਨੁੱਖੀ ਤਵਾਰੀਖ਼ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਣ ਤੋਂ ਪਹਿਲਾਂ ਕਦੇ ਨਿਰਮਤ ਯਾ ਸਥਾਪਿਤ ਨਹੀਂ ਸੀ ਕੀਤਾ ਗਿਆ। ਲੈਨਿਨ ਨੇ ਜਦੋਂ ਸੰਨ 1917 ਵਿਚ ਖ਼ਾਲਸੇ ਦੀ ਸਾਜਨਾ ਤੋਂ 218 ਵਰ੍ਹੇ ਪਿੱਛੋਂ ਆਪਣੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ, ਜਿਸ ਦੇ ਜ਼ੁੰਮੇ ਕਿ ਸਾਰੇ ਸੰਸਾਰ ਅਤੇ ਮਨੁੱਖ ਜਾਤੀ ਵਿਚ ਸੋਸ਼ਲਿਸਟ ਲੀਹਾਂ ਉੱਤੇ, ਵਿਦ੍ਰੋਹ-ਕ੍ਰਾਂਤੀ ਦਾ ਪ੍ਰੋਗਰਾਮ ਲਾਇਆ ਗਿਆ, ਤਾਂ ਉਸ ਨੇ ਬੜੇ ਗੌਰਵ ਨਾਲ ਦਾਹਵਾ ਕੀਤਾ ਕਿ ਅਜੇਹਾ ਸੰਘ, ਸੰਸਾਰ ਦੀ ਤਵਾਰੀਖ਼ ਵਿਚ ਪਹਿਲੀ ਵਾਰ ਸਿਰਜਿਆ ਗਿਆ ਹੈ। ਇਹ ਦਾਹਵਾ ਅਗਿਆਨ ਆਸ਼੍ਰਿਤ ਸੀ ਅਤੇ ਸੰਨ 1952 ਵਿਚ ਜਗਤ ਪ੍ਰਸਿੱਧ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਆਪਣੇ ਮਹਾਂਗ੍ਰੰਥ *ਹਿਸਟਰੀ ਆਫ਼ ਦਾ ਵਰਲਡ,* ਵਿਚ ਨਿਰਣਾ ਕੀਤਾ ਹੈ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ, ਗੁਰੂ ਗੋਬਿੰਦ ਸਿੰਘ ਦਾ 'ਖ਼ਾਲਸਾ' ਹੈ ਅਤੇ ਇਹ ਪਾਰਟੀ ਸੂੰਭਵ ਉਤਪਤੀ ਦੀ ਪਦਵੀ ਦੀ ਅਧਿਕਾਰੀ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਇਹ ਹੈ ਕਿ ਪ੍ਰਕ੍ਰਿਤਿਕ ਪ੍ਰਗਤੀ (natural evolution) ਉੱਤੇ ਤਾਂ ਮਨੁੱਖ ਦਾ ਵਸੀਕਾਰ ਨਹੀਂ, ਪਰ ਅਧਿਆਤਮਕ ਪ੍ਰਗਤੀ (cultural evolution) ਮਨੁੱਖ ਅਧੀਨ ਹੈ। ਖ਼ਾਲਸਾ ਪੰਥ ਦੀ ਸਾਜਨਾ ਦਾ ਮੂਲ ਤੇ ਅਸਲੀ ਕਾਰਨ ਇਹ ਸਿਧਾਂਤ ਹੀ ਹੈ ਅਤੇ ਖ਼ਾਲਸਾ ਦਾ ਪ੍ਰੋਗਰਾਮ ਤੇ ਆਸ਼ਾ ਉਦੇਸ਼ ਇਹੋ ਹੈ ਕਿ ਕਿਸੇ ਹਾਲਤ ਵਿਚ ਭੀ ਅਤੇ ਕਿਸੇ ਕਾਲ, ਨੀਤੀ ਦੇ ਪ੍ਰਭਾਵ ਹੇਠਾਂ, ਪ੍ਰਾਧੀਨਤਾ ਸਵੀਕਾਰ ਨਾ ਕਰੇ, ਜਿਹਾ ਕਿ ਰਤਨ ਸਿੰਘ ਭੰਗੂ ਨੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਕਿਹਾ ਹੈ :

ਕਿਸ ਹੂੰ ਕੀ ਇਹ ਕਾਣ ਨ ਧਰਹੈਂ।
ਰਾਜ ਕਰੈਂ ਇੱਕੇ ਲਰਿ ਮਰਹੈਂ।

ਇਹ ਪ੍ਰਭੂ-ਸੱਤਾ-ਪ੍ਰਾਪਤ ਖ਼ਾਲਸਾ ਤਦ ਸੁਰਾਜ ਸਥਾਪਨ ਕਰੇ, ਜਿਸ ਵਿਚ ਸ਼ੁਭ ਬਿਰਤੀਆਂ ਤੇ ਨਿਰਮਲ ਕਿਰਦਾਰ ਵਾਲੇ ਲੋਕਾਂ ਦੀ ਰੱਖਿਆ ਹੋਵੇ ਅਤੇ ਦੁਰਜਨਾਂ ਦੀ ਸੋਧ-ਸੁਧਾਈ ਹੁੰਦੀ ਰਹੇ। ਇਹੋ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਵਾਕਾਂ ਦਾ ਹੈ :

**ਯਾਹੀ ਕਾਜ ਧਰਾ ਹਮ ਜਨਮੰ॥**
**ਸਮਝ ਲੇਹੁ ਸਾਧੂ ਸਭ ਮਨਮੰ॥**
**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨ॥**

ਅਜੇਹਾ ਸੁਖਾਵਾਂ ਤੇ ਸ਼ੁਭ ਰਾਜ ਸ਼ਾਸਨ ਜਦੋਂ ਦ੍ਰਿੜ੍ਹ ਸਥਾਪਿਤ ਹੋ ਜਾਵੇ, ਤਾਂ ਉਹ ਆਪਣੇ ਆਪ ਹੀ ਬਾਕੀ ਕੌਮਾਂ ਤੇ ਸਮਾਜਾਂ ਲਈ ਪ੍ਰੇਰਕ ਨਮੂਨਾ ਬਣ ਜਾਵੇਗਾ। ਭਾਈ ਸੁੱਖਾ ਸਿੰਘ ਦੇ *ਗੁਰ ਬਿਲਾਸ* ਵਿਚ ਅੰਕਿਤ ਹੈ ਕਿ :

ਇਹ ਖੜਗ ਕੇਤੁ ਬੁਰਕਾ ਸੁ ਜਾਨ।
ਜੋ ਦਯੋ ਚਹਤ ਖਾਲਸ ਨਿਧਾਨ।
ਇਹ ਆਦਿ ਅੰਤ ਤਾਂ ਕੋ ਸੁ ਪੰਥ।
ਗੁਰ ਰਚਯੋ ਜਗਤ ਕਹ ਦੈਨ ਸੰਥ।੧੨੫।੯।

ਬਸ, ਇਹੋ ਰਹੱਸ ਇਸ ਦੋਹੇ ਦਾ ਸਮਝਣਾ ਚਾਹੀਏ, ਜੋ ਸਿੱਖ ਸੰਗਤਾਂ, ਸਵੇਰੇ ਸ਼ਾਮ ਸਦੀਆਂ ਤੋਂ ਸੰਸਾਰ ਭਰ ਵਿਚ ਉੱਚੀ-ਉੱਚੀ ਪੜ੍ਹਦੀਆਂ ਹਨ :

ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ।
ਖ਼ੁਆਰ ਹੋਏ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।

*ਭਾਗਵਤ ਗੀਤਾ* ਦੇ ਅੰਤ ਵਿਚ ਸਾਰ ਪ੍ਰਦਰਸ਼ਨੀ ਸ਼ਲੋਕ ਹੈ:

ਯਤ੍ਰ ਯੋਗੇਸ਼ਰਵਹ ਕ੍ਰਿਸ਼ਣੋ, ਯਤ੍ਰ ਪਾਰਥੋ ਧਨੁਰਧਰਾ,
ਤਤ੍ਰ ਸ਼੍ਰੀ ਵਿਜਯੋ ਭੂਤੀ ਧ੍ਰਵਾ ਮਤਿਰਮਮ।

ਇਸ ਮਹਾਂਵਾਕ ਦਾ ਸਾਰ-ਭਾਵ ਇਹ ਹੈ ਕਿ ਮਨੁੱਖ ਦਾ ਇਸ ਜਹਾਨ ਅਤੇ ਅਗਲੀ ਦੁਨੀਆ ਵਿਚ ਕਲਿਆਣ ਤਦ ਹੀ ਸੰਭਵ ਹੈ ਜਦੋਂ ਜੋਗੇਸ਼੍ਵਰ ਕ੍ਰਿਸ਼ਨ ਅਤੇ ਧਨੁਸ਼ਧਾਰੀ ਅਰਜੁਣ ਇਕੱਠੇ ਹੋ ਕੇ ਕੰਮ ਕਰਨ। ਅਫ਼ਲਾਤੂਨ (Plato) ਨੇ ਭੀ ਆਪਣੇ ਜਗਤ-ਪ੍ਰਸਿੱਧ ਗ੍ਰੰਥ *ਦੀ ਰਿਪਬਲਿਕ* ਵਿਚ ਅੰਤ ਨੂੰ ਇਹ ਨਿਸਚੇ ਕੀਤਾ ਸੀ ਕਿ ਜਦੋਂ ਤਕ 'ਗਿਆਨ' ਤੇ 'ਸ਼ਕਤੀ' ਦਾ ਸਹਿਯੋਗ ਯਾ ਸੰਮੇਲਨ ਨਹੀਂ ਹੁੰਦਾ, ਸੁਖਾਵਾਂ ਤੇ ਸ਼ੁੱਧ ਰਾਜਸੀ ਸ਼ਾਸਨ ਸਥਾਪਿਤ ਨਹੀਂ ਹੋ ਸਕਦਾ।

ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਨ ਦਾ ਰਹੱਸ ਇਹੋ ਹੈ ਕਿ ਕਿਸੇ ਵਿਸ਼ੇਸ਼ ਵਿਅਕਤੀ ਵਿਚ ਨਾ, ਸਗੋਂ ਇਕ ਵਿਸ਼ੇਸ਼ ਸੰਘ ਵਿਚ 'ਯੋਗ' ਤੇ 'ਧਨੁਸ਼', 'ਗਿਆਨ' ਤੇ 'ਸ਼ਕਤੀ' ਅਧਿਆਤਮਿਕ ਔਜ ਤੇ ਸੰਪੰਨ ਰਾਜਸੀ ਪ੍ਰਭੂ-ਸੱਤਾ, ਇਕੱਠੇ ਕਰਨ ਅਤੇ ਉਸ ਦੇ ਪੀੜ੍ਹੀ ਦਰ ਪੀੜ੍ਹੀ, ਜੁਗੋ ਜੁਗ ਅਖੰਡ ਪ੍ਰਵਾਹ ਦਾ ਬਾਨ੍ਹਣੂੰ ਬੰਨ੍ਹਿਆ ਜਾਵੇ। ਇਹੋ ਰਾਹ ਏਥੇ, ਉਥੇ, ਦੋਹੀਂ ਥਾਈਂ ਕਲਿਆਣ ਦਾ ਹੈ:

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥**

ਇਹੋ ਸੂਤ੍ਰ-ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਦਾ ਸਾਰੰਸ਼ ਹੈ।

*[ਅਕਾਸ਼ਵਾਣੀ, ਜਲੰਧਰ ਦੇ ਧੰਨਵਾਦ ਸਹਿਤ]*

# ਗੁਰੂ ਗੋਬਿੰਦ ਸਿੰਘ : ਅਗਾਂਹ-ਵਧੂ ਲਿਖਾਰੀ

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਇਸ ਕਦਰ ਜਟਿਲ ਹੈ ਕਿ ਵਰਤਮਾਨ ਸਮੇਂ ਦਾ ਹਿੰਦੁਸਤਾਨੀ ਨੌਜਵਾਨ ਉਸ ਦੇ ਸਹੰਸਰ-ਪੱਖਾਂ ਤੋਂ ਜਾਣੂ ਨਹੀਂ ਹੋ ਸਕਿਆ। ਕਈਆਂ ਨੂੰ ਤਾਂ ਇਹ ਇਸ ਕਦਰ ਚੁੰਧਿਆ ਦੇਣ ਵਾਲੇ ਤੇਜ ਨਾਲ ਨਜ਼ਰੀਂ ਪਈ ਕਿ ਉਹ ਇਸ ਨੂੰ ਇਕ ਨੂਰ ਦੇ ਹੜ੍ਹ ਵਾਂਗ ਜਾਪੀ ਅਤੇ ਕਈਆਂ ਲਈ ਇਹ ਕੇਵਲ ਇਕ ਇਤਿਹਾਸਕ ਘਟਨਾ ਹੀ ਸੀ, ਜਿਸ ਦੀ ਵਿਸ਼ੇਸ਼ਤਾ ਕੇਵਲ ਇੰਨੀ ਹੈ ਕਿ ਉਸ ਨੇ ਜ਼ਮਾਨੇ ਦੇ ਹਾਲਾਤ ਨੂੰ ਮੁਖ ਰੱਖਦਿਆਂ ਇਕ ਮੌਲਿਕ ਆਕਾਰ ਦੀ ਕਾਮਯਾਬੀ ਹਾਸਲ ਕੀਤੀ। ਜਿਨ੍ਹਾਂ ਸਮਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਹੋਏ, ਜਿਨ੍ਹਾਂ ਸਮਿਆਂ ਦੇ ਲੋਕਾਂ ਲਈ ਉਨ੍ਹਾਂ ਨੇ ਘਾਲਾਂ ਘਾਲੀਆਂ ਅਤੇ ਦੁਖ ਸਹਾਰੇ ਅਤੇ ਜਿਨ੍ਹਾਂ ਰਾਹੀਂ ਉਹ ਆਪਣੇ ਤੇਜ ਨੂੰ ਪਸਾਰਨਾ ਲੋੜਦੇ ਸਨ, ਉਹ ਸਮੇਂ ਅਤੇ ਉਸ ਸਮੇਂ ਦੇ ਲੋਕਾਂ ਨੇ ਹਾਲੇ ਤਕ ਅਠਾਰ੍ਹਵੀਂ ਸਦੀ ਦਿਆਂ ਸਮਾਜਿਕ ਤੇ ਰਾਜਸੀ ਕਸ਼ਟਾਂ ਤੇ ਸਦਮਿਆਂ ਹੇਠੋਂ ਆਪਣਾ ਸਿਰ ਨਹੀਂ ਸੀ ਉਠਾਇਆ ਕਿ ਛੇਤੀ ਹੀ ਇਹ ਲੋਕ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦੇ ਸਥਾਪਤ ਹੁੰਦਿਆਂ ਹੀ ਬਦੇਸ਼ੀ ਸਭਯਤਾ ਦੀ ਉੱਠਦੀ ਛੱਲ ਦੀ ਜ਼ਦ ਹੇਠ ਆ ਗਏ। ਇਨ੍ਹਾਂ ਕਾਰਨਾਂ ਕਰਕੇ ਇਨ੍ਹਾਂ ਲੋਕਾਂ ਨੂੰ ਕਦੇ ਵੀ ਲੋੜੀਂਦੇ ਆਤਮਕ ਟਿਕਾਓ ਦੀ ਪ੍ਰਾਪਤੀ ਨਾ ਹੋਈ, ਜਿਸ ਨਾਲ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਿਆ ਜਾ ਸਕਦਾ ਸੀ।

(2)

ਅਤੇ ਅੱਜ, ਹਿੰਦੁਸਤਾਨ ਸਮੇਤ ਸਾਰੇ ਸੰਸਾਰ ਦੇ ਨੌਜਵਾਨ ਨਵੇਂ ਚਾਨਣ ਦੀ ਰੌਸ਼ਨੀ ਦੀ ਉਡੀਕ ਵਿਚ ਮੌਤ ਦੀਆਂ ਦਹਿਲੀਜ਼ਾਂ ਵਿਚ ਆ ਖਲੋਤੇ ਹਨ। ਯੂਰਪ ਵਿਚ ਅਤੇ ਬਾਕੀ ਪੰਜੇ ਦੀਪਾਂ ਵਿਚ ਨੌਜਵਾਨਾਂ ਨੇ ਲੱਖਾਂ ਦੀ ਸੰਖਿਆ ਵਿਚ ਨਵੀਂ ਦੁਨੀਆ ਦੀ ਉਸਾਰੀ ਲਈ, ਜਿਸ ਦਾ ਖ਼ਿਆਲ ਹਾਲੇ ਪੂਰਨ ਪਕਿਆਈ ਨੂੰ ਵੀ ਹਾਸਲ ਨਹੀਂ ਕਰ ਸਕਿਆ, ਆਪਣੇ ਤਨ, ਮਨ, ਧਨ ਤੇ ਸਰਬੰਸ ਕੁਰਬਾਨ ਕਰਨ ਲਈ ਤਤਪਰ ਨਜ਼ਰ ਆਉਂਦੇ ਹਨ। ਲੱਖਾਂ ਹੀ ਏਸੇ ਸੁਫ਼ਨੇ ਦੀ ਪੂਰਤੀ ਲਈ ਜਾਨਾਂ ਦੇ ਚੁੱਕੇ ਹਨ ਅਤੇ ਕਰੋੜਾਂ ਐਸੇ ਹਨ, ਹਿੰਦੁਸਤਾਨ ਵਿਚ ਅਤੇ ਸੰਸਾਰ ਦੇ ਦੂਸਰੇ ਦੇਸਾਂ ਵਿਚ, ਜੋ ਆਸਵੰਦ ਨੀਝਾਂ ਲਾਈ ਉਸ ਪਾਸੇ, ਜਿਸ ਪਾਸੇ ਵੱਲੋਂ ਚਾਨਣ ਦੀ ਅਜਿਹੀ ਕਿਰਨ ਦੇ ਆਉਣ ਦੀ ਸੰਭਾਵਨਾ ਹੋਵੇ, ਬੜੀ ਤਾਂਘ ਨਾਲ ਮੂੰਹ ਉਠਾਈ ਉਡੀਕ ਕਰ ਰਹੇ ਹਨ। ਗ਼ਾਲਿਬ ਦੇ ਸ਼ਬਦਾਂ ਵਿਚ ਉਨ੍ਹਾਂ ਦੀ ਹਾਲਤ ਅਜਿਹੀ ਹੈ ਕਿ :

ਚਲਤਾ ਹੂੰ ਥੋੜੀ ਦੂਰ ਹਰਿੱਕ ਰਾਹ ਰੌ ਕੇ ਸਾਥ,<br>
ਪਹਿਚਾਨਤਾ ਨਹੀਂ ਹੂੰ ਅਭੀ ਰਾਹਬਰ ਕੋ ਮੈਂ।

ਸੰਸਾਰ ਦੇ ਸਾਰਿਆਂ ਮਹਾਂਦੀਪਾਂ ਅੰਦਰ ਕੋਈ ਕੌਮ ਐਸੀ ਨਹੀਂ ਹੈ, ਜਿਸ ਦੇ ਨੌਜਵਾਨ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਇਕ ਐਸੀ ਦੁਨੀਆ ਦੇ ਰਚਣ ਦੇ ਉਦੇਸ਼ ਦੀ ਖ਼ਾਤਰ ਜਿਥੇ ਉਨ੍ਹਾਂ ਦੇ ਖ਼ਿਆਲ ਅਨੁਸਾਰ ਲੋਕ ਜ਼ਿਆਦਾ ਸੁਤੰਤਰ, ਖ਼ੁਸ਼ਹਾਲ ਤੇ ਉੱਨਤੀ ਦੇ ਮੌਕਿਆਂ ਦੇ ਮਾਲਕ ਹੋਣਗੇ, ਜੇਲ੍ਹਾਂ ਵਿਚ ਸੜ ਰਹੇ, ਭੁੱਖੇ ਮਰ ਰਹੇ ਅਤੇ ਸਖ਼ਤੀਆਂ ਤੇ ਮੁਸੀਬਤਾਂ ਬਰਦਾਸ਼ਤ ਕਰ ਰਹੇ ਹਨ। ਸਾਡੇ ਵਿੱਚੋਂ ਬਹੁਤ ਸਾਰਿਆਂ ਦੀਆਂ ਜ਼ਿੰਦਗੀਆਂ ਵਿਚ ਇਹ ਦੂਸਰਾ ਮੌਕਾ ਆਇਆ ਹੈ ਜਦ ਦੁਨੀਆ ਦੀਆਂ ਆਤਮਕ ਬੁਨਿਆਦਾਂ ਤਮਾਮ ਧਰਤੀ 'ਤੇ ਫੈਲੀ ਜੰਗ ਦੇ ਕਾਰਨ ਹਿੱਲ ਗਈਆਂ ਹਨ ਅਤੇ ਦੁਨੀਆ ਦੇ ਨੌਜਵਾਨਾਂ ਨੇ ਏਸ ਝੱਖੜ ਵਿਚ, ਜੋ ਝੱਖੜ ਉਨ੍ਹਾਂ ਦਾ ਆਪਣਾ ਝੁਲਾਇਆ ਨਹੀਂ ਸੀ ਅਤੇ ਜਿਸ ਦਾ ਅੰਤਮ ਸਿੱਟਾ ਹੋ ਸਕਦਾ ਹੈ ਕਿ ਉਸ ਦੀਆਂ ਖ਼ਾਹਿਸ਼ਾਂ ਤੇ ਸਧਰਾਂ ਦੇ ਸੁਪਨਿਆਂ ਨਾਲ ਦੂਰ ਦਾ ਸੰਬੰਧ ਵੀ ਨਾ ਰੱਖਦਾ ਹੋਵੇ, ਪੈ ਕੇ ਦੁਖ ਜਰੇ ਅਤੇ ਤਕਲੀਫ਼ਾਂ ਸਹਾਰੀਆਂ ਹਨ। ਉਹ ਇਕ ਐਸੀ ਕਿਸਮਤ ਦੇ ਸ਼ਿਕਾਰ ਹੋ ਗਏ ਹਨ, ਜੋ ਉਨ੍ਹਾਂ ਦੇ ਵੱਸ ਤੋਂ ਬਾਹਰੋਂ ਬਿਜਲੀ ਵਾਂਗ ਅਸਮਾਨੋਂ ਡਿੱਗੀ ਅਤੇ ਉਹ ਇਕ ਐਸੀ ਹੋਣੀ ਦੀ ਅਹੂਤੀ ਬਣ ਰਹੇ ਹਨ, ਜਿਸ ਦਾ ਰਸਤਾ ਨਾ ਉਹ ਰੋਕ ਸਕਦੇ ਹਨ ਤੇ ਨਾ ਹੀ ਘੜ ਸਕਦੇ ਹਨ। ਦੁਨੀਆ ਦੇ ਇਤਿਹਾਸ ਦੇ ਏਸ ਨਾਜ਼ਕ ਮਰਹਲੇ 'ਤੇ ਜਦ ਕਿ ਸੰਸਾਰ ਭਰ ਦੇ ਨੌਜਵਾਨ ਹਨੇਰਾ ਦੂਰ ਕਰਨ ਵਾਲੇ ਚਾਨਣ ਦੇ ਉਡੀਕਵਾਨ ਹੋ ਰਹੇ ਹਨ, ਉਨ੍ਹਾਂ ਦੀ ਇਸ ਲੋੜ ਨੂੰ ਅਨੁਭਵ ਕਰਦੇ ਹੋਏ ਯੂਰਪ ਦੀ ਇਕ ਐਸੀ ਸ਼੍ਰੇਣੀ ਨੇ ਜਨਮ ਧਾਰ ਲਿਆ ਹੈ, ਜੋ ਆਪਣੇ ਆਪ ਨੂੰ ਦਿਮਾਗ਼ੀ ਤਬਕਾ (intelligentsia) ਜਾਂ ਤਰੱਕੀ-ਪਸੰਦ ਲਿਖਾਰੀ ਕਹਿਲਾਉਂਦੇ ਹਨ।

ਹਿੰਦੁਸਤਾਨ ਵਿਚ ਤਾਂ ਨੌਜਵਾਨ ਕੇਵਲ ਯੂਰਪ ਦੇ ਦਿਮਾਗ਼ੀ ਤਬਕੇ ਦੀਆਂ ਪ੍ਰਤਿਬਿੰਬਤ ਕਿਰਨਾਂ ਦੀ ਹੀ ਪੈਰਵੀ ਕਰ ਛੱਡਣ ਨੂੰ ਕਾਫ਼ੀ ਸਮਝ ਬੈਠੇ ਹਨ ਅਤੇ ਉਨ੍ਹਾਂ ਨੂੰ ਇਹ ਖ਼ਿਆਲ ਨਹੀਂ ਆਇਆ ਕਿ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਬਦੇਸ਼ੀ ਕਿਰਨਾਂ ਤੋਂ ਕਿਤੇ ਵੱਧ ਲਿਸ਼ਕਣਾ ਚਾਨਣ-ਮੀਨਾਰ ਮੌਜੂਦ ਹੈ। ਗੁਰੂ ਗੋਬਿੰਦ ਸਿੰਘ ਬਤੌਰ ਲਿਖਾਰੀ ਦੇ ਘਬਰਾਏ ਹੋਏ ਵਰਤਮਾਨ ਦੀਆਂ ਤਮਾਮ ਲੋੜਾਂ ਨੂੰ ਪੂਰਾ ਕਰਦਾ ਹੈ। ਇਹ ਚਾਨਣ-ਮੀਨਾਰ ਅਜ਼ਲੀ ਰੌਸ਼ਨੀ ਬਖ਼ਸ਼ਦਾ ਹੈ, ਜੋ ਕਦੇ ਫ਼ੇਲ੍ਹ ਨਹੀਂ ਹੁੰਦੀ। ਇਸ ਦੇ ਉਲਟ ਯੂਰਪੀ ਲਿਖਾਰੀਆਂ ਦੀ ਰਹਿਨੁਮਾਈ ਯੂਰਪ ਤੇ ਅਮਰੀਕਾ ਤੋਂ ਆਏ ਭੀੜ ਭਰੇ ਸਮਿਆਂ ਵਿਚ ਇਕ ਦਮ ਜੁਆਬ ਦੇ ਗਈ ਹੈ।

## (3)

*The Concise Oxford Dictionary* ਦੇ ਤੀਸਰੇ ਐਡੀਸ਼ਨ 1934 ਵਿਚ ਦਿਮਾਗ਼ੀ ਤਬਕੇ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਹੈ—ਅਰਥਾਤ "ਕਿਸੇ ਕੌਮ ਦਾ ਉਹ ਭਾਗ ਜੋ ਸੁਤੰਤਰ ਵਿਚਾਰ ਕਾਇਮ ਕਰਨਾ ਲੋੜਦਾ ਹੈ।" 1936 ਤਕ ਜਦ ਕਿ ਵਾਯੂ ਮੰਡਲ ਵਿਚ ਜਨਤਕ ਫ਼ਰੰਟ ਤੇ ਫਾਸਤੀ ਉਛਾਲ ਦਾ ਜ਼ੋਰ ਸੀ, ਇਸ ਤਾਰੀਫ਼ ਵਿਚ ਢੇਰ ਤਬਦੀਲੀ ਹੋ ਗਈ। ਛੋਟੀ ਆਕਸਫ਼ੋਰਡ ਡਿਕਸ਼ਨਰੀ ਵਿਚ ਇਨਟੈਲੀਜੈਂਸੀਆ ਦੇ ਅਰਥ ਹਨ "ਉਹ ਸ਼੍ਰੇਣੀ ਜੋ ਆਬਾਦੀ ਦੇ ਸੁ-ਸਿਖਿਅਤ ਭਾਗ 'ਤੇ ਨਿਰਭਰ ਹੁੰਦੀ ਹੈ ਅਤੇ ਜੋ ਪਬਲਿਕ ਰਾਏ ਨੂੰ ਬਣਾ ਸਕਣ ਦੇ ਕਾਬਲ ਸਮਝੀ ਜਾਂਦੀ ਹੈ।" ਇਤਿਹਾਸਕ ਨਜ਼ਰੀਏ ਤੋਂ ਪਹਿਲੀ ਤਾਰੀਫ਼ 'ਸੁਤੰਤਰ ਵਿਚਾਰ ਕਾਇਮ ਕਰਨ ਦੀ ਚਾਹ' ਠੀਕ ਤਾਰੀਫ਼ ਹੈ ਜੋ ਇਸ ਨਵੀਂ ਪੰਥ-ਦਰਸਾਊਆਂ ਦੀ ਢਾਣੀ ਨੂੰ ਬਿਆਨ ਕਰਦੀ ਹੈ ਅਤੇ ਦੂਸਰੀ ਤਾਰੀਫ਼

ਉਸ ਰਵੱਈਏ ਨੂੰ ਬਿਆਨ ਕਰਦੀ ਹੈ ਜੋ ਇਸ ਸ਼੍ਰੇਣੀ ਨੇ ਖ਼ਸੂਸਨ ਦੋਹਾਂ ਮਹਾਂਯੁੱਧਾਂ ਦੇ ਵਿਚਕਾਰਲੇ ਸਮੇਂ ਜਾਣ ਬੁੱਝ ਕੇ ਅਖ਼ਤਿਆਰ ਕਰ ਲਿਆ ਸੀ ਅਤੇ ਜੋ ਪ੍ਰੀਖਿਆ ਦੇ ਨਾਜ਼ਕ ਸਮੇਂ ਹਮੇਸ਼ਾ ਹੀ ਤਿਆਗ ਦਿੱਤਾ ਜਾਂਦਾ ਰਿਹਾ ਹੈ।

## (4)

ਪਹਿਲੇ ਮਹਾਂਯੁਧ ਨੇ ਜੋ ਹਲੂਣਾ ਦਿੱਤਾ, ਉਸ ਤੋਂ ਨਜ਼ਰ ਆ ਰਿਹਾ ਸੀ ਕਿ ਜਿਸ ਚੀਜ਼ ਨੂੰ ਮਾਰਕਸਵਾਦੀ 'ਉਪਰ-ਉਸਾਰੀ' (superstructure) ਆਖਦੇ ਹਨ, ਉਹ ਸਭ ਢਹਿ ਜਾਵੇਗੀ ਅਤੇ ਜ਼ਿੰਦਗੀ ਦੀਆਂ ਨਵੀਆਂ ਸਭਯਤਕ ਤੇ ਆਤਮਕ ਕੀਮਤਾਂ 'ਤੇ ਨਵੀਂ ਉਸਾਰੀ ਹੋ ਸਕੇਗੀ। ਨਵੇਂ ਪ੍ਰਾਪਤ ਕੀਤੇ ਖ਼ਿਆਲਾਂ ਦੀ ਸਮੁੱਚੀ ਸ਼ਕਤੀ ਇਨਕਲਾਬੀ ਤਬਦੀਲੀ ਦੀ ਸੂਚਕ ਸੀ। ਗਿਆਨ, ਮਨੋ-ਵਿਗਿਆਨ, ਲੈਨਿਨਵਾਦ ਤੇ ਅਚੇਤਨਵਾਦ ਆਦਿ ਨਵੇਂ ਵਿਸ਼ਿਆਂ ਕਰਕੇ ਲਾਇਬ੍ਰੇਰੀ ਦੀ ਦੁਨੀਆ ਵਿਚ ਬਿਲਕੁਲ ਨਵੀਂ ਰਚਨਾ ਰਚੀ ਗਈ ਸੀ ਅਤੇ ਇਸ ਦੀ ਜਗਮਗਾਉਂਦੀ ਤੇ ਚੁੰਧਿਆ ਦੇਣ ਵਾਲੀ ਛਬੀ ਨੂੰ ਵੇਖ ਕੇ ਦਿਮਾਗ਼ੀ ਸ਼੍ਰੇਣੀ ਨੀਮ ਸ਼ੁਦਾਈ ਹੋ ਉੱਠੀ। ਇਸ ਕਲਪਤ ਦੁਨੀਆ ਦੇ ਮੁਕਾਬਲੇ 'ਤੇ ਪੁਰਾਣੇ ਇਤਕਾਦਾਂ ਤੇ ਪ੍ਰੰਪਰਾ ਦੀ ਪੱਛੜੀ ਦੁਨੀਆ ਕਿੰਨੀ ਕੋਝੀ ਲੱਗਦੀ ਸੀ। ਇਹ ਕਿੰਨਾ ਸੋਹਣਾ ਅਵਸਰ ਸੀ, ਪੁਰਾਣੀ ਦੁਨੀਆ ਢਾਹ ਕੇ ਨਵੇਂ ਸਿਰੇ ਉਸਾਰਨ ਦਾ! ਇਹ ਕਿੰਨਾ ਸੋਹਣਾ ਇਤਿਹਾਸਕ ਮੌਕਾ ਸੀ! ਪ੍ਰੰਤੂ ਉਨ੍ਹਾਂ ਨੂੰ ਕੋਈ ਰੌਸ਼ਨੀ ਉਨ੍ਹਾਂ ਦੀ ਆਪਣੀ ਨਿੱਜੀ ਸਮਝ ਦੀ ਰੌਸ਼ਨੀ ਤੋਂ ਉਚੇਰੀ ਨਹੀਂ ਸੀ ਲੱਗਦੀ, ਜੋ ਉਨ੍ਹਾਂ ਦੀ ਰਹਿਨੁਮਾਈ ਕਰਦੀ। ਉਨ੍ਹਾਂ ਪਾਸ ਅੱਗੇ ਲੈ ਜਾਣ ਵਾਲੇ ਅਤੇ ਸਹਾਰਾ ਦੇਣ ਵਾਲੇ ਸਾਥੀ ਨਹੀਂ ਸਨ, ਜਿਵੇਂ ਕਿ :

**ਮਨ ਨੀਵਾਂ, ਮੱਤ ਉੱਚੀ, ਮੱਤ ਕਾ ਰਾਖਾ, ਸਵਾਸ ਸਵਾਸ ਵਾਹਿਗੁਰੂ।**

ਨਤੀਜਾ ਇਹ ਨਿਕਲਿਆ ਕਿ ਪਹਿਲੇ ਦੋ ਦਹਾਕਿਆਂ ਵਿਚ ਇਸ ਲਹਿਰ ਨੇ, ਜੋ ਨਵੀਆਂ ਨੀਹਾਂ ਉੱਤੇ ਨਵੀਆਂ ਕੀਮਤਾਂ ਨਾਲ ਉਸਾਰੀ ਕਰਨ ਦੇ ਹੱਕ ਵਿਚ ਸੀ, ਆਪਣੀ ਸ਼ਕਤੀ ਨੂੰ ਉਨ੍ਹਾਂ ਹਲਕਿਆਂ ਤੇ ਤਬਕਿਆਂ ਉੱਤੇ ਕੇਂਦਰਿਤ ਕਰ ਦਿੱਤਾ, ਜਿਨ੍ਹਾਂ ਨਾਲ ਕਿ ਇਸ ਦਾ ਸੰਬੰਧ ਸੀ। ਉਸ ਵੇਲੇ ਯੂਰਪ ਦੀ ਰਾਜਸੀ ਸਥਿਤੀ ਨੂੰ ਦਿਮਾਗ਼ੀ ਸ਼੍ਰੇਣੀ ਨਾਲੋਂ ਇਕ ਬੇਦਰਦ ਨੌਕਰਸ਼ਾਹੀ ਦੀ ਵਧੇਰੇ ਲੋੜ ਸੀ। ਦਿਮਾਗ਼ੀ ਸ਼੍ਰੇਣੀ ਦੇ ਜੋ ਥੋੜੇ ਬਹੁਤ ਮੈਂਬਰ ਇਸ ਵਿਚ ਸ਼ਾਮਲ ਹੋ ਸਕੇ, ਉਹ ਪਹਿਲੋਂ ਤਾਂ 'ਸੁਤੰਤਰ ਵਿਚਾਰ' ਲਈ ਹੱਕ ਅਤੇ ਫੇਰ ਛੇਤੀ ਹੀ ਇਸ ਲਈ ਖ਼ਾਹਸ਼ ਵੀ ਗਵਾ ਬੈਠੇ। ਉਹ ਮੁਤਅਸਬ ਫ਼ਿਰਕੂ ਅਤੇ ਪਾਰਟੀ-ਪ੍ਰਚਾਰਕ ਬਣ ਗਏ ਅਤੇ ਉਨ੍ਹਾਂ ਵਿੱਚੋਂ ਜੋ ਸਭ ਨਾਲੋਂ ਅੱਛੇ ਸਨ, ਉਨ੍ਹਾਂ ਦਾ ਅੰਤ ਬਹੁਤ ਦੁਖਦਾਈ ਹੋਇਆ, ਖ਼ਾਸ ਕਰਕੇ ਦੁਖਦਾਈ ਹਾਲਤ ਇਨ੍ਹਾਂ ਦੀ ਜਰਮਨੀ ਵਿਚ ਹੀ ਹੋਈ, ਜਿਥੋਂ ਦੀ ਦਿਮਾਗ਼ੀ ਸ਼੍ਰੇਣੀ ਇਕ ਤਰ੍ਹਾਂ ਨਾਲ ਆਪਣੀ ਮੰਜ਼ਲ ਤਕ ਲਗਪਗ ਪਹੁੰਚ ਚੁੱਕੀ ਸੀ ਅਤੇ ਰਾਜਸੀ ਇਨਕਲਾਬ ਕਰਨ ਵਿਚ ਸਫਲ ਹੋ ਚੱਲੀ ਸੀ। ਲੈਬਨਾਖ ਤੇ ਲੈਕਸੰਬਰਗ, ਪਹਿਲੀ ਭੂਗੋਲਕ ਜੰਗ ਦੇ ਪਿੱਛੋਂ ਹੀ ਕਤਲ ਕਰ ਦਿੱਤੇ ਗਏ। ਪਾਲ ਲੈਵੀ ਨੇ ਆਤਮ-ਘਾਤ ਕਰ ਲਿਆ ਅਤੇ ਰੂਥ ਕਿਤੇ ਗੁੰਮ-ਸੁੰਮ ਹੋ ਗਿਆ। ਟੌਲਰ ਨੇ ਨਿਊਯਾਰਕ ਵਿਚ ਫਾਹਾ ਲੈ ਲਿਆ ਅਤੇ ਮੂਈਸਾਮ ਨੂੰ ਜਰਮਨ ਕੈਦੀਆਂ ਦੇ ਇਕ ਕੈਂਪ ਵਿਚ ਫਾਂਸੀ ਦੇ ਦਿੱਤੀ ਗਈ। ਬਾਕੀ ਦੇ ਦਿਮਾਗ਼ੀ ਸ਼੍ਰੇਣੀ ਦੇ ਪੁਰਸ਼ਾਂ ਦਾ ਦੁਖਾਂਤ

ਇਸ ਤਰ੍ਹਾਂ ਮੁਕੰਮਲ ਹੋਇਆ ਕਿ ਉਨ੍ਹਾਂ ਨੇ ਹੌਲੀ-ਹੌਲੀ ਇਨਸਾਨੀਅਤ ਦੀ ਇਸ ਜ਼ਬਰਦਸਤ ਜੰਗ ਤੋਂ, ਜੋ ਅੱਜ ਕੱਲ ਲੜੀ ਜਾ ਰਹੀ ਹੈ, ਬੇ-ਪ੍ਰਵਾਹੀ ਅਖ਼ਤਿਆਰ ਕਰ ਲਈ। ਮਿਸਟਰ ਈਲੀਅਟ ਤੇ ਜੇਮਜ਼ ਜਾਈਸ ਜਾਂ ਸੋਰਲ, ਕਿਪਲਿੰਗ ਕੈਪਰੇਸ ਤੇ ਮਾਰਸ ਵਾਂਗ ਉਨ੍ਹਾਂ ਨੇ ਪਿਛਾਂਹ-ਖਿੱਚੂਆਂ ਦੀ ਫ਼ੌਜ ਵਿਚ ਸ਼ਮੂਲੀਅਤ ਕਰ ਲਈ। ਚਾਰਲਸ ਪੈਗੁਈ ਵੀ ਇਨ੍ਹਾਂ ਤੋਂ ਕੁਝ ਹੀ ਪਿਛਾਂਹ ਰਿਹਾ। ਇਸ ਨਾਲੋਂ ਵੀ ਬੁਰੀ ਗੱਲ ਇਹ ਸੀ ਕਿ ਉਹ ਏਸ ਦਰਮਿਆਨੀ ਵਕਫ਼ੇ ਵਿਚ ਨਵ-ਉਸਾਰੀ ਦੀ ਬਜਾਏ ਉਜਾੜ ਵਿਚ ਜਾ ਵੜੇ। ਕਦੇ-ਕਦਾਈਂ ਅਸੀਂ ਡਬਲਯੂ ਐਚ ਡੇਵਿਸ ਦੀ ਆਵਾਜ਼ ਯਾ ਕੋਈ ਇਕ ਅੱਧ ਸੀਗਫਰੀਡ ਸੈਸੂਨ ਦੀ ਗ਼ੁਸੈਲੀ ਸੁਰ ਅੱਜ ਕੱਲ ਵੀ ਸੁਣ ਲੈਂਦੇ ਹਾਂ, ਪਰ ਦਰਅਸਲ ਮਿਸਟਰ ਈਲੀਅਟ ਹੀ ਦੋ ਲਾਮਾਂ ਦੇ ਵਿਚਕਾਰਲੇ ਸਮੇਂ ਦੀ ਦਿਮਾਗ਼ੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੇ ਸਨ। ਇਹ ਵਤੀਰਾ ਪ੍ਰੋਫ਼ੈਸਰ ਲਿੰਡ ਦੇ ਲਫ਼ਜ਼ਾਂ ਵਿਚ ਸੰਖੇਪ ਤੌਰ 'ਤੇ ਇਸ ਤਰ੍ਹਾਂ ਹੈ ਕਿ ਈਸਾਈਅਤ ਨੇ ਰੁਪਏ ਦੇ ਵਿਉਪਾਰੀਆਂ ਨਾਲ ਸਮਝੌਤਾ ਕੀਤਾ ਹੈ ਤਾਂ ਕਿ ਮੰਦਰ ਵਿਚ ਉਨ੍ਹਾਂ ਲਈ ਕਮਰਾ ਰਿਜ਼ਰਵ ਹੋ ਸਕੇ। ਮਿਸਟਰ ਈਲੀਅਟ ਵਿਚ ਆਹਿਸਤਾ-ਆਹਿਸਤਾ ਆਮ ਆਦਮੀ ਲਈ ਬੇਹੱਦ ਘਿਰਣਾ, ਜਨਤਾ ਨਾਲ ਸੰਬੰਧ ਰੱਖਣੋਂ ਸੁੰਗੜਾਹਟ ਤੇ ਸ਼ੌਕੀਨ ਮਿਜਾਜ਼ੀ ਵਾਲੀ ਉਪਰਲੀ ਸ਼੍ਰੇਣੀ ਦੀ ਹਰ ਜਮਹੂਰੀ ਸ਼ੈਅ ਨੂੰ ਗੰਵਾਰ, ਗੰਦੀ ਤੇ ਬਰਬਰੀਅਤ-ਭਰੀ ਸਮਝਣ ਦੀ ਆਦਤ ਪੈਦਾ ਹੋ ਗਈ।

ਉਸ ਨੂੰ ਕੋਈ ਖ਼ਾਹਿਸ਼ ਨਹੀਂ ਸੀ ਕਿ ਉਸ ਦਾ ਸੰਗੀਤ ਆਮ ਲੋਕ ਸੁਣ ਸਕਣ। ਉਸ ਦੇ ਸ੍ਰੋਤੇ ਉਹੋ ਹੀ ਸਨ ਜੋ ਆਮ ਆਦਮੀਆਂ ਤੋਂ ਆਪਣੇ ਆਪ ਨੂੰ ਬਹੁਤ ਉਚੇਰੇ ਤੇ ਅਸੰਬੰਧਿਤ ਸਮਝਦੇ ਸਨ। ਉਸ ਨੇ ਹੱਦ ਦਰਜੇ ਦੀ ਬੇ-ਪ੍ਰਵਾਹੀ ਨਾਲ ਲਿਖਿਆ ਅਤੇ ਉਸ ਨੂੰ ਪੂਰਨ ਖ਼ਿਆਲ ਸੀ ਕਿ ਦੁਨੀਆ ਦੀ ਬਹੁਤ ਭਾਰੀ ਬਹੁ-ਸੰਪਤੀ ਨਾ ਉਸ ਦੀਆਂ ਕਵਿਤਾਵਾਂ ਨੂੰ ਤੇ ਨਾ ਹੀ ਉਸ ਦੇ ਸੁਨੇਹੇ ਨੂੰ ਸਮਝ ਸਕਣ ਦੀ ਸਮਰੱਥਾ ਰੱਖਦੀ ਹੈ। ਇਸ ਕਰਕੇ ਉਸ ਨੇ ਵਿਚਾਰ ਨੂੰ ਕਰਮ ਨਾਲੋਂ ਵੱਖ ਕਰ ਦਿੱਤਾ, ਕਿਉਂਕਿ ਉਹ ਕਿਸੇ ਸ੍ਰੋਤਿਆਂ ਦੀ ਜਮਾਤ ਨੂੰ ਵੀ ਸੰਬੋਧਨ ਨਹੀਂ ਸੀ ਕਰਨਾ ਚਾਹੁੰਦਾ। ਮਿਸਟਰ ਈਲੀਅਟ ਦੀਆਂ ਰਚਨਾਵਾਂ ਨੂੰ ਪੜ੍ਹਨ ਵਾਲਾ ਇਹ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਉਹ ਇਸ ਨਿਘਰੀ ਹੋਈ ਦੁਨੀਆ ਨੂੰ ਸੰਬੋਧਨ ਕਰਨਾ ਵੀ ਆਪਣੇ ਲਈ ਨਿਹਾਇਤ ਘਿਰਣਤ ਕੰਮ ਸਮਝਦਾ ਹੈ ਅਤੇ ਉਹ ਇਸ ਘਿਰਣਤ ਕੰਮ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਬਹੁਤ ਹੀ ਚਿੰਤਾਤੁਰ ਹੈ। ਹੁਣ, ਇਸ ਦੂਸਰੇ ਭੂਗੋਲਕ ਜੰਗ ਵਿਚ ਜਿਹੜੀ ਕਿ ਹੁਣੇ ਹੀ ਖ਼ਤਮ ਹੋਈ ਹੈ, ਉਹ ਆਪਣੀ ਅਖ਼ਤਿਆਰੀ ਜਲਾ-ਵਤਨੀ ਵਿੱਚੋਂ ਪਰਤ ਕੇ ਸੱਭਿਆਚਾਰਕ ਤੇ ਆਤਮਕ ਸਤਹ 'ਤੇ ਹੋ ਰਹੀ ਜੰਗ ਵਿਚ ਸ਼ਾਮਲ ਹੋ ਗਿਆ ਹੈ ਅਤੇ ਉਸ ਨੇ ਬਿਨਾਂ ਝਿਜਕ ਪਿਛਾਂਹ-ਖਿੱਚੂ-ਪੁਣੇ ਤੇ ਫ਼ਾਸ਼ਿਜ਼ਮ ਨਾਲ ਆਪਣਾ ਰਿਸ਼ਤਾ ਜੋੜ ਲਿਆ ਹੈ। ਨਾਵਲ ਦੇ ਮੈਦਾਨ ਵਿਚ ਜੇਮਜ਼ ਜਾਇਸ ਦਾ ਵੀ ਇਹੋ ਹਾਲ ਹੋਇਆ। ਯੂਲੇਸਿਸ ਤੇ ਫਿਨੇਗਨਜ਼ ਵੇਕ ਨੂੰ ਕਈ ਤਰੀਕਿਆਂ ਨਾਲ ਵਿਆਖਿਆਇਆ ਜਾ ਸਕਦਾ ਹੈ, ਪਰ ਇਹ ਮੰਨਣਾ ਪਏਗਾ ਕਿ ਏਸ ਸਮੇਂ ਦਾ ਕੋਈ ਹੋਰ ਨਾਵਲ, ਆਪਣੀ ਟੈਕਨੀਕਲ ਪੂਰਨਤਾ ਅਤੇ ਨੌਜਵਾਨ ਤਬਕੇ 'ਤੇ ਅਸਰਦਾਰ ਹੋਣ ਵਿਚ ਇਸ ਦੇ ਨੇੜੇ ਨਹੀਂ ਪਹੁੰਚ ਸਕਦਾ। ਪਰ ਜੇਮਜ਼ ਜਾਇਸ ਅਤੇ ਮਿ: ਈਲੀਅਟ ਦੀਆਂ ਰਚਨਾਵਾਂ ਵਿਚ ਜਿਹੜੀ ਚੀਜ਼ ਖ਼ਾਸ ਤੌਰ 'ਤੇ ਜ਼ਰੂਰੀ ਹੈ ਉਹ ਸਬੂਤ ਹੈ, ਜਿਸ ਨੂੰ ਉਹ ਆਤਮਕ ਕੀਮਤਾਂ ਦੇ ਅੰਤਮ ਪਤਨ ਲਈ ਪੇਸ਼ ਕਰਦੇ ਹਨ ਅਤੇ ਉਨ੍ਹਾਂ ਘੋਲਾਂ ਵੱਲ ਨਫ਼ਰਤ-ਭਰੀ ਬੇ-ਪ੍ਰਵਾਹੀ ਵਰਤਦੇ

ਹਨ, ਜਿਨ੍ਹਾਂ ਵਿਚ ਦੁਨੀਆ ਭਰ ਦੇ ਹਜ਼ਾਰਾਂ ਨੌਜਵਾਨਾਂ ਦੀ ਬਹੁਤ ਵੱਡੀ ਬਹੁ-ਸੰਮਤੀ ਐਸ ਵੇਲੇ ਰੁਝੀ ਹੋਈ ਹੈ। ਉਹ ਅਨੇਕਾਂ ਤਰੀਕਿਆਂ ਨਾਲ ਮੁਸ਼ੱਕਤ ਕਰਨ ਵਾਲਿਆਂ ਅਤੇ ਪੈਦਾਵਾਰ ਕਰਨ ਵਾਲਿਆਂ ਦੇ ਫਟਦੇ ਤੇ ਵੱਖਰੇ ਹੁੰਦੇ ਰਿਸ਼ਤਿਆਂ ਨੂੰ ਦਰਸਾਉਣ 'ਤੇ ਜ਼ੋਰ ਦਿੰਦੇ ਹਨ ਅਤੇ ਫੇਰ ਵੀ ਉਹ ਇਸ ਜ਼ਮਾਨੇ ਦੀ, ਜਿਸ ਵਿਚ ਅਸੀਂ ਰਹਿੰਦੇ ਹਾਂ, ਨੀਂਹ ਵਿਚ ਜੋ ਦੀਵਾਲੀਆ-ਪਨ ਹੈ, ਉਸ ਨੂੰ ਪ੍ਰਗਟ ਕਰਨੋਂ ਰੁਕ ਜਾਂਦੇ ਹਨ ਅਤੇ ਯਾ ਤਾਂ ਉਹ ਅਮਲ ਨੂੰ ਨਫ਼ਰਤ ਕਰਦੇ ਹਨ ਤੇ ਉਸ ਤੋਂ ਭੱਜਦੇ ਹਨ ਯਾ ਪਿਛਾਂਹ-ਖਿੱਚੂ-ਪਨ ਨਾਲ ਜਾ ਰਲਦੇ ਹਨ।

(5)

ਏਸ ਅਜੋੜਤਾ ਦੇ ਜ਼ਮਾਨੇ ਵਿਚ ਅਤੇ ਉਨ੍ਹਾਂ ਦੀ ਗ਼ੱਦਾਰੀ ਜਾਂ ਹਾਰ ਦੇ ਮੁਕਾਬਲੇ 'ਤੇ ਜਿਨ੍ਹਾਂ ਵੱਲ ਕਿ ਅਸੀਂ ਰਹਿਨੁਮਾਈ ਤੇ ਰੌਸ਼ਨੀ ਲਈ ਤੱਕ ਰਹੇ ਹਾਂ, ਗੁਰੂ ਗੋਬਿੰਦ ਸਿੰਘ ਇਕ ਤਰੱਕੀ-ਪਸੰਦ ਲੇਖਕ ਦੇ ਤੌਰ 'ਤੇ ਬਿਲਕੁਲ ਸਾਫ਼ ਤੇ ਕਤਈ ਵੱਖਰਾ-ਪਨ ਪੇਸ਼ ਕਰਦਾ ਹੈ। ਉਹ ਆਪਣੀਆਂ ਲਿਖਤਾਂ ਵਿਚ ਇਨਸਾਨੀ ਤਜਰਬੇ ਦੀ ਬੁਨਿਆਦੀ ਏਕਤਾ ਤੇ ਇਨਹਿਸਾਰ ਰੱਖਦਾ ਹੈ ਅਤੇ ਏਸ ਆਧਾਰ 'ਤੇ ਉਸ ਨੂੰ ਸਾਰੇ ਮਨੁੱਖ, ਨਸਲੀ ਤੇ ਕੌਮੀ ਹੱਦ-ਬੰਨਿਆਂ ਦਿਆਂ ਵਿਤਕਰਿਆਂ ਤੋਂ ਲਾਂਭੇ ਹੋ ਕੇ ਬਰਾਬਰ ਨਜ਼ਰ ਆਉਂਦੇ ਹਨ। ਉਹ ਸਾਫ਼ ਸ਼ਬਦਾਂ ਵਿਚ ਇਸ ਅਸੂਲ ਦਾ ਐਲਾਨ ਕਰਦਾ ਹੈ ਕਿ ਲੋਕ ਖ਼ੁਦ ਹੀ ਕੁਲ ਕੀਮਤਾਂ ਦੇ ਅੰਤਮ ਮੇਚੂ ਅਤੇ ਸੋਮਾ ਹਨ ਅਤੇ ਉਹ ਦਲੇਰਾਨਾ ਤੌਰ 'ਤੇ ਨਵੀਆਂ ਸਮਾਜਿਕ ਤੇ ਆਤਮਿਕ ਕੀਮਤਾਂ ਕਾਇਮ ਕਰਦਾ ਹੈ। ਉਹ ਜ਼ਿੰਦਗੀ ਦੇ ਹੱਕਾਂ ਨੂੰ ਕਦੇ ਨਜ਼ਰੋਂ ਓਹਲੇ ਨਹੀਂ ਕਰਦਾ ਅਤੇ ਨਾ ਹੀ ਆਮ ਇਨਸਾਨ ਦੀ ਜੱਦੋ-ਜਹਿਦ ਨੂੰ ਵਿਸਾਰਦਾ ਹੈ। ਉਹ ਸਾਫ਼ ਤੌਰ 'ਤੇ ਕਹਿੰਦਾ ਹੈ ਕਿ ਉਸਦੀਆਂ ਪਾਈਆਂ ਕੀਮਤਾਂ ਕੇਵਲ ਖ਼ਾਸ ਚੋਣਵੀਂ ਸ਼੍ਰੇਣੀ ਲਈ ਹੀ ਨਹੀਂ ਹਨ ਅਤੇ ਨਾ ਹੀ ਉਹ ਅੱਜ ਕੱਲ ਦੇ ਦਿਮਾਗ਼-ਵਾਦੀਆਂ ਵਾਂਗ ਜਦੋਂ ਅਮਲ ਦਾ ਵਕਤ ਆਉਂਦਾ ਹੈ, ਆਮ ਜਨਤਾ ਨੂੰ ਹਿਟਲਰ, ਮੁਸੋਲੀਨੀ ਆਦਿ ਦੇ ਹਵਾਲੇ ਕਰ ਦਿੰਦਾ ਹੈ। ਅੰਤ ਵਿਚ ਅਤੇ ਸਾਰੀ ਜ਼ਿੰਦਗੀ ਭਰ ਇਕ ਸੱਚੇ ਤਰੱਕੀ-ਪਸੰਦ ਲਿਖਾਰੀ ਵਾਂਗ, ਉਸ ਨੇ ਆਮ ਲੋਕਾਂ ਦੀ ਕਿਸਮਤ ਨਾਲ ਆਪਣੀ ਕਿਸਮਤ ਸਾਂਝੀ ਕੀਤੀ ਰੱਖੀ। ਨਸਲੀ ਤੇ ਕੌਮੀ ਤਅੱਸਬਾਂ ਦੇ ਨਾਸੂਰ ਬਾਰੇ, ਜਿਸ ਨੇ ਪੱਛਮੀ ਤਹਿਜ਼ੀਬ ਨੂੰ ਤਬਾਹੀ ਦੀ ਅੰਤਮ ਮੰਜ਼ਲ 'ਤੇ ਪਹੁੰਚਾ ਦਿੱਤਾ ਹੈ, ਉਸ ਨੇ ਜ਼ੋਰਦਾਰ ਸ਼ਬਦਾਂ ਵਿਚ ਐਲਾਨ ਕੀਤਾ ਕਿ ਇਨਸਾਨ ਨਸਲੀ ਤੇ ਕੌਮੀ ਇਮਤਿਆਜ਼ਾਂ ਤੋਂ ਵੱਖਰੀ ਇਕ ਮੁੱਢਲੀ ਏਕਤਾ ਦੇ ਮਾਲਕ ਹਨ। ਉਸ ਨੇ ਇਸ ਗੱਲ 'ਤੇ ਹੋਰ ਜ਼ੋਰ ਦਿੱਤਾ ਕਿ ਇਸ ਏਕਤਾ ਦੀਆਂ ਨੀਹਾਂ ਉਪਰ ਹੀ ਦਰਅਸਲ ਵੱਖ-ਵੱਖ ਦੇਸਾਂ ਦੀਆਂ ਪ੍ਰਗਟ ਤੌਰ 'ਤੇ ਵੱਖ-ਵੱਖ ਨਜ਼ਰੀਂ ਆ ਰਹੀਆਂ ਆਤਮਿਕ ਤੇ ਸਮਾਜਿਕ ਉਸਾਰੀਆਂ ਖਲੋਤੀਆਂ ਹਨ। ਉਹ ਇਸ ਤਰ੍ਹਾਂ ਲਿਖਦੇ ਹਨ :

(੧) **ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**

(੨) **ਦੇਹਰਾ ਮੁਸੀਤ ਸੋਈ, ਪੂਜਾ ਔ ਨਿਵਾਜ ਓਈ,**
**ਮਾਨਸ ਸਬੈ ਏਕ ਪੈ ਅਨੇਕ ਕੌ ਭ੍ਰਮਾਉ ਹੈ॥**

(੩) **ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**

ਅਤੇ ਇਸ ਬਾਰੇ ਕਿ ਕੁਲ ਕੀਮਤਾਂ ਦਾ ਸੋਮਾ ਤੇ ਮੇਚੂ ਅੰਤ ਵਿਚ ਜਨਤਾ ਆਪ ਹੀ ਹੈ, ਆਪ ਨੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਹੈ :

(੧) **ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ..... ॥**

(੨) **ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,**
**ਨਹੀ ਮੋ ਸੇ ਗਰੀਬ ਕਰੋਰ ਪਰੇ॥**

(੩) **ਸੇਵ ਕਰੀ ਇਨਹੀ ਕੀ ਭਾਵਤ,**
**ਅਉਰ ਕੀ ਸੇਵ ਸੁਹਾਤ ਨ ਜੀ ਕੋ ॥.....**
**ਆਗੈ ਫਲੈ ਇਨਹੀ ਕੋ ਦਯੋ,**
**ਜਗ ਮੈ ਜਸੁ ਅਉਰ ਦਯੋ ਸਭ ਫੀਕੋ॥**

ਅਤੇ ਜੋ ਨਵੀਆਂ ਕੀਮਤਾਂ ਉਨ੍ਹਾਂ ਕਾਇਮ ਕੀਤੀਆਂ ਅਤੇ ਜਿਸ ਦੇ ਅਭਿਆਸ ਕੀਤਿਆਂ ਆਦਮੀ ਸ੍ਵੈ-ਸਨਮਾਨ ਦੇ ਭੇਦ ਨੂੰ ਲਾਲਚ ਨਾਲ ਲੱਭਣ ਦੀ ਯਾਚਨਾ ਕਰਨ ਲੱਗ ਪਏ, ਉਨ੍ਹਾਂ ਇਸ ਪ੍ਰਕਾਰ ਫ਼ੁਰਮਾਇਆ ਹੈ :

**ਜਾਗਤ ਜੋਤਿ ਜਪੈ ਨਿਸ ਬਾਸੁਰ,**
**ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ,**
**ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥.....**
**ਪੂਰਨ ਜੋਤ ਜਗੈ ਘਟ ਮੈ,**
**ਤਬ ਖਾਲਸ ਤਾਹਿ ਨਿਖਾਲਸ ਜਾਨੈ॥**

ਗੁਰੂ ਗੋਬਿੰਦ ਸਿੰਘ ਨੇ ਪਹਿਲੀ ਵਾਰ ਅਤੇ ਆਪ ਸਮੇਂ ਤੋਂ ਬਹੁਤ ਅਗੇਰਾ ਵਧ ਕੇ ਉਸ ਬੁਨਿਆਦੀ ਕਾਰ ਵੱਲ ਇਸ਼ਾਰਾ ਕੀਤਾ ਹੈ ਜਿਸ ਵਿਚ ਆਰਥਿਕ ਤੇ ਸੱਭਿਆਚਾਰਕ ਉੱਨਤੀ ਅੰਤ ਵਿਚ ਉਸਰਦੀਆਂ ਹਨ :

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,**
**ਨਿਆਰੇ ਨਿਆਰੇ ਹੋਇਕੈ ਫੇਰਿ ਆਗ ਮੈ ਮਿਲਾਹਿੰਗੇ॥**
**ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,**
**ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥**
**ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ,**
**ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥**
**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,**
**ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥**

ਕੱਟੜ ਮਾਰਕਸਵਾਦ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਆਰਥਿਕ ਅਮਲ ਆਪਣੇ ਆਪ ਆਪਣੀ ਉਪਰ-ਉਸਾਰੀ (ਸਮਾਜਿਕ ਰਿਵਾਜ ਅਤੇ ਸੱਭਿਆਚਾਰਕ ਤੇ ਆਤਮਿਕ ਕੀਮਤਾਂ) ਆਪ ਪੈਦਾ ਕਰਦਾ ਹੈ, ਚਾਹੇ ਇਸ ਕਥਨ ਦੀ ਪੁਸ਼ਟੀ ਵਿਚ ਉਸ ਨੇ ਕਦੇ ਕਾਫ਼ੀ ਇਤਿਹਾਸਕ ਮਸਾਲਾ ਪੇਸ਼ ਨਹੀਂ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸ਼ਾਰਾ ਕੀਤਾ ਹੈ ਕਿ ਆਰਥਕਤਾ ਅਤੇ ਸੱਭਿਆਚਾਰਕ ਉੱਨਤੀ, ਬੁਨਿਆਦੀ ਅਮਲ ਦੇ ਦੋ ਪਾਸੇ ਹਨ। ਇਹ ਅਮਲ ਅਸੀਂ ਹੁਣੇ ਹੀ ਅਨੁਭਵ ਕਰਨਾ ਅਰੰਭ ਕੀਤਾ ਹੈ। ਮਿਸਾਲ ਲਈ, ਸਾਰਾ

ਪੁਰਾਣਾ ਸਵਾਲ ਸਰੀਰ ਅਤੇ ਮਨ ਦਾ ਹੈ ਅਤੇ ਪਦਾਰਥਵਾਦੀ ਤੇ ਆਤਮਵਾਦੀ ਸਕੂਲਾਂ ਵਿਚ ਵਿਰੋਧ ਚਲਿਆ ਆਉਂਦਾ ਹੈ, ਉਸ ਤਰ੍ਹਾਂ ਜਿਸ ਤਰ੍ਹਾਂ ਇਤਿਹਾਸਿਕ-ਪਦਾਰਥਵਾਦ ਤੇ ਇਤਿਹਾਸਿਕ ਆਦਰਸ਼ਵਾਦ ਵਿਚ ਵਿਰੋਧ ਹੈ। ਇਸ ਦੋ-ਪੱਖੀ ਥੀਊਰੀ ਨੇ ਹੀ ਕਮ-ਅਜ਼-ਕਮ ਆਰਜ਼ੀ ਤੌਰ 'ਤੇ ਕਾਰਨ ਕੌਣ ਹੈ ਤੇ ਕ੍ਰਿਤ ਕੌਣ ਹੈ, ਮੁਰਗੀ ਕੌਣ ਹੈ ਤੇ ਅੰਡਾ ਕੌਣ ਹੈ, ਦੇ ਸਵਾਲਾਂ ਨੂੰ ਖ਼ਤਮ ਕੀਤਾ ਹੈ। ਹੁਣ ਅਸੀਂ ਕਹਿ ਸਕਦੇ ਹਾਂ ਕਿ ਸਾਡਾ ਗਾਸਟਿਕ ਏਸਿਡ ਸਾਡੀ ਬੇਚੈਨ ਹਾਲਤ ਦਾ ਨਾ ਤੇ ਕਾਰਨ ਹੀ ਹੈ, ਨਾ ਹੀ ਉਸ ਦਾ ਨਤੀਜਾ, ਬਲਕਿ ਦੋਵੇਂ ਦੋ ਪਾਸੇ ਹਨ ਸਾਡੇ ਰਹਿਣ ਦੇ ਸਮੁੱਚੇ ਢੰਗ ਦੇ।

## (6)

ਰੂਸੀ ਤਜਰਬਾ ਸਾਡੀਆਂ ਸਮੱਸਿਆਵਾਂ ਦੇ ਹੱਲ ਵੱਲ ਇਸ਼ਾਰਾ ਕਰਦਾ ਹੈ ਅਤੇ ਸਾਡੇ ਸਾਹਮਣੇ ਇਕ ਵੱਡੀ ਮੰਜ਼ਲ ਪੇਸ਼ ਕਰਦਾ ਹੈ ਜਿਸ ਲਈ ਅਸੀਂ ਤਾਂਘ ਸਕੀਏ। ਸੰਸਾਰ-ਭਰ ਦਾ ਜੁਆਨ, ਹਿੰਦੁਸਤਾਨ ਦਾ ਜਵਾਨ ਅਤੇ ਖ਼ਾਸ ਕਰਕੇ ਸਿੱਖ ਜਵਾਨ ਇਕ ਨਵੇਂ ਸਵਰਗ ਲਈ ਬਹੁਤ ਕਾਹਲਾ ਪੈ ਰਿਹਾ ਹੈ। ਸਿੱਖ ਨੌਜਵਾਨ ਠਹਿਰੇ ਅਤੇ ਗੰਭੀਰ ਹੋ ਕੇ ਸੋਚੇ ਕਿ ਆਖ਼ਰ ਇਹ ਗੁਰੂ ਗੋਬਿੰਦ ਸਿੰਘ ਹੀ ਸਨ, ਜਿਨ੍ਹਾਂ ਏਸ ਸਵਰਗ ਨੂੰ ਧਰਤੀ ਉੱਤੇ ਕਾਇਮ ਕਰਨ ਦਾ ਉਪਰਾਲਾ ਕੀਤਾ ਅਤੇ ਇਸ ਮਾਰਗ ਨੂੰ ਹਰ ਥਾਂ ਪੱਧਰੀ ਇਨਸਾਨੀਅਤ ਦੇ ਅੰਦਰ ਨਕਸ਼ ਕਰਨ ਦਾ ਖ਼ਿਆਲ ਕੀਤਾ। ਇਹ ਉਹੋ ਸਨ ਜਿਨ੍ਹਾਂ ਨੇ ਸਵੀਕਾਰ ਕੀਤਾ ਅਤੇ ਐਲਾਨ ਕੀਤਾ ਕਿ ਅਮਰ ਸ਼ਾਂਤੀ ਤੇ ਅਮਨ ਲਈ ਜੰਗ ਕਰਨੀ ਜ਼ਰੂਰੀ ਹੈ। ਇਹ ਕਦੇ ਹੋ ਨਹੀਂ ਸਕਦਾ ਕਿ ਸਦੀਆਂ ਦੀਆਂ ਤੇ ਪੀੜ੍ਹੀਆਂ ਦੀਆਂ ਪੱਕੀਆਂ ਆਦਤਾਂ ਇਕ ਦਿਨ ਵਿਚ ਬਦਲ ਜਾਣ ਅਤੇ ਬਦਲਣ ਸਮੇਂ ਉਹ ਹਿੰਦੂ ਧਰਮ ਤੇ ਸਾਰੀ ਇਨਸਾਨੀ ਨਸਲ ਦੀਆਂ ਵੱਡੀਆਂ ਆਤਮਿਕ ਕੀਮਤਾਂ, ਸਤ, ਅਹਿੰਸਾ ਤੇ ਸੁੰਦਰਮ ਦੀਆਂ ਕੀਮਤਾਂ ਬਿਨਾਂ ਬਦਲਾਈਆਂ ਰਹਿ ਸਕਣ। ਇਹ ਗੁਰੂ ਗੋਬਿੰਦ ਸਿੰਘ ਹੀ ਸਨ, ਜਿਨ੍ਹਾਂ ਨੇ ਸਾਨੂੰ ਬਾਰ-ਬਾਰ ਸਮਝਾਇਆ, ਸਾਨੂੰ ਜਿਹੜੇ ਕਿ ਸਦੀਆਂ ਤੋਂ ਗ਼ੁਲਾਮ ਚਲੇ ਆਉਂਦੇ ਸਾਂ, ਕਿ ਇਕ ਇਨਸਾਫ਼ 'ਤੇ ਨਿਰਭਰ ਤੇ ਸਿਆਣੀ ਸਮਾਜ ਦੀ ਬੁਨਿਆਦ ਰੱਖਣ ਲਈ ਇਹ ਜ਼ਰੂਰੀ ਹੈ ਕਿ ਇਹੋ ਜਿਹੀ ਸਮਾਜ ਦੇ ਚਾਹਵਾਨ ਇਸ ਨੂੰ ਉਹ ਤਾਕਤ ਤੇ ਸ਼ਕਤੀ ਬਖ਼ਸ਼ਣ, ਜਿਸ ਵਿੱਚੋਂ ਫ਼ਤਹ ਪ੍ਰਾਪਤ ਹੋਇਆ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ ਸਾਡੀਆਂ ਅੱਜ ਕੱਲ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦੀਆਂ ਹਨ।

# ਸਿੱਖ ਧਰਮ ਵਿਚ ਦਸਮ ਗ੍ਰੰਥ ਦਾ ਸਥਾਨ

ਸਿੱਖ ਧਰਮ ਵਿਚ ਦਸਮ ਗ੍ਰੰਥ ਦੇ ਸਥਾਨ ਦੀ ਵਿਆਖਿਆ ਕਰਨ ਅਤੇ ਇਸ ਨੂੰ ਨਿਸਚਿਤ ਕਰਨ ਲਈ ਤਿੰਨ ਵਿਸ਼ਿਆਂ ਉੱਤੇ ਵਿਚਾਰ ਕਰਨਾ ਪਏਗਾ :

(1) ਦਸਮ ਗ੍ਰੰਥ ਦਾ ਕ੍ਰਿਤਿਤ੍ਵ; (2) ਦਸਮ ਗ੍ਰੰਥ ਬਾਬਤ ਸਿੱਖਾਂ ਵਿਚ ਪ੍ਰਥਾ-ਪਰੰਪਰਾ; ਅਤੇ (3) ਦਸਮ ਗ੍ਰੰਥ ਦੀ ਧਾਰਮਿਕ ਪਦ-ਪੱਧਤੀ—ਜਾਂ ਇਉਂ ਕਹੋ ਕਿ (1) ਦਸਮ ਗ੍ਰੰਥ ਕਿਸ ਦੀ ਕ੍ਰਿਤ ਹੈ ਅਤੇ ਇਸ ਦਾ ਸੰਕਲਨ-ਸੰਗ੍ਰਹਿ ਕਿਸ ਨੇ ਕੀਤਾ; (2) ਪਿਛਲੇ ਤਿੰਨ ਸੌ ਸਾਲਾਂ ਵਿਚ ਜੋ ਕਿ ਦਸਮ ਗ੍ਰੰਥ ਦੀ ਆਯੂ ਹੈ, ਸਿੱਖਾਂ ਵਿਚ ਇਸ ਦੀ ਧਾਰਮਿਕ ਮਹੱਤਤਾ ਤੇ ਸਥਾਨ ਕੀ ਰਿਹਾ ਹੈ ਅਤੇ (3) ਸਿੱਖੀ ਦੇ ਧਾਰਮਿਕ ਸਿਧਾਂਤਾਂ ਅਤੇ ਪੱਧਤੀ ਦੇ ਅਨੁਸਾਰ, ਦਸਮ ਗ੍ਰੰਥ ਦਾ ਮਜ਼ਹਬੀ ਰੁਤਬਾ ਯਾ ਧਾਰਮਿਕ ਪਦਵੀ ਕੀ ਹੈ ?

ਇਹ ਤਿੰਨੇ ਪ੍ਰਸ਼ਨ ਸਾਹਿੱਤਿਕ ਮਹੱਤਤਾ ਭੀ ਰੱਖਦੇ ਹਨ, ਧਾਰਮਿਕ ਗੌਰਵ ਭੀ ਅਤੇ ਮਨੋਰੰਜਕ ਭੀ ਹਨ।

ਦਸਮ ਗ੍ਰੰਥ ਬਾਰੇ ਚਿਰਾਂ ਤੋਂ ਚਲੇ ਆ ਰਹੇ ਸਿੱਖ ਅਤੇ ਗ਼ੈਰ-ਸਿੱਖ ਵਿਦਵਾਨਾਂ ਵਿਚ ਮਤ-ਭੇਦ ਅਜੇ ਸ਼ਾਂਤ ਅਤੇ ਨਿਰਣਾ-ਪ੍ਰਾਪਤ ਨਹੀਂ ਹੋਏ। ਸਾਰ ਇਨ੍ਹਾਂ ਮਤ-ਭੇਦਾਂ ਦਾ ਇਹ ਹੈ ਕਿ ਕਿਸੇ ਸਿੱਖ ਜਾਂ ਗ਼ੈਰ-ਸਿੱਖ ਵਿਦਵਾਨ ਨੇ ਪ੍ਰਚਲਿਤ ਸਾਰੇ ਦਸਮ ਗ੍ਰੰਥ ਨੂੰ ਉਸ ਦੀਆਂ ਸਾਰੀਆਂ ਰਚਨਾਵਾਂ ਘੋਖ ਕੇ, ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਿਆ। ਨਾ ਹੀ ਕਿਸੇ ਅਜੇਹੇ ਵਿਦਵਾਨ ਨੇ ਸਾਰੇ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੇ ਦਰਬਾਰੀ ਜਾਂ ਹੋਰ ਕਵੀਆਂ ਦੀ ਕ੍ਰਿਤ ਮੰਨਿਆ ਹੈ। ਡਾਕਟਰ ਧਰਮ ਪਾਲ ਅਸ਼ਟਾ ਪਹਿਲੇ ਅਤੇ ਇੱਕੋ ਇਕ ਗ਼ੈਰ-ਸਿੱਖ ਵਿਦਵਾਨ ਹਨ, ਜਿਨ੍ਹਾਂ ਨੇ ਕਿ ਆਪਣੇ ਸੰਨ 1959 ਰਚਿਤ ਗ੍ਰੰਥ, *The Poetry of Dasam Granth* ਵਿਚ ਸਾਰੇ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਮੰਨਿਆ ਹੈ। ਇਸ ਮਤ ਦੇ ਗੁਣ-ਦੋਸ਼ ਦਾ ਨਿਰਣਾ ਅਤੇ ਇਸ ਦੀਆਂ ਉਕਤੀਆਂ-ਯੁਕਤੀਆਂ ਦਾ ਵਿਚਾਰ-ਵਿਸ਼ਲੇਸ਼ਣ, ਨਾ ਤਾਂ ਜਿਹੜਾ ਵਿਸ਼ਾ ਮੈਂ ਅੱਜ ਛੋਹਿਆ ਹੈ, ਉਸ ਲਈ ਜ਼ਰੂਰੀ ਹੈ ਅਤੇ ਨਾ ਹੀ ਇਸ ਲਈ ਸਮਾਂ ਹੈ। ਪ੍ਰਧਾਨ, ਪ੍ਰਚਲਿਤ ਅਤੇ ਸਰਵ-ਪ੍ਰਵਾਣਿਤ ਮਤ ਅਤੇ ਵਿਸ਼ਵਾਸ ਇਹੋ ਹੈ ਕਿ ਦਸਮ ਗ੍ਰੰਥ ਦੇ ਕੁਝ ਭਾਗ, ਸ੍ਰੀ ਮੁਖਵਾਕ ਯਾ ਦਸਮ ਗੁਰੂ ਕ੍ਰਿਤ ਹਨ ਅਤੇ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੇ ਯਾ ਹੋਰ ਕਵੀਆਂ ਦੇ ਰਚੇ ਹੋਏ ਹਨ। ਕੋਈ ਤੀਹ ਚਾਲ੍ਹੀ ਸਾਲ ਹੋਏ, ਸ੍ਰੀ ਪਟਨਾ ਸਾਹਿਬ ਦੇ ਇਕ ਵਿਦਵਾਨ ਨੇ ਚੰਡਿਕਾ-ਸ਼ਕਤੀ ਦੇ ਵਿਸ਼ੇ-ਰਹੱਸ ਨਾਲ ਸੰਬੰਧਿਤ ਇਕ ਰਚਨਾ ਦਸਮ ਗ੍ਰੰਥ ਵਿਚ ਵਧਾਈ ਸੀ, ਇਹ ਕਹਿ ਕੇ ਕਿ ਇਹ ਪ੍ਰਾਚੀਨ ਪੱਤਰੇ, 'ਸ੍ਰੀ ਮੁਖਵਾਕ' ਦਸਮ ਗ੍ਰੰਥ ਦਾ ਲੋਪ ਹੋ ਚੁੱਕਾ ਅੰਸ਼, ਹੁਣ ਦਸਤਯਾਬ ਹੋਏ ਹਨ। ਅਸਾਡੇ ਦੇਸ਼ ਦੀ ਇਕ ਪ੍ਰਮਾਣਿਕ ਸਾਹਿੱਤਿਕ ਪ੍ਰਣਾਲੀ, ਮੁਸਤਨਿਦ ਅਤੇ ਜਨ-ਪ੍ਰਿਯ ਗ੍ਰੰਥ ਵਿਚ ਵਾਧੇ ਕਰਦੇ ਰਹਿਣ ਦੀ

ਹੈ—ਇਸ ਆਧਾਰ ਉੱਤੇ ਕਿ ਵਾਧੇ ਦਾ ਵਿਸ਼ਾ ਅਤੇ ਸਾਹਿੱਤਿਕ ਪੱਧਤੀ, ਮੂਲ ਗ੍ਰੰਥ ਨਾਲ ਅਭੇਦ ਹੋਣ ਦਾ ਦਾਈਆ ਰੱਖਦੀ ਹੈ। ਇਸ ਸ਼੍ਰੇਣੀ ਦੀਆਂ ਰਚਨਾਵਾਂ ਨਾਲ *ਵਾਲਮੀਕੀ ਰਾਮਾਇਣ*, *ਮਹਾਂਭਾਰਤ*, *ਹੀਰ ਵਾਰਿਸ ਸ਼ਾਹ* 'ਅਸਲੀ ਤੇ ਵੱਡੀ' ਅਤੇ ਹੋਰ ਅਨੇਕ ਗ੍ਰੰਥ ਭਰੇ ਪਏ ਹਨ। ਇਹੋ ਜਿਹੀਆਂ ਰਚਨਾਵਾਂ 'ਨਕਲ ਮੁਤਾਬਿਕ ਅਸਲ' ਤਾਂ ਨਹੀਂ ਹੁੰਦੀਆਂ, 'ਨਕਲ ਮਾਨਿੰਦਿ ਅਸਲ' ਕਹੀਆਂ ਜਾ ਸਕਦੀਆਂ ਹਨ।

ਸਿੱਟਾ ਇਹ ਕਿ ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ 'ਸ੍ਰੀ ਮੁਖਵਾਕ' ਦਸਮ ਗੁਰ ਰਚਿਤ, ਨਿਰਸੰਸੇ ਪ੍ਰਮਾਣਿਕ ਹਨ ਅਤੇ ਕੁਝ ਰਚਨਾਵਾਂ ਅਜਿਹੀਆਂ ਹਨ, ਜਿਨ੍ਹਾਂ ਬਾਰੇ ਪ੍ਰਧਾਨ ਮਤ ਇਹੋ ਹੈ ਕਿ ਇਹ ਗੁਰੂ-ਕ੍ਰਿਤ ਨਹੀਂ ਹਨ। ਕੁਝ ਰਚਨਾਵਾਂ ਬਾਰੇ ਗੁਰੂ-ਕ੍ਰਿਤ ਹੋਣ ਯਾ ਨਾ ਹੋਣ ਬਾਰੇ ਭੀ ਮਤ-ਭੇਦ ਹਨ।

ਤਿੰਨ ਕਸਵੱਟੀਆਂ ਵਰਤੀਆਂ ਗਈਆਂ ਹਨ, ਇਹ ਨਿਸਚਿਤ ਕਰਨ ਲਈ ਕਿ ਦਸਮ ਗ੍ਰੰਥ ਦੀ ਕਿਹੜੀ ਰਚਨਾ 'ਸ੍ਰੀ ਮੁਖਵਾਕ' ਹੈ ਅਤੇ ਕਿਹੜੀ ਅਨਯ-ਕ੍ਰਿਤ : (1) ਭਾਵ ਤੇ ਆਸ਼ੇ ਦੀ ਪਰਖ; (2) ਟੂਕਾਂ ਸੂਚੀਆਂ ਦੀ ਪਰਖ; ਅਤੇ (3) ਸਾਹਿੱਤਿਕ ਸਮੀਖਿਆ ਦੀ ਪਰਖ। ਅਜੋਕੇ ਭਸੌੜੀ ਪੰਚ ਖ਼ਾਲਸਾ ਦੀਵਾਨ ਦੇ ਵਿਦਵਾਨ, ਜਿਹਾ ਕਿ ਡਾ: ਰਣ ਸਿੰਘ ਅਤੇ ਗਿਆਨੀ ਲਾਲ ਸਿੰਘ, ਭਾਵ ਅਤੇ ਆਸ਼ੇ ਦੀ ਪਰਖ ਨੂੰ ਪ੍ਰਮੁੱਖਤਾ ਦਿੰਦੇ ਹਨ। ਉਨ੍ਹਾਂ ਦਾ ਸਿਧਾਂਤ ਹੈ ਕਿ ਜਿਸ ਰਚਨਾ ਦਾ ਭਾਵ ਤੇ ਆਸ਼ਾ ਗੁਰਮਤਿ ਅਤੇ ਸਿੱਖ ਸਿਧਾਂਤਾਂ ਤੋਂ ਭਿੰਨ ਯਾ ਵਿਰੁੱਧ ਹੈ, ਉਹ ਰਚਨਾ ਸਪੱਸ਼ਟ ਅਤੇ ਨਿਸਚੇ ਕਰਕੇ ਗੁਰੂ-ਕ੍ਰਿਤ ਪ੍ਰਵਾਣਿਤ ਨਹੀਂ ਕੀਤੀ ਜਾ ਸਕਦੀ। ਉੱਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਪ੍ਰਾਰੰਭ ਵਿਚ ਸਿੰਘ ਸਭਾ ਲਹਿਰ ਦੇ ਫਲਸਰੂਪ ਦਸਮ ਗ੍ਰੰਥ ਦੇ ਕ੍ਰਿਤਿਤ੍ਵ ਦੀ ਜੋ ਖੋਜ ਪੜਤਾਲ ਹੋਈ, ਉਸ ਵਿਚ ਟੂਕਾਂ, ਸੰਕੇਤਾਂ ਅਤੇ ਸੂਚੀਆਂ ਦੀ ਪਰਖ ਨੂੰ ਪ੍ਰਧਾਨਤਾ ਪ੍ਰਾਪਤ ਰਹੀ। ਸੰਨ 1897 ਵਿਚ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ', ਅੰਮ੍ਰਿਤਸਰ ਨੇ, ਦਸਮ ਗ੍ਰੰਥ ਦੀਆਂ 32 ਪੁਰਾਤਨ ਤੇ ਪ੍ਰਚਲਿਤ ਬੀੜਾਂ ਦੀ ਖੋਜ ਪੜਤਾਲ ਮਗਰੋਂ, ਆਪਣੀ ਰਪੋਟ ਤਿਆਰ ਕਰ ਕੇ ਛਾਪੀ, ਜਿਸ ਵਿਚ ਤਰਕ ਲਈ ਸੂਚੀਆਂ, ਟੂਕਾਂ ਆਦਿ ਨੂੰ ਹੀ ਪ੍ਰਮੁੱਖ ਆਧਾਰ ਬਣਾਇਆ ਗਿਆ। ਸੰਨ 1902 ਵਿਚ ਸੰਗਰੂਰ ਵਾਲੇ ਭਾਈ ਬਿਸ਼ਨ ਸਿੰਘ ਦੀ ਹਿੰਦੀ ਰਚਨਾ *ਦਸਮ ਗ੍ਰੰਥ ਸਾਹਿਬ ਕਿਸ ਨੇ ਰਚਾ* ਵਿਚ ਟੂਕਾਂ ਸੂਚੀਆਂ ਆਦਿ ਦੇ ਆਧਾਰ ਉੱਤੇ ਹੀ ਸਮਸਤ ਗ੍ਰੰਥ ਯਾ ਲਗਭਗ ਸਮਸਤ ਗ੍ਰੰਥ ਨੂੰ ਗੁਰੂ-ਕ੍ਰਿਤ ਸਿੱਧ ਕਰਨ ਦਾ ਯਤਨ ਕੀਤਾ ਗਿਆ। ਤੀਜੀ ਸ਼੍ਰੇਣੀ ਦੇ ਦਸਮ ਗ੍ਰੰਥ ਦੇ ਆਲੋਚਕ ਪੱਛਮੀ ਸਾਹਿੱਤ-ਸਮੀਖਿਆ ਦੇ ਅਸੂਲਾਂ ਦੁਆਰਾ, ਦੁੱਧ ਵਿੱਚੋਂ ਪਾਣੀ ਵੱਖ ਕਰਨ ਦਾ ਯਤਨ ਕਰ ਰਹੇ ਹਨ, ਪਰ ਅੰਤਮ ਸਿੱਟਾ ਜੋ ਅਜੇ ਤਕ ਕੋਈ ਕਤਈ ਰੂਪ ਵਿਚ ਨਹੀਂ ਨਿਕਲ ਸਕਿਆ ਤੇ ਨਿਕਲਣ ਦੀ ਆਸ ਵੀ ਘੱਟ ਹੀ ਹੈ। ਹਾਂ, ਕੁਝ ਰਚਨਾਵਾਂ ਦਸਮ ਗ੍ਰੰਥ ਦੀਆਂ ਉਹ ਹਨ, ਜਿਨ੍ਹਾਂ ਬਾਰੇ ਕੋਈ ਮਤਭੇਦ ਨਾ ਰਿਹਾ ਹੈ ਅਤੇ ਨਾ ਹੈ, ਕਿ ਉਹ 'ਸ੍ਰੀ ਮੁਖਵਾਕ' ਅਥਵਾ ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਹਨ। ਉਹ ਰਚਨਾਵਾਂ ਇਹ ਹਨ : ਜਾਪੁ, ਅਕਾਲ ਉਸਤਤਿ (201-230 ਛੰਦ ਛੱਡ ਕੇ), ਬਚਿੱਤ੍ਰ ਨਾਟਕ ਦਾ ਆਤਮ-ਕਥਾ ਵਾਲਾ ਭਾਗ, ਗਿਆਨ ਪ੍ਰਬੋਧ (ਕੁਝ ਛੰਦ ਛੱਡ ਕੇ), ਹਜ਼ਾਰੇ ਦੇ ਸ਼ਬਦ, 33 ਸਵੱਈਏ, ਖ਼ਾਲਸਾ ਮਹਿਮਾ, ਜ਼ਫ਼ਰਨਾਮਾ।

ਦਸਮ ਗ੍ਰੰਥ ਦੇ ਸੰਕਲਨ-ਸੰਗ੍ਰਹਿ ਬਾਬਤ ਪ੍ਰਧਾਨ ਅਤੇ ਪ੍ਰਮਾਣਿਕ ਮਤ ਇਹੋ ਹੈ ਕਿ ਇਸ ਨੂੰ ਦਸਮ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਦਹਾਕੇ ਪਿੱਛੋਂ ਭਾਈ

ਮਨੀ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿਚ ਸੰਕਲਨ ਕੀਤਾ—ਐਧਰੋਂ ਓਧਰੋਂ ਰਚਨਾਵਾਂ ਦੇ ਪੱਤਰੇ ਸੰਗ੍ਰਹਿ ਕਰ ਕੇ, ਜਿਵੇਂ ਕਿ *ਪੰਥ ਪ੍ਰਕਾਸ਼* ਵਿਚ ਗਿਆਨੀ ਗਿਆਨ ਸਿੰਘ ਨੇ ਕਿਹਾ ਹੈ :

ਸਤ੍ਰਾਂ ਸੈ ਅਠੱਤ੍ਰੇ ਸਾਲ। ਪੰਥ ਇਕੱਠਾ ਭਇਓ ਬਿਸਾਲ।
ਇਕ ਦਿਨ ਆਗਿਆ ਪੰਥ ਕੀ ਮਨੀ ਸਿੰਘ ਜੀ ਪਾਇ।
ਬਾਣੀ ਦਸਮੇ ਗੁਰੂ ਕੀ ਸੰਗ੍ਰਹਿ ਕਰ ਧਰ ਭਾਇ।
ਏਕ ਜਿਲਦ ਮੇਂ ਲੀਨੀ ਕਰ ਹੈ।
ਤਿਸ ਕਾ ਭੋਗ ਹਿਕਾਯਤ ਪਰ ਹੈ। *(ਪੰਨਾ 305-06)*

ਇਸ ਤੋਂ ਪਹਿਲਾਂ ਵਰਤਮਾਨ ਰੂਪ ਦਾ ਸੰਗ੍ਰਹਿ ਨਹੀਂ ਸੀ ਹੋਇਆ। ਵੱਖੋ-ਵੱਖਰੀਆਂ ਰਚਨਾਵਾਂ ਦੀਆਂ ਸੰਚੀਆਂ ਸਿੱਖ ਸ਼ਰਧਾਲੂਆਂ ਕੋਲ ਸਨ :

ਜੋ ਅਬ ਗ੍ਰੰਥ ਦਸਮ ਗੁਰ ਕੇਰਾ।
ਕਹਿਲਾਵਤ ਮੱਧ ਪੰਥ ਅਛੇਰਾ।
ਸਭੀ ਬਾਣੀਆਂ ਰਹੀ ਇਕਾਂਕੀ। *(ਪੰਥ ਪ੍ਰਕਾਸ਼, ਸੰਮਤ 1934 ਬਿ., ਪੰਨਾ 305)*

ਇਹ 'ਇਕਾਂਕੀ' ਰਚਨਾਵਾਂ ਅਨੇਕ ਸਿੱਖਾਂ ਨੇ ਪਠਨ-ਪਾਠਨ ਹਿੱਤ ਸੰਭਾਲ ਰੱਖੀਆਂ ਸਨ :

ਰਹੇ ਪੋਥੀਅਨ ਪੱਤਰੇ ਪੜ੍ਹਤੇ।
ਧਾਰ ਬੀਰ-ਰਸ ਸਤ੍ਰਨ ਹਰਤੇ।

ਦਸਮ ਗ੍ਰੰਥ ਦੇ ਸੰਕਲਨ ਪਿੱਛੋਂ ਇਹ ਗ੍ਰੰਥ ਸਮੁੱਚੇ ਸਿੱਖਾਂ ਵਿਚ ਭਲੀ ਪ੍ਰਕਾਰ ਸੰਭਾਲਿਆ ਪਿਆ ਰਿਹਾ ਹੈ। ਇਕ ਬੀੜ ਜਿਸ ਨੂੰ ਕਿ ਭਾਈ ਮਨੀ ਸਿੰਘ ਦੀ ਹੱਥ-ਲਿਖਤ ਕਿਹਾ ਜਾਂਦਾ ਹੈ ਅਤੇ ਜੋ ਹੁਣ ਰਾਜਾ ਗੁਲਾਬ ਸਿੰਘ ਸੇਠੀ ਦੇ ਸਪੁੱਤਰ ਦੇ ਘਰ ਨਵੀਂ ਦਿੱਲੀ ਵਿਚ ਸੁਰੱਖਿਅਤ ਹੈ, ਉਸ ਵਿਚ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਇੱਕੋ ਜਿਲਦ ਵਿਚ ਸੰਭਾਲੇ ਹੋਏ ਹਨ।

ਚਿਰੰਕਾਲ ਤਕ ਦਸਮ ਗ੍ਰੰਥ ਦੀ ਬੀੜ ਅਕਾਲ ਤਖ਼ਤ ਉੱਤੇ ਆਦਿ ਗ੍ਰੰਥ ਦੀ ਬੀੜ ਦੇ ਨਾਲ ਹੀ ਸੰਭਾਲੀ ਤੇ ਸਤਿਕਾਰੀ ਜਾਂਦੀ ਰਹੀ ਹੈ ਅਤੇ ਇਸ ਦਾ ਪਾਠ ਭੋਗ ਭੀ ਪੈਂਦਾ ਰਿਹਾ ਹੈ।

ਇਸ ਪਿਛੋਕੜ ਵਿਚ ਹੀ ਇਸ ਵਿਸ਼ੇ ਦਾ ਨਿਰਣਾ ਹੋ ਸਕਦਾ ਹੈ ਕਿ ਸਿੱਖ ਧਰਮ ਵਿਚ ਦਸਮ ਗ੍ਰੰਥ ਦਾ ਸਥਾਨ ਕੀ ਹੈ ?

ਸਮਝਣਾ ਚਾਹੀਏ ਕਿ ਇਸ ਵਾਕ 'ਸਿੱਖ ਧਰਮ ਵਿਚ ਦਸਮ ਗ੍ਰੰਥ ਦਾ ਸਥਾਨ' ਵਿਚ ਪ੍ਰਧਾਨ ਪਦ 'ਸਿੱਖ ਧਰਮ' ਹੈ।

ਸਿੱਖ ਸਿਧਾਂਤ ਵਿਚ 'ਸ਼ਬਦ' ਤੇ 'ਗ੍ਰੰਥ' ਦੋ ਪ੍ਰਧਾਨ ਸੰਬੋਧ ਹਨ। 'ਸ਼ਬਦ', ਪਰਮ ਤੱਤ, ਅਕਾਲ ਪੁਰਖ ਦੇ ਗੁਰੂ-ਰੂਪ ਦੇ ਅਰਥਾਂ ਵਿਚ ਸਿੱਖ ਸਿਧਾਂਤ ਵਿਚ ਪ੍ਰਮਾਣਿਤ ਹੈ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥**
*(ਸੋਰਠਿ ਮ: ੧, ਪੰਨਾ 635)*

'ਸ਼ਬਦ' ਵੇਦ ਹੈ ਅਤੇ 'ਸ਼ਬਦ' ਪਰਮ ਤੱਤ ਸੱਤ ਦਾ ਮਨੁੱਖੀ ਹਿਰਦੇ ਵਿਚ ਪ੍ਰਕਾਸ਼ ਅਤੇ ਮਨੁੱਖੀ ਆਤਮਾ ਵਿਚ ਬੋਧ ਹੈ, ਜਿਸ ਤੋਂ ਬਿਨਾਂ ਜਗਤ ਭਰਮ ਵਿਚ ਭੁੱਲਿਆ ਰਹਿੰਦਾ ਹੈ। 'ਸ਼ਬਦ' ਹੀ ਪਰਮ-ਈਸ਼ਵਰ ਦਾ ਗਿਆਨ-ਬੋਧ ਰੂਪ ਹੈ। ਇਸ ਲਈ 'ਸ਼ਬਦ' ਅਕਾਲ ਪੁਰਖ ਦਾ ਰੂਪ ਭੀ ਹੈ ਅਤੇ ਅਕਾਲ ਪੁਰਖ ਦਾ ਬੋਧ-ਦਾਤਾ ਭੀ। ਇਹ 'ਸ਼ਬਦ' ਜਦੋਂ ਸਥੂਲ

ਰੂਪ ਵਿਚ ਸਾਕਾਰ ਤੇ ਸੁਰੱਖਿਅਤ ਕੀਤਾ ਜਾਂਦਾ ਹੈ ਤਾਂ ਇਹ 'ਗ੍ਰੰਥ' 'ਪੋਥੀ' ਦਾ ਰੂਪ ਧਾਰਨ ਕਰਦਾ ਹੈ। ਤਦ ਹੀ ਕਿਹਾ ਹੈ :

**ਪੋਥੀ ਪਰਮੇਸਰ ਕਾ ਥਾਨੁ ॥** *(ਸਾਰਗ ਮ: ੫, ਪੰਨਾ 1226)*

ਇਨ੍ਹਾਂ ਅਰਥਾਂ ਵਿਚ ਹੀ ਸਿੱਖ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰਦੇ ਤੇ ਪੂਜਦੇ ਹਨ ਅਤੇ ਦਿਨ ਰਾਤ ਸਿੱਖ ਸੰਗਤਾਂ ਇਹ ਨਿਸਚਾ ਦ੍ਰਿੜ੍ਹ ਤੇ ਸਮਰਣ ਕਰਦੀਆਂ ਹਨ :

**ਗੁਰੂ ਗਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ॥**
**ਜਾ ਕੋ ਹਿਰਦਾ ਸੁਧ ਹੈ ਖੋਜ ਸ਼ਬਦ ਮੈ ਲੇਹੁ॥**

ਇਨ੍ਹਾਂ ਅਰਥਾਂ ਵਿਚ ਅਤੇ ਸਿੱਖ ਸਿਧਾਂਤ ਅਨੁਸਾਰ ਦਸਮ ਗ੍ਰੰਥ ਨਾ ਤਾਂ 'ਪਰਮੇਸਰ ਕਾ ਥਾਨੁ' ਹੈ ਅਤੇ ਨਾ ਹੀ 'ਪ੍ਰਗਟ ਗੁਰਾਂ ਕੀ ਦੇਹਿ' ਹੈ। ਦਸਮ ਗ੍ਰੰਥ ਸਿੱਖ ਧਰਮ ਦਾ ਵੇਦ-ਸਥਾਨੀ ਪੂਜ ਗ੍ਰੰਥ ਨਹੀਂ ਹੈ ਅਤੇ 'ਦਸਮ ਗ੍ਰੰਥ' ਸਿੱਖਾਂ ਦੀਆਂ ਧਾਰਮਿਕ ਰਹੁਰੀਤਾਂ ਵਿਚ ਲਿੰਗ ਰੂਪ ਵਿਚ ਪਵਿੱਤਰ ਨਹੀਂ ਹੈ, ਜਿਵੇਂ ਕਿ ਆਦਿ ਗੁਰੂ ਗ੍ਰੰਥ ਦੀ ਸਿੱਖ ਧਰਮ ਵਿਚ ਪਦ-ਪਦਵੀ, ਨਿਯੁਕਤੀ ਅਤੇ ਸਥਾਨ-ਸਥਾਪਨਾ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਸਪੱਸ਼ਟ ਕਰ ਗਏ ਹਨ। ਕੇਸਰ ਸਿੰਘ ਛਿੱਬਰ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਲਗਭਗ ਸਮਕਾਲੀ ਹੀ ਸੀ, ਆਪਣੇ ਗ੍ਰੰਥ *ਬੰਸਾਵਲੀ ਨਾਮਾ* ਵਿਚ ਦੱਸਦਾ ਹੈ ਕਿ ਗੁਰੂ ਸਾਹਿਬ ਨੂੰ ਸੁਝਾਉ ਦਿੱਤਾ ਗਿਆ ਸੀ ਕਿ ਦਸਮ ਗ੍ਰੰਥ ਵਾਲੀਆਂ ਰਚਨਾਵਾਂ ਪਹਿਲੇ ਗੁਰੂਆਂ ਦੀ ਬਾਣੀ ਨਾਲ ਇਕੱਠੀਆਂ ਮਿਲਾ ਦਿੱਤੀਆਂ ਜਾਣ :

ਸਿੱਖਾਂ ਕੀਤੀ ਅਰਦਾਸ ਜੀ, ਨਾਲ ਚਾਹੀਏ ਮਿਲਾਇਆ।
ਬਚਨ ਕੀਤਾ; ਗ੍ਰੰਥ ਹੈ ਉਹ, ਇਹ ਅਸਾਡੀ ਖੇਡ।
ਨਾਲ ਨਾ ਮਿਲਾਇਆ ਆਹਾ ਪਿਆਰਾ, ਕੌਣ ਜਾਣੇ ਭੇਦ।

ਪਰ ਸਿੱਖ ਧਰਮ ਵਿਚ ਜੇ ਦਸਮ ਗ੍ਰੰਥ ਦਾ ਸਥਾਨ ਆਦਿ ਗੁਰੂ ਗ੍ਰੰਥ ਵਾਲਾ ਨਹੀਂ ਤਾਂ ਦਸਮ ਗ੍ਰੰਥ ਦਾ ਗੌਰਵ ਸਿੱਖ ਧਰਮ ਦੇ ਸੰਸਕਾਰਾਂ ਅਤੇ ਸਿਧਾਂਤ-ਨਿਰੀਖਣ ਵਿਚ ਮਹਾਨ ਹੈ। 'ਸੁਧਾ ਸਵੱਈਏ', 'ਜਾਪੁ', 'ਬੇਨਤੀ ਚੌਪਈ' ਆਦਿ ਬਾਣੀਆਂ ਅੰਮ੍ਰਿਤ ਤਿਆਰ ਕਰਨ ਸਮੇਂ ਮੰਤਰ ਰੂਪ ਵਿਚ ਪੜ੍ਹੀਆਂ ਜਾਂਦੀਆਂ ਹਨ, ਜਿਸ ਕਾਰਨ ਦਸਮ ਗ੍ਰੰਥ ਦੀਆਂ ਇਨ੍ਹਾਂ ਰਚਨਾਵਾਂ ਦਾ ਖ਼ਾਲਸਾ ਪੰਥ ਦੇ ਮੂਲਿਕ ਸੰਸਕਾਰਾਂ ਵਿਚ ਬੜਾ ਗੌਰਵਮਈ ਅਸਥਾਨ ਹੈ। ਨਿਤਨੇਮ ਦੀਆਂ ਬਾਣੀਆਂ ਵਿਚ ਭੀ ਇਹ ਤੇ ਹੋਰ ਦਸਮ ਗ੍ਰੰਥ ਦੀਆਂ ਬਾਣੀਆਂ ਸ਼ਾਮਿਲ ਹਨ ਤੇ ਇਉਂ ਨਿਤਾਪ੍ਰਤਿ ਦੇ ਸਿੱਖੀ ਜੀਵਨ ਵਿਚ ਦਸਮ ਗ੍ਰੰਥ ਦੀਆਂ ਇਨ੍ਹਾਂ ਰਚਨਾਵਾਂ ਦਾ ਬੜਾ ਮਹੱਤਵ ਹੈ। ਤੀਜੇ, ਦਸਮ ਗ੍ਰੰਥ ਦੀਆਂ ਪ੍ਰਮਾਣਿਤ, 'ਸ੍ਰੀ ਮੁਖਵਾਕ', ਰਚਨਾਵਾਂ ਦਸਮ ਪਾਤਸ਼ਾਹ ਤੇ ਖ਼ਾਲਸਾ-ਸਿਧਾਂਤ ਦੇ ਸਹੀ ਵਿਸ਼ਲੇਸ਼ਣ ਅਤੇ ਸ਼ੁੱਧ ਬੋਧ ਲਈ, ਅਦੁੱਤੀ ਕਸਵੱਟੀ ਹਨ ਅਤੇ ਨਾਲ ਹੀ ਇਸ ਸਿਧਾਂਤ ਦੀ ਪਰਿਭਾਸ਼ਾ ਭੀ। ਚੌਥੇ ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਸਾਹਿੱਤਿਕ ਪ੍ਰਣਾਲੀ ਤੇ ਪੱਧਤੀ, ਸਿੱਖ ਧਾਰਮਿਕ ਅਤੇ ਪੰਜਾਬੀ, ਸੈਕੂਲਰ, ਧਰਮ-ਨਿਰਪੇਖ ਸਾਹਿੱਤ ਦੀਆਂ ਲੀਹਾਂ ਨਿਰਮਤ ਕਰਦੀ ਰਹੀ ਹੈ ਅਤੇ ਕਰ ਰਹੀ ਹੈ।

ਇਨ੍ਹਾਂ ਚਹੁੰ ਕਾਰਨਾਂ ਕਰਕੇ ਦਸਮ ਗ੍ਰੰਥ ਦਾ ਸਥਾਨ, ਸਿੱਖ ਧਰਮ ਵਿਚ ਬੜਾ ਮਹੱਤਵਪੂਰਨ ਹੈ।

*[ਸੰਨ 1966 ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਗੁਰਪੁਰਬ ਸਮੇਂ ਆਕਾਸ਼ਵਾਣੀ ਤੋਂ ਪ੍ਰਸਾਰਿਆ ਗਿਆ]*

# ਸਿੱਖ ਤੇ ਸਿੰਘ

ਗੁਰੂ ਗ੍ਰੰਥ ਸਾਹਿਬ, ਜੋ ਕਿ ਸਿੱਖ ਧਰਮ ਦੇ ਮੂਲ ਵਿਚਾਰਾਂ ਦਾ ਸੋਮਾ ਹੈ, ਵਿਚ ਕਿਸੇ ਥਾਂ 'ਸਿੱਖ' ਸ਼ਬਦ, ਪਦ ਦਾ ਕੋਸ਼ਾਰਥ ਨਹੀਂ ਦਿੱਤਾ ਹੋਇਆ। ਹਾਂ, 'ਗੁਰਸਿੱਖ' ਤੇ 'ਸਿੱਖੀ' ਦੇ ਲੱਛਣ ਬਹੁਤ ਥਾਈਂ ਵਿਸਥਾਰੇ ਹੋਏ ਹਨ, ਜਿਹਾ ਕਿ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥.....**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥** *(ਵਾਰ ਗਉੜੀ ਮ: ੪, ਪੰਨਾ 305-06)*

**ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ**
**ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥**
*(ਵਾਰ ਗਉੜੀ ਮ: ੪, ਪੰਨਾ 317)*

**ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ**
**ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥** *(ਸੋਰਠਿ ਮ: ੩, ਪੰਨਾ 593)*

**ਸੋ ਸਿਖੁ ਸਖਾ ਬੰਧਪੁ ਹੈ ਭਾਈ**
**ਜਿ ਗੁਰ ਕੇ ਭਾਣੇ ਵਿਚਿ ਆਵੈ॥** *(ਵਾਰ ਵਡਹੰਸ ਮ: ੪, ਪੰਨਾ 601)*

**ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ**
**ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥** *(ਨਟ ਮ: ੪, ਪੰਨਾ 978)*

ਇਤਿਆਦਿ ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹਨ, ਉਨ੍ਹਾਂ ਤੋਂ ਸੂਚਿਤ ਹੁੰਦਾ ਹੈ ਕਿ 'ਸਿੱਖ' ਸ਼ਬਦ ਇਉਂ ਵਰਤਿਆ ਗਿਆ ਹੈ ਜਿਵੇਂ ਕਿ ਇਹ ਸ਼ਬਦ ਅਸਾਡੀ ਭਾਸ਼ਾ ਦਾ ਕੋਈ ਬੜਾ ਪ੍ਰਮਾਣੀਕ, ਪ੍ਰਾਚੀਨ ਤੇ ਠੁੱਕਵਾਂ ਸ਼ਬਦ ਹੈ। ਜਿਸ ਦੇ ਕੋਸ਼ਾਰਥ ਤੇ ਭਾਵਾਰਥ ਸਰਵ-ਵਿਗਿਆਤ ਤੇ ਮੰਨੇ-ਪ੍ਰਮੰਨੇ ਹਨ, ਜਿਨ੍ਹਾਂ ਦੀ ਕਿ ਵਿਆਖਿਆ ਵਿਸ਼ਲੇਸ਼ਣ ਦੀ ਲੋੜ ਨਹੀਂ।

ਹਾਂ, 'ਗੁਰਸਿੱਖ' ਸ਼ਬਦ ਦੀ ਵਿਆਖਿਆ, ਵਿਸਥਾਰ ਦੀ ਲੋੜ ਗੁਰੂ ਸਾਹਿਬਾਨ ਨੇ ਮੰਨੀ ਹੈ ਤੇ ਇਸ ਕਾਰਨ 'ਗੁਰਸਿੱਖ' ਸ਼ਬਦ ਤੇ ਪਦਵੀ ਦਾ ਵਿਸਥਾਰ ਵਿਸ਼ਲੇਸ਼ਣ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਆਇਆ ਹੈ।

ਇਹੋ ਕਾਰਨ ਹੈ ਕਿ ਸਿੱਖ ਲਿਖਾਰੀਆਂ ਤੇ ਵਿਦਵਾਨਾਂ ਨੇ 'ਸਿੱਖ' ਸ਼ਬਦ ਦਾ ਕੋਸ਼ਾਰਥ ਲੱਭਣ ਤੇ ਵਿਆਖਣ ਦੇ ਜਤਨ ਕੀਤੇ ਹਨ। ਮਹਾਨ ਤੇ ਅਨੁਭਵੀ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ, ਜੋ ਕਿ ਗੁਰਪੁਰੀ ਸਿਧਾਰ ਚੁੱਕੇ ਹਨ ਅਤੇ ਉਨ੍ਹਾਂ ਦੇ ਸਮਕਾਲੀ ਤੇ ਸਹਿਕਾਰੀ ਡਾਕਟਰ ਗੰਡਾ ਸਿੰਘ ਜੀ, ਜੋ ਕਿ ਅਸਾਡੇ ਚੰਗੇ ਭਾਗਾਂ ਕਾਰਨ ਅੱਜ ਅਸਾਡੇ

ਦਰਮਿਆਨ ਹਨ ਅਤੇ ਜਿਨ੍ਹਾਂ ਵਰਗੇ ਖੋਜੀ ਵਿਦਵਾਨ ਤੇ ਤਵਾਰੀਖ਼ ਦੇ ਆਚਾਰੀਆ ਉੱਤੇ ਕੋਈ ਦੇਸ਼ ਤੇ ਜਾਤੀ ਵੀ ਮਾਣ ਕਰ ਸਕਦੀ ਹੈ, ਨੇ ਆਪਣੀ ਪ੍ਰਸਿੱਧ ਅੰਗਰੇਜ਼ੀ ਦੀ ਪੁਸਤਕ *ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ* ਵਿਚ 'ਸਿੱਖ' ਸ਼ਬਦ ਬਾਰੇ ਇਉਂ ਕਿਹਾ ਹੈ :

> "ਗੁਰੂ ਨਾਨਕ ਨੇ ਆਪਣੇ ਆਪ ਨੂੰ ਸਾਧਾਰਨ 'ਗੁਰੂ' ਵਿਸ਼ੇਸ਼ਣ ਨਾਲ ਹੀ ਪ੍ਰਬੋਧਨ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਸਾਦੇ ਸ਼ਬਦ 'ਸਿੱਖ' ਨਾਲ.....ਸਿੱਖ (ਸੰਸਕ੍ਰਿਤ 'ਸ਼ਿਸ਼ਯ') ਦੇ ਅਰਥ ਹਨ, 'ਚੇਲਾ'।"[1]

ਇਸ ਬਹਿਸ ਨੂੰ ਕਿਸੇ ਹੋਰ ਸਮੇਂ ਲਈ ਮੁਲਤਵੀ ਕਰ ਕੇ ਕਿ ਗੁਰੂ ਵਿਸ਼ੇਸ਼ਣ ਅਸਾਡੇ ਦੇਸ਼ ਦੀ ਸ਼ਬਦਾਵਲੀ ਤਥਾ ਦਾਰਸ਼ਨਿਕ ਵਿਚਾਰਾਂ ਦਾ ਸਾਧਾਰਨ ਵਿਸ਼ੇਸ਼ਣ ਹੈ ਯਾ ਕਿ ਕੁਝ ਹੋਰ। ਇਥੇ ਅਸੀਂ ਕੇਵਲ ਇਤਨੀ ਵਿਚਾਰ ਹੀ ਕਰਾਂਗੇ ਕਿ ਕੀ ਸਿੱਖ ਸ਼ਬਦ ਸੰਸਕ੍ਰਿਤ ਸ਼ਬਦ, 'ਸ਼ਿਸ਼ਯ' ਦਾ ਹੀ ਅਪਭ੍ਰੰਸ਼ ਰੂਪ ਹੈ ਯਾ ਕਿ ਕਿਸੇ ਪ੍ਰਾਚੀਨ ਸੰਸਕ੍ਰਿਤ ਦੇ ਸੋਮੇ, ਪ੍ਰਾਕ੍ਰਿਤ ਦਾ ਸ਼ਬਦ ਹੈ ਅਤੇ ਜੇ ਇਹ 'ਸਿੱਖ' ਸ਼ਬਦ ਆਪਣੇ ਮੂਲ ਵਿਚ ਸੰਸਕ੍ਰਿਤ ਦਾ ਸ਼ਿਸ਼ਯ ਸ਼ਬਦ ਨਹੀਂ ਤਾਂ ਇਸ ਦੇ ਕੋਸ਼ਾਰਥ ਤੇ ਭਾਵਾਰਥ ਕੀ ਹਨ ?

ਇਉਂ ਵਿਚਾਰ ਕੇ ਫੇਰ ਇਸੇ ਪ੍ਰਕਾਰ ਦਾ ਵਿਸ਼ਲੇਸ਼ਣ, 'ਸਿੰਘ' ਸ਼ਬਦ ਦਾ ਕਰਨ ਦਾ ਜਤਨ ਕਰਾਂਗੇ।

ਜਿਵੇਂ ਕਿ ਉੱਤੇ ਇਸ਼ਾਰਾ ਕਰ ਚੁੱਕੇ ਹਾਂ, ਕਿਸੇ ਹੋਰ ਸਮੇਂ ਇਹ ਸਿੱਧ ਕਰਨ ਦਾ ਜਤਨ ਕੀਤਾ ਜਾਵੇਗਾ ਕਿ ਗੁਰੂ ਸ਼ਬਦ ਹਿੰਦੂ ਮਤ ਅਤੇ ਆਰਯ ਦਰਸ਼ਨ ਫ਼ਿਲਾਸਫ਼ੀ ਦਾ ਇਕ ਬੜਾ ਭਾਰੀ ਗੌਰਵ-ਮਈ ਰਹੱਸ-ਪੂਰਤ ਤੇ ਗੰਭੀਰ ਸ਼ਬਦ ਹੈ ਅਤੇ ਸੰਸਾਰ ਭਰ ਦੇ ਧਰਮ ਦਰਸ਼ਨਾਂ ਦੇ ਕੋਸ਼ਾਂ ਵਿਚ ਇਸ ਨਾਲੋਂ ਵਧੇਰੇ ਗੌਹਯ ਤੇ ਭਾਵ-ਪੂਰਤ ਸ਼ਬਦ ਲੱਭਣਾ ਕਠਨ ਹੈ। ਮਹਾਨ ਬੋਧ ਮਹਾਯਾਨ ਦਰਸ਼ਨ ਵਿਚ ਧਰਮ ਕਾਯਾ+ਨਿਰਮਾਨ ਕਾਯਾ ਦਾ ਜੋ ਭਾਵਾਰਥ ਤੇ ਰਹੱਸਯ ਹੈ, ਉਹੋ ਸਿੱਖ ਦਰਸ਼ਨ ਵਿਚ ਗੁਰੂ ਸ਼ਬਦ ਦਾ ਹੈ।[2] ਪੌਰਾਣਿਕ ਹਿੰਦੂ ਸਨਾਤਨ ਦਰਸ਼ਨ ਵਿਚ ਆਦੀ ਕਸ਼ੀਰਸਾਗਰ, ਜਿਸ ਵਿੱਚੋਂ ਸਰਵ ਸ੍ਰਿਸ਼ਟੀ ਦੀ ਉਤਪਤੀ ਅਨੁਮਾਨੀ ਗਈ ਹੈ, ਇਹ ਭਾਵਾਰਥ ਭੀ ਗੁਰੂ ਸ਼ਬਦ ਵਿਚ ਹੀ ਸੀਮਿਤ ਹੈ।[3] ਆਦਿ ਪ੍ਰਾਣਕੋਸ਼ੀ ਜੋ ਸਰਵ ਜੀਵਾਤਮਾ ਦਾ ਮਾਤ ਗਰਭ ਹੈ ਅਤੇ ਫੇਰ ਸਰਵ-ਸ੍ਰਿਸ਼ਟੀ ਦਾ ਪ੍ਰਾਣਦਾ ਹੈ ਅਤੇ ਜਿਸ ਨੂੰ ਆਧੁਨਿਕ ਪੱਛਮੀ ਫ਼ਿਲਾਸਫ਼ਰ, ਜਿਹਾ ਕਿ ਬਰਗਸਾਂ ਈਲ਼ਾਨਵਾਈਟਲ ਦਾ ਨਾਮ ਦਿੰਦੇ ਹਨ, ਸਿੱਖ ਦਰਸ਼ਨ ਅਨੁਸਾਰ ਇਹ ਧਾਤੂਭੂਤ ਭੀ ਗੁਰੂ ਵਿਚ ਹੀ ਇਸਥਿਤ ਹੈ।[4]

ਸੋ, ਜਿਸ ਸਮੇਂ ਗੁਰੂ ਨਾਨਕ ਨੇ ਗੁਰੂ ਪਦ ਅਖ਼ਤਿਆਰ ਕੀਤਾ, ਤਾਂ ਇਕ ਐਸਾ ਦਾਹਵਾ ਕੀਤਾ ਜੋ ਕਿ ਕਿਵੇਂ ਵੀ ਸਾਧਾਰਨ ਨਹੀਂ ਕਿਹਾ ਜਾ ਸਕਦਾ, ਕਿਉਂਜੁ ਗੁਰੂ ਜਿੰਦ-ਹੀਣ ਲੋਕਾਯਤ ਵਿੱਦਿਆ ਪ੍ਰਦਾਤਾ ਨਹੀਂ ਹੈ, ਸਗੋਂ ਨਵਾਂ ਜੀਵਨ ਦੇਣਾ ਤੇ ਮੁਰਦਿਆਂ ਨੂੰ ਆਤਮ ਪੱਧਰ ਉੱਤੇ ਪੁਨਰ ਜੀਵਤ ਕਰਨਾ ਗੁਰੂ ਦਾ ਮੁੱਖ ਧਰਮ ਹੈ।

---

1. ਦੇਖੋ, Teja Singh Ganda Singh, *A Short History of the Sikhs*, Orient Longmans, Bombay, 1950, p. 1.1
2. ਸਤਿਗੁਰੁ ਧਰਤੀ ਧਰਮ ਹੈ, ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥
   *(ਵਾਰ ਗਉੜੀ, ਪੰਨਾ 302)*
3. ਸੇਵਹੁ ਸਤਿਗੁਰ ਸਮੁੰਦੁ ਅਥਾਹਾ॥ *(ਮਾਰੂ ਮ: ੧, ਪੰਨਾ 1043)*
4. ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥ *(ਪ੍ਰਭਾਤੀ ਮ: ੧, ਪੰਨਾ 1329)*
   ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ *(ਆਸਾ ਦੀ ਵਾਰ ਮ: ੧, ਪੰਨਾ 472)*

ਜਿਨ੍ਹਾਂ ਮੁਰਦਾ ਰੂਹਾਂ ਨੂੰ ਨਵਾਂ ਜੀਵਨ ਬਖ਼ਸ਼ ਕੇ ਗੁਰੂ ਪੁਨਰ-ਜੀਵਤ ਕਰਦਾ ਹੈ ਉਹ ਕੀ ਇਸ ਭਾਵ ਵਿਚ ਸ਼ਿਸ਼ਯ ਨਹੀਂ ਹਨ, ਜਿਸ ਭਾਵ ਵਿਚ ਕਿ ਲੋਕਾਯਤ ਵਿੱਦਿਆ ਪੜ੍ਹਾਉਣ ਵਾਲੇ ਗੁਰੂ ਦੇ ਚੇਲੇ ਹੁੰਦੇ ਹਨ। ਸਿੱਖ ਇਸ ਕਰਕੇ ਸਿੱਖ ਨਹੀਂ ਹਨ ਕਿ ਉਨ੍ਹਾਂ ਨੇ ਕਿਸੇ ਗੁਰੂ ਕੋਲੋਂ ਸਿੱਖਿਆ ਲਈ ਹੈ। ਸਿੱਖ ਇਸ ਕਾਰਨ ਸਿੱਖ ਹਨ ਕਿ ਉਹ ਗੁਰੂ ਅਕਾਲ ਪੁਰਖ ਦੀ ਅੰਮ੍ਰਿਤ ਰੂਹਾਨੀ ਛੁਹ ਨਾਲ, ਆਪ ਸੰਸਾਰ ਦੀ ਪੱਧਰ ਨਾਲੋਂ ਉਚੇਰੇ ਜੀਵਨ ਵਿਚ ਪ੍ਰਵੇਸ਼ ਕਰਨ ਕਰਕੇ, ਬਾਕੀ ਸੰਸਾਰ ਨਾਲੋਂ ਵੱਖਰੇ ਹੋ ਚੁੱਕੇ ਹਨ।

ਸਿੱਖ ਸ਼ਬਦ ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਅਪਭ੍ਰੰਸ਼ ਨਹੀਂ ਹੈ, ਇਹ ਸਿੱਧ ਕੀਤਾ ਜਾ ਸਕਦਾ ਹੈ।

ਗ੍ਰੀਅਰਸਨ ਆਦਿ ਭਾਸ਼ਾ-ਵਿਗਿਆਨੀ ਇਹ ਮੰਨਦੇ ਹਨ ਅਤੇ ਇਨ੍ਹਾਂ ਦੇ ਇਸ ਮਤ ਦੀ ਕਾਟ ਨਹੀਂ ਕੀਤੀ ਗਈ ਕਿ ਭਾਰਤੀ ਪ੍ਰਾਕਿਰਤ ਦੇ ਦੋ ਰੂਪ ਹਨ, ਇਕ ਪਰਾ-ਪ੍ਰਾਚੀਨ ਤੇ ਇਕ ਪ੍ਰਾਚੀਨ। ਪਰਾ-ਪ੍ਰਾਚੀਨ ਪਰਾਕ੍ਰਿਤ ਦਾ ਉਹ ਰੂਪ ਹੈ, ਜਿਸ ਵਿੱਚੋਂ ਕਿ ਰਿਗ ਵੇਦਿਕ ਸੰਸਕ੍ਰਿਤ ਅਤੇ ਪਾਲੀ ਭਾਸ਼ਾ ਦਾ ਵਿਕਾਸ ਹੋਇਆ ਅਤੇ ਪ੍ਰਾਚੀਨ ਪਰਾਕ੍ਰਿਤ ਉਹ ਹੈ ਜਿਸ ਵਿੱਚੋਂ ਸੋਧ ਮਾਂਜ ਕੇ ਪਾਣਿਨੀ ਜਾਂ ਉਸ ਦੇ ਪੂਰਵਜਾਂ ਨੇ ਨਕਲੀ ਤੇ ਟਕਸਾਲੀ ਸੰਸਕ੍ਰਿਤ ਬਣਾਈ। ਜਿਸ ਸੰਸਕ੍ਰਿਤ ਦੀ ਠੁਕ ਵਾਯਕਣ ਅਸ਼ਟਯਾਧਾਈ ਵਿਚ ਦੋ ਹਜ਼ਾਰ ਵਰ੍ਹਿਆਂ ਤੋਂ ਉਲੀਕੀ ਹੋਈ ਹੈ। ਪਰਾ-ਪ੍ਰਾਚੀਨ ਪਰਾਕ੍ਰਿਤ ਨਿਰਸੰਦੇਹ ਸੰਸਕ੍ਰਿਤ ਨਾਲੋਂ ਪੁਰਾਤਨ ਅਤੇ ਵੇਦਿਕ ਸੰਸਕ੍ਰਿਤ ਅਤੇ ਪਾਲੀ ਦਾ ਮਾਤ ਗਰਭ ਹੈ। ਅਸ਼ਟਯਾਧਾਈ ਵਿਚ ਉਲੀਕੀ ਹੋਈ ਸੰਸਕ੍ਰਿਤ ਦਾ ਸੋਮਾ ਇਹ ਵੇਦਿਕ ਭਾਸ਼ਾ ਤੇ ਪਾਲੀ ਹੀ ਹਨ, ਜੋ ਕਿ:

1. ਸੰਸਕ੍ਰਿਤ ਨਾਲੋਂ ਬਹੁਤ ਪੁਰਾਣੀਆਂ ਹਨ; ਅਤੇ

2. ਇਹ ਲੋਕਾਂ ਦੀ ਸੱਚੀ ਮੁੱਚੀ ਬੋਲ-ਚਾਲ ਦੀਆਂ ਬੋਲੀਆਂ ਹਨ ਤੇ ਸੰਸਕ੍ਰਿਤ ਇਕ ਨਕਲੀ, ਹਸਤਕ੍ਰਿਤ ਪਾਂਡਤਯ ਦੀ ਬੋਲੀ ਹੈ।

ਇਉਂ ਵਿਚਾਰਿਆਂ ਸਪੱਸ਼ਟ ਹੋਇਆ ਕਿ ਅਸਲੀ ਪੁਰਾਤਨ ਤੇ ਭਾਵਾਰਥ-ਪੂਰਤ ਸ਼ਬਦ ਤਾਂ ਵੇਦਿਕ ਭਾਸ਼ਾ ਦੇ ਹੀ ਹਨ ਅਤੇ ਉਨ੍ਹਾਂ ਦਾ ਸੰਸਕ੍ਰਿਤ-ਰੂਪ ਮਸਨੂਈ ਤੇ ਪਾਂਡਿਤਯਾਸ੍ਰਿਤ ਹੈ। ਜੇ ਕੋਈ ਅਜਿਹਾ ਸ਼ਬਦ ਹੋਵੇ ਜੋ ਕਿ ਵੇਦਿਕ ਤਥਾ ਪਾਲੀ ਭਾਸ਼ਾ ਵਿਚ, ਅਜੋਕੇ ਪ੍ਰਚਲਿਤ ਰੂਪ ਵਿਚ ਮੌਜੂਦ ਹੈ ਤਾਂ ਉਸ ਦੇ ਕੋਸ਼ਾਰਥ ਤੇ ਭਾਵਾਰਥ ਜਾਨਣ ਲਈ ਸੰਸਕ੍ਰਿਤ ਦੇ ਕਿਸੇ ਨੇੜੇ ਢੁਕਵੇਂ ਸ਼ਬਦ ਦਾ ਆਸਰਾ ਲੈਣਾ ਤੇ ਕਹਿਣਾ ਕਿ ਇਹ ਸ਼ਬਦ ਸੰਸਕ੍ਰਿਤ ਦੇ ਅਮਕੇ ਸ਼ਬਦ ਵਿੱਚੋਂ 'ਨਿਕਲਿਆ' ਹੈ ਅਤੇ ਇਸ ਲਈ ਇਸ ਦੇ ਕੋਸ਼ਾਰਥ ਤਥਾ ਭਾਵਾਰਥ ਉਹ ਹਨ ਜੋ ਸੰਸਕ੍ਰਿਤ ਦੇ ਉਸ ਮਿਲਦੇ-ਜੁਲਦੇ ਸ਼ਬਦ ਦੇ ਹਨ, ਪੁੱਤ ਤੋਂ ਪਿਤਾ ਦਾ ਜਨਮ ਸਿੱਧ ਕਰਨ ਵਾਲੀ ਗੱਲ ਹੈ ਅਤੇ ਅਨੁਚਿਤ ਤੇ ਅਵਿਗਿਆਨਿਕ ਹੈ।

ਪਾਲੀ ਦੇ ਪ੍ਰਸਿੱਧ ਧਰਮ ਗ੍ਰੰਥ *ਧਮਪਦ* ਵਿਚ ਸਿੱਖ ਸ਼ਬਦ ਆਇਆ ਹੈ ਅਤੇ ਅਸਾਡੇ ਚੰਗੇ ਭਾਗਾਂ ਨੂੰ ਇਸ ਸ਼ਬਦ ਦੀ ਵਿਆਖਿਆ ਭੀ ਕੀਤੀ ਹੋਈ ਹੈ:

ਕੋ ਇਮਮ ਪਥਿਵਮ ਵਿਜਸਤੀ,
ਯਮ ਲੋਕਮ ਚ ਇਮਮ ਸਦੇਵਕਮ।
ਕੋ ਘਮ ਪਦਮ ਸੁਦੇਸਿਤਮ,
ਕੁਸ਼ਲੋ ਪੁਫਮ ਇਵਾ ਪਚੱਸ਼ਤੀ।

ਅਰਥ ਹੈ: ਜੀਵਨ ਦੌੜ ਦਾ ਵਿਜਈ ਕੌਣ ਹੈ? ਇਹ ਜੀਵਨ ਜਿਹੜਾ ਕਿ ਮ੍ਰਿਤੂ ਸੰਤਾਪ

ਦੇ ਦੁਖ ਨਾਲ ਭਰਿਆ ਪਿਆ ਹੈ। ਧਰਮ ਪਦ ਉੱਚ-ਪਦਵੀ ਦੀ ਪ੍ਰਾਪਤੀ ਕੌਣ ਕਰੇਗਾ ਤੇ ਇਉਂ ਭਰਪੂਰ ਤੇ ਸਫਲ ਜੀਵਨ ਦਾ ਸੁੰਦਰ ਸੁਗੰਧਤ ਫੁਲ ਕੌਣ ਪ੍ਰਾਪਤ ਕਰੇਗਾ?

ਇਹ ਸਿਧਾਂਤਕ ਕਾਵਯਪੂਰਤ ਪ੍ਰਸ਼ਨ ਕਰ ਕੇ ਫਿਰ ਇਸ ਦਾ ਉੱਤਰ *ਧਮਪਦ* ਵਿਚ ਇਉਂ ਦਿੱਤਾ ਹੋਇਆ ਹੈ:

ਸਿੱਖੋ ਪਥਿਵਮ ਵਿਜਸਤੀ,
ਯਮ ਲੋਕਮ ਚ ਇਮਮ ਸਦੇਵਕਮ।
ਸਿੱਖੋ ਧਮ ਪਦਮ ਸੁਦੇਸਿਤਮ,
ਕੁਸ਼ਲੋ ਪੁਫਮ ਇਵਾ ਪਚੱਸ਼ਤੀ।

ਭਾਵਾਰਥ ਇਹ ਕਿ ਜੀਵਨ-ਦੌੜ ਦਾ ਵਿਜੇਤਾ ਸਿੱਖ ਹੀ ਹੈ ਅਤੇ ਸਿੱਖ ਉਹ ਹੈ ਜੋ ਜੀਵਨ-ਤੱਤਵ ਨੂੰ ਪ੍ਰਾਪਤ ਕਰਨ ਵਾਲਾ ਅਤੇ ਪਦਮ-ਪਦ-ਰੂਪੀ ਪੁਸ਼ਪ ਦਾ ਅਧਿਕਾਰੀ ਹੈ।

ਬੁਧ ਦਰਸ਼ਨ ਵਿਚ ਧਰਮ ਸੱਤਯ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ:

ਸਰਬਾਸ਼ਰ ਸਰਵਾਧਾਰ ਸੱਤਯ।

ਜਿਸ ਭਾਵ ਵਿਚ ਕਿ ਗੁਰਵਾਕ ਹੈ:

**ਆਪਿ ਸਤਿ ਕੀਆ ਸਭੁ ਸਤਿ ॥** *(ਸੁਖਮਨੀ ਸਾਹਿਬ, ਪੰਨਾ 284)*

ਇਹੋ ਅਕਾਲ ਅਬਿਨਾਸ਼ੀ ਸਤਿ ਹੈ, ਜਿਸ ਵਿਚ ਕਿ ਗੌਤਮ ਬੁੱਧ ਨੇ ਆਪਣੇ ਆਪ ਨੂੰ ਅਭੇਦ ਮੰਨਿਆ ਹੈ।[1] ਜੋ ਮੇਰੇ ਦਰਸ਼ਨ ਕਰਦਾ ਹੈ ਉਹ ਧਰਮ ਦੇ ਦਰਸ਼ਨ ਕਰਦਾ ਹੈ ਅਤੇ ਜੋ ਧਰਮ ਰਤ ਹੈ, ਉਹ ਮਮ ਰਤ ਹੈ।[2] ਗੁਰੂ ਗ੍ਰੰਥ ਸਾਹਿਬ ਵਿਚ ਭੀ ਇਹੋ ਸਿਧਾਂਤ ਸਵੀਕ੍ਰਿਤ ਹੈ।[3]

ਜਿਹੜਾ ਪੁਰਸ਼ ਇਸ ਸੱਤ ਧਰਮ ਦੀ ਪ੍ਰਾਪਤੀ, ਜੀਵਨ ਦਾ ਮੁੱਖ ਉਦੇਸ਼ ਮੰਨਦਾ ਹੈ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਸਦਾ ਤਤਪਰ ਹੈ, ਉਹ ਸਿੱਖ ਹੈ। ਸਿੱਖ ਉਹ ਹੈ ਜੋ ਉਸ ਸੱਤਯ ਪਦ ਦੀ ਪ੍ਰਾਪਤੀ ਲਈ ਜਿਸ ਪਦ ਦਾ ਉਪਦੇਸ਼ ਕਿ ਗੁਰੂ ਸਾਹਿਬਾਨ ਨੇ ਦਿੱਤਾ ਹੈ, ਸਦਾ ਤਤਪਰ ਹੈ:

**ਮੈ ਬਧੀ ਸਚੁ ਧਰਮ ਸਾਲ ਹੈ ॥**
**ਗੁਰਸਿਖਾ ਲਹਦਾ ਭਾਲਿ ਕੈ ॥** *(ਸਿਰੀਰਾਗੁ ਮ: ੫, ਪੰਨਾ 73)*

ਸਿੱਖ ਸ਼ਬਦ ਦੇ ਮੁੱਢਲੇ ਅਮਲੀ ਤੇ ਪ੍ਰਮਾਣੀਕ ਕੋਸ਼ਾਰਥ ਤੇ ਭਾਵਾਰਥ ਇਹੋ ਹਨ ਅਤੇ ਸਿੱਖ ਮਤ ਵਿਚ ਇਹ ਸ਼ਬਦ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ, ਪ੍ਰਚਲਿਤ ਪਰਵਾਣ ਹੈ, ਸਿੱਖ ਉਹ ਪੁਰਸ਼ ਹੈ ਜੋ ਸੱਤ ਦੀ ਪ੍ਰਾਪਤੀ ਲਈ ਸਦਾ ਤਤਪਰ ਹੈ ਅਤੇ ਜਿਸ ਦਾ ਨਿਤਾਪ੍ਰਤਿ ਜੀਵਨ ਤੇ ਕਾਰ-ਵਿਹਾਰ ਸੱਤ ਉੱਤੇ ਹੀ ਨਿਰਭਰ ਹੈ ਅਤੇ ਜੋ ਅਸੱਤਯਾਸ਼੍ਰਿਤ ਵਸਤੂਆਂ ਨੂੰ ਕਦੇ ਤੇ ਕਿਵੇਂ ਭੀ ਸਵੀਕਾਰ, ਕਬੂਲ ਨਹੀਂ ਕਰਦਾ, ਉਹ ਪ੍ਰਾਣੀ ਜਿਨ੍ਹਾਂ ਨੇ ਗੁਰੂਆਂ ਦੇ ਉਪਦੇਸ਼ ਗ੍ਰਹਿਣ ਤੇ ਧਾਰਨ ਕੀਤੇ ਹਨ, ਉਹ ਸੁਤੇ-ਸਿਧ ਹੀ ਇਨ੍ਹਾਂ ਅਰਥਾਂ ਵਿਚ ਸਿੱਖ ਹਨ। ਸਿੱਖ ਇਉਂ ਨਹੀਂ ਕਿ ਉਨ੍ਹਾਂ ਨੇ ਗੁਰੂ ਧਾਰਨ ਕੀਤਾ ਹੈ, ਸਗੋਂ ਸਿੱਖ ਇਉਂ ਕਿ ਉਹ ਸੱਤ ਨੂੰ ਤੇ ਸੱਤਯਾਚਾਰ ਨੂੰ ਸਰਵ-ਸ੍ਰੇਸ਼ਟ ਮੰਨਦੇ ਹਨ, ਜਿਹਾ ਕਿ ਗੁਰਵਾਕ ਹੈ:

---

1. *ਸਮਯੁਤਨਿਕਾਯ* ੧-੧੬੯.
2. *ਇਤੀਵੁਤਕਮ* ੯੧.
3. ਸਤਿਗੁਰੁ ਧਰਤੀ ਧਰਮ ਹੈ, ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥ *(ਵਾਰ ਗਉੜੀ, ਪੰਨਾ 302)*

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥** *(ਸਿਰੀਰਾਗੁ ਮ: ੧, ਪੰਨਾ 62)*

ਇਸ ਕਾਰਨ ਗੁਰੂ ਸਾਹਿਬਾਨ ਦੇ ਪੈਰੋਕਾਰ ਸਿੱਖ ਕਹੀਦੇ ਹਨ। ਇਸ ਕਾਰਨ ਨਹੀਂ ਕਿ ਸਿੱਖ ਸ਼ਬਦ ਦਾ ਸ਼ਿਸ਼ਯ ਵਿੱਚੋਂ ਨਿਕਾਸ ਹੋਇਆ ਹੈ ਅਤੇ ਸ਼ਿਸ਼ਯ ਦੇ ਅਰਥ 'ਚੇਲਾ' ਹਨ ਤੇ ਸਿੱਖ ਗੁਰੂ ਨਾਨਕ ਆਦਿ ਗੁਰੂਆਂ ਦੇ ਚੇਲੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਖ਼ਾਲਸਾ ਸਾਜਿਆ ਤਾਂ ਸਿੱਖਾਂ ਨੂੰ ਸਿੰਘ ਉਪਾਧੀ ਕਿਉਂ ਪ੍ਰਦਾਨ ਕੀਤੀ ?

*ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ* ਦੇ ਵਿਦਵਾਨ ਲਿਖਾਰੀ ਕਹਿੰਦੇ ਹਨ :

> "ਖ਼ਾਲਸਾ ਵਿਚ ਪ੍ਰਵੇਸ਼ਿਤ ਸਿੱਖਾਂ ਨੂੰ ਇਕ ਸਾਂਝਾ ਨਾਮ ਦੇ ਦਿੱਤਾ ਗਿਆ—ਸਿੰਘ, ਜਿਸ ਦੇ ਕਿ ਅਰਥ ਹਨ, ਸ਼ੇਰ। ਅੱਗੇ ਤੋਂ ਬਹਾਦਰੀ ਭੀ ਉਨ੍ਹਾਂ ਦੇ ਮਤ ਦਾ ਇਕ ਅੰਗ ਬਣ ਗਿਆ, ਜਿਵੇਂ ਕਿ ਪਵਿੱਤ੍ਰਤਾ ਪਹਿਲਾਂ ਸੀ।"[1]

ਇਸ ਦਾ ਭਾਵ ਇਹੋ ਹੈ ਕਿ ਸੰਨ 1699 ਤੋਂ ਪਸ਼ਚਾਤ ਸੂਰਬੀਰਤਾ ਸਿੱਖ ਧਰਮ ਦਾ ਇਕ ਅੰਗ ਮਿਥਿਆ ਗਿਆ ਅਤੇ ਇਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਣ ਪਿੱਛੋਂ 'ਸਿੰਘ' ਲਕਬ ਧਾਰਨ ਕਰਨ ਦਾ ਹੁਕਮ ਦਿੱਤਾ। ਉੱਨੀਵੀਂ ਸਦੀ ਦੇ ਉਤ੍ਰਾਰਧ ਦਾ ਇਕ ਸਿੱਖ ਲਿਖਾਰੀ ਭੂਪ ਸਿੰਘ ਨਿਰਮਲਾ ਕਹਿੰਦਾ ਹੈ ਕਿ :

> "ਸਿੰਘ ਉਪਾਧੀ ਸਿੱਖਾਂ ਨੂੰ ਇਸ ਕਰਕੇ ਬਖ਼ਸ਼ੀ ਗਈ ਕਿਉਂਜੁ ਸਿੰਘ ਚੰਡੀਕਾ ਦੇਵੀ ਦਾ ਵਾਹਣ ਹੈ।"[2]

ਚੰਡੀਕਾ ਦੇਵੀ ਮਿਥਿਹਾਸ ਵਿਚ ਸ਼ੇਰ ਦੀ ਸਵਾਰੀ ਹੀ ਦੁਰਗਾ ਅਥਵਾ ਚੰਡੀ ਕਰਦੀ ਹੈ।

'ਸਿੰਘ' ਸ਼ਬਦ ਦੇ ਇਹ ਭਾਵਾਰਥ ਭੀ ਉਤਨੇ ਹੀ ਅਸ਼ੁੱਧ ਤੇ ਭੁਲੇਖਾ ਪਾਊ ਹਨ, ਜਿਤਨੇ ਕਿ ਉਪਰੋਕਤ ਸਿੱਖ ਸ਼ਬਦ ਦੇ ਅਰਥ। ਸਿੰਘ ਸ਼ਬਦ ਆਪਣੇ ਅਧਿਆਤਮਕ ਭਾਵਾਰਥਾਂ ਵਿਚ ਇਤਨਾ ਹੀ ਪ੍ਰਾਚੀਨ ਹੈ ਜਿਤਨੀ ਕਿ ਆਰਯ ਹਿੰਦੂ ਸੱਭਿਅਤਾ ਤੇ ਪ੍ਰਾਚੀਨ ਪ੍ਰਾਕ੍ਰਿਤ।

"ਭਿਖੂਓ !" ਗੌਤਮ ਬੁੱਧ ਨੇ ਬਚਨ ਕੀਤਾ, "ਸ਼ੇਰ ਜੰਗਲ ਦਾ ਬਾਦਸ਼ਾਹ ਸਾਯੰ-ਕਾਲ ਆਪਣੇ ਘੁਰਨੇ ਵਿੱਚੋਂ ਬਾਹਰ ਨਿਕਲਦਾ ਹੈ। ਫਿਰ ਉਹ ਤਿੰਨ ਬਾਰ ਸਿੰਘ ਗਰਜਨਾ ਕਰਦਾ ਹੈ, ਫਿਰ ਸ਼ਿਕਾਰ ਕਰਨ ਲਈ ਚਾਲੇ ਪਾਉਂਦਾ ਹੈ। ਉਹ ਇਉਂ ਕਿਉਂ ਕਰਦਾ ਹੈ, ਇਸ ਕਾਰਨ ਕਿ ਮੈਂ ਕਿਤੇ ਕਿਸੇ ਛੋਟੇ ਅਬਲਾ ਜੀਵ, ਜੰਤੂ ਦੀ ਹਿੰਸਾ ਨਾ ਕਰ ਬੈਠਾਂ, ਜਿਹੜਾ ਕਿ ਭੁੱਲਾ ਚੁੱਕਾ ਬਾਹਰ ਰਹਿ ਗਿਆ ਹੋਵੇ। ਹੇ ਭਿਖੂਓ ! ਇਹ ਸਿੰਘ ਸ਼ਬਦ ਸੱਤਯ ਪ੍ਰਾਯਣ, ਤਥਾਗਤਿ ਪੁਰਸ਼ਾਂ ਦਾ ਲਖਾਯਕ ਹੈ ਅਤੇ ਪੂਰਨ ਪੁਰਸ਼, ਬੁੱਧ ਗਤੀ ਨੂੰ ਪ੍ਰਾਪਤ ਹੋਏ ਹੋਏ ਮਨੁਸ਼ ਹੀ ਸਿੰਘ ਕਹਾਉਣ ਦੇ ਯੋਗ ਹਨ। ਕਿਉਂਜੁ ਅਜੇਹੇ ਪੂਰਨ ਪੁਰਸ਼ ਨਿਰਭੈ ਹੋ ਕੇ ਸੱਤਯ ਨੂੰ ਗ੍ਰਹਿਣ ਕਰਦੇ ਹਨ ਅਤੇ ਸੱਤਯ ਦਾ ਪ੍ਰਚਾਰ ਕਰਦੇ ਹਨ ਅਤੇ ਇਹ ਉਨ੍ਹਾਂ ਦਾ ਸਿੰਘਨਾਦ ਹੈ।"[3]

---

1. ਪੰਨਾ 70.
2. ਸਿੰਘ ਨਾਮ ਬਾਹਨ ਨੈ ਦੀਓ—*ਸੁਧਮਰਮ ਗ੍ਰੰਥ* (1818 Circa) Published by Sant Sampuran Singh, Amritsar, 1923.
3. ਅੰਗੁਤਨਿਕਾਯ ੩੨-੩੩.

ਤਥਾਗਤਿ ਪੁਰਸ਼ ਕੀ ਹੈ, ਜਿਸ ਦੀ ਸੰਗਿਆ ਕਿ ਗੌਤਮ ਬੁੱਧ ਜੀ ਦੱਸਦੇ ਹਨ, ਅਸਾਡੇ ਦੇਸ਼ ਦੀ ਪ੍ਰੰਪਰਾ ਵਿਚ, ਸਿੰਘ, ਪ੍ਰਾਚੀਨ ਸਮਿਆਂ ਤੋਂ ਹੈ।

ਵੱਛੇਗੋਤ ਨਾਮੀ ਭਿਖੂ, ਗੌਤਮ ਬੁੱਧ ਨੂੰ ਪੁੱਛਦਾ ਹੈ ਕਿ ਤਥਾਗਤਿ ਸਿੰਘ ਪੁਰਸ਼ ਦੀ ਕੀ ਗਤੀ ਹੈ ?

'ਗਤੀ ਉਸ ਦੀ ਕੋਈ ਨਹੀਂ।'

'ਤਾਂ ਉਹ ਕਿਸੇ ਗਤੀ ਨੂੰ ਪ੍ਰਾਪਤ ਨਹੀਂ ?'

'ਅਪ੍ਰਾਪਤ ਵਿਸ਼ੇਸ਼ਣ ਭੀ ਉਸ ਨੂੰ ਲਾਗੂ ਨਹੀਂ।'

'ਪ੍ਰਾਪਤ ਤੇ ਅਪ੍ਰਾਪਤ ਦੋਵੇਂ ਗਤੀਆਂ ਉਸ ਦੀਆਂ ਹਨ ?'

'ਪ੍ਰਾਪਤ ਤੇ ਅਪ੍ਰਾਪਤ ਦੋਵੇਂ ਲਾਗੂ ਨਹੀਂ।'

'ਤਾਂ ਕੀ ਉਹ ਨਾ ਪ੍ਰਾਪਤ ਹੈ ਤੇ ਨਾ ਅਪ੍ਰਾਪਤ ?'

'ਨਾ ਪ੍ਰਾਪਤ ਤੇ ਨਾ ਅਪ੍ਰਾਪਤ ਦੋਵੇਂ ਲਾਗੂ ਨਹੀਂ।'

'ਹੇ ਗੌਤਮ ! ਇਹ ਗੱਲ ਮੇਰੀ ਸਮਝ ਤੋਂ ਪਰੇ ਦੀ ਹੈ। ਮੈਂ ਇਹ ਸਮਝਣ ਤੋਂ ਅਸਮਰੱਥ ਹਾਂ।'

'ਹੇ ਵੱਛ ! ਤੇਰੀ ਅਸਮਰੱਥਾ ਕੁਦਰਤੀ ਹੈ, ਕਿਉਂਜੋ ਇਹ ਧਰਮ ਅਗਾਧ, ਅਪ੍ਰੰਪਰਾ, ਸਰਬੋਤਮ, ਅਗੋਚਰ, ਮਨ ਬੁੱਧੀ ਦੀ ਪਹੁੰਚ ਤੋਂ ਪਰੇ, ਅਤੀ ਕਠਨ ਦੁਰਗ ਹੈ, ਤੇਰੇ ਲਈ ਜਿਸ ਦਾ ਕਿ ਮਤ ਹੋਰ ਹੈ, ਦਰਸ਼ਨ ਵੱਖਰਾ ਹੈ, ਪ੍ਰਚਾਰ ਅਲਹਿਦਾ ਹਨ ਤੇ ਸੰਪ੍ਰਦਾਯ ਆਚਾਰਯ ਵਿਤਰੇਕ ਹੈ, ਇਹ ਸਮਝਣਾ ਹੀ ਕਠਨ ਹੈ। ਇਸ ਲਈ ਹੁਣ ਮੈਂ ਪ੍ਰਸ਼ਨ ਕਰਦਾ ਹਾਂ ਤੇ ਤੂੰ ਉਤਰ ਦੇਹੁ !'

'ਹਾਂ ਗੌਤਮ ਜੀ ਪੁੱਛੋ।'

'ਜੇ ਤੁਹਾਡੇ ਸਾਹਮਣੇ ਅੱਗ ਬਲਦੀ ਹੋਵੇ ਤਾਂ ਪਛਾਣ ਲਓਗੇ ?'

'ਹਾਂ ਜੀ।'

'ਜੇ ਪੁੱਛਿਆ ਜਾਵੇ ਕਿ ਇਹ ਕਿਸ ਕਾਰਨ ਬਲਦੀ ਹੈ, ਤਾਂ ਉੱਤਰ ਦੇ ਸਕੋਗੇ ?'

'ਮੈਂ ਕਹਾਂਗਾ ਕਿ ਘਾਹ ਤੇ ਲੱਕੜੀਆਂ ਦੇ ਕਾਰਨ ਜਲਦੀ ਹੈ।'

'ਜੇ ਅੱਗ ਨੂੰ ਬੁਝਾ ਦਈਏ ਤਾਂ ਬੁੱਝ ਲਓਗੇ ਕਿ ਬੁਝ ਗਈ ਹੈ ?'

'ਹਾਂ।'

'ਜੇ ਪੁੱਛੀਏ ਕਿ ਉਹ ਅਗਨੀ ਕਿਧਰ ਗਈ ਹੈ, ਕਿਸ ਗਤੀ ਨੂੰ ਪ੍ਰਾਪਤ ਹੋਈ ਹੈ ਤਾਂ ਉੱਤਰ ਦੇ ਸਕੋਗੇ ?'

'ਇਹ ਪ੍ਰਸ਼ਨ ਉਚਿਤ ਨਹੀਂ, ਕਿਉਂਜੋ ਅਗਨੀ, ਘਾਹ ਤੇ ਲੱਕੜੀ ਦੇ ਕਾਰਨ ਹੀ ਪ੍ਰਜ੍ਵਲਤ ਸੀ, ਤਾਂ ਜੁ ਜਿਸ ਸਮੇਂ ਕਾਰਨ ਨਾ ਰਿਹਾ ਤਾਂ ਕਾਰਜ ਦਾ ਆਪੇ ਅਭਾਵ ਹੋ ਗਿਆ।'

'ਇਉਂ ਹੀ ਹੇ ਵੱਛ ! ਸੰਸਾਰ ਦੇ ਸਾਰੇ ਰੂਪ, ਨਾਮ, ਵੇਦਨਾ, ਸੰਸਕਾਰ, ਵਿਜਨਾਨ ਤੇ ਸਮਝਣਾ ਪ੍ਰਾਤੀਤਯ ਸਮੁਤਪਾਦ ਹਨ, ਜਿਨ੍ਹਾਂ ਦੁਆਰਾ ਕਿ ਤਥਾਗਤਿ ਦਾ ਵਰਣਨ ਸੰਭਵ ਹੈ ਅਤੇ ਤਥਾਗਤਿ ਇਨ੍ਹਾਂ ਦੇ ਅਭਾਵ ਦਾ ਹੀ ਨਾਮ ਹੈ....ਤਥਾਗਤਿ ਤ੍ਰੈ-ਗੁਣਤੀਤ, ਨਾਮ-ਰੂਪ, ਸਰੀਰ ਸੰਸਕਾਰ ਤੋਂ ਪਰੇ ਦੀ ਪਦਵੀ ਹੈ। ਇਹ ਅਥਾਹ, ਅਗਾਧ, ਅਗੋਚਰ ਪਦਵੀ ਅਪਾਰ ਸਾਗਰ ਦੀ ਨਿਆਈਂ ਹੈ।'[1]

---

1. ਮੱਝਿਮਨਿਕਾਯ, ੧.੪੮੬-੪੮੭.

'ਸਿੰਘ' ਉਹ ਪੁਰਸ਼ ਹੈ ਜੋ ਪਰਮ ਪਦਵੀ ਨੂੰ ਪ੍ਰਾਪਤ ਹੋ ਚੁੱਕਾ ਹੈ, ਜਿਸ ਨੇ ਆਪਣੀ ਹਉਮੈ ਦਾ ਸੰਪੂਰਨ ਵਿਨਾਸ਼ ਕੀਤਾ ਹੈ ਅਤੇ ਇਸ ਕਾਰਨ ਉਸ ਦਾ ਕੋਈ ਵਿਸ਼ੇਸ਼ ਨਾਮ ਰੂਪ ਨਹੀਂ ਰਿਹਾ ਅਤੇ ਇਸ ਲਈ ਜਿਤਨਾ ਕਾਲ ਉਹ ਦੇਸ਼-ਕਾਲ ਦੀ ਸੀਮਾ ਵਿਚ ਪ੍ਰਵਰਤ ਨਿਸ਼ਕਾਮ ਕਾਰਜ ਕਰ ਰਿਹਾ ਹੈ, ਉਸ ਨੂੰ ਆਮ ਸੰਗਿਆ 'ਸਿੱਖ' ਨਾਮ ਨਾਲ ਯਾਦ ਕਰਨਾ ਹੀ ਉਚਿਤ ਹੈ। ਜਿਸ ਵੇਲੇ 'ਸਿੱਖ' ਇਸ ਉਪਰੋਕਤ ਗਤੀ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਸ ਦਾ ਆਪਣਾ ਨਾਮ ਰੂਪ ਕੋਈ ਨਹੀਂ ਰਹਿ ਜਾਂਦਾ ਹੈ ਤੇ ਉਸ ਨੂੰ 'ਸਿੰਘ' ਸੰਗਿਆ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਹੋ ਵਿਆਖਿਆ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੱਈਆਂ ਵਿਚ 'ਸਿੰਘ' ਪਦ ਦੀ ਕੀਤੀ ਹੈ:

**ਜਾਗਤ ਜੋਤਿ ਜਪੈ ਨਿਸ ਬਾਸੁਰ,**
**ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ,**
**ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ,**
**ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ,**
**ਤਬ ਖਾਲਸ ਤਾਹਿ ਨਖਾਲਸ ਜਾਨੈ॥** *(ਦਸਮ ਗ੍ਰੰਥ, ਪੰਨਾ 712)*

ਮਹਾਨ ਸਿੱਖ ਵਿਦਵਾਨ ਡਾਕਟਰ ਮੋਹਨ ਸਿੰਘ ਜੀ ਦੱਸਦੇ ਹਨ ਕਿ:

"ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੁਸਤਕਾਲੇ ਵਿਚ ਇਕ ਪੰਜਾਬੀ ਹਸਤ-ਲਿਖਤ 'ਭਗਵਤ ਗੀਤਾ' ਹੈ, ਜਿਸ ਦੇ ਕਰਤਾ ਕਿ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਉਸ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ 'ਸਿੰਘ' ਨਾਮ ਆਤਮਾ ਬ੍ਰਹਮ ਗਿਆਨ ਦਾ ਹੈ ਤੇ ਇਸ ਦੀ ਪੁਸ਼ਟੀ ਵਿਚ ਉਪਨਿਸ਼ਦਾਂ ਦੇ ਹਵਾਲੇ ਦਿੱਤੇ ਹਨ।"

ਇਹੋ ਅਰਥ ਤੇ ਭਾਵਾਰਥ 'ਸਿੰਘ' ਸ਼ਬਦ ਦੇ ਹਨ, ਜਿਸ ਨਾਲ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਰਜੀਵੜੇ ਸਿੱਖਾਂ ਨੂੰ ਸੰਬੋਧਤ ਤੇ ਸਸ਼ੋਭਤ ਕੀਤਾ ਹੈ। ਸਰੀਰਕ ਬਹਾਦਰੀ ਦਾ ਸਾਕਤ ਮਤ ਤੇ 'ਸ਼ੇਰ' ਵਾਹਨ ਨਾਲ ਸਿੰਘ ਪਦ ਯਾ ਸਿੰਘਾਂ ਦਾ ਕੋਈ ਸੰਬੰਧ ਸਿੱਧਾ ਯਾ ਅਸਿੱਧਾ ਨਹੀਂ ਹੈ।

# ਨਵਾਂ ਤਖ਼ਤ

ਅੱਜ ਕੱਲ ਅਖ਼ਬਾਰਾਂ ਵਿਚ ਚਰਚਾ ਚੱਲੀ ਹੋਈ ਹੈ ਕਿ ਪੰਥ ਨੂੰ ਗੁਰੂ ਕੀ ਕਾਸ਼ੀ, ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਸਵੀਕਾਰ ਕਰ ਲੈਣਾ ਚਾਹੀਏ। ਜੇ ਮੇਰੀ ਸਮ੍ਰਤੀ ਠੀਕ ਹੈ ਤਾਂ ਤੀਹ-ਪੈਂਤੀ ਸਾਲ ਹੋਏ, ਇਹ ਮੰਗ ਪਹਿਲੋਂ-ਪਹਿਲ ਕੀਤੀ ਗਈ ਸੀ। ਜਿਥੋਂ ਤਕ, ਇਨ੍ਹਾਂ ਸਤਰਾਂ ਦਾ ਲਿਖਾਰੀ, ਸਮਝ ਸਕਿਆ ਹੈ, ਇਸ ਮੰਗ ਦੀ ਯੁਕਤੀ ਹੋਰ ਹੈ ਤੇ ਭਾਵਨਾ ਹੋਰ। ਯੁਕਤੀ ਤਾਂ ਇਹ ਹੈ ਕਿ 'ਪੰਜ' ਅੰਕ ਗੁਰਮਤਿ ਦਾ ਵਿਧਾਨ ਹੈ ਅਤੇ ਗੁਰ-ਮਰਯਾਦਾ ਵਿਚ ਪਰਵਾਨ ਹੈ, ਜਿਹਾ ਕਿ "ਪੰਚ ਪਰਵਾਣ ਪੰਚ ਪਰਧਾਨੁ" ਜਪੁ ਜੀ ਵਿਚ ਨਿਰਣਯ ਹੋਇਆ ਹੈ ਅਤੇ *ਗੁਰ ਪ੍ਰਤਾਪ ਸੂਰਯ* ਗ੍ਰੰਥ ਵਿਚ ਵਿਆਖਿਆ ਹੋਇਆ ਹੈ:

> ਗੁਰਘਰ ਕੀ ਮਰਯਾਦਾ ਪੰਚਹੁੰ, ਪੰਚਹੁੰ ਪਾਹੁਲ ਪੂਰਬ ਪੀਨ।
> ਹੁਇ ਤਨਖਾਹੀ ਬਖ਼ਸ਼ਹਿੰ ਪੰਚਹੁੰ, ਪਾਹੁਲ ਦੇ ਮਿਲ ਪੰਚ ਪ੍ਰਬੀਨ।
> ਲਖਹੁ ਪੰਚ ਕੀ ਬਡ ਬਡਿਆਈ, ਪੰਚ ਕਰਹਿੰ ਸੋ ਨਿਫਲ ਨ ਚੀਨ।

ਇਸ ਪਦ ਦੀ ਅੰਤਲੀ ਤੁਕ ਵਿਚ "ਪੰਚ ਕਰਹਿੰ" ਸ਼ਬਦ ਹੀ ਇਸ ਪੰਚ-ਸਿਧਾਂਤ ਦੀ ਕੁੰਜੀ ਹੈ, ਜੋ ਸੰਕੇਤ ਕਰਦਾ ਹੈ ਕਿ ਗੁਰ ਮਰਯਾਦਾ ਅਨੁਸਾਰ ਇਹ ਸਿਧਾਂਤ, 'ਪੰਚ' ਦਾ, ਕਾਰਯ-ਕਰਣ ਅਥਵਾ ਕਾਰਨ ਕਰਨ ਦੇ ਮੰਡਲ ਵਿਚ ਹੀ ਵਿਹਤ ਹੈ। ਇਹ ਸਿਧਾਂਤ ਜਨ ਮੰਡਲ ਦਾ ਹੈ, ਸਥਾਨ ਮੰਡਲ ਦਾ ਨਹੀਂ। ਇਹ 'ਪੰਚ' ਦਾ ਸਿਧਾਂਤ, ਜੋ ਗੁਰਮਤਿ ਵਿਚ ਸਵੀਕਾਰ ਤੇ ਪ੍ਰਮਾਣੀਕ ਹੈ, ਅਸਾਡੇ ਭਾਰਤ ਦੇਸ਼ ਅਤੇ ਆਰਯ ਜਾਤੀ ਦਾ ਬੜਾ ਪ੍ਰਾਚੀਨ ਤੇ ਗੌਰਵ-ਮਈ ਸਿਧਾਂਤ ਹੈ, ਜਿਸ ਦੀਆਂ ਜੜ੍ਹਾਂ ਕਿ ਵੇਦਾਂ ਵਿਚ ਵਿਦਤ ਹਨ। ਅਥਰਵ ਵੇਦ ਵਿਚ[1] 'ਪੰਚ' ਸ਼ਬਦ ਸਰਵਜਨ ਪ੍ਰੀਸ਼ਦ ਦੇ ਅਰਥਾਂ ਵਿਚ ਆਇਆ ਹੈ। ਇਹੋ ਖ਼ਿਆਲ ਦੀ ਲੜੀ ਤੇ ਸਿਧਾਂਤ ਹੈ, ਜਿਸ ਨੂੰ ਕਿ ਗੁਰੂਆਂ ਦੇ ਵਿਸ਼ਵ-ਕਲਿਆਣਕਾਰੀ ਉਪਦੇਸ਼ਾਂ ਨੇ ਪੂਰਨ ਜੀਵਤ ਕਰ ਕੇ ਉਸ ਉੱਤੇ ਗਣਤੰਤਰ ਸਮਵਾਦ ਸਮਾਜ ਦੀ ਨੀਂਹ ਰੱਖੀ ਹੈ। ਇਹ ਗੂੜ੍ਹ ਭਾਵ ਹੀ, "ਪੰਚ ਪਰਵਾਣ ਪੰਚ ਪਰਧਾਨੁ" ਦੇ ਮਹਾਂਵਾਕ ਦਾ ਪ੍ਰਮਾਣੀਕ ਭਾਵ ਸਮਝਣਾ ਚਾਹੀਏ, ਜਿਸ ਦਾ ਕਿ ਮੂਰਤੀਮਾਨ ਸਪੱਸ਼ਟ ਰੂਪ ਪੰਜ ਪਿਆਰਿਆਂ ਦੀ ਪਰਪਾਟੀ, ਖ਼ਾਲਸਾ ਪੰਥ ਵਿਚ ਹੈ, ਜਿਸ ਬਾਬਤ ਕਿ ਭਾਈ ਸੰਤੋਖ ਸਿੰਘ ਦੇ ਕਥਨਾਨੁਸਾਰ ਦਸਮ ਪਾਤਸ਼ਾਹ ਨੇ ਬਚਨ ਕੀਤੇ ਹਨ:

> ਪੰਚਨ ਮੇਂ ਨਿਤ ਬਰਤਤ ਹੋਂ ਮੈਂ,
> ਪੰਚ ਮਿਲੇਂ ਵਹਿ ਪੀਰਨ ਪੀਰ।[2]

---

1. तवा विशो वृणतां तवामिभाः प्रदिशाः पंच देवीः। *ਅਥਰਵ*, ੩ : ੪.੨।
2. *ਗੁਰ ਪ੍ਰਤਾਪ ਸੂਰਯ*, ੩ : ੧.੪. : ੪੧.੨।

ਇਹ 'ਪੰਚ', ਸਰਵਜਨ ਪ੍ਰੀਸ਼ਦ ਦੇ ਨੁਮਾਇੰਦੇ ਹੀ ਅਨੁਮਾਨਣੇ ਯੋਗ ਹਨ ਤੇ ਇਹ 'ਪੰਚ ਦਿਸ਼ਾ' ਪੂਰਬ, ਪੱਛਮ, ਉੱਤਰ ਤੇ ਦੱਖਣ ਚਾਰ ਦਿਸ਼ਾ ਅਤੇ ਪੰਜਵੀਂ ਦਿਸ਼ਾ ਸਰਬਾਸ਼ਰ ਵਾਹਿਗੁਰੂ ਅਕਾਲ ਪੁਰਖ ਉੱਤੇ ਆਧਾਰਤ ਧਰਮ-ਸ਼ਰਧਾ ਵਾਲੇ ਸਰਵਜਨ ਹੀ ਗੁਰਮਤਿ ਵਿਚ ਪ੍ਰਵਾਨ ਤੇ ਪ੍ਰਧਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ:

**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥**

*(ਵਾਰ ਰਾਇ ਬਲਵੰਡਿ, ਪੰਨਾ 968)*

ਇਸ ਦਾ ਗੋਹਜ ਭਾਵ ਇਹੋ ਹੈ ਕਿ ਸਰਬ ਮਾਨਵ ਜਾਤੀ ਸੰਸਾਰ ਇਤਿਹਾਸ, ਚਹੁੰ ਜੁਗਾਂ ਵਿਚ ਪਰਗਟ ਹੋਈ ਹੋਈ ਤੇ ਹੋਣ ਵਾਲੀ, ਉਸ ਸਮੇਂ ਪ੍ਰਵਾਨ ਤੇ ਪ੍ਰਧਾਨ ਹੈ ਜਦੋਂ ਉਹ ਅੰਤਰ-ਆਤਮੇ 'ਪੰਚਾਇਣ' ਸਰਵਾਂਗਾਧਾਰ ਪੰਚਮਾਂਗ, ਵਾਹਿਗੁਰੂ ਅਕਾਲ ਪੁਰਖ ਉੱਤੇ ਆਧਾਰਤ ਤੇ ਨਿਸਚਿਤ ਹੈ। ਇਹੋ ਭਾਵਾਰਥ ਉਪਰੋਕਤ ਵੇਦ ਵਾਕ 'ਪ੍ਰਦਿਸ਼ਾ ਪੰਚ ਦੇਵੀਹ" ਦਾ ਸਮਝਣਾ ਚਾਹੀਏ।

ਇਉਂ ਵਿਚਾਰਿਆਂ ਸਿੱਧ ਹੋਇਆ ਕਿ (1) 'ਪੰਚ ਪਰਵਾਣ ਪੰਚ ਪਰਧਾਨੁ' ਦਾ ਸਿਧਾਂਤ ਸਾਡੇ ਦੇਸ਼ ਅਤੇ ਸਾਡੀ ਜਾਤੀ ਦਾ ਬੜਾ ਪੁਰਾਣਾ ਅਤੇ ਸਨਾਤਨ ਸਿਧਾਂਤ ਹੈ; ਅਤੇ (2) ਇਹ ਸਿਧਾਂਤ ਜਨਸਮੁਦਾਯ ਉੱਤੇ ਅਤੇ ਕਾਰਯਕਰਨ, ਕਾਰਨ ਕਰਨ ਦੇ ਖੇਤਰ ਉੱਤੇ ਵੀ ਹਾਵੀ ਹੈ ਅਤੇ ਇਹੋ ਗੁਰ-ਮਰਯਾਦਾ ਹੈ।

ਇਸ ਸਿਧਾਂਤ ਨੂੰ ਵਿਅਕਤੀ-ਖੇਤਰ ਤੋਂ ਵਧਾ ਕੇ ਸਥਾਨ-ਖੇਤਰ ਉੱਤੇ ਹਾਵੀ ਕਰਨ ਦਾ ਪ੍ਰਯਤਨ ਕਰਨਾ ਇਕ ਭੁੱਲ ਹੈ ਜੋ ਕਿ ਅਗਿਆਨ ਆਸ਼ਿ੍ਤ ਹੈ।

ਪੰਜਵੇਂ ਤਖ਼ਤ ਨੂੰ ਨਿਰਮਤ ਅਤੇ ਸਵੀਕਾਰ ਕਰਨ ਕਰਾਣ ਦੀ ਮੰਗ ਦਾ ਸਿਧਾਂਤਕ ਆਧਾਰ ਇਹ ਭੁੱਲ ਹੀ ਹੈ।

ਇਸ ਮੰਗ ਦੀ ਭਾਵਨਾ (motive) ਕੀ ਹੈ ? ਸੱਚੀ ਗੱਲ ਤਾਂ ਇਹੋ ਹੈ ਕਿ ਇਸ ਮੰਗ ਪਿੱਛੇ ਜੋ ਭਾਵਨਾ ਉਤਸ਼ਾਹਕ ਹੈ, ਉਹ ਇਉਂ ਹੈ ਕਿ ਮਾਝੇ ਵਿਚ ਅਕਾਲ ਤਖ਼ਤ ਹੈ ਅਤੇ ਦੁਆਬੇ ਵਿਚ ਤਖ਼ਤ ਸ੍ਰੀ ਕੇਸਗੜ੍ਹ, ਜਿਨ੍ਹਾਂ ਤਖ਼ਤਾਂ ਉੱਤੇ ਕਿ ਪ੍ਰਭਾਵ ਇਨ੍ਹਾਂ ਇਲਾਕਿਆਂ ਦਾ ਹੀ ਪ੍ਰਬਲ ਹੈ ਅਤੇ ਇਹ ਮਾਲਵੇ ਨਾਲ ਅਨਿਆਂ ਹੈ। ਇਸ ਲਈ ਇਕ ਤਖ਼ਤ ਮਾਲਵੇ ਵਿਚ ਹੀ ਹੋਣਾ ਚਾਹੀਏ।

ਇਉਂ ਨਿਰੀਖਣ ਕੀਤਿਆਂ ਇਸ ਪੰਜਵੇਂ ਤਖ਼ਤ ਦੀ ਮੰਗ ਦੀ ਅਸਲ ਤੇ ਭਯੰਕਰ ਰੂਪ-ਰੇਖਾ ਉੱਘੜ ਆਉਂਦੀ ਹੈ, ਜਿਸ ਦੇ ਪੰਥ ਅਤੇ ਮਨੁੱਖ ਜਾਤੀ ਲਈ ਸਰਵੋਦਯ ਉੱਥਾਨ ਦਾ ਸੁਪਨਾ ਲੈ ਕੇ ਖ਼ਾਲਸਾ ਪੰਥ ਵਜੂਦ ਵਿਚ ਆਇਆ ਹੈ, ਹਾਨੀਕਾਰਕ ਪਰਿਣਾਮ ਦਰਸਾਉਣ ਲਈ ਕਿਸੇ ਉਕਤੀ-ਯੁਕਤੀ ਦੀ ਲੋੜ ਨਹੀਂ।

ਸਿੱਖ ਪੰਥ ਵਿਚ ਚਾਰ ਤਖ਼ਤ ਕਿਉਂ 'ਪਰਵਾਣ' ਹਨ ਅਤੇ 'ਤਖ਼ਤ' ਦਾ ਤਾਤਪਰਜ ਕੀ ਹੈ ?

'ਤਖ਼ਤ' ਦਾ ਅਰਥ ਹੈ, ਰਾਜ-ਸਿੰਘਾਸਨ, ਜਿਥੋਂ ਰਾਜ ਸ਼ਾਸਨ ਪ੍ਰਸਾਰ ਤੇ ਨਿਰਮਤ ਕੀਤਾ ਜਾਵੇ, ਤੇ ਇਨ੍ਹਾਂ ਅਰਥਾਂ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ:

**ਤਖਤਿ ਬਹੈ ਤਖਤੈ ਕੀ ਲਾਇਕ ॥** *(ਮਾਰੂ ਸੋਲਹੇ, ਪੰਨਾ 1039)*

ਪੰਥ ਦਾ ਪਹਿਲਾ ਤਖ਼ਤ, ਸ੍ਰੀ ਅਕਾਲ ਤਖ਼ਤ, ਗੁਰੂ ਹਰਿਗੋਬਿੰਦ ਸਾਹਿਬ ਨੇ ਓਦੋਂ ਬੱਧਾ ਜਦੋਂ ਗੁਰੂ ਨੇ ਮੀਰੀ ਅਥਵਾ ਰਾਜਸੀ ਸ਼ਕਤੀ ਦੀ ਤਲਵਾਰ ਗਾਤਰੇ ਵਿਚ ਪਾਈ ਅਤੇ ਇਉਂ, 'ਛਠਮ ਪੀਰ ਬੈਠਾ ਗੁਰ ਭਾਰੀ।' ਦਸਮੇ ਪਾਤਸ਼ਾਹ ਤੋਂ ਪਿੱਛੋਂ, ਜਦੋਂ ਗੁਰੂ

ਪੰਥ ਸ੍ਵੈਭੂ ਪ੍ਰਭੂ ਰਾਜ-ਸੱਤਾ (suigeneris sovereignty) ਦਾ ਵਾਰਸ ਬਣਿਆ ਤਾਂ ਇਸ ਰਾਜ-ਸੱਤਾ ਦੇ ਚਾਰ ਕੇਂਦਰ ਪ੍ਰਮਾਣੀਕ ਮਿੱਥੇ ਗਏ ਅਤੇ ਪ੍ਰਵਾਣ ਚਲੇ ਆਉਂਦੇ ਹਨ : ਅਕਾਲ ਤਖ਼ਤ ਅੰਮ੍ਰਿਤਸਰ, ਕੇਸਗੜ੍ਹ ਅਨੰਦਪੁਰ, ਤਖ਼ਤ ਜਨਮ-ਅਸਥਾਨ ਪਟਨਾ ਤੇ ਤਖ਼ਤ ਹਜ਼ੂਰ ਸਾਹਿਬ, ਨਾਦੇੜ। ਇਹ 'ਚਾਰ' ਅੰਕ ਚੌਹਾਂ ਭੂਗੋਲਕ ਦਿਸ਼ਾਂ ਦਾ ਲਖਾਇਕ ਹੈ ਅਤੇ 'ਪੰਚ' ਜਨ ਸ਼ਕਤੀਆਂ ਨਾਲ ਇਸ ਦਾ ਕੋਈ ਸਿੱਧਾ ਸੰਬੰਧ ਨਹੀਂ, ਜਿਸ ਦੀ ਸੂਚਕ ਕਿ ਪੰਜ ਪਿਆਰਿਆਂ ਦੀ ਪ੍ਰਣਾਲੀ, ਪੰਥ ਵਿਚ ਹੈ। ਕਿਉਂ ਜੋ ਪੰਥ ਦਾ ਮੁੱਢਲਾ ਨਿਸ਼ਾਨਾ ਭਾਰਤ ਦੇਸ਼ ਅਤੇ ਭਾਰਤੀ ਸਮਾਜ ਨੂੰ ਖ਼ਾਲਸਾ ਆਦਰਸ਼ ਦੁਆਰਾ ਪੁਨਰ ਜੀਵਤ ਕਰਨਾ ਸੀ, ਤਾਂ ਜੁ ਇਸ ਦੁਆਰਾ ਵਿਸ਼ਵ ਕਲਿਆਣ ਦੀ ਨੀਂਹ ਬੱਝ ਸਕੇ, ਇਸ ਕਾਰਣ ਇਹ ਚਾਰ ਤਖ਼ਤ ਪਰਵਾਣ ਹੋਏ, ਜਿਨ੍ਹਾਂ ਦੇ ਰਾਜਸੀ ਪ੍ਰਭਾਵ ਦਾ ਭੂਗੋਲਕ ਖੇਤਰ ਇਸ ਤਰ੍ਹਾਂ ਹੈ : ਅਕਾਲ ਤਖ਼ਤ ਦਾ ਖੇਤਰ ਪੰਜਾਬ, ਪੱਛਮੀ ਪਾਕਿਸਤਾਨ, ਹਿੰਦੂਕੁਸ਼ ਤੇ ਇਸ ਤੋਂ ਪਾਰ ਮੱਧਯ-ਏਸ਼ੀਆ ਤਕ, ਸਣੇ ਰਾਜਸਥਾਨ ਦੇ। ਕੇਸਗੜ੍ਹ ਤਖ਼ਤ ਦਾ ਪ੍ਰਭਾਵ ਖੇਤਰ, ਹਿਮਾਚਲ ਪ੍ਰਦੇਸ਼, ਟੀਹਰੀ, ਗੜ੍ਹਵਾਲ, ਨੇਪਾਲ, ਭੂਟਾਨ ਤੇ ਤਿਬਤ ਆਦਿ। ਤਖ਼ਤ ਪਟਨਾ ਦਾ ਖੇਤਰ, ਬੰਗਾਲ, ਆਸਾਮ, ਪੂਰਬੀ ਪਾਕਿਸਤਾਨ, ਮੱਧਯ-ਪ੍ਰਾਂਤ, ਮੱਧਯ-ਪ੍ਰਦੇਸ਼ ਅਤੇ ਵਿੰਦਿਯਾਚਲ ਦੇਸ਼। ਤਖ਼ਤ ਨਾਦੇੜ ਦਾ ਖੇਤਰ, ਦੱਖਣ ਦੇਸ਼ ਅਤੇ ਦੱਖਣ ਪੂਰਬੀ ਏਸ਼ੀਆ ਦੀਪ-ਦੀਪਾਂਤ੍ਰ।

ਇਹੋ ਵਿਚਾਰਧਾਰਾ ਹੈ ਜੋ ਕਿ ਚਹੁੰ ਤਖ਼ਤਾਂ ਦੀ ਪ੍ਰਮਾਣੀਕਤਾ ਦੇ ਪਿੱਛੇ ਕੰਮ ਕਰ ਰਹੀ ਹੈ। ਗੁਰੂ ਅਮਰਦਾਸ ਜੀ ਨੇ ਜਦੋਂ ਬਾਈ ਮੰਜੀਆਂ ਸਥਾਪਤ ਕੀਤੀਆਂ ਸਨ ਤਾਂ ਉਸ ਵੇਲੇ ਦੇ ਮੁਗ਼ਲ ਰਾਜ ਦੇ ਬਾਈ ਪ੍ਰਾਂਤ ਅਤੇ ਉਨ੍ਹਾਂ ਬਾਈ ਪ੍ਰਾਂਤਾਂ ਦੇ ਬਾਈ ਰਾਜਪਾਲਾਂ ਦੀ ਗਿਣਤੀ ਨੂੰ ਹੀ ਮੁੱਖ ਰੱਖਿਆ ਸੀ :

ਦਵੈਵਿੰਸ਼ਤ ਦਿੱਲੀ ਉਮਰਾਇਵ।
ਤਿਤੇ ਸਿੱਖ ਮੰਜੀ ਸੁ ਬਠਾਇਵ।

ਇਹੋ ਵਿਆਖਿਆ ਚੂੜਾਮਣਿ ਕਵੀ, ਭਾਈ ਸੰਤੋਖ ਸਿੰਘ ਨੇ ਕੀਤੀ ਹੈ। ਇਹ ਵੀ ਪ੍ਰਾਚੀਨ ਭਾਰਤੀ ਵਿਚਾਰਧਾਰਾ ਹੈ ਕਿ ਜਦੋਂ ਕਿਸੇ ਮਤ ਸੰਪ੍ਰਦਾਯ ਦਾ ਕਰਮ-ਕਸ਼ੇਤਰ ਸਾਰਾ ਭਾਰਤ ਦੇਸ਼ ਹੋਵੇ ਤਾਂ ਉਸ ਮਤ ਸੰਪਰਦਾਯ ਦੇ ਚਾਰ ਹੀ ਕੇਂਦਰ ਸਥਾਪਤ ਕੀਤੇ ਜਾਂਦੇ ਹਨ, ਜਿਹਾ ਕਿ ਵੈਸ਼ਨਵ ਮਤ ਵਾਲਿਆਂ ਦੀਆਂ ਚਾਰ ਪੁਰੀਆਂ ਹਨ : ਜਗਨਨਾਥ ਪੁਰੀ, ਦੁਆਰਕਾ ਪੁਰੀ ਆਦਿ, ਜਿਸ ਬਾਬਤ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕੇਤ ਹੈ :

**ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥**

*(ਪ੍ਰਭਾਤੀ ਕਬੀਰ, ਪੰਨਾ 1349)*

ਅਤੇ ਇਸ਼ਾਰਾ ਦੁਆਰਕਾ ਪੁਰੀ ਵੱਲ ਹੈ। ਇਵੇਂ ਹੀ :

**ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥**

*(ਪ੍ਰਭਾਤੀ ਕਬੀਰ, ਪੰਨਾ 1349)*

ਇਹ ਇਸ਼ਾਰਾ ਜਗਨਨਾਥ ਪੁਰੀ ਵੱਲ ਹੈ। ਇਸ ਤਰ੍ਹਾਂ ਸਨਾਤਨ ਬ੍ਰਾਹਮਣੀ ਮਤ ਦੇ ਚਾਰ ਧਾਮ ਹਨ : ਬਦਰੀਨਾਥ ਧਾਮ, ਰਾਮੇਸ਼ੁਰਮ ਧਾਮ, ਦ੍ਵਾਰਾਵਤੀ ਧਾਮ ਅਤੇ ਪਰਯਾਗ ਧਾਮ। ਚਾਰ ਰਾਜ ਤੀਰਥ ਹਿੰਦੂਆਂ ਦੇ ਪ੍ਰਸਿੱਧ ਤੇ ਪ੍ਰਮਾਣੀਕ ਹਨ : ਪਰਯਾਗ ਰਾਜ, ਕਟਾਸ ਰਾਜ, ਪੁਸ਼ਕਰ ਰਾਜ ਆਦਿ। ਜਦੋਂ ਸ਼ੰਕਰਾਚਾਰਯ ਨੇ ਬ੍ਰਹਮਸੂਤਰਾਂ ਦੀ ਵਿਆਖਿਆ ਦਵੈਤਵਾਦ ਦੇ ਰੂਪ ਵਿਚ ਕੀਤੀ ਅਤੇ ਇਸ ਦਵੈਤਵਾਦ ਨੂੰ ਹੀ ਭਾਰਤ ਦਾ ਸਰਵਧਰਮ

ਸੰਗਮ ਬਨਾਣਾ ਚਾਹਿਆ ਤਾਂ ਉਸ ਨੇ ਚਾਰ ਮੱਠਾਂ: ਸ਼੍ਰਿੰਗੇਰੀ ਮੱਠ, ਗਵਰਧਨ ਮੱਠ, ਦਵਾਰਕਾ ਮੱਠ ਅਤੇ ਬਦਰੀ ਮੱਠ ਦੀ ਸਥਾਪਨਾ ਕੀਤੀ। ਇਹ ਅਦਵੈਤਵਾਦ ਹੀ ਹੈ ਜਿਸ ਦਾ ਪ੍ਰਚਾਰ ਕਿ ਸਰਵ ਪ੍ਰਮਾਣੀਕ ਦਰਸ਼ਨ ਦ੍ਰਿਸ਼ਟੀ ਮੰਨ ਕੇ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਹੋਇਆ ਹੈ ਅਤੇ ਇਸੇ ਕਾਰਨ ਕੁਝ ਸਾਲ ਹੋਏ ਜਦੋਂ ਗਵਰਧਨ ਮੱਠ ਦਾ ਸੰਨਿਆਸੀ ਆਚਾਰਯ ਜਗਤ ਗੁਰੂ ਸ਼ੰਕਰਾਚਾਰਯ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਆਇਆ ਸੀ ਤਾਂ ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਅਸ਼ਟਾਂਗ ਪ੍ਰਣਾਮ ਕਰ ਕੇ ਸੰਸਕ੍ਰਿਤ ਵਿਚ ਅਰਦਾਸ ਕੀਤੀ ਸੀ ਕਿ "ਹੇ ਸਰਬਾਸ਼ਰ ਸ਼ਕਤੀ, ਮਹਾਨ ਸਿੱਖ ਗੁਰੂਆਂ ਦੇ ਉਪਦੇਸ਼ਾਂ ਦੁਆਰਾ ਪ੍ਰਚਾਰਿਆ ਹੋਇਆ ਅਦਵੈਤ ਧਰਮ ਸਰਵ ਵਿਸ਼ਵ ਲਈ ਕਲਿਆਣਕਾਰੀ ਹੋਵੇ।" ਇਨ੍ਹਾਂ ਸਤਰਾਂ ਦਾ ਲੇਖਕ ਇਸ ਸਮੇਂ ਆਪ ਮੌਜੂਦ ਸੀ। ਇਹੋ ਅਦਵੈਤਵਾਦ ਹੈ ਜਿਸ ਤੋਂ ਚਿੜ ਕੇ ਵੈਸ਼ਨਵ ਪਦਮ ਪੁਰਾਣ ਵਿਚ ਕਿਹਾ ਹੈ ਕਿ "ਅਦਵੈਤਵਾਦੰ ਅਸੱਛਾਸਤ੍ਰੰ ਪ੍ਰਛੱਨ ਬੌਧਮ," ਭਾਵ ਇਹ ਕਿ ਅਦਵੈਤਵਾਦ ਹਿੰਦੂ ਮਤ ਦੇ ਅਨੁਕੂਲ ਨਹੀਂ, ਇਹ ਤਾਂ ਬੁੱਧ ਮਤ ਦਾ ਲੁਕਵਾਂ ਰੂਪ ਹੈ।

ਇਨ੍ਹਾਂ ਵਿਚਾਰਾਂ ਦਾ ਸਿੱਟਾ ਇਹ ਨਹੀਂ ਨਿਕਲਦਾ ਕਿ ਚਾਰ ਤਖ਼ਤ ਹੀ ਜੁਗੋ ਜੁਗ ਪਰਵਾਣ ਹਨ। ਪੰਜਵਾਂ ਤਖ਼ਤ ਤੇ ਹੋਰ ਵਧੇਰੇ ਤਖ਼ਤ ਵੀ ਨਿਰਮਤ ਤੇ ਪਰਵਾਣ ਕੀਤੇ ਜਾ ਸਕਦੇ ਹਨ, ਪਰ ਉਸ ਸਮੇਂ ਜਦੋਂ ਕਿ ਸਿੱਖ ਪੰਥ ਤੇ ਖ਼ਾਲਸਾ ਰਾਜ ਦੀ ਸੀਮਾ ਵਿਸ਼ਾਲ ਭਾਰਤ ਦੀਆਂ ਭੂਗੋਲਕ ਹੱਦਾਂ ਤੋਂ ਅਗਾਂਹ ਟੱਪ ਕੇ ਵਿਦੇਸ਼ਾਂ ਵਿਚ ਫੈਲ ਜਾਵੇ, ਜੋ ਸਿੱਖ ਮਤ ਤੇ ਖ਼ਾਲਸਾ ਪੰਥ ਦਾ ਉਦੇਸ਼ ਹੈ। ਉਸ ਵੇਲੇ ਪੀਕਨ, ਨਿਊਯਾਰਕ, ਬਰਲਿਨ, ਮਾਸਕੋ ਆਦਿ ਨਗਰਾਂ ਦੇਸਾਂ ਵਿਚ ਨਵੇਂ ਤਖ਼ਤ ਬਣਨ ਤੇ ਪਰਵਾਨ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਸਿੱਖ ਪਹਿਲੋਂ ਨਹੀਂ। ਸਿੱਖ ਮਤ ਦੀ ਅਜੋਕੀ ਗਤੀ, ਖ਼ਾਲਸਾ ਪੰਥ ਦੀ ਅੱਜ ਦੀ ਅਧੋਗਤੀ ਤੇ ਹੁਣ ਦੇ ਅੰਤਰਰਾਸ਼ਟ੍ਰੀ ਵਾਤਾਵਰਣ ਵਿਚ ਨਵੇਂ ਤੇ ਪੰਜਵੇਂ ਤਖ਼ਤ ਦੀ ਮੰਗ ਕਰਨਾ, ਹਾਸੋਹੀਣੀ ਗੱਲ ਹੀ ਨਹੀਂ, ਸਗੋਂ ਹਾਨੀਕਾਰਕ ਭੀ ਹੈ।

# ਕਿੱਸਾ ਰੂਪ ਕੌਰ ਦਾ

*ਗੁਰਮਤਿ ਪ੍ਰਕਾਸ਼* ਦੇ ਫ਼ਰਵਰੀ 1959 ਅੰਕ ਵਿਚ ਸ: ਰਾਮ ਪ੍ਰਕਾਸ਼ ਸਿੰਘ ਐਮ.ਏ. ਐਲ-ਐਲ.ਬੀ., ਪ੍ਰੋਫ਼ੈਸਰ ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ ਇਕ ਲੇਖ 'ਚਾਨਣ ਮੁਨਾਰਾ' ਦੇ ਸਿਰਨਾਵੇਂ ਹੇਠ ਛਪਿਆ ਹੈ, ਜਿਸ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ 'ਮਹਾਂਪੁਰਖ, ਚਾਨਣ ਮੁਨਾਰੇ ਦੀ ਨਿਆਈਂ' ਸਿੱਧ ਕਰਨ ਹਿੱਤ ਲਿਖਿਆ ਹੈ :

> "ਭਰ ਜੁਆਨੀ ਵਿਚ ਇਕ ਸੁਨੱਖੀ ਤੇ ਮਾਲਦਾਰ ਮੁਟਿਆਰ ਆਪ 'ਤੇ ਆਸ਼ਕ ਹੋ ਜਾਂਦੀ ਹੈ। ਆਪ ਜੀ ਨੂੰ ਘਰ ਬੁਲਾ ਕੇ ਆਪਣੀ ਜੁਆਨੀ, ਆਪਣੇ ਹੁਸਨ ਤੇ ਆਪਣੇ ਮਾਲ ਦਾ ਜਾਦੂ ਪਾਉਣ ਦਾ ਪੂਰਾ ਯਤਨ ਕਰਦੀ ਹੈ। ਪਰ ਜਦੋਂ ਆਸ ਪੂਰੀ ਨਹੀਂ ਹੁੰਦੀ ਤਾਂ ਇਕ ਹੋਰ ਬੜਾ ਖ਼ਤਰਨਾਕ ਤੀਰ ਛੱਡਦੀ ਹੈ। ਆਪ ਜੀ ਨੂੰ ਸੰਬੋਧਨ ਕਰ ਕੇ ਆਖਦੀ ਹੈ—'ਤੁਸੀਂ ਮੇਰੀ ਜੁਆਨੀ ਤੇ ਮੇਰੇ ਹੁਸਨ ਦਾ ਅਪਮਾਨ ਕਰ ਰਹੇ ਹੋ। ਇਕ ਮੁਟਿਆਰ ਹੋਰ ਸਭ ਕੁਝ ਜਰ ਸਕਦੀ ਹੈ, ਪਰ ਹੁਸਨ ਤੇ ਜੁਆਨੀ ਦਾ ਅਪਮਾਨ ਉਸ ਤੋਂ ਜਰਿਆ ਨਹੀਂ ਜਾਂਦਾ। ਤੁਸੀਂ ਜਾਣਦੇ ਹੋਵੋਗੇ ਕਿ ਇਸੇ ਹੀ ਅਪਮਾਨ ਦਾ ਬਦਲਾ ਲੈਣ ਲਈ ਲੂਣਾ ਨੇ ਪੂਰਨ ਭਗਤ ਦਾ ਕੀ ਹਾਲ ਕੀਤਾ ਸੀ। ਲੂਣਾ ਦੀ ਰੂਹ ਇਸ ਵੇਲੇ ਮੇਰੇ ਵਿਚ ਪ੍ਰਵੇਸ਼ ਕਰ ਚੁੱਕੀ ਹੈ।.....ਮੈਂ ਹੁਣੇ ਹੀ ਰੌਲਾ ਪਾਉਣ ਲੱਗੀ ਹਾਂ। ਮੈਂ ਚੀਕਾਂ ਮਾਰਾਂਗੀ ਤੇ ਕਹਾਂਗੀ ਕਿ ਇਸ.....ਗੁਰੂ ਨੇ ਮੈਨੂੰ ਇਕੱਲਾ ਵੇਖ ਕੇ ਮੇਰੀ ਇੱਜ਼ਤ 'ਤੇ ਹੱਥ ਪਾਉਣ ਦਾ ਯਤਨ ਕੀਤਾ ਹੈ।.....ਜੇ ਭਲੀ ਚਾਹੁੰਦੇ ਹੋ ਤਾਂ ਸਮਝੋ ਤੇ ਹੱਠ ਨਾ ਕਰੋ।.....ਆਪਣੀ ਇੱਜ਼ਤ ਬਚਾਉ ਤੇ ਮੈਨੂੰ ਤਪਦੀ ਨੂੰ ਠਾਰੋ।' .....ਪਰ ਸਤਿਗੁਰੂ ਘਬਰਾਏ ਨਹੀਂ.....। ਬੋਲੇ, 'ਸਾਧੋ.....ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ, ਪੰਨਾ 219।'.....ਹੁਣ ਮੈਂ ਜਾਂਦਾ ਹਾਂ। ਇਸ ਤਰ੍ਹਾਂ ਦਸਮ ਪਿਤਾ ਉਸ ਦੇ ਜਾਲ 'ਚੋਂ ਅਡੋਲ ਹੀ ਨਿਕਲ ਗਏ।" *(ਪੰਨਾ 26-27)*

ਲੇਖਕ ਡਬਲ ਗ੍ਰੈਜੂਏਟ ਸਿੱਖ ਵਿਦਵਾਨ ਹੈ। ਕਾਨੂੰਨ ਤੇ ਨਿਆਇ ਦਾ ਸਨਾਤਕ ਹੈ ਤੇ ਇਉਂ ਉਕਤੀ-ਯੁਕਤੀ, ਪ੍ਰਤੱਖ, ਪ੍ਰਮਾਣ, ਉਪਮਾ, ਸ਼ਬਦ ਆਦਿ ਦੇ ਭੇਦ ਸਮਝਦਾ ਹੈ। ਖ਼ਾਲਸਾ ਕਾਲਜ ਦਾ ਪ੍ਰੋਫ਼ੈਸਰ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਤੇ ਚਰਿਤ੍ਰ ਲਕਸ਼ ਤੋਂ ਅਣਜਾਣ ਨਹੀਂ ਕਿਹਾ ਜਾ ਸਕਦਾ ਅਤੇ ਇਸ ਵਿਸ਼ੇ ਉੱਤੇ ਜੋ ਸੰਬੰਧਤ ਸਾਹਿਤ ਮੌਜੂਦ ਹੈ, ਉਸ ਤੋਂ ਵੀ ਲੇਖਕ ਅਗਯਾਤ ਨਹੀਂ ਮੰਨਿਆ ਜਾ ਸਕਦਾ। ਫੇਰ, ਇਹ ਲੇਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿੱਜ ਪ੍ਰਮਾਣੀਕ ਰਸਾਲੇ ਵਿਚ ਛਪਿਆ ਹੈ, ਜਿਸ ਦੀਆਂ ਲਿਖਤਾਂ ਨੂੰ ਕਿ ਸਿੱਖ ਤੇ ਅਨਮਤ ਦੇ ਪੈਰੋਕਾਰ ਸਨਦ ਦੇ ਤੌਰ 'ਤੇ ਅਪਣਾਅ ਸਕਦੇ ਹਨ। ਕੀ ਸਮਝ ਕੇ ਵਿਦਵਾਨ ਲੇਖਕ ਨੇ ਇਸ ਕਹਾਣੀ ਨੂੰ, ਜਿਹੜੀ ਕਿ ਲੋਕਵਾਰਤਾ (folklore) ਤੇ ਲੋਕ-ਸਾਹਿਤ (folk literature) ਤੋਂ ਉਚੇਰਾ ਕੋਈ ਵਾਸਤਵਿਕ ਦਰਜਾ ਨਹੀਂ ਰੱਖਦੀ, ਇਕ ਇਤਿਹਾਸਕ ਘਟਨਾ ਸਵੀਕਾਰ ਕਰ ਲਿਆ ਹੈ ?

ਬਸੋਖਤ ਅਕਲ ਜ਼ ਹੈਰਤ ਕਿਹ ਈਨ ਚਿਹ ਬੁਲਅਜਬੀਸਤ!

ਇਹ ਰੂਪ ਕੌਰ 'ਸੁਨੱਖੀ ਤੇ ਮਾਲਦਾਰ ਮੁਟਿਆਰ' ਦੀ ਲੋਕਵਾਰਤਾ ਦਸਮ ਗ੍ਰੰਥ ਸੰਹਿਤਾ ਦੇ ਉਸ ਅਧਿਆਇ ਵਿਚ ਦਰਜ ਹੈ, ਜਿਸ ਨੂੰ ਕਿ 'ਤ੍ਰਿਯਾਚਰਿਤ੍ਰ' ਆਖਿਆ ਜਾਂਦਾ ਹੈ। 'ਅਥ ਪਖਯਾਨ ਚਰਿਤ੍ਰ ਲਿਖਯਤੇ' ਤੋਂ ਇਹ ਅਧਿਆਇ ਆਰੰਭ ਹੁੰਦਾ ਹੈ। 'ਉਪਾਖਯਾਨ' ਸੰਸਕ੍ਰਿਤ ਸ਼ਬਦ ਦੇ ਅਰਥ ਕੋਸ਼ਾਂ ਵਿਚ 'ਵਾਰਤਾ' 'ਵਤ੍ਰ' ਦਿੱਤੇ ਹਨ, ਜਿਸ ਦੇ ਮਾਇਨੇ ਹਨ ਲੌਕਿਕ ਕਹਾਣੀ (Secular Story), ਇਤਿਹਾਸ, ਵਾਸਤਵਿਕ, ਸੱਚੀ-ਮੁੱਚੀ ਵਾਪਰੀ ਹੋਈ ਘਟਨਾ ਸਾਹਿਤ, ਹਿਤਕਰ ਵਿਚਾਰਾਂ ਕਰਕੇ ਮਨੋਕਲਪਤ ਕੀਤੀ ਤੇ ਕਥੀ ਹੋਈ ਵਾਰਤਾ (Fiction)। ਆਦੀ ਸਮਿਆਂ ਤੋਂ ਅਸਾਡੇ ਦੇਸ਼ ਦੀ ਪਰੰਪਰਾ ਵਿਚ ਕਥਾ-ਕਥਨੀ ਨੂੰ ਦੋਂਹ ਭਾਗਾਂ ਵਿਚ ਵੰਡਿਆ ਹੋਇਆ ਹੈ: ਪ੍ਰਭੂ ਸੰਹਿਤਾ ਤੇ ਸੁਹਿਰਦ ਸੰਹਿਤਾ। ਵੇਦ ਪ੍ਰਭੂ ਸੰਹਿਤਾ ਹਨ ਤੇ ਪੌਰਾਣ ਪੂਰਵਵਤ੍ਰ, ਬੀਤ ਚੁੱਕੀਆਂ ਕਥਾ-ਕਹਾਣੀਆਂ, ਸੁਹਿਰਦ ਸੰਹਿਤਾ ਹਨ। ਵੇਦ ਉਹ ਹਨ, ਜਿਨ੍ਹਾਂ ਦਾ ਵਿਸ਼ਾ-ਵਸਤੂ ਤ੍ਰਿੰਨ ਕਾਲ ਸਤਯ ਹੈ ਤੇ ਇਸ ਲਈ ਵੇਦ ਵਿਚਾਰ ਪ੍ਰਭੂ ਆਗਿਆ ਦਾ ਦਰਜਾ ਰੱਖਦੇ ਹਨ। ਸੁਹਿਰਦ ਸੰਹਿਤਾ ਦਾ ਵਿਸ਼ਾ-ਵਸਤੂ ਵਾਸਤਵਿਕ ਸਤਯ ਨਹੀਂ ਹੈ, ਇਸ ਲਈ ਉਹ ਮਿੱਤਰ, ਦੋਸਤ ਦੇ ਨੇਕ ਸਲਾਹ-ਮਸ਼ਵਰੇ ਦੇ ਤੁੱਲ ਹੈ, ਜਿਸ ਨੂੰ ਸੁਣਨ ਵਿਚਾਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ। ਅਸਾਡੇ ਪੁਰਾਤਨ ਗ੍ਰੰਥਾਂ ਵਿਚ 'ਚਤ੍ਰਸੂਹ ਵਿਦਿਆ' (four branches of knowledge) ਦਾ ਵਰਣਨ ਹੈ:

1. ਆਨਵਿਕਸ਼ਕੀ (Logic, Metaphysics etc.);
2. ਤ੍ਰੈਯ (Three Vedas);
3. ਵਾਰਤਾ (Secular Arts and Fiction); ਅਤੇ
4. ਦੰਡਨੀਤੀ (Politics, Statecraft etc.) ਤੇ ਉਪਾਖਯਾਨ, ਵਾਰਤਾ ਹੈ।

ਇਉਂ ਦਸਮ ਗ੍ਰੰਥ ਵਿਚ, 'ਤ੍ਰਿਯਾਚਰਿਤ੍ਰ' ਦੇ ਆਰੰਭ ਵਿਚ ਹੀ ਇਸ ਸਾਰੇ ਅਧਿਆਇ ਨੂੰ, ਜਿਸ ਵਿਚ ਕਿ ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਵਾਲੀ 'ਰੂਪਕੋਅਰ' ਦੀ ਵਾਰਤਾ ਦਰਜ ਹੈ, ਗੁਰੂ ਸਾਹਿਬ ਨੇ ਆਪ ਹੀ 'ਪਖਯਾਨ-ਚਰਿਤ੍ਰਲਿਖਯਤੇ' ਕਹਿ ਕੇ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਰੂਪ ਕੌਰ ਦੀ ਕਥਾ ਇਕ ਮਨੋਕਲਪਤ ਕਹਾਣੀ ਕਿੱਸਾ ਹੈ, ਸੁਹਿਰਦ ਸੰਹਿਤਾ ਹੈ, ਜੋ ਕਿ ਮਨੋਵਿਲਾਸ ਲਈ ਤੇ ਹਿਤੋਪਦੇਸ਼, ਨਸੀਹਤ ਦੇਣ ਲਈ ਕਹੀ ਤੇ ਕਥਨੀ ਗਈ ਹੈ। ਇਉਂ ਦਸਮ ਗ੍ਰੰਥ ਵਿਚ ਪਾਤਸ਼ਾਹ ਨੇ 'ਤ੍ਰਿਯਾਚਰਿਤ੍ਰ' ਦੇ ਅੰਤ ਵਿਚ ਸਮਾਪਤ ਭਾਗ (Epilogue) ਰਾਹੀਂ ਆਪ ਕਿਹਾ ਹੈ:

**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥**
**ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥੪੦੪॥**

'ਪਖਯਾਨ ਚਰਿਤ੍ਰ' ਅਥਵਾ 'ਤ੍ਰਿਯਾਚਰਿਤ੍ਰ' ਨਾਮੀ ਅਧਿਆਇ ਵਿਚ ਪਹਿਲਾ ਚਰਿਤ੍ਰ ਯਾ ਵਾਰਤਾ ਇਸਤਰੀ ਦੇ ਵਿਰਾਟ ਰੂਪ (metaphysical reality) ਦੀ ਹੈ ਤੇ ਇਸ ਦੇ ਆਰੰਭ ਵਿਚ ਹੀ ਇਸਤਰੀ ਤੇ ਅਕਾਲ ਪੁਰਖ ਨੂੰ ਅਭੇਦ ਕਰ ਕੇ ਦਰਸਾਇਆ ਹੈ:

**ਤੁਹੀ ਖੜਗਧਾਰਾ ਤੁਹੀ ਬਾਢਵਾਰੀ ॥**
**ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥.....**

**ਤੁਹੀ ਬਿਸ਼ਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ॥**
**ਤੁਹੀ ਬਿਸ੍ਵਮਾਤਾ..... ॥**
**ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ॥**
**ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸਟਿ ਮਾਂਹੀ॥ (੧-੩)**

ਸਭ ਤੋਂ ਪਹਿਲਾ ਚਰਿਤ੍ਰ ਗੁਰੂ ਨੇ ਉਸ ਤ੍ਰਿਯਾ ਦਾ ਵਰਣਨ ਕੀਤਾ ਹੈ ਜੋ ਅਕਾਲ ਪੁਰਖ ਸਰਬਾਧਾਰ ਪਾਰਬ੍ਰਹਮ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਫੇਰ:

**ਤੁਹੀ ਜੋਗ ਮਾਯਾ ਤੁਹੀ ਬਾਕ ਬਾਨੀ। (੨)**

ਸਰਵ-ਵਿਸ਼ਵ ਤੇ ਜੀਵ ਵਿਚ ਚੇਤਨਸੱਤਾ ਰੂਪ ਭੀ ਹੈ, ਜਿਸ ਸੱਤਾ ਦੀ ਪ੍ਰਤਿਭਾ ਦੇ ਆਸਰੇ ਕਵੀ, ਲਿਖਾਰੀ ਤੇ ਬੁੱਧੀਵਾਨ ਸਾਹਿਤਕ ਰਚਨਾ ਕਰਦੇ ਹਨ:

**ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥**
**ਕਾਰਨ ਈਸ, ਕਲਾ, ਕਮਲਾ ਹਰਿ, ਅਦ੍ਰਸੁਤਾ, ਜਹ ਦੇਖੋ ਉਹੀ ਹੈ॥**
**ਤਾਮਸਤਾ, ਮਮਤਾ ਨਮਤਾ, ਕਵਿਤਾ ਕਵਿ ਕੇ ਮਨ ਮੱਧਿ ਗੁਹੀ ਹੈ॥੪॥**

*(ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ 74)*

ਇਹੋ ਅਨਾਦੀ ਤਿੰਨ ਕਾਲ ਸੱਤਯ ਸ਼ਕਤੀ ਇਸਤਰੀ ਦਾ ਦਿੱਬ ਤੇ ਸਨਾਤਨ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਵਰਣਨ ਕੀਤਾ ਹੈ ਅਤੇ ਇਸੇ ਸ਼ਕਤੀ ਦਾ ਕਿਰਦਾਰ ਤ੍ਰਿਯਾਚਰਿਤ੍ਰ ਉਪਾਖਯਾਨ ਦੇ ਪਹਿਲੇ ਚਰਿਤ੍ਰ ਦਸਮ ਗ੍ਰੰਥ ਵਿਚ ਵਰਣਨ ਹੋਇਆ ਹੈ, ਜਿਸ ਵਿਚ ਕਿ "ਦੈਤ ਸੰਘਾਰਨ ਚੰਡ" ਦੀ ਵਾਰਤਾ ਕਹੀ ਹੈ, ਮਨੁੱਖ ਦੇ ਅੰਤਰ-ਆਤਮੇ ਪ੍ਰੋਖ ਇਸਥਿਤ ਉਹ ਈਸ਼ਵਰੀ-ਸ਼ਕਤੀ ਹੈ ਜਿਸ ਦੁਆਰਾ ਜੀਵ ਬਦੀ ਤੇ ਅਧਰਮ ਉੱਤੇ ਫ਼ਤਹ ਪਾਉਂਦਾ ਹੈ:

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** *(ਪੰਨਾ 441)*

ਗੁਰਵਾਕ ਦਾ ਆਸ਼ਾ ਭੀ ਇਹੋ ਹੈ।

ਇਉਂ ਆਰੰਭ ਦਸਮ ਗ੍ਰੰਥ ਦੀ ਉਸ ਰਚਨਾ ਦਾ ਹੁੰਦਾ ਹੈ ਜੋ ਕਿ ਸਾਰੇ ਗ੍ਰੰਥ ਦਾ ਲਗਭਗ ਅਰਧਭਾਗ ਹੈ ਤੇ ਕਥਾ ਇਉਂ ਤੁਰਦੀ ਹੈ:

**ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌ ਤ੍ਰਿਯਾ ਪ੍ਰਸੰਗ॥**
**ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤਰੰਗ॥੪੬॥**

ਇਥੇ ਭੀ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਕਥਾ-ਕਹਾਣੀਆਂ ਗੁਰੂ ਸਾਹਿਬ ਅੱਗੇ ਲਿਖਣ ਲੱਗੇ ਹਨ, ਉਹ ਵਾਸਤਵਿਕ ਇਤਿਹਾਸ ਨਹੀਂ, ਮਨ ਰੂਪੀ ਨਦੀ ਵਿਚ ਉਪਜੇ ਹੋਏ ਬਾਕ-ਤਰੰਗ ਹਨ। ਹੁਣ ਤ੍ਰਿਯਾਚਰਿਤ੍ਰ ਆਰੰਭ ਕਰਦੇ ਹਨ:

**ਚਿੱਤ੍ਰਵਤੀ ਨਗਰੀ ਬਿਖੈ ਚਿੱਤ੍ਰ ਸਿੰਘ ਨ੍ਰਿਪ ਏਕ॥.....**
**ਤਾ ਕੋ ਰੂਪ ਅਨੂਪ ਅਤਿ ਜੋ ਬਿਧਿ ਧਰਯੋ ਸੁਧਾਰਿ॥.....**
**ਏਕ ਅਪਸਰਾ ਇੰਦ੍ਰ ਕੇ ਜਾਤ ਸਿੰਗਾਰ ਬਨਾਇ॥**
**ਨਿਰਖ ਰਾਇ ਅਟਕਤਿ ਭਈ..... ॥**
**ਬਰੀ ਰਾਇ ਸੁਖ ਪਾਇ ਮਨ ਦੁੰਦਭਿ ਢੋਲ ਬਜਾਇ॥੫॥.....**
**ਬਹੁਤ ਬਰਸਿ ਸੰਗ ਅਪਸਰਾ ਭੂਪਤਿ ਮਾਨੇ ਭੋਗ॥**
**ਬਹੁਰਿ ਅਪਸਰਾ ਇੰਦ੍ਰ ਕੈ ਜਾਤ ਭਈ ਉਡਿ ਲੋਗ॥੭॥**

ਚਿੱਤ੍ਰਵਤੀ ਨਗਰ ਵਿਚ ਚਿੱਤਰ ਸਿੰਘ ਨਾਮੀ ਇਕ ਅਨੂਪਮ ਸੁੰਦਰ ਰਾਜਾ ਸੀ,

ਜਿਸ ਉੱਤੇ ਇਕ ਅਪਸਰਾ ਮੋਹਿਤ ਹੋ ਗਈ ਤੇ ਕਈ ਵਰ੍ਹੇ ਉਸ ਦੀ ਵਹੁਟੀ ਬਣ ਕੇ ਰਾਜੇ ਨਾਲ ਰਹੀ। ਇਕ ਪੁੱਤਰ ਭੀ ਜਨਮਿਆ ਇਸ ਸੰਜੋਗ ਵਿੱਚੋਂ; ਪਰ ਫੇਰ ਅਪਸਰਾ ਆਪਣੇ ਮਨੁਸ਼ ਪ੍ਰੇਮੀ ਨੂੰ ਛੱਡ ਕੇ, ਆਪਣੇ ਅਸਲੀ ਘਰ ਇੰਦਰ ਲੋਕ ਨੂੰ ਚਲੀ ਗਈ।

ਇਹ ਕਹਾਣੀ ਸੰਸਾਰ ਭਰ ਦੇ ਗ੍ਰੰਥਿ ਸਾਹਿਤ ਦੀ ਪਹਿਲੀ ਕਹਾਣੀ ਹੈ ਤੇ *ਰਿਗਵੇਦ* (1095) ਵਿਚ ਉਰਵਸ਼ੀ ਤੇ ਪੁਰੂਰਵਾ ਦੇ ਨਾਮਾਂ ਨਾਲ ਅੰਕਿਤ ਕੀਤੀ ਹੋਈ ਹੈ। *ਰਿਗਵੇਦ* ਦੇ ਦਸਵੇਂ ਮੰਡਲ ਵਿਚ ਅੰਕਿਤ ਵਾਕਯੋਵਾਕ ਦੇ ਅਨੁਸਾਰ ਜਦੋਂ ਪੁਰੂਰਵਾ, ਉਰਵਸ਼ੀ ਦੀ ਜੁਦਾਈ ਵਿਚ ਅਤੀ ਬਿਹਬਲ ਹੋ ਜਾਂਦਾ ਹੈ ਅਤੇ ਆਤਮਘਾਤ ਦਾ ਨਿਸਚਾ ਕਰਦਾ ਹੈ ਤਾਂ ਉਰਵਸ਼ੀ ਸੁਰਲੋਕ ਤੋਂ ਮ੍ਰਿਤੂ-ਲੋਕ ਵਿਚ ਉਤਰਦੀ ਹੈ ਤੇ ਪੁਰੂਰਵਾ ਨੂੰ ਕਹਿੰਦੀ ਹੈ:

> "ਪੁਰੂਰਵਾ, ਮਰਨ ਨਿਸਚਾ ਤਿਆਗ ਦਿਉ, ਆਤਮਘਾਤ ਨ ਕਰੋ, ਨਿਰਦਯੀ ਬਨ ਜੀਵਾਂ ਦੀ ਭੇਟਾ ਆਪਨਾ ਸਰੀਰ ਮਤ ਕਰੋ। ਤ੍ਰਿਯ ਦੀ ਮਿਤ੍ਰਤਾ ਤਿੰਨ ਕਾਲ ਅਸਥਿਰ ਹੈ, ਕਿਉਂ ਜੁ ਉਨ੍ਹਾਂ ਦਾ ਹਿਰਦਾ ਬਿੱਜੂ, ਮੁਰਦਾਖੋਰ ਦਾ ਹੈ।" *(ਰਿਚ, ੧੫)*

ਇਸਤਰੀ ਦੇ ਮਨ ਤੇ ਚਰਿਤ੍ਰ ਦਾ ਇਹ ਵਿਸ਼ਲੇਸ਼ਣ ਤੇ ਜਾਇਜ਼ਾ *ਰਿਗਵੇਦ* ਵਿਚ ਅੰਕਤ ਹੈ ਅਤੇ ਇਸਤਰੀ ਦੀ ਆਤਮਕ ਕੂਤ ਤੇ ਸਮਾਜਕ ਸਥਾਨ, ਨੀਵਾਂ ਤੇ ਘਟੀਆ ਦਰਜੇ ਦਾ, ਜੋ ਕਿ ਹਿੰਦੂ ਸ਼ਾਸਤਰਾਂ, ਗ੍ਰੰਥਾਂ ਵਿਚ ਪ੍ਰਮਾਣੀਕ ਮੰਨਿਆ ਗਿਆ ਹੈ ਅਤੇ ਜੋ ਪਿਛਲੀਆਂ ਸਹੱਸ੍ਰਾਬਦੀਆਂ ਵਿਚ ਵਰਤੋਂ ਵਿਚ ਲਿਆਂਦਾ ਗਿਆ ਹੈ, ਉਸ ਸਾਰੀ ਵਿਚਾਰਧਾਰਾ ਤੇ ਸਥਿਤੀ (doctrine and practice) ਦਾ ਮੂਲ-ਗਰਭ ਇਹੋ *ਰਿਗਵੇਦ* ਵਾਕਯੋਵਾਕ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਜਦੋਂ ਬਚਨ ਕੀਤਾ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** *(ਵਾਰ ਆਸਾ ਮ: ੧, ਪੰਨਾ 473)*

ਤਾਂ ਸੰਕੇਤ ਇਸ *ਰਿਗਵੇਦ* ਵਿੱਚੋਂ ਉੱਗਮੀ ਤੇ ਪਿਛਲੇਰੀਆਂ ਕਈ ਸਹੱਸ੍ਰਾਬਦੀਆਂ ਵਿਚ ਪ੍ਰਪੱਕ ਹੋ ਚੁੱਕੀ ਵਿਚਾਰਧਾਰਾ ਤੇ ਸਥਿਤੀ ਵੱਲ ਹੀ ਸੀ ਤੇ ਨਿਸ਼ਾਨਾ ਇਸ ਦਾ ਵਿਰੋਧ ਤੇ ਨਿਰੋਧ ਕਰਨਾ ਹੀ ਸੀ, ਜੋ ਵਿਚਾਰਧਾਰਾ ਤੇ ਸਥਿਤੀ ਨਾ ਕੇਵਲ ਹਿੰਦੂ ਸਮਾਜ, ਸਗੋਂ ਸੰਸਾਰ ਦੇ ਮਹਾਨ ਸਾਮੀ ਸਮਾਜਾਂ ਈਸਾਈ, ਮੂਸਾਈ ਤੇ ਮੁਸਲਮ ਸਮਾਜਾਂ ਦੀ ਭੀ ਬੁਨਿਆਦੀ ਕਮਜ਼ੋਰੀ ਦਾ ਕਾਰਨ ਹਜ਼ਾਰਾਂ ਵਰ੍ਹੇ ਬਣੀ ਰਹੀ ਹੈ ਅਤੇ ਜਿਸ ਦੇ ਹਾਨੀਕਾਰਕ ਪਰਿਣਾਮ ਦੀ ਸੋਝੀ ਕਿਤੇ ਹੁਣ 19ਵੀਂ ਸਦੀ ਵਿਚ ਸੰਸਾਰ ਨੂੰ ਪਈ ਹੈ।

ਦਸਮ ਗ੍ਰੰਥ ਦੇ 'ਤ੍ਰਿਯਾਚਰਿਤ੍ਰ' ਵਿਚ ਪੁਰੂਰਵਾ ਪਰਛਾਵੇਂ-ਪੁਣੇ ਤੋਂ ਕੰਮ ਲੈਂਦਾ ਹੈ ਅਤੇ ਅਪਸਰਾ ਦੇ ਅਲੋਪ ਹੋ ਜਾਣ ਉੱਤੇ:

**ਤਿਹ ਬਿਨੁ ਭੂਪਤਿ ਦੁਖਿਤ ਹ੍ਵੈ ਮੰਤ੍ਰੀ ਲਏ ਬੁਲਾਇ ॥**
**ਚਿਤ੍ਰ ਚਿੱਤ੍ਰਿ ਤਾ ਕੋ ਤੁਰਿਤ ਦੇਸਨ ਦਯੋ ਪਠਾਇ ॥੮॥**

ਉਸ ਅਪਸਰਾ ਦੀ ਮੂਰਤ ਬਣਾ ਕੇ, ਆਪਣੇ ਜਾਸੂਸ ਬਾਹਰ-ਅੰਦਰ ਦੇਸ਼ਾਂ ਬਿਦੇਸ਼ਾਂ ਵਿਚ ਭੇਜ ਦਿੱਤੇ ਕਿ ਇਹੋ ਜਿਹੀ ਸੁੰਦਰ ਤ੍ਰੀਮਤ ਲੱਭੋ। ਉਨ੍ਹਾਂ ਜਾਸੂਸਾਂ ਨੇ:

**ਖੋਜਤ ਓਡਛ ਨਾਥ ਕੇ ਲਹੀ ਕੰਨਿਕਾ ਏਕ ॥**
**ਰੂਪ ਸਕਲ ਸਮ ਅਪਸਰਾ ਤਾਂ ਤੇ ਗੁਨਨ ਬਿਸੇਖ ॥੯॥**

ਉੜੀਸਾ ਦੇਸ਼ ਦੇ ਰਾਜੇ ਦੀ ਧੀ ਜਾ ਲੱਭੀ, ਜੋ ਕਿ ਸੁੰਦਰ ਤਾਂ ਅਪਸਰਾ ਵਰਗੀ ਹੀ, ਪਰ ਗੁਣਾਂ ਵਿਚ ਅਪਸਰਾ ਨਾਲੋਂ ਵੱਧ ਸੀ, ਭਾਵ ਇਹ ਹੀ ਹੈ ਕਿ ਵਿਦਿਆ, ਕਲਾ

ਆਦਿ ਵਿਚ ਅਪਸਰਾ ਨਾਲੋਂ ਵਧੇਰੇ ਪ੍ਰਬੀਨ ਸੀ, ਕਿਉਂਕਿ ਪਤਿਬ੍ਰਤ ਧਰਮ ਤਾਂ ਇਸ 'ਓਡਛਨਾਥ' ਕੰਨਿਆ ਦਾ ਭੀ ਇਸ ਅਪਸਰਾ ਅਥਵਾ ਉਰਵਸ਼ੀ ਨਾਲੋਂ ਕੋਈ ਵਧੇਰੇ ਪ੍ਰਪੱਕ ਨਹੀਂ ਸੀ।

ਖ਼ੈਰ, ਦਸਮ ਗ੍ਰੰਥ ਵਿਚ ਅੰਕਿਤ ਕਥਾ ਇਉਂ ਹੈ ਕਿ ਇਸ ਉੜੀਸੇ ਦੀ ਰਾਜ ਕੁਮਾਰੀ ਨੂੰ ਚਿੱਤਰ ਸਿੰਘ ਨੇ ਖੋਹ ਲਿਆਂਦਾ। ਇਸ ਯੁਧ ਵਿਚ ਚਿੱਤਰ ਸਿੰਘ ਦਾ ਯੁਵਰਾਜ, ਹਨਿਵਤਿ ਸਿੰਘ, ਸੰਗ੍ਰਾਮਸ਼ਾਹ ਯਾ ਫ਼ੌਜਾਂ ਦਾ ਕਮਾਣ ਅਫ਼ਸਰ ਸੀ; ਚਿੱਤਰ ਸਿੰਘ ਆਪ ਰਣਤੱਤੇ ਵਿਚ ਹੋ ਕੇ ਨਹੀਂ ਲੜਿਆ :

> **ਹਨਿਵਤਿ ਸਿੰਘ ਆਗੇ ਕਿਯੋ ਅਮਿਤ ਸੈਨ ਦੈ ਸਾਥ॥**
> **ਚਿੱਤ੍ਰ ਸਿੰਘ ਪਾਛੇ ਰਹਯੋ ਗਹੈ ਬਰਛਿਯਾ ਹਾਥ॥੧੪॥**

ਫੇਰ :

> **ਮਾਰਿ ਓਡਛਾ ਰਾਇ ਕੋ ਲਈ ਸੁਤਾ ਤਿਹ ਜੀਤਿ॥**
> **ਬਰੀ ਰਾਇ ਸੁਖ ਪਾਇ ਮਨ ਮਾਨਿ ਸਾਸਤ੍ਰ ਕੀ ਰੀਤਿ॥੧੭॥**

ਧੱਕੇ ਨਾਲ ਪਰਾਈ ਧੀ ਖੋਹ ਕੇ ਵਿਆਹ ਲੈਣੀ, "ਸੁਖ ਪਾਇ ਮਨ" ਇਹ "ਸਾਸਤ੍ਰ ਕੀ ਰੀਤਿ" ਹੈ। ਮਨੂ ਧਰਮ ਸ਼ਾਸਤਰ ਵਿਚ ਅਸ਼ਟ ਵਿਵਾਹ ਵਿਧਾਨ ਹਨ :

(1) **ਬ੍ਰਾਹਮਣ ਵਿਵਾਹ** : ਵਰ ਨੂੰ ਘਰ ਬੁਲਾ ਕੇ ਕੰਨਿਆ ਦੇਣੀ;

(2) **ਦੇਵ ਵਿਵਾਹ** : ਯੱਗ ਕਰਾਉਣ ਵਾਲੇ ਨੂੰ ਕੰਨਿਆ ਦੇਣੀ;

(3) **ਆਰਸ਼** : ਵਰ ਤੋਂ ਬੈਲ ਆਦਿ ਕੀਮਤ ਲੈ ਕੇ ਕੰਨਿਆ ਦੇਣੀ;
ਜਿਸ ਬਾਬਤ ਕਿ ਅਸਾਡੇ ਰਹਿਤਨਾਮਿਆਂ ਵਿਚ ਲਿਖਿਆ ਹੈ, 'ਧੀ ਭੈਣ ਕਾ ਪੈਸਾ ਲੇਈ। ਪਾਤਕ ਸਿਖ ਹੋਤ ਹੈ ਸੇਈ।'

(4) **ਪ੍ਰਾਜਾਪਤਯ** : ਕੁੜੀ ਤੇ ਮੁੰਡੇ ਦਾ ਪਰਸਪਰ ਰਜ਼ਾਮੰਦੀ ਨਾਲ ਵਿਆਹ, ਜਿਸ ਨੂੰ ਅੱਜ ਕੱਲ ਪ੍ਰੇਮ-ਸੰਯੋਗ (love marriage) ਆਖੀਦਾ ਹੈ ਤੇ ਜਿਸ ਦਾ ਰੂਪਾਂਤਰ ਅਦਾਲਤੀ ਸ਼ਾਦੀ (civil marriage) ਹੈ।

(5) **ਗਾਂਧ੍ਰਵ ਵਿਵਾਹ** : ਜਿਥੇ ਤੇ ਜਦੋਂ ਮਨ ਕੀਤਾ ਸੰਯੋਗ ਕਰ ਲਿਆ, ਜਿਸ ਦਾ ਰੂਪਾਂਤਰ ਕਿ ਆਧੁਨਿਕ ਸੰਗਤ ਵਿਵਾਹ (companionate marriage) ਹੈ, ਜਿਸ ਦਾ ਪ੍ਰਚਾਰ ਕਿ ਬ੍ਰਟਰੈਂਡ ਰੱਸਲ (Bertrand Russel) ਨੇ ਕੀਤਾ ਹੈ।

(6) **ਆਸੁਰ** : ਧੀ ਲੈਣੀ ਤੇ ਧੀ ਦੇਣੀ (ਵੱਟਾ), ਜਿਸ ਦਾ ਰਿਵਾਜ ਕਿ ਅੱਜ ਤਕ ਅਸਾਡੇ ਦੇਸ਼ ਦੀਆਂ ਕਈ ਜਾਤੀਆਂ ਵਿਚ ਹੈ।

(7) **ਰਾਕਸ਼ਸ਼ ਵਿਵਾਹ** : ਯੁੱਧ ਵਿਚ ਜਿੱਤ ਕੇ ਕੰਨਿਆ ਵਰ ਲੈਣੀ, ਜਿਸ ਤਰ੍ਹਾਂ ਕਿ ਅਸਾਡੇ ਪਾਤਰ ਚਿੱਤਰ ਸਿੰਘ ਨੇ ਕੀਤਾ ਅਤੇ ਜਿਵੇਂ ਕਿ ਬਿਦੇਸ਼ੀ ਤੁਰਕ ਜਰਵਾਣੇ ਅਸਾਡੇ ਦੇਸ਼ ਦੀਆਂ ਧੀਆਂ ਭੈਣਾਂ ਨਾਲ ਕਈ ਸੌ ਵਰ੍ਹੇ ਕਰਦੇ ਚਲੇ ਆਏ ਸਨ ਅਤੇ ਜਿਸ ਤੋਂ ਸਿੰਘਾਂ ਨੂੰ ਦਸਮ ਪਾਤਸ਼ਾਹ ਨੇ ਇਉਂ ਕਹਿ ਕੇ ਵਰਜਿਆ ਸੀ ਕਿ ਸਿੱਖ ਤੁਰਕਾਂ ਜਰਵਾਣਿਆਂ ਦੀ ਰੀਸ ਨਾ ਕਰਨ, ਕਿਉਂ ਜੁ ਸਿੰਘ-ਆਦਰਸ਼ ਉਚੇਰੇ ਹਨ :

> ਹਮ ਲੇ ਜਾਨੋ ਪੰਥ ਉਚੇਰੇ।
> ਨਹੀ ਅਧੋਗਤਿ ਬਿਖੈ ਪੁਚਾਵੈਂ। *(ਗੁਰ ਪ੍ਰਤਾਪ ਸੂਰਜ, ਰੁਤ 6, ਅੰਸ਼ 20)*

(8) **ਪੇਸ਼ਾਚ ਵਿਵਾਹ :** ਰੋਂਦੀ ਕੁਰਲਾਂਦੀ ਕੰਨਿਆ ਖੋਹ ਕੇ ਲੈ ਜਾਣੀ। ਜਿਵੇਂ ਕ੍ਰਿਸ਼ਨ ਜੀ ਰੁਕਮਣੀ ਨੂੰ ਦੇਵ ਪੂਜਾ ਕਰਦੀ ਨੂੰ ਖੋਹ ਕੇ ਲੈ ਗਏ ਸਨ ਤੇ ਜਿਵੇਂ 1947 ਦੀ ਦੇਸ਼-ਵੰਡ ਵੇਲੇ ਹਜ਼ਾਰਾਂ ਕੰਨਿਆਂ ਖੋਹ ਲਈਆਂ ਗਈਆਂ।

ਇਹ ਅੱਠੇ ਤਰੀਕੇ ਕੰਨਿਆ ਵਰਨ ਦੇ "ਸ਼ਾਸਤ੍ਰ ਕੀ ਰੀਤ" ਹੈ ਤੇ ਇਸੇ ਲਈ ਚਿੱਤਰ ਸਿੰਘ ਨੇ ਉੜੀਸਾ ਦੀ ਰਾਜਕੁਮਾਰੀ ਜਿਸ ਦਾ ਨਾਮ ਕਿ ਚਿਤ੍ਰਮਤੀ ਸੀ, ਨੂੰ ਨਿਸਚਿੰਤ ਹੋ ਕੇ, "ਸੁਖ ਪਾਇ ਮਨ", ਵਿਆਹ ਲਿਆ। ਪਰ ਚਿਤ੍ਰਮਤੀ, ਚਿੱਤਰ ਸਿੰਘ ਦੀ ਵਿਆਹੁਤਾ ਇਸਤਰੀ ਤਾਂ ਬਣ ਗਈ, ਪਰ ਇਸ ਦਾ ਭਾਵ ਇਹ ਨਹੀਂ ਕਿ ਪਤਿਬ੍ਰਤ ਧਰਮ ਵਿਚ ਭੀ ਪ੍ਰਪੱਕ ਹੋ ਗਈ :

**ਹਨਿਵਤਿ ਸਿੰਘਹਿ ਸੋ ਰਹੈ ਚਿਤਵਤ ਆਠੋ ਜਾਮ ॥੧੮॥**

ਅੱਠੇ ਪਹਿਰ ਆਪਣੇ ਮਤਰੇਏ ਪੁੱਤਰ ਹਨਵਤ ਸਿੰਘ ਦਾ ਧਿਆਨ ਹੀ ਆਪਣੇ ਮਨ ਵਿਚ ਵਸਾਈ ਰੱਖੇ। ਗੱਲ ਕੀ ਚਿਤ੍ਰਮਤੀ ਰਾਜਕੁਮਾਰ ਨੂੰ ਕਿਸੇ ਬਹਾਨੇ ਆਪਣੇ ਕੋਲ ਲੈ ਆਈ :

**ਚੋਰਿ ਚਤੁਰਿ ਚਿਤ ਲਯੋ ਕਹੋ ਕਸ ਕੀਜੀਐ ॥** (੨੩)

ਸਾਹਮਨੇ ਬੈਠ ਕੇ ਦਿਲ ਕੋ ਜੋ ਚੁਰਾਏ ਕੋਈ।
ਐਸੀ ਚੋਰੀ ਕਾ ਪਤਾ ਖ਼ਾਕ ਲਗਾਏ ਕੋਈ।

**ਅਤਿ ਅਨੂਪ ਸੁੰਦਰ ਸਰਸ ਮਨੋ ਮੈਨ ਕੇ ਐਨ ॥**
**ਮੋ ਮਨ ਕੋ ਮੋਹਤ ਸਦਾ ਮਿੱਤ੍ਰ ਤਿਹਾਰੇ ਨੈਨ ॥੨੪॥**

ਰਾਜਕੁਮਾਰ ਜੀ, ਤੁਹਾਡੇ ਨੈਣ, ਅਨੂਪ, ਸੁੰਦਰ, ਰਸੀਲੇ, ਮਾਨੋ ਮੇਨਿਕਾ ਅਪਸਰਾ ਦੀਆਂ ਅੱਖਾਂ ਹਨ, ਇਸੇ ਲਈ ਇਹ ਮੋਮਨਾਂ ਨੂੰ (ਯਾ ਮੇਰੇ ਮਨ ਨੂੰ) ਸਦਾ ਮੋਂਹਦੇ ਹਨ। ਇਹੋ ਜਿਹੇ ਕਾਵਿਮਈ ਬਿਲਾਸ ਦੇ ਬਹੁਤ ਬਚਨ ਚਿਤ੍ਰਮਤੀ ਨੇ ਆਪਣੇ ਰਾਜਕੁਮਾਰ ਮਤਰੇਏ ਪੁੱਤਰ ਨਾਲ ਕੀਤੇ ਹਨ, ਪਰ :

**ਵਾਂ ਕੀ ਕਹੀ ਨ ਨ੍ਰਿਪਸੁਤ ਮਾਨੀ ॥**
**ਚਿੱਤ੍ਰਮਤੀ ਤਬ ਭਈ ਖਿਸਾਨੀ ॥** (੨੮)

ਬੱਸ, ਫਿਰ ਜਿਵੇਂ ਕਿ ਰਾਮ ਪ੍ਰਕਾਸ਼ ਸਿੰਘ ਜੀ ਨੇ ਲਿਖਿਆ ਹੈ ਚਿਤ੍ਰਮਤੀ ਨੇ ਜਾਤਾ, ਕਿ ਮੇਰੀ ਜੁਆਨੀ ਤੇ ਹੁਸਨ ਦਾ ਅਪਮਾਨ ਹੋਇਆ ਹੈ ਅਤੇ :

**ਚਿਤ੍ਰ ਸਿੰਘ ਪੈ ਜਾਇ ਪੁਕਾਰੋ ॥**
**ਬਡੋ ਦੁਸਟ ਇਹ ਪੁਤ੍ਰ ਤੁਹਾਰੋ ॥੨੮॥**
**ਫਾਰਿ ਚੀਰ ਕਰ ਆਪਨੇ ਮੁਖ ਨਖ ਘਾਇ ਲਗਾਇ ॥**
**ਰਾਜਾ ਕੋ ਰੋਖਿਤ ਕਿਯੋ ਤਨ ਕੋ ਚਿਹਨ ਦਿਖਾਇ ॥੨੯॥**

ਆਪਣੇ ਬਸਤਰ ਆਪ ਹੀ ਫਾੜ ਲਏ ਤੇ ਆਪ ਹੀ ਨੌਹਾਂ ਨਾਲ ਆਪਣੇ ਮੂੰਹ ਉੱਤੇ ਘਾਉ ਕਰ ਲਏ ਅਤੇ ਆਪਣੇ ਪਤੀ ਨੂੰ ਜਾ ਆਖਿਓਸੁ ਕਿ ਤੇਰਾ ਪੁੱਤਰ ਬੜਾ ਦੁਸ਼ਟ ਹੈ :

**ਬਚਨ ਸੁਨਤ ਕ੍ਰੁੱਧਿਤ ਨ੍ਰਿਪ ਭਯੋ ॥**
**ਮਾਰਨ ਹੇਤ ਸੁਤਹਿ ਲੈ ਗਯੋ ॥**
**ਮੰਤ੍ਰਿਨ ਆਨਿ ਰਾਵ ਸਮੁਝਾਯੋ ॥**
**ਤ੍ਰਿਯਾ ਚਰਿੱਤ੍ਰ ਨ ਕਿਨਹੂੰ ਪਾਯੋ ॥੩੦॥**

ਰਾਜੇ ਨੇ ਆਪਣੇ ਪੁੱਤਰ ਦੇ ਕਤਲ ਦਾ ਹੁਕਮ ਦੇ ਦਿੱਤਾ, ਪਰ ਵਜ਼ੀਰਾਂ ਨੇ ਸਮਝਾਇਆ ਕਿ ਹੇ ਰਾਜਨ! ਇਸਤਰੀ ਦਾ ਚਰਿਤ੍ਰ ਬੜਾ ਡੂੰਘਾ ਹੈ, ਇਸ ਦੀਆਂ ਗੱਲਾਂ ਵਿਚ ਝਟ-ਪਟ ਨਹੀਂ ਆ ਜਾਈਦਾ:

**ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ,**
**ਮੰਤ੍ਰੀ ਭੂਪ ਸੰਬਾਦੇ ਦੁਤਿਯ ਚਰਿਤ੍ਰ ਸਮਾਪਤਮ-ਸਤੁਸੁਭਮਸਤੁ ॥**

ਇਹ ਦਸਮ ਗ੍ਰੰਥ ਦੇ 'ਤ੍ਰਿਯਾਚਰਿਤ੍ਰ' ਨਾਮੀ ਭਾਗ ਦਾ ਦੂਜਾ ਅਧਿਆਇ ਹੈ ਅਤੇ ਅੱਗੇ ਜੋ ਤ੍ਰਿਯਾਚਰਿਤ੍ਰ ਦੀਆਂ ਕਹਾਣੀਆਂ ਆਉਂਦੀਆਂ ਹਨ, ਉਹ 'ਮੰਤ੍ਰੀ ਭੂਪ ਸੰਬਾਦੇ', ਰਾਜਾ ਚਿੱਤਰ ਸਿੰਘ ਤੇ ਉਸ ਦੇ ਵਜ਼ੀਰ ਦੀ ਆਪੋ ਵਿਚ ਹੀ ਗੱਲ-ਬਾਤ ਹੈ, ਕੋਈ ਵਾਸਤਵਿਕ ਇਤਿਹਾਸ ਨਹੀਂ ਹੈ।

ਇਥੇ ਦੋ ਗੱਲਾਂ ਕਥਨਯੋਗ ਹਨ: ਮਾਤਾ ਪੁੱਤਰ ਦੇ ਵਿਭਚਾਰ ਦਾ ਵਿਸ਼ਾ ਲੋਕਵਾਰਤਾ ਵਿਚ ਪਹਾੜਾਂ ਵਾਂਗਰ ਪੁਰਾਤਨ ਹੈ। ਯੂਨਾਨੀਆਂ ਦੀ 'ਊਦੀਪਸ' (Oedepus) ਦੀ ਵਾਰਤਾ ਦਾ ਸਾਰੰਸ਼ (motif) ਇਹ ਵਿਭਚਾਰ ਹੀ ਹੈ, ਜਿਸ ਦੇ ਆਧਾਰ 'ਤੇ ਆਧੁਨਿਕ ਮਹਾਂ ਵਿਗਿਆਨੀ 'ਫ਼ਰਾਇਡ' (Freud) ਨੇ ਊਦੀਪਸ ਮਾਨਸਕ ਰੋਗ (Oedepus Complex) ਦੀ ਉਲੇਖਨਾ ਕੀਤੀ ਹੈ। ਇਹ ਵਾਰਤਾ ਸਾਰੰਸ਼ ਵਿਚ ਇਕ ਤੋਂ ਵੱਧ ਥਾਂ ਮੌਜੂਦ ਹੈ। ਪਰ ਸਾਊ (sophisticated) ਭਾਰਤੀ ਪਰੰਪਰਾ ਤੇ ਲੋਕ-ਵਾਰਤਾ ਵਿਚ ਇਹ ਮਨੋਬਿਰਤੀ ਸਾਰੰਸ਼ ਮਤਰੇਈ ਮਾਂ ਦੀ ਯੁਵਕ ਪੁੱਤਰ ਨਾਲ ਵਿਭਚਾਰ ਦੀ ਇੱਛਾ ਦਾ ਰੂਪ ਧਾਰਨ ਕਰ ਗਿਆ ਹੈ, ਘੱਟ ਤੋਂ ਘੱਟ, ਲੋਕ-ਸਾਹਿਤ ਤੇ ਗ੍ਰੰਥ-ਸਾਹਿਤ ਵਿਚ। ਦਸਮ ਗ੍ਰੰਥ ਦੇ ਤ੍ਰਿਯਾਚਰਿਤ੍ਰ ਦੀ ਵੱਡੀ ਕਹਾਣੀ, ਜਿਸ ਵਿੱਚੋਂ ਕਿ ਬਾਕੀ ਦੀਆਂ ਕਹਾਣੀਆਂ ਜੋ ਕਿ 400 ਕੁ ਹਨ, ਨਿਕਲਦੀਆਂ ਹਨ, ਦਾ ਮਨੋਬ੍ਰਿਤੀ ਸਾਰੰਸ਼ ਇਹ 'ਊਦੀਪਸ' ਮਾਨਸਕ ਰੋਗ ਹੀ ਹੈ, ਜਿਸ ਨੂੰ ਆਧਾਰ ਬਣਾ ਕੇ 'ਮਨਾਲੋਚਨਾ' (psychoanalysis) ਦੇ ਵਿਗਿਆਨੀ ਮਨੁੱਖ ਦੇ ਸਮੁੱਚੇ ਚਰਿਤ੍ਰ ਨੂੰ ਉਲੇਖਨ ਤੇ ਦਰਸਾਉਣ ਦੇ ਯਤਨ ਕਰਦੇ ਹਨ। ਇਉਂ ਵਿਚਾਰਿਆਂ ਤ੍ਰਿਯਾ-ਚਰਿਤ੍ਰ ਦੇ ਕਰਤਾ ਨੇ ਚਿਤ੍ਰਮਤੀ ਤੇ ਹਨਿਵਤਿ ਸਿੰਘ ਦੀ ਕਹਾਣੀ ਨੂੰ ਆਧਾਰ ਬਣਾ ਕੇ ਜਿਹੜਾ ਬਾਕੀ 400 ਕਹਾਣੀਆਂ ਨੂੰ ਇਸ ਸੰਦੂਕ ਵਿਚ ਬੰਦ ਕੀਤਾ ਹੈ, ਇਹਦਾ ਗੋਹਯ ਰਹੱਸਯ ਬੜਾ ਮਹਾਨ ਪ੍ਰਤੀਤ ਹੋ ਆਉਂਦਾ ਹੈ। ਉਂਜ, ਇਕ ਕਹਾਣੀ ਕਥਾ ਨੂੰ ਅਵਿਲੰਭ ਬਣਾ ਕੇ, ਉਸ ਨਾਲ ਅਨੇਕ ਹੋਰ ਕਥਾ-ਕਹਾਣੀਆਂ ਟੂੰਗਣ ਦੀ ਪਰਪਾਟੀ ਸਾਡੇ ਦੇਸ਼ ਦੀ ਸਾਹਿਤ-ਪਰੰਪਰਾ ਵਿਚ ਬਹੁਤ-ਬਹੁਤ ਪੁਰਾਣੀ ਹੈ। ਪੰਡਤ ਗੁਣਾਢਯ ਦੀ ਰਚਿਤ *ਬ੍ਰਹਤਕਥਾ* ਜੋ ਕਿ ਅਲੋਪ ਹੋ ਚੁੱਕੀ ਹੈ ਅਤੇ ਜਿਸ ਬਾਬਤ ਕਿ ਡਾਕਟਰ ਕੀਥ ਕਹਿੰਦਾ ਹੈ, ਕਿ ਇਸ ਦੀ ਸਾਹਿੱਤਕ ਮਹਾਨਤਾ *ਰਾਮਾਇਣ* ਤੇ *ਮਹਾਂਭਾਰਤ* ਨਾਲੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਸੀ, (See, *A History of Sanskrit Literature,* by Dr. Keith, p. 266) ਅਤੇ ਜਿਸ ਦੇ ਕਿ ਸੱਤ ਲੱਖ ਲੋਕ ਸ਼ਲੋਕ ਸਨ, ਜਿਨ੍ਹਾਂ ਦਾ ਕਿ ਭੋਰ ਚੋਰ, ਕਸ਼ੇਮੇਂਦਰ ਦੀ *ਬ੍ਰਹਮਕਥਾਮੰਜਰੀ* (1063-66 A.D.) ਤੇ ਸੋਮਦੇਵ ਦੀ *ਕਥਾ ਸਰਿਤ ਸਾਗਰ* (1081 A.D.) ਹਨ, ਦੀ ਸਾਹਿੱਤਕ ਬਣਤਰ ਇਵੇਂ ਹੀ ਹੈ ਕਿ ਇਕ ਵੱਡੀ ਕਹਾਣੀ ਆਰੰਭ ਕਰ ਕੇ ਬਾਕੀ ਅਨੇਕ ਕਹਾਣੀਆਂ ਉਸ ਵਿਚ ਪਾਈ ਗਏ। *ਕਥਾ ਸਰਿਤ ਸਾਗਰ* ਦੀ 'ਵੈਤਾਲਪੰਚਵਿਸਤੀ' ਅਤੇ ਵਿਸ਼ਨੂੰ ਸ਼ਰਮਾ ਦੇ *ਪੰਚਤੰਤ੍ਰ* ਵਿਚ ਇਹੋ ਪਰਪਾਟੀ, ਇਕ ਕਹਾਣੀ ਨਾਲ ਅਨੇਕ ਵਿਲੋਕੜੀਆਂ ਕਹਾਣੀਆਂ ਟੂੰਗ ਦੇਣ ਦੀ, ਵਰਤੀ ਗਈ ਹੈ ਤੇ ਇਥੋਂ ਹੀ ਅਰਬੀ

ਲਿਖਾਰੀਆਂ ਨੇ ਮਾਂਗਵੀ ਲੈ ਕੇ *ਅਲਫ਼ਲੈਲਾ* ਆਦਿ ਪੁਸਤਕਾਂ ਵਿਚ ਵਰਤੀ ਹੈ, ਜਿਥੋਂ ਕਿ ਇਹ ਸਾਰੇ ਯੂਰਪ ਵਿਚ ਫੈਲੀ। ਪਰ ਦਸਮ ਗ੍ਰੰਥ ਦੇ 'ਤ੍ਰਿਯਾਚਰਿਤ੍ਰ' ਵਾਲਾ ਉਪਰੋਕਤ ਮਨੋਬ੍ਰਿਤੀ ਗੋਹਯ ਰਹੱਸਯ ਹੋਰ ਕਿਤੇ ਨਹੀਂ ਹੈ।

ਦੂਜੀ ਗੱਲ ਕਥਨ ਕਰਨ ਯੋਗ ਇਹ ਹੈ ਕਿ ਇਹੋ ਮਾਤਾ-ਪੁੱਤਰ ਵਿਭਚਾਰ ਦੀ ਕਹਾਣੀ ਅਨੇਕਾਂ ਢੰਗਾਂ ਨਾਲ, ਸਮਾਂ ਬਦਲ ਕੇ, ਅਸਾਡੇ ਦੇਸ਼ ਦੀਆਂ ਅਨੇਕ ਭਾਸ਼ਾਵਾਂ ਵਿਚ ਵਰਨੀ ਹੋਈ ਹੈ, ਜਿਹਾ ਕਿ ਉੜੀਆ ਤੇ ਤਾਮਿਲ ਵਿਚ। ਪੰਜਾਬੀ ਵਿਚ ਪੂਰਨ ਭਗਤ ਦੀ ਕਹਾਣੀ ਇਸੇ ਵਾਰਤਾ ਦਾ ਸਪੱਸ਼ਟ ਨਕਸ਼ ਹੈ:

> ਅਲਫ਼, ਆਖ ਸਾਖੀ, ਸਿਆਲਕੋਟ ਅੰਦਰ,
> ਪੂਰਨ ਪੁੱਤ ਸਲਵਾਨ ਦੇ ਜਾਇਆ ਏ। *(ਸੀਹਰਫ਼ੀ, ਕਾਦਰਯਾਰ)*

ਇਹ ਦੋ ਗੱਲਾਂ ਤੇ ਇਕ ਹੋਰ ਤੀਜੀ ਗੱਲ, ਅਸਾਡੇ ਦੇਸ਼ ਦੇ ਲੋਕ-ਸਾਹਿਤ ਅਤੇ ਗ੍ਰੰਥ-ਸਾਹਿਤ ਬਾਰੇ ਨਾ ਸਮਝਣ ਦੇ ਕਾਰਨ ਹੀ, ਅਨੇਕ ਲੋਕਾਂ ਵਿਚ ਅਤੇ ਸਰਦਾਰ ਰਾਮ ਪ੍ਰਕਾਸ਼ ਸਿੰਘ ਜਿਹੇ ਵਿਦਵਾਨਾਂ ਵਿਚ ਭੀ ਇਹ ਹਾਨੀਕਾਰਕ ਭੁਲੇਖਾ ਪ੍ਰਚਲਿਤ ਹੋ ਗਿਆ ਹੈ ਕਿ ਦਸਮ ਗ੍ਰੰਥ ਦੇ 'ਤ੍ਰਿਯਾਚਰਿਤ੍ਰ' ਵਿਚ ਬਿਆਨੀ ਹੋਈ 'ਰੂਪਕੋਇਰ' ਦੀ ਕਹਾਣੀ, ਗੁਰੂ ਗੋਬਿੰਦ ਸਿੰਘ, 'ਤ੍ਰਿਯਾਚਰਿਤ੍ਰ' ਦੇ ਕਰਤਾ ਦੀ ਸ੍ਵੈਜੀਵਨੀ ਤੇ ਇਤਿਹਾਸ ਦਾ ਭਾਗ ਹੈ। ਇਹ ਤੀਜਾ ਕਾਰਨ, ਅੱਗੇ ਚੱਲ ਕੇ, ਰੂਪ ਕੌਰ ਦੀ ਕਹਾਣੀ ਦੀ ਚੀਰ-ਫਾੜ ਕਰਨ ਵੇਲੇ ਦੱਸਾਂਗੇ।

ਕਹਾਣੀ ਇਉਂ ਚੱਲਦੀ ਹੈ ਕਿ ਜਿਸ ਵੇਲੇ ਚਿੱਤਰ ਸਿੰਘ ਦਾ ਮੰਤਰੀ ਉਸ ਨੂੰ ਵੀਹ ਤ੍ਰਿਯਾਚਰਿਤ੍ਰ ਸੁਣਾ ਚੁੱਕਾ ਤਾਂ:

> **ਰੀਝ ਰਾਇ ਐਸੇ ਕਹ੍ਯੋ ਬਚਨ ਮੰਤ੍ਰਿਯਨ ਸੰਗ॥**
> **ਪੁਰਖ ਤ੍ਰਿਯਨ ਚਤੁਰਨ ਚਰਿਤ ਮੋ ਸੋ ਕਹੁ ਪ੍ਰਸੰਗ॥੨॥**

ਰਾਜਾ ਕਹਿਣ ਲੱਗਾ ਕਿ ਹੁਣ ਕੋਈ ਐਸੀ ਕਹਾਣੀ ਸੁਣਾਓ, ਜਿਸ ਵਿਚ ਪੁਰਸ਼ ਨੇ ਇਸਤਰੀ ਨਾਲ ਚਰਿਤ੍ਰ ਖੇਡਿਆ ਹੋਵੇ।

ਤਦ ਮੰਤਰੀ 21ਵੀਂ ਤੇ 22ਵੀਂ ਕਹਾਣੀ ਤ੍ਰਿਯਾਚਰਿਤ੍ਰ ਦੀ ਸੁਣਾ ਕੇ, ਉਸ ਕਹਾਣੀ ਦਾ ਅੰਤ 23ਵੀਂ ਕਹਾਣੀ 'ਤੇ ਕਰਦਾ ਹੈ, ਜਿਸ ਵਿਚ ਕਿ ਪੁਰਖ ਚਲਾਕੀ ਨਾਲ ਇਸਤਰੀ ਨੂੰ ਮਾਤ ਦੇ ਦਿੰਦਾ ਹੈ ਅਤੇ ਇਹ 23ਵੀਂ ਕਹਾਣੀ, "ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾਚਰਿਤ੍ਰੇ ਮੰਤ੍ਰੀਭੂਪ ਸੰਬਾਦੇ.....।"

ਇਹ 21ਵੀਂ, 22ਵੀਂ ਤੇ 23ਵੀਂ ਕਹਾਣੀ ਹੀ 'ਰੂਪ ਕੋਅਰ' ਦਾ ਕਿੱਸਾ ਹੈ, ਜਿਸ ਨੂੰ ਸ਼ਰਧਾਪੂਰਤ ਪਰ ਸਾਹਿਤ ਰਚਨਾ ਦੇ ਰੂਪਾਂਤਰਾਂ ਤੋਂ ਅਣਜਾਣ ਸਿੱਖ, ਗੁਰੂ ਗੋਬਿੰਦ ਸਿੰਘ, ਕਰਤਾ 'ਤ੍ਰਿਯਾਚਰਿਤ੍ਰ' ਦੀ ਸ੍ਵੈ-ਜੀਵਨੀ ਇਤਿਹਾਸ ਸਮਝ ਲੈਂਦੇ ਹਨ ਅਤੇ ਪੁਸਤਕ ਕਰਤਾ ਜੋ ਮੁੜ-ਮੁੜ 'ਚਰਿਤ੍ਰ ਪਖਯਾਨੇ', 'ਭੂਪ ਮੰਤ੍ਰੀ ਸੰਬਾਦੇ' ਦਾ ਹੋਕਾ ਦੇਈ ਜਾਂਦਾ ਹੈ, ਉਸ ਨੂੰ ਅਣਡਿੱਠ ਕਰੀ ਜਾਂਦੇ ਹਨ।

ਇਹ ਤਿੰਨੇ ਕਹਾਣੀਆਂ, ਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਦਾ ਇਤਿਹਾਸਕ ਪਾਤ੍ਰ ਮੰਨੀਏ, ਤਾਂ ਸਪੱਸ਼ਟ ਅਜਿਹੀਆਂ ਹਨ, ਜਿਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਭਰਪੂਰ ਨਿਰਾਦਰੀ ਹੁੰਦੀ ਹੈ ਅਤੇ ਉਨ੍ਹਾਂ ਦਾ ਚਰਿਤ੍ਰ, ਜੋ ਇਨ੍ਹਾਂ ਕਹਾਣੀਆਂ ਨੂੰ ਇਤਿਹਾਸਕ ਘਟਨਾ ਮੰਨਣ ਕਾਰਨ ਉੱਘੜਦਾ ਹੈ, ਉਹ ਕੋਈ ਉਤੇਜਨਾ-ਜਨਕ (inspiring) ਨਹੀਂ ਅਤੇ ਨਾ ਹੀ ਉਹ ਗੁਰੂ ਮਹਾਰਾਜ ਦੇ ਪ੍ਰਮਾਣੀਕ ਜੀਵਨ ਚਰਿਤ੍ਰ ਨਾਲ ਮੇਲ ਖਾਂਦਾ ਹੈ।

ਫੇਰ, ਕਿਉਂ ਕਈ ਸਿੱਖ ਇਨ੍ਹਾਂ ਤਿੰਨਾਂ ਕਹਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਵਾਸਤਵਿਕ ਇਤਿਹਾਸ ਮੰਨਦੇ ਹਨ ਅਤੇ ਕਿਉਂ ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਜਿਹੇ ਵਿਦਵਾਨ ਭੀ ਇਸੇ ਹਾਨੀਕਾਰਕ ਭੁਲੇਖੇ ਵਿਚ ਪਏ ਹੋਏ ਹਨ ?

ਇਸ ਦੇ ਦੋਂਹ ਕਾਰਨਾਂ ਬਾਬਤ ਉੱਤੇ ਕਹਿ ਆਏ ਹਾਂ : (1) ਤ੍ਰਿਯਾਚਰਿਤ੍ਰ ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ, ਜਿਵੇਂ ਕਿ ਬਚਿਤ੍ਰ ਨਾਟਕ ਹੈ, ਇਹ ਨਹੀਂ ਹੈ। ਇਹ ਲੌਕਿਕ ਗ੍ਰੰਥ (secular fiction) ਇਕ ਬੜੇ ਮਹਾਨ ਇਤਿਹਾਸਕ ਤੇ ਸਾਹਿਤਕ ਪਿਛੋਕੜ ਦੀ ਹਾਮਲ ਹੈ ਅਤੇ ਇਸ ਲਈ ਇਹ ਨਿਜਕ੍ਰਿਤ (self-composed) ਤਾਂ ਹੈ, ਪਰ ਸ੍ਵੈ-ਕ੍ਰਿਤ (original writing) ਨਹੀਂ ਹੈ। ਇਸ ਦੀਆਂ ਕਹਾਣੀਆਂ ਤੇ ਕਥਾ-ਵਸਤੂ ਅਸਾਡੇ ਦੇਸ਼ ਦੇ ਹਜ਼ਾਰਾਂ ਵਰ੍ਹੇ ਪੁਰਾਣੇ ਲੋਕ-ਸਾਹਿਤ, ਲੋਕਵਾਰਤਾ ਅਤੇ ਗ੍ਰੰਥ ਸਾਹਿਤ ਵਿੱਚੋਂ ਮਾਂਗਵਾ ਲਿਆ ਗਿਆ ਹੈ। (2) ਤ੍ਰਿਯਾਚਰਿਤ੍ਰ ਦੀ ਰਚਨਾ ਸ਼ੈਲੀ (literary form) ਭੀ ਇਵੇਂ ਹੀ ਪ੍ਰਾਚੀਨ ਤੇ ਮਾਂਗਵੀ ਹੈ ਜਿਵੇਂ ਕਿ ਇਸ ਦੀ ਕਥਾ-ਵਸਤੂ। ਇਨ੍ਹਾਂ ਦੋਹਾਂ ਗੱਲਾਂ ਨਾਲ ਭਲੀ-ਭਾਂਤੀ ਵਾਕਫ਼ੀ, ਪਰਿਚੈ ਨਾ ਹੋਣਾ ਹੀ ਕਾਰਨ ਇਸ ਭੁਲੇਖੇ ਦਾ ਹੈ ਕਿ ਗੁਰੂ ਕ੍ਰਿਤ ਰਚਨਾ ਅਵੱਸ਼ ਗੁਰਬਾਣੀ ਯਾ ਗੁਰਵਾਕ ਹੀ ਹੋ ਸਕਦਾ ਹੈ, ਲੌਕਿਕ ਸਾਹਿਤ (secular fiction) ਨਹੀਂ।

ਇਕ ਹੋਰ ਤੀਜੇ ਕਾਰਨ ਨੇ, ਜਿਸ ਦਾ ਕਿ ਸੰਬੰਧ ਭੀ ਸਾਹਿਤ ਕਲਾ ਭੇਦਾਂ (literary techniques) ਨਾਲ ਹੈ, ਇਸ ਭੁਲੇਖੇ ਨੂੰ ਪ੍ਰਪੱਕ ਕੀਤਾ ਹੈ। ਉਹ ਹੈ ਸਾਹਿਤ ਲਿਖਾਰੀ ਦਾ ਆਪਣੀ ਰਚਨਾ ਵਿਚ ਸਥਾਨਕ ਰੰਗ ਭਰਨ ਦਾ ਗੁਣ। ਹਰ ਪ੍ਰਕਾਰ ਦੇ ਕੋਮਲ ਹੁਨਰਾਂ ਦਾ ਅੰਤਮ ਨਿਸ਼ਾਨਾ ਇਹੋ ਹੁੰਦਾ ਹੈ ਕਿ ਕੋਮਲ ਰਚਨਾ (artistic creation) ਦੁਆਰਾ ਅਜਿਹਾ ਰੂਪ ਵਿਦਮਾਨ ਕੀਤਾ ਜਾਵੇ, ਜਿਸ ਨਾਲ ਦਰਸ਼ਕ ਨੂੰ ਸਰਵਤ੍ਰ, ਸਤਯ ਦਾ ਭੁਲੇਖਾ ਪਵੇ। ਮਨੋਕਲਪਿਤ ਵਾਸਤਵ-ਨਿਰਾਧਾਰ ਰਚਨਾ ਇਉਂ ਦਿੱਸ ਆਵੇ ਕਿ ਇਹ ਸੁਤਾਹ-ਸਤਯ ਹੈ, ਐਵੇਂ ਕਥਨੀ ਮਾਤਰ ਮਾਯਾਧਾਰ ਦ੍ਰਿਸ਼ ਰੂਪ ਨਹੀਂ। ਜਿਸ ਹੱਦ ਤਕ ਕਲਾਕਾਰ ਇਹ ਇੰਦ੍ਰਜਾਲ ਰਚਨ ਵਿਚ ਸਫਲ ਹੁੰਦਾ ਹੈ, ਉਸ ਹੱਦ ਤਕ ਉਸ ਦੀ ਕਲਾ ਤੇ ਕ੍ਰਿਤ ਕਾਮਯਾਬ ਕਹੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ, ਜਿਥੇ ਗੁਰੂ ਅਵਤਾਰ, ਜਨਮ ਤੋਂ ਸਰਵਸਿਧਿ ਦੇ ਧਾਰਣੀ, ਮੁਕੰਦ ਤੇ ਮੁਕਤੀ ਪੱਥ ਦਰਸ਼ਕ ਜਯੋਤੀ ਤੇ ਗੁਰਬਾਣੀ ਦੇ ਪੈਗ਼ੰਬਰ ਸਨ, ਉਥੇ ਇਕ ਮਹਾਨ ਕਲਾਕਾਰ ਤੇ ਧੁਰੰਧਰ ਵਿਦਵਾਨ ਭੀ ਸਨ। ਉਹ ਜਾਣਦੇ ਸਨ ਕਿ ਮਾਯਾ-ਚਰਿਤ੍ਰ ਤੇ ਰੂਪ ਨਿਰਮਿਤ ਕਰਨਾ, ਜਿਨ੍ਹਾਂ ਤੋਂ ਕਿ ਵਾਸਤਵਿਕ ਸੱਤਯ ਦਾ ਅਤੁੱਟ ਭੁਲੇਖਾ ਪਵੇ, ਇਹੋ ਉੱਚੀ ਕਲਾ ਦਾ ਆਸ਼ਾ ਹੈ। ਤਾਹੀਉਂ ਤਾਂ ਗੁਰੂ ਨੇ ਕਲਾਕਾਰ ਦੀ ਪ੍ਰਤਿਭਾ ਬਾਰੇ ਕਿਹਾ ਹੈ ਕਿ "ਤੁਹੀ ਜੋਗ ਮਾਯਾ, ਤੁਹੀ ਬਾਕ ਬਾਨੀ।" ਇਸ ਆਸ਼ਾ ਪੂਰਤੀ ਲਈ ਕਲਾਕਾਰ ਆਪਣੀ ਰਚਨਾ ਵਿਚ ਸਥਾਨਿਕ ਤੇ ਇਤਿਹਾਸਕ ਰੰਗ ਭਰਦੇ ਹਨ, ਤਾਂ ਜੁ ਉਨ੍ਹਾਂ ਦੀ ਰਚਨਾ ਆਪਣੇ ਅੰਤਿਮ ਆਸ਼ੇ ਵਿਚ ਸਫਲ ਹੋਵੇ। ਪਿੱਛੇ, ਜੋ ਕਾਦਰਯਾਰ ਦੀ 'ਸੀਹਰਫ਼ੀ' ਦੀ ਤੁਕ ਦਿੱਤੀ ਹੈ, "ਅਲਫ਼, ਆਖ ਸਾਖੀ, ਸਿਆਲਕੋਟ ਅੰਦਰ, ਪੂਰਨ ਪੁੱਤ ਸਲਵਾਨ ਦੇ ਜਾਇਆ ਏ।" ਇਸ ਵਿਚ 'ਸਿਆਲਕੋਟ', 'ਪੂਰਨ' ਤੇ 'ਸਾਲਵਾਹਨ' ਸਥਾਨਿਕ, ਵਾਸਤਵਿਕ ਤੇ ਇਤਿਹਾਸਕ ਰੰਗ ਕਵੀ ਨੇ ਭਰੇ ਹਨ। 'ਸਿਆਲਕੋਟ' ਪੰਜਾਬ ਦਾ ਪ੍ਰਸਿੱਧ ਨਗਰ ਹੈ ਤੇ ਕਾਦਰਯਾਰ ਦੀ 'ਸੀਹਰਫ਼ੀ' ਪੰਜਾਬੀ ਵਿਚ ਪੰਜਾਬੀਆਂ ਲਈ ਲਿਖੀ ਗਈ। ਇਸ ਤਰ੍ਹਾਂ ਮਾਤ-ਪੁਤਰ ਵਿਭਚਾਰ ਦੀ ਇਸ ਵਿਸ਼ਵ ਪ੍ਰਚਲਿਤ ਪ੍ਰਾਚੀਨ ਕਹਾਣੀ ਦੇ ਭਾਰਤੀ ਰੂਪਾਂਤਰ ਨੂੰ ਸਥਾਨਿਕ ਪਿਛੋਕੜ ਕਵੀ ਨੇ ਦੇ

ਦਿੱਤਾ ਹੈ। 'ਪੂਰਨ' ਨਾਮ ਵਾਸਤਵਿਕ ਰੰਗ ਹੈ, ਕਿਉਂਕਿ ਇਹ ਇਕ ਆਮ ਪੰਜਾਬੀ ਨਾਮ ਹੈ ਅਤੇ 'ਸਾਲਵਾਹਨ' ਰਾਜਾ ਭਾਰਤੀ ਇਤਿਹਾਸ ਵਿਚ ਹੋਇਆ ਤਾਂ ਹੈ, ਪਰ 'ਸਿਆਲਕੋਟ' ਉਸ ਦੀ ਰਾਜਧਾਨੀ ਨਹੀਂ ਸੀ ਅਤੇ ਨਾ ਉਸ ਦਾ ਨਿਵਾਸ ਅਸਥਾਨ, ਐਵੇਂ ਰਾਜ ਪ੍ਰਬੰਧਕ ਕੇਂਦਰ ਸੀ, ਜਿਵੇਂ ਪਿਸ਼ੌਰ ਮਹਾਰਾਜਾ ਰਣਜੀਤ ਸਿੰਘ ਦਾ ਸੀ, ਪਰ ਕਾਦਰਯਾਰ ਦਾ ਮੰਤਵ ਕੇਵਲ ਇਸ ਜਗਤ ਪ੍ਰਸਿੱਧ ਤੇ ਵਿਸ਼ਵ ਪ੍ਰਚਲਿਤ ਕਿੱਸੇ ਨੂੰ ਇਤਿਹਾਸਕ ਰੰਗ ਦੇਣਾ ਸੀ ਤਾਂ ਜੁ ਉਸ ਦੀ ਕਾਵਿ-ਰਚਨਾ ਦਾ ਮਾਯਾ-ਜਾਲ ਅਸਲੀ ਹੋ ਭਾਸੇ, ਜੋ ਕਿ ਹਰ ਕਲਾ ਦਾ ਮੁਖ ਮੰਤਵ ਹੈ। ਇਸ ਤੋਂ ਇਹ ਅਨੁਮਾਨਣਾ ਕਿ ਮਹਾਰਾਜਾ ਸਾਲਵਾਹਨ, ਜਿਸ ਤੋਂ ਕਿ ਅੱਜ ਤੋਂ 1880 ਵਰ੍ਹੇ ਪਹਿਲੋਂ ਸ਼ਾਕਾ ਸੰਮਤ ਆਰੰਭ ਹੋਇਆ ਅਤੇ ਜਿਸ ਦੀ ਰਾਜਧਾਨੀ ਪ੍ਰਤਿਸ਼ਠਾਨ (ਦੱਖਣ) ਸੀ, ਉਹ ਸਿਆਲਕੋਟ ਵਿਚ ਰਹਿੰਦਾ ਸੀ ਤੇ ਲੂਣਾ ਚਮਿਆਰੀ ਵਿਆਹ ਲਿਆਇਆ ਸੀ, ਇਕ ਭਾਰੀ ਭੁੱਲ ਹੋਵੇਗੀ ਤੇ ਅਨੁਮਾਨਣ ਵਾਲੇ ਦੀ ਅਵਿੱਦਿਆ ਦਾ ਸਬੂਤ ਭੀ।

'ਤ੍ਰਿਯਾਚਰਿਤ੍ਰ' ਦੀ 21ਵੀਂ, 22ਵੀਂ ਤੇ 23ਵੀਂ ਸਾਖੀ ਵਿਚ, ਇਸ ਗ੍ਰੰਥ ਦੇ ਕਰਤਾ, ਗੁਰੂ ਗੋਬਿੰਦ ਸਿੰਘ ਜੀ ਨੇ ਸਥਾਨਿਕ ਤੇ ਵਾਸਤਵਿਕ ਰੰਗ, ਉਨਰ ਪੂਰਤੀ ਆਸ਼ੇ ਨੂੰ ਮੁਖ ਰੱਖ ਕੇ ਭਰਿਆ ਹੈ, ਉਸ ਤੋਂ ਹੀ ਅਣਜਾਨ ਆਦਮੀ ਭੁਲੇਖਾ ਖਾ ਕੇ ਇਉਂ ਅਨੁਮਾਨਦੇ ਹਨ ਕਿ ਕਰਤਾ ਆਪਣੇ ਜੀਵਨ ਦੀ ਇਤਿਹਾਸਕ ਘਟਨਾ ਬਿਆਨ ਕਰ ਰਿਹਾ ਹੈ। ਦਸਮ ਗੁਰੂ ਮਹਾਰਾਜ ਦੀ ਬਹੁਪੱਖੀ ਸ਼ਖ਼ਸੀਅਤ ਨੇ ਇਸ ਬੱਜਰ ਭੁਲੇਖੇ ਨੂੰ ਹੋਰ ਪ੍ਰਪੱਕ ਕੀਤਾ ਹੈ, ਜਿਸ ਕਾਰਨ ਕਿ ਸ਼ਰਧਾ-ਯੁਕਤ ਸਿੱਖ ਇਉਂ ਸਮਝਦੇ ਹਨ ਕਿ ਇਹ ਵਾਕ ਗੁਰੂ ਦੇ ਹਨ ਅਤੇ ਇਸ ਲਈ ਹਰ ਪਹਿਲੂ ਤੋਂ ਤ੍ਰਿੰਨ ਕਾਲ ਸੱਤਯ ਹਨ।

ਇਹ ਹੈ ਤੀਜਾ ਕਾਰਨ, ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਵਰਗੇ ਵਿਦਵਾਨਾਂ ਦਾ ਇਸ ਭੁਲੇਖੇ ਵਿਚ ਫਸ ਜਾਣ ਦਾ ਕਿ ਰੂਪ ਕੌਰ ਦੀ ਕਹਾਣੀ, ਇਸ ਦੇ ਕਰਤਾ ਦੇ ਜੀਵਨ ਦੀ ਇਤਿਹਾਸਕ ਘਟਨਾ ਹੈ, ਮਨੋਕਲਪਤ ਵਾਰਤਾ ਨਹੀਂ। ਉਹ ਸਾਹਿਤ ਕਲਾ ਭੇਦ (literary technique) ਨੂੰ ਯਥਾਰਥ ਵਰਣਨ ਸਮਝਣ ਦੀ ਭੁੱਲ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਹਿਤ ਕਲਾ ਦੇ ਭੇਦ ਨੂੰ ਇਨ੍ਹਾਂ ਤਿੰਨ ਚਰਿਤ੍ਰਾਂ, 21, 22 ਤੇ 23 ਵਿਚ ਐਸੀ ਚਤੁਰਤਾ ਨਾਲ ਵਰਤਿਆ ਹੈ ਕਿ ਸਾਧਾਰਣ ਪੁਰਸ਼ ਦਾ ਭੁਲੇਖਾ ਖਾ ਜਾਣਾ ਅਚੰਭੇ ਦੀ ਗੱਲ ਨਹੀਂ ਭਾਸਦੀ। ਤਾਂ ਹੀ ਤਾਂ ਗੁਰੂ ਨੇ ਆਪ ਇਸ ਰਚਨਾ ਬਾਰੇ ਕਿਹਾ ਹੈ ਕਿ "ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ"। ਇਹ ਭਾਵ ਕਿ ਤ੍ਰਿਯਾਚਰਿਤ੍ਰ ਦੇ ਕਥਾ-ਵਸਤੂ ਨੂੰ ਬੜੇ ਗੌਹ ਨਾਲ, 'ਚਿਤ ਲਾਇ', ਵਿਚਾਰੋ ਤਾਂ ਭੇਤ ਖੁੱਲ੍ਹਣਗੇ, ਜਿਸ ਨਾਲ ਪਾਠਕ ਦੀ ਬੁੱਧੀ ਦੀ ਤੀਕਸ਼ਣਤਾ ਵਿਚ ਵਾਧਾ ਹੋਵੇਗਾ:

**ਤੀਰ ਸੱਤੁਦ੍ਰਵ ਕੇ ਹੁਤੋ ਪੁਰ ਅਨੰਦ ਇਕ ਗਾਂਉ॥**
**ਨੇਤ੍ਰ ਤੁੰਗ ਕੇ ਢਿਗ ਬਸਤ ਕਾਹਲੂਰ ਕੇ ਠਾਉ॥੩॥**

ਇਹ, ਸਤਲੁਜ ਦੇ ਕੰਢੇ ਨੈਣਾ ਦੇਵੀ ਦੇ ਟਿੱਲੇ ਕੋਲ, ਕਾਹਲੂਰ ਰਾਜ ਵਿਚ ਅਨੰਦਪੁਰ ਨਾਮੀ ਪਿੰਡ ਉਹੋ ਹੈ, ਜੋ ਭੰਗਾਣੀ ਦੇ ਯੁੱਧ ਉਪ੍ਰਾਂਤ ਦਸਮ ਪਾਤਸ਼ਾਹ ਨੇ ਆਣ ਵਸਾਇਆ ਸੀ:

**ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਵ॥** *(ਦਸਮ ਗ੍ਰੰਥ, ਪੰਨਾ 62)*

ਹੁਣ ਅਜਿਹੇ ਮਹਾਨ ਤੇ ਪ੍ਰਸਿੱਧ ਨਗਰ ਵਿਚ ਵਾਪਰੀ ਘਟਨਾ 'ਤ੍ਰਿਯਾਚਰਿਤ੍ਰ' ਦਾ ਕਰਤਾ ਵਰਣਨ ਕਰਨ ਲੱਗਾ ਹੈ ਤਾਂ ਕਿਹੜਾ ਪਾਠਕ ਤੇ ਸ੍ਰੋਤਾ ਹੈ ਜੋ ਆਪਣੀਆਂ

ਬਿਰਤੀਆਂ ਇਕਾਗਰ ਕਰਕੇ, ਹਿਤ ਚਿਤ ਲਾ ਕੇ ਨਾ ਸੁਣੇਗਾ ? ਬਸ, ਇਹੋ ਨਿਸ਼ਾਨਾ ਸੀ ਕਰਤਾ ਦਾ, ਪਾਠਕਾਂ ਸ੍ਰੋਤਿਆਂ ਦਾ ਧਿਆਨ ਇਕਾਗਰ ਕਰ ਲੈਣ ਦਾ ਤੇ ਇਸ ਵਿਚ ਉਹ ਸਫਲ ਹੋਇਆ ਹੈ। ਹੋਰ, ਇਸ ਤੋਂ ਅੱਗੇ ਕਹੀ ਜਾਣ ਵਾਲੀ ਕਹਾਣੀ ਦਾ ਅਨੰਦਪੁਰ, ਖ਼ਾਲਸੇ ਦੀ ਜਨਮਭੂਮੀ ਦੀ ਤਾਰੀਖ਼ ਨਾਲ, ਕੋਈ ਸਿੱਧਾ ਯਾ ਅਸਿੱਧਾ ਸੰਬੰਧ ਨਹੀਂ ਹੈ :

**ਏਕ ਤ੍ਰਿਯਾ ਧਨਵੰਤ ਕੀ ਤੌਨ ਨਗਰ ਮੈ ਆਨਿ ॥**
**ਹੇਰਿ ਰਾਇ ਪੀੜਤ ਭਈ ਬਿਧੀ ਬਿਰਹਾ ਕੇ ਬਾਨ ॥੫॥**

ਕਿਸੇ ਅਮੀਰ ਆਦਮੀ ਦੀ ਵਹੁਟੀ, ਜਿਸ ਦੇ ਪਤੀ ਨੂੰ ਕਿ ਦਫ਼ਤਰ ਵਾਲਿਆਂ ਨੇ ਛੁੱਟੀ ਨਹੀਂ ਦਿੱਤੀ ਹੋਵੇਗੀ, ਅਨੰਦਪੁਰ ਆਈ ਤੇ ਉਥੋਂ ਦੇ 'ਰਾਇ' ਨੂੰ ਦੇਖਦੇ ਸਾਰ ਮੋਹਤ ਤੇ ਬ੍ਰਿਹਾ ਵਿਚ ਬਿਹਬਲ ਹੋ ਗਈ। ਆਪਣੇ ਨੌਕਰਾਂ ਨੂੰ ਕਹਿਣ ਲੱਗੀ, ਜਿਵੇਂ ਕਿਵੇਂ ਹੋਵੇ, ਇਸ ਰਾਜੇ ਨੂੰ ਮੇਰੇ ਘਰ ਲੈ ਆਓ, "ਨਗਰ ਰਾਇ ਤੁਮਰੋ ਬਸਤ ਤਾਹਿ ਮਿਲਾਵਹੁ ਮੋਹਿ।" ਉਸ ਤੀਵੀਂ, ਜਿਸ ਦਾ ਨਾਮ ਕਿ 'ਰੂਪ ਕੌਰ' ਸੀ, ਯਾ ਜੋ ਸ਼ਹਿਜ਼ਾਦੀਆਂ ਵਰਗੀ ਰੂਪਵਤੀ ਸੀ, ਦੇ ਨੌਕਰ ਰਾਜੇ ਨੂੰ ਕਹਿਣ ਲੱਗੇ, ਜੇ ਤੂੰ ਮੰਤਰ ਸਿੱਖਣਾ ਚਾਹੁੰਦਾ ਹੈਂ, ਜਿਸ ਦੀ ਕਿ ਤੂੰ ਢੂੰਡ ਵਿਚ ਹੈਂ, ਤਾਂ ਜਿਵੇਂ ਅਸੀਂ ਕਹੀਏ ਤੇ ਜਿਥੇ ਕਹੀਏ, ਓਥੇ ਚੱਲ। ਜਿਸ ਗੁਰੂ-ਘਰ ਦੀ ਸਿੱਖਿਆ ਹੈ ਕਿ :

**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥** *(ਪੰਨਾ 766)*

ਉਹ ਗੁਰੂ ਇਹ 'ਰਾਇ' ਕਿਵੇਂ ਹੋ ਸਕਦਾ ਹੈ, ਸਿਦਕਵਾਨ ਸਿੱਖ ਇਉਂ ਵਿਚਾਰਨ!

ਖ਼ੈਰ, 'ਰਾਇ' ਸਾਹਿਬ ਸਾਧੂ ਦਾ ਭੇਸ ਬਣਾ ਕੇ ਰਾਤ੍ਰੀ ਦੇ ਸਮੇਂ ਰੂਪ ਕੌਰ ਦੇ ਡੇਰੇ 'ਤੇ ਪੁੱਜ ਗਏ, ਤਾਂ ਇਸ ਦੇ ਮਨ ਦੀ ਮੁਰਾਦ ਪੂਰੀ ਹੋਈ ਜਾਣ, ਵਸਤਰ ਭੂਖਣ ਸਜਾ ਲਏ ਅਤੇ 'ਰਾਇ' ਸਾਹਿਬ ਵਾਸਤੇ :

**ਫੂਲ, ਪਾਨ ਅਰੁ ਕੈਫ ਮੰਗਾਯੋ ॥**
**ਆਗੇ ਟਰਿ ਤਾ ਕੌ ਤਿਨ ਲੀਨਾ ॥ (੧੧)**

ਪਾਨ ਬਾਬਤ ਦਸਮ ਗੁਰੂ ਦਾ ਰਹਿਤਨਾਮਿਆਂ ਦੁਆਰਾ ਹੁਕਮ ਹੈ ਕਿ "ਸਿੱਖ ਹੋਇ ਕਰ ਪਾਨ ਖਾਏ, ਸੋ ਭੀ ਤਨਖਾਹੀਆ", ਪਰ ਇਸ ਕਹਾਣੀ ਦੇ ਪਾਤਰ ਨੇ ਅਗਾਂਹ ਵਧ ਕੇ, 'ਆਗੇ ਟਰਿ' ਪਾਨ ਤੇ ਹਫ਼ੀਮ ਮਿਲੀ ਸ਼ਰਾਬ ਫੜ ਕੇ ਛਕ ਲਈ।

ਕੈਫ਼ ਛਕਿਆ ਹੋਇਆ ਹੋਵੇ, ਪਾਨ ਦਾ ਬੀੜਾ ਮੂੰਹ ਵਿਚ ਹੋਵੇ ਤੇ ਮੰਚ ਪੁਸ਼ਪ ਸਸ਼ੋਭਤ ਹੋਵੇ, ਤਾਂ 'ਤ੍ਰਿਯ' ਇਉਂ ਨਾ ਕਹਿੰਦੀ ਤਾਂ ਹੋਰ ਕੀ ਕਰਦੀ ?

**ਤਬ ਤਾ ਸੋ ਤ੍ਰਿਯ ਯੋ ਕਹੀ ਭੋਗ ਕਰਹੁ ਮੁਹਿ ਸਾਥ ॥ (੧੩)**

'ਰਾਇ' ਸਾਹਿਬ ਐਵੇਂ ਹੈਰਾਨ ਪਏ ਹੁੰਦੇ ਹਨ ਕਿ :

**ਮੰਤ੍ਰ ਲੈਨ ਆਯੋ ਹੁਤੋ ਭਈ ਔਰ ਕੀ ਔਰ ॥੧੪॥**

ਹੁਣ ਅੱਗੇ 'ਰਾਇ' ਸਾਹਿਬ ਤੇ ਰੂਪ ਕੌਰ ਵਿਚਕਾਰ ਜੋਗੀ ਤੇ ਸਹਿਤੀ ਦੇ ਸੁਆਲ ਜੁਆਬ ਸ਼ੁਰੂ ਹੁੰਦੇ ਹਨ :

ਸੁਆਲ : **'ਕਹਜੋ ਤੁਹਾਰੋ ਮਾਨਿ ਭੋਗ ਤੋ ਸੋ ਨਹਿ ਕਰਿਹੋ ॥.....**
**ਧਰਮਰਾਜ ਕੀ ਸਭਾ ਠੌਰ ਕੈਸੇ ਕਰਿ ਪਾਊਂ ? ॥੧੭॥**

ਜੁਆਬ : **ਕਾਮਾਤੁਰ ਹੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥**
**ਮਹਾ ਨਰਕ ਸੋ ਡਾਰਿਯੈ, ਦੈ ਜੋ ਜਾਨ ਨਿਰਾਸ ॥੧੮॥**

ਸੁਆਲ: **ਪਾਂਇ ਪਰਤ ਮੋਰੋ ਸਦਾ ਪੂਜ ਕਹਤ ਹੈ ਮੋਹਿ ॥**
**ਤਾ ਸੋ ਰੀਝ ਰਮਜੋ ਚਹਤ ਲਾਜ ਨ ਆਵਤ ਤੋਹਿ ? ॥੧੯॥**
ਜੁਆਬ: **ਕ੍ਰਿਸ਼ਨ ਪੂਜ ਜਗ ਕੇ ਭਏ ਕੀਨੀ ਰਾਸਿ ਬਨਾਇ ॥**
**ਭੋਗ ਰਾਧਿਕਾ ਸੋ ਕਰੇ ਪਰੇ ਨਰਕ ਨਹਿ ਜਾਇ ॥੨੦॥**

ਗੱਲ ਕੀ, 'ਤ੍ਰਿਯ' ਰੂਪੀ ਸਹਿਤੀ ਨੇ, 'ਰਾਇ' ਰੂਪੀ ਜੋਗੀ ਰਾਂਝੇ ਨੂੰ ਨਿਰੁੱਤ੍ਰ ਕਰ ਦਿੱਤਾ, ਇਉਂ ਕਹਿ ਕੇ:

**ਪੰਚ ਤੱਤ ਲੈ ਬ੍ਰਹਮ ਕਰ ਕੀਨੀ ਨਰ ਕੀ ਦੇਹ ॥**
**ਕੀਯਾ ਆਪ ਹੀ ਤਿਨ ਬਿਖੈ ਇਸਤ੍ਰੀ ਪੁਰਖ ਸਨੇਹ ॥੨੧॥**

ਕਾਤਹਉਲਬੁਰਹਾਨ, ਸ਼ੰਕਾਸਮਾਧਾਨਕ ਸਤਿਗੁਰੂ ਗੋਬਿੰਦ ਸਿੰਘ ਜਿਨ੍ਹਾਂ ਉੱਤੇ ਉਕਤੀ-ਯੁਕਤੀ ਸੰਬਾਦ ਦੁਆਰਾ ਵਿਜੇ ਪਰਾਪਤ ਕਰਨ ਦੀ ਸ਼ਕਤੀ ਮ੍ਰਿਤੂ ਲੋਕ, ਦੇਵ ਲੋਕ ਤੇ ਪਾਤਾਲ ਲੋਕ ਵਿਚ, ਕਿਸੇ ਜੀਵ ਨੂੰ ਨਹੀਂ ਸੀ, ਜਿਨ੍ਹਾਂ ਦੀ ਦੁਪਹਿਰ ਦੇ ਸੂਰਜ ਵਤ ਤੇਜਮਈ ਕ੍ਰਾਂਤੀ ਵੱਲ ਕੋਈ ਝਾਕ ਨਹੀਂ ਸੀ ਸਕਦਾ, "ਦੁਰਨਰਿੱਛ ਦਰਸ਼ਨ ਸਤਿਗੁਰ ਕੇ", ਇਹ ਉਪਰੋਕਤ ਫੋਕੀਆਂ ਗੱਲਾਂ ਰੂਪ ਕੌਰ ਉਨ੍ਹਾਂ ਨਾਲ ਕਰ ਰਹੀ ਹੈ ? ਬੁੱਧੀਵਾਨਾਂ ਨੂੰ ਇਉਂ ਵਿਚਾਰ ਕਰਨਾ ਯੋਗ ਹੈ।

'ਰਾਇ' ਸਾਹਿਬ ਨੂੰ ਜਕੋ-ਤੱਕਿਆਂ ਵਿਚ ਦੇਖ ਕੇ 'ਰੂਪ ਕੌਰ' ਨੇ ਇਕ ਹੋਰ ਤੀਰ ਛੱਡਿਆ:

**ਆਜੁ ਹਮਾਰੇ ਸਾਥ ਮਿੱਤ੍ਰ ਰੁਚਿ ਸੌ ਰਤਿ ਕਰਿਯੈ ॥**
**ਹੋ ਨਾ ਤਰ ਛਾਡੋ ਟਾਂਗ ਤਰੇ ਅਬਿ ਹੋਇ ਨਿਕਰਿਯੈ ॥੨੮॥**

ਨਹੀਂ ਤਾਂ ਮੇਰੇ ਨਾਲ ਭੋਗ ਕਰੋ, ਯਾ ਮੰਨ ਲਓ, ਕਿ ਤੁਸੀਂ ਨਾ-ਮਰਦ ਹੋ ਤੇ ਮੇਰੀ ਟੰਗ ਹੇਠੋਂ ਨਿਕਲ ਜਾਓ। ਇਹ ਚੈਲੰਜ ਸੁਣ ਕੇ:

**ਰਾਇ ਚਿੱਤ ਇਹ ਭਾਂਤਿ ਬਿਚਾਰੋ ॥**
**ਇਹਾਂ ਸਿੱਖ ਕੋਊ ਨ ਹਮਾਰੋ ॥.....੪੧॥**
**ਕਵਨ ਸਿੱਖਜ ਮੋਹਿ ਆਨਿ ਉਬਾਰੈ ॥੪੨॥**

ਇਥੇ ਤਾਂ ਕੋਈ 'ਸਿੱਖਯ' ਨੇੜੇ ਨਹੀਂ ਜਿਹੜਾ ਮੈਨੂੰ ਬਚਾ ਲਵੇ, ਕੀ ਇਹ ਵਿਚਾਰ ਉਸ ਗੁਰੂ ਗੋਬਿੰਦ ਸਿੰਘ ਦੇ ਹਨ, ਜਿਨ੍ਹਾਂ ਬਾਬਤ ਕਿ ਕਿਹਾ ਹੈ:

**ਜਾਹਿ ਸੰਗ੍ਰਾਮ ਬਾਰਤਾ ਹੋਇ, ਸ਼ਸਤ੍ਰ ਪ੍ਰਹਾਰਨ ਕਰਹਿ ਬਖਾਨ ॥**
**ਤਹ ਪ੍ਰਥਮ ਗਿਨਤੀ ਮਹਿ ਸਗਰੇ ਕਲਗੀਧਰ ਕੋ ਗਿਨਹ ਮਹਾਨ ?**

ਸਰਲ ਸੁਭਾ ਸ਼ਰਧਾਲੂ ਸਿੱਖ ਇਉਂ ਨਹੀਂ ਵਿਚਾਰਦੇ। 'ਸਿੱਖਯ' ਸ਼ਬਦ ਤੋਂ ਧੋਖਾ ਖਾ ਕੇ ਸਮਝਦੇ ਹਨ ਕਿ 'ਸਿੱਖ' ਤਾਂ ਗੁਰੂ ਦੇ ਹੀ ਹੁੰਦੇ ਹਨ। 'ਸਿੱਖਯ' ਸ਼ਬਦ ਇਥੇ 'ਨੌਕਰ', 'ਮੁਲਾਜ਼ਮ' ਦੇ ਅਰਥਾਂ ਵਿਚ ਆਇਆ ਹੈ ਅਤੇ ਇਨ੍ਹਾਂ ਹੀ ਅਰਥਾਂ ਵਿਚ ਇਹ 'ਸਿੱਖਯ' ਸ਼ਬਦ ਅੱਗੇ ਜਾ ਕੇ ਭੀ ਵਰਤਿਆ ਹੋਇਆ ਹੈ, ਜਿਥੇ ਕਿਹਾ ਹੈ ਕਿ ਰੂਪ ਕੌਰ ਨੇ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਨੌਕਰ ਜਗਾ ਦਿੱਤੇ:

**ਚੋਰ ਚੋਰ ਕਹਿ ਕੈ ਉਠੀ ਸਿੱਖਜਨ ਦਿਯੋ ਜਗਾਇ ॥** (੫੯)

'ਕਬਿਉਬਾਚ ਬੇਨਤੀ ਚੌਪਈ', ਜੋ ਕਿ 'ਤ੍ਰਿਯਾਚਰਿਤ੍ਰ' ਦਾ ਹੀ ਸਾਹਿਤਕ ਭਾਗ ਹੈ, ਵਿਚ ਭੀ 'ਸਿੱਖ' ਸ਼ਬਦ, ਨੌਕਰਾਂ ਚਾਕਰਾਂ ਦੇ ਅਰਥ ਵਿਚ ਹੀ, ਇਸੇ ਲੇਖਕ ਗੁਰੂ ਸਾਹਿਬ ਨੇ ਵਰਤਿਆ ਹੈ: "ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿਖ੍ਯ ਸਭੈ ਕਰਤਾਰਾ ॥"

ਇਥੇ 'ਸਿੱਖ' ਦੇ ਅਰਥ ਸਿੱਖ ਮਤ ਦਾ ਧਾਰਣੀ ਨਹੀਂ ਹਨ, ਨੌਕਰ ਚਾਕਰ, ਨਾਲ ਰਹਿ ਕੇ ਸੇਵਾ ਵਾਲੇ ਹਨ। ਐਸੇ ਅਰਥ ਭੇਦਾਂ ਬਾਬਤ ਹੀ ਕਿਹਾ ਹੈ ਕਿ:

**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥**

ਜੇ 'ਤ੍ਰਿਯਾਚਰਿਤ੍ਰ' ਵਰਗੇ ਗ੍ਰੰਥ-ਸਾਹਿਤ ਨੂੰ ਗੌਹ ਨਾਲ ਨਾ ਵੀਚਾਰੀਏ ਤਾਂ ਚਤੁਰਤਾ ਦੀ ਥਾਂ ਬੁੱਧੀ ਤੇ ਮਨ ਵਿਚ ਗਿਲਾਨੀ ਆਉਂਦੀ ਹੈ।

'ਤ੍ਰਿਯਾਚਰਿਤ੍ਰ' ਦੇ ਕਰਤਾ ਨੇ ਇਥੇ 'ਸਿੱਖਜ' ਪਦ, ਬਹੁ ਭਾਵਾਰਥ ਵਾਚਕ ਭੀ ਜਾਣ-ਬੁੱਝ ਕੇ ਵਰਤਿਆ ਹੈ, ਤਾਂ ਜੁ ਇਹ ਕਹਾਣੀ ਅਰੰਭਣ ਵੇਲੇ, 'ਅਨੰਦਪੁਰ' ਦਾ ਜ਼ਿਕਰ ਕਰਕੇ ਜਿਹੜਾ ਮਾਯਾ-ਜਾਲ ਤਣਿਆ ਸੀ, ਉਸ ਨੂੰ ਕੁਝ ਸਹਾਰਾ ਮਿਲੇ। ਕਥਾ ਦੇ ਇਸ ਥਾਂ 'ਤੇ ਆ ਕੇ ਇਸ ਸਹਾਰੇ ਦੀ ਲੋੜ ਡਾਢੀ ਵਧ ਗਈ ਸੀ, ਕਿਉਂਜੁ ਸਰਲ ਤੋਂ ਸਰਲ ਸੁਭਾ ਪਾਠਕ, ਸ੍ਰੋਤਾ ਭੀ ਇਥੇ ਆ ਕੇ ਚੇਤੰਨ ਹੋ ਉਠਦਾ ਹੈ, ਕਿ ਇਹ ਜੰਤ੍ਰ ਮੰਤ੍ਰ ਲਈ ਭੇਸ ਬਦਲਣ ਵਾਲੀ ਹਸਤੀ, ਹੁੱਕੇ ਸ਼ਰਾਬਾਂ ਪੀਣ ਵਾਲਾ, ਅਵਾਰਾ ਤ੍ਰੀਮਤਾਂ ਦੇ ਪੰਜੇ ਵਿਚ ਫਸ ਜਾਣ ਵਾਲਾ, 'ਰਾਇ', ਅਨੰਦਪੁਰਾਧੀਸ਼, ਗੁਰੂ ਨਹੀਂ ਹੋ ਸਕਦਾ। ਪਰ ਕਲਾ ਦੀ ਆਸ਼ਾ ਪੂਰਤੀ ਲਈ ਇਹ ਅਤਿ ਜ਼ਰੂਰੀ ਹੈ ਕਿ ਪਾਠਕ ਸ੍ਰੋਤੇ ਕਲਾ-ਕਾਵਿ ਦੇ ਮਾਯਾ-ਜਾਲ ਦੀ ਨੀਂਦਰ ਤੋਂ ਅੰਤ ਤਕ ਜਾਗਰਤ ਨਾ ਹੋਣ, ਤਾਂ ਜੁ ਅੰਤ ਨੂੰ ਜਦੋਂ ਉਨ੍ਹਾਂ ਦੀ ਮਨ ਦੀ ਅੱਖ ਖੁੱਲ੍ਹੇ ਤਾਂ ਕਲਾ ਦਾ ਅਸਰ ਹੋ ਚੁੱਕਾ ਹੋਵੇ ਤੇ ਕਲਾਕਾਰ ਜੋ ਭਾਵ ਚੇਤੰਨਤਾ ਤੇ ਮਾਨਸਿਕ ਪਰਿਵਰਤਨ ਪਾਠਕਾਂ ਅੰਦਰ ਉਪਜਾਣਾ ਚਾਹੁੰਦਾ ਹੈ, ਹੋਂਦ ਵਿਚ ਆ ਚੁੱਕੀ ਹੋਵੇ। ਇਸੇ ਨੂੰ ਅਰਸਤੂ (Aristotle) ਮਲਨਵ੍ਰਿਤੀ ਕਹਿੰਦਾ ਹੈ, ਜੋ ਕਿ ਹਰ ਉੱਚੀ ਕਲਾ ਦਾ ਅੰਤਮ ਨਿਸ਼ਾਨਾ ਹੈ।

ਅੰਤ ਵਿਚ 'ਰੂਪ ਕੌਰ' ਨੇ ਡਰਾਇਆ ਕਿ ਜੇ ਕਿਵੇਂ ਭੀ ਨਹੀਂ ਮੰਨਦੇ ਤਾਂ:

**ਅਬ ਹੀ ਚੋਰਿ ਚੋਰਿ ਕਹਿ ਉਠਿਹੌ॥**
**ਤੁਹਿ ਕੋ ਪਕਰਿ ਮਾਰ ਹੀ ਸੁਟਿਹੌ॥੫੫॥**

ਫੇਰ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਡੇਰੇ ਦੇ 'ਸਿੱਖਜਨ' ਜਗਾ ਦਿੱਤੇ ਅਤੇ 'ਰਾਇ' ਸਾਹਿਬ ਆਪਣੀ ਜੁੱਤੀ ਧੋਤੀ ਛੱਡ ਕੇ ਨੱਸ ਗਏ। ਇਉਂ 'ਇਕੀਸਮੋ ਚਰਿਤ੍ਰ ਸਮਾਪਤ' ਹੁੰਦਾ ਹੈ। ਹੁਣ ਬਾਈਵਾਂ ਚਰਿਤ੍ਰ ਬਸ ਇਤਨਾ ਹੀ ਹੈ ਕਿ:

**ਚੋਰ ਬਚਨ ਸਭ ਹੀ ਸੁਨਿ ਧਾਏ॥**
**ਕਾਢੇ ਖੜਗ ਰਾਇ ਪ੍ਰਤਿ ਆਏ॥.....**
**ਆਗੇ ਪਾਛੇ ਦਾਹਿਨੇ ਘੇਰਿ ਦਸੋ ਦਿਸ ਲੀਨ॥.....**
**ਲਾਤ ਮੁਸਟ ਬਾਜਨ ਲਗੀ ਸਿੱਖਜ ਪਹੂੰਚੇ ਆਇ॥**
**ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ॥੭॥**

'ਰਾਇ' ਆਪ ਤਾਂ ਰੌਲੇ-ਗੌਲੇ ਵਿਚ ਬਚ ਕੇ ਨਿਕਲ ਗਿਆ ਤੇ ਰੂਪ ਕੌਰ ਦਾ ਭਾਈ ਲੋਕਾਂ ਨੇ ਚੋਰ ਜਾਣ ਕੇ ਫੜ ਲਿਆ ਤੇ ਮਾਰਿਆ ਕੁਟਿਆ ਤੇ ਅੰਤ ਨੂੰ ਹਵਾਲਾਤੇ ਪਾ ਦਿੱਤਾ। ਇਹ "ਤ੍ਰਿਯਾ ਚਰਿਤੇ ਮੰਤ੍ਰੀ ਭੂਪ ਸੰਬਾਦੇ ਬਾਈਸਵੋਂ ਚਰਿਤ੍ਰ ਸਮਾਪਤ" ਹੈ।

ਦੋ ਗੱਲਾਂ ਉੱਤੇ ਦੱਸ ਆਏ ਹਾਂ, ਜਿਨ੍ਹਾਂ ਤੋਂ ਸਾਧਾਰਣ ਬ੍ਰਿਤੀ ਅਤੇ ਸਾਹਿਤ ਰਚਨਾ ਦੇ ਭੇਦਾਂ ਤੋਂ ਅਣਜਾਣ ਪਾਠਕ ਨੂੰ ਇੱਕੀਵਾਂ ਬਾਈਵਾਂ ਚਰਿਤ੍ਰ ਪੜ੍ਹ ਕੇ ਇਹ ਭੁਲੇਖਾ ਪੈਂਦਾ ਹੈ ਕਿ ਇਹ ਕਹਾਣੀਆਂ ਕਰਤਾ ਦੀਆਂ ਸ੍ਵੈਜੀਵਨੀਆਂ ਹਨ, ਇਕ 'ਅਨੰਦਪੁਰ' ਦਾ ਸਥਾਨਕ ਰੰਗ ਅਤੇ ਦੂਜਾ 'ਸਿੱਖਜ', 'ਗੁਰੂ' ਆਦਿ ਸ਼ਬਦ ਜੋ ਕਿ ਨੌਕਰਾਂ ਚਾਕਰਾਂ

ਅਤੇ 'ਰਾਇ' ਸੰਬੋਧਕ ਹਨ। ਇੱਕ ਤੀਜੀ ਗੱਲ ਇਸ ਬਾਈਵੇਂ ਚਰਿਤ੍ਰ ਵਿਚ ਹੋਰ ਹੈ, ਜਿਸ ਨੇ ਇਸ ਸਾਹਿਤਕ-ਮਾਯਾ (literary illusion) ਨੂੰ ਹੋਰ ਵੀ ਪਕੇਰਾ ਰੂਪ ਦੇ ਦਿੱਤਾ ਹੈ।

ਇਸੇ ਬਾਈਵੇਂ ਚਰਿਤ੍ਰ ਵਿਚ, 'ਰੂਪ ਕੌਰ' ਅਤੇ 'ਰਾਇ' ਦੇ ਵਾਕਯੋਵਾਕ ਯਾ ਸਵਾਲਾਂ ਜਵਾਬਾਂ ਦੇ ਰੂਪ ਵਿਚ, ਉਹ ਗੁਰਵਾਕ ਦਰਜ ਹਨ, ਜਿਹੜੇ ਕਿ ਕਿਸੇ ਸ਼ਰਧਾਵਾਨ ਤੇ ਹਿਤਕਰ ਜਥੇਦਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹੇਠਲੀਆਂ ਪੌੜੀਆਂ ਦੀ ਉਪਰਲੀ ਮਹਿਰਾਬ ਉੱਤੇ ਲਿਖੇ ਹੋਏ ਸਨ ਅਤੇ ਜਿਨ੍ਹਾਂ ਨੂੰ ਚਿਰੰਕਾਲ ਤੋਂ ਅਨੇਕ ਸਿੱਖ ਯਾਤਰੂ ਹਰ ਰੋਜ਼ ਪੜ੍ਹਦੇ ਸਨ। ਉਹ ਵਾਕ ਹਨ:

**ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥**
**ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥.....**
**ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥**
**ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥**
**ਸਿੱਖ੍ਯ ਪੁਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥**
**ਹੋ ਕਹੁ ਸੁੰਦਰਿ ਤੁਹਿ ਸਾਥ ਗਵਨ ਕੈਸੇ ਕਰ ਕਰਿਯੈ ॥੫੪॥**

ਇਹ ਛੰਦ, 'ਤ੍ਰਿਯਾਚਰਿਤ੍ਰ' ਨਾਮੀ ਗ੍ਰੰਥਿ ਦਾ, ਨਿਰਸੰਸੇ ਵਾਸਤਵਿਕ ਹੈ। ਇਹ ਇਤਿਹਾਸ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਉਪਰੋਕਤ ਉਪਦੇਸ਼ ਦਿੱਤਾ, ਜਿਸ ਨੂੰ ਕਿ ਹਿਤੋਪਦੇਸ਼ ਨਮਿਤ 'ਤ੍ਰਿਯਾਚਰਿਤ੍ਰ' ਦੇ ਕਰਤਾ ਨੇ, ਬਾਈਵੇਂ ਚਰਿਤ੍ਰ ਵਿਚ ਗੁੰਦ ਦਿੱਤਾ। ਇਸ ਤੋਂ ਇਹ ਭਾਵ ਕੱਢਣਾ ਕਿ ਕਿਉਂਕਿ ਇਹ ਛੰਦ ਵਾਸਤਵਿਕ ਘਟਨਾ ਅਧਾਰਿਤ ਹੈ, ਇਸ ਲਈ ਬਾਈਵੇਂ ਚਰਿਤ੍ਰ ਦੀ ਕਥਾ ਮਨੋਕਲਪਿਤ ਸਾਹਿਤ ਨਹੀਂ, ਸਗੋਂ ਇਤਿਹਾਸ ਵਰਣਨ ਹੈ, ਜਿਸ ਦੇ ਪਾਤਰ ਕਿ 'ਤ੍ਰਿਯਾਚਰਿਤ੍ਰ' ਦੇ ਕਰਤਾ ਆਪ, ਗੁਰੂ ਗੋਬਿੰਦ ਸਿੰਘ ਜੀ ਹਨ, ਸਾਹਿਤ ਰਚਨਾ ਭੇਦਾਂ ਤੋਂ ਅਗਿਆਨਤਾ ਦਾ ਸੂਚਕ ਹੈ। 8ਵੀਂ ਸਦੀ ਦੀ ਬਗ਼ਦਾਦ ਵਿਚ ਰਚੀ ਗਈ ਅਰਬੀ ਭਾਸ਼ਾ ਦੀ *ਅਲਫ਼ ਲੈਲਾ* 11ਵੀਂ ਸਦੀ ਦੀ ਸੰਸਕ੍ਰਿਤ ਦੀ ਪੁਸਤਕ *ਕਥਾ ਸਰਿਤ ਸਾਗਰ*, 13ਵੀਂ ਸਦੀ ਦੀ ਫ਼ਾਰਸੀ ਪ੍ਰਸਿੱਧ ਪੁਸਤਕ *ਬੁਸਤਾਨ* ਵਿਚ ਇਹ ਰਚਨਾ ਭੇਦ (literary technique) ਆਮ ਵਰਤੀ ਗਈ ਹੈ, ਜਿਥੇ ਕਿ ਕਥਾ-ਕਹਾਣੀ ਵਿਚ ਆਇਆ ਕੋਈ ਨੁਕਤਾ ਵਿਸਤਾਰ ਕਰਨ ਦੇ ਆਸ਼ੇ ਨਾਲ, ਹੋਰਨਾਂ ਕਵੀਆਂ ਦੇ ਕਿਸੇ ਹੋਰ ਪ੍ਰਸੰਗ ਪ੍ਰਥਾਇ ਕਹੇ ਹੋਏ ਕਾਵਿ-ਟੋਟੇ, ਕਥਾ-ਕਹਾਣੀ ਦੇ ਪਾਤਰਾਂ ਦੇ ਮੂੰਹ ਵਿਚ ਪਾ ਦਿੱਤੇ ਗਏ ਹਨ ਅਤੇ ਇਸ ਨੂੰ ਦੋਸ਼ ਨਹੀਂ, ਸਗੋਂ ਕਲਾ ਦਾ ਗੁਣ ਸਮਝਿਆ ਗਿਆ ਹੈ। 18ਵੀਂ ਸਦੀ ਦੀ ਕ੍ਰਿਤ *ਹੀਰ ਵਾਰਸ ਸ਼ਾਹ* ਵਿਚ *ਕੁਰਾਨ ਸ਼ਰੀਫ਼* ਦੀਆਂ ਤੁਕਾਂ ਦੇ ਟੋਟੇ ਇਸੇ ਢੰਗ ਨਾਲ ਆਮ ਵਰਤੇ ਗਏ ਹਨ, ਜਿਸ ਤੋਂ ਕਿਸੇ ਨੇ ਇਹ ਭੁੱਲ ਕੇ ਭੀ ਨਹੀਂ ਅਨੁਮਾਨਿਆ ਕਿ ਹੀਰ ਰਾਂਝੇ ਦੀ ਪ੍ਰੇਮ ਕਥਾ ਹਜ਼ਰਤ ਮੁਹੰਮਦ ਸਾਹਿਬ ਯਾ ਅੱਲ੍ਹਾ ਦੀ ਸ੍ਵੈ-ਜੀਵਨੀ ਨਾਲ ਇਤਿਹਾਸਕ ਸੰਬੰਧ ਰੱਖਦੀ ਹੈ, ਜਿਵੇਂ ਕਿ ਸਰਲ-ਸੁਭਾ ਸ਼ਰਧਾਵਾਨ ਸਿੱਖ ਯਾ ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਸਮਝੀ ਫਿਰਦੇ ਹਨ। ਵਾਰਸ ਸ਼ਾਹ ਦਾ ਇਹ ਦਾਹਵਾ ਕਿ ਉਸ ਨੇ *ਕੁਰਾਨ ਸ਼ਰੀਫ਼* ਦੀਆਂ ਤੁੱਕਾਂ ਹੀਰ ਰਾਂਝੇ ਦੀ ਪ੍ਰੇਮ ਵਾਰਤਾ ਵਿਚ ਵਰਤ ਕੇ ਉਨ੍ਹਾਂ ਤੁਕਾਂ ਦੇ ਪ੍ਰਯਾਯ ਲਿਖੇ ਹਨ ਤੇ ਤਸ਼ਰੀਹ ਕੀਤੀ ਹੈ:

"ਇਹ ਕੁਰਾਨ ਸ਼ਰੀਫ਼ ਦੇ ਮਾਇਨੇ ਨੇ ਜਿਹੜੇ ਸ਼ਿਅਰ ਮੀਆ ਵਾਰਸ ਸ਼ਾਹ ਦੇ ਨੇ।"

ਇਉਂ ਹੀ ਇਸ ਉਪਰੋਕਤ ਗੁਰਵਾਕ ਛੰਦ ਦੇ 'ਤ੍ਰਿਯਾਚਰਿਤ੍ਰ' ਦੀ ਬਾਈਵੀਂ ਕਹਾਣੀ ਵਿਚ ਗੁੰਦੇ ਜਾਣ ਬਾਰੇ ਜਾਨਣਾ ਤੇ ਸਮਝਣਾ ਉਚਿਤ ਹੈ।

ਅਸਾਂ ਇਸ ਲੇਖ ਵਿਚ ਇਉਂ ਕਿਹਾ ਹੈ:

(1) 'ਤ੍ਰਿਯਾਚਰਿਤ੍ਰ' ਦੀ ਸਾਹਿਤਕ ਪ੍ਰਣਾਲੀ ਦਾ ਪਿਛੋਕੜ ਬਹੁਤ ਪ੍ਰਾਚੀਨ ਤੇ ਨਿਰੋਲ ਭਾਰਤੀ ਹੈ, ਜਿਸ ਦੀਆਂ ਜੜ੍ਹਾਂ *ਰਿਗਵੇਦ* ਵਿਚ ਹਨ।

(2) 'ਤ੍ਰਿਯਾਚਰਿਤ੍ਰ' ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ ਨਹੀਂ ਹੈ।

(3) 21ਵੀਂ, 22ਵੀਂ ਤੇ 23ਵੀਂ ਸਾਖੀਆਂ, ਜਿਨ੍ਹਾਂ ਵਿਚ ਜੋ ਕਿ 'ਰੂਪ ਕੌਅਰ' ਯਾ 'ਰੂਪ ਕੌਰ' ਦੀ ਕਹਾਣੀ ਦਿੱਤੀ ਹੋਈ ਹੈ, ਉਹ ਸ੍ਵੈ-ਜੀਵਨੀ ਯਾ ਇਤਿਹਾਸ ਆਧਾਰਿਤ ਨਹੀਂ, ਮਨੋਕਲਪਿਤ ਰਚਨਾ ਹੈ।
ਸੱਚ ਤਾਂ ਇਹ ਹੈ ਕਿ ਇਹ ਤਿੰਨੇ ਕਹਾਣੀਆਂ, ਪਿੰਜਰ-ਰੂਪ ਵਿਚ, ਅਰਬੀ ਦੀ 8ਵੀਂ ਸਦੀ ਦੀ ਪੁਸਤਕ *ਅਲਫ਼ ਲੈਲਾ* ਵਿਚ ਮੌਜੂਦ ਹਨ।

(4) 'ਅਨੰਦਪੁਰ', 'ਸਿੱਖਜ', 'ਗੁਰੂ' ਆਦਿ ਵਿਸ਼ੇਸ਼ ਵਰਣਨ ਇਨ੍ਹਾਂ ਕਹਾਣੀਆਂ ਵਿਚ ਸਥਾਨਕ ਤੇ ਵਾਸਤਵਿਕ ਰੰਗ ਭਰਨ ਲਈ ਕੀਤਾ ਗਿਆ ਹੈ, ਜੋ ਕਿ ਸਾਹਿਤ ਰਚਨਾ ਭੇਦਾਂ ਦੇ ਐਨ ਅਨੁਕੂਲ ਹੈ ਅਤੇ ਉੱਚੀ ਕਲਾ ਦੇ ਉੱਚ ਆਸ਼ਿਆਂ ਦੀ ਪੂਰਤੀ ਲਈ ਕੀਤਾ ਗਿਆ ਹੈ।

(5) 'ਸੁਧ ਜਬ ਤੇ ਹਮ ਧਰੀ' ਛੰਦ ਇਤਿਹਾਸ ਆਧਾਰਿਤ ਹੈ, ਪਰ ਇਸ ਦੀ 'ਤ੍ਰਿਯਾਚਰਿਤ੍ਰ' ਦੀਆਂ ਕਹਾਣੀਆਂ ਵਿਚ ਗੋਂਦ ਦਾ ਕਦਾਚਿਤ ਇਹ ਭਾਵ ਨਹੀਂ ਨਿਕਲਦਾ ਕਿ ਇਨ੍ਹਾਂ ਕਹਾਣੀਆਂ ਦੀ ਕਥਾ-ਵਸਤੂ ਇਤਿਹਾਸਿਕ ਹੈ ਅਤੇ ਇਨ੍ਹਾਂ ਦਾ ਮੁੱਖ ਪਾਤ੍ਰ ਕਰਤਾ ਆਪ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਨਵੀਂ ਕੁਚੇਸ਼ਟਾ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 300 ਸਾਲਾ ਸ਼ਹੀਦੀ ਦੀ ਸਮ੍ਰਿਤੀ-ਤਿਥੀ ਨੇੜੇ ਆਉਣ ਉੱਤੇ, ਸਿੱਖੀ ਤੋਂ ਬੇ-ਮੁਖ ਅਤੇ ਅਗਿਆਨੀ ਸਿੱਖਾਂ ਨੇ ਇਸ ਮਹਾਨ ਸ਼ਹੀਦੀ ਨੂੰ ਛੁਟਿਆਉਣ ਅਤੇ ਸਿੱਖ ਸਿਧਾਂਤਾਂ ਅਤੇ ਸਿੱਖ ਤਵਾਰੀਖ਼ ਦਾ ਮੂੰਹ ਮੱਥਾ ਵਿਗਾੜਨ ਦੀ ਕੁਚੇਸ਼ਟਾ ਤੋਂ ਪ੍ਰੇਰਤ ਹੋ ਕੇ ਅਨੇਕ ਪ੍ਰਕਾਰ ਦੇ ਜਤਨ ਆਰੰਭੇ ਹੋਏ ਹਨ, ਤਾਂ ਜੁ ਸਿੱਖੀ ਦੇ ਸਿਧਾਂਤ ਅਤੇ ਇਸ ਦਾ ਮੁੱਢਲਾ ਇਤਿਹਾਸ ਹੀ ਤੋੜ ਮਰੋੜ ਕੇ, ਆਉਣ ਵਾਲੇ ਭਵਿੱਖ ਵਿਚ ਸਿੱਖੀ ਤੇ ਸਿੱਖਾਂ ਨੂੰ ਇਕ ਭੁੱਲੀ ਵਿਸਰੀ ਕਥਾ ਬਣਾ ਦਿੱਤਾ ਜਾਵੇ।

ਡਾਕਟਰ ਫ਼ੌਜਾ ਸਿੰਘ ਜੀ ਐਮ.ਏ.,ਪੀ-ਐਚ.ਡੀ., ਮੁਖੀ ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਹਿਲਾ ਭਰਪੂਰ ਤੇ ਕੋਝਾ ਵਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਰਕਾਰੀ ਰਸਾਲੇ ਵਿਚ ਆਪਣਾ ਖੋਜ-ਆਧਾਰਤ ਲੇਖ ਛਪਵਾ ਕੇ ਕੀਤਾ ਹੈ।

ਇਸ ਲੇਖ ਵਿਚ ਮੋਟੇ-ਮੋਟੇ ਨਤੀਜੇ ਇਹ ਦਰਸਾਏ ਗਏ ਹਨ ਕਿ :

1. ਸ੍ਰੀ ਗੁਰੂ ਤੇਗ਼ ਬਹਾਦਰ 'ਸ਼ਹੀਦ' ਨਹੀਂ ਸੀ ਹੋਏ, ਸਗੋਂ ਕਾਨੂੰਨ ਅਨੁਸਾਰ ਮ੍ਰਿਤੂ-ਦੰਡ ਨੂੰ ਪ੍ਰਾਪਤ ਹੋਏ ਸੀ ਅਤੇ ਇਸ ਸਾਰੇ ਸਾਕੇ ਵਿਚ ਔਰੰਗਜ਼ੇਬ ਉੱਕਾ ਦੁੱਧ-ਧੋਤਾ ਅਤੇ ਨਿਰਦੋਸ਼ ਸੀ।

2. ਸਿੱਖ ਇਤਿਹਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਿਆਨ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਦੀ ਬੇਨਤੀ ਦੇ ਫਲਸਰੂਪ, ਹਿੰਦੂ ਧਰਮ ਦੀ ਰੱਖਿਆ ਦਾ ਝੰਡਾ ਚੁੱਕਣ ਅਤੇ ਧਰਮ-ਧੁਜਾ ਨੂੰ ਥੰਮ੍ਹਣ ਦੇ ਦੋਸ਼ ਵਿਚ ਔਰੰਗਜ਼ੇਬ ਨੇ ਸ਼ਹੀਦ ਕੀਤਾ ਸੀ, ਇਹ ਉੱਕਾ ਨਿਰਮੂਲ ਹੈ।

3. ਗੁਰੂ ਤੇਗ਼ ਬਹਾਦਰ ਲੁੱਚੇ, ਲਫ਼ੰਗੇ ਲੋਕਾਂ ਨੂੰ ਇਕੱਠੇ ਕਰ ਕੇ ਅਤੇ ਹਥਿਆਰ-ਬੰਦ ਕਰ ਕੇ, ਕਿਰਸਾਨਾਂ ਉੱਤੇ ਜੋ ਆਰਥਿਕ ਤੱਦੀ ਹੋ ਰਹੀ ਸੀ, ਉਸ ਦੀ ਟੇਕ ਲੈ ਕੇ, ਰਾਜ ਵਿਰੁੱਧ ਵਿਦਰੋਹ ਕਰ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਪਰੰਤ, ਕਾਨੂੰਨ ਅਨੁਸਾਰ ਉਹ ਕਤਲ ਕਰ ਦਿੱਤੇ ਗਏ।

4. ਉਹ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ, *ਸੀਯਰ-ਉਲ-ਮੁਤਾਖ਼ਰੀਨ* ਦੇ ਕਰਤਾ ਦੀ ਲਿਖਤ ਅਨੁਸਾਰ ਪਰਜਾ ਨੂੰ ਲੁੱਟਦੇ-ਪੁੱਟਦੇ ਤੇ ਉਨ੍ਹਾਂ ਦੀਆਂ ਧੀਆਂ ਭੈਣਾਂ ਦੀ ਬੇ-ਪਤੀ ਕਰਦੇ ਰਹੇ ਸਨ (plunder and rapine)।

5. ਗੁਰੂ ਤੇਗ਼ ਬਹਾਦਰ ਦਾ ਅਸਲੀ ਨਾਮ ਇਉਂ ਜਾਪਦਾ ਹੈ ਕਿ 'ਤਿਆਗ ਮਲ'

(ਕਿਸੇ ਰਿਵਾੜੀ ਦੇ ਬਾਣੀਏ ਵਰਗਾ) ਸੀ। 'ਤੇਗ਼ ਬਹਾਦਰ' ਐਵੇਂ ਅੱਲ ਸੀ, ਕਿਉਂਜੁ (ਤੇ ਕੇਵਲ ਇਕ) ਸਰਕਾਰੀ ਖ਼ੁਫ਼ੀਆ ਨਵੀਸ ਨੇ ਬਾਬਾ ਬੰਦਾ ਸਿੰਘ ਦੇ ਸਰਹੰਦ ਨੂੰ ਫ਼ਤਹਿ ਕਰਨ ਦੇ ਦਿਨਾਂ ਵਿਚ, ਸਿੱਖਾਂ ਤੋਂ ਮਾਰ ਖਾ ਕੇ (1710 ਵਿਚ) 'ਤਿਆਗ ਮਲ' ਨਾਮ ਹੀ ਗੁਰੂ ਜੀ ਦਾ, ਆਪਣੀ ਸਰਕਾਰੀ ਡਾਇਰੀ ਵਿਚ ਕਰ ਦਿੱਤਾ, ਕਿਹਾ ਜਾਂਦਾ ਹੈ। (ਅਸਲ ਡਾਇਰੀ ਪ੍ਰਾਲਬਧ ਨਹੀਂ, ਐਵੇਂ ਇਸ ਕਥਿਤ ਡਾਇਰੀ ਦੀ 'ਨਕੁਲ ਕਾ ਨਕੁਲ ਕਾ, ਨਕੁਲ' ਹੀ 'ਜੈਪੁਰ ਰਿਕਾਰਡਜ਼' ਵਿਚ ਪ੍ਰਾਪਤ ਹੈ।) ਇਸ ਤੋਂ ਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਨਾਮ ਆਪਣੇ ਪਿਤਾ ਦਾ 'ਵਾਰ ਸ੍ਰੀ ਭਗਉਤੀ' ਵਿਚ ਦਿੱਤਾ ਹੈ, ਉਹ ਗ਼ਲਤ ਹੈ ਅਤੇ ਪਿਛਲੇ ਤਿੰਨ ਕੁ ਸਾਲਾਂ ਤੋਂ ਜਿਹੜਾ ਸਾਰਾ ਪੰਥ ਅਰਦਾਸਾਂ ਕਰ ਰਿਹਾ ਹੈ, 'ਤੇਗ ਬਹਾਦਰ ਸਿਮਰਿਐ', ਉਹ ਐਵੇਂ ਝਖਾਂ ਮਾਰਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ 1690, ਸੁਜਾਨਰਾਇ ਭੰਡਾਰੀ ਕਰਤਾ *ਖ਼ਲਾਸਾਤੁਤ-ਤਵਾਰੀਖ਼* (1696), ਗੁਰੂ ਸਾਹਿਬ ਦਾ ਦਰਬਾਰੀ ਕਵੀ ਕੁਰਵੇਸ਼ (1697), 'ਗੁਰੂ ਗੋਬਿੰਦ ਨਰਿੰਦ ਹੈ, ਤੇਗ ਬਹਾਦਰ ਨੰਦ', ਕੇਸਰ ਸਿੰਘ ਛਿੱਬਰ ਕਰਤਾ *ਬੰਸਾਵਲੀ ਨਾਮਾ* (1736), ਭਾਈ ਸੁੱਖਾ ਸਿੰਘ ਕਰਤਾ *ਗੁਰਬਿਲਾਸ* (1797), ਭਾਈ ਸੰਤੋਖ ਸਿੰਘ ਕਰਤਾ *ਸੂਰਜ ਪ੍ਰਕਾਸ਼* (1843-44), ਰਤਨ ਸਿੰਘ ਭੰਗੂ ਕਰਤਾ *ਪੰਥ ਪ੍ਰਕਾਸ਼* (1837) ਤੋਂ ਲੈ ਕੇ, ਭਾਈ ਕਾਨ੍ਹ ਸਿੰਘ ਨਾਭਾ ਕਰਤਾ *ਮਹਾਨ ਕੋਸ਼* (1931) ਅਤੇ ਤੇਜਾ ਸਿੰਘ, ਗੰਡਾ ਸਿੰਘ ਕਰਤਾ *ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ* (1950) ਵਰਗੇ ਮਹਾਨ ਧੁਰੰਧਰ ਵਿਦਵਾਨਾਂ ਵਿੱਚੋਂ ਕਿਸੇ ਨੂੰ ਨਾ ਤਾਂ ਸੰਨ 1710 ਵਾਲੇ ਗੁਮਨਾਮ ਅਖ਼ਬਾਰ ਨਵੀਸ ਦੀ ਕਥਿਤ 'ਰਿਪੋਟ' ਦਾ ਪਤਾ ਸੀ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਿਤਾ ਦਾ ਅਸਲੀ ਨਾਮ ਪਤਾ ਸੀ। (ਕੀ ਸਮਝੀਏ ਕਿ ਮਾਤਾ ਗੁਜਰੀ ਜੀ ਨੂੰ ਆਪਣੇ ਪਤੀ-ਗੁਰੂ ਦਾ ਨਾਮ ਭੀ ਪਤਾ ਸੀ ਜਾਂ ਨਹੀਂ ਸੀ) ਅਤੇ ਪੰਥ ਦੇ ਅਨੇਕਾਂ ਸਿੱਖ ਜਿਹੜੇ 'ਗੁਰੂ ਤੇਗ਼ ਬਹਾਦਰ' ਨੂੰ ਸਿਮਰ ਕੇ, ਪਿਛਲੇਰੀਆਂ ਸਦੀਆਂ ਵਿਚ ਵੱਡੇ-ਵੱਡੇ ਭਵਜਲਾਂ ਉੱਤੇ ਫ਼ਤਹ ਪਾਉਂਦੇ ਰਹੇ ਹਨ, ਉਹ ਐਵੇਂ ਭਰਮਾਂ ਭੁਲੇਖਿਆਂ ਵਿਚ ਹੀ ਭਟਕਦੇ ਰਹੇ ਹਨ ਅਤੇ ਹੁਣ ਡਾਕਟਰ ਫ਼ੌਜਾ ਸਿੰਘ ਜੀ ਇਤਿਹਾਸਾ-ਚਾਰਯ, ਜਿਨ੍ਹਾਂ ਦੀ ਅੱਲ, ਅੱਜ ਕੱਲ ਕੁਝ ਵੇਹਲੜਾਂ ਤੇ ਗ੍ਰਾਮੀਨ ਕਿਸਮ ਦੇ ਲੋਕਾਂ ਨੇ, 'ਮੌਜਾ ਸਿੰਘ', 'ਐਹਜਾ ਉਹਜਾ ਸਿੰਘ', 'ਚੋਜਾ ਸਿੰਘ' ਆਦਿ ਪਾ ਛੱਡੀ ਹੈ, ਪ੍ਰਗਟ ਹੋਏ ਹਨ, ਤਾਂ ਸੱਚ ਦਾ ਪ੍ਰਕਾਸ਼ ਹੋਇਆ ਹੈ।

ਸਪੱਸ਼ਟ ਹੈ ਕਿ ਇਹ ਜਿੰਨੀਆਂ ਬੇ-ਸਿਰ ਪੈਰ ਅਤੇ ਨਿਰਾਧਾਰ ਗੱਲਾਂ ਡਾਕਟਰ ਫ਼ੌਜਾ ਸਿੰਘ ਨੇ ਕਹੀਆਂ ਹਨ, ਉਨ੍ਹਾਂ ਦਾ ਅਸਲ ਮਤਲਬ ਇਹ ਦਰਸਾਉਣਾ ਯਾ ਭੁਲੇਖਾ ਪਾਉਣਾ ਹੈ ਕਿ :

1. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਦੋਸ਼ੀ ਸ਼ਹਿਨਸ਼ਾਹ ਔਰੰਗਜ਼ੇਬ, ਆਲਮਗੀਰ ਉੱਕਾ ਨਹੀਂ ਸੀ।

2. ਗੁਰੂ ਤੇਗ਼ ਬਹਾਦਰ ਜੀ ਦੇ ਕਤਲ (execution) ਦਾ ਕਾਰਨ ਕੋਈ ਧਰਮ-ਰੱਖਿਆ ਦੀ ਨਿਸ਼ਠਾ, ਹਿੰਦੂਆਂ ਦੇ ਧਰਮ ਦਾ ਬਚਾਅ, ਸਿੱਖ ਸਿਧਾਂਤਾਂ ਦੀ ਅਚੁੱਕ ਪ੍ਰੋੜ੍ਹਤਾ ਅਤੇ ਮਾਨਵ ਜਾਤੀ ਦੀ ਆਤਮਕ ਸੁਤੰਤ੍ਰਤਾ ਦੀ ਪੁਸ਼ਟੀ ਕਦਾਚਿਤ ਨਹੀਂ ਸੀ, ਸਗੋਂ ਉਹ ਚੇਗੁਵੇਇਰਾ (Cheguevara) ਵਾਂਗਰ, ਮੱਲੋ-ਮੱਲੀ ਸਿਆਸੀ ਕ੍ਰਾਂਤੀ ਲਿਆਉਣ ਦੇ ਬੇ-ਸੋਚੇ ਸਮਝੇ ਜਤਨਾਂ ਵਿਚ ਮਾਰੇ ਗਏ ਸਨ।

ਇਹ ਸਪੱਸ਼ਟ ਸਾਮਵਾਦ (communism) ਤੇ ਭੌਤਿਕਵਾਦ (materialism) ਦੀ

ਪਿਊਂਦ ਸਿੱਖੀ ਉੱਤੇ ਲਗਾਉਣ ਦੀ ਯੋਜਨਾ ਹੈ, ਜਿਸ ਦੀ ਪੂਰਤੀ ਲਈ ਡਾਕਟਰ ਫ਼ੌਜਾ ਸਿੰਘ ਨੇ ਤਿੰਨ ਲਿਚਗੜਿਚੀਆਂ ਦਾ ਆਸਰਾ ਲਿਆ ਹੈ:

(1) ਮੁਨਸ਼ੀ ਗ਼ੁਲਾਮ ਹੁਸੈਨ, *ਸੀਯਰ-ਉਲ-ਮੁਤਾਖ਼ਰੀਨ* ਦੇ ਮਨੋਕਲਪਤ ਕਥਨਾਂ ਦੀ ਓਟ ਲਈ ਹੈ ਤੇ ਕਿਹਾ ਹੈ ਕਿ ਮੁਨਸ਼ੀ ਗ਼ੁਲਾਮ ਹੁਸੈਨ ਨੇ ਲਿਖਿਆ ਹੋਇਆ ਹੈ ਕਿ:

(ੳ) ਗੁਰੂ ਤੇਗ਼ ਬਹਾਦਰ ਹਰ ਤਰ੍ਹਾਂ ਦੇ ਚੰਗੇ ਮਾੜੇ ਬੰਦਿਆਂ ਨੂੰ ਹਥਿਆਰ-ਬੰਦ ਕਰ ਕੇ ਰਾਜ ਦੇ ਵਿਰੁੱਧ ਖੌਰੂ ਪਾਉਂਦੇ ਫਿਰਦੇ ਸਨ।

(ਅ) ਲੁੱਟ ਮਾਰ ਤੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਕਰਦੇ ਫਿਰਦੇ ਸਨ।

(ੲ) ਗਿਲਾ ਅਸਲ ਵਿਚ ਗੁਰੂ ਨੂੰ ਇਹ ਸੀ ਕਿ ਕਿਸਾਨਾਂ ਕੋਲੋਂ, ਉਸ ਵੇਲੇ ਦੇ ਆਰਥਿਕ ਸੰਕਟ ਵਿਚ ਹਾਲਾ ਤੇ ਕਰ ਉਗਰਾਹ ਕੇ ਭੂਮੀਕਾਰਾਂ ਉੱਤੇ ਧੱਕਾ ਕਿਉਂ ਕੀਤਾ ਜਾ ਰਿਹਾ ਸੀ।

ਗ਼ੁਲਾਮ ਹੁਸੈਨ ਦੀ ਅਸਲ ਲਿਖਤ ਪੜ੍ਹਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨੇ (ੳ) ਵਾਲੀ ਗੱਲ ਉੱਕਾ ਨਹੀਂ ਕਹੀ ਅਤੇ (ਅ) ਵਾਲੀ ਗੱਲ ਬਾਬਤ ਉਹ ਸਪੱਸ਼ਟ ਦੱਸਦਾ ਹੈ ਕਿ ਗੁਰੂ ਦੇ ਨਾਲ ਕੇਵਲ ਸਾਧੂ ਅਤੇ ਧਾਰਮਿਕ ਬਿਰਤੀਆਂ ਵਾਲੇ, ਅਹਿੰਸਕ ਰੁਚੀਆਂ ਦੇ ਲੋਕ ਹੀ ਸਨ, ਕੋਈ ਹਥਿਆਰ ਯਾ ਹਥਿਆਰਬੰਦ ਬੰਦੇ ਗੁਰੂ ਦੇ ਹਮਰਾਹੀ ਨਹੀਂ ਸਨ ਅਤੇ (ੲ) ਦੀ ਪ੍ਰੋੜ੍ਹਤਾ ਯਾ ਇਸ ਵੱਲ ਸੰਕੇਤ, *ਸੀਯਰ-ਉਲ-ਮੁਤਾਖ਼ਰੀਨ* ਵਿਚ ਕਿਸੇ ਥਾਂ, ਸਿੱਧੇ ਯਾ ਟੇਢੇ ਢੰਗ ਨਾਲ, ਬਿਲਕੁਲ ਨਹੀਂ ਕੀਤਾ ਗਿਆ।

ਡਾਕਟਰ ਫ਼ੌਜਾ ਸਿੰਘ ਨੇ ਮੈਕਾਲਫ਼ ਦਾ ਆਸਰਾ ਭੀ ਲਿਆ ਹੈ ਤਾਂ ਜੁ ਦੁਨੀਆ ਇਹ ਨਾ ਸਮਝੇ ਕਿ ਇਹ ਇਤਿਹਾਸਾਚਾਰਯ ਕੇਵਲ, ਉਸ ਸਮੇਂ ਦੇ ਸਿੱਖਾਂ ਦੇ ਸ਼ਤਰੂਆਂ, ਮੁਸਲਮਾਨਾਂ ਦੀ ਗਵਾਹੀ ਹੀ ਦੇ ਰਿਹਾ ਹੈ। ਆਪਣੀ ਪ੍ਰੋੜ੍ਹਤਾ ਵਿਚ ਡਾਕਟਰ ਫ਼ੌਜਾ ਸਿੰਘ, ਸਿੱਖੀ ਤੇ ਸਿੱਖਾਂ ਦੇ ਪ੍ਰਸ਼ੰਸਕ, ਮੈਕਾਲਫ਼ ਦੀ ਗਵਾਹੀ ਭੁਗਤਾਉਂਦਾ ਹੈ। ਡਾਕਟਰ ਫ਼ੌਜਾ ਸਿੰਘ ਮੈਕਾਲਫ਼ ਦੀ ਪੁਸਤਕ ਦੇ ਸਫ਼ਿਆਂ ਦਾ ਹਵਾਲਾ ਦੇ ਕੇ ਕਹਿੰਦਾ ਹੈ ਕਿ ਗੁਰੂ ਤੇਗ਼ ਬਹਾਦਰ ਧਰਮ ਵਾਸਤੇ ਸੀਸ ਦੇਣ ਲਈ ਦਿੱਲੀ ਆਗਰੇ ਵੱਲ ਨਹੀਂ ਸੀ ਗਏ, ਸਗੋਂ ਸਰਕਾਰੀ ਗ੍ਰਿਫ਼ਤਾਰੀ ਤੋਂ ਡਰਦੇ, ਐਧਰ ਓਧਰ ਸਿਰ ਲੁਕਾਉਂਦੇ ਫਿਰਦੇ ਸਨ।

ਡਾਕਟਰ ਸਾਹਿਬ ਲਿਖਦੇ ਹਨ ਕਿ ਮੈਕਾਲਫ਼ ਭੀ ਮੰਨਦਾ ਹੈ ਕਿ 'ਗੁਰੂ ਤੇਗ਼ ਬਹਾਦਰ' ਆਗਰੇ ਪੁੱਜ ਕੇ ਸ਼ਹਿਰੋਂ ਬਾਹਰ, ਇਕ ਬਾਗ਼ ਵਿਚ ਲੁਕ ਬੈਠੇ ਸਨ (took shelter)।

ਜਦੋਂ ਕਿ ਮੈਕਾਲਫ਼ ਦੇ ਅਸਲ ਸ਼ਬਦ ਹਨ 'ਗੁਰੂ ਨੇ ਸ਼ਾਹੀ ਬਾਗ਼' ਵਿਚ ਉਤਾਰਾ ਕੀਤਾ (camped)।

ਸਪੱਸ਼ਟ ਹੈ ਕਿ ਡਾਕਟਰ ਫ਼ੌਜਾ ਸਿੰਘ, ਝੂਠੇ ਮਨ-ਘੜਤ, ਤਵਾਰੀਖ਼ੀ ਹਵਾਲੇ ਭੀ ਦੇ ਰਿਹਾ ਹੈ ਅਤੇ ਤਵਾਰੀਖ਼ੀ ਹਵਾਲਿਆਂ ਨੂੰ ਬੇ-ਹਯਾਈ ਨਾਲ ਤੇ ਨਿਝੱਕ ਹੋ ਕੇ, ਤੋੜ-ਮਰੋੜ ਭੀ ਰਿਹਾ ਹੈ, ਤਾਂ ਜੁ ਉਹ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਮਾਰਕਸਵਾਦ ਤੇ ਮਾਓਵਾਦ ਦਾ ਅਗੇਤਰਾ ਪਰਛਾਵਾਂ ਸਿੱਧ ਕਰ ਸਕੇ। ਸਿੱਖੀ ਨੂੰ ਨਿਰੰਕਾਰ ਦੀ ਪੂਜਾ ਅਤੇ ਧਰਮ-ਧੁਜਾ ਦੀ ਰੱਖਿਆ ਦੇ ਕਰਤੱਵਯ ਤੋਂ ਬੇਮੁਖ ਕਰ ਕੇ, ਸਮਾਜਵਾਦੀਆਂ ਤੇ ਨਕਸਲੀਆਂ ਦਾ ਪਿਛਲੱਗ ਨਿੱਸਲੂ ਤੇ ਜੁੱਲੀ-ਚੁੱਕ ਬਣਾ ਸਕੇ। ਇਸ ਤੋਂ ਇਲਾਵਾ ਹੋਰ ਕੋਈ ਮੰਨਣਯੋਗ ਵਿਆਖਿਆ, ਡਾਕਟਰ ਫ਼ੌਜਾ ਸਿੰਘ ਦੇ ਰਵੱਈਏ ਦੀ, ਏਥੇ ਸੰਭਵ ਨਹੀਂ।

ਦੁਨੀਆ ਦੇ ਕਿਸੇ ਭਾਗ ਵਿਚ, ਕਿਸੇ ਯੂਨੀਵਰਸਿਟੀ ਵਿਚ ਕੋਈ ਇਤਿਹਾਸ ਵਿਭਾਗ ਦਾ ਮੁਖੀ ਤਾਂ ਇਕ ਪਾਸੇ ਰਿਹਾ, ਕੋਈ ਇਤਿਹਾਸ ਦਾ ਮਾਮੂਲੀ ਅਧਿਆਪਕ ਭੀ, ਅਜੇਹੇ ਕੁਢੰਗ, ਜੇ ਇਸ ਬੇ-ਹਯਾਈ ਨਾਲ ਵਰਤਦਾ, ਤਾਂ ਝਟ-ਪਟ ਹੀ ਉਸ ਨੂੰ ਯੂਨੀਵਰਸਿਟੀ ਵਿੱਚੋਂ ਨਿਕਲ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ, ਇਹ ਭਲੀ ਪ੍ਰਕਾਰ ਵਿਖਿਆਤ ਹੈ। ਪਰ ਧੰਨ ਹਨ ਅੱਜ ਕੱਲ ਦੇ ਸਿੱਖ ਅਤੇ ਉਨ੍ਹਾਂ ਦੇ ਹੱਥ ਆਈਆਂ ਯੂਨੀਵਰਸਿਟੀਆਂ, ਜਿਹੜੀਆਂ ਡਾਕਟਰ ਫ਼ੌਜਾ ਸਿੰਘ ਦੇ ਇਸ ਕਾਰੇ ਦੀ ਹਮਾਇਤ ਹੀ ਕਰੀ ਜਾ ਰਹੀਆਂ ਹਨ ਕਿ 'ਹਾਂ, ਉਹ ਉਕਾਈਆਂ ਤਾਂ ਫ਼ੌਜਾ ਸਿੰਘ ਕੋਲੋਂ ਹੋ ਗਈਆਂ ਹਨ, ਪਰ ਉਨ੍ਹਾਂ ਦੀ ਵਿਦਿਅਕ ਰੀਤੀ (academic approach) ਬੜੀ ਪ੍ਰਸੰਸਾ-ਜਨਕ ਹੈ।'

(2) ਦੂਜਾ ਢੰਗ, ਜਿਸ ਦਾ ਆਸਰਾ ਫ਼ੌਜਾ ਸਿੰਘ ਜੀ ਨੇ ਲਿਆ ਹੈ, ਉਹ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਇਤਿਹਾਸਕ ਤੱਥ, ਜੇਹੜੇ ਕਿ ਪ੍ਰਮਾਣਿਤ ਹਨ, ਉਨ੍ਹਾਂ ਉੱਤੇ ਕਿੰਤੂ ਕਰਨਾ ਅਤੇ ਇਉਂ ਵਿੰਗੇ-ਟੇਢੇ ਢੰਗ ਨਾਲ, ਇਸ ਸ਼ਹੀਦੀ ਦੀ ਜੋ ਰੂਪ-ਰੇਖਾ ਉਹ ਢਾਲਣਾ ਚਾਹੁੰਦੇ ਹਨ, ਉਸ ਲਈ ਮੈਦਾਨ ਸਾਫ਼ ਕਰਨਾ।

ਅੱਧੀ ਦਰਜਨ ਕਿੰਤੂ ਉਨ੍ਹਾਂ ਨੇ ਕੀਤੇ ਹਨ, ਜੇਹੜੇ ਕਿ ਸਾਰੇ ਦੇ ਸਾਰੇ ਅਗਿਆਨ-ਆਧਾਰਤ ਨਿਰਮੂਲ ਹੀ ਨਹੀਂ, ਸਗੋਂ ਹਾਸੋ-ਹੀਣੇ ਭੀ ਹਨ :

(ੳ) ਕਿੰਤੂ ਕੀਤਾ ਹੈ ਕਿ ਮੁਸਲਮਾਨੀ ਕਾਨੂੰਨ ਅਨੁਸਾਰ, ਕਤਲ ਦੀ ਸਜ਼ਾ ਤਾਂ ਕੇਵਲ ਯੁੱਧ ਵਿਚ ਫੜੇ ਗਏ ਸ਼ਤਰੂਆਂ ਅਤੇ ਉੱਗਰ-ਦੋਸ਼ੀਆਂ ਨੂੰ ਹੀ ਦਿੱਤੀ ਜਾ ਸਕਦੀ ਹੈ, ਪਰ ਇਸ ਦੰਡ ਦਾ ਭਾਗੀ ਗੁਰੂ ਕਿਵੇਂ ਬਣ ਗਿਆ ? ਯਾ ਤਾਂ ਡਾਕਟਰ ਫ਼ੌਜਾ ਸਿੰਘ ਨੂੰ 'ਮੁਸਲਮਾਨੀ ਕਾਨੂੰਨ' ਸ਼ਰ੍ਹਾ ਦਾ ਉੱਕਾ ਕੁਝ ਪਤਾ ਨਹੀਂ ਅਤੇ ਯਾ ਉਹ ਜਾਣ-ਬੁਝ ਕੇ ਨਿਰਾਧਾਰ ਤੇ ਝੂਠੀਆਂ ਕਲਪਨਾਵਾਂ ਦਾ ਸਹਾਰਾ ਇਹ ਸਮਝ ਕੇ ਲੈ ਰਿਹਾ ਹੈ ਕਿ ਅੱਵਲ ਤਾਂ ਸਿੱਖਾਂ ਨੂੰ ਪਤਾ ਨਹੀਂ ਲੱਗਣਾ ਕਿ ਉਹ ਅਸੱਤ ਅਤੇ ਕੁਚੇਸ਼ਟਾ ਦਾ ਸਹਾਰਾ ਲੈ ਰਿਹਾ ਹੈ ਅਤੇ ਯਾ ਉਸ ਨੂੰ ਉਸ ਦੇ ਅਨੇਕ ਹਮਾਇਤੀ ਸਿੱਖਾਂ ਵਿੱਚੋਂ ਹੀ ਮਿਲ ਜਾਣਗੇ। ਇਸ ਵਿਚ ਨਾ ਸੰਸੇ ਹੈ ਅਤੇ ਨਾ ਸੰਦੇਹ ਕਿ ਮੁਸਲਮਾਨੀ ਕਾਨੂੰਨ ਦ੍ਰਿੜ੍ਹ ਹੈ ਕਿ ਜਦ ਕਿਸੇ ਗ਼ੈਰ-ਮੁਸਲਮ ਨੂੰ ਆਪਣਾ ਧਰਮ ਤਿਆਗ ਕੇ ਇਸਲਾਮੀ ਦੀਨ ਵਿਚ ਆਉਣ ਦਾ ਨਿਉਂਦਰਾ ਦਿੱਤਾ ਜਾਵੇ ਅਤੇ ਉਹ ਝਟ-ਪਟ ਕਬੂਲ ਨਾ ਕਰੇ, ਤਦ ਉਸ ਨੂੰ ਕਤਲ ਕਰ ਦੇਣਾ ਚਾਹੀਏ। ਕੁਰਾਨ ਤੇ ਹਦੀਸਾਂ ਵਿਚ ਇਹ ਕਾਨੂੰਨ ਸਾਫ਼ ਅੰਕਤ ਹੈ ਅਤੇ ਇਸ ਕਾਨੂੰਨ ਅਨੁਸਾਰ ਮੁਸਲਮ ਰਾਜਾਂ ਵਿਚ ਸ਼ਰ੍ਹਾ ਅਨੁਸਾਰ ਪਿਛਲੇ ਚੌਦਾਂ ਸੌ ਸਾਲਾਂ ਵਿਚ, ਅਨੇਕ ਧਰਮੀ ਬੰਦੇ ਕਤਲ ਹੋਏ ਹਨ। ਭਰੋਸੇਯੋਗ ਤਵਾਰੀਖ਼ *ਤਾਰੀਖ਼ੇ ਫ਼ੀਰੋਜ਼ ਸ਼ਾਹੀ* ਦਾ ਕਰਤਾ, ਜ਼ਿਆਉਦੀਨ ਬਰਨੀ, ਜੋ ਕਿ ਸੁਲਤਾਨ ਅਲਾਉਦੀਨ (ਮ੍ਰਿਤੂ 1316) ਦਾ ਸਮਕਾਲੀ ਸੀ, ਲਿਖਦਾ ਹੈ ਕਿ ਇਕ ਵਾਰ ਸੁਲਤਾਨ ਨੇ, ਉਸ ਸਮੇਂ ਦੇ ਮੰਨੇ-ਪ੍ਰਮੰਨੇ ਮੁਸਲਿਮ ਆਲਮ, ਕਾਜ਼ੀ ਸੁਗੀਥੱਦੀਨ ਬਿਆਨਵੀ ਕੋਲੋਂ ਪੁੱਛਿਆ ਕਿ ਮੁਸਲਮਾਨੀ ਕਾਨੂੰਨ, ਹਿੰਦੂਆਂ ਬਾਬਤ ਕੀ ਹੈ, ਤਾਂ ਕਾਜ਼ੀ ਸਾਹਿਬ ਨੇ ਉੱਤਰ ਦਿੱਤਾ :

> "ਨਿਰਸੰਦੇਹ ਅਤੇ ਸਪੱਸ਼ਟ ਸ਼ਰ੍ਹਾ ਦਾ ਹੁਕਮ ਹਿੰਦੂਆਂ ਬਾਬਤ ਇਹ ਹੈ ਕਿ ਜਦੋਂ ਭੀ ਉਹ ਮੁਸਲਮਾਨ ਬਣਨ ਤੋਂ ਇਨਕਾਰੀ ਹੋਣ, ਕਤਲ ਕਰ ਦਿੱਤੇ ਜਾਣ (ਅਮਾ ਅਲ ਕਤਲ ਵ ਅਮ ਅਲ ਇਸਲਾਮ)।"

ਇਹੋ ਸਪੱਸ਼ਟ ਤੇ ਪ੍ਰਮਾਣਿਤ ਮੁਸਲਮਾਨੀ ਕਾਨੂੰਨ ਹੈ, ਜਿਸ ਅਨੁਸਾਰ ਗੁਰੂ ਤੇਗ਼

ਬਹਾਦਰ ਜੀ ਸ਼ਹੀਦ ਕੀਤੇ ਗਏ। ਜੇ ਡਾਕਟਰ ਫ਼ੌਜਾ ਸਿੰਘ ਨੂੰ ਇਸ ਸਾਧਾਰਨ ਗੱਲ ਦਾ ਭੀ ਪਤਾ ਨਹੀਂ, ਤਾਂ ਭੀ ਅਤੇ ਜੇ ਉਹ ਜਾਣ-ਬੁੱਝ ਕੇ ਬਦਨੀਤੀ ਨਾਲ, ਕਿੰਤੂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕਰ ਰਹੇ ਹਨ ਤਾਂ ਭੀ ਉਹ ਕਮਿਊਨਿਸਟਾਂ ਤੇ ਮਾਓਵਾਦੀਆਂ ਵਿਚ ਕਿਤਨੇ ਪ੍ਰਿਯ ਭੀ ਕਿਉਂ ਨਾ ਹੋਣ ਅਤੇ ਹਜ਼ਰਤ ਔਰੰਗਜ਼ੇਬ ਆਲਮਗੀਰ ਰਹਿਮਤੱਲਾਲਹ, ਜ਼ਿੰਦਹ ਪੀਰ, ਜਿਸ ਦੇ ਧਰਮ ਵਿਰੁੱਧ ਘੋਰ ਧੱਕੇ ਦੇ ਬਰਖ਼ਿਲਾਫ਼ ਪ੍ਰੋਟੈਸਟ ਦੇ ਤੌਰ 'ਤੇ, ਨਵਮ ਪਾਤਸ਼ਾਹ ਨੇ, ਆਪਣੇ ਸਰੀਰ ਦਾ ਭਾਂਡਾ, ਉਸ ਦੇ ਸਿਰ ਉੱਤੇ ਮਾਰ ਕੇ ਤੋੜ ਸੁੱਟਿਆ ਸੀ :

**ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ ॥** *(ਦਸਮ ਗ੍ਰੰਥ, ਪੰਨਾ 54)*

ਦੇ ਕਿਤਨੇ ਅਨਿੰਨ ਭਗਤ ਭੀ ਕਿਉਂ ਨਾ ਹੋਣ, ਉਹ ਕਿਸੇ ਯੂਨੀਵਰਸਿਟੀ ਵਿਚ ਵਿਭਾਗ-ਮੁਖੀ ਰਹਿਣਾ ਤਾਂ ਇਕ ਪਾਸੇ ਰਿਹਾ, ਅਧਿਆਪਕ ਬਣਨ ਦੇ ਭੀ ਯੋਗ ਨਹੀਂ। ਅੱਗੇ ਜਿਨ੍ਹਾਂ ਕੋਲ ਤਾਕਤ ਹੈ, ਉਹ ਨਿਹਕਲੰਕ ਹੀ ਸਮਝੇ ਜਾਣੇ ਚਾਹੀਦੇ ਹਨ। ਇਹੋ ਭਾਰਤੀ ਪਰੰਪਰਾ ਹੈ। 'ਸਮਰਥ ਕੋ ਨਹਿ ਦੋਸ਼ ਗੁਸਾਈਂ।'

(ਅ) ਇਕ ਹੋਰ ਕਿੰਤੂ ਹੈ ਕਿ ਜੇ ਔਰੰਗਜ਼ੇਬ ਨੇ ਸਭ ਹਿੰਦੂਆਂ ਨੂੰ ਮੁਸਲਮਾਨ ਬਨਾਉਣਾ ਹੁੰਦਾ ਤਾਂ ਉਸ ਨੇ ਦਿੱਲੀ ਤੇ ਆਗਰੇ ਦੇ ਆਲੇ-ਦੁਆਲੇ ਦੇ ਹਿੰਦੂ ਕਿਉਂ ਰਹਿਣ ਦਿੱਤੇ ਅਥਵਾ ਕਸ਼ਮੀਰ ਵਿਚ ਇਹ ਯੋਜਨਾ ਕਿਉਂ ਲਾਗੂ ਹੋਈ ? ਇਸ ਦਾ ਉੱਤਰ, ਭਾਈ ਫ਼ੌਜਾ ਸਿੰਘ ਨੂੰ, ਹੁਣ ਕੌਣ ਦੱਸੇ ਕਿ ਔਰੰਗਜ਼ੇਬ ਐਨਾ ਮੂਰਖ ਨਹੀਂ ਸੀ ਕਿ ਸ਼ੁਰੂ ਵਿਚ ਹੀ ਆਪਣੀ ਸਲਤਨਤ ਦੀ ਰਾਜਧਾਨੀ ਵਿਚ ਗੜਬੜ ਪੁਆ ਲੈਂਦਾ। ਕਸ਼ਮੀਰ ਵਰਗੇ ਸੀਮਾ ਪ੍ਰਾਂਤ ਵਿਚ ਹੀ ਅੱਗ ਲਾਉਣੀ ਠੀਕ ਸੀ ਤਾਂ ਜੁ ਜੇ ਬੁਝਾਈ ਨਾ ਜਾ ਸਕੇ ਤਾਂ ਉਸ ਦਾ ਸੇਕ ਦਿੱਲੀ ਨੂੰ ਨਾ ਪਹੁੰਚੇ। ਦੂਜੇ, ਦਿੱਲੀ ਆਗਰੇ ਦੇ ਦੁਆਲੇ ਦੇ ਜਾਟ ਇਤਨੇ ਨਰਮ ਤੇ ਗਾਜਰ ਮੂਲੀ ਨਹੀਂ ਸਨ ਕਿ ਹੁਕਮ ਹੁੰਦੇ ਸਾਰ ਮੁਸਲਮਾਨ ਬਣ ਜਾਂਦੇ। ਉਨ੍ਹਾਂ ਨੇ ਭੜਕਣਾ ਤੇ ਮੁਕਾਬਲਾ ਕਰਨਾ ਸੀ, ਜਿਵੇਂ ਕਿ ਪਿੱਛੋਂ ਜਾ ਕੇ ਰਾਜਾ ਰਾਮ, ਗੋਕਲ ਜਾਟ, ਰਾਮ ਚਿਹਰਾ ਅਤੇ ਸੂਰਜ ਮੱਲ ਆਦਿ ਜਾਟਾਂ ਨੇ ਕੀਤਾ। ਕਸ਼ਮੀਰ ਦੇ ਬ੍ਰਾਹਮਣ ਬਗ਼ਾਵਤ ਕਰਨ ਜੋਗੇ ਨਹੀਂ ਸਨ। ਉਹ ਤਾਂ ਅਮਰਨਾਥ ਦੇ ਸ਼ਿਵਲਿੰਗ ਕੋਲ ਪ੍ਰਾਰਥਨਾ ਅਤੇ ਗੁਰੂ ਤੇਗ਼ ਬਹਾਦਰ ਕੋਲ ਬੇਨਤੀ ਹੀ ਕਰ ਸਕਦੇ ਸਨ :

'ਤੁਰਕ ਤੇਜ ਤੇ ਬਿਨ ਬਲ ਹਿੰਦੂ।'

ਜਿਸ ਯੂਨੀਵਰਸਿਟੀ ਦੇ ਇਤਿਹਾਸ-ਵਿਭਾਗ ਦੇ ਮੁਖੀ ਨੂੰ ਤਾਰੀਖ਼ ਦੇ ਅਜਿਹੇ ਸਪੱਸ਼ਟ ਮਰਮਾਂ ਦੀ ਭੀ ਸੋਝੀ ਨਹੀਂ, ਉਹ ਵਿਦਿਆਰਥੀਆਂ ਨੂੰ ਕੀ ਪੜ੍ਹਾਉਂਦਾ ਹੋਵੇਗਾ, ਇਹ ਕੋਈ ਨਹੀਂ ਸੋਚਦਾ, ਸਭ ਇਹੋ ਕਹੀ ਜਾਂਦੇ ਹਨ ਕਿ ਡਾਕਟਰ ਫ਼ੌਜਾ ਸਿੰਘ ਦੀ ਖੋਜ-ਗੀਤੀ (approach) ਬੜੀ ਸੁਚੱਜੀ ਹੈ, ਇਨ੍ਹਾਂ ਦੀ ਵਿਦਿਅਕ ਸਵਤੰਤਰਤਾ (academic freedom) ਵਿਚ ਦਖ਼ਲ ਨਹੀਂ ਦੇਣਾ ਚਾਹੀਦਾ, ਆਦਿ। ਕਿਆ ਮਖ਼ੌਲ ਬਣਿਆ ਹੋਇਆ ਹੈ। ਸਮਝਿਆ ਜਾ ਰਿਹਾ ਹੈ ਕਿ ਸਿੱਖ ਮਰ ਚੁੱਕੇ ਹਨ, ਇਨ੍ਹਾਂ ਦਾ ਮਾਸ, ਜੋ ਕਾਂ ਕੁੱਤਾ ਚਾਹਵੇ ਖਾ ਲਵੇ।

ਇਸ ਪ੍ਰਕਾਰ ਦੇ ਹੋਰ ਕਿੰਤੂ ਕਰ ਕੇ ਡਾਕਟਰ ਸਾਹਿਬ ਘੋਸ਼ਣਾ ਕਰਦੇ ਹਨ ਕਿ 'ਬਚਿੱਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰੂ ਪਿਤਾ ਦੀ ਸ਼ਹੀਦੀ ਬਾਰੇ ਜੋ ਕਿਹਾ ਹੈ ਕਿ ਇਹ 'ਧਰਮ ਹੇਤ ਸਾਕਾ' ਸੀ, ਇਥੇ 'ਧਰਮ' ਦੇ ਅਰਥ ਤੇ ਪਰਿਭਾਸ਼ਾ

ਇਹ ਨਹੀਂ, ਕਿ ਤ੍ਰਿੰਨ-ਕਾਲ ਸੱਤਜ, ਅਵਿਨਾਸ਼ੀ ਸੰਸਾਰ ਦੀ ਸਥਿਤੀ ਦਾ ਸਤੰਭ, ਅਨਾਦੀ ਤੇ ਸਨਾਤਨ, ਅਦ੍ਰਿਸ਼ਟ ਮਧੂ, 'ਧਰਮ ਧਾਰਯਤਿ ਇਮ', ਅਦ੍ਰਿਸ਼ਟ ਦਾ ਸਾਰੰਸ਼ ਅਤੇ ਦ੍ਰਿਸ਼ਟ ਦਾ ਮੂਲਾਧਾਰ :

**ਧੌਲੁ ਧਰਮੁ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥** *(ਜਪੁ ਜੀ)*

ਸਗੋਂ 'ਧਰਮ' ਦਾ ਅਸਲੀ ਮਤਲਬ ਤੇ ਪਰਿਭਾਸ਼ਾ ਇਹ ਹੈ ਕਿ ਆਰਥਿਕ ਅਨਿਆ ਦਾ ਵਿਰੋਧ (ਸਰਮਾਏਦਾਰੀ ਦੀ ਲੁੱਟ-ਖਸੁੱਟ ਵਿਰੁੱਧ ਕ੍ਰਿਸਾਨਾਂ, ਕਾਮਿਆਂ ਦਾ ਘੋਲ)। ਇਸੇ ਤਰ੍ਹਾਂ 'ਜਗਤ' ਦੇ ਅਰਥ ਹਨ, ਸਾਰੀ ਭੂਗੋਲਿਕ ਦੁਨੀਆ ਕੇਵਲ ਹਿੰਦੁਸਤਾਨ ਨਹੀਂ, 'ਜਗਤ' ਦੇ ਪ੍ਰਮਾਣੀਕ ਅਰਥ *ਅਮਰ ਕੋਸ਼* ਆਦਿਕ ਗ੍ਰੰਥਾਂ ਵਿਚ ਜੋ ਦਿੱਤੇ ਹੋਏ ਹਨ :

ਜੋ ਨਿੱਤ ਪ੍ਰਵਾਹ, 'ਜਾ ਗਤਿ ਸਹ ਜਗਤਹ' ਚਲਾਏਮਾਨ, ਸਥਿਰਤਾ-ਰਹਿਤ, (phenomenon) ਹੈ, ਉਹ ਜਗਤ ਹੈ।

ਭੂਗੋਲ ਇਸ ਦੇ ਅਰਥ ਨਹੀਂ, ਇਹ ਗੱਲ ਫ਼ੌਜਾ ਸਿੰਘ ਜੀ ਨੇ ਕਦੇ ਸੁਣੀ ਨਹੀਂ ਜਾਪਦੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਜਗਤ' ਸ਼ਬਦ, 'ਬਚਿਤ੍ਰ ਨਾਟਕ' ਵਿਚ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ। ਫ਼ੌਜਾ ਸਿੰਘ ਜੀ ਅਨੁਸਾਰ 'ਜਗਤ' ਦਾ ਭਾਵ ਇਹ ਹੈ ਕਿ ਗੁਰੂ ਤੇਗ਼ ਬਹਾਦਰ ਸਾਰੀ ਭੂਗੋਲਿਕ ਦੁਨੀਆ ਵਿਚ ਸਰਮਾਏਦਾਰੀ ਖ਼ਤਮ ਕਰਨ ਲਈ ਕ੍ਰਿਸਾਨਾਂ, ਕਾਮਿਆਂ ਦੀ ਡਿਕਟੇਟਰ-ਸ਼ਿਪ ਬਾਲਾਦਸਤੀ ਸਥਾਪਤ ਕਰਨ ਲਈ ਕਤਲ ਹੋਏ ਸਨ, ਤਦ ਹੀ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ :

**ਹੈ ਹੈ ਹੈ ਸਭ ਜਗ ਭਯੋ..... ॥**

*ਪੰਥ ਪ੍ਰਕਾਸ਼* ਦੇ ਕਰਤਾ, ਗਿਆਨ ਸਿੰਘ ਗਿਆਨੀ ਜੀ ਦਾ ਕਥਨ ਹੈ :

ਧੰਨ ਗੁਰੂ ਕੇ ਸਿੱਖ, ਅਕਲ ਕੇ ਪੱਕੇ ਬੈਰੀ।

(3) ਤੀਜਾ ਢੰਗ ਫ਼ੌਜਾ ਸਿੰਘ ਨੇ ਧਰਮ ਰਖਯਕ, ਹਿੰਦ ਕੀ ਚਾਦਰ, ਧਰਮ-ਧੁਜਾ ਸਮਰਾਟ, ਜਗਤ-ਗੁਰੂ, ਗੁਰੂ ਤੇਗ਼ ਬਹਾਦਰ ਨੂੰ ਕਾਮਰੇਡ 'ਤਿਆਗ ਮਲ' ਬਣਾਉਣ ਲਈ ਅਤੇ ਸਿੱਖੀ ਤੇ ਸਿੱਖਾਂ ਨੂੰ ਸਾਮਵਾਦ ਦੀ ਸਥਾਪਤੀ ਦੀਆਂ ਜੜ੍ਹਾਂ ਵਿਚ ਖਾਦ ਬਣਾ ਕੇ ਪਾਉਣ ਲਈ ਵਰਤਿਆ ਹੈ, ਇਕ ਨਿਰੋਲ ਮਨੋ-ਕਲਪਤ ਕਥਾ ਬਣਾ ਕੇ ਲਿਖ ਦਿੱਤੀ ਹੈ ਕਿ ਗੁਰੂ ਤੇਗ਼ ਬਹਾਦਰ ਜੀ, ਹਥਿਆਰ ਵੰਡ ਕੇ, ਲੁੱਟ-ਮਾਰ ਕਰ ਕੇ, ਲੋਕਾਂ ਨੂੰ ਤੁਰਕਾਨੀ ਸਾਮਰਾਜ ਵਿਰੁੱਧ ਉਭਾਰ ਰਹੇ ਸਨ, ਉਂਜ ਤੁਰਕ, ਮੁਗ਼ਲ, ਪਠਾਣ, ਮੁਸਲਮਾਨ, ਹਿੰਦੁਸਤਾਨ ਵਿਚ ਕੋਈ ਬਾਹਰੋਂ ਆਏ ਜਰਵਾਣੇ ਨਹੀਂ ਸਨ, ਉਹ ਬੜੇ ਭਲੇ ਲੋਗ ਅਤੇ ਹਿੰਦੂਆਂ ਸਿੱਖਾਂ ਵਾਂਗੂੰ ਹੀ 'ਹਿੰਦੁਸਤਾਨੀ' ਸਨ। ਸੰਘਰਸ਼ ਗੁਰੂ ਤੇਗ਼ ਬਹਾਦਰ ਦਾ ਸਰਮਾਏਦਾਈ ਦੀ ਲੁੱਟ-ਖਸੁੱਟ ਦੇ ਵਿਰੁਧ ਸੀ, ਨਾ ਕਿ ਤੁਰਕਾਂ ਵਿਰੁੱਧ ਅਤੇ ਨਾ ਹੀ ਕਿਸੇ ਅਦ੍ਰਿਸ਼ਟ, ਅਗਲੇ ਲੋਕ ਦੀ ਸੁਰਤ ਸੰਭਾਲ ਕਰਨ ਵਾਲੇ 'ਧਰਮ' ਦੀ ਰੱਖਿਆ ਲਈ।

ਇਸ ਪ੍ਰਕਾਰ ਦੀਆਂ ਬੇ-ਥਵ੍ਹੀਆਂ ਯਮਲੀਆਂ ਅਤੇ ਲਿੱਚ-ਗੜਿੱਚੀਆਂ ਡਾਕਟਰ ਫ਼ੌਜਾ ਸਿੰਘ ਨੇ ਕੋਈ ਅੱਸੀ-ਸੌ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਖੋਜ ਪੜਤਾਲ ਦਾ ਬਹਾਨਾ ਬਣਾ ਕੇ ਲਾਈਆਂ ਹਨ, ਜਿਨ੍ਹਾਂ ਦਾ ਉੱਤਰ ਦੇਣ ਲਈ ਮੈਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਗਿਆ ਕੀਤੀ ਸੀ ਤਾਂ ਮੈਂ ਸੌ ਕੁ ਸਫ਼ੇ ਦੀ ਪੁਸਤਕਾ ਤਿਆਰ ਕਰ ਕੇ ਉਸ ਦਾ ਕੱਚਾ ਢਾਂਚਾ ਆਪਣੇ ਕੋਲ ਰੱਖਿਆ ਹੋਇਆ ਹੈ, ਪਰ ਜਦ

ਉਸ ਢਾਂਚੇ ਨੂੰ ਕੁਝ ਸੱਜਣਾਂ ਨੂੰ ਦਿਖਲਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਫ਼ੌਜਾ ਸਿੰਘ ਦੇ ਲਚਰ ਲੇਖ ਦਾ ਇਸ ਪੱਧਰ ਉੱਤੇ ਉੱਤਰ ਦੇਣਾ ਇਉਂ ਹੈ ਜਿਵੇਂ ਕਿਸੇ ਜੇਬ-ਕੁਤਰੇ ਨੂੰ ਨਾਗਪੁਰ ਸ਼ਹਿਰ ਵਿਚ ਫੜਨ ਲਈ, ਹਿੰਦੁਸਤਾਨੀ ਫ਼ੌਜ ਦੀ ਅਤੇ ਉੱਤਰੀ ਕਮਾਨ ਦੇ ਦੋ ਬ੍ਰਿਗੇਡ ਫ਼ੌਜ ਦੇ ਅਤੇ ਇਕ ਬ੍ਰਿਗੇਡ ਟੈਂਕਾਂ ਦਾ ਤਿਆਰ ਕੀਤਾ ਜਾਵੇ। ਤੁਸੀਂ ਇਹ ਮਸਾਲਾ ਕਿਸੇ ਹੋਰ ਮਤਲਬ ਲਈ ਆਪਣੇ ਕੋਲ ਸੁਰੱਖਿਅਤ ਰੱਖੋ ਅਤੇ ਡਾਕਟਰ ਫ਼ੌਜਾ ਸਿੰਘ ਦੇ ਜਵਾਬ ਵਿਚ ਕੋਈ ਹੌਲਾ, ਸੁਬਕ ਪੱਧਰ ਦਾ ਪੈਂਫਲਿਟ, ਪੰਦਰਾਂ ਵੀਹ ਸਫ਼ਿਆਂ ਦਾ ਲਿਖੋ, ਤਾਂ ਜੁ 'ਸਰਬੱਤ ਦਾ ਭਲਾ' ਹੋਵੇ।

ਇਉਂ ਵਿਚਾਰ ਕੇ ਮੈਂ ਚੁੱਪ ਕਰ ਕੇ ਚੰਗੇਰੇ ਸਮੇਂ ਦੀ ਉਡੀਕ ਵਿਚ ਬੈਠਾ ਹੋਇਆ ਸੀ ਕਿ ਬੰਬਈ ਦੇ ਇਕ ਸਪਤਾਹਿਕ ਵਿਚ ਪ੍ਰੋ: ਨਰਿੰਜਣ ਸਿੰਘ ਜੀ ਦਾ ਇਕ ਲੇਖ, 'ਸਿੱਖ ਇਤਿਹਾਸਿਕ ਖੋਜ ਤੇ ਡਾ: ਫ਼ੌਜਾ ਸਿੰਘ' ਛਪਿਆ ਹੋਇਆ ਮੈਂ ਵੇਖਿਆ, ਜਿਸ ਵਿਚ ਨਰਿੰਜਣ ਸਿੰਘ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਸੁਣ ਕੇ, ਕਿ ਸਿੱਖਾਂ ਵਿਚ ਕੁਝ ਅਜੇਹੇ ਬੁਰਛੇ ਭੀ ਹਨ, ਜੋ ਡਾ: ਫ਼ੌਜਾ ਸਿੰਘ ਵਰਗੇ ਮਹਾਨ ਵਿਦਵਾਨ ਦੇ ਮਾਣ-ਸਤਿਕਾਰ ਨੂੰ ਡਾਕਟਰ ਸਾਹਿਬ ਦੀਆਂ ਲਿਖਤਾਂ ਨੂੰ ਅਸਵੀਕਾਰ ਕਰ ਕੇ ਭੰਗ ਕਰਦੇ ਹਨ, ਕਈ ਰਾਤਾਂ ਨੀਂਦ ਨਹੀਂ ਆਈ। ਉਹ ਕਹਿੰਦੇ ਹਨ ਕਿ "ਹੁਣ ਅਸਾਨੂੰ ਪੁਰਾਣੇ ਖ਼ਿਆਲ ਛੱਡਣੇ ਪੈਣਗੇ ਅਤੇ ਡਾਕਟਰ ਫ਼ੌਜਾ ਸਿੰਘ ਦੀ ਖੋਜ-ਭਾਵਨਾ ਨੂੰ ਸਲਾਹੁਣਾ ਪਵੇਗਾ।"

ਇਹ ਭਲੀ ਪ੍ਰਕਾਰ ਵਿਖਿਆਤ ਹੈ ਕਿ ਪ੍ਰੋ: ਨਰਿੰਜਣ ਸਿੰਘ ਜੀ ਕਿਸੇ ਉਲਝੀ ਹੋਈ ਅਤੇ ਔਝੜ ਪਈ ਹੋਈ ਨਵੀਨ ਵਿਚਾਰਧਾਰਾ, *ਨਵੀਆਂ ਕੀਮਤਾਂ* ਦੇ ਸ਼ਿਕਾਰ ਹਨ। ਮੈਂ ਉਨ੍ਹਾਂ ਦਾ ਹੁਣ ਮਿਰਤੂ ਹੋ ਚੁੱਕਾ ਰਸਾਲਾ *ਨਵੀਆਂ ਕੀਮਤਾਂ* ਪੜ੍ਹਦਾ ਰਿਹਾ ਹਾਂ। ਮੈਨੂੰ ਇਹ ਭੀ ਪਤਾ ਹੈ ਕਿ ਸਿੱਖੀ ਵਿਚ ਤਿੰਨ ਚਾਰ ਕਾਲਜਾਂ ਦੇ ਪ੍ਰੋਫ਼ੈਸਰ, ਉਨ੍ਹਾਂ ਦੇ ਉਰਧ ਵਿਚਾਰਾਂ ਦੇ ਸਮਰਥਕ ਤੇ ਪ੍ਰਚਾਰਕ ਹਨ, ਜਿਨ੍ਹਾਂ ਦੀ ਕਿ ਅੱਲ, 'ਨਿਰੰਜਣੀਏ' ਪ੍ਰਚਲਿਤ ਹੈ। ਹਿੰਦਾਲੀਆਂ ਤੇ ਨਿਰੰਜਣੀਆਂ ਨੂੰ, ਪੰਥ ਤੇ ਸਿੱਖੀ ਦੇ ਮਗਰੋਂ ਲਾਹੁਣ ਲਈ, ਅਠਾਰ੍ਹਵੀਂ ਸਦੀ ਵਿਚ, ਸਿੱਖਾਂ ਨੂੰ ਬੜਾ ਖ਼ੂਨ ਡੋਲ੍ਹਣਾ ਪਿਆ ਸੀ, ਜਿਸ ਨਾਲ ਜੰਡਿਆਲੇ ਦਾ ਆਲਾ-ਦੁਆਲਾ ਸਿੱਖਾਂ ਦੇ ਲਹੂ ਨਾਲ ਸਿੰਜਿਆ ਗਿਆ ਸੀ। ਹੁਣ ਜੇ ਤਾਂ ਪ੍ਰੋ: ਨਰਿੰਜਣ ਸਿੰਘ ਜੀ 'ਪੁਰਾਣੇ ਖ਼ਿਆਲਾਂ' ਤੋਂ ਭਾਵ 'ਸਿੱਖਾਂ' ਤੇ 'ਧਰਮ' ਦਾ ਲੈਂਦੇ ਹਨ ਜਿਸ ਬਾਬਤ ਕਿ ਗੁਰਵਾਕ ਹੈ : "ਸਚੁ ਪੁਰਾਣਾ ਨਾ ਥੀਐ" ਤਾਂ ਹੋਰ ਖੁੱਲ੍ਹ ਕੇ ਗੱਲ ਕਰਨ, ਨਹੀਂ ਤਾਂ ਸਪੱਸ਼ਟ ਦੱਸਣ ਕਿ ਕਿਹੜੇ 'ਪੁਰਾਣੇ ਖ਼ਿਆਲ' ਤਿਆਗ ਦਈਏ ਤੇ ਕਿਹੜੀਆਂ 'ਨਵੀਆਂ ਕੀਮਤਾਂ' ਗ੍ਰਹਿਣ ਕਰੀਏ ਤਾਂ ਜੁ ਐਵੇਂ ਹਵਾ ਵਿਚ ਗਤਕੇਬਾਜ਼ੀ ਕਰਨ ਦੀ ਥਾਂ ਬੁੱਧੀ ਦੀ ਪੱਧਰ ਉੱਤੇ ਵਿਚਾਰ ਚਰਚਾ ਚੱਲ ਸਕੇ। ਹੋਰ, ਇਹ ਭੀ ਸਪੱਸ਼ਟ ਕਰਨ ਕਿ ਕੀ ਸਿੱਖ ਹਰ 'ਨਿਰੰਜਣੀਏ' ਦੀ 'ਖੋਜ-ਭਾਵਨਾ' ਦਾ ਨਿਰ-ਵਿਰੋਧ ਸਤਿਕਾਰ ਕਰਨ ਲਈ ਪਾਬੰਦ ਅਤੇ ਮਜਬੂਰ ਹਨ ਯਾ ਉਨ੍ਹਾਂ ਨੂੰ ਇਹ ਹੱਕ ਭੀ ਹੈ ਕਿ ਉਹ ਕਿਸੇ ਦੀ 'ਖੋਜ-ਭਾਵਨਾ' ਦੇ ਪਿੱਛੇ ਦਿੱਸ ਰਹੀ ਕੁਚੇਸ਼ਟਾ ਅਤੇ ਘੋਰ ਅਗਿਆਨਤਾ ਦਾ ਨਿਰੀਖਣ ਕਰਨ ਦੇ ਭੀ ਯੋਗ ਹਨ ਅਤੇ ਉਸ ਵਿਰੁੱਧ ਪ੍ਰੋਟੈਸਟ ਕਰਨ ਦੇ ਭੀ ਅਧਿਕਾਰ ਰੱਖਦੇ ਹਨ :

ਯਿਹ ਭੀ ਪਰਦਾ ਹੈ ਕਿ ਚਿਲਮਨ ਸੇ ਲਗੇ ਬੈਠੇ ਹੋ,
ਸਾਫ਼ ਛੁਪਤੇ ਭੀ ਨਹੀਂ, ਸਾਹਮਨੇ ਆਤੇ ਭੀ ਨਹੀਂ।

# ਰਾਜ ਕਰੇਗਾ ਖ਼ਾਲਸਾ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਤਿੰਨ ਸੌ ਸਾਲਾ ਯਾਦ ਮਨਾਉਣ ਲਈ ਪ੍ਰੋਗਰਾਮ ਉਲੀਕਣ ਬਾਰੇ ਸਰਕਾਰ ਵੱਲੋਂ 20 ਜੁਲਾਈ, 1975 ਨੂੰ ਪਟਿਆਲੇ ਵਿਖੇ, ਸਮਾਜ ਦੇ ਭਿੰਨ-ਭਿੰਨ ਵਰਗਾਂ ਦਾ ਇਕ ਸਾਂਝਾ ਸਮਾਗਮ ਬੁਲਾਇਆ ਗਿਆ ਸੀ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਨੱਬੇ ਸਾਲਾਂ ਤੋਂ ਵੱਧ ਉਮਰ ਭੋਗ ਚੁੱਕੇ, ਪਟਿਆਲਾ ਯੂਨੀਵਰਸਿਟੀ ਦੇ ਭੂਤ-ਪੂਰਵ ਵਾਈਸ ਚਾਂਸਲਰ, ਸਰਦਾਰ ਬਹਾਦਰ ਭਾਈ ਜੋਧ ਸਿੰਘ ਨੇ ਸਰੋਤਿਆਂ ਨੂੰ ਜੋ ਪ੍ਰੇਰਨਾ ਦਿੱਤੀ, ਉਸ ਬਾਰੇ ਜਾਣਕਾਰੀ, ਅਗਲੀ ਭਲਕ ਦੇ ਚੰਡੀਗੜ੍ਹ ਤੋਂ ਛਪਣ ਵਾਲੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ *ਟ੍ਰਿਬਿਊਨ* ਤੋਂ ਇਉਂ ਮਿਲਦੀ ਹੈ :

1. ਕਿ ਗੁਰੂ ਜੀ ਦਾ ਸ਼ਹੀਦੀ ਪੁਰਬ ਮਨਾਉਂਦਿਆਂ ਇਸ ਗ਼ਲਤ ਖ਼ਿਆਲ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ ਜਾਵੇ ਕਿ ਕਿਸੇ ਧਰਮ ਨੂੰ ਜਿਉਂਦਾ ਰੱਖਣ ਲਈ ਰਾਜ ਸੱਤਾ ਦਾ ਹੋਣਾ ਜ਼ਰੂਰੀ ਹੈ। ਉਸ (ਭਾਈ ਜੋਧ ਸਿੰਘ) ਨੇ ਇਹ ਵੀ ਤਾਕੀਦ ਕੀਤੀ ਕਿ ਧਰਮ ਨੂੰ ਸਿਆਸਤ ਨਾਲੋਂ ਵੱਖ ਰੱਖਣਾ ਚਾਹੀਦਾ ਹੈ।
2. ਜ਼ਾਹਰਾ ਤੌਰ 'ਤੇ ਭਾਈ ਜੋਧ ਸਿੰਘ ਦਾ ਇਹ ਐਲਾਨ ਉਸ ਅਵਸਰ ਨਾਲ ਮੇਲ ਨਹੀਂ ਖਾਂਦਾ ਸੀ, ਪਰ ਇਸ ਐਲਾਨ ਦੇ ਪਿਛੋਕੜ ਵਿਚ ਉਹ ਗੁਪਤ ਮਨੋ-ਭਾਵ ਜਿਹੜੇ ਪ੍ਰਗਟ ਭਾਵਾਂ ਨਾਲੋਂ ਹਮੇਸ਼ਾ ਵੱਧ ਮਹੱਤਵਪੂਰਨ ਤੇ ਖ਼ਤਰਨਾਕ ਹੁੰਦੇ ਹਨ, ਅਸੰਬੰਧਤ ਨਹੀਂ ਸਨ।
3. ਆਮ ਲੋਕਾਂ ਨੂੰ ਇਹ ਪਤਾ ਨਹੀਂ ਕਿ :
   (ੳ) ਅੰਗਰੇਜ਼ੀ ਰਾਜ ਸਮੇਂ ਅਤੇ ਉਸ ਤੋਂ ਬਾਅਦ ਵੀ ਭਾਈ ਜੋਧ ਸਿੰਘ ਇਕ ਧਾਰਮਿਕ ਵਿਅਕਤੀ ਦੇ ਭੇਖ ਵਿਚ ਸਰਗਰਮ ਸਿਆਸਤਦਾਨ ਰਹਿ ਚੁੱਕਾ ਹੈ। ਉਸ ਨੇ ਕਦੇ ਆਪਣੀ ਸਿਆਸਤ ਨਾਲੋਂ ਆਪਣੇ ਧਰਮ ਨੂੰ ਵੱਖ ਕਰਨਾ ਯੋਗ ਨਹੀਂ ਸਮਝਿਆ। ਇਸ ਦੇ ਸਿੱਟੇ ਵਜੋਂ ਇਹਸਾਨ-ਮੰਦ ਤੇ ਸ਼ੁਕਰਗੁਜ਼ਾਰ ਅੰਗਰੇਜ਼ ਹੁਕਮਰਾਨਾਂ ਨੇ ਉਨ੍ਹਾਂ ਨੂੰ ਕਈ ਉੱਚ-ਉਪਾਧੀਆਂ ਤੇ ਰਿਆਇਤੀ ਪ੍ਰਮਾਣ-ਪੱਤਰਾਂ ਤੋਂ ਇਲਾਵਾ ਸਰਦਾਰ ਬਹਾਦਰ ਦਾ ਖ਼ਿਤਾਬ ਵੀ ਦਿੱਤਾ। ਅੰਗਰੇਜ਼ੀ ਰਾਜ ਤੋਂ ਬਾਅਦ ਵੀ ਸੱਤਾਧਾਰੀ ਸਿਆਸਤਦਾਨ ਉਸ (ਭਾਈ ਜੋਧ ਸਿੰਘ) ਦੀ ਬਹੁਤ ਲੋੜ ਮਹਿਸੂਸ ਕਰਦੇ ਰਹੇ ਹਨ।
   (ਅ) ਭਾਈ ਜੋਧ ਸਿੰਘ ਜੋ ਬੜੇ ਨਿਰਮਲ ਬੁੱਧੀ ਵਾਲੇ ਵਿਅਕਤੀ ਹਨ, ਉਹ ਬਹੁਤੇ ਸ਼ਬਦਾਂ ਵਿਚ ਇਹ ਨਹੀਂ ਆਖਦੇ ਕਿ ਸਿਆਸਤ ਨੂੰ ਧਰਮ ਤੋਂ ਵੱਖ ਰੱਖਣਾ ਕੋਈ ਸਿੱਖੀ ਦਾ ਦ੍ਰਿੜ੍ਹ ਸਿਧਾਂਤ ਹੈ; ਸਗੋਂ ਅਜਿਹਾ ਤਾਂ ਉਹ ਕੇਵਲ ਆਪਣੀ

ਰੰਚਕ ਮਾਤਰ ਸੰਸਾਰੀ ਤੇ ਨਾਸਤਕ ਸੂਝ-ਬੂਝ ਦੇ ਆਧਾਰ 'ਤੇ ਹੀ ਕਹਿ ਰਹੇ ਹਨ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸਿੱਖ ਸਿਧਾਂਤ ਤੇ ਰਵਾਇਤ ਦੋਵਾਂ ਅਨੁਸਾਰ ਹੀ ਧਰਮ ਨੂੰ ਰਾਜਨੀਤੀ ਤੋਂ ਵੱਖ ਸਮਝਣਾ ਇਕ ਉਸਤਾਦੀ, ਮੌਕਾ-ਪ੍ਰਸਤੀ, ਚਲਾਕੀ ਯਾ ਫ਼ਰੇਬ ਹੈ। ਕੇਵਲ ਸੰਕੇਤਾਂ ਦੁਆਰਾ ਜਾਂ ਵਿੰਗੇ-ਟੇਡੇ ਇਸ਼ਾਰਿਆਂ ਰਾਹੀਂ ਉਹ ਚਾਹੁੰਦੇ ਹਨ ਕਿ ਸਿੱਖ ਉਨ੍ਹਾਂ ਲੋਕਾਂ ਦੇ ਵਿਚਾਰਾਂ ਨੂੰ ਅਪਣਾ ਲੈਣ ਜਿਨ੍ਹਾਂ ਦੀ ਕਿ ਉਹ (ਭਾਈ ਜੋਧ ਸਿੰਘ) ਆਵਾਜ਼ ਹਨ ਅਤੇ ਇਹ ਵਿਸ਼ਵਾਸ ਕਰ ਲੈਣ ਕਿ ਸਹੀ ਸਿੱਖ-ਸਿਧਾਂਤ ਦਰਅਸਲ ਇਹੋ ਹੀ ਹੈ।

(ੲ) ਅੰਗਰੇਜ਼ ਨੇ ਭਾਵੇਂ ਸਿੱਖਾਂ ਨੂੰ ਜਿੱਤ ਤਾਂ ਲਿਆ ਸੀ, ਪਰ ਇਹ ਹਮੇਸ਼ਾ ਸਿੱਖਾਂ ਤੋਂ ਡਰਦੇ ਵੀ ਰਹੇ ਅਤੇ ਨਾਲ-ਨਾਲ ਇਨ੍ਹਾਂ ਦੀ ਬਹਾਦਰੀ ਦੀ ਵਡਿਆਈ ਵੀ ਕਰਦੇ ਰਹੇ। ਅੰਗਰੇਜ਼ਾਂ ਦੀ ਇਹ ਮਨੋਭਾਵਨਾ ਸੀ ਕਿ ਸਿੱਖ ਆਪਣੇ ਉਸ ਅਸਲੀ ਸਿਧਾਂਤ ਬਾਰੇ ਅਗਿਆਤ ਰਹਿਣ, ਜਿਸ ਦਾ ਕਿ ਇਤਿਹਾਸਕ ਕਾਲ ਤੋਂ ਉਹ ਵਿਸ਼ੇਸ਼ ਤੌਰ 'ਤੇ ਤਿੱਖੀ ਆਵਾਜ਼ ਨਾਲ ਪ੍ਰਗਟਾਵਾ ਕਰਦੇ ਆਏ ਹਨ—"ਭਾਵ ਆਜ਼ਾਦੀ ਜਾਂ ਮੌਤ":

**ਰਾਜ ਕਰੈਂ ਇੱਕੇ ਲਰ ਮਰਹੈਂ।** *(ਅਨਸੰਸ਼ੋਧਤ ਪ੍ਰਾਚੀਨ ਪੰਥ ਪ੍ਰਕਾਸ਼)*

ਅਤੇ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਉਨ੍ਹਾਂ (ਅੰਗਰੇਜ਼ਾਂ) ਨੂੰ ਭਾਈ ਜੋਧ ਸਿੰਘ ਵਧੀਆ ਹਮਾਇਤੀ ਲੱਭਿਆ ਸੀ।

4. ਭਾਰਤ ਦੇ ਮੌਜੂਦਾ ਹੁਕਮਰਾਨਾਂ ਨੇ ਵੀ ਆਪਣੀ ਇਸ ਖ਼ਾਹਿਸ਼ ਤੇ ਨਿਸਚੇ ਬਾਰੇ ਕੋਈ ਲੁਕਾ ਨਹੀਂ ਰੱਖਿਆ ਕਿ ਉਹ ਸਿੱਖਾਂ ਨੂੰ ਆਪਣੇ ਗੁਰੂਆਂ ਦੀਆਂ ਉਨ੍ਹਾਂ ਮੂਲ ਸਿੱਖਿਆਵਾਂ ਤੋਂ ਲਾਂਭੇ ਲੈ ਜਾਣਾ ਚਾਹੁੰਦੇ ਹਨ, ਜਿਨ੍ਹਾਂ ਅਨੁਸਾਰ ਕਿ ਰਾਜਨੀਤਕ ਸ਼ਕਤੀ ਦੇ ਆਧਾਰ ਤੋਂ ਬਿਨਾਂ ਸਿੱਖ ਆਪਣੇ ਧਾਰਮਿਕ ਅਤੇ ਸਮਾਜਿਕ ਫ਼ਰਜ਼ਾਂ ਦੀ ਪੂਰਤੀ ਕਰ ਸਕਣੀ ਅਸੰਭਵ ਸਮਝਦੇ ਹਨ, ਜਿਨ੍ਹਾਂ ਅਨੁਸਾਰ ਕਿਸੇ ਸਿੱਖ ਲਈ ਧਰਮ ਨਾਲੋਂ ਸਿਆਸਤ ਨੂੰ ਨਿਖੇੜਨਾ ਇਕ ਅਕਹਿ ਘਿਰਣਾ-ਭਰਪੂਰ ਗਿਰਾਵਟ ਅਤੇ ਪਤਿਤ-ਪੁਣਾ ਹੈ।

5. ਭਾਈ ਜੋਧ ਸਿੰਘ ਦੀ ਪਟਿਆਲਾ ਦੀ ਕਾਰਗੁਜ਼ਾਰੀ ਦਾ ਪੜਚੋਲ ਸਹਿਤ ਵਿਸ਼ਲੇਸ਼ਣ ਇਸ ਪਿਛੋਕੜ ਵਿੱਚੋਂ ਹੀ ਕਰਨਾ ਪੈਣਾ ਹੈ।

6. ਭਾਈ ਜੋਧ ਸਿੰਘ ਦੇ ਪਟਿਆਲੇ ਬੋਲੇ ਅਦੁੱਤੀ ਮੰਦ-ਭਾਗੇ ਬੋਲ ਕਿ:

(ੳ) ਇਹ ਗ਼ਲਤ ਵਿਸ਼ਵਾਸ ਹੈ ਕਿ ਕਿਸੇ ਧਰਮ ਦੇ (ਸਮੇਤ ਸਿੱਖ ਮਤ ਦੇ) ਜਿਊਂਦਾ ਰੱਖਣ ਲਈ ਰਾਜਸੱਤਾ ਦਾ ਹੋਣਾ ਜ਼ਰੂਰੀ ਹੈ;

(ਅ) ਇਸ 'ਗ਼ਲਤ ਵਿਸ਼ਵਾਸ' ਨੂੰ ਉਚੇਚੇ ਯਤਨਾਂ ਰਾਹੀਂ ਧਾਰਮਿਕ ਯੋਜਨਾਵਾਂ ਨਾਲ ਜੋੜ ਕੇ ਸਿੱਖਾਂ ਦੀਆਂ ਸੰਗਠਤ ਵਿਉਂਤਬੰਦੀਆਂ ਦਾ ਭਾਗ ਬਣਾ ਕੇ, ਨਵਿਰਤ ਕਰਨਾ ਚਾਹੀਦਾ ਹੈ; ਅਤੇ

(ੲ) ਕਿ ਸਿਆਸਤ ਧਰਮ ਨਾਲੋਂ ਬਿਲਕੁਲ ਵੱਖ ਹੋਣੀ ਚਾਹੀਦੀ ਹੈ ਜਿਹੜੀ ਉਹ ਵਿੰਗੇ-ਟੇਡੇ ਢੰਗ ਨਾਲ ਸਹੀ ਸਿੱਖ ਸਥਿਤੀ ਦੱਸਦਾ ਹੈ, ਇਹ ਉੱਕਾ ਹੀ ਨਾ-ਕਾਬਿਲੇ ਬਰਦਾਸ਼ਤ ਹੈ ਅਤੇ ਇਸ ਬਜ਼ੁਰਗ ਭਾਈ ਨੇ, ਸਿੱਖੀ ਦੇ ਪਲੇਟ ਫ਼ਾਰਮ ਤੋਂ ਆਪਣੀ ਮਨਮਤ ਪ੍ਰਚਾਰਨ ਦਾ ਅਯੋਗ ਲਾਭ ਉਠਾਇਆ ਹੈ।

ਉਸ ਨੇ ਇਸ ਤਰ੍ਹਾਂ ਆਪਣੇ ਵਿਵਾਦ-ਗ੍ਰਸਤ ਨਿੱਜੀ ਵਿਚਾਰਾਂ ਨੂੰ ਸਿੱਖੀ ਦਾ ਅਨਿੱਖੜਵਾਂ ਅੰਗ ਬਣਾ ਕੇ ਸਿੱਖਾਂ ਉਪਰ ਠੋਸਣਾ ਚਾਹਿਆ ਹੈ।

7. (ੳ) ਰਾਜਨੀਤੀ ਬਨਾਮ ਧਰਮ; (ਅ) ਰਾਜ-ਸੱਤਾ ਅਤੇ ਸਿੱਖ ਮਤ; ਅਤੇ (ੲ) ਰਾਜਨੀਤਕ ਪ੍ਰਭੂ-ਸੱਤਾ ਅਤੇ ਸਿੱਖ ਧਰਮ ਦੀ ਪਾਲਣਾ ਜੈਸੇ ਚਿੜਾਉਣੇ ਸੁਆਲਾਂ ਬਾਰੇ ਸਿੱਖ ਸਿਧਾਂਤ ਅਰਦਾਸ ਦੇ ਉਸ ਦੋਹਰੇ ਵਿਚ ਸਪੱਸ਼ਟ ਰੂਪ ਵਿਚ ਨਿਯਮ-ਬੱਧ ਹੈ, ਜਿਹੜਾ ਦੋਹਰਾ ਗੁਰੂ ਗੋਬਿੰਦ ਸਿੰਘ ਜੀ ਦੇ 1708 ਈ: ਵਿਚ ਜੋਤੀ-ਜੋਤ ਸਮਾਉਣ ਤੋਂ ਲੈ ਕੇ ਹੁਣ ਤਕ ਸਿੱਖ ਹਰ ਰੋਜ਼ ਆਪਣੇ ਸੁਤੰਤਰ ਇਕੱਠਾਂ ਵਿਚ ਉਚਾਰਦੇ ਆਏ ਹਨ ਅਤੇ ਜਿਹੜਾ ਦੋਹਰਾ 'ਸ੍ਰੀ ਮੁਖਵਾਕ' ਭਾਵ ਗੁਰੂ ਸਾਹਿਬ ਦੇ ਨਿੱਜੀ ਮੁਖਾਰਬਿੰਦ ਤੋਂ ਉਚਾਰਨ ਹੋਏ ਅਸਲੀ ਪਵਿੱਤਰ ਸ਼ਬਦ ਹਨ :

**ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨਾ ਕੋਇ।**
**ਖਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।**

ਭਾਵ, "ਸਿੱਖ ਸਦਾ ਸੁਤੰਤਰ ਅਤੇ ਸੱਤਾ ਸੰਪੰਨ ਰਹਿਣਗੇ। ਇਸ ਵਿਸ਼ਵਾਸ ਨੂੰ ਕੋਈ ਵੀ ਚੁਣੌਤੀ ਨਹੀਂ ਦੇਵੇਗਾ। ਓੜਕ ਸਾਰੇ ਇਸ ਵਿਚਾਰ ਨੂੰ ਪ੍ਰਵਾਨ ਕਰ ਲੈਣਗੇ, ਭਾਵੇਂ ਉਨ੍ਹਾਂ ਲਈ ਇਸ ਨੂੰ ਮੰਨਣਾ ਕਿੰਨਾ ਵੀ ਬੇ-ਸੁਆਦਾ ਤੇ ਕੌੜਾ ਕਿਉਂ ਨਾ ਲੱਗੇ ਅਤੇ ਸੁਣੋ! ਸ਼ਾਂਤੀ ਅਤੇ ਸੁਰੱਖਿਆ ਇਹ ਸਵੀਕਾਰ ਕਰ ਲੈਣ ਵਿਚ ਹੀ ਹੈ।"

8. ਸਿੱਖਾਂ ਵੱਲੋਂ ਬੜੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਪਿਛਲੀਆਂ ਤਿੰਨ ਸਦੀਆਂ ਤੋਂ ਇਸ ਭੈ-ਭੀਤ ਕਰਨ ਵਾਲੇ ਮਹਾਨ ਗੁਸਤਾਖ਼ੀ-ਭਰਪੂਰ ਦਾਅਵੇ ਦਾ ਸ਼ਰੇਆਮ ਐਲਾਨ ਹੁੰਦਾ ਆਇਆ ਹੈ। ਇਸ ਨੂੰ ਕੁਝ ਕੁ ਲੋਕਾਂ ਨੇ ਨਿਰੀ ਹਾਸੋ-ਹੀਣੀ ਗੱਲ ਸਮਝਿਆ, ਦੂਸਰਿਆਂ ਨੇ ਡਰਾਵਾ, ਪਰ ਕੁਝ ਕੁ ਹੋਰਨਾਂ ਅੰਦਰ ਇਸ ਦਾਅਵੇ ਨੇ ਕਰੋਧ ਦੀ ਪ੍ਰਚੰਡ ਜੁਆਲਾ ਭੜਕਾਈ ਹੈ। ਇਸ ਦਾਅਵੇ ਨੇ ਕਈਆਂ ਸਿੱਖਾਂ ਪਾਸੋਂ ਉਨ੍ਹਾਂ ਦੀ ਬੁਜ਼ਦਿਲੀ ਤੇ ਹਮਦਰਦੀ ਕਾਰਨ ਕਈ ਪੁੱਠੀਆਂ ਸਿੱਧੀਆਂ ਸਫ਼ਾਈਆਂ ਪੇਸ਼ ਕਰਵਾਈਆਂ ਹਨ। ਸੰਨ 1947 ਤੋਂ ਬਾਅਦ ਦੇ ਸਿਆਸੀ ਜੋਸ਼ ਦੇ ਨਸ਼ੇ ਦੀ ਮਸਤੀ ਵਿਚ ਆਏ ਹਿੰਦੂ ਸਿਆਸਤਦਾਨਾਂ ਦੇ ਦਿਲਾਂ ਅੰਦਰ ਇਸ ਦਾਅਵੇ ਨੇ ਇਨ੍ਹਾਂ ਸਿੱਖਾਂ ਪ੍ਰਤੀ, ਜਿਨ੍ਹਾਂ ਨੂੰ ਕਿ ਉਹ ਪਹਿਲਾਂ ਹੀ ਮੌਤ ਦੇ ਅੰਤਮ ਫੰਧੇ ਵਿਚ ਫਸੇ ਦੇਖ ਰਹੇ ਹਨ, ਹੋਰ ਘਿਰਣਾ ਦੀ ਅੱਗ ਭੜਕਾਈ ਹੈ।

9. ਜਿਵੇਂ ਵੀ ਹੋਵੇ, ਇਹ ਪਰਖਣਾ ਉੱਚਿਤ ਹੋਵੇਗਾ ਕਿ ਕੀ ਇਹ ਸਿੱਖ ਸਿਧਾਂਤ ਆਪਣੇ ਆਪ ਵਿਚ ਕਿਸੇ ਇਤਿਹਾਸਕ ਦ੍ਰਿਸ਼ਟੀਕੋਣ ਅਤੇ ਸੱਚਾਈ ਤੋਂ ਸੱਖਣਾ ਹੈ ਜਾ ਇਹ ਵਿਗਿਆਨਕ ਪਰਖ 'ਤੇ ਸਹੀ ਉਤਰਦਾ ਹੈ। ਇਸ ਤਰ੍ਹਾਂ ਹੀ ਇਸ ਸਿੱਖ ਸਿਧਾਂਤ ਦੀ ਅੰਦਰੂਨੀ ਪ੍ਰਮਾਣਿਕਤਾ ਦਾ ਅਨੁਮਾਨ ਲੱਗ ਸਕਦਾ ਹੈ। ਭਾਵੇਂ ਇਨ੍ਹਾਂ ਅਜੋਕੇ ਸਿੱਖਾਂ ਨੂੰ, ਜਿਹੜੇ ਸਿਆਸੀ ਤੌਰ 'ਤੇ ਗ਼ੁਲਾਮ ਬਣ ਚੁੱਕੇ ਹਨ, ਸੱਭਿਆਚਾਰਕ ਤੌਰ 'ਤੇ ਗ਼ਰਕ ਚੁੱਕੇ ਹਨ, ਬੌਧਿਕ ਤੌਰ 'ਤੇ ਬੁੱਧੀ-ਹੀਨ ਤੇ ਬਾਂਝ ਬਣ ਚੁੱਕੇ ਹਨ, ਇਖ਼ਲਾਕੀ ਤੌਰ 'ਤੇ ਪਤਿਤ ਹੋ ਚੁੱਕੇ ਹਨ ਅਤੇ ਭਾਰਤ ਦੀ ਵੰਡ ਦੁਆਰਾ ਆਰਥਿਕ ਤੌਰ 'ਤੇ ਲੁੱਟੇ-ਖੋਹੇ ਗਏ ਹਨ ਤੇ ਧਾਰਮਿਕ ਤੌਰ 'ਤੇ ਅਸ਼ਰਧਕ ਬਣਾਏ ਗਏ ਹਨ, ਇਹ ਸੱਚਾਈ ਅਮਲੀ ਰੂਪ ਵਿਚ ਬੜੀ ਬੇ-ਸੁਆਦੀ ਤੇ ਅਵਿਵਹਾਰਕ ਜਾਪੇਗੀ।

10. ਜ਼ਾਹਰਾ ਤੌਰ 'ਤੇ ਇਸ ਸਿੱਖ ਸਿਧਾਂਤ ਦੀ ਗ਼ਲਤ ਮਨੌਤ ਉੱਤੇ ਆਧਾਰਿਤ, ਮੂਰਖਤਾ-ਭਰਪੂਰ ਹੋਣ ਜਾਂ ਅਸਥਿਰ ਹੋਣ ਦਾ ਦਾਅਵਾ ਜ਼ਬਾਨੀ-ਕਲਾਮੀ ਜਾਂ ਇਸ਼ਾਰਿਆਂ ਨਾਲ ਨਹੀਂ ਕੀਤਾ ਜਾ ਸਕਦਾ।

11. ਆਓ! ਸੰਸਾਰ ਦੇ ਇਤਿਹਾਸ ਉੱਤੇ ਉਸ ਸਮੇਂ ਤੋਂ ਝਾਤ ਮਾਰੀਏ, ਜਿਸ ਸਮੇਂ ਤੋਂ ਸੰਸਾਰ ਵਿਚ ਸੱਭਿਅਤਾਵਾਂ ਦੇ ਸਥਾਨ ਤੇ ਚਿੰਨ੍ਹ ਪ੍ਰਗਟ ਹੋਏ ਹਨ। ਸਾਨੂੰ ਪਤਾ ਲੱਗੇਗਾ ਕਿ ਹਰੇਕ ਪੜਾਅ ਉੱਤੇ ਇਕ ਜਾਂ ਦੋ ਐਸੀਆਂ ਜਾਤੀਆਂ ਜਾਂ ਕੌਮਾਂ ਰਹੀਆਂ ਹਨ, ਜਿਹੜੀਆਂ ਕਿ ਉੱਘੀਆਂ ਰਾਜ-ਜਾਤੀਆਂ ਸਨ ਅਤੇ ਜਿਨ੍ਹਾਂ ਦੇ ਚਰਿੱਤਰ ਅੰਦਰ 'ਰਾਜ ਕਰੇਗਾ ਖ਼ਾਲਸਾ' ਵਾਲੀ ਸੁਭਾਵਕ ਵਿਸ਼ੇਸ਼ਤਾ ਸੀ। ਉਨ੍ਹਾਂ ਕੌਮਾਂ ਤੇ ਜਾਤੀਆਂ ਦੀ ਪ੍ਰਸੰਸਾ ਹੁੰਦੀ ਰਹੀ ਹੈ ਅਤੇ ਲੋਕੀਂ ਉਨ੍ਹਾਂ ਦੀ ਚੁੱਪ-ਚਾਪ ਪੈਰਵੀ ਕਰਦੇ ਰਹੇ ਹਨ। ਇਸ ਨਿਯਮ ਦਾ ਕਿਧਰੇ ਵਿਰੋਧ ਹੋਇਆ ਦਿਖਾਈ ਨਹੀਂ ਦਿੰਦਾ। ਲੀਡਰਸ਼ਿਪ ਭਾਵੇਂ ਰਾਜਸੀ ਸੀ ਯਾ ਇਖ਼ਲਾਕੀ ਯਾ ਦੋਵੇਂ ਤਰ੍ਹਾਂ ਦੀ; ਲੀਡਰਸ਼ਿਪ ਦਾ ਇਹ ਗੇੜ ਇਕ ਕੌਮ ਤੋਂ ਦੂਜੀ ਕੌਮ ਵੱਲ ਚੱਲਦਾ ਰਿਹਾ ਹੈ ਅਤੇ ਇਤਿਹਾਸਿਕ ਕਾਲ ਵਿਚ ਕਿਸੇ ਕੌਮ ਨੂੰ ਇਹ ਸਰਦਾਰੀ ਦੁਬਾਰਾ ਪ੍ਰਾਪਤ ਹੋਈ ਦਿਖਾਈ ਨਹੀਂ ਦਿੰਦੀ, ਪਰ ਇਹ ਇਤਿਹਾਸ ਦਾ ਕੋਈ ਨਿਸਚਿਤ ਵਿਧਾਨ ਵੀ ਨਹੀਂ ਕਿਹਾ ਜਾ ਸਕਦਾ।

12. ਉਦਾਹਰਣ ਵਜੋਂ ਸੰਨ 550 ਬੀ.ਸੀ. ਤੋਂ 330 ਬੀ.ਸੀ. ਦੇ ਵਿਚਕਾਰ ਹਖ਼ਾਮੰਸ਼ੀ ਵੰਸ਼ ਦੇ ਅਧੀਨ ਮਿਸਰੀਆਂ, ਅਸੀਰੀਆਂ, ਬੈਬੇਲੋਨੀਆਂ ਅਤੇ ਇਰਾਨੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ ਇਨ੍ਹਾਂ ਸਾਰਿਆਂ ਤੋਂ ਯੂਨਾਨੀ ਪੁਰਾਣੇ ਹਨ, ਜਿਹੜੇ ਹੁਣ ਤਕ ਪੱਛਮੀ ਮਨੁੱਖ ਦੀ ਯਾਦਾਸ਼ਤ ਵਿਚ ਮੌਜੂਦ ਹਨ। ਠੀਕ ਇਸ ਤਰ੍ਹਾਂ ਹੀ ਜੋ ਕੁਝ ਕਨਫ਼ਿਊਸ਼ੀਅਸ ਦੇ ਚੀਨ ਨੇ ਆਪਣੇ 'ਜਾਂਗਲੀ' ਦੌਰ ਵਿਚ ਕੀਤਾ ਸੀ ਅਤੇ ਹਿੰਦੂਆਂ ਨੇ ਜੋ ਕੁਝ ਧੁਰ ਪੂਰਬ ਅਤੇ ਦੱਖਣ ਪੂਰਬੀ ਬੋਧੀ ਏਸ਼ੀਆ ਵਿਚ ਕੀਤਾ। ਯੂਨਾਨੀ ਲੀਡਰਸ਼ਿਪ ਦਾ ਇਕ ਸ਼ਾਨਦਾਰ ਪੱਖ ਇਹ ਸੀ ਕਿ ਇਸ ਨੇ ਮਕਦੂਨੀਆ ਦੇ ਸਮਰਾਟ ਸਿਕੰਦਰ ਦੇ ਜੀਵਨ-ਕਾਲ ਦੇ ਥੋੜ੍ਹੇ ਜਿਹੇ ਸਮੇਂ ਨੂੰ ਛੱਡ ਕੇ ਕਦੇ ਵੀ ਇਕ ਸਾਮਰਾਜ ਦੀ ਸਿਆਸੀ ਸ਼ਕਲ ਅਖ਼ਤਿਆਰ ਨਹੀਂ ਕੀਤੀ। ਭਾਵੇਂ ਕਈ ਪ੍ਰਕਾਰ ਦੇ ਘਰੋਗੀ ਅਤੇ ਅਦ੍ਰਿਸ਼ਟ ਕਾਰਨਾਂ ਅਤੇ ਹਾਲਾਤ ਕਰਕੇ ਉਸ ਦੀ ਮੌਤ ਉੱਤੇ ਯੂਨਾਨੀ ਸਾਮਰਾਜ ਖਿੰਡ-ਪੁੰਡ ਗਿਆ, ਪਰ ਤਾਂ ਵੀ ਸੰਸਾਰ ਦੇ ਵਿਸ਼ਾਲ ਭਾਗ ਅੰਦਰ ਤਿੰਨ ਸਦੀਆਂ ਜਾਂ ਇਸ ਤੋਂ ਵੱਧ ਸਮੇਂ ਤਕ ਯੂਨਾਨੀ ਰਾਜ-ਵੰਸ਼, ਯੂਨਾਨੀ ਵਿਚਾਰਧਾਰਾ ਅਤੇ ਯੂਨਾਨੀ ਯੁੱਧ ਤਰੀਕੇ ਹਾਵੀ ਹੋਏ ਰਹੇ ਹਨ।

13. ਫਿਰ ਯੂਨਾਨੀ ਮਹਾਨਤਾ ਰੋਮਨਾਂ ਪਾਸ ਚਲੀ ਗਈ। ਕੋਈ ਚਾਰ ਸਦੀਆਂ ਤਕ ਰੋਮਨ ਵਿਚਾਰ, ਰੋਮਨ ਫ਼ੈਸ਼ਨ ਅਤੇ ਰੋਮਨ ਫ਼ੌਜਾਂ ਨੇ ਅਖੰਡਤ ਲੀਡਰਸ਼ਿਪ ਮਾਣੀ। ਭਾਰਤ ਵਿਚ ਅੰਗਰੇਜ਼ੀ ਹੁਕਮਰਾਨਾਂ ਨੇ ਸਾਮਰਾਜੀ ਪ੍ਰਭੁਤਾ ਅਤੇ ਸੰਗਠਨ ਬਾਰੇ ਅਤੇ ਸਮਾਜਿਕ ਵੰਡ-ਵਖਰੇਵੇਂ ਵਾਲੇ ਰੋਮਨ ਸਿਧਾਂਤ ਪੂਰੀ ਤਰ੍ਹਾਂ ਅਪਣਾ ਕੇ ਅਮਲ ਵਿਚ ਲਿਆਂਦੇ ਸਨ। ਆਜ਼ਾਦ ਭਾਰਤ ਵਿਚ ਵੀ ਨਹਿਰੂ ਦੇ ਰਾਜ-ਭਾਗ ਦੇ ਸਮੇਂ ਤਕ ਸਾਡੇ ਸਰਕਾਰੀ ਵਾਤਾਵਰਣ ਵਿਚ ਪੱਛਮੀ ਸੱਭਿਆਚਾਰ ਦੇ ਧਾਰਨੀ ਪੂਰਬੀ ਭੱਦਰ-ਪੁਰਸ਼, ਆਈ.ਸੀ.ਐਸ. ਅਫ਼ਸਰਾਂ ਅਤੇ ਨਹਿਰੂ-ਨੁਮਾ ਸਿਆਸਤਦਾਨਾਂ ਉਪਰ ਇਨ੍ਹਾਂ ਰੋਮਨ ਸਿਧਾਂਤਾਂ ਦਾ ਹੀ ਗ਼ਲਬਾ ਕਾਇਮ ਰਿਹਾ ਹੈ।

14. ਇਸ ਤੋਂ ਬਾਅਦ ਤਕਰੀਬਨ ਦੋ ਸਦੀਆਂ ਦੀ ਹਫੜਾ-ਦਫੜੀ ਪਿੱਛੋਂ ਅਰਬੀ, ਅੰਤਰ-ਰਾਸ਼ਟਰੀ ਲੀਡਰ ਵਜੋਂ ਸੰਸਾਰ-ਮੰਚ 'ਤੇ ਪ੍ਰਗਟ ਹੋਏ, ਜਿਨ੍ਹਾਂ ਨੇ 650 ਈ: ਤੋਂ 850 ਈ: ਦੇ ਦਰਮਿਆਨ ਆਪਣੀ ਮਹਾਨ ਸ਼ਕਤੀਸ਼ਾਲੀ ਹਕੂਮਤ ਕਾਇਮ ਕੀਤੀ। ਉਨ੍ਹਾਂ ਦਾ ਸਿਆਸੀ ਪਤਨ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਪੰਜ ਸੌ ਸਾਲਾਂ ਤਕ, ਗਿਆਨ ਤੇ ਵਿਗਿਆਨ ਦੇ ਖੇਤਰ ਵਿਚ ਸੰਸਾਰ ਦੀ ਅਗਵਾਈ ਜਾਰੀ ਰੱਖੀ।

15. ਪਰ ਜਦੋਂ ਅਰਬੀ ਭਾਸ਼ਾ ਬੋਲਣ ਵਾਲੇ ਲੋਕ ਪਿਛਾਂਹ ਡਿੱਗੇ ਤਾਂ ਉਸ ਸਮੇਂ ਤਕ ਉਹ ਕਲਾ, ਵਿੱਦਿਆ, ਸਾਇੰਸ ਤੇ ਦਸਤਕਾਰੀ ਆਦਿ ਦਾ ਗਿਆਨ ਪੱਛਮੀ ਯੂਰਪ ਤਕ ਪਹੁੰਚਾ ਚੁੱਕੇ ਸਨ। ਇਸ ਤੋਂ ਬਾਅਦ ਪਹਿਲਾਂ ਲੀਡਰਸ਼ਿਪ ਪਵਿੱਤਰ ਰੋਮਨ ਸਾਮਰਾਜ ਨੇ ਗ੍ਰਹਿਣ ਕੀਤੀ, ਫਿਰ ਇਹ ਤਰਤੀਬਵਾਰ ਸਪੇਨ, ਫ਼ਰਾਂਸ ਤੇ ਇੰਗਲੈਂਡ ਨੂੰ ਪ੍ਰਾਪਤ ਹੋਈ।

16. ਸਾਡੇ ਆਪਣੇ ਜੀਵਨ-ਕਾਲ ਵਿਚ ਅਸੀਂ ਇਹ ਅੰਤਰ-ਰਾਸ਼ਟਰੀ ਲੀਡਰਸ਼ਿਪ ਅਮਰੀਕਾ ਅਤੇ ਰੂਸ ਵੱਲ ਵਧਦੀ ਦੇਖੀ ਹੈ।

17. ਅੰਤਰ-ਰਾਸ਼ਟਰੀ ਲੀਡਰਸ਼ਿਪ ਦੇ ਖੇਤਰ ਵਿਚ ਕੰਮ ਕਰਦੇ ਕੁਝ ਕੁ ਸਾਧਾਰਨ ਨਿਯਮ ਇਥੇ ਸਪੱਸ਼ਟ ਰੂਪ ਵਿਚ ਪ੍ਰਗਟ ਹੋਏ ਦਿੱਸਦੇ ਹਨ।

18. ਪਹਿਲੀ ਗੱਲ ਇਹ ਕਿ ਲੀਡਰਸ਼ਿਪ ਗ੍ਰਹਿਣ ਕਰਨ ਪਿੱਛੇ ਹਮੇਸ਼ਾ ਸ਼ਕਤੀ ਦਾ ਸਹਾਰਾ ਪ੍ਰਾਪਤ ਕੀਤਾ ਜਾਂਦਾ ਹੈ। ਭਾਵੇਂ ਵੱਡੀ ਕੌਮ, ਫ਼ੌਜੀ ਜਿੱਤਾਂ ਦੇ ਗ਼ਲਬੇ ਦੁਆਰਾ ਆਪਣੀ ਫ਼ੌਜੀ ਹਕੂਮਤ ਠੋਸੇ ਯਾ ਨਾ, ਤਾਂ ਵੀ, ਇਹ ਸ਼ਕਤੀ ਹੀ ਹੈ ਜਿਹੜੀ ਦੂਜਿਆਂ ਪਾਸੋਂ ਪੈਰਵੀ ਕਰਾਉਂਦੀ ਹੈ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿਚ ਭਾਵੇਂ ਫ਼ਰਾਂਸ ਨੇ ਕੋਈ ਵਿਸ਼ਾਲ ਇਲਾਕਾ ਨਹੀਂ ਜਿੱਤਿਆ, ਫਿਰ ਵੀ ਫ਼ਰਾਂਸੀਸੀ ਭਾਸ਼ਾ ਦੁਨੀਆ ਦੀ ਅੰਤਰ-ਰਾਜਨੈਤਿਕ ਭਾਸ਼ਾ ਬਣ ਗਈ। ਫ਼ਰਾਂਸੀਸੀ ਸਿਖਸ਼ਕ ਦੂਜੇ ਦੇਸ਼ਾਂ ਦੀਆਂ ਫ਼ੌਜਾਂ ਦੀ ਸਿਖਲਾਈ ਲਈ ਲਾਏ ਗਏ ਸਨ; ਜਿਵੇਂ ਕਿ ਉੱਨੀਵੀਂ ਸਦੀ ਦੇ ਪਹਿਲੇ ਅੱਧ ਸਮੇਂ ਦੀ ਸਿੱਖਾਂ ਦੀ ਮਿਸਾਲ ਹੈ। ਫ਼ਰਾਂਸੀਸੀ ਫ਼ਰਨੀਚਰ, ਫ਼ਰਾਂਸੀਸੀ ਸਾਹਿਤ ਅਤੇ ਫ਼ਰਾਂਸੀਸੀ ਭੋਜਨ ਕਲਾ ਹੀ ਹਰ ਥਾਂ ਛਾਈ ਰਹੀ ਹੈ।

19. ਸਾਡੇ ਜੀਵਨ-ਕਾਲ ਵਿਚ ਵੀ ਅਮਰੀਕਾ ਨੇ ਕੋਈ ਬਹੁਤੇ ਦੇਸ਼ਾਂ 'ਤੇ ਫ਼ੌਜੀ ਅਧਿਕਾਰ ਨਹੀਂ ਜਮਾਇਆ ਤਾਂ ਵੀ ਬੋਲ-ਚਾਲ ਦੀ ਅਮਰੀਕਨ ਸ਼ਬਦਾਵਲੀ, ਅਮਰੀਕੀ ਬਸਤਰ, ਅਮਰੀਕੀ ਸੰਗੀਤ, ਭਿਅੰਕਰ-ਸ਼ੋਰ-ਸ਼ਰਾਬੇ ਵਾਲੇ ਅਮਰੀਕਨ ਗਾਣੇ ਤੇ ਕਾਮੀ ਨਾਚ, ਭਵਨ ਕਲਾ ਦੇ ਖੇਤਰ ਵਿਚ ਅਸਮਾਨਾਂ ਨੂੰ ਛੂੰਹਦੀਆਂ ਉੱਚੀਆਂ ਇਮਾਰਤਾਂ ਬਣਾਉਣ ਦਾ ਅਮਰੀਕੀ ਝੱਲਪੁਣਾ ਸਾਰੇ ਸੰਸਾਰ ਅੰਦਰ ਫੈਲ ਗਿਆ ਹੈ। ਅਮਰੀਕਾ, ਕੈਨੇਡਾ, ਬ੍ਰਿਟਿਸ਼ ਟਾਪੂਆਂ ਅਤੇ ਪੱਛਮੀ ਯੂਰਪ ਅੰਦਰ ਵੱਸਦੇ 90% ਸਿੱਖ ਪ੍ਰਵਾਸੀ ਜਿਹੜੇ ਬੜੀ ਬੇਹਯਾਈ ਨਾਲ ਦਾਹੜੀਆਂ ਕਟਾਉਣ ਦੇ ਭੱਦੇ, ਕੁਢੱਬੇ ਤੇ ਜਾਂਗਲੀ ਫ਼ੈਸ਼ਨ ਅਤੇ ਤੰਬਾਕੂ-ਨੋਸ਼ੀ ਦੀ ਮੰਦੀ ਘਾਤਕ ਬੀਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ, ਉਨ੍ਹਾਂ ਦਾ ਸਹੀ ਅਨੁਮਾਨ ਇਥੋਂ ਹੀ ਲੱਗਦਾ ਹੈ। ਇਸ ਦੇ ਉਲਟ ਅਫ਼ਰੀਕਨ ਮਹਾਂਦੀਪ ਅਤੇ ਏਸ਼ੀਆ ਦੇ ਦੱਖਣ ਪੂਰਬੀ ਖੇਤਰਾਂ ਵਿਚ ਰਹਿੰਦੇ ਸਿੱਖ ਪ੍ਰਵਾਸੀਆਂ ਨੇ ਹੁਣ ਤਕ ਆਪਣੀ ਸਾਬਤ ਸੂਰਤ ਵਾਲੀ ਸਿੱਖੀ

ਅਤੇ ਤੰਬਾਕੂ ਨੋਸ਼ੀ ਤੋਂ ਗਿਲਾਨੀ ਦੀ ਸੁਅਸਥ ਅਤੇ ਸ਼ਲਾਘਾਯੋਗ ਆਦਤ ਨੂੰ ਕਾਇਮ ਰੱਖਿਆ ਹੋਇਆ ਹੈ।

20. ਅਸੀਂ ਇਹ ਦਾਅਵਾ ਨਹੀਂ ਕਰ ਸਕਦੇ ਕਿ ਅਮਰੀਕੀ ਸੱਭਿਆਚਾਰ ਦੇ ਮਿਆਰ ਯਕੀਨੀ ਤੌਰ 'ਤੇ ਹੋਰਨਾਂ ਥਾਵਾਂ 'ਤੇ ਪੈਦਾ ਹੋਣ ਵਾਲੀ ਹਰ ਸ਼ੈਅ ਨਾਲੋਂ ਵਧੀਆ ਹਨ।

21. ਜ਼ਾਹਰਾ ਤੌਰ 'ਤੇ ਮਨੁੱਖੀ ਸੁਭਾ ਅੰਦਰ ਕੋਈ ਐਸੀ ਗੱਲ ਹੈ, ਜਿਹੜੀ ਸਾਨੂੰ ਸਰੀਰਕ ਤੌਰ 'ਤੇ ਤਾਕਤਵਰ ਲੋਕਾਂ ਦੀ ਵਿਚਾਰਧਾਰਾ ਅਤੇ ਚਾਲ-ਢਾਲ ਦੀ ਪੈਰਵੀ ਕਰਨ ਲਈ ਪ੍ਰੇਰਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਐਲਾਨ ਕੀਤਾ ਕਿ ਦ੍ਰਿਸ਼ਟਮਾਨ ਸੰਸਾਰ ਦੀ ਹਰ ਚੀਜ਼ 'ਕਾਲ ਕ੍ਰਿਪਾਨ' ਦੀ ਰਾਖੀ ਅਤੇ ਕੰਟਰੋਲ ਵਿਚ ਹੈ ਅਤੇ ਮਨੁੱਖਾਂ ਅੰਦਰ ਇਹ ਸੁਭਾਵਿਕ ਰੁਚੀ ਹੈ ਕਿ ਉਹ ਸਭ ਤੋਂ ਵੱਧ ਤਾਕਤਵਰ (ਤਗੜੇ) ਵੱਲ ਝੁਕਦੇ ਹਨ, ਤਾਂ ਉਨ੍ਹਾਂ ਨੇ ਮਨੁੱਖਤਾ ਦਾ ਧਿਆਨ ਅਜਿਹੇ ਰਹੱਸ ਵੱਲ ਖਿਚਿਆ ਸੀ :

**ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ,**
**ਭਾਰੀ ਭੁਜਾਨ ਕੋ ਭਾਰੀ ਭਰੋਸੋ॥** *(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ 45)*

22. ਸਿੱਖਾਂ ਦੀ ਸੰਨ 1849 ਵਿਚ ਜੋ ਲਗਭਗ 80 ਲੱਖ ਗਿਣਤੀ ਸੀ, ਉਸ ਦੇ ਸੰਨ 1862 ਦੀ ਮਰਦਮ-ਸ਼ੁਮਾਰੀ ਵੇਲੇ ਸੁੰਗੜ ਕੇ ਕੇਵਲ 18 ਲੱਖ ਤਕ ਪਿਛਾਂਹ ਸਰਕ ਜਾਣ ਨੂੰ ਅਸੀਂ ਹੋਰ ਕਿਵੇਂ ਬਿਆਨ ਕਰ ਸਕਦੇ ਹਾਂ। 1850 ਈਸਵੀ ਵਿਚ ਸਿੱਖਾਂ ਦੀ ਸਿਆਸੀ ਤਾਕਤ ਅਤੇ ਸ਼ਕਤੀ ਦਾ ਪਤਨ ਹੋਣਾ, ਰਾਜਾ ਸਰ ਹਰਨਾਮ ਸਿੰਘ ਅਤੇ ਸਾਧੂ ਸੁੰਦਰ ਸਿੰਘ ਦਾ ਈਸਾਈਅਤ ਧਾਰਨ ਕਰ ਜਾਣਾ, ਗਿਆਨੀ ਉਬੈਦੁਲਾ ਸਿੰਧੀ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਕਾਨੂੰਨਦਾਨ ਸਰ ਮੁਹੰਮਦ ਜ਼ਫ਼ਰ-ਉਲਾ ਖ਼ਾਂ ਦੇ ਪਿਤਾ ਅਤੇ ਪਰਿਵਾਰ ਦਾ ਮੁਸਲਮਾਨ ਬਣ ਜਾਣਾ, ਇਨ੍ਹਾਂ ਗੱਲਾਂ ਤੋਂ ਕੀ ਸਪੱਸ਼ਟ ਹੁੰਦਾ ਹੈ? ਸ਼ਹੀਦ ਭਾਈ ਮਤੀ ਦਾਸ ਜੀ ਦੀ ਸੰਤਾਨ ਵਿੱਚੋਂ ਸਵਰਗਵਾਸੀ ਭਾਈ ਪਰਮਾਨੰਦ, ਉਸ ਦਾ ਪੁੱਤਰ ਤੇ ਜੁਆਈ, ਇਕ ਸ਼ਰਧਾਵਾਨ ਸਹਿਜਧਾਰੀ ਪਰਿਵਾਰ ਦਾ ਅਦੁੱਤੀ ਨਾਜ਼ਕ ਬੱਚਾ ਸਰ ਗੋਕਲ ਚੰਦ ਨਾਰੰਗ—ਇਨ੍ਹਾਂ ਨੂੰ ਕਿਸ ਮਜਬੂਰੀ ਕਾਰਨ ਸਿੱਖੀ ਦੇ ਸ਼ੋਭਨੀਕ ਖੇਤਰ ਵਿੱਚੋਂ ਨਿਕਲ ਕੇ ਆਰੀਆ ਸਮਾਜ ਦੀਆਂ ਨਿਕਾਰਾ ਤੇ ਬੰਜਰ ਭੂਮੀਆਂ ਵੱਲ ਭਟਕਣਾ ਪਿਆ?

ਆਪਣੀ ਹੋਂਦ ਦੇ ਬਹੁਤ ਥੋੜੇ ਇਤਿਹਾਸਕ ਕਾਲ ਅੰਦਰ ਸਿੱਖਾਂ ਨਾਲ ਬੜੀ ਈਰਖਾ ਤੇ ਅਨਰਥ ਹੋਇਆ ਹੈ, ਮਨੋ-ਵਿਰੋਧ ਤੇ ਜ਼ੁਲਮ ਹੋਏ ਹਨ, ਇਨ੍ਹਾਂ ਦਾ ਬੀਜ ਨਾਸ ਕਰਨ ਲਈ ਕਤਲੇਆਮ ਅਤੇ ਭਿਅੰਕਰ ਮਾਰਾਂ ਪਈਆਂ ਹਨ, ਇਨ੍ਹਾਂ ਨੇ ਜਿੱਤਾਂ ਤੇ ਸ਼ੋਭਾ, ਸ਼ਕਤੀ ਤੇ ਖ਼ੁਸ਼ਹਾਲੀ, ਹਾਰ ਤੇ ਗ਼ੁਲਾਮੀ, ਹਾਸੋਹੀਣੀ ਦਸ਼ਾ ਤੇ ਖ਼ੁਆਰੀ, ਗ਼ਰੀਬੀ ਤੇ ਵਿਗੋਚਾ ਸਭ ਕੁਝ ਦੇਖਿਆ ਹੈ। ਫੇਰ ਵੀ ਇਸ ਸਾਰੇ ਉਤਰਾਅ-ਚੜ੍ਹਾਅ ਦੇ ਦੌਰਾਨ ਕਦੇ ਮੰਦੀ ਭਾਵਨਾ ਯਾ ਬੇ-ਸਮਝੀ ਕਰਕੇ ਨਾ ਕਿਸੇ ਦੋਸਤ, ਨਾ ਦੁਸ਼ਮਣ ਨੇ, ਨਾ ਕਿਸੇ ਗੁਆਂਢੀ, ਨਾ ਅਜਨਬੀ ਨੇ, ਮਹਾਨ ਸਿੱਖ ਪੈਗ਼ੰਬਰਾਂ ਤੇ ਗੁਰੂਆਂ ਦੀ ਉਨ੍ਹਾਂ ਦੇ ਵਿਚਾਰਾਂ, ਸ਼ਬਦਾਂ ਅਤੇ ਕਾਰਜਾਂ ਸੰਬੰਧੀ ਕਦੇ ਹੇਠੀ ਯਾ ਅਪਮਾਨ ਕਰਨ ਦੀ ਦਲੇਰੀ ਕੀਤੀ ਹੈ। ਉਨ੍ਹਾਂ ਨੂੰ ਮਨੁੱਖਾਂ ਵਜੋਂ, ਮਨੁੱਖਤਾ ਦੇ ਆਗੂਆਂ ਵਜੋਂ ਅਤੇ ਧਾਰਮਿਕ ਪੈਗ਼ੰਬਰਾਂ ਵਜੋਂ ਸਾਰਿਆਂ ਨੇ ਬਹੁਤ ਸਤਿਕਾਰਿਆ ਹੈ।

ਮੈਲਕਮ, ਮੈਕਰੈਗਰ, ਕਨਿੰਘਮ, ਡੋਰਥੀ-ਫ਼ੀਲਡ, ਟਾਇਨਬੀ, ਸੁਜਾਨ ਰਾਏ, ਖ਼ੁਸ਼ਵਕ਼ਤ ਰਾਏ, ਦੌਲਤ ਰਾਏ, ਇਨ੍ਹਾਂ ਸਾਰਿਆਂ ਦੀ ਸਿੱਖਾਂ ਅਤੇ ਸਿੱਖ ਧਰਮ ਸੰਬੰਧੀ ਲਿਖਣ ਵੇਲੇ ਇੱਕੋ ਰਾਇ ਸੀ, ਭਾਵੇਂ ਹੋਰਨਾਂ ਗੱਲਾਂ ਬਾਬਤ ਇਨ੍ਹਾਂ ਦੇ ਵਿਚਾਰਾਂ ਵਿਚ ਬਹੁਤ ਮਤਭੇਦ ਸਨ। ਪਰ ਜਦੋਂ ਸਿੱਖ ਸੰਨ 1947 ਵਿਚ ਪਹਿਲੀ ਵਾਰ ਸਮਾਂ ਖੁੰਝਾ ਬੈਠੇ ਅਤੇ ਇਹ ਕੁਝ ਬਣ ਗਏ ਜੋ ਹੁਣ ਬਣੇ ਹੋਏ ਹਨ ਅਤੇ ਫੇਰ ਵੀ ਬਦਲੇ ਹਾਲਾਤ ਵਿਚ ਜਦੋਂ ਸਿੱਖ ਸੱਭਿਆਚਾਰ ਬਾਰੇ ਇਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਂ ਦਾ ਵਿਸ਼ਵ ਵਿਦਿਆਲਾ ਅਤੇ ਸਿੱਖ ਧਰਮ ਸੰਬੰਧੀ ਇਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਂ ਦਾ ਵਿਸ਼ਵ ਵਿਦਿਆਲਾ ਸਥਾਪਤ ਕਰਨ ਵਿਚ ਇਹ ਸਫਲ ਹੋ ਗਏ ਤਾਂ ਇਨ੍ਹਾਂ ਯੂਨੀਵਰਸਿਟੀਆਂ ਦੇ 'ਸਿੱਖ' ਪ੍ਰੋਫ਼ੈਸਰ ਨਿਡਰਤਾ ਨਾਲ ਇਹ ਐਲਾਨ ਅਤੇ ਦਲੀਲਾਂ ਪੇਸ਼ ਕਰਨ ਲਈ ਸਾਹਮਣੇ ਆਏ ਕਿ :

"ਗੁਰੂ ਤੇਗ਼ ਬਹਾਦਰ ਇਕ ਮਹਾਨ ਲੁਟੇਰਾ ਸੀ, ਜੋ ਆਪਣੇ ਜਿਹੇ ਹੋਰਨਾਂ ਗ਼ੈਰ-ਕਾਨੂੰਨੀ ਅਨਸਰਾਂ ਨੂੰ ਵਰਗਲਾਉਂਦਾ ਤੇ ਪਨਾਹ ਦਿੰਦਾ ਸੀ। ਉਸ ਦੇ ਇਨ੍ਹਾਂ ਭੈੜੇ ਕਾਰਨਾਮਿਆਂ ਨੇ ਉਸ ਨੂੰ ਮੁਗ਼ਲ ਕਾਨੂੰਨ ਅਧੀਨ ਦੰਡ ਦਾ ਭਾਗੀ ਬਣਾਇਆ, ਜਿਸ ਕਰਕੇ ਦਿੱਲੀ ਵਿਖੇ ਇਕ ਅਪਰਾਧੀ ਵਜੋਂ ਉਸ ਦਾ ਸ਼ਰੇਆਮ ਸਿਰ ਵੱਢਿਆ ਗਿਆ। ਜਿਸ ਦੀ ਜਾਇਜ਼ ਸਜ਼ਾ ਇਹੋ ਸੀ। ਮਹਾਨ ਮੁਗ਼ਲ ਔਰੰਗਜ਼ੇਬ ਉੱਕਾ ਨਿਰਦੋਸ਼ ਤੇ ਬੇਖ਼ਬਰ ਸੀ; ਨੇਕ ਮੁਗ਼ਲ ਸਰਕਾਰ ਦੇ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਦਾ ਅਸਲੀ ਗਿਲਾ ਇਹੋ ਸੀ ਕਿ ਉਹ ਉਸ (ਗੁਰੂ ਗੋਬਿੰਦ ਸਿੰਘ) ਪਾਸੋਂ ਨਿਯਮ ਅਨੁਸਾਰ ਸਰਕਾਰੀ ਟੈਕਸ ਅਤੇ ਜ਼ਮੀਨ ਦਾ ਮਾਲੀਆ ਮੰਗਦੇ ਸਨ, ਜਿਹੜਾ ਉਹ (ਗੁਰੂ) ਦੇਣ ਤੋਂ ਆਕੀ ਸੀ। ਉਸ ਨੂੰ ਰਣ-ਖੇਤਰ ਦੀ ਯੁੱਧ ਕਲਾ ਦੀ ਬਹੁਤ ਘੱਟ ਸੂਝ ਸੀ, ਜਿਸ ਕਰਕੇ ਉਸ ਨੇ ਸਰਕਾਰੀ ਫ਼ੌਜਾਂ ਦੇ ਟਾਕਰੇ 'ਤੇ ਲੜਾਈ ਵਿਚ ਹਾਰ 'ਤੇ ਹਾਰ ਖਾਧੀ।" ਕੀ ਸਿੱਖਾਂ ਦੀ ਮੌਜੂਦਾ ਸਿਆਸੀ ਦਸ਼ਾ ਦਾ ਇਸ ਘਿਰਣਾ-ਜਨਕ ਜ਼ਾਹਰਾ ਸਥਿਤੀ ਨਾਲ ਕੋਈ ਸੰਬੰਧ ਨਹੀਂ ? ਇਥੇ ਦਿੱਲੀ ਸਥਿਤ ਨਕਲੀ ਨਿਰੰਕਾਰੀਆਂ ਬਾਬਤ ਕੁਝ ਕੁ ਜ਼ਾਹਰਾ ਕਾਰਨਾਂ ਕਰਕੇ ਚਰਚਾ ਨਹੀਂ ਕੀਤੀ ਜਾ ਰਹੀ।

23. ਕਿਸੇ ਧਰਮ ਦੀ ਪ੍ਰਵਾਨਗੀ ਅਤੇ ਪਸਾਰ ਦੇ ਸੰਬੰਧ ਵਿਚ ਜੋ ਅਸਰ ਭਰਪੂਰ ਅਤੇ ਫ਼ੈਸਲਾ-ਕੁੰਨ ਰੋਲ ਸਿਆਸੀ ਸ਼ਕਤੀ ਅਤੇ ਸ਼ੁਹਰਤ ਅਦਾ ਕਰਦੀ ਹੈ, ਉਸ ਦੇ ਇਹ ਕੇਵਲ ਕੁਝ ਕੁ ਹੀ ਦ੍ਰਿਸ਼ਟਾਂਤ ਹਨ। ਇਤਿਹਾਸ ਦਾ ਇਹ ਨਿਯਮ ਅਤੇ ਮਨੁੱਖੀ ਆਚਰਨ ਦੀ ਇਹ ਬੁਨਿਆਦੀ ਉਦਾਹਰਣ ਅਤੇ ਮਨੁੱਖੀ ਸੁਭਾ ਦੀ ਇਹ ਪਰਵਿਰਤੀ ਸਿੱਖਾਂ ਅਤੇ ਸਿੱਖ ਮਤ ਦੇ ਮਾਮਲੇ ਵਿਚ ਵਧੇਰੇ ਢੁਕਦੀ ਹੈ, ਕਿਉਂਕਿ ਕਈਆਂ ਹੋਰਨਾਂ ਸੰਸਾਰਕ ਧਰਮਾਂ ਦੇ ਉਲਟ ਸਿੱਖ ਧਰਮ ਕੇਵਲ ਪੁਜਾਰੀਆਂ ਦੀ ਜਥੇਬੰਦੀ ਹੀ ਨਹੀਂ, ਬਲਕਿ ਇਸ ਦੇ ਨਾਲ-ਨਾਲ ਇਹ ਸਮਾਜਿਕ ਵਿਚਾਰ ਵਿਧੀ ਵਾਲੀ ਜਥੇਬੰਦੀ ਵੀ ਹੈ। ਜਦੋਂ ਵੀ ਸਿੱਖ, ਰਾਜਨੀਤਕ ਪ੍ਰਭੂ-ਸੱਤਾ ਤੇ ਸ਼ਕਤੀ ਤੋਂ ਵੱਖ ਤੇ ਬਾਂਝ ਕੀਤੇ ਗਏ ਹਨ ਤਾਂ ਸਿੱਖ ਧਰਮ ਆਪਣੀਆਂ ਅਸਲੀ ਵਿਸ਼ੇਸ਼ਤਾਈਆਂ ਅਤੇ ਉਮੰਗਾਂ ਤੋਂ ਹੀ ਬਾਂਝ ਹੋ ਗਿਆ ਹੈ। ਇਸ ਕਰਕੇ ਹੀ ਇਹ ਦਾਅਵਾ ਤੇ ਭਾਵੀ ਜੋ 'ਰਾਜ ਕਰੇਗਾ ਖ਼ਾਲਸਾ' ਵਾਲੇ ਦੋਹਰੇ ਵਿਚ ਚਿਤਰੀ ਅਤੇ ਐਲਾਨੀ

ਗਈ ਹੈ, ਸਿੱਖ ਧਰਮ ਅਤੇ ਇਸ ਦੀਆਂ ਸਮਾਜੀ ਜ਼ਿੰਮੇਵਾਰੀਆਂ ਦੇ ਭਾਗੀ ਸਿੱਖਾਂ ਲਈ ਬੁਨਿਆਦੀ ਹੈ। ਇਸ ਦੋਹਰੇ ਦਾ ਦੂਜਾ ਅੱਧਾ ਬੰਦ 'ਆਕੀ ਰਹੇ ਨ ਕੋਇ' ਪਹਿਲੇ ਦਾ ਕੇਵਲ ਪੂਰਕ ਹੀ ਹੈ। ਦੋਵੇਂ ਇੱਕੋ ਤਗ਼ਮੇ ਦਾ ਸਿੱਧਾ ਤੇ ਉਲਟਾ ਪਾਸਾ ਹੀ ਹਨ।

24. ਭਾਰਤ ਵਿਚ ਇਸ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ ਦੇ 'ਸ਼ਾਂਤਮਈ ਸਤਿਆਗ੍ਰਹਿ' ਤੇ 'ਅਹਿੰਸਾ' ਆਦਿਕ ਨਾਹਰੇ ਕੇਵਲ ਆਕਸਫ਼ੋਰਡ ਤੇ ਕੈਮਬ੍ਰਿਜ ਯੂਨੀਵਰਸਿਟੀਆਂ ਵਿਚ ਪੜ੍ਹੇ ਹੁਕਮਰਾਨ ਅੰਗਰੇਜ਼ਾਂ ਨੂੰ ਛੇੜਨ, ਜਿੱਚ ਕਰਨ ਅਤੇ ਉਨ੍ਹਾਂ ਦਾ ਪ੍ਰਤਾਵਾ ਲੈਣ ਵਾਲੇ ਸ਼ਬਦ ਅਤੇ ਹਿੰਦੂਆਂ ਦੀਆਂ ਸਿਆਸੀ ਚਾਲਾਂ ਹੀ ਸਨ। ਭਾਰਤ ਦੇ ਵਾਇਸਰਾਏ ਲਾਰਡ ਵੇਵਲ ਨੇ ਠੀਕ ਹੀ ਲਿਖਿਆ ਹੈ, ('ਵਾਇਸਰਾਏ ਦਾ ਰਸਾਲਾ', ਲੰਡਨ 1973, ਪੰਨਾ 238) ਕਿ ਉਹ (ਗਾਂਧੀ) ਕੋਈ ਸੰਤ ਨਹੀਂ, ਸਗੋਂ ਬਹੁਤ ਹੱਠੀ ਸਿਆਸਤਦਾਨ ਹੈ ਅਤੇ ਇਸ ਸੂਖਮ ਦਾਅ-ਪੇਚ ਵਿਚ ਭੋਲੇ-ਭਾਲੇ ਸਿੱਖਾਂ ਨੇ ਆਪਣੇ ਧਰਮ ਦੇ ਮੂਲ ਸਿਧਾਂਤਾਂ ਨੂੰ ਤਰੋੜ-ਮਰੋੜ ਕੇ ਇਹ ਐਲਾਨ ਕਰ ਕੇ ਕਿ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਅਹਿੰਸਾ ਅਤੇ ਸ਼ਾਂਤਮਈ ਦੇ ਸਾਖਸ਼ਾਤ ਅਵਤਾਰ ਸਨ, ਆਪਣੇ ਆਪ ਨੂੰ ਖ਼ੁਸ਼ੀ-ਖ਼ੁਸ਼ੀ ਸਭ ਤੋਂ ਪਹਿਲਾਂ ਬਲੀ ਦੇ ਬੱਕਰੇ ਬਣਾ ਲਿਆ। ਬਹੁਤਾ ਸਮਾਂ ਨਹੀਂ ਹੋਇਆ, ਸਿੱਖ ਸਿਆਸਤ ਵਿੱਚੋਂ ਪਰਲੋਕ ਸਿਧਾਰ ਚੁੱਕੇ ਦੋ ਸੰਤਾਂ ਦੀ ਸਰਦਾਰੀ ਵੇਲੇ ਅੰਮ੍ਰਿਤਸਰ ਵਿਖੇ ਇਕ ਜਾਹਲੀ ਸਰਬ-ਸੰਸਾਰ ਸਿੱਖ ਕਾਨਫ਼ਰੰਸ ਵਿਚ ਜੋ ਮੁੱਖ ਮਤਾ ਪਾਸ ਕੀਤਾ ਗਿਆ ਸੀ, ਉਸ ਵਿਚ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦੋਵਾਂ ਗੁਰੂਆਂ ਨੂੰ ਹੀ ਸਿੱਖਾਂ ਦੇ ਰਹਿਬਰ ਅਤੇ ਆਦਰਸ਼ ਦੱਸਿਆ ਗਿਆ। ਇਸ ਤਰ੍ਹਾਂ ਉਨ੍ਹਾਂ ਮਤਾ ਪਾਸ ਕਰਨ ਵਾਲਿਆਂ ਨੇ ਉਸ ਵਿਸ਼ਵਾਸ ਦਾ ਹੀ ਖੰਡਨ ਕੀਤਾ, ਜਿਸ ਵਿਚ ਨਾਸਤਕਾਂ ਵਾਂਗ ਉਹ ਆਪ ਯਕੀਨ ਰੱਖਦੇ ਸਨ। ਭਾਵ 'ਦੂਸਰੇ ਅਤੇ ਅੱਡਰੇ ਅੱਠ ਗੁਰੂ'। ਐਸਾ ਸਿਧਾਂਤ ਜਿਹੜਾ ਸਿੱਖੀ ਦੇ ਜੜ੍ਹੀਂ ਤੇਲ ਦੇਣ ਵਾਲਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਸੰਦੇਹ ਇਹ ਐਲਾਨ ਨਹੀਂ ਕੀਤਾ ਕਿ ਜਿਹੜਾ ਸਿੱਖ ਇਕ ਗੁਰੂ ਨੂੰ ਦੂਜਿਆਂ ਨਾਲੋਂ ਅੱਡਰਾ ਸੋਚਦਾ ਯਾ ਸਮਝਦਾ ਹੈ ਉਹ ਤਾਂ ਸਿੱਖ ਹੀ ਨਹੀਂ ? ਸਾਰੇ ਦਸਾਂ ਗੁਰੂਆਂ ਨੂੰ ਇੱਕੋ ਅਖੰਡਤ ਤੇ ਨਿਰੰਤਰ ਜੋਤ ਪਰਵਾਨਣਾ ਤੇ ਜਾਨਣਾ ਹੀ ਸਿੱਖੀ ਦਾ ਤੱਤਸਾਰ ਹੈ ਅਤੇ ਅਜਿਹਾ ਨਾ ਮੰਨਣਾ ਅਤੇ ਨਾ ਸਮਝਣਾ ਸਿੱਖੀ ਧਾਰਨ ਕਰਨ ਤੋਂ ਹੀ ਅਸਫਲ ਹੋਣਾ ਹੈ :

**ਜਿਨ ਜਾਨਾ ਤਿਨ ਹੀ ਸਿਧ ਪਾਈ ॥**
**ਬਿਨ ਸਮਝੇ ਸਿਧ ਹਾਥ ਨ ਆਈ ॥੧੦॥** *(ਦਸਮ ਗ੍ਰੰਥ, ਪੰਨਾ 54)*

ਸਾਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਜਿੱਤਾਂ ਦਾ ਨਿਸ਼ੇਧ, ਯੂ.ਐਨ.ਓ. ਵਾਲੀ ਹੇਰਾ-ਫੇਰੀ, ਇਲਾਕਾਈ ਅਖੰਡਤਾ, ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਤੋਂ ਸੰਕੋਚ, ਗੁੱਟ-ਨਿਰਪੇਖਤਾ ਅਤੇ ਪੰਚ-ਸ਼ੀਲ ਆਦਿਕ, ਇਹ ਗੱਲਾਂ ਸਭ ਆਰਜ਼ੀ ਚਮਤਕਾਰ ਹੀ ਹਨ।

25. ਆਓ ! ਅਸੀਂ ਉਸ ਅਸਲੀ ਸੱਚੇ ਆਦਮੀ ਦੀ ਗੱਲ ਧਿਆਨ ਨਾਲ ਸੁਣੀਏ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਪਰਖ 'ਤੇ ਪੂਰਾ ਉਤਰਨ ਵਾਲਾ ਹੈ। ਕਿਉਂਕਿ ਉਹ ਜੋ ਕੁਝ ਆਖਦਾ ਹੈ ਉਸ ਦੇ ਮਨ ਵਿਚ ਵੀ ਉਹੀ ਕੁਝ ਹੁੰਦਾ ਹੈ। ਉਸ ਦੀ ਭਾਵਨਾ ਅਤੇ ਬੋਲਾਂ ਵਿਚ ਕੋਈ ਅੰਤਰ ਨਹੀਂ ਹੁੰਦਾ :

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ॥**
**ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥੫੫॥**

*(ਦਸਮ ਗ੍ਰੰਥ, ਜ਼ਫ਼ਰਨਾਮਾ, ਪੰਨਾ 1391)*

ਉਹ ਕਿਸੇ ਸੂਰਤ ਵਿਚ ਵੀ ਸਮਕਾਲੀ ਸੰਸਾਰ ਵਿਚ ਮਹੱਤਵ-ਹੀਨ ਪੁਰਸ਼ ਨਹੀਂ। ਮਾਓ-ਜ਼ੇ-ਤੁੰਗ ਕਹਿੰਦਾ ਹੈ :

"ਚੀਨੀ ਕਮਿਊਨਿਸਟ ਪਾਰਟੀ ਦੀ ਫ਼ੌਜ ਜਿਸ ਪਾਸੇ ਵੀ ਜਾਂਦੀ ਹੈ, ਇਹ ਲੈਨਿਨਵਾਦ ਤੇ ਮਾਰਕਸਵਾਦ ਪੈਦਾ ਕਰਦੀ ਹੈ। ਇਹ ਕਮਿਊਨਿਸਟ ਪਾਰਟੀ ਅਤੇ ਕਮਿਊਨਿਸਟ ਸਰਕਾਰ ਨੂੰ ਹੋਂਦ ਵਿਚ ਲਿਆਉਂਦੀ ਹੈ। ਕੇਵਲ ਬੰਦੂਕਾਂ ਤੇ ਤੋਪਾਂ ਹੀ ਕਿਸੇ ਪਾਰਟੀ, ਕਿਸੇ ਸੱਭਿਅਤਾ ਅਤੇ ਇਥੋਂ ਤਕ ਕਿਸੇ ਸੰਸਾਰ ਨੂੰ ਵੀ ਹੋਂਦ ਵਿਚ ਲਿਆਉਂਦੀਆਂ ਹਨ।"

*(ਚੀਨੀ ਇਨਕਲਾਬ ਦੀਆਂ ਸਮੱਸਿਆਵਾਂ ਯਨਨ, ਦਸੰਬਰ, 1939)*

"ਜਿਸ ਦੇ ਪਾਸ ਫ਼ੌਜ ਹੈ, ਉਸ ਪਾਸ ਸ਼ਕਤੀ ਹੈ, ਕਿਉਂਕਿ ਲੜਾਈ ਹੀ ਸਾਰੀਆਂ ਗੱਲਾਂ ਦਾ ਨਿਰਣਾ ਕਰਦੀ ਹੈ।"

*(ਯੁੱਧ ਦੀਆਂ ਸਮੱਸਿਆਵਾਂ ਤੇ ਯੁੱਧ ਕਲਾ, ਨਵੰਬਰ 6, 1936)*

"ਹਰ ਇਕ ਸ਼ੈਅ ਬੰਦੂਕ ਦੀ ਨਾਲੀ ਵਿੱਚੋਂ ਹੀ ਪੈਦਾ ਹੁੰਦੀ ਹੈ।"

*(ਸਲੈਕਟਿਡ ਵਰਕਸ, ਜਿਲਦ ਦੂਜੀ,*
*ਨਿਊਯਾਰਕ ਇੰਟਰਨੈਸ਼ਨਲ ਪਬਲਿਸ਼ਰਜ਼, 1954, ਪੰਨਾ 272)*

26. ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਰੇ ਇਤਿਹਾਸਕ ਕਾਲ ਅੰਦਰ ਫ਼ੌਜੀ ਜਿੱਤਾਂ ਤੇ ਡਰ ਰਾਹੀਂ ਸਮਾਨਤਾ ਪੈਦਾ ਕਰਨ ਦਾ ਸਿਧਾਂਤ ਹੀ ਲੀਡਰਸ਼ਿਪ ਦੀ ਮਿਸਾਲ ਅੱਗੇ ਤੋਰਨ ਦਾ ਮੁੱਖ ਸਾਧਨ ਰਿਹਾ ਹੈ। ਸਿਕੰਦਰ ਦੀ ਜਿੱਤ ਨਾਲ ਮੱਧ ਪੂਰਬ ਵਿਚ ਯੂਨਾਨੀ ਵਿਚਾਰਧਾਰਾ ਦਾ ਮਹਾਨ ਪਸਾਰਾ ਪਸਰਿਆ। ਰੋਮ ਦੀ ਫ਼ੌਜੀ ਹਕੂਮਤ ਨੇ ਅਨਗਿਣਤ ਪੱਛੜੇ ਇਲਾਕੇ ਅਤੇ ਨਸਲਾਂ ਨੂੰ ਰੋਮਨ ਸੱਭਿਅਤਾ ਦਿੱਤੀ। ਜਦੋਂ ਰੋਮਨ ਸਾਮਰਾਜ ਢਹਿ-ਢੇਰੀ ਹੋਇਆ ਤਾਂ ਲੀਡਰਸ਼ਿਪ ਦੀ ਡਿੱਗੀ ਮਿਸ਼ਾਲ ਨੂੰ ਅਰਬਾਂ ਨੇ ਸਮੇਂ ਸਿਰ ਝਟ-ਪਟ ਹਥਿਆ ਲਿਆ। ਅਰਬਾਂ ਦੇ ਸੱਤਾਧਾਰੀ ਹੋਣ ਦਾ ਫ਼ੌਰੀ ਸਿੱਟਾ ਇਹ ਨਿਕਲਿਆ ਕਿ ਇਸ ਨੇ ਪੱਛਮੀ ਲੋਕਾਂ ਨੂੰ ਇਕ ਵਾਰ ਫੇਰ ਏਸ਼ੀਆ ਨਾਲੋਂ ਨਿਖੇੜ ਕੇ ਜਾਂਗਲੀ-ਪੁਣੇ ਵੱਲ ਧੱਕ ਦਿੱਤਾ, ਪਰ ਅਰਬਾਂ ਦੇ ਪਤਨ ਤੋਂ ਪਹਿਲਾਂ ਜਿਵੇਂ ਕਿ ਪ੍ਰਸਿੱਧ ਇਬਨੇ-ਖਲਦੂਨ (1332—1406 ਈ:) ਆਪਣੀ ਪੁਸਤਕ *ਮੁਕੱਦਮਾ* ਵਿਚ ਲਿਖਦਾ ਹੈ ਕਿ ਅਰਬਾਂ ਨੇ ਆਪਣਾ ਮੂਲ ਉਤਸ਼ਾਹ 'ਅਸਬੀਆ' ਖੋਹ ਲਿਆ ਅਤੇ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਵਿਆਜ ਸਮੇਤ ਫੇਰ ਯੂਰਪ ਨੂੰ ਮੋੜ ਦਿੱਤੀ।

27. ਦੂਸਰੇ, ਲੀਡਰਸ਼ਿਪ ਦਾ ਚੋਗਾ ਬਹੁਤੀ ਵਾਰ ਉਨ੍ਹਾਂ ਤੋਂ ਪਹਿਲਾਂ ਲੀਡਰ ਰਹਿਣ ਵਾਲਿਆਂ ਦੀ ਕਿਸੇ ਬਸਤੀ ਦੇ ਮੋਢਿਆਂ 'ਤੇ ਹੀ ਡਿੱਗਦਾ ਆਇਆ ਹੈ। ਅਰਬਾਂ ਨੇ ਆਪਣਾ ਬਹੁਤ ਸਾਰਾ ਗਿਆਨ, ਸੀਰੀਆ, ਮਿਸਰ ਅਤੇ ਉੱਤਰੀ ਅਫ਼ਰੀਕਾ ਤੋਂ ਲਿਆ, ਜੋ ਪਹਿਲਾਂ ਰੋਮਨਾਂ ਦੀਆਂ ਬਸਤੀਆਂ ਸਨ। ਸਪੇਨ, ਜਿਸ ਨੇ ਵਿਸ਼ਾਲ ਸਾਮਰਾਜ ਵਜੋਂ ਅਰਬਾਂ ਦੀ ਥਾਂ ਲਈ, ਨੂੰ ਅਰਬਾਂ ਨੇ ਜਿੱਤਿਆ ਸੀ ਅਤੇ ਅਮਰੀਕਾ ਦੀਆਂ ਸੰਯੁਕਤ ਰਿਆਸਤਾਂ ਦਾ ਆਰੰਭ ਅੰਗਰੇਜ਼ੀ ਬਸਤੀ ਵਜੋਂ ਹੋਇਆ ਸੀ।

28. ਇਸ ਲਈ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਸਿੱਖ ਸਿਧਾਂਤ ਤੇ ਇਹ ਦਾਅਵਾ ਕਿ (1) ਧਾਰਮਿਕ ਪੂਜਾ ਅਰਚਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਪਰਸਪਰ

ਸੰਬੰਧਤ ਹਨ; (2) ਕਿ ਰਾਜ-ਪ੍ਰਬੰਧ ਵਿਚ ਭਾਈਵਾਲੀ ਅਤੇ ਸ਼ਕਤੀ ਸਿੱਖਾਂ ਦੀਆਂ ਧਾਰਮਿਕ ਸਰਗਰਮੀਆਂ ਲਈ ਸਹਾਇਕ ਹੈ; ਅਤੇ (3) ਸਿਆਸੀ ਸ਼ਕਤੀ ਨੂੰ ਸਮਾਜਿਕ ਤਬਦੀਲੀ ਅਤੇ ਉੱਨਤੀ ਲਈ ਸਾਧਨ ਬਣਾ ਕੇ ਵਰਤਣ ਦੀ ਇੱਛਾ ਸਿੱਖਾਂ ਦਾ ਸਹੀ ਕਰਤੱਵ ਹੈ, ਇਹ ਨਾ ਤਾਂ (ੳ) ਇਤਿਹਾਸ ਦੇ ਨਿਸਚਿਤ ਆਦਰਸ਼ਾਂ ਲਈ ਹੀ ਨਿਰਮੂਲ ਹੈ; (ਅ) ਅਤੇ ਨਾ ਹੀ ਸਿੱਖ ਮਤ ਦੇ ਸਿਧਾਂਤਾਂ ਦੇ ਉਲਟ ਹੈ; ਯਾ (ੲ) ਸਿੱਖਾਂ ਦੀ ਮੌਜੂਦਾ ਅਪਮਾਨ-ਜਨਕ ਦਿਲ ਢਾਹੂ ਦਸ਼ਾ ਅਤੇ ਗ਼ੁਲਾਮਾਂ ਵਾਲੀ ਹੈਸੀਅਤ ਹੋਣ ਕਰਕੇ ਇਹ ਕੋਈ ਨਿਰੋਲ ਕਲਪਨਾ 'ਤੇ ਆਧਾਰਿਤ ਗ਼ੈਰ ਅਮਲੀ ਗੱਲ ਵੀ ਨਹੀਂ।

29. ਜਦ ਸਿੱਖ ਆਖਦੇ ਹਨ ਕਿ ਸਿਆਸਤ ਨੂੰ ਧਰਮ ਤੋਂ ਵੱਖਰਾ ਨਹੀਂ ਕਰਨਾ ਚਾਹੀਦਾ ਤਾਂ ਇਸ ਰਾਹੀਂ ਉਹ ਇਹ ਦਾਅਵਾ ਨਹੀਂ ਕਰਦੇ ਕਿ ਉਨ੍ਹਾਂ ਦਾ ਰੱਬ ਨਾਲ ਸਿੱਧਾ ਸੰਪਰਕ ਜੁੜਿਆ ਹੋਇਆ ਹੈ। ਇਸ ਦਾ ਕੇਵਲ ਇਹ ਭਾਵ ਹੈ ਕਿ ਮਨੁੱਖ ਦੀ ਪਬਲਿਕ, ਪ੍ਰਾਈਵੇਟ ਅਤੇ ਆਤਮਿਕ ਜ਼ਿੰਦਗੀ ਅਨਿੱਖੜਵੀਂ ਹੈ। ਇਕ ਸੰਗਠਿਤ ਸੱਭਿਆਚਾਰ ਹੀ ਸਭ ਤੋਂ ਵੱਧ ਲਾਭਕਾਰੀ ਅਤੇ ਸੁਰੱਖਿਅਤ ਹੁੰਦਾ ਹੈ। ਜਿਸ ਦੇ ਅੰਦਰ ਧਰਮ ਅਤੇ ਸਮਾਜ ਪ੍ਰਬੰਧ ਇੱਕੋ ਸਮੇਂ ਇਕ ਕਾਰਜ ਰਾਹੀਂ ਕਿਸੇ ਵਿਅਕਤੀ ਦੇ ਨਿੱਜੀ ਭਲੇ ਅਤੇ ਉਸ ਦੀ ਜਥੇਬੰਦੀ ਦੇ ਭਲੇ ਲਈ ਸਹਾਇਕ ਹੁੰਦਾ ਹੈ।

30. ਸਰਦਾਰ ਬਹਾਦਰ ਭਾਈ ਜੋਧ ਸਿੰਘ ਨੇ ਸਿੱਖਾਂ ਨੂੰ ਪਟਿਆਲਾ ਵਿਖੇ ਜੋ ਬਿਨਾਂ ਕਿਸੇ ਅਧਿਕਾਰ ਦੇ ਉਪਦੇਸ਼ ਦਿੱਤਾ ਹੈ, ਉਹ ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ ਦੇ ਪੂਰਨਿਆਂ ਅਤੇ ਸਿੱਖ ਗੁਰੂਆਂ ਦੀਆਂ ਸਪੱਸ਼ਟ ਅਤੇ ਅਟੱਲ ਸਿੱਖਿਆਵਾਂ ਦਾ ਸਪੱਸ਼ਟ ਵਿਰੋਧ ਹੈ।

31. ਹੁਣ ਸਾਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਆਧੁਨਿਕ ਵਿਗਿਆਨ ਦੀਆਂ ਖੋਜਾਂ ਤੇ ਉਨ੍ਹਾਂ ਤੋਂ ਪ੍ਰਾਪਤ ਹੁੰਦੀ ਸੂਝ ਤੇ ਮਾਰਗ ਦਰਸ਼ਨ ਦੇ ਸੰਕੇਤ, ਮਨੁੱਖੀ ਸੁਭਾ ਅਤੇ ਮਨੁੱਖੀ ਸਮਾਜ ਦੀ ਵਿਵਸਥਾ ਨੂੰ ਸਮਝਣ ਲਈ, ਜਿਸ ਨੂੰ ਸੁਆਦ ਚੱਖਣ ਤੋਂ ਪਹਿਲਾਂ ਹੀ ਪੁਰਾਣੀ ਸ਼ਰਾਬ ਨਵੀਆਂ ਬੋਤਲਾਂ ਵਿਚ ਪਾ ਦੇਣ ਵਾਲੇ 'ਸੋਸ਼ਲ ਇੰਜੀਨੀਅਰਿੰਗ' ਕਹਿੰਦੇ ਹਨ, ਕੀ ਇਹ ਉਸ ਬੁਨਿਆਦੀ ਸਿੱਖ ਸਿਧਾਂਤ ਨਾਲ ਜੋ ਕਿ 'ਰਾਜ ਕਰੇਗਾ ਖ਼ਾਲਸਾ' ਵਾਲੇ ਦੋਹਰੇ ਵਿਚ ਅੰਕਿਤ ਹੈ, ਸਹਿਮਤ ਹਨ ਯਾ ਇਸ ਦਾ ਵਿਰੋਧ ਕਰਦੇ ਹਨ।

31. ਇਥਾਲੋਜੀ (ਜਾਨਵਰਾਂ ਦੇ ਚਰਿੱਤ੍ਰ ਦੀਆਂ ਵਿਸ਼ੇਸ਼ਤਾਈਆਂ ਸੰਬੰਧੀ ਜਾਣਕਾਰੀ ਦਾ ਵਿਗਿਆਨ ਹੈ) ਜੋ ਸਭ ਤੋਂ ਨਵੀਂ ਵਿਗਿਆਨਕ ਪ੍ਰਣਾਲੀ ਹੈ, ਇਸ ਦਾ ਮੁੱਢ ਸੰਨ 1973 ਵਿਚ ਸਰੀਰ ਵਿਗਿਆਨ ਤੇ ਚਕਿਤਸਾ ਦੇ ਖੇਤਰ ਵਿਚ ਪੁਰਸਕਾਰ ਲੈਣ ਵਾਲੇ ਤਿੰਨ ਨੋਬਲ ਪੁਰਸਕਾਰ ਜੇਤੂਆਂ ਕਾਰਲ-ਵਨ-ਫ਼ਰਿਸ਼, ਨਿਕੋਲਸ-ਟਿੰਬਰ-ਜਨ ਅਤੇ ਕੋਨਰਦ ਲੋਰੰਜ ਵਿੱਚੋਂ ਅਖ਼ੀਰਲੇ ਨਾਮ ਵਾਲੇ ਨੇ ਕੋਈ ਸੰਨ 1966 ਵਿਚ ਆਕਰਮਣ ਦੇ ਵਿਸ਼ੇ 'ਤੇ ਆਪਣਾ ਪੁਰਸਕਾਰ ਜੇਤੂ ਵਿਚਾਰ-ਪ੍ਰਬੰਧ ਲਿਖ ਕੇ ਬੰਨ੍ਹਿਆ ਸੀ। ਇਸ ਪੁਸਤਕ ਵਿਚ ਉਸ ਨੇ ਇਹ ਦਾਅਵਾ ਪੇਸ਼ ਤੇ ਸਿੱਧ ਕੀਤਾ ਕਿ ਮਨੁੱਖ ਅੰਤ੍ਰੀਵੀ ਤੌਰ 'ਤੇ ਨਾ ਕੇਵਲ ਇਕ ਝਗੜਾਲੂ ਜਾਨਵਰ ਤੇ ਵੈਰ-ਭਾਵਨਾ ਨਾਲ ਭਰਪੂਰ ਪ੍ਰਾਣੀ ਹੀ ਹੈ ਬਲਕਿ ਇਸ ਦੀ ਮੂਲ ਪ੍ਰਕ੍ਰਿਤੀ ਦੀ ਘਾੜਤ ਅੰਦਰ ਹਮਲਾ ਕਰਨ ਦਾ ਤੱਤ, ਜੰਗ ਦੀ ਅਟੱਲਤਾ ਨੂੰ ਸਿੱਧ ਕਰਦਾ

ਹੈ। ਉਹ ਅੱਗੇ ਮਨੁੱਖਾ ਜੀਵਨ ਲਈ ਹਮਲੇ ਕਰਨ ਦੇ ਲਾਭ ਤੇ ਲੋੜਾਂ ਸਿੱਧ ਕਰਦਾ ਹੈ ਅਤੇ ਇਹ ਸਿੱਟਾ ਕੱਢਦਾ ਹੈ ਕਿ ਵਧੀਕੀ ਯਾ ਧੱਕਾ ਮਨੁੱਖੀ ਸੁਭਾ ਦਾ ਇਕ ਅਤੀ ਜ਼ਰੂਰੀ ਝਲਪੁਣਾ ਹੈ। ਸਰੀਰਕ-ਵਿਗਿਆਨ ਦੇ ਵਿਸ਼ੇ 'ਤੇ ਉਸ ਨੂੰ ਇਨ੍ਹਾਂ ਪ੍ਰਮੁੱਖ ਖੋਜਾਂ ਲਈ ਦੋ ਹੋਰਨਾਂ ਸਹਿ-ਸਨਮਾਨਤ ਪੁਰਸਕਾਰ ਅਧਿਕਾਰੀਆਂ ਸਮੇਤ ਕੋਈ ਚਾਰ ਸਾਲ ਪਹਿਲਾਂ ਨੋਬਲ ਪੁਰਸਕਾਰ ਦਿੱਤਾ ਜਾ ਚੁੱਕਾ ਹੈ।

33. 1974 ਵਿਚ ਸਾਡੇ ਨੋਬਲ ਪੁਰਸਕਾਰ ਜੇਤੂ ਨਿਕੋਲਸ ਟਿੰਬਰ-ਜਨ ਦੇ ਇਕ ਪੁਰਾਣੇ ਸ਼ਿਸ਼ ਦੇਸਮੰਡ ਮੋਰਿਸ ਨੇ ਆਕਸਫ਼ੋਰਡ ਵਿਚ ਲੋਰੰਜ ਦੀ ਪੁਸਤਕ *ਨੇਕਡ-ਏਪ* ਭਾਵ (ਨੰਗਾ ਪੂਛ ਰਹਿਤ ਬਾਂਦਰ) ਵਿਚ ਉਸ ਦੇ ਸਿਧਾਂਤ ਦੀ ਨਿਰੋਲ ਸੱਚਾਈ ਵਜੋਂ ਪੁਸ਼ਟੀ ਕੀਤੀ ਹੈ, ਜਿਸ ਵਿਚ ਉਸ ਨੇ ਰੁੱਖੀ ਵਿਗਿਆਨਕ ਸ਼ਬਦਾਵਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅਲਹਾਮੀ ਸੂਝ ਦੀ ਹੀ ਵਿਆਖਿਆ ਕੀਤੀ ਹੈ ਕਿ "ਲੜਾਈ ਅਤੇ ਤਬਾਹੀ ਪ੍ਰਥਮ ਹੈ ਅਤੇ ਉਤਪਤੀ ਉਸ ਤੋਂ ਬਾਅਦ ਵਿਚ ਹੈ।"

**ਖੰਡਾ ਪ੍ਰਿਥਮੈ ਸਾਜਿ ਕੈ,**
**ਜਿਨ ਸਭ ਸੈਸਾਰੁ ਉਪਾਇਆ॥** *(ਵਾਰ ਸ੍ਰੀ ਭਗਉਤੀ ਜੀ ਕੀ)*

34. ਗਲਪ ਸਾਹਿਤ ਦੇ ਖੇਤਰ ਵਿਚ ਵਿਲੀਅਮ ਗੋਲਡਿੰਗ ਨੇ ਆਪਣੇ ਨਾਵਲ *ਲਾਰਡ ਆਫ਼ ਦੀ ਫਲਾਈਜ਼* ਭਾਵ ਮੱਖੀਆਂ ਦਾ ਸਰਦਾਰ ਵਿਚ, ਬੜੀ ਪ੍ਰਭਾਵਸ਼ਾਲੀ ਸਾਹਿਤਕ ਸ਼ੈਲੀ ਰਾਹੀਂ ਧੱਕਾ ਕਰਨ ਦੀ ਮੂਲ ਪ੍ਰਵਿਰਤੀ ਦੀ ਹੋਂਦ ਨੂੰ ਸਿੱਧ ਕੀਤਾ ਹੈ। ਉਹ ਆਪਣੀ ਪੁਸਤਕ ਵਿਚ ਕਿਸੇ ਟਾਪੂ 'ਤੇ ਘਿਰੇ ਹੋਏ ਨੌਜੁਆਨ ਬੱਚਿਆਂ ਦੀ ਕਹਾਣੀ ਲਿਖਦਾ ਹੈ ਕਿ ਜਿਸ ਸਮੇਂ ਉਨ੍ਹਾਂ ਉਪਰੋਂ ਸੱਭਿਅਤਾ ਦੀਆਂ ਸਾਰੀਆਂ ਬੰਦਸ਼ਾਂ ਖ਼ਤਮ ਹੋ ਜਾਂਦੀਆਂ ਹਨ ਜਾਂ ਹਟਾ ਲਈਆਂ ਜਾਂਦੀਆਂ ਹਨ ਤਾਂ ਉਹ ਬਿਲਕੁਲ ਜਾਂਗਲੀ ਅਵਸਥਾ ਵਿਚ ਚਲੇ ਜਾਂਦੇ ਹਨ।

35. ਰਾਬਰਟ ਐਂਡਰੇਏ ਜੋ ਇਕ ਪ੍ਰਤਿਸ਼ਟ ਨਾਟਕਕਾਰ ਸੀ, ਉਹ ਪਿੱਛੋਂ ਮਾਨਵ ਵਿਗਿਆਨੀ ਬਣ ਗਿਆ। ਉਸ ਨੇ ਤਰਤੀਬਵਾਰ, ਤਿੰਨ ਸਫਲ ਅਤੇ ਸਭ ਤੋਂ ਵੱਧ ਵਿਕਣ ਵਾਲੀਆਂ ਰਚਨਾਵਾਂ, *ਅਫ਼ਰੀਕਨ ਜਿਨਸਿਸ, ਦੀ ਟੈਰੀਟੋਰੀਅਲ ਇਮਪੈਰੇਟਿਵ* ਅਤੇ *ਦੀ ਸੋਸ਼ਲ ਕੰਟਰੈਕਟ* ਵਿਚ ਚੋਖੀ ਸਮੱਗਰੀ ਸ਼ਾਮਲ ਕਰ ਕੇ ਉਸ ਨੂੰ ਤਰਤੀਬ ਦੇ ਕੇ ਅਤੇ ਉਸ ਦੀ ਵਿਆਖਿਆ ਕਰ ਕੇ ਇਸ ਦਾਅਵੇ ਅਤੇ ਭ੍ਰਾਂਤੀ ਦਾ ਕਤੱਈ ਤੌਰ 'ਤੇ ਹਮੇਸ਼ਾ ਲਈ ਖੰਡਨ ਕੀਤਾ ਹੈ ਕਿ ਮਨੁੱਖ ਇਕ ਸ਼ਾਂਤਮਈ ਜੀਵ ਹੈ ਅਤੇ ਅਹਿੰਸਾ ਉਸ ਦਾ ਵਾਸਤਵਿਕ ਤੱਤ ਹੈ ਜਾਂ ਮਾਨਵੀ ਹੋਂਦ, ਇਸ ਦੇ ਬਚਾਅ ਤੇ ਉੱਨਤੀ ਲਈ ਅਹਿੰਸਾਵਾਦੀ ਸਤਿਆਗ੍ਰਹਿ ਕੋਈ ਬੁਨਿਆਦੀ ਤਕਨੀਕ ਹੈ।

36. ਇਹ ਸਾਰੇ ਪ੍ਰਭਾਵਸ਼ਾਲੀ ਸਿਧਾਂਤਕਾਰ ਇਥਾਲੋਜੀ ਜੋ ਕਿ ਜੀਵ-ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਚਰਿੱਤ੍ਰ ਦਾ ਅਧਿਐਨ ਹੈ, ਦੁਆਰਾ ਹੀ ਆਪਣੇ ਅਜਿਹੇ ਵਿਚਾਰਾਂ ਦੇ ਧਾਰਨੀ ਬਣੇ ਹਨ। ਇਥਾਲੋਜੀ ਦੇ ਘੇਰੇ 'ਚ ਗ਼ੈਰ-ਮਨੁੱਖੀ ਚਰਿੱਤ੍ਰ ਦੇ ਨਿਰੀਖਣ ਦੁਆਰਾ ਮਨੁੱਖੀ-ਚਰਿੱਤ੍ਰ ਦੇ ਵਿਕਾਸ ਦੀ ਸਿਲਸਿਲੇਵਾਰ ਜਾਣਕਾਰੀ ਸ਼ਾਮਲ ਹੈ।

37. ਸਾਡੇ ਸੰਨ 1973 ਦੇ ਨੋਬਲ ਪੁਰਸਕਾਰ ਜੇਤੂ ਕਾਰਲ-ਵਨ-ਫ਼ਰਿਸ਼ ਨੇ ਲੰਡਨ ਦੇ ਚਿੜੀਆ-ਘਰ ਵਿਚ ਆਪਣਾ ਸਮਾਂ, ਪੰਛੀਆਂ ਅਤੇ ਮੱਖੀਆਂ ਨਾਲ ਗੁਜ਼ਾਰਿਆ। ਲੋਰੰਜ ਨੇ ਭੂਰੇ ਹੰਸਾਂ, ਚੂਹਿਆਂ, ਲੜਦੀਆਂ ਮੱਛੀਆਂ ਨਾਲ, ਟਿੰਬਰ-ਜਨ ਨੇ ਹੋਰਨਾਂ ਪੰਛੀਆਂ ਨਾਲ ਅਤੇ ਮੋਰਿਸ਼ ਨੇ ਪੂਛ-ਰਹਿਤ ਬਾਂਦਰਾਂ ਨਾਲ ਬਿਤਾਇਆ।

38. ਲੋਰੰਜ ਹਮਲੇ ਵਿਚ, ਕਿਸੇ ਵਿਨਾਸ਼ਕਾਰੀ ਸਿਧਾਂਤ ਦੀ ਬਜਾਇ ਜੀਵਨ-ਸੁਰੱਖਿਆ ਲਈ ਬੁਨਿਆਦੀ ਅੰਤਰੀਵੀ ਪ੍ਰੇਰਨਾ ਦਾ ਕਰਮ ਦੇਖਦਾ ਹੈ। ਉਹ ਸੰਬੰਧਤ ਸੁਆਲ ਵਿਚਾਰਦਾ ਹੈ ਕਿ ਕੀ ਕਿਸੇ ਟੋਲੀ ਦੀ ਅੰਦਰੂਨੀ ਲੜਾਈ ਪਹਿਲਾਂ ਉਸ ਟੋਲੀ ਨੂੰ ਅਤੇ ਅੰਤ ਵਿਚ ਸਾਰੀ ਉਸ ਜਾਤੀ ਨੂੰ ਖ਼ਤਮ ਨਹੀਂ ਕਰ ਦੇਵਗੀ ? ਉਸ ਦਾ ਉੱਤਰ ਨਾਂਹ ਵਿਚ ਹੈ। ਕਿਉਂਕਿ ਉਹ ਕਹਿੰਦਾ ਹੈ ਕਿ ਤਾਕਤਵਰ ਕਮਜ਼ੋਰ ਨੂੰ ਖ਼ਤਮ ਕਰਨਾ ਨਹੀਂ ਸਿੱਖਦਾ। ਵਿਕਾਸ ਦੀ ਗਤੀ ਨਾ ਕੇਵਲ ਝਗੜੇ ਲਈ ਹੀ ਜ਼ਿੰਮੇਵਾਰ ਹੈ ਬਲਕਿ ਵਿਰਸੇ ਵਿਚ ਮਿਲੇ ਸੰਜਮ ਦੇ ਉਨ੍ਹਾਂ ਦ੍ਰਿਸ਼ਟਮਾਨ ਆਦਰਸ਼ਾਂ ਲਈ ਵੀ ਜਿਹੜੇ ਧੱਕੇ ਨੂੰ ਕੰਟਰੋਲ ਅਤੇ ਨੇਮਬਧ ਕਰਦੇ ਹਨ।

39. ਇਹ ਸਾਰੇ ਉਦਾਹਰਣ ਤਾਕਤਵਾਰ ਨੂੰ ਹਾਵਾਂ-ਭਾਵਾਂ ਰਾਹੀਂ ਖ਼ੁਸ਼ ਕਰਨ ਅਤੇ ਕਮਜ਼ੋਰ ਦੀ ਤਕੜੇ ਸਾਹਮਣੇ ਅਧੀਨਗੀ ਨੂੰ ਪ੍ਰਗਟ ਕਰਦੇ ਹਨ। ਕੋਈ ਹਰਾਇਆ ਯਾ ਅਧੀਨ ਕੀਤਾ ਹੋਇਆ ਵਿਰੋਧੀ ਕਦੇ ਨਾ ਮਾਰਿਆ ਜਾਂਦਾ ਹੈ ਅਤੇ ਨਾ ਖ਼ਤਮ ਕੀਤਾ ਜਾਂਦਾ ਹੈ। ਇਸ ਸਿੱਖ ਦੋਹਰੇ "ਬਚੇ ਸ਼ਰਨ ਜੋ ਹੋਇ" ਦੀ ਸਹੀ ਵਿਆਖਿਆ ਇਹ ਹੀ ਹੈ। ਇਸ ਪ੍ਰਕਾਰ ਅਧੀਨ ਕਰਨ ਤੇ ਤਬਾਹ ਕਰਨ ਦੀ ਮੂਲ ਭਾਵਨਾ "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ", ਭਾਵ ਜਿਸ ਸਮੇਂ ਕੋਈ ਨੀਵਾਂ ਜਾਂ ਕਮਜ਼ੋਰ ਮਨੁੱਖ ਖ਼ੁਆਰੀ, ਅਧੀਨਗੀ ਤੇ ਸੰਧੀ ਦੁਆਰਾ ਬਚੇ ਰਹਿਣ ਦੀ ਜਾਚ ਸਿੱਖ ਲਵੇ ਤਾਂ ਬਦਲੀ ਜਾ ਸਕਦੀ ਹੈ ਅਤੇ ਜਾਂਦੀ ਹੈ, "ਖ਼ੁਆਰ ਹੋਇ ਸਭ ਮਿਲੇਂਗੇ"। ਮਨੁੱਖ ਅਤੇ ਪੰਛੀ ਦੇ ਦਰਮਿਆਨ ਸਮਰੂਪਤਾ ਦੀ ਤੁਲਨਾ ਵਿਚਕਾਰ ਲੋਰੰਜ ਪ੍ਰਕ੍ਰਿਤੀ ਅੰਦਰ ਜਿਊਂਦੇ ਰਹਿਣ ਅਤੇ ਵਿਕਾਸ ਕਰਨ ਦਾ ਬੁਨਿਆਦੀ ਰਹੱਸ ਦੇਖਦਾ ਹੈ ਜਿਸ ਨੂੰ ਸਿੱਖ ਦਾਰਸ਼ਨਿਕ ਸਿਧਾਂਤਾਂ ਵਿਚ 'ਕੁਦਰਤ' ਕਿਹਾ ਹੈ ਕਿ ਜੇ ਤਾਕਤਵਾਰ ਮਾਰਨ ਜਾਂ ਤਬਾਹ ਕਰਨ ਦੀ ਬਜਾਇ ਅਧੀਨ ਕਰਨਾ ਸਿੱਖ ਲਵੇਗਾ ਅਤੇ ਕਮਜ਼ੋਰ ਵਿਰੋਧ ਕਰਨ ਦੀ ਬਜਾਇ ਅਧੀਨਗੀ ਮੰਨਣਾ ਸਿੱਖ ਲਵੇਗਾ ਤਾਂ ਸਾਰੀਆਂ ਲੜਾਈਆਂ ਝਗੜੇ ਤੇ ਅੰਦੋਲਨਾਂ ਦਾ ਖ਼ਾਤਮਾ ਹੋ ਜਾਵੇਗਾ ਅਤੇ ਫੇਰ ਮਨੁੱਖ ਲਈ ਜੀਵਤ ਰਹਿਣ ਦੀ ਸਮੱਸਿਆ ਨਹੀਂ ਰਹੇਗੀ। ਪ੍ਰਕ੍ਰਿਤੀ ਬਾਰੇ ਇਸ ਰਹੱਸ ਦੀ ਪੂਰਨ ਜਾਣਕਾਰੀ ਦੇ ਸਬੂਤ ਦੀ ਸਾਖੀ ਇਕ ਦੁਸ਼ਮਣ ਇਤਿਹਾਸਕਾਰ ਨੇ ਸਿੱਖ ਯੁੱਧ ਨੀਤੀ ਅਤੇ ਆਚਾਰ ਵਿੱਚੋਂ ਭਰੀ ਹੈ। ਕਾਜ਼ੀ ਨੂਰ ਮੁਹੰਮਦ ਆਪਣੇ ਜੰਗਨਾਮੇ (1765 ਈ:) ਵਿਚ ਲਿਖਦਾ ਹੈ ਕਿ ਲੜਾਈ ਵਿਚ ਸਿੱਖ ਉਨ੍ਹਾਂ ਨੂੰ ਕਦੇ ਨਹੀਂ ਮਾਰਦੇ ਜਿਹੜੇ ਹਥਿਆਰ ਸੁੱਟ ਦੇਣ ਅਤੇ ਲੜਨ ਤੋਂ ਟਾਕਰਾ ਕਰਨ ਤੋਂ ਨਾਂਹ ਕਰ ਦੇਣ :

**ਨਾ ਕੁਸ਼ੰਦ ਨਾਮਰਦ ਰਾ ਹੇਚ ਗਾਹ।**
**ਫਰਾਰੰਦ ਰਾ ਹਮ ਨ ਗੀਰੰਦ ਰਾਹ।**

40. ਇਥੇ ਹੈਰਾਨੀ-ਭਰਪੂਰ ਸੱਚਾਈ ਇਹ ਹੈ ਕਿ ਮਨੁੱਖ ਦੀ ਭਿਅੰਕਰ ਰੁਚੀ ਘੁੱਗੀ ਨਾਲ ਮਿਲਦੀ ਹੈ; ਸਮੇਤ ਫ਼ਰਾਂਸੀਸੀ ਚਿੱਤਰਕਾਰ ਅਤੇ ਸ਼ਿਲਪਕਾਰਾਂ ਦੀ ਉਸ ਘੁੱਗੀ ਦੇ ਜਿਸ ਨੂੰ ਰੂਸ ਵਾਲਿਆਂ ਨੇ ਆਪਣੀ ਸ਼ਾਂਤੀ ਦੇ ਚਿੰਨ੍ਹ ਵਜੋਂ ਅਪਣਾਇਆ ਹੈ, ਆਪਣੀ ਪ੍ਰਸਿੱਧ ਪੁਸਤਕ *ਕਿੰਗ ਸੋਲੋਮਾਨਜ਼ ਰਿੰਗ* ਦੇ 'ਮਾਰਲਜ਼ ਐਂਡ ਵੈਪਨਜ਼' ਵਾਲੇ ਅਧਿਆਇ ਵਿਚ ਲੋਰੰਜ ਸਭ ਤੋਂ ਵੱਧ ਹੈਰਾਨੀ-ਜਨਕ ਖੋਜਾਂ ਵਿੱਚੋਂ ਆਪਣੀ ਇਕ ਖੋਜ ਪਾਠਕ ਨੂੰ ਇਹ ਦੱਸ ਕੇ ਸਾਡੇ ਨਾਲ ਸਾਂਝੀ ਕਰਦਾ ਹੈ ਕਿ ਭਾਵੇਂ ਘੁੱਗੀ

ਦੀ ਸ਼ੋਭਾ ਸਭ ਤੋਂ ਵਧੀਕ ਸਾਊ ਪੰਛੀ ਵਜੋਂ ਹੈ, ਪਰ ਹਕੀਕੀ ਤੌਰ 'ਤੇ ਉਹ ਸਭ ਤੋਂ ਵੱਧ ਜ਼ਾਲਮ ਹੁੰਦੀ ਹੈ। ਇਹ ਬਿਨਾਂ ਕਿਸੇ ਝਿਜਕ ਦੇ ਆਪਣੀ ਜਾਤੀ ਦੇ ਪੰਛੀਆਂ ਨੂੰ ਹੀ ਟੋਟੇ-ਟੋਟੇ ਕਰ ਕੇ ਤਬਾਹ ਕਰ ਸੁੱਟਦੀ ਹੈ। ਦੂਜੇ ਪਾਸੇ ਆਮ ਪ੍ਰਚਲਿਤ ਵਿਸ਼ਵਾਸ ਅਤੇ ਅਨੁਮਾਨ ਦੇ ਉਲਟ ਲੜਾਈ ਵਿਚ ਬਘਿਆੜ ਕਿਸੇ ਦੂਜੇ ਬਘਿਆੜ ਨੂੰ ਜਾਨੋਂ ਨਹੀਂ ਮਾਰਦਾ, ਜੇ ਹਾਰਨ ਵਾਲਾ ਆਪਣੀ ਗਰਦਨ ਸਿੱਧੀ ਕਰ ਕੇ ਰਹਿਮ ਦੀ ਮੰਗ ਕਰ ਲਵੇ। ਇਥੇ ਉਨ੍ਹਾਂ ਲੋਕਾਂ ਦੇ ਵਿਚਾਰਨ-ਯੋਗ ਸਮੱਗਰੀ ਹੈ, ਜਿਹੜੇ ਅਹਿੰਸਾ ਦੀਆਂ ਹੌਲੀ-ਹੌਲੀ ਗੱਲਾਂ ਕਰਨ ਵਾਲੇ ਪਹਿਲੇ (ਹਿੰਦੂ) ਤੋਂ, ਐਲਾਨੀਆ ਇਹ ਕਹਿਣ ਵਾਲੇ ਦੂਜੇ (ਮੁਸਲਮਾਨ) ਨਾਲੋਂ, ਕਿ 'ਧਰਮ ਬਦਲੋ ਯਾ ਮੌਤ ਕਬੂਲੋ' ਬਚਾਉ ਦੀ ਵੱਧ ਆਸ ਰੱਖਣ ਦਾ ਧੋਖਾ ਖਾਂਦੇ ਹਨ। ਇਹ ਇਕ ਅਜਿਹਾ ਮੂਰਖਤਾ-ਭਰਪੂਰ ਖ਼ਿਆਲ ਹੈ, ਜਿਸ ਨੇ 1947 ਈ: ਵਿਚ ਅੰਗਰੇਜ਼ਾਂ ਦੇ ਭਾਰਤ ਵਿੱਚੋਂ ਚਲੇ ਜਾਣ ਤੋਂ ਬਾਅਦ ਦੇ, ਸਿੱਖਾਂ ਲਈ ਨਿਕਲਣ ਵਾਲੇ ਨਤੀਜਿਆਂ ਦੀ ਅਸਲੀ ਮਹੱਤਤਾ ਅਤੇ ਉਲਝਣ ਸਮਝਣ ਤੋਂ ਸਿੱਖ ਲੀਡਰਸ਼ਿਪ ਨੂੰ ਅਸਮਰੱਥ ਬਣਾ ਕੇ ਨਸ਼ਟ ਕਰ ਦਿੱਤਾ ਹੈ।

41. ਮੌਜੂਦਾ ਵਤੀਰੇ ਦੀ ਵੰਨਗੀ ਦੀਆਂ ਜੜ੍ਹਾਂ ਅੱਜ ਵੀ ਭੂਤਕਾਲ ਵਿਚ ਹਨ। ਇਸ ਤਰ੍ਹਾਂ ਕਿਸੇ ਮਨੁੱਖ ਨੂੰ ਸਮਝਣ ਲਈ ਉਸ ਦੇ ਪਿਛੋਕੜ ਨੂੰ ਸਮਝਣਾ ਚਾਹੀਦਾ ਹੈ, ਭਾਵ ਪਸ਼ੂਆਂ ਅਤੇ ਮਨੁੱਖਾਂ ਦੇ ਵਿਸ਼ਲੇਸ਼ਣ ਤੋਂ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ, ਜਿਹੜੇ ਅਲਹਾਮੀ ਅਗਵਾਈ ਭਾਵ ਗੁਰੂ ਦੀ ਓਟ ਆਸਰਾ ਲੈਣ ਨਾਲੋਂ, ਆਪਣੀ ਸੋਧ ਨੇੜੇ ਜੀਵਨ ਵਿੱਚੋਂ ਲੈ ਸਕਣ ਲਈ ਆਪਣੇ ਆਪ ਨੂੰ ਬੜੇ ਹੁਸ਼ਿਆਰ ਅਤੇ ਯੋਗ ਸਮਝਦੇ ਹਨ, ਜਿਵੇਂ ਕਿ ਸਿੱਖ ਧਰਮ ਗ੍ਰੰਥ ਦਾ ਵਾਕ ਹੈ:

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥** *(ਪੰਨਾ 463)*

42. **ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ ॥**
**ਖ਼ੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ ॥**

ਇਹ ਇਕ ਦੈਵੀ ਸੱਚ ਦਾ ਪ੍ਰਗਟਾਵਾ ਹੀ ਨਹੀਂ, ਬਲਕਿ ਇਕ ਭਲੀ-ਭਾਂਤ ਸਥਾਪਿਤ ਵਿਗਿਆਨਿਕ ਸੱਚਾਈ ਹੈ। ਲੋਰੰਜ, ਐਂਡਰੇ ਅਤੇ ਮੋਰਿਸ ਨੇ ਆਪਣੇ ਸਿਧਾਂਤ ਹਵਾ ਵਿੱਚੋਂ ਨਹੀਂ ਚੁਣੇ। ਉਨ੍ਹਾਂ ਦਾ ਸੰਬੰਧ ਪੂਰਨ ਤੌਰ 'ਤੇ ਸਥਾਪਤ ਸ਼ੁਹਰਤ ਵਾਲੀ ਉਸ ਪੱਛਮੀ ਵਿਚਾਰਧਾਰਾ ਅਤੇ ਵਿਗਿਆਨਿਕ ਖੋਜਾਂ ਨਾਲ ਹੈ, ਜਿਨ੍ਹਾਂ ਦਾ ਪਾਸਾਰ ਪਿੱਛੇ ਸਪੈਂਗਲਰ ਤੋਂ ਥਾਮਸ ਹੋਬਜ਼ ਰਾਹੀਂ ਸਿਗਮੰਡ ਫ਼ਰਾਇਡ ਤਕ ਫੈਲਿਆ ਹੋਇਆ ਹੈ। ਸਪੈਂਗਲਰ ਆਪਣੀ ਸਭ ਤੋਂ ਉਤਕ੍ਰਿਸ਼ਟ ਰਚਨਾ *ਡਿਕਲਾਇਨ ਆਫ਼ ਦੀ ਵੈਸਟ* ਵਿਚ ਲੜਾਕੇਪਨ ਸੰਬੰਧੀ ਆਪਣੇ ਦਾਹਵਿਆਂ ਬਾਰੇ ਬੜਾ ਦ੍ਰਿੜ੍ਹ ਰਹਿ ਚੁੱਕਾ ਹੈ। ਉਹ ਕਹਿੰਦਾ ਹੈ: ਮਾਸਾਹਾਰੀ ਜਾਨਵਰ, ਕਿਰਿਆਸ਼ੀਲ ਜੀਵਨ ਦਾ ਸਭ ਤੋਂ ਉੱਤਮ ਨਮੂਨਾ ਹਨ। ਮਨੁੱਖੀ ਨਸਲ ਇਸ ਕਰਕੇ ਉੱਚੀ ਮੰਨੀ ਜਾਂਦੀ ਹੈ ਕਿਉਂਕਿ ਇਹ ਮਾਸਾਹਾਰੀ ਜਾਨਵਰਾਂ ਦੀ ਸ਼੍ਰੇਣੀ ਨਾਲ ਸੰਬੰਧ ਰੱਖਦੀ ਹੈ। ਮਨੁੱਖ ਝਗੜਨ, ਮਾਰਨ ਅਤੇ ਤਬਾਹ ਕਰਨ ਵਿਚ ਲੱਗਿਆ ਰਹਿੰਦਾ ਹੈ:

**ਖਾਲਸਾ ਸੋ ਜੋ ਕਰੇ ਨਿਤ ਜੰਗ ॥** *(ਸਰਬ ਲੋਹ)*

ਮਨੁੱਖ ਇਕ ਸ਼ਿਕਾਰੀ ਜਾਨਵਰ ਹੈ। ਮੈਂ ਇਹ ਬਾਰ-ਬਾਰ ਕਹਾਂਗਾ। ਇਹ ਨੇਕੀ ਦੇ ਵਪਾਰੀ, ਸਮਾਜਿਕ ਸਦਾਚਾਰ ਦੇ ਹਮਾਇਤੀ ਵੀ ਟੁੱਟੇ ਦੰਦਾਂ ਵਾਲੇ ਸ਼ਿਕਾਰੀ ਪਸ਼ੂ ਹਨ। ਸਪੈਂਗਲਰ ਦੀ ਨਾਜ਼ੀ ਵਿਚਾਰਧਾਰਾ ਨੂੰ ਕੋਈ ਘੱਟ ਮਹੱਤਵਪੂਰਨ ਦੇਣ ਨਹੀਂ ਸੀ।

43. ਮਨੁੱਖ ਅੰਦਰ ਝਗੜਾਲੂ-ਪੁਣੇ ਦੀ ਮੂਲ ਪਰਵਿਰਤੀ ਹੋਣ ਬਾਰੇ ਫ਼ਰਾਇਡ ਦਾ ਦ੍ਰਿੜ੍ਹ ਵਿਸ਼ਵਾਸ ਉਸ ਦੀ ਪੁਸਤਕ *ਸਿਵਲਾਈਜ਼ੇਸ਼ਨ ਐਂਡ ਇਟਸ ਡਿਸਕੰਟੈਂਟਸ* ਵਿਚ ਸਪੱਸ਼ਟ ਹੈ। ਇਸ ਪੁਸਤਕ ਵਿਚ ਉਹ ਕਹਿੰਦਾ ਹੈ : ਸੱਚਾਈ ਇਹ ਹੈ ਕਿ ਮਨੁੱਖ ਮਿੱਤਰਤਾ ਚਾਹੁਣ ਵਾਲੇ, ਪਿਆਰ ਦੀ ਲੋਚਾ ਰੱਖਣ ਵਾਲੇ ਸਾਊ ਪ੍ਰਾਣੀ ਨਹੀਂ ਹਨ, ਜਿਹੜੇ ਕੇਵਲ ਉਸ ਸਮੇਂ ਹੀ ਆਪਣਾ ਬਚਾਓ ਕਰਦੇ ਹੋਣ, ਜਿਸ ਸਮੇਂ ਉਨ੍ਹਾਂ ਉਪਰ ਹਮਲਾ ਕੀਤਾ ਜਾਂਦਾ ਹੋਵੇ, ਸਗੋਂ ਝਗੜੇ ਦੀ ਬਹੁਤ ਵਧੀਕ ਮਾਤਰਾ ਸਾਨੂੰ ਉਨ੍ਹਾਂ ਦੇ ਕੁਦਰਤੀ ਸੁਭਾਅ ਵਿੱਚੋਂ ਮੰਨਣੀ ਪਵੇਗੀ।

44. ਫ਼ਰਾਇਡ ਅਨੁਸਾਰ ਮਨੁੱਖ ਇਕ ਵਿਚਾਰਸ਼ੀਲ ਜੀਵ ਨਹੀਂ, ਸਗੋਂ ਇਹ ਇਕ ਦਬਾਇਆ ਹੋਇਆ ਜੀਵ ਹੈ। ਸੱਭਿਅਤਾ, ਦਬਾ ਰੱਖਣਾ ਤੇ ਮਾਨਸਿਕ ਅਸ਼ਾਂਤੀ, ਇਹ ਅਟੱਲ ਰੂਪ ਵਿਚ ਇਸ ਤਰ੍ਹਾਂ ਸੰਬੰਧਤ ਹਨ ਕਿ ਜਿਤਨੀ ਵੱਧ ਸੱਭਿਅਤਾ ਉਤਨੀ ਵੱਧ ਮਾਨਸਿਕ ਅਸ਼ਾਂਤੀ, ਜਿਤਨੀ ਘੱਟ ਪਾਬੰਦੀ ਉਤਨੀ ਘੱਟ ਮਾਨਸਿਕ ਅਸ਼ਾਂਤੀ ਅਤੇ ਘੱਟ ਸੱਭਿਅਤਾ। "ਇਸ ਤਰ੍ਹਾਂ ਮਨੁੱਖ ਅੰਦਰਲੀ ਝਗੜਾ ਕਰਨ ਦੀ ਸੁਭਾਵਿਕ ਪ੍ਰਵ੍ਰਿਤੀ ਨੂੰ, ਜੋ ਕਿ ਸੱਭਿਅਤਾ ਲਈ ਸਾਡੀ ਸਭ ਤੋਂ ਵੱਡੀ ਔਕੜ ਹੈ, ਹਟਾ ਸਕਣਾ ਸਾਡੀ ਸਮਰੱਥਾ ਅੰਦਰ ਨਹੀਂ।"

45. ਜ਼ਾਹਰਾ ਤੌਰ 'ਤੇ ਫ਼ਰਾਇਡ ਉਸ ਦੈਵੀ ਅਲਹਾਮ ਭਾਵ ਗੁਰੂਆਂ ਦੀ ਸਿੱਖਿਆ ਬਾਰੇ ਅਨਜਾਣ ਸੀ ਜਿਹੜੀ ਮਨੁੱਖਤਾ ਨੂੰ ਇਸ ਪ੍ਰਤੱਖ ਦੁਬਿਧਾ ਵਿੱਚੋਂ ਰਸਤਾ ਦਿਖਾਉਂਦੀ ਹੈ, ਭਾਵ ਨਾਮ-ਯੋਗ ਦਾ ਅਭਿਆਸ।

**ਕਹੁ ਨਾਨਕ ਇਹੁ ਤਤੁ ਬੀਚਾਰਾ॥**
**ਬਿਨੁ ਹਰਿ ਭਜਨ ਨਾਹੀ ਛੁਟਕਾਰਾ॥** *(ਪੰਨਾ 188)*

ਕਿ ਮਨੁੱਖੀ ਸੁਭਾ ਨੂੰ ਪੂਰਨ ਤੌਰ 'ਤੇ ਬਦਲਿਆ ਜਾ ਸਕਦਾ ਹੈ, ਇਹ ਇਕ ਅਜਿਹਾ ਮਸਲਾ ਹੈ ਜਿਹੜਾ ਪੱਛਮੀ ਮਨ ਨੂੰ ਆਸਾਨੀ ਨਾਲ ਪ੍ਰਵਾਨ ਨਹੀਂ।

46. ਨਫ਼ਰਤ ਨੂੰ ਅਸੀਂ ਬੜੀ ਮੁਸ਼ਕਲ ਨਾਲ ਕਾਬੂ ਕਰ ਕੇ ਯਾ ਦਬਾ ਕੇ ਰੱਖਦੇ ਹਾਂ। ਇਹ ਸਾਡੇ ਸਮਾਜਿਕ ਜੀਵਨ ਦੀ ਮੁੱਖ ਪ੍ਰੇਰਨਾ ਬਣੀ ਰਹਿੰਦੀ ਹੈ। ਮਨੁੱਖ ਜੋ ਕਿ ਇਕ ਆਕਰਮਣਕਾਰੀ ਸ਼ਿਕਾਰੀ ਜਾਨਵਰ ਹੈ, ਉਹ ਸਮਾਜ ਵਿਚਲੀ ਮਾਨਵ ਜਾਤੀ ਦਾ ਅਸਲੀ ਤੱਤ ਹੈ। ਉਹ ਈਸਾਈਆਂ ਦੇ ਸਦਾਚਾਰ ਵਾਲਾ, ਦਇਆ-ਭਰਪੂਰ, ਪਿਆਰ ਭਾਵਨਾ ਅਤੇ ਤਰਸ ਨਾਲ ਛਲਕਦਾ ਅਵਤਾਰ ਨਹੀਂ ਅਤੇ ਨਾ ਹੀ ਹਿੰਦੂਆਂ ਦੇ ਇਸ਼ਟ ਵਾਲੀ ਦਇਆ ਰੱਖਣ ਵਾਲਾ ਦੇਵਤਾ ਹੈ। ਜਦੋਂ ਨਿਟਸ਼ੇ ਨੇ ਆਪਣੀ ਪੁਸਤਕ *ਦਸ ਸਪੋਕ ਜ਼ਰਾ ਤੁਸਤਰਾ* ਵਿਚ ਕਿਹਾ ਕਿ ਰੱਬ ਮਰ ਗਿਆ ਹੈ, ਰੱਬ ਮਰ ਗਿਆ ਹੈ, ਉਹ ਦਇਆ ਤੋਂ ਮਰ ਗਿਆ ਹੈ, ਤਾਂ ਉਹ ਇਕ ਅਜਿਹਾ ਸਿਧਾਂਤ ਹੀ ਕਾਇਮ ਕਰ ਰਿਹਾ ਸੀ। ਅਹਿੰਸਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਸੁਤੰਤਰ ਧਰਮ ਅਤੇ ਧਰਮ-ਰਹਿਤ ਰਾਜਨੀਤੀ ਯਾ ਧਰਮ ਨਾਲੋਂ ਵੱਖ ਕੀਤੀ ਰਾਜਨੀਤੀ ਨੂੰ ਪ੍ਰਮੁੱਖਤਾ ਦੇਣੀ, ਇਹ ਮਨੁੱਖੀ ਸੁਭਾ ਦੀ ਇਕ ਬੁਨਿਆਦੀ ਗ਼ਲਤ-

ਫ਼ਹਿਮੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਵਿਚਾਰਧਾਰਾ ਦੀ ਜਿਸ ਸ਼ਬਦਾਵਲੀ ਨੂੰ ਚੋਣਵੇਂ ਮਨੁੱਖਾਂ ਬਾਰੇ ਜਾਣਕਾਰੀ ਦੇਣ ਲਈ ਆਪ ਪ੍ਰਚਲਿਤ ਕੀਤਾ, ਭਾਵ ਖ਼ੂੰਖ਼ਾਰ ਸ਼ੇਰ 'ਸਿੰਘ', ਮਗਰਮੱਛਾਂ ਦਾ ਸਿਰਦਾਰ 'ਨਿਹੰਗ', ਖਿਲਰੇ ਫ਼ਨ ਵਾਲਾ ਫ਼ਨੀਅਰ 'ਭੁਝੰਗੀ' ਅਤੇ ਹਮਲੇ ਦੇ ਅੰਦਾਜ਼ ਵਿਚ ਬੈਠਾ ਕ੍ਰੋਧਵਾਨ ਸੱਪ, 'ਪੇਚੀਦਹ ਮਾਰ'[1] ਇਹ ਸਾਰੇ ਨਾਂ ਮਨੁੱਖੀ ਸੁਭਾ ਅਤੇ ਹੋਣੀ ਬਾਰੇ ਆਪਣੇ ਅੰਦਰ ਅੰਤਮ ਵਿਗਿਆਨਕ ਸੱਚਾਈ ਨੂੰ ਸਾਂਭੀ ਬੈਠੇ ਹਨ। ਇਸ ਨੁਕਤੇ ਬਾਰੇ ਸਿੱਖਾਂ ਨੂੰ ਉਲਝਾਉਣਾ ਅਤੇ ਗੁੰਮਰਾਹ ਕਰਨਾ ਜਿਵੇਂ ਕਿ ਭਾਈ ਜੋਧ ਸਿੰਘ ਦੀ ਪਟਿਆਲੇ ਦੀ ਕਾਰਗੁਜ਼ਾਰੀ ਦਾ ਮਨੋਰਥ ਸੀ, ਉੱਕਾ ਹੀ ਘਿਰਣਾਜਨਕ ਅਤੇ ਅਯੋਗ ਕਰਮ ਹੈ।

47. ਫ਼ਰਾਇਡ ਦੇ ਸਿਧਾਂਤ ਅਤੇ ਜਿਹੜੀਆਂ ਵਿਗਿਆਨਕ ਸੂਝਾਂ ਹੁਣ ਇਥਾਲੋਜੀ ਨੇ ਪ੍ਰਦਾਨ ਕੀਤੀਆਂ ਹਨ, ਉਹ ਸਾਰੀਆਂ ਆਮ ਤੌਰ 'ਤੇ ਇਸ ਵਿਗਿਆਨਕ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦੀਆਂ ਮੰਨੀਆਂ ਜਾਂਦੀਆਂ ਹਨ ਕਿ ਲੜਾਈ, ਜੋ ਮਨੁੱਖੀ ਭਲਾਈ ਲਈ ਲੋੜੀਂਦੀ ਹੈ, ਲਾਜ਼ਮੀ ਹੈ ਅਤੇ ਅਟੱਲ ਹੈ। ਲੜਾਈ ਹੀ ਸਭ ਤੋਂ ਉੱਚੀ ਸਿਆਸੀ ਸਰਗਰਮੀ ਹੈ। ਬ੍ਰਟਰੈਂਡ ਰੱਸਲ ਨੇ ਇਹ ਦਲੀਲ ਦੇਂਦਿਆਂ ਉਸ ਦਲੀਲ ਦੀ ਹੀ ਪੁਸ਼ਟੀ ਕੀਤੀ ਹੈ ਕਿ ਇਹ ਕੇਵਲ ਬਾਹਰਲਾ ਵੈਰੀ ਹੀ ਹੈ ਜਿਹੜਾ ਸਮਾਜ ਨੂੰ ਏਕਤਾ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਜੇ ਕਿਤੇ ਸਾਰੇ ਸੰਸਾਰ ਉੱਤੇ ਸਾਂਝੇ ਰਾਜ ਦੀ ਮਜ਼ਬੂਤੀ ਨਾਲ ਕਾਇਮੀ ਹੋ ਜਾਵੇ ਤਾਂ ਉਸ ਰਾਜ ਵਿਚ ਡਰਾਣ ਵਾਲਾ ਕੋਈ ਦੁਸ਼ਮਣ ਨਹੀਂ ਹੋਵੇਗਾ ਅਤੇ ਇਸ ਲਈ ਉਸ ਦੇ ਅੰਦਰ ਏਕਤਾ ਦੀ ਸ਼ਕਤੀ ਦੀ ਘਾਟ ਹੋਣ ਕਰਕੇ ਉਸ ਦੇ ਟੁੱਟਣ ਦਾ ਹਰ ਪਲ ਖ਼ਤਰਾ ਬਣਿਆ ਰਹੇਗਾ।

48. ਕੀ ਕਨਫ਼ਿਊਸ਼ੀਅਸ ਨੇ ਦੋ ਹਜ਼ਾਰ ਸਾਲ ਪਹਿਲਾਂ ਇਹ ਐਲਾਨ ਨਹੀਂ ਕੀਤਾ ਕਿ "ਜਿਸ ਦੇਸ਼ ਦੇ ਬਾਹਰਲੇ ਦੁਸ਼ਮਣ ਨਹੀਂ ਹਨ, ਉਹ ਤਬਾਹ ਹੋਇਆ ਸਮਝੋ।"

*(ਕਨਫ਼ਿਊਸ਼ੀਅਸ ਦੀਆਂ ਸਿੱਖਿਆਵਾਂ ਦਾ ਸੰਗ੍ਰਹਿ)*

49. ਤਾਂ ਫਿਰ ਆਕ੍ਰਮਣਸ਼ੀਲਤਾ ਤੇ ਯੁੱਧ ਮਨੁੱਖੀ-ਮਨ ਦੀ ਕੁਦਰਤੀ ਵਿਸ਼ੇਸ਼ਤਾ ਹੈ। 'ਰਾਜ ਕਰੇਗਾ ਖ਼ਾਲਸਾ' ਵਾਲਾ ਸਿੱਖ ਸਿਧਾਂਤ, ਇਕ ਸਹੀ ਵਿਗਿਆਨਿਕ ਸਿਧਾਂਤ ਅਤੇ ਜਾਇਜ਼ ਧਾਰਮਿਕ ਅਭਿਲਾਸ਼ਾ ਹੈ। ਸਿੱਖਾਂ ਨੂੰ ਇਸ ਤੋਂ ਲਾਂਭੇ ਲੈ ਜਾਣ ਦਾ ਯਤਨ, ਸਿਆਣਪ ਅਤੇ ਵਿਗਿਆਨ, ਧਰਮ ਅਤੇ ਰੱਬ ਦੇ ਵਿਰੁੱਧ ਇਕ ਜੁਰਮ ਹੈ। ਸਿਆਸਤ ਤੋਂ ਧਰਮ ਵੱਖ ਕਰਨ ਲਈ ਸਿੱਖਾਂ ਨੂੰ ਖ਼ਬਰਦਾਰ ਕਰਨਾ ਅਤੇ ਸਿਆਸੀ ਖ਼ੁਦ-ਮੁਖ਼ਤਿਆਰੀ ਅਤੇ ਰਾਜਨੀਤਕ ਸ਼ਕਤੀ ਦੇ ਆਧਾਰ ਤੋਂ ਬਿਨਾਂ ਪੂਰਨ ਅਤੇ ਹਕੀਕੀ ਧਾਰਮਿਕ ਜੀਵਨ ਦੀ ਸੰਭਾਵਨਾ ਵਿਚ ਵਿਸ਼ਵਾਸ ਦੀ ਘਾਤਕ ਭੁੱਲ ਦਾ ਸ਼ਿਕਾਰ ਹੋਣਾ, ਇਕ ਬਿਲਕੁਲ ਹੀ ਨੀਚ ਅਤੇ ਨਾ ਬਖ਼ਸ਼ੇ ਜਾਣ ਵਾਲਾ ਅਪਰਾਧ ਕਰਨਾ ਹੈ।

50. 'ਰਾਜ ਕਰੇਗਾ ਖ਼ਾਲਸਾ' ਦਾ ਸਿੱਖ ਸਿਧਾਂਤ ਸਮਾਜਕ ਤੌਰ 'ਤੇ ਲਾਭਦਾਇਕ ਹੈ ਅਤੇ ਜੇ ਸਮਾਜ ਨੂੰ ਸੰਗਠਤ ਰੱਖਣਾ ਹੈ ਤਾਂ ਜ਼ਰੂਰੀ ਵੀ ਹੈ। ਅੱਜ ਲੜਾਈ ਵਿਚ

---

1. ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦ ਅਸਤ ਪੇਚੀਦਹ ਮਾਰ॥੭੮॥ *(ਦਸਮ ਗ੍ਰੰਥ, ਜ਼ਫ਼ਰਨਾਮਾ, ਪੰਨਾ 1382)*

ਵੱਡੀ ਪੱਧਰ 'ਤੇ ਕੁੱਦਣਾ ਬਹੁਤ ਖ਼ਤਰਨਾਕ ਬਣ ਗਿਆ ਹੈ। ਲੋਰੰਜ ਦੱਸਦਾ ਹੈ ਕਿ ਝਗੜਾਲੂ-ਪਣ ਦਾ ਘੱਟ ਸਾਹਸ ਦਿਖਾਉਣ ਨਾਲ ਅਸੀਂ ਕਿਵੇਂ ਦੁਖ ਭੋਗਦੇ ਹਾਂ। ਸਾਡੇ ਜੀਵਨ ਮਾਰਗ ਦੀ ਦੁਬਾਰਾ ਉਸਾਰੀ ਲਈ ਸਾਡੀ ਯੋਗਤਾ ਬਾਰੇ ਦੇਸਮੰਡ ਮੋਰਿਸ ਘੋਰ ਨਿਰਾਸ਼ਾਵਾਦੀ ਹੈ। ਉਹ ਆਖਦਾ ਹੈ:

ਸਾਡੀਆਂ ਝਗੜਾਲੂ ਅਤੇ ਇਲਾਕਾਈ ਖ਼ਾਹਿਸ਼ਾਂ ਨੂੰ ਕਾਬੂ ਕਰਨਾ ਅਤੇ ਸਾਡੀਆਂ ਬੁਨਿਆਦੀ ਪ੍ਰੇਰਨਾਵਾਂ 'ਤੇ ਅਧਿਕਾਰ ਜਮਾਉਣਾ, ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕ ਫ਼ਜ਼ੂਲ ਦੀ ਬਕਵਾਸ ਹੈ। ਸਾਡੀ ਭਿਆਨਕ ਪਸ਼ੂ-ਵਿਰਤੀ ਇਸ ਦੀ ਕਦੇ ਆਗਿਆ ਨਹੀਂ ਦੇਵੇਗੀ।

ਸਥਾਈ ਸ਼ਾਂਤੀ ਵਿਕਾਸਸ਼ੀਲ-ਖ਼ੁਸ਼ਹਾਲੀ, ਸ਼੍ਰੇਣੀ ਰਹਿਤ ਸਮਾਜ, ਧਰਮ ਰਹਿਤ ਰਾਜਨੀਤੀ, ਇਕ ਪ੍ਰਾਈਵੇਟ ਨਿਜੀ ਧਰਮ, ਧਰਮ ਨੂੰ ਸਿਆਸਤ ਨਾਲੋਂ ਅੱਡਰਾ ਕਰਨਾ ਆਦਿ ਸਿਰਫ਼ ਊਲ-ਜਲੂਲ, ਮਨੋ-ਕਲਪਤ, ਆਦਰਸ਼ਵਾਦੀ ਸੁਪਨੇ ਹੀ ਹਨ। ਸੰਸਾਰਕ ਸ਼ਾਂਤੀ ਦੇ ਐਸੇ ਸਮੇਂ ਸੰਸਾਰ ਵਿਚ ਇਥੇ ਕਦੀ-ਕਦਾਈਂ ਹੀ ਆਉਂਦੇ ਹਨ ਜਦੋਂ ਛੋਟੀਆਂ ਮੋਟੀਆਂ ਝੜਪਾਂ ਹੀ ਹੁੰਦੀਆਂ ਹਨ ਜਿਵੇਂ ਕਿ ਰੋਮਨਾਂ ਦਾ 27 ਪੂਰਬ ਈ: ਤੋਂ 180 ਈ: ਦੇ ਵਿਚਕਾਰ ਦਾ ਅਮਨ ਅਤੇ ਬਰਤਾਨੀਆ ਦਾ ਸੰਨ 1814 ਤੋਂ ਸੰਨ 1914 ਈ: ਦੇ ਦੌਰਾਨ ਦਾ ਸੌ ਸਾਲਾ ਅਮਨ।

51. ਮਨੁੱਖਤਾ ਲਈ ਇਨ੍ਹਾਂ ਸਿਧਾਂਤਾਂ ਤੋਂ ਨਿਗਰ ਸੱਚਾਈ ਅਤੇ ਵੱਧ ਭਰੋਸੇਯੋਗ ਅਗਵਾਈ ਹੋਰ ਕਿਧਰੇ ਨਹੀਂ ਮਿਲਦੀ, ਜਿਹੜੇ ਸਿਧਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਸੁਭਾਗ ਮੁਖ਼ਾਰਬਿੰਦ ਤੋਂ ਉਚਾਰਨ ਹੋਏ ਸ਼ਬਦਾਂ ਵਿਚ ਅੰਕਿਤ ਕੀਤੇ ਅਤੇ ਦ੍ਰਿੜ੍ਹਾਏ ਗਏ ਹਨ:

**ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ॥**
**ਖ਼ੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ॥**

# ਸਿੱਖ-ਇਸਲਾਮ ਸੰਘਰਸ਼ ਦਾ ਸਿਧਾਂਤਕ ਪਿਛੋਕੜ

ਇਸਲਾਮ ਦੇ ਸੂਫ਼ੀ ਮਤ ਦੇ ਦੋ ਸਿਧਾਂਤਕ ਸੰਪ੍ਰਦਾਯ ਅਥਵਾ ਮਜ਼੍ਹਬ ਹਨ ਅਤੇ ਦੋ ਦਰਜਨ ਤੋਂ ਵੱਧ ਅਖਾੜੇ ਅਥਵਾ ਸਿਲਸਿਲਹ। ਸ਼ੈਖ਼ ਸਰਹੰਦੀ ਮੁਜੱਦਦ, ਹਿੰਦੋਸਤਾਨ ਵਿਚ, ਸੂਫ਼ੀ ਮਤ ਦੀ ਇਕ ਸੰਪ੍ਰਦਾਯ ਦਾ ਪ੍ਰਚੰਡ ਮਹੰਤ ਸੀ ਅਤੇ ਦੂਸਰੀ ਦਾ ਕੱਟੜ ਵਿਰੋਧੀ ਅਤੇ ਮੁਗ਼ਲ ਰਾਜ-ਦਰਬਾਰ ਦੇ ਖੇਤਰ ਵਿਚ ਜੋ ਰਾਜਨੀਤਿਕ ਸੰਘਰਸ਼ ਚੱਲਦੇ ਰਹੇ, ਉਹ ਦਰਅਸਲ ਇਨ੍ਹਾਂ ਦੋਹਾਂ ਸੂਫ਼ੀ ਸੰਪ੍ਰਦਾਵਾਂ ਦਾ ਹੀ ਘੋਲ ਸਨ, ਜਿਨ੍ਹਾਂ ਦੇ ਝੰਡਾ-ਬਰਦਾਰ ਤੇ ਮੁਹੈਲੀ, 17ਵੀਂ ਸਦੀ ਦੇ ਆਰੰਭ ਵਿਚ, ਗੁਰੂ ਅਰਜਨ ਦੇਵ ਦੀ ਸ਼ਹੀਦੀ ਵੇਲੇ, ਇਹ ਮੁਜੱਦਦ ਇਕ ਪਾਸੇ ਅਤੇ ਹਜ਼ਰਤ ਮੀਆਂ ਮੀਰ ਦੂਜੇ ਪਾਸੇ ਸਨ ਅਤੇ ਇਸੇ ਘੋਲ ਤੇ ਸੰਘਰਸ਼ ਵਿਚ ਸਿੱਖੀ ਦਾ ਉਥਾਨ ਤੇ ਇਤਿਹਾਸ ਵਲ੍ਹੇਟਿਆ ਗਿਆ ਤੇ ਪ੍ਰਵਾਨ ਚੜ੍ਹਿਆ।

ਸੂਫ਼ੀ ਮਤ ਅਤੇ ਇਸਲਾਮ ਦਾ ਅੰਤਰ ਕੀ ਹੈ ?

ਕੁਝ ਵਿਦਵਾਨਾਂ ਦਾ ਵਿਚਾਰ ਹੈ[1] ਕਿ ਸੂਫ਼ੀ ਮਤ ਦੀ ਨੀਂਹ ਰੱਖਣ ਵਾਲੇ ਹਜ਼ਰਤ ਮੁਹੰਮਦ ਸਾਹਿਬ ਦੇ ਉਹ ਚੇਲੇ ਸਨ, ਜਿਨ੍ਹਾਂ ਨੂੰ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਇਸ ਦਾਅਵੇ ਨਾਲ ਅਸੰਮਤੀ ਸੀ ਕਿ ਉਹ ਸੰਸਾਰ ਵਿਚ ਆਖ਼ਰੀ ਨਬੀ ਹਨ।[2]

ਸੂਫ਼ੀ ਮਤ ਕੁਰਾਨ ਸ਼ਰੀਫ਼ ਦੀ ਭੂਮੀ ਅਤੇ ਵਾਤਾਵਰਣ ਦੀ ਹੀ ਉਪਜ ਹੈ, ਇਸ ਬਾਰੇ ਤਾਂ ਦੋ ਰਾਵਾਂ ਹੋ ਸਕਦੀਆਂ ਹਨ, ਪਰ ਇਸ ਵਿਚ ਕਿੰਤੂ ਨਹੀਂ ਕਿ ਧਾਰਮਿਕ ਕ੍ਰਿਆ ਕਰਮਾਂ ਨੂੰ ਫੋਕਟ ਅਤੇ ਉਨ੍ਹਾਂ ਦੇ ਗੋਹਜ ਮਰਮ ਨੂੰ ਤੱਤ ਕਰਕੇ ਜਾਨਣਾ ਅਤੇ ਪਰਮ ਸੱਤ, ਵਾਹਿਗੁਰੂ ਅਕਾਲ ਪੁਰਖ ਦੀ ਅਗਾਧ ਸ਼ਰਧਾ ਭਗਤੀ, ਜੋ ਕਿ ਸੂਫ਼ੀ ਮਤ ਦੀ ਨੀਂਹ ਦੀਆਂ ਦੋ ਪਹਿਲੀਆਂ ਇੱਟਾਂ ਹਨ, ਹਜ਼ਰਤ ਮੁਹੰਮਦ ਸਾਹਿਬ ਦੇ ਸ਼ਖ਼ਸੀ ਜੀਵਨ ਉੱਤੇ ਹੀ ਆਧਾਰਿਤ ਹਨ। ਹਜ਼ਰਤ ਮੁਹੰਮਦ ਸਾਹਿਬ ਆਪ ਹਰ ਵਰ੍ਹੇ ਮੱਕੇ ਦੇ ਨੇੜੇ 'ਹਿਰਾ' ਨਾਮੀ ਗੁਫ਼ਾ ਵਿਚ ਧਿਆਨ-ਸਮਾਧੀ ਦੇ ਸਾਧਨਾਂ ਲਈ ਜਾਇਆ ਕਰਦੇ ਸਨ ਅਤੇ ਉਨ੍ਹਾਂ ਦੀ ਨਿੱਜੀ ਮਸਜਿਦ ਵਿਚ ਕੋਈ ਸੱਤਰ ਕੁ ਮੁਸਲਮਾਨ ਸਾਧੂ—'ਅਹਿਲਿ ਸੁੱਫ਼ਹ', ਨਿਵਾਸ ਰੱਖਦੇ ਸਨ, ਜਿਨ੍ਹਾਂ ਨੇ ਕਿ ਸੰਸਾਰ ਦਾ ਪੂਰਨ ਤਿਆਗ ਕੀਤਾ ਹੋਇਆ ਸੀ ਅਤੇ ਜੋ ਦਿਨ ਰਾਤ ਪ੍ਰਭੂ ਦੇ ਧਿਆਨ ਤੇ ਭਗਤੀ ਵਿਚ ਲੀਨ ਰਹਿੰਦੇ ਸਨ। ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰਾਂ ਵਿੱਚੋਂ, ਦੋ—ਅਬੂ ਜ਼ਰ ਗ਼ਿੱਫ਼ਾਰ (ਮ੍ਰਿਤੂ 652) ਅਤੇ ਹੁਜ਼ੈਫ਼ਾ (ਮ੍ਰਿਤੂ 657)

---

1. Dr. Jagannath Rao, M.A., Ph.D., in his review of *The Persian Sufis*, by Cyprian Rice, O.P., London, 1945, in the August, 1965 issue of *The Astrological Magazine*, Bangalore, p. 741.
2. "ਅਨਾ ਆਖ਼ਿਰ ਅਲ ਅੰਬੀਆ"—ਹਦੀਸਿ ਨਬਵੀ, ਸਹੀਹਿ ਮੁਸਲਿਮ।

ਧਿਆਨ-ਪ੍ਰਪੱਕ ਸਾਧੂ ਪ੍ਰਸਿੱਧ ਸਨ। ਹਜ਼ਰਤ ਮੁਹੰਮਦ ਸਾਹਿਬ ਦੀ ਮ੍ਰਿਤੂ (632) ਤੋਂ ਤਿੰਨ ਸਦੀਆਂ ਪਿੱਛੋਂ ਤਕ ਸੂਫ਼ੀ ਮਤ ਇਸਲਾਮ ਵਿਚ ਵਿਗਸਦਾ ਤੇ ਮੌਲਦਾ ਰਿਹਾ, ਪਰ ਦਸਵੀਂ ਸਦੀ ਦੇ ਆਰੰਭ ਵਿਚ ਜਦੋਂ ਮਨਸੂਰ-ਅਲ-ਹੱਲਾਜ (ਮ੍ਰਿਤੂ 921) ਨੇ ਆਤਮਾ ਤੇ ਪਰਮਾਤਮਾ ਦੀ ਅਭੇਦਤਾ, 'ਜੀਵੋਂ ਬ੍ਰਹਮੈਵ ਨਪਰਹ', ਦੀ ਖੁੱਲ੍ਹ ਕੇ ਗੱਲ ਕੀਤੀ ਤੇ 'ਅਨਲ ਹੱਕ' (ਬ੍ਰਹਮਾਸਮਿ) ਮਹਾਂਵਾਕ ਉਚਾਰਿਆ, ਤਦ ਇਸਲਾਮ ਅਤੇ ਸੂਫ਼ੀ ਮਤ ਦੀ ਸਿੱਧੀ ਪ੍ਰਚੰਡ ਟੱਕਰ ਹੋ ਉੱਠੀ, ਜਿਸ ਦੇ ਸਿੱਟੇ ਵਜੋਂ ਮਨਸੂਰ ਨੂੰ ਸੂਲੀ ਚਾੜ੍ਹਿਆ ਗਿਆ। ਮਨਸੂਰ ਤੋਂ ਪਹਿਲਾਂ, ਸੂਫ਼ੀ ਮਤ ਦੇ ਧਾਰਨੀ ਬੜੇ-ਬੜੇ ਮਹਾਨ ਸਾਧੂ ਸੰਤ, ਜਿਹਾ ਕਿ ਇਮਾਮ ਹਸਨ ਬਸਰੀ (ਮ੍ਰਿਤੂ 728), ਇਬ੍ਰਾਹੀਮ-ਬਿਨ-ਅੱਧਮ (ਮ੍ਰਿਤੂ 777), ਅਬੂ ਹਸਨ (ਮ੍ਰਿਤੂ 777), ਬੀਬੀ ਰਾਬੀਆ (ਮ੍ਰਿਤੂ 776) ਹੋ ਚੁੱਕੇ ਸਨ ਅਤੇ ਸੂਫ਼ੀ ਮਤ ਵਿਚ ਮਤਾਂਤ੍ਰ ਭੇਦਾਂ ਦੀ ਨੀਂਹ ਰੱਖਣ ਵਾਲੇ ਚਿੰਤਕ, 'ਬਾਨੀਏ ਗਰੋਹ', ਭੀ ਬੜੇ-ਬੜੇ ਵਿਦਵਾਨ ਹੋ ਚੁੱਕੇ ਸਨ, ਜਿਹਾ ਕਿ ਮਾਅਰੂਫ਼ ਕੁਰਖ਼ੀ—ਨਿਰਬੀਜ ਸਮਾਧੀ ਦੇ ਸਿਧਾਂਤ ਦੀ ਵਿਆਖਿਆ ਕਰਨ ਵਾਲੇ; ਸਾਰੀ ਸਾਕਤੀ (ਮ੍ਰਿਤੂ 870)—'ਏਕਮ ਸਤ ਦੁਤੀਆ ਨਾਸਤਿ' (ਤਵਹੀਦ) ਦੇ ਵਿਆਖਿਅਕ ਆਦਿ। ਪਰ ਮਨਸੂਰ ਦੇ ਸੂਲੀ ਚੜ੍ਹਨ ਪਿੱਛੋਂ ਸੂਫ਼ੀ ਮਤ ਨੂੰ ਬਹੁਤ ਚੌਕੰਨਾ ਤੇ ਮੁਹਤਾਤ ਹੋਣਾ ਪੈ ਗਿਆ ਤਾਂ ਜੁ ਕੋਈ ਅਜਿਹਾ ਬਚਨ ਯਾ ਵਾਕ ਮੂੰਹੋਂ ਨਾ ਨਿਕਲ ਜਾਵੇ, ਜਿਸ ਉੱਤੇ ਇਹ ਕਿੰਤੂ ਉੱਠ ਸਕੇ ਕਿ ਸੂਫ਼ੀ ਮਤ, ਕੁਰਾਨ ਸ਼ਰੀਫ਼ ਦੇ ਅਨੁਕੂਲ ਨਹੀਂ, ਯਾ ਇਸਲਾਮੀ ਸ਼ਰਅ ਅਥਵਾ ਕਰਮ-ਕਾਂਡ ਦਾ ਵਿਰੋਧ ਕਰਦਾ ਹੈ। ਇਸਲਾਮ ਦੀ ਇਸ ਰਾਜਸੀ ਪ੍ਰਚੰਡਤਾ ਤੇ ਦਬਾ ਦੇ ਸਿੱਟੇ ਵਜੋਂ, ਸੂਫ਼ੀ ਮਤ ਨੂੰ ਜੀਵਿਤ ਰਹਿਣ ਅਤੇ ਸ੍ਵੈ-ਰੱਖਿਆ ਲਈ ਦੋ ਆਸਰੇ ਯਾ ਟੇਕਾਂ ਸਿਰਜਣੀਆਂ ਪਈਆਂ। ਇਕ ਤਾਂ ਇਹ ਕਿ ਸੂਫ਼ੀ ਮਤ ਦੇ ਇਸਲਾਮ ਤੇ ਕੁਰਾਨ ਸ਼ਰੀਫ਼ ਨਾਲ ਸਿੱਧੇ ਟਕਰਾਉਣ ਵਾਲੇ ਸਿਧਾਂਤਾਂ ਮਸਲਿਆਂ ਦਾ ਵਰਣਨ ਯਾ ਵਿਆਖਿਆ, ਸਿੱਧੀ ਸਪੱਸ਼ਟ ਭਾਸ਼ਾ ਵਿਚ ਕਰਨੀ ਬੰਦ ਕਰ ਦਿੱਤੀ ਗਈ ਅਤੇ ਸੰਧਿਆ-ਭਾਸ਼ਾ ਦਾ ਪ੍ਰਯੋਗ ਆਰੰਭ ਤੇ ਪ੍ਰਚਲਿਤ ਹੋ ਗਿਆ, ਜਿਸ ਵਿਚ 'ਸ਼ਰਾਬ', 'ਸਾਕੀ', 'ਮੈਖ਼ਾਨਾ' ਯਾ 'ਮੌਸਮੇ ਬਹਾਰ', 'ਮਾਸ਼ੂਕ', 'ਵਿਸਾਲ', ਆਦਿ ਸ਼ਬਦਾਵਲੀ ਸੂਫ਼ੀ ਮਤ ਦੇ ਸਿਧਾਂਤਾਂ ਨੂੰ ਪ੍ਰਚਾਰਣ ਲਈ ਵਰਤੀ ਜਾਣ ਲੱਗੀ। "ਸ਼ਰਾਬ ਚਿੱਤ ਨੂੰ ਖ਼ੁਸ਼ ਕਰਨ ਵਾਲੀ ਹੈ ਅਤੇ ਬਸੰਤ ਰਿਤੂ ਦੀ ਮੰਦ-ਮੰਦ ਪੌਣ ਨਾਲ ਪੁਸ਼ਪ ਵਰਸ਼ਾ ਵੀ ਆਲੇ-ਦੁਆਲੇ ਘਾਹ ਉੱਤੇ ਹੋ ਰਹੀ ਹੈ, ਪਰ ਮਦ ਪੀਣ ਵੇਲੇ ਵੀਣਾ ਦਾ ਸੰਗੀਤ ਬੰਦ ਕਰ, ਕਿਉਂਜੁ ਰਾਜ ਤੇਜ ਕਰਮਕਾਂਡ ਦੀ ਰੱਖਿਆ ਹਿਤ ਪ੍ਰਚੰਡ ਹੋ ਉੱਠਿਆ ਹੈ। ਸ਼ਰਾਬ ਦੇ ਪਿਆਲੇ ਨੂੰ ਭੀ ਆਪਣੇ ਧਾਰਮਿਕ ਚੋਲੇ ਦੀ ਸ਼ਰਅਈ ਆਸਤੀਨ ਵਿਚ ਲੁਕਾ ਲੈ। ਤੈਨੂੰ ਦਿੱਸਦਾ ਨਹੀਂ ਕਿ ਸਮੇਂ ਦੀਆਂ ਅੱਖਾਂ ਵਿੱਚੋਂ, ਕੋਪ ਨਾਲ, ਗੂੜ੍ਹੇ ਸ਼ਰਾਬੀ ਰੰਗ ਦਾ ਲਹੂ ਡਿੱਗ ਰਿਹਾ ਹੈ।"[1]

ਦੂਜੀ ਟੇਕ ਜੋ ਸੂਫ਼ੀ ਮਤ ਨੇ ਇਸਲਾਮ ਦੇ ਸ਼ਰਅਈ ਰਾਜ ਕੋਪ ਤੋਂ ਬਚਣ ਲਈ ਅਪਣਾਈ, ਉਹ ਇਹ ਸੀ ਕਿ ਦਾਰਸ਼ਨਿਕ ਵਿਚਾਰ ਅਤੇ ਸ਼ਾਸਤ੍ਰਾਰਥ ਦੁਆਰਾ ਇਹ ਸਿੱਧ ਕਰਨ ਦੇ ਮਹਾਨ ਯਤਨ ਕੀਤੇ ਗਏ ਕਿ ਸੂਫ਼ੀ ਮਤ, ਕੁਰਾਨ ਸ਼ਰੀਫ਼ ਦੇ ਅਨੁਕੂਲ ਹੈ ਅਤੇ

1. ਅਗਰਚਿਹ ਬਾਦਹ ਫ਼ਰਹ ਬਖ਼ਸ਼ ਉ ਬਾਦ ਗੁਲਬੀਜ਼ ਅਸਤ।
ਬ ਬਾਂਗਿ ਚੰਗ ਮਖ਼ੁਰ ਮੈ ਕਿਹ ਮੁਹਤਸਿਬ ਤੀਜ਼ ਅਸਤ।
ਦਰ ਆਸਤੀਨਿ ਮੁਰੱਕਅ ਪਿਆਲਾ ਪਿਨਹਾਂ ਕੁਨ,
ਕਿ ਚਸ਼ਮਿ ਦੌਰ ਚੂੰ ਚਸ਼ਮਿ ਸੁਰਾਹੀ ਖ਼ੂੰ ਰੀਜ਼ ਅਸਤ।
*(ਹਾਫ਼ਿਜ਼ ਸ਼ੀਰਾਜ਼ੀ)*

ਇਹ ਭੀ, ਕਿ ਸੂਫ਼ੀ ਮਤ ਦਾ ਸਾਧਨ, ਇਸਲਾਮੀ ਕਰਮ-ਕਾਂਡ-ਸ਼ਰਅ ਦਾ ਵਿਰੋਧੀ-ਨਿਰੋਧੀ ਨਹੀਂ, ਸਖਾ ਤੇ ਸਹਾਇਕ ਹੈ। ਤੇਰ੍ਹਵੀਂ ਸਦੀ ਵਿਚ, ਸੂਫ਼ੀ ਮਤ ਦੇ ਗਗਨ ਵਿਚ ਤਿੰਨ ਮਹਾਨ ਹਸਤੀਆਂ, ਚੰਦ੍ਰਵਤ ਪ੍ਰਕਾਸ਼ਮਾਨ ਹੋਈਆਂ ਜਿਨ੍ਹਾਂ ਨੇ ਕਿ ਸੂਫ਼ੀ ਮਤ ਨੂੰ ਸੰਪੂਰਣ ਦਰਸ਼ਨ-ਸਿਧਾਂਤ, ਸੰਪੰਨ ਸਾਧਨ-ਵਿਧੀ ਅਤੇ ਜੀਵਨ-ਭਰਪੂਰ ਭਾਵਕਤਾ ਪ੍ਰਦਾਨ ਕੀਤੀ। ਇਹ ਤਿੰਨ ਚੰਦ੍ਰਾਤਮਾ ਪੁਰਸ਼ ਹਨ: ਸ਼ੈਖ਼ ਮੁਹੱਈਉੱਦੀਨ-ਇਬਨਿ-ਅਰਬੀ (1165—1240), ਸ਼ੈਖ਼ ਸਿਹਾਬੁੱਦੀਨ ਸੁਹਰਹਵਰਦੀ (ਮ੍ਰਿਤੂ 1234) ਅਤੇ ਮਵਲੈਨਹ ਜਲਾਲੁੱਦੀਨ ਰੂਮੀ (ਮ੍ਰਿਤੂ 1273)।

ਇਬਨਿ-ਅਰਬੀ ਦੀਆਂ ਅਨੇਕ ਰਚਨਾਵਾਂ ਵਿੱਚੋਂ, ਦੋ ਪੁਸਤਕਾਂ ਜਗਤ-ਪ੍ਰਸਿੱਧ ਹਨ, *ਫ਼ਤੂਹਾਤਿ-ਮੱਕੀਯਹ*[1] ਅਤੇ *ਫ਼ਿਸੂਸੁਲ-ਹਿਕ੍ਮ*[2]। ਇਨ੍ਹਾਂ ਪੁਸਤਕਾਂ ਵਿਚ ਇਸ ਮਹਾਨ ਦਰਸ਼ਨ-ਵੇਤਾ ਨੇ, ਪਰਮ ਤੱਤ-ਸੱਤ ਬਾਰੇ ਜਿਸ ਸਿਧਾਂਤ ਦਾ ਪ੍ਰਚਾਰ ਕੀਤਾ, ਉਸ ਦੀ ਸੰਗਿਆ ਹੈ, 'ਵਹਦਤਲਵਜੂਦ'। ਇਹ ਉਹੋ ਸਿਧਾਂਤ ਹੈ, ਜੋ ਗੁਰਮਤਿ ਦੇ ਮੂਲ ਮੰਤਰ ਵਿਚ ਅੰਕਿਤ ਹੈ, "ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥" ਜਿਸ ਸਮੇਂ 'ਸੁਖਮਨੀ' ਦੀ ਰਚਨਾ 16ਵੀਂ ਅਸ਼ਟਪਦੀ ਤਕ ਹੋ ਚੁੱਕੀ ਤਾਂ ਗੁਰੂ ਅਰਜਨ ਦੇਵ, ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਗਏ ਅਤੇ ਉਨ੍ਹਾਂ ਨੂੰ ਬਿਨੈ ਕੀਤੀ ਕਿ ਉਹ 17ਵੀਂ ਅਸ਼ਟਪਦੀ ਦੇ ਸ਼ਿਲਾਆਧਾਰ-ਸ਼ਲੋਕ ਦਾ ਆਵੇਸ਼ ਦੇਣ। ਤਦ ਬਾਬਾ ਸ੍ਰੀ ਚੰਦ ਨੇ, ਠੀਕ ਅਨੁਭਵ ਕਰਕੇ ਕਿ ਇਹੋ ਹਿੰਦੋਸਤਾਨ ਵਿਚ ਵਰਤਮਾਨ ਕਾਲ ਦੀ ਸਮੱਸਿਆ ਹੈ, ਗੁਰਮਤਿ ਦੇ ਮੂਲ ਮੰਤਰ ਦੀ ਇਸੇ ਪੰਕਤੀ ਦਾ ਉਚਾਰਣ ਕੀਤਾ ਸੀ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਜਿਸ ਸਿਧਾਂਤ ਦੀ ਵਿਆਖਿਆ 'ਸੁਖਮਨੀ' ਦੀ 17ਵੀਂ ਅਸ਼ਟਪਦੀ ਵਿਚ ਕੀਤੀ ਹੈ, ਉਹ 'ਵਹਦਤਲਵਜੂਦ' ਦਾ ਸਿਧਾਂਤ ਹੀ ਹੈ। "ਦਰਸਨੁ ਸਤਿ ਸਤਿ ਪੇਖਨਹਾਰ॥ ਨਾਮੁ ਸਤਿ ਸਤਿ ਧਿਆਵਨਹਾਰ॥ ਆਪਿ ਸਤਿ ਸਤਿ ਸਭ ਧਾਰੀ॥.....ਬੂਝਨਹਾਰ ਕਉ ਸਤਿ ਸਭ ਹੋਇ॥" ਸ੍ਰਿਸ਼ਟੀ ਅਤੇ ਸ੍ਰਸ਼ਟਾ ਇੱਕੋ ਪ੍ਰਧਾਨ ਦਰਬ ਦੇ ਰੂਪ ਹਨ: "ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭੁ ਤੇ ਸਗਲੀ ਉਤਪਤਿ॥" ਉਪਨਿਸ਼ਦਾਂ ਦੇ 'ਸ੍ਰਸ਼ਟੀਵਾਕ' ਸਿਧਾਂਤ ਵਿਚ ਇਸ ਗੁਰਮਤਿ ਸਿਧਾਂਤ ਅਤੇ 'ਵਹਦਤਲਵਜੂਦ' ਦੇ ਮਸਲੇ ਦੀਆਂ ਜੜ੍ਹਾਂ ਹਨ।

ਇਬਨਿ ਅਰਬੀ ਦੇ ਦਾਰਸ਼ਨਿਕ ਸਿਧਾਂਤ, ਉਸ ਦੀ ਮ੍ਰਿਤੂ ਤੋਂ ਥੋੜਾ ਸਮਾਂ ਬੀਤਣ ਉਪ੍ਰਾਂਤ ਹੀ, ਭਾਰਤ ਵਿਚ, ਫ਼ਾਰਸੀ ਦੇ ਕਵੀ ਇਰਾਕੀ (ਮ੍ਰਿਤੂ 1289) ਰਾਹੀਂ ਪੁੱਜ ਗਏ ਸਨ। ਦਿੱਲੀ ਦੇ ਸੁਲਤਾਨਾਂ, ਮੁਹੰਮਦ-ਬਿਨ-ਤੁਗ਼ਲਕ ਅਤੇ ਫ਼ੀਰੋਜ਼ ਸ਼ਾਹ ਤੁਗ਼ਲਕ ਉੱਤੇ, ਇਸ 'ਸ੍ਰਸ਼ਟੀਵਾਕ' ਸਿਧਾਂਤ ਦਾ ਭਰਪੂਰ ਪ੍ਰਭਾਵ ਪਿਆ ਸੀ ਅਤੇ ਉਨ੍ਹਾਂ ਦੀਆਂ ਰਾਜਨੀਤਿਕ ਪਾਲਿਸੀਆਂ ਉੱਤੇ ਭੀ।[3]

ਮਵਲੈਨਹ ਜਲਾਲੁੱਦੀਨ ਰੂਮੀ ਦੀ ਜਗਤ-ਪ੍ਰਸਿੱਧ ਕਾਵ-ਰਚਨਾ, ***ਮਥਨਵੀ***, ਵਿਚ ਇਸ 'ਵਹਦਤਲਵਜੂਦ' ਦੇ ਸਿਧਾਂਤ ਦਾ ਪ੍ਰਚਾਰ ਕਵਿਤਾ ਰਾਹੀਂ ਖੁੱਲ੍ਹਾ ਕੀਤਾ ਹੋਇਆ ਹੈ, (ਗੱਦ ਵਿਚ ਕਰਨਾ ਅਸੰਭਵ ਸੀ) ਅਤੇ ਇਸ 'ਮਥਨਵੀ' ਨੂੰ, ਸੂਫ਼ੀ ਮਤ ਦੇ ਅਨੁਯਾਈ

---

1. Printed in Bulaq, 1274 A.H., and in Cairo, 1329 A.H.
2. Printed with Abdur Razzaq Kashani's Commentary, in Cairo, 1309-1321 A.H.
3. ਦਿੱਲੀ ਤੋਂ ਪ੍ਰਕਾਸ਼ਿਤ ਹੋਣ ਵਾਲੇ, *ਬੁਰਹਾਨ* ਨਾਮੀ ਰਿਸਾਲੇ ਦੇ ਜਨਵਰੀ, ਸੰਨ 1950 ਦੇ ਅੰਕ ਵਿਚ ਪ੍ਰੋ: ਖ਼ਲੀਕ ਅਹਿਮਦ ਨਿਜ਼ਾਮੀ ਦਾ ਮਜ਼ਮੂਨ : ਸ਼ੈਖ਼ ਮੁਹੱਈਉੱਦੀਨ ਇਬਨਿ ਅਰਬੀ ਔਰ ਹਿੰਦੋਸਤਾਨ।

'ਫ਼ਾਰਸੀ ਬੋਲੀ ਦਾ ਕੁਰਾਨ' ਕਹਿ ਕੇ ਸਨਮਾਨਦੇ ਹਨ।[1] ਉਂਜ ਸੂਫ਼ੀ ਮਤ ਦੇ ਸਿਧਾਂਤਾਂ-ਸਾਧਨੀਂ ਨੂੰ ਕੁਰਾਨ ਸ਼ਰੀਫ਼ ਉੱਤੇ ਆਧਾਰਿਤ ਸਿੱਧ ਕਰਨ ਦੇ ਯਤਨਾਂ ਬਾਰੇ, ਪ੍ਰਮਾਣਿਕ ਰਾਏ ਇਹੋ ਹੈ ਕਿ ਇਹ ਵਿਚਾਰਧਾਰਾ ਉੱਕੀ ਨਿਰਮੂਲ ਤੇ ਥੋਥੀ ਹੈ। ਅਬੂ ਸਈਦ, ਸੂਫ਼ੀ ਮਤ ਦੇ ਇਕ ਮਹਾਨ ਆਚਾਰਯ ਦਾ ਕਥਨ ਹੈ ਕਿ "ਸੂਫ਼ੀ ਮਤ ਕੁਰਾਨ ਦੇ 8/7ਵੇਂ ਪ੍ਰਕਰਣ ਵਿਚ ਅੰਕਿਤ ਹੈ।"[2] ਅਜੇਹੇ 8/7ਵੇਂ ਪ੍ਰਕਰਣ ਦਾ ਕੁਰਾਨ ਸ਼ਰੀਫ਼ ਵਿਚ ਉੱਕਾ ਅਭਾਵ ਹੈ, ਭਾਵ ਇਹ ਕਿ ਐਸਾ ਪ੍ਰਕਰਣ ਅਜੇ ਲਿਖਤ ਵਿਚ ਨਹੀਂ ਆਇਆ।

ਸ਼ੈਖ਼ ਸੁਹਰਹਵਰਦੀ ਦੀ ਰਚਨਾ, *ਅਵਾਰਿਫ਼ੁਲ-ਮਆਰਿਫ਼*, ਸੂਫ਼ੀਆਂ ਦੇ ਚਿਸ਼ਤੀ ਅਖਾੜੇ ਦੇ ਸਾਧੂਆਂ ਵਿਚ ਪ੍ਰਮਾਣਿਕ ਮੰਨੀ ਜਾਂਦੀ ਹੈ, ਜਿਸ ਅਖਾੜੇ ਨਾਲ ਕਿ ਸ਼ੈਖ਼ ਫ਼ਰੀਦੁੱਦੀਨ ਮਸਊਦ ਗੰਜੇ ਸ਼ਕਰ ਦਾ ਸੰਬੰਧ ਸੀ ਅਤੇ ਜਿਸ ਫ਼ਰੀਦ ਦੇ ਸ਼ਲੋਕ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ।

ਇਬਨਿ-ਅਰਬੀ, ਆਪਣੇ ਜੀਵਨ ਵਿਚ ਹੀ 'ਸ਼ੈਖ਼ੁਲ-ਅਕਬਰ', ਸਰਵੁੱਚਾਚਾਰ੍ਯ ਦੀ ਉਪਾਧੀ ਨਾਲ ਪ੍ਰਸਿੱਧ ਹੋ ਗਿਆ ਸੀ। ਉਹ ਆਪ ਕਿਹਾ ਕਰਦਾ ਸੀ ਕਿ ਜਿਵੇਂ ਹਜ਼ਰਤ ਮੁਹੰਮਦ ਸਾਹਿਬ, 'ਖ਼ਾਤਿਮੁੱਲ ਅੰਬੀਆ', ਅਰਥਾਤ ਨਬੀਆਂ ਦੀ ਮੁਹਰ ਯਾ ਚੂੜਾਮਣਿ ਹਨ, ਇਸੇ ਪ੍ਰਕਾਰ ਉਹ ਆਪ 'ਖ਼ਾਤਿਮੁਲ ਅਵਲੀਯਾ', ਸ਼੍ਰੋਮਣੀ ਸੰਤ ਹੈ। ਸ਼੍ਰੋਮਣੀ ਸੰਤ :

> "ਮੇਰੇ ਆਪਣੇ ਸਮੇਂ ਵਿਚ ਹੀ ਜਨਮਿਆ ਹੈ। ਮੇਰੀ ਉਸ ਨਾਲ ਭੇਟ ਹੋ ਚੁੱਕੀ ਹੈ। ਸ਼੍ਰੋਮਣੀ ਸੰਤ ਦੇ ਸਾਰੇ ਲੱਛਣ ਮੈਂ ਉਸ ਵਿਚ ਦੇਖੇ ਹਨ।"

ਇਸ ਇਬਨਿ-ਅਰਬੀ ਦੇ ਮਹਾਨ ਦਾਰਸ਼ਨਿਕ ਸਿਧਾਂਤ, 'ਵਹਦਤਲਵਜੂਦ' ਦਾ ਸਥਾਨ ਅਸੀਂ ਗੁਰਮਤਿ ਵਿਚ ਨਿਰਣਯ ਕਰ ਆਏ ਹਾਂ। ਉਸ ਦੇ ਇਕ ਹੋਰ ਸਿਧਾਂਤ ਦਾ ਭੀ ਦਸਮ ਪਾਤਸ਼ਾਹ ਦੇ 'ਖ਼ਾਲਸਾ' ਸਿਧਾਂਤ ਨਾਲ ਡੂੰਘਾ ਸੰਬੰਧ ਹੈ।

'ਫ਼ਸੂਸੁਲਹਿਕ੍ਮ' ਨਾਮੀ ਗ੍ਰੰਥ ਦੇ ਪਹਿਲੇ ਅਧਿਆਇ ਵਿਚ ਹੀ ਉਹ ਕਹਿੰਦਾ ਹੈ :

> "ਪੁਰਸ਼ ਦਾ ਅਕਾਲ ਪੁਰਖ ਨਾਲ ਉਹੋ ਸੰਬੰਧ ਹੈ ਜੋ ਕਿ ਅੱਖ ਦੀ ਪੁਤਲੀ ਦਾ ਅੱਖ ਨਾਲ ਹੈ। ਜਿਵੇਂ ਦ੍ਰਿਸ਼ਟੀ ਪੁਤਲੀ ਉੱਤੇ ਆਧਾਰਿਤ ਹੈ, ਤਿਵੇਂ ਹੀ ਅਕਾਲ ਪੁਰਖ ਸ੍ਰਿਸ਼ਟੀ ਨੂੰ ਪੁਰਸ਼ ਰੂਪੀ ਪੁਤਲੀ ਦੁਆਰਾ ਦੇਖਦਾ ਹੈ.....ਮਨੁੱਖ ਇੱਕੋ ਸਮੇਂ ਨਾਸ਼ਮਾਨ ਭੀ ਹੈ ਅਤੇ ਅਵਿਨਾਸ਼ੀ ਭੀ.....ਮਨੁੱਖ ਹੀ ਸ਼ਬਦ ਹੈ, ਜੋ ਸੰਸਾਰ ਦੇ ਭਿੰਨ-ਭਿੰਨ ਪਦਾਰਥਾਂ ਦਾ ਵਿਜੋਗ-ਕਾਰਕ ਭੀ ਹੈ ਤੇ ਸੰਜੋਗ-ਕਰਤਾ ਭੀ। ਸ਼ਬਦ ਦੀ ਉਤਪਤੀ ਭੀ ਮਨੁੱਖ ਦੁਆਰਾ ਹੀ ਹੁੰਦੀ ਹੈ.....ਮਨੁੱਖ ਦੇ ਜ਼ਿੰਮੇ ਹੀ ਸ੍ਰਿਸ਼ਟੀ ਦੀ ਰੱਖਿਆ ਦਾ ਭਾਰ ਹੈ। ਜਦ ਤਕ ਸੰਸਾਰ ਵਿਚ ਮਨੁੱਖ ਮੌਜੂਦ ਹੈ, ਸ੍ਰਿਸ਼ਟੀ ਸੁਰੱਖਿਅਤ ਹੈ।"[3]

ਇਬਨਿ-ਅਰਬੀ ਦੇ ਇਹ ਵਿਚਾਰ ਇਕ ਹਦੀਸ ਦਾ ਭਾਸ਼ ਹਨ ਜਿਸ ਅਨੁਸਾਰ ਇਕ ਵੇਰਾਂ ਹਜ਼ਰਤ ਦਾਊਦ ਨੇ ਪਰਮਜੋਤ ਵਾਹਿਗੁਰੂ ਅਕਾਲ ਪੁਰਖ ਦੇ ਸੰਪੂਰਣ ਗਿਆਨ ਦੀ ਅਕਾਂਕਸ਼ਾ ਕੀਤੀ ਤਾਂ ਅਕਾਲ ਪੁਰਖ ਨੇ ਕਿਹਾ, "ਮੇਰੀ ਇੱਛਾ ਮਨੁੱਖ ਦਾ ਗਿਆਨ ਪ੍ਰਾਪਤ ਕਰਨ ਦੀ ਤੇਰੀ ਇਸ ਅਕਾਂਕਸ਼ਾ ਨਾਲੋਂ ਕਿਤੇ ਵਧੇਰੇ ਪ੍ਰਬਲ ਹੈ।" ਪਾਰਬ੍ਰਹਮ ਦੇ ਮਨੁੱਖਾਸ਼੍ਰਿਤ ਹੋਣ ਦੇ ਸਿਧਾਂਤ ਨੂੰ ਜਿਸ ਸਫ਼ਾਈ ਅਤੇ ਤੀਬਰਤਾ ਨਾਲ ਇਬਨਿ-ਅਰਬੀ

---

1. ਮਥਨਵੀ-ਇ-ਮਵਲਵੀ-ਇ-ਮਅਨਵੀ,
ਹਸਤ ਕੁਰਆਂ ਦਰ ਜ਼ੁਬਾਨਿ ਪਹਲਵੀ।
2. Nicholson, *Studies in Islamic Mysticism*, p. 59.
3. Muhy-d-din, Ibn-Arabi, *La Sagesse des Prophetes*, translated by Titus Burckhardt, Paris; Editions, Albin Michel, 1955, p. 25.

ਨੇ ਵਿਆਖਿਆ ਹੈ, ਹੋਰ ਕਿਸੇ ਨੇ ਨਹੀਂ ਕੀਤਾ ਕਿ ਮਨੁੱਖ ਹੀ ਪਰਮੇਸ਼ਰ-ਪ੍ਰਾਪਤੀ ਦੀ ਤਾਂਘ ਨਹੀਂ ਰੱਖਦਾ, ਪਰਮੇਸ਼ਰ ਉਸੇ ਤਰ੍ਹਾਂ ਮਨੁੱਖ-ਪ੍ਰਾਪਤੀ ਦਾ ਤਾਂਘੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸੇ ਵਿਚਾਰ-ਸਿੱਧਾਂਤ ਵੱਲ ਕੁਝ ਸੰਕੇਤ ਹੈ:

**ਮੈ ਗੁਨ ਬੰਧ ਸਗਲ ਕੀ ਜੀਵਨਿ, ਮੇਰੀ ਜੀਵਨਿ ਮੇਰੇ ਦਾਸ॥** *(ਪੰਨਾ 1253)*

ਅਬਦੁਲ ਕਰੀਮ, ਅਲਜੀਲੀ (1365—1417) ਨੇ ਇਬਨਿ-ਅਰਬੀ ਦੀ ਇਸ ਵਿਚਾਰਧਾਰਾ ਦਾ ਵਿਸਤਾਰ-ਵਿਸ਼ਲੇਸ਼ਣ ਆਪਣੀ ਪ੍ਰਸਿੱਧ ਪੁਸਤਕ, *ਅਲ-ਇਨਸਾਨੁਲ-ਅਕਮਲ* ਵਿਚ ਕੀਤਾ ਹੈ, ਜਿਸ ਦਾ ਅਧਿਐਨ ਕੀਤਿਆਂ, ਸਾਹਿਬ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਆਦਰਸ਼: "ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥ ਖ਼ਾਲਸਾ ਮੇਰੋ ਇਸ਼੍ਰ ਸੁਹਿਰਦ॥ ਖ਼ਾਲਸਾ ਮੇਰੋ ਕਹੀਅਤ ਬਿਰਦ॥ ਹੋ ਖ਼ਾਲਸੇ ਕੋ ਖ਼ਾਲਸਾ ਮੇਰੋ॥ ਓਤ ਪੋਤਿ ਸਾਗਰ ਬੂੰਦੇਰੋ॥" ਸਾਫ਼ ਅੱਖਾਂ ਅੱਗੇ ਆ ਜਾਂਦਾ ਹੈ।

ਸ਼ਹਿਨਸ਼ਾਹ ਅਕਬਰ ਦਾ ਵਿਦਵਾਨ ਮੁਸਾਹਿਬ, ਅਬੁੱਲ-ਫ਼ਦਲ (1551—1602) ਆਪਣੀ ਜਗਤ-ਪ੍ਰਸਿੱਧ ਪੁਸਤਕ, *ਆਈਨਿ-ਅਕਬਰੀ* ਵਿਚ ਲਿਖਦਾ ਹੈ ਕਿ ਉਸ ਸਮੇਂ ਹਿੰਦੋਸਤਾਨ ਵਿਚ ਸੂਫ਼ੀਆਂ ਦੇ ਚੌਦਾਂ ਸਿਲਸਿਲਹ ਅਥਵਾ ਅਖਾੜੇ ਸਨ, ਜਿਨ੍ਹਾਂ ਵਿਚ ਕਿ ਉਹ ਸੁਹਰਹਵਰਦੀ ਅਤੇ ਚਿਸ਼ਤੀ ਡੇਰਿਆਂ ਨੂੰ ਭੀ ਗਿਣਦਾ ਹੈ।[1] ਇਸ ਸਮੇਂ ਤਕ ਜਿਤਨੇ ਡੇਰੇ ਤਥਾ ਸੰਪ੍ਰਦਾਇ ਸੂਫ਼ੀ ਮਤ ਦੇ ਹਿੰਦੋਸਤਾਨ ਯਾ ਬਾਹਰਲੇ ਦੇਸ਼ਾਂ ਵਿਚ ਸਥਾਪਿਤ ਸਨ, ਉਨ੍ਹਾਂ ਦਾ ਆਪਸ ਵਿਚ ਸਿਧਾਂਤ-ਅੰਤਰ ਨਹੀਂ ਸੀ, ਸਾਧਨ-ਅੰਤਰ ਸੀ ਅਤੇ ਸੁਹਰਹਵਰਦੀ ਤੇ ਚਿਸ਼ਤੀ ਡੇਰੇ ਇਸ ਸਾਧਨ-ਅੰਤਰ ਦੇ ਉੱਘੇ ਤੇ ਤਿੱਖੇ ਪ੍ਰਤੀਕ ਸਨ। ਸੁਹਰਹਵਰਦੀ ਸਿਲਸਿਲਹ ਦੇ ਉੱਘੇ ਡੇਰੇ ਸਿੰਧ ਅਤੇ ਪੰਜਾਬ ਦੇਸ਼ ਵਿਚ ਸਨ—ਮੁਲਤਾਨ ਅਤੇ ਉੱਚ ਸ਼ਰੀਫ਼। ਚਿਸ਼ਤੀ ਸਿਲਸਿਲਹ ਦੇ ਕੇਂਦਰ-ਅਸਥਾਨ ਸਨ—ਅਜਮੇਰ, ਨਾਰਨੌਲ, ਨਾਗੌਰ, ਮੰਡਲ, ਅਜੋਧਨ ਆਦਿ ਪੰਜਾਬ ਵਿਚ, ਪਰ ਪਿੱਛੋਂ ਜਾ ਕੇ ਇਸ ਸਿਲਸਿਲਹ ਦਾ ਪ੍ਰਭਾਵ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਮ ਅਤੇ ਦੱਖਣ ਦੇਸ਼ ਵਿਚ ਵੀ ਬਹੁਤ ਵਧਿਆ। ਜਦੋਂ ਤਕ ਸੂਫ਼ੀ ਮਤ ਮਤਾਂਤਰ ਅਤੇ ਡੇਰਿਆਂ ਦਾ ਆਪਸੀ ਭੇਦ ਸਾਧਨ-ਅੰਤਰ ਉੱਤੇ ਹੀ ਨਿਰਭਰ ਰਿਹਾ, ਸਿੱਖ ਗੁਰੂਆਂ ਅਤੇ ਸਿੱਖ ਧਰਮ ਦੇ ਤਵਾਰੀਖ਼ੀ ਵਿਕਾਸ ਦੇ ਸੰਬੰਧ ਸੂਫ਼ੀ ਮਤ ਨਾਲ ਭਰੱਪਣ ਤੇ ਸਾਂਝ ਦੇ ਬਣੇ ਰਹੇ, ਕਿਉਂਜੁ ਹਿੰਦੋਸਤਾਨ ਵਿਚ ਇਸਲਾਮੀ ਹਕੂਮਤ ਦੀ ਸ਼ਰਅ ਦਾ ਮੁਲਕੀ ਸ਼ਾਸਨ ਭੀ ਇਸ ਸੂਫ਼ੀ ਮਤ ਦੇ ਵਾਤਾਵਰਣ ਉੱਤੇ ਹੀ ਨਿਰਭਰ ਸੀ, ਇਸ ਲਈ ਸਿੱਖ ਮਤ ਅਤੇ ਸਿੱਖ ਗੁਰੂਆਂ ਦੀ ਟੱਕਰ ਇਸਲਾਮੀ ਰਾਜ ਨਾਲ ਹੋਣ ਦੇ ਕੋਈ ਕਾਰਨ ਉਤਪੰਨ ਨਾ ਹੋਏ। ਪਰ ਜਦੋਂ ਸ਼ੈਖ਼ ਸਰਹੰਦੀ ਅਲਫ਼ਥਾਨੀ ਮੁਜੱਦਦ ਨੇ ਕਰੜਾ ਸਿਧਾਂਤ-ਅੰਤਰ ਸੂਫ਼ੀ ਮਤ ਅੰਦਰ ਵਾੜ ਦਿੱਤਾ ਅਤੇ ਹਿੰਦੋਸਤਾਨ ਦੇ ਇਸਲਾਮੀ ਰਾਜ-ਸ਼ਾਸਨ ਨੇ ਇਸ ਸਿਧਾਂਤ-ਅੰਤਰ ਤੋਂ ਪ੍ਰਭਾਵਿਤ ਹੋ ਕੇ, ਮੁਜੱਦਦ ਦੇ ਦਾਰਸ਼ਨਿਕ ਸਿਧਾਂਤ ਨੂੰ, ਜਿਸ ਦਾ ਕਿ ਮੁਖ਼ਤਸਿਰ ਵਿਸਤਾਰ ਅੱਗੇ ਕਰਾਂਗੇ, ਸਖ਼ਤੀ ਨਾਲ ਅਪਨਾ ਲਿਆ ਤਾਂ ਇਸਲਾਮੀ ਰਾਜ-ਸ਼ਕਤੀ ਅਥਵਾ ਮੁਗ਼ਲ ਰਾਜ ਦੀ ਸਿੱਧੀ ਟੱਕਰ, ਸਿੱਖ ਗੁਰੂਆਂ ਅਤੇ ਸਿੱਖ ਮਤ ਦੇ ਤਾਰੀਖ਼ੀ ਵਿਕਾਸ ਨਾਲ ਹੋ ਪਈ, ਜਿਸ ਬਾਬਤ ਅਸੀਂ ਪਿੱਛੇ ਕਹਿ ਆਏ ਹਾਂ।

ਮੁਜੱਦਦ ਦੇ ਸਿਧਾਂਤ-ਅੰਤਰ ਨੂੰ ਸਮਝਣ ਤੋਂ ਪਹਿਲਾਂ, ਸੁਹਰਹਵਰਦੀਆਂ ਤੇ ਚਿਸ਼ਤੀਆਂ ਦੇ ਸਾਧਨ-ਅੰਤਰ ਨੂੰ ਸਮਝਣਾ ਚਾਹੀਏ।

---

1. *ਆਈਨਿ-ਅਕਬਰੀ*, ਭਾਗ 2, ਸਫ਼ਾ 203, (ਅੰਗਰੇਜ਼ੀ)।

ਸੁਹਰਹਵਰਦੀ ਮਤ ਇਹ ਸੀ ਕਿ ਸਾਧਕ ਵਾਸਤੇ ਗਿਆਨ-ਪ੍ਰਾਪਤੀ ਦੇ ਸਾਧਨਾਂ ਵਿੱਚੋਂ ਪ੍ਰਮੁੱਖ ਅਤੇ ਪ੍ਰਥਮ ਸਾਧਨ, ਸ਼ਰਅ ਦਾ ਪਾਲਣ ਅਤੇ ਇਸਲਾਮੀ ਰਹੁਰੀਤ ਦੀ ਪਾਬੰਦੀ ਹੈ। ਸ਼ਰਅ ਨੂੰ ਅਮੰਨਾ ਕੀਤੇ ਬਿਨਾਂ ਗਿਆਨ ਦੀ ਪ੍ਰਾਪਤੀ ਤਾਂ ਇਕ ਪਾਸੇ ਰਹੀ, ਗਿਆਨ ਪ੍ਰਾਪਤੀ ਦੇ ਪੱਥ ਉੱਤੇ ਪਹਿਲਾ ਕਦਮ ਚੁੱਕਣਾ ਹੀ ਕਠਿਨ ਹੈ। ਉੱਚ ਸ਼ਰੀਫ਼ ਦੇ ਪੀਰ, ਜਿਹੜੇ ਕਿ ਇਸ ਵਿਚਾਰਧਾਰਾ ਦੇ ਧਾਰਨੀ ਅਤੇ ਪ੍ਰਚਾਰਨ ਵਾਲੇ ਸਨ, ਉਨ੍ਹਾਂ ਦੇ ਗੁਰੂ ਨਾਨਕ ਸਾਹਿਬ ਨਾਲ ਪ੍ਰੇਮ ਤੇ ਸ਼ਰਧਾ ਭਰੇ ਸੰਬੰਧ ਸਨ ਅਤੇ ਅਜੇ ਤਕ ਗੁਰੂ ਨਾਨਕ ਦੇ ਕੌਂਸ, ਪੈਰਾਂ ਦੇ ਪਊਏ, ਉੱਚ ਸ਼ਰੀਫ਼ ਵਿਚ ਸਤਿਕਾਰ-ਸਹਿਤ ਸਾਂਭੇ ਪਏ ਦੱਸੇ ਜਾਂਦੇ ਹਨ। ਸ਼ੈਖ਼ ਬਹਾਉੱਦ-ਦੀਨ ਅਵਲੀਆ (1182—1262) ਕੋਟ ਅਰੋੜ (ਮੁਲਤਾਨ) ਦਾ ਜੰਮ ਪਲ ਸੀ ਅਤੇ ਇਸ ਨੇ ਸੂਫ਼ੀ ਮਤ ਦੀ ਦੀਖਿਆ, ਸ਼ੈਖ਼ ਸ਼ਿਹਾਬੁਦ-ਦੀਨ ਸੁਹਰਹਵਰਦੀ ਕੋਲੋਂ ਬਗ਼ਦਾਦ ਵਿਚ ਜਾ ਕੇ ਪ੍ਰਾਪਤ ਕੀਤੀ ਸੀ ਅਤੇ ਇਹ ਸ਼ੈਖ਼ ਬਹਾਉੱਦ-ਦੀਨ, ਸੁਹਰਹਵਰਦੀ ਸਿਲਸਿਲਹ ਦਾ ਚੂੜਾਮਣਿ ਆਚਾਰਯ ਪ੍ਰਸਿੱਧ ਹੈ। ਇਸ ਦਾ ਮੁੱਖ ਉਪਦੇਸ਼ ਸੀ ਕਿ ਪ੍ਰਭੂ-ਭਗਤੀ ਅਤੇ ਗਿਆਨ-ਪ੍ਰਾਪਤੀ ਦੇ ਸਾਧਨਾਂ ਵਿਚ ਤਪ ਅਤੇ ਤਿਆਗ ਦਾ ਰਾਹ ਪ੍ਰਮਾਣਿਕ ਨਹੀਂ। ਸੰਸਾਰ ਦੇ ਕਾਰ-ਵਿਹਾਰ ਕਰਦਿਆਂ ਅਤੇ ਸਰੀਰ ਦੀ ਪਾਲਣਾ-ਪੋਸਣਾ ਕਰਦਿਆਂ ਹੀ, ਪ੍ਰਭੂ-ਭਗਤੀ ਪ੍ਰਮਾਣਿਕ ਹੈ। ਗੁਰੂ ਨਾਨਕ ਸਾਹਿਬ ਦਾ ਇਹ ਵਾਕ "ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ" ਅਤੇ *ਸਾਖੀਆਂ ਗੁਰੂ ਅਮਰਦਾਸ ਕੀਆਂ* ਨਾਮੀ ਗ੍ਰੰਥ ਵਿਚ ਅੰਕਿਤ ਇਹ ਹੁਕਮ ਕਿ "ਜੋ ਸਿੱਖ ਹੋਇ ਕਰ ਉਦਾਸੀ ਹੋਏਗਾ, ਉਸ ਦਾ ਬੁਰਾ ਹੋਵੇਗਾ," ਸ਼ੈਖ਼ ਬਹਾਉੱਦੀਨ ਦੀ ਉਪਰੋਕਤ ਵਿਚਾਰਧਾਰਾ ਨਾਲ ਇਨ ਬਿਨ ਸਹਿਮਤ ਹਨ। ਉੱਚ ਸ਼ਰੀਫ਼ ਦੇ ਸੂਫ਼ੀਆਂ ਦੇ ਡੇਰੇ ਦਾ ਨਿਰਮਾਤਾ, ਇਸੇ ਸ਼ੈਖ਼ ਬਹਾਉੱਦ-ਦੀਨ ਦਾ ਚੇਲਾ, ਸੱਯਦ ਜਲਾਲੁੱਦ-ਦੀਨ ਬੁਖ਼ਾਰੀ, (ਮ੍ਰਿਤੂ 1291) ਹੈ। ਇਹ ਸ਼ੈਖ਼ ਬਹਾਉੱਦ-ਦੀਨ ਹੀ ਸੀ, ਜਿਸ ਨੇ ਆਪਣੇ ਮੁਰੀਦਾਂ ਨੂੰ ਪੀਰ ਦੀ ਚਰਨ-ਬੰਦਨਾ ਕਰਨ ਤੋਂ ਵਰਜਿਆ ਸੀ ਅਤੇ ਹੁਕਮ ਕੀਤਾ ਸੀ ਕਿ ਮੁਰੀਦ ਪੀਰ ਨੂੰ 'ਅੱਸਲਾਮੁਲੈਕੁਮ' ਕਹਿ ਕੇ ਮਿਲੇ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਇਸੇ ਭਾਂਤ ਦਾ ਹੁਕਮ ਖ਼ਾਲਸਾ ਸਾਜਣ ਉਪ੍ਰਾਂਤ ਕੀਤਾ ਸੀ ਕਿ ਗੁਰੂ ਕਾ ਸਿੰਘ ਹਜ਼ੂਰੀ ਵਿਚ ਆਵੇ ਤਾਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾ ਕੇ ਦਰਸ਼ਨ ਦੀਦਾਰੇ ਕਰੇ, ਚਰਨ ਨਾ ਪਰਸੇ। ਸਾਹਿਬ ਦਸਮ ਪਾਤਸ਼ਾਹ ਦਾ ਔਰੰਗਜ਼ੇਬ ਦੇ ਨਾਮ ਪਹਿਲਾ ਪੱਤਰ, 'ਫ਼ਤਹ ਨਾਮਹ' ਲੈ ਕੇ ਜਿਸ ਸਮੇਂ 'ਭਾਈ ਦਇਆ ਸਿੰਘ ਜੀ' ਮਾਛੀਵਾੜੇ ਵਿੱਚੋਂ ਗ਼ਨੀ ਖ਼ਾਂ, ਨਬੀ ਖ਼ਾਂ ਦੀ ਸਹਾਇਤਾ ਨਾਲ ਪੀਰ ਦਾ ਵੇਸ ਵਟਾ ਕੇ ਨਿਕਲੇ ਸਨ ਤਾਂ ਉਨ੍ਹਾਂ ਨੂੰ ਜਿਹਾ ਕਿ ਇਤਿਹਾਸ ਜਾਨਣ ਵਾਲਿਆਂ ਨੂੰ ਪਤਾ ਹੈ, ਮੁਗ਼ਲ ਫ਼ੌਜ ਦੇ ਇਕ ਦਸਤੇ ਨੇ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ-ਤਲਾਸ਼ ਵਿਚ ਸੀ, ਘੇਰ ਲਿਆ। ਤਦ, ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਹਦਾਇਤ ਅਨੁਸਾਰ ਹੀ ਜਿਹੜੀ ਕਿ ਅਜੇਹੀ ਵਿਪਤਾ ਨੂੰ ਸੰਭਵ ਜਾਣ ਕੇ ਹੀ ਦਿੱਤੀ ਗਈ ਸੀ, ਗ਼ਨੀ ਖ਼ਾਂ, ਨਬੀ ਖ਼ਾਂ ਨੇ ਭਾਈ ਦਇਆ ਸਿੰਘ ਨੂੰ 'ਪੀਰੇ-ਉਚ' ਕਿਹਾ ਸੀ, ਕਿਉਂਕਿ ਉੱਚ ਸ਼ਰੀਫ਼ ਦੇ ਸੂਫ਼ੀ ਡੇਰੇ ਨਾਲ ਸਿੱਖੀ ਦੇ ਸੰਬੰਧ ਇਸ ਪ੍ਰਕਾਰ ਨਿੱਘੇ ਤੇ ਨੇੜੇ ਸਨ ਕਿ ਇਹ 'ਉੱਚ ਦੇ ਪੀਰ' ਹੋਣ ਦਾ ਦਾਅਵਾ ਨਿਰਾਧਾਰ ਨਹੀਂ ਸੀ ਸਮਝਿਆ ਗਿਆ। ਇਨ੍ਹਾਂ ਭਾਈ ਦਇਆ ਸਿੰਘ ਬਾਬਤ ਹੀ ਸੱਯਦ ਹਸਨ ਅਲੀ, ਮਨੂੰ ਮਾਜਰੇ ਵਾਲੇ ਨੇ ਕੁਰਾਨ ਸ਼ਰੀਫ਼ ਦੀ ਸ਼ਰਅਈ ਸੁਗੰਦ ਚੁੱਕੀ ਸੀ, ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ, ਜਿਸ 'ਤੇ ਭਾਈ ਦਇਆ ਸਿੰਘ ਦੀ ਬੰਦ ਖ਼ਲਾਸ ਹੋਈ ਸੀ ਅਤੇ ਉਹ ਦਸਮ ਪਾਤਸ਼ਾਹ

ਦਾ 'ਫ਼ਤਹਨਾਮਹ' ਔਰੰਗਜ਼ੇਬ ਤਕ ਪਹੁੰਚਾਣ ਵਿਚ ਕਾਮਯਾਬ ਹੋਏ ਸਨ। ਇਸੇ ਸੁਹਰਵਰਦੀ ਸੂਫ਼ੀ ਵਿਚਾਰਧਾਰਾ ਦਾ ਪ੍ਰਮਾਣਿਕ ਸਿਧਾਂਤਕ ਗ੍ਰੰਥ *ਫ਼ਵਾਇਦੁਲਫ਼ਵਾਦ* ਹੈ, ਜਿਸ ਵਿਚ ਸ਼ੈਖ਼ ਨਿਜ਼ਾਮੁੱਦ-ਦੀਨ ਅਵਲੀਆ ਦੇ ਪ੍ਰਵਚਨ ਅੰਕਿਤ ਹਨ। ਗੁਰੂ-ਵਾਕ "ਆਖਾ ਜੀਵਾ ਵਿਸਰੈ ਮਰਿ ਜਾਉ", ਇਸ ਸੂਫ਼ੀ ਗ੍ਰੰਥ ਵਿਚ ਅੰਕਿਤ ਇਕ ਵਾਕ ਨਾਲ ਇੰਨ-ਬਿੰਨ ਮਿਲਦਾ ਹੈ।[1]

ਚਿਸ਼ਤੀ ਸਿਲਸਿਲਹ ਦਾ ਸੁਹਰਵਰਦੀ ਸਿਲਸਿਲਹ ਨਾਲ ਮੁੱਢਲਾ ਸਾਧਨ-ਅੰਤਰ ਇਹ ਸੀ ਕਿ ਇਹ ਕਹਿੰਦੇ ਤੇ ਮੰਨਦੇ ਸਨ ਕਿ ਗਿਆਨ-ਪ੍ਰਾਪਤੀ ਦਾ ਪ੍ਰਮੁੱਖ ਸਾਧਨ ਆਤਮ-ਸ਼ੁੱਧੀ ਹੈ, ਸ਼ਰਅ ਦੀ ਪਾਬੰਦੀ ਨਹੀਂ। ਆਤਮ-ਦਰਸ਼ੀ ਪੁਰਸ਼ ਸੁਤੇ-ਸਿਧ ਸ਼ਰਅ ਦਾ ਪਾਬੰਦ ਹੋ ਜਾਵੇਗਾ; ਸਾਧਨ ਉੱਤੇ ਸ਼ਰਅ ਠੋਸਣੀ ਅਨੁਚਿਤ ਅਤੇ ਵਿਵਰਜਿਤ ਹੈ।

ਜਿਸ ਵੇਲੇ ਸਿੱਖ ਗੁਰੂਆਂ ਅਤੇ ਸਿੱਖ ਮਤ ਦੇ ਤਾਰੀਖ਼ੀ ਵਿਕਾਸ ਦੀ ਸਿੱਧੀ ਅਤੇ ਕਰੜੀ ਟੱਕਰ ਗੁਰੂ ਅਰਜਨ ਦੇਵ ਦੇ ਸਮੇਂ, ਮੁਗ਼ਲ ਸਾਮਰਾਜ ਆਧਾਰਿਤ ਇਸਲਾਮੀ ਸ਼ਾਸਨ ਨਾਲ ਹੋਈ ਤਾਂ ਇਸ ਚਿਸ਼ਤੀ ਸਿਲਸਿਲਹ ਦੇ ਕਾਦਿਰੀ ਰੂਪਾਂਤਰ ਦੇ ਮਹਾਨ ਆਚਾਰਯ ਹਜ਼ਰਤ ਸੱਯਦ ਮੀਆਂ ਮੀਰ ਨੇ ਨਿਡਰ ਹੋ ਕੇ ਸਿੱਖੀ ਦੀ ਭਰਪੂਰ ਹਾਮੀ ਭਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਆਧਾਰ-ਸ਼ਿਲਾ, ਗੁਰੂ ਅਰਜਨ ਸਾਹਿਬ ਦੇ ਕਹਿਣ ਉੱਤੇ, ਆਪਣੇ ਕਰ-ਕਮਲਾਂ ਦੁਆਰਾ ਰੱਖੀ। ਸਾਢੌਰੇ ਦੇ ਪ੍ਰਸਿੱਧ ਸੂਫ਼ੀ ਡੇਰੇ ਦਾ ਪੀਰ ਸੱਯਦ ਬਦਰੁੱਦ-ਦੀਨ (ਪ੍ਰਸਿੱਧ ਬੁੱਧੂ ਸ਼ਾਹ) ਇਸ ਚਿਸ਼ਤੀ ਸਿਲਸਿਲਹ ਦੇ ਗਗਨ ਦਾ ਤੇਜਮਈ ਸਿਤਾਰਾ ਹੀ ਸੀ, ਜਿਸ ਨੇ ਕਿ ਆਪਣੇ ਚਾਰੇ ਪੁੱਤਰ ਅਤੇ ਅੰਤ ਨੂੰ ਸਾਰਾ ਪਰਿਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਅਰਪਨ ਕਰ ਕੇ ਸ਼ਹੀਦ ਕਰਵਾ ਦਿੱਤਾ ਸੀ ਅਤੇ ਜਦੋਂ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਅਤਿ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਕਿਹਾ ਸੀ ਤਾਂ ਗੁਰੂ ਦੇ ਪਵਿੱਤਰ ਕੇਸਾਂ ਦੇ ਕੰਘੇ ਵਿਚ ਫਸੇ ਹੋਏ ਕੁਝ ਵਾਲਾਂ ਦੇ ਦਾਨ ਦੀ ਯਾਚਨਾ ਕੀਤੀ ਸੀ, ਨੰਦ ਲਾਲ ਗੋਇਆ, ਦੀ ਇਹ ਤੁਕ ਪੜ੍ਹ ਕੇ—"ਹਰ ਦੂ ਆਲਮ ਕੀਮਤੇ ਯਕ ਤਾਰੇ ਮੂਏ ਯਾਰਿ ਮਾ!"

ਇਤਨੇ ਗੂੜ੍ਹੇ, ਇਤਨੇ ਪੀਡੇ, ਇਤਨੇ ਬੁਨਿਆਦੀ ਅਤੇ ਇਤਨੇ ਆਭਾ-ਪੂਰਿਤ ਸੰਬੰਧ, ਸਿੱਖੀ ਦੇ ਸੂਫ਼ੀ-ਮਤ-ਰੂਪੀ ਇਸਲਾਮ ਨਾਲ, ਕਿਸ ਸਿਧਾਂਤਾਂਤਰ ਦੀ ਚੱਟਾਨ ਨਾਲ ਟਕਰਾ ਕੇ ਚਕਨਾਚੂਰ ਹੋ ਗਏ, ਜਿਸ ਦੇ ਸਿੱਟੇ ਵਜੋਂ, ਸਿੱਖ ਕੌਮ ਦਾ ਮੁਗ਼ਲ ਰਾਜ ਦੇ ਰੂਪ ਵਿਚ ਇਸਲਾਮ ਨਾਲ ਮਰਨ ਮਾਰਨ ਦਾ ਸੰਗ੍ਰਾਮ ਆਰੰਭ ਹੋਇਆ ਅਤੇ ਜਿਸ ਵਿੱਚੋਂ ਉਪਜੀਆਂ ਪ੍ਰਚੰਡ ਜੁਆਲਾ ਦੀਆਂ ਚੰਗਿਆੜੀਆਂ ਨੇ ਸੰਨ 1947 ਵਿਚ ਦੇਸ਼-ਵਿਭਾਜਨ ਅਤੇ ਲੱਖਾਂ ਮਨੁੱਖਾਂ ਦੀ ਆਹੂਤੀ ਲਈ?

ਬਸ ਇਹੋ ਸ਼ੈਖ਼ ਸਰਹੰਦੀ ਅਲਿਫ਼ਥਾਨੀ ਮੁਜੱਦਦ ਦੀ ਕਥਾ ਹੈ ਜਿਸ ਵੱਲ ਬਾਰ ਬਾਰ ਪਿਛਲੇ ਪੰਨਿਆਂ ਵਿਚ ਸੰਕੇਤ ਕਰ ਆਏ ਹਾਂ, ਜਿਸ ਦਾ ਕੁਝ ਹੋਰ ਵਿਸਤਾਰ ਅੱਗੇ ਦਿੰਦੇ ਹਾਂ।[2]

ਸੁਹਰਵਰਦੀ ਅਤੇ ਚਿਸ਼ਤੀ ਸੂਫ਼ੀਆਂ ਬਾਬਤ ਦੱਸ ਚੁੱਕੇ ਹਾਂ ਕਿ ਇਨ੍ਹਾਂ ਦੋਂਹ ਸੂਫ਼ੀ ਡੇਰਿਆਂ ਦਾ ਪ੍ਰਭਾਵ ਹੀ ਵਿਸ਼ੇਸ਼ ਕਰਕੇ ਹਿੰਦੋਸਤਾਨ ਵਿਚ ਸੀ। ਇਹ ਸੂਫ਼ੀ ਸਿਲਸਿਲਹ, ਈਰਾਨ ਖ਼ੁਰਾਸਾਨ ਦੀ ਉਪਜ ਸਨ ਅਤੇ ਸੁਲਹ-ਕੁਲ 'ਸਭ ਸੇ ਰਲਿ ਮਿਲਿ ਚਾਲੀਏ',

1. ਹਯਾਤ ਆਨਸਤ ਕਿਹ ਦਰ ਜ਼ਿਕਰਿ ਹੱਕ ਮਸ਼ਗ਼ੂਲ ਬਾਸ਼ਦ।
2. ਵਿਸਥਾਰ ਲਈ ਵੇਖੋ: *ਸਾਚੀ ਸਾਖੀ*, ਰਚਿਤ ਇਸ ਲੇਖ ਦਾ ਕਰਤਾ, ਮਨਜੀਤ ਪ੍ਰੈਸ, ਚੰਡੀਗੜ੍ਹ, 1966

ਇਨ੍ਹਾਂ ਦਾ ਈਮਾਨ ਸੀ। 'ਵਹਦਤਲਵਜੂਦ', 'ਏਕੋ ਬ੍ਰਹਮ ਦੁਤੀਯਾ ਨਾਸਤਿ', ਦੇ ਸਿਧਾਂਤ ਦੇ ਧਾਰਨੀ ਸਨ। ਖ਼ਵਾਜਾ ਮੁਹੰਮਦ ਬਾਕੀ ਬਿਲੱਾਹ ਬੇਰੰਗ, ਜਿਸ ਸਿਲਸਿਲਹ ਨੂੰ ਅਕਬਰ ਦੀ ਮ੍ਰਿਤੂ ਤੋਂ ਚਾਰ ਪੰਜ ਸਾਲ ਪਹਿਲਾਂ ਹਿੰਦੋਸਤਾਨ ਵਿਚ ਲਿਆਏ, ਉਹ ਤੂਰਾਨ ਦੀ ਉਪਜ ਸੀ ਅਤੇ 'ਨਕਸ਼ਬੰਦੀ' ਨਾਮ ਨਾਲ ਪ੍ਰਸਿੱਧ ਸੀ। ਇਸ ਦਾ ਮੁੱਢਲਾ ਸਿਧਾਂਤ ਤਾਂ ਉਹੋ 'ਵਹਦਤਲਵਜੂਦ' ਦਾ ਹੀ ਸੀ, ਪਰ ਇਹ ਸੂਫ਼ੀ ਸ਼ਰਅ ਦੇ ਪੁੱਜ ਕੇ, ਪੱਕੇ ਸ਼ਰਧਾਲੂ ਸਨ।

ਮੁਜੱਦਦ ਨੇ ਜੋ ਕਿ ਖ਼ਵਾਜਾ ਬਾਕੀ ਬਿਲੱਾਹ ਦਾ ਪ੍ਰਤਿਸ਼ਠਿਤ ਚੇਲਾ ਸੀ, ਸੂਫ਼ੀ ਮਤ ਦੇ ਇਸ ਸਿਧਾਂਤ ਨੂੰ ਭੀ ਪਲਟਾ ਦਿੱਤਾ, ਜਿਸ ਦਾ ਸਿੱਟਾ ਇਹ ਹੋਇਆ ਕਿ ਹਿੰਦੋਸਤਾਨ ਵਿਚ ਇਸਲਾਮ ਤੇ ਗ਼ੈਰ ਇਸਲਾਮ ਨਾਲ ਮੇਲ-ਮਿਲਾਪ ਤੇ ਸਹਿਯੋਗ ਦੇ ਸਭ ਦਰਵਾਜ਼ੇ ਬੰਦ ਹੋ ਗਏ।

ਨਕਸ਼ਬੰਦੀ ਸਿਲਸਿਲਹ ਦੀ ਇਕ ਹੋਰ ਭਯੰਕਰ ਰੁਚੀ ਸੀ ਕਿ ਉਹ ਜਨਤਾ ਵਿਚ ਸਿੱਧਾ ਧਰਮ-ਪ੍ਰਚਾਰ ਕਰਨ ਦੀ ਥਾਂ, ਸਮੇਂ ਦੀ ਰਾਜ-ਸੱਤਾ ਅਤੇ ਹਕੂਮਤ ਉੱਤੇ ਅਸਰ-ਰਸੂਖ਼ ਪ੍ਰਾਪਤ ਕਰਦੇ ਸਨ ਅਤੇ ਫੇਰ ਰਾਜ-ਸੱਤਾ ਨੂੰ ਇਸਲਾਮ ਦੇ ਬੋਲ-ਬਾਲੇ ਅਤੇ ਸ਼ਰਅ ਦੀ ਬਾਲਾ ਦਸਤੀ ਹਿਤ ਵਰਤਦੇ ਸਨ। ਮੁਜੱਦਦ ਦੇ ਨਾਹਰੇ, "ਅੱਸ਼-ਸ਼ਰਅ ਤਹਤੁੱਸ-ਸੈਫ਼",—ਤਲਵਾਰ ਦੇ ਬਲ ਨਾਲ ਸ਼ਰਅ ਦੀ ਬਾਲਾ ਦਸਤੀ ਸਥਾਪਿਤ ਕਰਨੀ ਚਾਹੀਏ, ਵੱਲ ਅਸੀਂ ਪਿੱਛੇ ਸੰਕੇਤ ਕਰ ਆਏ ਹਾਂ।

ਇਹ ਤਿੰਨ ਕਾਰਨ ਹਿੰਦੋਸਤਾਨ ਵਿਚ ਇਸਲਾਮ ਦੀ ਰੂਪ-ਰੇਖਾ ਦੇ ਪਰਿਵਰਤਨ ਦੇ ਸਨ: (1) 'ਵਹਦਤਲਵਜੂਦ' ਦੇ ਸਿਧਾਂਤ ਦਾ ਨਿਰੋਧ; (2) ਸ਼ਰਅ ਨੂੰ ਪ੍ਰਭੂ-ਭਗਤੀ ਦਾ ਸਰਵੋਤਮ ਅਤੇ ਇੱਕੋ ਇਕ ਮਾਰਗ ਮੰਨਣਾ; ਅਤੇ (3) ਰਾਜ-ਸੱਤਾ ਨੂੰ ਇਸਲਾਮ ਦੇ ਇਸ ਰੂਪ ਦੀ ਬਾਲਾ ਦਸਤੀ ਲਈ ਵਰਤਣਾ, ਜਿਸ ਕਰਕੇ ਸਿੱਖ-ਮਤ ਦੇ ਤਵਾਰੀਖ਼ੀ ਵਿਕਾਸ ਦੀ ਹਿੰਦੋਸਤਾਨ ਦੀ ਇਸਲਾਮੀ ਹਕੂਮਤ ਨਾਲ ਸਿਰ ਧੜ ਦੀ ਬਾਜ਼ੀ ਲੱਗ ਗਈ ਸੀ।

ਖ਼ਵਾਜਾ ਬਾਕੀ ਬਿਲੱਾਹ 12 ਜੁਲਾਈ, ਸੰਨ 1564 ਨੂੰ ਕਾਬਲ ਵਿਚ ਜਨਮੇ, ਰਜ਼ੀਉੱਲਾ ਨਾਮ ਸੀ, ਪਰ ਬਾਕੀ ਬਿਲੱਾਹ ਨਾਮ ਨਾਲ ਮਸ਼ਹੂਰ ਸਨ। ਗਿਆਨ-ਪ੍ਰਾਪਤੀ ਲਈ ਕਈ ਗੁਰੂ ਧਾਰਨ ਕੀਤੇ ਅਤੇ ਮੱਧ ਏਸ਼ੀਆ ਦੇ ਇਸਲਾਮੀ ਤੀਰਥਾਂ ਉੱਤੇ ਭ੍ਰਮਣ ਬਹੁਤ ਕੀਤਾ ਤੇ ਅੰਤ ਨੂੰ ਅਮੀਰ ਅਬਦੁੱਲਾ ਬਲਖ਼ੀ ਨੂੰ ਗੁਰੂ ਧਾਰਨ ਕੀਤਾ। ਫੇਰ ਕਸ਼ਮੀਰ, ਦਿੱਲੀ ਆਦਿ ਸੂਫ਼ੀ ਮੱਠਾਂ ਵਿਚ ਆਤਮ ਦਰਸ਼ੀ ਪੀਰਾਂ ਦੀ ਤਲਾਸ਼ ਵਿਚ ਫਿਰਦੇ ਰਹੇ ਅਤੇ ਅੰਤ ਨੂੰ ਬੁਖ਼ਾਰਾ ਜਾ ਕੇ ਖ਼ਵਾਜਾ ਅਮਕੰਗੀ, ਜੋ ਕਿ ਉੱਚੇ ਦਰਜੇ ਦੇ ਨਕਸ਼-ਬੰਦੀ ਸੂਫ਼ੀ ਪੀਰ ਸਨ, ਦੇ ਚਰਨਾਂ ਵਿਚ ਹਾਜ਼ਿਰ ਹੋਏ, ਜਿਨ੍ਹਾਂ ਨੇ ਖ਼ਵਾਜਾ ਬਾਕੀ ਬਿਲੱਾਹ ਨੂੰ ਹਿੰਦੋਸਤਾਨ ਵਿਚ ਇਸਲਾਮੀ ਧਰਮ-ਪ੍ਰਚਾਰ ਦੀ ਆਗਿਆ ਕੀਤੀ। ਇਉਂ ਆਪ ਦਿੱਲੀ ਆਏ ਅਤੇ 4-5 ਸਾਲ ਧਰਮ-ਉਪਦੇਸ਼ ਕਰਨ ਉਪ੍ਰਾਂਤ ਦਿੱਲੀ ਵਿਚ ਹੀ ਉਨ੍ਹਾਂ ਦਾ 30 ਨਵੰਬਰ, ਸੰਨ 1603 ਨੂੰ ਦੇਹਾਂਤ ਹੋ ਗਿਆ।

ਮੁਜੱਦਦ ਨੇ ਆਪਣੇ ਅਨੇਕ ਪੱਤਰਾਂ ਵਿਚ ਇਕ ਪ੍ਰਤਿਸ਼ਠਿਤ ਨਕਸ਼ਬੰਦੀ ਪੀਰ, ਖ਼ਵਾਜਾ ਉਬੈਦੁੱਲਾ ਅਹਰਾਰ ਦਾ ਇਹ ਬਚਨ ਅੰਕਿਤ ਕੀਤਾ ਹੈ:

> "ਜੇ ਅਸਾਂ ਪੀਰੀ ਕਰਨੀ ਹੁੰਦੀ ਤਾਂ ਸੰਸਾਰ ਵਿਚ ਹੋਰ ਕਿਸੇ ਪੀਰ ਨੂੰ ਅਸਾਡੇ ਬਗ਼ੈਰ ਮੁਰੀਦ ਲੱਭਣਾ ਕਠਿਨ ਹੋ ਜਾਣਾ ਸੀ। ਪਰ ਅਸਾਡੇ ਜ਼ਿੰਮੇ ਹੋਰ ਕੰਮ ਲੱਗਾ ਹੋਇਆ

ਹੈ ਕਿ ਮੁਸਲਮਾਨਾਂ ਦੀ ਦੁਸ਼ਟਾਂ ਤੋਂ ਰੱਖਿਆ ਕਰੀਏ। ਇਹ ਕਾਰਜ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਰਾਜ-ਸੱਤਾ ਪ੍ਰਾਪਤ ਲੋਕਾਂ ਨਾਲ ਮੇਲ-ਜੋਲ, ਉਨ੍ਹਾਂ ਨੂੰ ਪ੍ਰਭਾਵ ਹੇਠਾਂ ਲਿਆਉਣਾ ਅਤੇ ਫੇਰ ਉਨ੍ਹਾਂ ਨੂੰ ਮੁਸਲਮਾਨਾਂ ਦੀ ਬਾਲਾ-ਦਸਤੀ ਲਈ ਵਰਤਣਾ, ਇਹੋ ਅਸਾਡਾ ਮੁੱਖ ਕਰਤੱਵ ਹੈ।"[1]

ਧਰਮ ਪ੍ਰਚਾਰ ਦਾ ਇਹੋ ਢੰਗ ਸੀ, ਜਿਸ ਨੂੰ ਖ਼ਵਾਜਾ ਬਾਕੀ ਬਿਲੱਾਹ ਨੇ ਅਕਬਰ ਦੇ ਅੰਤਮ ਦਿਨਾਂ ਵਿਚ ਮੁਗ਼ਲ ਰਾਜ-ਦਰਬਾਰ ਵਿਚ ਵਰਤਣਾ ਆਰੰਭ ਦਿੱਤਾ ਸੀ। ਜਿਹੜੇ ਥੋੜੇ ਜਿਹੇ ਪੱਤਰ ਬਾਕੀ ਬਿਲੱਾਹ ਦੇ ਆਪਣੇ ਸ਼ਰਧਾਲੂਆਂ ਦੇ ਨਾਮ ਲਿਖੇ ਹੋਏ ਅਜੇ ਸੁਰੱਖਿਅਤ ਹਨ, ਉਨ੍ਹਾਂ ਵਿੱਚੋਂ ਵਧੇਰੇ ਨਵਾਬ ਮੁਰਤਜ਼ਾ ਖ਼ਾਨ ਸ਼ੈਖ਼ ਫ਼ਰੀਦ ਦੇ ਨਾਮ ਹਨ, ਜਿਸ ਮੁਰਤਜ਼ਾ ਖ਼ਾਨ ਨੇ ਅਕਬਰ ਦੀ ਮ੍ਰਿਤੂ ਪਿੱਛੋਂ, ਮੁਜੱਦਦ ਦੀ ਪ੍ਰੇਰਣਾ ਲੈ ਕੇ ਜਹਾਂਗੀਰ ਨੂੰ ਤਖ਼ਤ ਲੈ ਕੇ ਦੇਣ ਵੇਲੇ ਹੀ ਗੁਰੂ ਅਰਜਨ ਦੇਵ ਜੀ ਦੇ ਵਿਨਾਸ਼ ਦਾ ਬਚਨ ਲੈ ਲਿਆ ਸੀ ਅਤੇ ਜਿਸ ਮੁਰਤਜ਼ਾ ਖ਼ਾਨ ਨੂੰ ਹੀ ਜਹਾਂਗੀਰ ਨੇ, ਅੰਤ ਨੂੰ ਗੁਰੂ ਅਰਜਨ ਦੇਵ ਜੀ ਦੀ ਸਪੁਰਦਗੀ, ਤਸੀਹੇ ਦੇ ਕੇ ਮਾਰ ਸੁੱਟਣ ਦਾ ਹੁਕਮ ਦੇ ਕੇ ਕਰ ਦਿੱਤੀ ਸੀ। ਭੁੱਲਣਾ ਨਹੀਂ ਚਾਹੀਦਾ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਨ 1606 ਈ: ਵਿਚ ਜਹਾਂਗੀਰ ਦੇ ਹੁਕਮ ਨਾਲ ਅਤੇ ਮੁਰਤਜ਼ਾ ਖ਼ਾਨ ਦੇ ਹੱਥੀਂ, ਲਾਹੌਰ ਵਿਚ ਹੋਈ, ਜਦੋਂ ਕਿ ਮੁਰਤਜ਼ਾ ਖ਼ਾਨ ਗੁਜਰਾਤ ਦਾ ਸੂਬੇਦਾਰ ਨਿਯਤ ਹੋ ਚੁੱਕਾ ਸੀ ਅਤੇ ਲਾਹੌਰ ਦੀ ਸੂਬੇਦਾਰੀ ਨਾਲ, ਜਿਸ ਸੂਬੇਦਾਰੀ ਦੇ ਸ਼ਾਸਨ-ਖੇਤਰ ਵਿਚ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਿਆ ਗਿਆ, ਉਸ ਦਾ ਕੋਈ ਸੰਬੰਧ ਨਹੀਂ ਸੀ। ਮੁਰਤਜ਼ਾ ਖ਼ਾਨ, ਲਾਹੌਰ ਦਾ ਸੂਬੇਦਾਰ 1611 ਈ: ਵਿਚ ਨਿਯਤ ਹੋਇਆ ਅਤੇ ਇਥੇ ਹੀ ਉਹ ਸੰਨ 1616 ਵਿਚ ਮਰ ਗਿਆ।

ਸੰਨ 1606 ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ, ਲਾਹੌਰ ਦਾ ਮੁਗ਼ਲ ਸੂਬੇਦਾਰ ਕਿਲੀਚ ਖ਼ਾਂ, ਤੁਰਕੀ ਨਸਲ ਦਾ ਸੀ।

ਮੁਜੱਦਦ, ਬਾਕੀ ਬਿਲੱਾਹ ਦਾ ਜਾਂ-ਨਸ਼ੀਨ, ਮਹਾਂ ਪ੍ਰਤਿਸ਼ਠਿਤ ਚੇਲਾ ਸੀ, ਜਿਸ ਨੇ ਮੁਗ਼ਲ ਰਾਜ ਦੇ ਸ਼ਾਸਨ ਦੀ ਧਾਰਮਿਕ ਪਾਲਿਸੀ ਉੱਤੇ ਪੂਰਨ ਅਧਿਕਾਰ ਜਮਾ ਲਏ ਸਨ ਅਤੇ ਜਿਸ ਦਾ ਪਰਛਾਵਾਂ ਹਿੰਦੁਸਤਾਨ ਦੀ ਇਸਲਾਮੀ ਸਿਆਸਤ ਉੱਤੇ, ਤਿੰਨ ਸਦੀਆਂ ਬੀਤ ਜਾਣ ਉੱਤੇ ਭੀ ਅੱਜ ਤਕ ਪੈ ਰਿਹਾ ਹੈ।

"ਹਜ਼ਰਤ ਮੁਜੱਦਦ 26 ਜੂਨ, ਸੰਨ 1564 ਨੂੰ ਸਰਹਿੰਦ ਵਿਚ ਜਨਮੇ। ਆਪ ਦਾ ਨਾਮ ਅਹਿਮਦ ਸੀ, ਉਪਾਧੀ, ਬਦਰੁੱਦ-ਦੀਨ, ਬਿਰੁਦ, ਅੱਬੁਲ ਬਰਕਾਤ ਅਤੇ ਅੱਲ, ਅਮਾਮਿ ਰੱਬਾਨੀ ਸੀ।"[2] ਇਸ ਦਾ ਪਿਤਾ ਸ਼ੈਖ਼ ਅਬਦੁਲ ਅਹਦ ਚੰਗਾ ਵਿਦਵਾਨ ਸੀ। ਮੁਜੱਦਦ ਨੇ ਮੁੱਢਲੀ ਵਿੱਦਿਆ ਘਰ ਹੀ ਪੜ੍ਹੀ। ਫੇਰ ਸਿਆਲਕੋਟ ਦੇ ਪ੍ਰਸਿੱਧ ਵਿਦਵਾਨਾਂ

---

1. "ਅਗਰ ਮਾ ਸ਼ੈਖ਼ੀ ਮੀ ਕਰਦੇਮ ਦਰੀਂ ਰੁਜ਼ਗਾਰ ਹੇਚ ਸ਼ੈਖ਼ ਮੁਰੀਦ ਨਮੀ ਯਾਫ਼ਤ, ਲੇਕਿਨ ਮਾ ਰਾ ਕਾਰਿ ਦੀਗਰ ਫ਼ਰਮੂਦਹ ਅੰਦ ਕਿ ਮੁਸਿਲਮਾਨਾਂ ਰਾ ਅਜ਼ ਸ਼ੱਰਿ ਜ਼ੁਲਮ ਨਿਗਾਹ ਦਾਰੇਮ। ਬਵਿਸਤਇ ਈਂ ਬਬਾਦਸ਼ਾਹਾਂ ਬਾਇਸਤ ਇਖ਼ਤਿਲਾਤ ਕਰਦਨ ਵ ਨਫ਼ੂਸਿ ਈਸ਼ਾ ਰਾ ਮੁਸੱਖ਼ਰ ਗਰਦਾਨੀਦਨ ਵ ਬਤਿਵੱਸਤਿ ਈਂ ਅਮਲ ਮਕਸੂਦਿ ਮੁਸਲਿਮੀਨ ਬਰ ਆਵੁਰਦਨ।"
2. ਡਾਕਟਰ ਸ਼ੈਖ਼ ਮੁਹੰਮਦ ਇਕਰਾਮ, *ਰਵਦੇ ਕਵਥਰ*, ਲਾਹੌਰ, 1958, ਸਫ਼ਾ 209। ਮੇਰੇ ਸਹਿਪਾਠੀ ਅਤੇ ਮਿੱਤਰ, ਸ਼ੈਖ਼ ਮੁਹੰਮਦ ਇਕਰਾਮ, ਐਮ.ਏ., ਡੀ.ਲਿਟ., ਪਾਕਿਸਤਾਨ ਸਿਵਿਲ ਸਰਵਿਸ ਨੇ *ਰਵਦੇ ਕਵਥਰ*, *ਆਬਿ ਕਵਥਰ* ਤੇ *ਮਵਜੇ ਕਵਥਰ* ਤਿੰਨ ਨਿੱਗਰ ਗ੍ਰੰਥ, ਪਾਕ-ਹਿੰਦੋਸਤਾਨ ਦੀ ਮੁਸਲਿਮ ਰੂਹਾਨੀ ਤਾਰੀਖ਼ ਬਾਰੇ, ਇਨ੍ਹਾਂ ਸਾਲਾਂ ਵਿਚ ਲਿਖੇ ਹਨ, ਜਿਨ੍ਹਾਂ ਤੋਂ ਮੈਂ ਬਹੁਤ ਸਾਰਾ ਮਸਾਲਾ, ਮੁਜੱਦਦ ਬਾਰੇ ਲਿਆ ਹੈ ਅਤੇ ਜਿਸ ਲਈ ਮੈਂ ਆਪਣੇ ਮਿੱਤਰ ਦਾ ਰਿਣੀ ਹਾਂ। —*ਕਰਤਾ*

ਕਮਾਲ ਕਸ਼ਮੀਰੀ ਤੇ ਯਅਕੂਬ ਕਸ਼ਮੀਰੀ ਕੋਲ ਪੜ੍ਹੇ। ਇਸੇ ਤਰ੍ਹਾਂ ਉਨ੍ਹਾਂ ਨੇ ਕਾਦੀ ਬਹਿਲੋਲ ਅਤੇ ਕਾਦੀ ਬੈਜ਼ਾਵੀ, ਜੋ ਕਿ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਮੁਸਲਿਮ ਵਿਦਵਾਨ ਸਨ, ਕੋਲੋਂ ਇਸਲਾਮ ਦੇ ਧਾਰਮਿਕ ਗ੍ਰੰਥ ਪੜ੍ਹੇ, ਜਿਸ ਦੇ ਉਪ੍ਰਾਂਤ ਉਹ ਉਸ ਸਮੇਂ ਦੀ ਹਿੰਦੋਸਤਾਨ ਦੀ ਰਾਜਧਾਨੀ, ਅਕਬਰਾਬਾਦ ਚਲੇ ਗਏ। ਉੱਥੇ ਅਕਬਰੀ ਦਰਬਾਰ ਦੇ ਸ਼ਕਤੀਸ਼ਾਲੀ ਦਰਬਾਰੀ, ਅਬੁੱਲ ਫ਼ਦਲ ਅਤੇ ਫ਼ੈਦੀ ਨਾਲ ਇਸ ਦਾ ਮੇਲ ਹੋਇਆ ਅਤੇ ਅਕਬਰੀ ਦਰਬਾਰ ਦੇ ਇਨ੍ਹਾਂ ਰਤਨਾਂ ਨੇ ਮੁਜੱਦਦ ਦੀ ਵਿੱਦਿਆ ਦਾ ਪ੍ਰਭਾਵ ਗ੍ਰਹਿਣ ਕੀਤਾ। ਕੁਝ ਵਰ੍ਹਿਆਂ ਪਿੱਛੋਂ, ਮੁਜੱਦਦ ਦਾ ਪਿਤਾ ਉਸ ਨੂੰ ਅਕਬਰਾਬਾਦੋਂ ਘਰ ਲੈ ਆਇਆ ਅਤੇ ਰਾਹ ਵਿਚ ਹੀ ਇਸ ਦਾ ਨਿਕਾਹ, ਥਾਨੇਸਰ ਦੇ ਰਈਸ ਸ਼ੈਖ਼ ਸੁਲਤਾਨ ਦੀ ਸਾਹਿਬਜ਼ਾਦੀ ਨਾਲ ਹੋ ਗਿਆ, ਜਿਥੋਂ ਇਸ ਨੂੰ ਬਹੁਤ ਧਨ ਪ੍ਰਾਪਤ ਹੋਇਆ। ਸਰਹਿੰਦ ਆ ਕੇ ਮੁਜੱਦਦ ਨੇ ਇਕ ਪੱਕੀ ਹਵੇਲੀ ਤੇ ਮਸਜਿਦ ਆਪਣੇ ਰਹਿਣ ਲਈ ਬਣਾ ਲਈ। ਹੁਣ ਉਸੇ ਥਾਂ ਉੱਤੇ ਉਸ ਦਾ ਮਕਬਰਾ ਬਣਿਆ ਹੋਇਆ ਹੈ। ਸੰਨ 1599 ਵਿਚ ਸ਼ੈਖ਼ ਅਹਿਮਦ, ਆਪਣੇ ਪਿਤਾ ਦੀ ਮ੍ਰਿਤੂ ਤੋਂ ਪਿੱਛੋਂ, ਹੱਜ ਕਰਨ ਲਈ ਜਾਂਦੇ-ਜਾਂਦੇ ਦਿੱਲੀ ਵਿਚ ਖ਼ਵਾਜਾ ਬਾਕੀ ਬਿਲੱਾਹ ਦੇ ਮੁਰੀਦ ਹੋ ਕੇ ਰਹਿ ਗਏ ਅਤੇ ਉਥੇ ਹੀ ਆਤਮਿਕ ਯਤਨਾਂ ਦੁਆਰਾ ਤਸੱਵੁਫ਼ ਦੇ ਸਾਧਨਾਂ ਵਿਚ ਸਿੱਧ ਹੋ ਗਏ। ਖ਼ਵਾਜਾ ਬਾਕੀ ਬਿਲੱਾਹ ਦੀ ਰਾਏ, ਆਪਣੇ ਸਰਹੰਦੀ ਮੁਰੀਦ ਬਾਰੇ, ਬਹੁਤ ਉੱਚੀ ਸੀ। ਇਕ ਚਿੱਠੀ ਵਿਚ ਲਿਖਦੇ ਹਨ:

> "ਸ਼ੈਖ਼ ਅਹਿਮਦ ਸਰਹਿੰਦ ਦਾ ਵਾਸੀ, ਬੜਾ ਵਿਦਵਾਨ ਅਤੇ ਕਰਨੀ ਦਾ ਸੂਰਾ ਹੈ। ਕੁਝ ਦਿਹਾੜੇ ਮੈਂ ਉਸ ਦੀ ਸੰਗਤ ਕੀਤੀ ਹੈ। ਮੈਂ ਉਸ ਦੇ ਆਤਮਿਕ ਚਮਤਕਾਰ ਦੇਖ ਕੇ ਅਤੀ ਪ੍ਰਭਾਵਿਤ ਹੋਇਆ ਹਾਂ। ਉਹ ਇਕ ਅਜਿਹਾ ਧਰਮ-ਦੀਪਕ ਹੈ, ਜਿਸ ਦੁਆਰਾ ਕਈ ਲੋਕ ਪ੍ਰਕਾਸ਼ਿਤ ਹੋਣਗੇ।"[1]

ਖ਼ਵਾਜਾ ਬਾਕੀ ਬਿਲੱਾਹ ਨੇ ਸ਼ੈਖ਼ ਅਹਿਮਦ ਨੂੰ ਸਰਹੰਦ ਵਿਚ ਰਹਿ ਕੇ ਹੀ ਧਰਮ-ਪ੍ਰਚਾਰ ਕਰਨ ਦੀ ਆਗਿਆ ਕੀਤੀ। ਇਸ ਤੋਂ ਪਿੱਛੋਂ ਸ਼ੈਖ਼ ਅਹਿਮਦ ਲਾਹੌਰ, ਦਿੱਲੀ, ਆਗਰੇ ਆਉਂਦੇ ਜਾਂਦੇ ਤਾਂ ਰਹੇ, ਪਰ ਉਸ ਦੀਆਂ ਧਾਰਮਿਕ ਸਰਗਰਮੀਆਂ ਦਾ ਕੇਂਦਰ ਸਰਹਿੰਦ ਹੀ ਰਿਹਾ।

ਜਿਸ ਵੇਲੇ ਜਹਾਂਗੀਰ, ਮੁਗ਼ਲ ਸਾਮਰਾਜ ਦੇ ਤਖ਼ਤ ਉੱਤੇ ਬੈਠਾ ਤਾਂ ਸ਼ੈਖ਼ ਫ਼ਰੀਦ ਮੁਰਤਜ਼ਾ ਖ਼ਾਨ ਮੁਗ਼ਲ ਰਾਜ ਦਾ ਬੜਾ ਸ਼ਕਤੀਸ਼ਾਲੀ ਦਰਬਾਰੀ ਹੋ ਚੁੱਕਾ ਸੀ, ਜਿਸ ਕਾਰਨ ਸ਼ੈਖ਼ ਅਹਿਮਦ ਸਰਹੰਦੀ ਦਾ ਤੇਜ-ਦਬਦਬਾ ਬਹੁਤ ਵਧ ਗਿਆ। ਸੰਨ 1619 ਤਕ ਸ਼ੈਖ਼ ਅਹਿਮਦ ਸਰਹੰਦੀ ਦੇ ਮੁਰੀਦ ਸਾਰੇ ਹਿੰਦੋਸਤਾਨ, ਸਗੋਂ ਹਿੰਦੋਸਤਾਨ ਤੋਂ ਬਾਹਰ, ਅਫ਼ਗ਼ਾਨਿਸਤਾਨ, ਤੁਰਕਿਸਤਾਨ ਤਕ ਫੈਲ ਚੁੱਕੇ ਸਨ। ਇਨ੍ਹਾਂ ਦਿਨਾਂ ਵਿਚ ਹੀ ਇਸ ਦਾ ਇਕ ਬੜਾ ਜੋਸ਼ੀਲਾ ਮੁਰੀਦ, ਬਦੀਅ-ਉੱਦੀਨ, ਸ਼ਾਹੀ ਲਸ਼ਕਰ ਵਿਚ ਪ੍ਰਚਾਰ ਕਰਨ ਗਿਆ ਤੇ ਕਈ ਗੱਲਾਂ ਵਾਧੂ ਘਾਟੂ ਭੀ ਕਹਿ ਬੈਠਾ, ਜਿਸ ਕਾਰਨ ਮੁਜੱਦਦ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਪਾ ਦਿੱਤਾ।

ਇਹੋ ਸਮਾਂ ਹੈ ਜਦੋਂ ਕਿ ਇਸ ਨੇ 'ਮੁਜੱਦਦ' ਅਥਵਾ ਧਰਮ ਰੱਖਿਅਕ ਹੋਣ ਦਾ ਦਾਅਵਾ ਕੀਤਾ ਅਤੇ ਸੂਫ਼ੀਆਂ ਦੇ ਪ੍ਰਮਾਣਿਤ 'ਵਹਦਤਲਵਜੂਦ' ਵਾਲੇ ਸਿਧਾਂਤ ਦੇ ਮੁਕਾਬਲੇ ਉੱਤੇ 'ਵਹਦਤਲਸ਼ਹੂਦ' ਦੇ ਸਿਧਾਂਤ ਦਾ ਨਿਰਮਾਣ ਕੀਤਾ।

---

1. "ਸ਼ੈਖ਼ ਅਹਿਮਦ ਨਾਮ ਮਰਦੇਸਤ ਅਜ਼ ਸਰਹਿੰਦ, ਕਸੀਰੁਲ ਇਲਮ ਵ ਕਵੀਉਲ ਅਮਲ। ਰੂਜ਼ੇ ਚੰਦ ਫ਼ਕੀਰ ਬਾ ਊ ਨਸ਼ਿਸਤੋ ਬਰਖ਼ਾਸਤ ਕਰਦ। ਅਜਾਇਬਿ ਬਿਸੀਆਰ ਅਜ ਰੂਜ਼ਗਾਰਿ ਔਕਾਤਿ ਊਂ ਮੁਸ਼ਾਹਿਦਹ ਨਮੂਦ। ਬ ਆਂ ਮਾਨਦ ਕਿਹ ਚਿਰਾਗ਼ੇ ਸ਼ਵਦ ਕਿ ਆਲਮਹਾ ਅਜ਼ੂ ਰੋਸ਼ਨ ਗਰਦੰਦ।"

ਮੁਜੱਦਦ ਦੇ ਲਿਖਿਤ ਪੱਤ੍ਰਿਕਾ-ਸੰਗ੍ਰਹਿ ਦੇ ਪਹਿਲੇ ਦਫ਼ਤਰ ਪੱਤ੍ਰਿਕਾ 11 ਬਾਬਤ, ਮੁਜੱਦਦ ਦੇ ਜੀਵਨ ਵਿਚ ਅਤੇ ਉਸ ਤੋਂ ਪਿੱਛੋਂ ਭੀ, ਮੁਸਲਮਾਨ ਵਿਦਵਾਨਾਂ ਵਿਚ ਬੜੀ ਲੈ ਦੇ ਹੋ ਚੁੱਕੀ ਹੈ। ਇਸ ਪੱਤ੍ਰਿਕਾ ਵਿਚ ਮੁਜੱਦਦ ਆਪਣੇ ਸਮਾਧੀ-ਸਥਿਤ ਅਵਸਥਾ ਦੇ ਚਮਤਕਾਰਾਂ ਬਾਬਤ ਲਿਖਦਾ ਹੈ :

> "ਇਸ ਲੋਕ ਤੋਂ ਅੱਗੇ ਮੈਂ ਹੋਰ ਭੀ ਕਈ ਲੋਕ ਦੇਖੇ। ਪਹਿਲੇ ਲੋਕ ਤੋਂ ਉਪਰਲੇ ਲੋਕ ਜਦ ਮੈਂ ਪਹੁੰਚਾ ਤਾਂ ਪਤਾ ਲੱਗਾ ਕਿ ਇਸ ਲੋਕ ਵਿਚ ਹਜ਼ਰਤ ਜ਼ੁੱਨਨੂਰੀਨ ਦਾ ਨਿਵਾਸ ਹੈ। ਬਾਕੀ ਖ਼ਲੀਫ਼ਿਆਂ ਦਾ ਭੀ ਇਥੇ ਆਉਣ ਜਾਣ ਹੈ.....ਇਸ ਤੋਂ ਅੱਗੇ ਇਕ ਹੋਰ ਲੋਕ ਆਇਆ। ਪਤਾ ਲੱਗਾ ਕਿ ਇਥੇ ਹਜ਼ਰਤ ਫ਼ਾਰੂਕ ਦਾ ਨਿਵਾਸ ਹੈ।.....ਇਸ ਤੋਂ ਉਪਰ ਹਜ਼ਰਤ ਸਿੱਦੀਕ ਦਾ ਲੋਕ ਦ੍ਰਿਸ਼ਟਮਾਨ ਹੋਇਆ। ਮੈਂ ਉੱਥੇ ਭੀ ਪੁੱਜਾ.....ਇਸ ਤੋਂ ਉੱਤੇ ਉਹ ਲੋਕ ਮੈਂ ਦੇਖਿਆ ਜਿਥੇ ਹਜ਼ਰਤ ਮੁਹੰਮਦ ਸਾਹਿਬ ਸੁਸ਼ੋਭਿਤ ਹਨ। ਇਸ ਤੋਂ ਉੱਚਾ ਕੋਈ ਹੋਰ ਲੋਕ ਮੇਰੇ ਦ੍ਰਿਸ਼ਟੀਗੋਚਰ ਨਹੀਂ ਹੋਇਆ.....।"

ਇਸ ਪ੍ਰਕਾਰ ਦੇ ਧਿਆਨ-ਸਮਾਧੀ ਦੇ ਚਮਤਕਾਰਾਂ ਉੱਤੇ ਹੀ ਸ਼ੈਖ਼ ਸਰਹਿੰਦੀ ਨੇ ਆਪਣੇ 'ਮੁਜੱਦਦ' ਪਦ-ਪ੍ਰਾਪਤੀ ਦੀ ਨੀਂਹ ਰੱਖੀ ਸੀ, ਪਰ ਉਸ ਦੇ ਮੁਰੀਦਾਂ ਦਾ ਪ੍ਰਪੱਕ ਵਿਸ਼ਵਾਸ ਸੀ ਕਿ ਸ਼ੈਖ਼ ਵਿਸ਼ਵ ਦਾ 'ਕਯੂਮ' ਹੈ। 'ਕਯੂਮ' ਪਦ ਕੀ ਹੈ, ਇਸ ਬਾਬਤ ਮੁਜੱਦਦ ਦੇ ਆਪਣੇ ਪੱਤਰਾਂ ਵਿਚ ਤਾਂ ਕੋਈ ਵਿਸਤਾਰ ਨਹੀਂ, ਪਰ ਮੁਜੱਦਦ ਦੇ ਜਾਨਸ਼ੀਨ ਖ਼ਵਾਜਾ ਮਅਸੂਮ ਦੇ ਰਚਿਤ ਗ੍ਰੰਥ *ਰੌਦਤਹ-ਅਲਕਯੂਮੀਯਹ* ਵਿਚ ਕਯੂਮ-ਪਦ ਦਾ ਨਿਰਣਯ ਕੀਤਾ ਗਿਆ ਹੈ :

> "ਕਯੂਮ ਉਹ ਹੈ ਜਿਸ ਦੇ ਅਧੀਨ ਸਰਵ ਨਾਮ, ਰੂਪ, ਵਸਤੂ, ਗੁਣ, ਧਾਤੂ, ਧਰਮ ਹਨ ਅਤੇ ਜਿਸ ਦੀ ਅਮਿਤ-ਆਭਾ ਦੇ ਪ੍ਰਕਾਸ਼ ਹੇਠਾਂ ਸਭ ਸ੍ਰਿਸ਼ਟੀਆਂ, ਮਨੁੱਖ, ਪੰਖੀ, ਬਨਸਪਤ, ਜੀਵ ਜੰਤੂ, ਪੱਥਰ, ਬਿਰਖ, ਊਭ, ਪਇਆਲ, ਲੇਖ, ਲੇਖਨ-ਸਾਮਗਰੀ, ਗ੍ਰੈਹ, ਤਾਰੇ, ਸੂਰਜ, ਚੰਦ੍ਰਮਾਂ, ਆਕਾਸ਼, ਨਕਸ਼ਤ੍ਰ ਹਨ।.....ਸਭ ਕੁਛ ਉਸ ਦੇ ਹੁਕਮ ਦੀ ਖੇਡ ਹੀ ਹੈ.....ਬਰਖਾ ਦਾ ਇਕ ਤੁਪਕਾ ਉਸ ਦੀ ਆਗਿਆ ਬਿਨਾਂ ਨਹੀਂ ਡਿਗਦਾ ਅਤੇ ਸੰਸਾਰ ਦੇ ਦੁਖ ਸੁਖ, ਜੀਵਨ, ਮ੍ਰਿਤੂ, ਕੁਛ ਭੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹਨ.....ਖਿਨ, ਪਲ, ਘੜੀਆਂ, ਪਹਿਰ, ਤਿੱਥਾਂ, ਦਿਨ ਰਾਤ.....ਨੇਕੀ, ਬਦੀ, ਖਾਧ, ਪਦਾਰਥਾਂ ਦੀ ਉਪਜ.....ਤਾਤਪਰਜ ਇਹ ਕਿ ਜੋ ਕੁਛ ਸੋਚਿਆ ਤੇ ਵਿਚਾਰਿਆ ਜਾ ਸਕਦਾ ਹੈ, ਕੁਛ ਭੀ, ਤਿੰਨਕਾਲ, ਉਸ ਦੀ ਆਗਿਆ ਅਤੇ ਉਸ ਦੇ ਹੁਕਮ ਤੋਂ ਬਾਹਰ ਨਹੀਂ.....ਜੋ ਸਾਧੂ, ਸੰਤ, ਹਠੀ, ਤਪੀ, ਗਿਆਨੀ, ਧਿਆਨੀ.....ਤੀਰਥਾਂ, ਧਰਮ-ਅਸਥਾਨਾਂ.....ਪਹਾੜਾਂ, ਕੰਦਰਾਂ, ਜੰਗਲਾਂ ਵਿਚ, ਨਦੀਆਂ ਕਿਨਾਰੇ.....ਪ੍ਰਭੂ-ਭਗਤੀ, ਆਤਮ-ਸਾਧਨਾਂ ਵਿਚ ਲੀਨ ਹਨ, ਉਹ ਸਭ ਉਸ ਦੀ ਇੱਛਾ ਅਨੁਸਾਰ ਇਉਂ ਹਨ, ਭਾਵੇਂ ਉਨ੍ਹਾਂ ਨੂੰ ਇਸ ਮਰਮ ਦਾ ਪਤਾ ਹੀ ਨਾ ਹੋਵੇ ਅਤੇ ਜਦੋਂ ਤਕ ਉਨ੍ਹਾਂ ਦੀ ਸ਼ਰਧਾ, ਤਪਸਜਾ, ਕਰਨੀ, ਕਮਾਈ, ਕਯੂਮ ਪ੍ਰਵਾਨ ਨਹੀਂ ਕਰਦਾ, ਅੱਲਾ ਤਾਅਲਾ ਦੇ ਘਰ ਕਬੂਲ ਨਹੀਂ ਹੁੰਦੀ।"

ਐਸੇ ਸਰਵੁੱਚ, ਮਹਾਸਥਾਨ-ਪ੍ਰਾਪਤ, ਪੰਚ-ਧਿਆਨੀ, ਬੁੱਧ-ਸ਼੍ਰੋਮਣਿ, ਕਯੂਮ ਸਾਹਮਣੇ ਗੁਰੂ ਅਰਜਨ ਦੇਵ ਵਰਗੇ ਨਿਰਮਾਣ, ਨਿਮਰਤਾ-ਪੁੰਜ, ਬ੍ਰਹਮ ਗਿਆਨੀ ਦੀ ਕੀ ਵਟੀਂਦੀ ਸੀ ਅਤੇ ਸਿੱਖ ਮਤ ਦਾ ਉੱਥਾਨ ਇਸ ਮਹਿਖੇਸ਼੍ਵਰ ਨਾਲ ਜੀਵਨ-ਮਰਨ ਦੀ ਬਾਜ਼ੀ ਨਾ ਲਾਉਂਦਾ, ਤਾਂ ਹੋਰ ਰਾਹ ਭੀ ਕਿਹੜਾ ਸੀ ?

ਮੁਜੱਦਦ ਨੇ ਸੂਫ਼ੀ ਇਸਲਾਮ ਅਤੇ ਆਰਯ-ਸਿਧਾਂਤ-ਪ੍ਰਮਾਣਿਤ 'ਵਹਦਤਲਵਜੂਦ', ਦੇ ਮੂਲ ਸਿਧਾਂਤ ਦੀ ਕਾਟ ਕਰਨ ਲਈ ਜੋ 'ਵਹਦਤਲਸ਼ਹੂਦ' ਦਾ ਦਰਸ਼ਨ ਪ੍ਰਚਾਰਿਆ, ਉਹ ਕੀ ਹੈ ?

ਇਹ ਦੋਨੋਂ ਸਿਧਾਂਤ ਬ੍ਰਹਮ ਅਤੇ ਸੰਸਾਰ ਦੇ ਸੰਬੰਧਾਂ ਦੇ ਵਿਆਖਿਅਕ ਹਨ। ਤਸੱਵੁਫ਼ ਦੀ ਇਕ ਪ੍ਰਸਿੱਧ ਪੁਸਤਕ ਹੈ, *ਤਦਕਰਾਇ-ਗ਼ੌਥੀਯਹ,* ਜਿਸ ਵਿਚ ਇਨ੍ਹਾਂ ਦੋਂਹ ਸਿਧਾਂਤਾਂ ਦਾ ਅੰਤਰ ਇਉਂ ਸਮਝਾਇਆ ਹੋਇਆ ਹੈ:

> "ਸੱਤ ਇਕ ਹੈ, ਪ੍ਰੰਤੂ ਇਕ ਪ੍ਰਤੱਖ ਵਸਤੂ ਹੈ ਅਤੇ ਇਕ ਪ੍ਰੋਖ। ਪ੍ਰੋਖ ਧਾਤੂ ਇਕ ਨੂਰ ਦੀ ਨਿਆਈਂ ਹੈ, ਜੋ ਸਭ ਸ੍ਰਿਸ਼ਟੀ ਦੀ ਆਤਮਾ ਹੈ। ਇਸੇ ਪ੍ਰੋਖ ਨੂਰ ਦਾ ਪਰਛਾਵਾਂ, ਪਰਤੌਂ, ਦ੍ਰਿਸ਼ਟਮਾਨ ਸ੍ਰਿਸ਼ਟੀ ਹੈ.....ਅਤੇ ਆਧਾਰ ਇਸ ਅਨੇਕਤਾ ਦਾ ਉਹੋ ਨੂਰੀ ਏਕਤਾ ਹੈ, ਜਿਵੇਂ ਕਿ ਨਦੀ-ਤਰੰਗਾਂ ਦਾ ਅਸਲਾ ਨਦੀ-ਜਲ ਹੀ ਹੈ.....ਤਾਤਪਰਜ ਇਹ ਹੈ ਕਿ ਸੰਸਾਰ ਦਾ ਨਾਮ-ਰੂਪ ਬ੍ਰਹਮ ਦਾ ਪਸਾਰ ਹੀ ਹੈ ਅਤੇ ਇਸ ਅਨੇਕਤਾ ਦਾ ਸਾਰੰਸ਼ ਬ੍ਰਹਮ ਦੀ ਏਕਤਾ ਹੀ ਹੈ.....
>
> "ਇਹ 'ਵਹਦਤਲਵਜੂਦ' ਦਾ ਸਿਧਾਂਤ ਹੈ। 'ਵਹਦਤਲਸ਼ਹੂਦ' ਦੇ ਸਿਧਾਂਤ ਦਾ ਨਿਰਣਯ ਇਉਂ ਹੈ ਕਿ ਸ੍ਰਿਸ਼ਟੀ ਅਤੇ ਗੁਣ-ਧਾਤੂ ਦਾ ਨਿੱਤ ਪ੍ਰਵਾਹ, ਬ੍ਰਹਮ ਦਾ ਪਰਤੌਂ ਤੇ ਪਰਛਾਵਾਂ ਹੈ, ਜੋ ਕਿ ਨਾਸ਼ਮਾਨ ਸੰਸਾਰ ਵਿਚ ਵਿੱਦਿਤ ਹੈ। ਇਹ ਪਰਤੌਂ ਬ੍ਰਹਮ-ਰੂਪ ਨਹੀਂ, ਬ੍ਰਹਮ-ਦ੍ਰਿਸ਼ਟਾਂਤ ਹੈ।"

ਮੁਜੱਦਦ ਦੇ 'ਵਹਦਤਲਸ਼ਹੂਦ' ਦੇ ਸਿਧਾਂਤ ਦਾ ਨਿਰਮਾਣ ਕਰਨ ਦੇ ਸੌ ਵਰ੍ਹਾ ਪਿੱਛੋਂ, ਸ਼ਾਹ ਵਲੀਉੱਲੰਹ ਨੇ ਆਪਣੀ ਪ੍ਰਸਿੱਧ ਲਿਖਤ, *ਮਕਤੂਬਿ-ਮਦਨੀ,* ਵਿਚ ਇਹ ਸਿੱਧ ਕੀਤਾ ਸੀ ਕਿ 'ਵਹਦਤਲਵਜੂਦ' ਤੇ 'ਵਹਦਤਲਸ਼ਹੂਦ' ਦਰਅਸਲ ਇੱਕੋ ਸਿਧਾਂਤ ਹੈ, ਬਾਕੀ ਐਵੇਂ ਸ਼ਾਬਦਿਕ ਭਿੰਨਤਾ ਹੈ, ਨਿਰਾ ਵਿਤੰਡਾਵਾਦ।

ਕਿਵੇਂ ਭੀ ਹੋਵੇ, ਕੀ ਇਸ ਗੱਲ ਉੱਤੇ ਹੀ ਹਿੰਦੋਸਤਾਨ ਦੀ ਮੁਸਲਿਮ ਤਾਰੀਖ਼ ਵਿਚ ਇਤਨੇ ਭਯੰਕਰ, ਖ਼ੂੰਰੇਜ਼, ਰਕ੍ਤਸ਼੍ਰਾਵ ਹੋਏ ?

ਨਵਾਬ ਸਰ ਅਹਿਮਦ ਹੁਸੈਨ, ਨਿਜ਼ਾਮਜੰਗ ਬਹਾਦੁਰ ਨੇ ਆਪਣੀ ਰਚਿਤ ਪੁਸਤਕ, *ਫ਼ਲਸਫ਼ਏ-ਫ਼ੁਕਰਾ* ਵਿਚ ਦਰਸਾਇਆ ਹੈ ਕਿ ਇਹ ਦੋਨੋਂ ਸਿਧਾਂਤ ਇਤਨੇ ਦਾਰਸ਼ਨਿਕ ਭੇਦ ਦੇ ਨਹੀਂ, ਜਿਤਨੇ ਕਿ ਮਨੋਵਿਰਤੀ-ਭੇਦ ਦੇ ਲਖਾਇਕ ਹਨ ਅਤੇ ਇਸ ਭੇਦ ਦਾ ਇਕ ਚਿੱਤਰ ਉਨ੍ਹਾਂ ਨੇ ਆਪਣੀ ਉਪਰੋਕਤ ਪੁਸਤਕ ਵਿਚ ਅੰਕਿਤ ਕੀਤਾ ਹੈ, ਜੋ ਕਿ ਹੇਠਾਂ ਦਿੰਦੇ ਹਾਂ:

| ਵਹਦਤਲਵਜੂਦ | ਵਹਦਤਲਸ਼ਹੂਦ |
|---|---|
| (1) ਸਿਧਾਂਤ: ਹਮਹ ਊਸ੍ਤ ਯਾ ਅੰਦਰ ਹਮਹ ਊਸ੍ਤ (ਸਰਵ-ਬ੍ਰਹ੍ਮ, ਅਥਵਾ ਸਰ੍ਵ ਬ੍ਰਹਮਾਂਤ੍ਰਮ) | (1) ਸਿਧਾਂਤ: ਹਮਹ ਅਜ਼ੂਸ੍ਤ (ਬ੍ਰਹ੍ਮ ਸਰ੍ਵ ਸ੍ਰਿਸ਼ਟੀ ਦਾ ਸੋਮਾ ਸਰ੍ਵਾਸ਼੍ਰਯ ਹੈ) |
| (2) ਮਨੋਵ੍ਰਿਤੀ: ਸ਼ਾਂਤਿਪ੍ਰਦ। ਆਤਮਾ ਪਰਮਾਤਮਾ ਵਿਚ ਭੇਦ ਨਹੀਂ, ਬ੍ਰਹ੍ਮ ਸਮੁੰਦ੍ਰ ਅਤੇ ਮੈਂ ਬੂੰਦ ਹਾਂ। | (2) ਮਨੋਵ੍ਰਿਤੀ: ਉਤਸ਼ਾਹ-ਜਨਕ। ਮੈਂ ਉਸ ਦੀ ਹਜ਼ੂਰੀ ਵਿਚ ਅਤੇ ਉਹ ਮੇਰੇ ਅੰਗ-ਸੰਗ ਹੈ। |
| (3) ਵਿਸ਼੍ਵਾਸ: ਮੈਂ ਕੌਣ ? ਬ੍ਰਹਮਾਸਮਿ। | (3) ਵਿਸ਼੍ਵਾਸ: ਮੈਂ ਕੌਣ ? ਦਾਸ ਤੇ ਭਗਤ। |

ਇਬਨਲ-ਅਰਬੀ, ਜਿਸ ਨੂੰ ਸੂਫ਼ੀ ਮਤ ਦੇ 'ਵਹਦਤਲਵਜੂਦ' ਦੇ ਸਿਧਾਂਤ ਦਾ ਨਿਰਮਾਤਾ ਮੰਨਿਆ ਜਾਂਦਾ ਹੈ, ਉਸ ਦੀ ਇਕ ਅਰਬੀ ਕਵਿਤਾ ਹੈ, ਜਿਸ ਦਾ ਅਨੁਵਾਦ ਇਹ ਹੈ:

"ਅੱਜ ਤੋਂ ਪਹਿਲਾਂ ਮੇਰਾ ਇਹ ਹਾਲ ਸੀ ਕਿ ਜਦੋਂ ਕਿਸੇ ਦਾ ਧਰਮ, ਵਿਚਾਰ ਮੇਰੇ ਨਾਲ ਮੇਲ ਨਾ ਖਾਂਦਾ, ਮੈਂ ਉਸ ਨੂੰ ਗ਼ੈਰ ਤੇ ਬੇਗਾਨਾ ਸਮਝਦਾ।"

"ਹੁਣ ਮੈਂ ਹਰ ਰੂਪ ਨੂੰ ਪ੍ਰਵਾਣ ਕਰਦਾ ਹਾਂ। ਮੇਰਾ ਦਿਲ ਹੁਣ ਹਰਨਾਂ ਦੇ ਚਰਨ ਦੀ ਹਰੀ ਹਰੀ ਚਰਾਗਾਹ ਹੈ ਅਤੇ ਸੰਨਿਆਸੀਆਂ ਦਾ ਮੱਠ ਹੈ ਅਤੇ ਅਗਨੀ ਪੂਜਾ ਦਾ ਜਵਾਲਾ ਮੰਦਿਰ ਹੈ ਅਤੇ ਹਾਜੀਆਂ ਦਾ ਕਾਅਬਾ ਹੈ ਅਤੇ ਕੁਰਾਨ ਦਾ ਗ੍ਰੰਥ ਹੈ।"

ਇਸ ਦੇ ਉਲਟ, 'ਵਹਦਤਲਸ਼ਹੂਦ' ਦੇ ਸਿਧਾਂਤ ਦੇ ਨਿਰਮਾਤਾ ਮੁਜੱਦਦ ਦੀ ਮਨੋਵ੍ਰਿਤੀ ਇਉਂ ਹੈ ਕਿ ਇਸ ਦੇ ਪੱਤ੍ਰਿਕਾ-ਸੰਗ੍ਰਹਿ, *ਮਕਤੂਬਾਤਿ ਅਮਾਮਿ-ਰਬਾਨੀ*, ਵਿਚ ਇਕ ਪੱਤਰ ਕਿਸੇ ਹਿੰਦੂ, ਹਿਰਦੇ ਰਾਮ ਦੇ ਨਾਮ ਹੈ, ਜਿਸ ਵਿਚ ਹਿਰਦੇ ਰਾਮ ਦੇ ਉਸ ਪੱਤਰ ਦਾ ਉੱਤਰ ਹੈ, ਜਿਸ ਵਿਚ ਹਿਰਦੇ ਰਾਮ ਨੇ ਮੁਜੱਦਦ ਉੱਤੇ ਬੜੀ ਪ੍ਰੇਮਾ-ਭਗਤੀ ਪ੍ਰਗਟਾਉਂਦਿਆਂ ਕਿਹਾ ਸੀ ਕਿ ਰਾਮ ਤੇ ਰਹਿਮਾਨ ਇੱਕੋ ਹਨ। ਇਸ ਪੱਤਰ ਵਿਚ ਮੁਜੱਦਦ ਲਿਖਦਾ ਹੈ :

"ਰਾਮ, ਕ੍ਰਿਸ਼ਣ ਆਦਿ ਜੋ ਹਿੰਦੂਆਂ ਦੇ ਪੂਜ ਹਨ, ਉਹ (ਅੱਲਾਹ ਤਾਅਲਾ) ਦੀ ਕਮੀਨਾ ਮਖ਼ਲੂਕ ਹਨ। ਉਨ੍ਹਾਂ ਨੇ ਮਾਤਾ ਦੇ ਉਦਰ ਤੋਂ ਜਨਮ ਲਿਆ ਅਤੇ ਪਿਤਾ ਦੇ ਨੁਤਫ਼ੇ ਤੋਂ ਸਨ। ਰਾਮ, ਜਸਰਥ ਦਾ ਪੁੱਤਰ, ਲਛਮਣ ਦਾ ਭਾਈ ਅਤੇ ਸੀਤਾ ਦਾ ਪਤੀ ਸੀ। ਜਿਹੜਾ ਰਾਮ ਆਪਣੀ ਇਸਤਰੀ ਨੂੰ ਸੰਭਾਲ ਨਹੀਂ ਸਕਿਆ, ਉਹ ਦੂਜਿਆਂ ਦੀ ਕੀ ਸਹਾਇਤਾ ਕਰੇਗਾ ? ਬੁੱਧੀ ਤੇ ਸਮਝ ਨਾਲ ਪੈਰ ਪੁੱਟਣੇ ਚਾਹੀਦੇ ਹਨ, ਪੂਰਵਜਾਂ ਪਿੱਛੇ ਨਹੀਂ ਚੱਲਣਾ ਚਾਹੀਦਾ। ਸ਼ਰਮ ਦੀ ਗੱਲ ਹੈ ਕਿ ਕੋਈ ਸਾਰੀ ਸ੍ਰਿਸ਼ਟੀ ਦੇ ਰਚਨਹਾਰ ਨੂੰ, ਰਾਮ ਤੇ ਕ੍ਰਿਸ਼ਨ ਦੇ ਨਾਮ ਨਾਲ ਯਾਦ ਕਰੇ। ਇਹ ਇਉਂ ਹੈ ਜਿਵੇਂ ਕਿਸੇ ਚਕ੍ਰਵਰਤੀ ਰਾਜੇ ਨੂੰ ਚੂਹੜਾ ਤੇ ਭੰਗੀ ਆਖੀਏ। ਰਾਮ ਤੇ ਰਹਿਮਾਨ ਨੂੰ ਇੱਕੋ ਸਮਝਣਾ, ਮਹਾਂ ਮੂਰਖਤਾ ਹੈ।"

ਨਵਾਬ ਸ਼ੈਖ਼ ਫ਼ਰੀਦ ਮੁਰਤਜ਼ਾ ਖ਼ਾਨ ਦੇ ਨਾਮ ਇਕ ਪੱਤ੍ਰਿਕਾ ਵਿਚ ਮੁਜੱਦਦ ਲਿਖਦਾ ਹੈ :

"ਮੇਰੀ ਇਹੋ ਪ੍ਰਬਲ ਇੱਛਾ ਹੈ ਕਿ ਖ਼ੁਦਾ ਦੇ ਸ਼ਤਰੂ ਤੇ ਪੈਗੰਬਰ ਦੇ ਦੁਸ਼ਮਣਾਂ (ਹਿੰਦੂਆਂ) ਨਾਲ ਪੁੱਜ ਕੇ ਤੱਦੀ ਕੀਤੀ ਜਾਵੇ। ਇਨ੍ਹਾਂ ਦਾ ਮਹਾਂ ਤ੍ਰਿਸਕਾਰ ਹੋਣਾ ਚਾਹੀਏ ਅਤੇ ਇਨ੍ਹਾਂ ਅਭਾਗਿਆਂ ਦਾ ਮਾਣ ਭੰਗ ਕਰਨਾ ਚਾਹੀਏ, ਨਿਤ ਪ੍ਰਤਿ। ਨਿਸਚੇ ਕਰਕੇ ਮੰਨੋ ਕਿ ਖ਼ੁਦਾ ਨੂੰ ਪ੍ਰਸੰਨ ਕਰਨ ਦਾ ਇਸ ਨਾਲੋਂ ਸੁਗਮ ਸਾਧਨ ਹੋਰ ਕੋਈ ਹੈ ਨਹੀਂ।"[1]

ਇਕ ਹੋਰ ਪੱਤ੍ਰਿਕਾ ਹੈ :

"ਪਰ, ਇਸਲਾਮ ਕੀ ਇੱਜ਼ਤ, ਕੁਫ਼ਰ ਔਰ ਕਾਫ਼ਿਰੋਂ ਕੀ ਖ਼ਵਾਰੀ ਮੇਂ ਹੈ। ਜਿਸ ਨੇ ਅਹਲਿ-ਕੁਫ਼ਰ ਕੋ ਅਜ਼ੀਜ਼ ਰੱਖਾ, ਉਸ ਨੇ ਅਹਲਿ-ਇਸਲਾਮ ਕੋ ਖ਼ਵਾਰ ਕੀਆ। ਇਨ ਕੋ ਅਜ਼ੀਜ਼ (ਪ੍ਰਿਯ) ਰਖਨੇ ਸੇ ਫ਼ਕਤ ਤਾਅਜ਼ੀਮ (ਸਤਿਕਾਰ) ਕਰਨਾ ਔਰ ਬੁਲੰਦ ਬਿਠਾਨਾ ਹੀ ਮੁਰਾਦ ਨਹੀਂ, ਬਲਕਿ ਅਪਨੀ ਮਜਲਿਸੋਂ ਮੇਂ ਜਗਹ ਦੇਨਾ, ਔਰ ਇਨ ਕੀ ਹਮ-ਨਸ਼ੀਨੀ ਕਰਨਾ, ਔਰ ਇਨ ਕੇ ਸਾਥ ਗੁਫ਼ਤਗੂ ਕਰਨਾ, ਸਭ ਏਅਜ਼ਾਜ਼ (ਮਾਨ ਪ੍ਰਤਿਸ਼ਠਾ) ਮੇਂ ਸ਼ਾਮਿਲ ਹੈ। ਕੁੱਤੋਂ ਕੀ ਤਰਹ ਇਨ ਕੋ ਦੂਰ ਕਰਨਾ ਚਾਹੀਏ।"

ਮੁਰਤਜ਼ਾ ਖ਼ਾਨ, ਗੁਰੂ ਅਰਜਨ ਦੇਵ ਜੀ ਦੇ ਕਾਤਿਲ, ਦੇ ਨਾਮ ਮੁਜੱਦਦ ਦੀ ਇਕ ਹੋਰ ਚਿੱਠੀ ਹੈ :

1. "ਤਮੰਨਾਇ ਈਂ ਫ਼ਕੀਰ ਸਿੱਦਤ ਨਮੂਦਨ ਅਸਤ ਬ ਦੁਸ਼ਮਨਾਨਿ ਖ਼ੁਦਾ ਵ ਬ ਦੁਸ਼ਮਨਾਨਿ ਪੈਗੰਬਰ ਵ ਇਹਾਨਤ ਰਸਾਨੀਦਨ ਬ ਈਂ ਬੇ ਦੌਲਤਾਂ ਵ ਖ਼੍ਵਾਰ ਦਾਸਤਨਿ ਈਸ਼ਾਂ ਵ ਊ ਬ ਯਕੀਨ ਮੀਦਾਨਦ ਕਿ ਨਿਜ਼ਦਿ ਹੱਕ ਮਰਜ਼ੀ ਤਰ ਨੀਸਤ।"

"ਇਸਲਾਮ ਔਰ ਅਹਲਿ ਇਸਲਾਮ ਕੀ ਇੱਜ਼ਤ ਕੁਫ਼ਰ ਔਰ ਅਹਿਲਿ-ਕੁਫ਼ਰ ਕੀ ਖ਼ਵਾਰੀ ਮੇਂ ਹੈ। ਜਜ਼ੀਯਹ ਸੇ ਮਕਸੂਦ (ਭਾਵ) ਕੁਫ਼ਾਰ (ਗ਼ੈਰ ਮੁਸਲਮਾਨਾਂ) ਕੀ ਖ਼੍ਵਾਰੀ ਅਰ ਇਨ ਕੀ ਇਹਾਨਤ (ਮਾਨ-ਹਾਨੀ) ਹੈ, ਜਿਸ ਕਦਰ ਅਹਲਿ ਕੁਫ਼ਰ ਕੀ ਇੱਜ਼ਤ ਹੈ, ਇਸੀ ਕਦਰ ਇਸਲਾਮ ਕੀ ਜ਼ਿੱਲਤ (ਮਾਨਭੰਗ) ਹੋਤੀ ਹੈ। ਇਸ ਸਰਰਿਸ਼ਤਹ (ਮੁੱਢਲੀ ਗੱਲ) ਕੋ ਅੱਛੀ ਤਰਹ ਨਿਗਾਹ ਮੇਂ ਰਖਨਾ ਚਾਹੀਏ। ਅਕਸਰ ਲੋਗੋਂ ਨੇ ਇਸ ਸਰਰਿਸ਼ਤਹ ਕੋ ਗੁਮ ਕਰ ਦੀਆ ਹੈ, ਔਰ ਦੀਨ ਕੋ ਬਰਬਾਦ ਕਰ ਦੀਆ ਹੈ।"

ਮੁਰਤਜ਼ਾ ਖ਼ਾਨ ਨੂੰ ਜਦੋਂ ਜਹਾਂਗੀਰ ਨੇ ਸੰਨ 1615 ਵਿਚ ਕਾਂਗੜੇ ਦੇ ਪ੍ਰਾਚੀਨ ਕੋਟ ਨੂੰ ਪ੍ਰਾਜੈ ਕਰਨ ਦੀ ਆਗਿਆ ਕੀਤੀ ਤਾਂ ਮੁਰਤਜ਼ਾ ਖ਼ਾਨ, ਅਗਲੇ ਸਾਲ, ਪਠਾਨਕੋਟ ਪਹੁੰਚ ਕੇ ਰਾਹ ਵਿਚ ਹੀ ਮਰ ਗਿਆ ਸੀ। ਮੁਜੱਦਦ ਨੇ ਜੋ ਆਖ਼ਰੀ ਪੱਤਰ ਮੁਰਤਜ਼ਾ ਖ਼ਾਨ ਦੇ ਨਾਮ ਲਿਖਿਆ ਸੀ, ਉਹ ਇਸ ਪ੍ਰਕਾਰ ਹੈ :

"....ਇਨ ਬਦਬਖ਼ਤੋਂ ਔਰ ਇਨ ਝੂਟੇ ਖ਼ੁਦਾਓਂ (ਕਾਂਗੜਾ ਕੋਟ ਦੇ ਮੰਦਰਾਂ ਦੀਆਂ ਪ੍ਰਾਚੀਨ ਦੇਵ-ਮੂਰਤੀਆਂ) ਕੀ ਤਹਕੀਰ ਔਰ ਤੌਹੀਨ (ਭ੍ਰਸ਼ਟ ਕਰਨ) ਮੇਂ ਬਹੁਤ ਕੋਸ਼ਿਸ਼ ਕਰਨੀ ਚਾਹੀਏ.....ਇਨ ਲੋਗੋਂ (ਹਿੰਦੂਆਂ) ਕੀ ਬਰਬਾਦੀ ਕੀ ਕੋਸ਼ਿਸ਼ ਕਰਨੀ ਚਾਹੀਏ.....ਬਦਨ (ਸਰੀਰ) ਕੀ ਕਮਜ਼ੋਰੀ ਔਰ ਸਰਦੀ ਕੀ ਸ਼ਿੱਦਤ ਮਾਨਿਅ (ਰੋਕ) ਹੈਂ, ਵਰਨਾ ਯਹ ਫ਼ਕੀਰ ਖ਼ੁਦ ਹਾਜ਼ਿਰਿ-ਖ਼ਿਦਮਤ ਹੋ ਕਰ.....ਇਸ ਪੱਥਰ (ਪ੍ਰਾਚੀਨ ਦੇਵਮੂਰਤੀ) ਪਰ ਥੂਕਤਾ ਔਰ ਇਸ ਕੋ ਅਪਨੀ ਸਆਦਤ ਕਾ ਸਰਮਾਇਆ (ਸੰਚਿਤ ਪੁਨ) ਸਮਝਤਾ।"

ਇਕ ਹੋਰ ਚਿੱਠੀ ਵਿਚ ਨਵਾਬ ਮੁਰਤਜ਼ਾ ਖ਼ਾਨ ਨੂੰ ਇਉਂ ਚੁੱਕ ਦਿੱਤੀ ਹੈ :

"ਹਿੰਦੋਸਤਾਨ ਵਿਚ ਹਿੰਦੂਆਂ ਕੋਲੋਂ ਜਜ਼ੀਆ ਲੈਣਾ ਬੰਦ ਹੋ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਹੁਣ ਪਾਤਸ਼ਾਹ ਦੇ ਦਰਬਾਰ ਵਿਚ ਹਿੰਦੂਆਂ ਦੀ ਪੁੱਛ ਹੋਣ ਲੱਗ ਪਈ ਹੈ।"

"ਹਿੰਦੋਸਤਾਨ ਵਿਚ ਗਊ-ਬੱਧ ਨਾਲੋਂ ਉੱਤਮ ਇਸਲਾਮੀ ਕਰਮ ਤੇ ਪੁੰਨ ਦਾ ਕੰਮ ਹੋਰ ਨਹੀਂ ਹੈ।"

ਮੁਜੱਦਦ ਦਾ ਇਹ ਅਟੱਲ ਵਿਸ਼ਵਾਸ ਸੀ ਕਿ ਹਿੰਦੋਸਤਾਨ ਵਿਚ ਇਸਲਾਮ ਦੀ ਰੱਖਿਆ ਤਦ ਹੀ ਹੋ ਸਕਦੀ ਹੈ, ਜੇ ਹਿੰਦੂਆਂ ਅਤੇ ਹਿੰਦੂ ਧਰਮ ਦੀ ਹਾਨੀ ਕੀਤੀ ਜਾਵੇ। ਹਿੰਦੋਸਤਾਨ ਅਤੇ ਪਾਕਿਸਤਾਨ ਵਿਚ ਜੋ ਇਸਲਾਮ ਦੀ ਪ੍ਰਮੁੱਖ ਰੂਪ-ਰੇਖਾ ਹੈ, ਉਸ ਦੇ ਨੇਤਾ, ਸਰ ਸੱਯਦ ਅਹਿਮਦ, ਇਕਬਾਲ, ਮੌਲਾਨਾ ਅਬੁੱਲਕਲਾਮ ਆਜ਼ਾਦ, ਸਭ ਮੁਜੱਦਦ ਦੇ ਸ਼ਰਧਾਲੂ ਤੇ ਪੈਰੋਕਾਰ ਹੋਏ ਹਨ। "ਸ਼ੈਖ਼ ਅਹਿਮਦ ਦਾ ਪ੍ਰਭਾਵ ਇਸਲਾਮ ਦੀ ਵਿਚਾਰਧਾਰਾ ਉੱਤੇ ਨਾ ਕੇਵਲ ਹਿੰਦੋਸਤਾਨ ਵਿਚ ਸਗੋਂ ਹਿੰਦੋਸਤਾਨ ਤੋਂ ਬਾਹਰ ਮੱਧ ਏਸ਼ੀਆ ਵਿਚ ਅਤੇ ਤੁਰਕੀ ਸਾਮਰਾਜ ਦੇ ਕੁਝ ਖੰਡਾਂ ਵਿਚ ਬੜਾ ਡੂੰਘਾ ਪਿਆ ਹੈ।"[1]

ਇਹ ਸ਼ੁੱਧ ਪਿਛੋਕੜ ਹੈ, ਸਿੱਖਾਂ ਦੇ ਮੁਗ਼ਲ ਸਾਮਰਾਜ ਨਾਲ, ਕਾਬਲ ਸਾਮਰਾਜ ਨਾਲ ਅਤੇ ਹਿੰਦੋਸਤਾਨ ਦੇ ਸਿਆਸੀ ਇਸਲਾਮ ਨਾਲ ਸੰਘਰਸ਼ ਦਾ।

---

1. ਮੁਸਤਫ਼ਾ ਸਾਬਰੀ, *ਮਵਾਕਿਫ਼ ਅਲ ਅਕਲ ਵਲ ਇਲਮ ਵਲ ਆਲਿਮ*, ਕਾਹਿਰਾ, 1950, III. ਪੰਨੇ 275-99.

# ਸੂਫ਼ੀ ਮਤ ਦਾ ਨਿਕਾਸ ਤੇ ਵਿਕਾਸ

ਅਸੀਂ ਇਸ ਲੇਖ ਨੂੰ ਪੰਜ ਭਾਗਾਂ ਵਿਚ ਵੰਡਾਂਗੇ :

(1) 'ਸੂਫ਼ੀ' ਪਦ ਦਾ ਅਰਥ ਤੇ ਸੰਕੇਤ ਕੀ ਹੈ ?

(2) ਸੂਫ਼ੀ ਮਤ ਦੇ ਸਿਧਾਂਤ ਕੀ ਹਨ ?

(3) ਸੂਫ਼ੀ ਮਤ ਦਾ ਨਿਕਾਸ ਜਾਂ ਮੂਲ ਕੀ ਹੈ ?

(4) ਸੂਫ਼ੀ ਮਤ ਦੇ ਵਿਕਾਸ ਦੀ ਸੰਖੇਪ ਜਿਹੀ ਰੂਪ-ਰੇਖਾ; ਅਤੇ

(5) ਸੂਫ਼ੀ ਮਤ ਦੇ ਸਿਧਾਂਤਾਂ ਅਤੇ ਸਾਧਨਾਂ ਦਾ ਅਸਾਡੇ ਆਧੁਨਿਕ ਜੀਵਨ ਅਤੇ ਸਮੱਸਿਆਵਾਂ ਨਾਲ ਕੀ ਸੰਬੰਧ ਹੈ ?

## (1) 'ਸੂਫ਼ੀ' ਪਦ ਦਾ ਅਰਥ ਤੇ ਸੰਕੇਤ ਕੀ ਹੈ ?

'ਸੂਫ਼' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ—ਉੱਨ। 'ਸੂਫ਼ੀ' ਉਹ ਜੋ ਉੱਨ ਦੇ ਕੱਪੜੇ ਪਹਿਨੇ। ਸੂਫ਼ੀ ਨੂੰ ਈਰਾਨ ਵਿਚ 'ਪਸ਼ਮੀਨਾਪੋਸ਼' ਵੀ ਕਹਿੰਦੇ ਹਨ, ਜਿਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਸੂਫ਼ੀ ਦੇ ਅਰਥ ਇਹੋ ਹਨ ਕਿ ਜੋ ਉੱਨ ਦੇ ਕੱਪੜੇ ਪਹਿਨੇ ਯਾ ਉਹੋ ਮਤ ਯਾ ਸੰਘ, ਜਿਸ ਦੇ ਅਨੁਆਈ ਉੱਨ ਦੇ ਕੱਪੜੇ ਰਹਿਤ ਵਜੋਂ ਪਹਿਨਦੇ ਹੋਣ। ਹਜ਼ਰਤ ਮੁਹੰਮਦ ਦੀ ਮ੍ਰਿਤੂ (632 ਈ:) ਤੋਂ ਪਿੱਛੋਂ ਝਟ-ਪਟ ਹੀ ਮੁਸਲਮਾਨਾਂ ਦਾ ਰਾਜਸੀ ਤੇਜ ਬੜਾ ਪ੍ਰਬਲ ਹੋ ਗਿਆ ਸੀ ਅਤੇ ਅਰਬ ਦੇਸ਼, ਸੀਰੀਆ, ਮਿਸਰ ਆਦਿ ਮੁਲਕ ਮੁਸਲਮਾਨਾਂ ਅਤੇ ਇਸਲਾਮ ਦੇ ਅਧੀਨ ਹੋ ਗਏ ਸਨ। ਰਾਜਸੀ ਸ਼ਕਤੀ ਅਤੇ ਧਨ-ਦੌਲਤ ਦੇ ਨਾਲ-ਨਾਲ ਅਧਰਮ ਅਤੇ ਸੰਸਾਰਕ ਬਿਰਤੀਆਂ ਦਾ ਪ੍ਰਭਾਵ ਪੈ ਜਾਣਾ ਇਕ ਕੁਦਰਤੀ ਜਿਹੀ ਗੱਲ ਹੈ। ਜਿਸ ਵੇਲੇ ਮੁਆਵੀਆ (661-80) ਇਸਲਾਮ ਦਾ ਖ਼ਲੀਫ਼ਾ ਬਣਿਆ, ਤਾਂ ਰਾਜਸੀ ਇਸਲਾਮ ਦੀ ਰਹੁ-ਰੀਤ ਬਹੁਤ ਹੱਦ ਤਕ ਸੰਸਾਰੀ ਅਤੇ ਕੁਟਲ ਹੋ ਚੁੱਕੀ ਸੀ। ਇਸ ਖ਼ਲੀਫ਼ੇ, ਮੁਆਵੀਆ ਦਾ ਪੁੱਤਰ ਅਤੇ ਜਾਨਸ਼ੀਨ ਖ਼ਲੀਫ਼ਾ, ਯਜ਼ੀਦ (680-3) ਬੜਾ ਖੁੱਲ੍ਹਾ ਸ਼ਰਾਬੀ ਤੇ ਪਿਆਕ ਸੀ। ਉਸ ਵੇਲੇ ਇਸਲਾਮੀ ਖ਼ਿਲਾਫ਼ਤ ਦੀ ਰਾਜਧਾਨੀ ਵੀ ਮੱਕੇ ਤੋਂ ਬਦਲ ਕੇ ਦਮਸ਼ਿਕ ਸ਼ਹਿਰ ਵਿਚ ਲੈ ਆਂਦੀ ਗਈ ਸੀ, ਜਿਵੇਂ ਕਿ ਸਿੱਖ ਮਿਸਲਾਂ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਸਿੱਖ-ਰਾਜ ਦੀ ਰਾਜਧਾਨੀ ਅੰਮ੍ਰਿਤਸਰ ਤੋਂ ਲਾਹੌਰ ਲੈ ਆਇਆ ਸੀ। ਇਕ ਸਦੀ ਹੋਰ ਬੀਤ ਜਾਣ ਉੱਤੇ ਜਦੋਂ ਕਿ ਇਸਲਾਮ ਦੀ ਰਾਜਸੀ ਸੀਮਾਂਤਕ ਫੈਲਾਉ ਈਰਾਨੀ ਸਾਮਰਾਜ ਦੀਆਂ ਹੱਦਾਂ ਉੱਤੇ ਵੀ ਛਾ ਗਿਆ, ਤਾਂ ਇਹ ਰਾਜਧਾਨੀ ਬਗ਼ਦਾਦ ਨਾਮੀ ਨਵੇਂ ਵਸਾਏ ਹੋਏ, ਸੁਪਨ-ਨਗਰ ਵਿਚ ਇਸਥਿਤ ਕਰ ਦਿੱਤੀ ਗਈ, ਜਿਥੋਂ ਦੀ ਲੋਕ-ਬੋਲੀ ਅਰਬੀ ਦੀ ਥਾਂ ਫ਼ਾਰਸੀ ਸੀ ਅਤੇ ਜਿਸ ਦਾ ਰੰਗਮਯ ਵਾਯੂ-ਮੰਡਲ ਅਲਫ਼ ਲੈਲਾ ਦੇ ਕਿੱਸਿਆਂ ਵਿਚ ਭਲੀ ਪ੍ਰਕਾਰ

ਪ੍ਰਤਿਬਿੰਬਤ ਹੈ ਅਤੇ ਜਿਸ ਦਾ ਸੰਸਾਰ ਪ੍ਰਸਿੱਧ ਖ਼ਲੀਫ਼ਾ, ਹਾਰੂਨਿਰੱਸ਼ੀਦ ਅਤੇ ਜਿਸ ਦਾ 'ਸੱਜਣ ਵਜ਼ੀਰ' ਇਬਨ ਅਲੀ ਈਸਾ ਸੀ। ਇਹ ਨੌਂਵੀਂ ਸਦੀ ਈਸਵੀ ਦਾ ਪੂਰਬਾਰਧ ਹੈ, ਜਦੋਂ ਕਿ ਬਗ਼ਦਾਦ ਨਗਰ ਸੰਸਾਰ ਭਰ ਦੀ ਰੋਮਾਂਚ ਅਤੇ ਸੱਭਿਅਤਾ ਦਾ ਕੇਂਦਰ ਬਣ ਚੁੱਕਾ ਸੀ। ਬਗ਼ਦਾਦ ਇਸ ਸਮੇਂ ਦੁਨੀਆ ਭਰ ਦੀ ਕਲਾ, ਸੰਸਾਰ ਭਰ ਦੀ ਵਿੱਦਿਆ, ਵਿਸ਼ਵ-ਸੰਸਕ੍ਰਿਤੀ ਦਾ ਕੇਂਦਰ ਅਤੇ ਰੰਗ-ਰੋਮਾਂਚ ਦੀ ਪੁਰੀ ਬਣੀ ਹੋਈ ਸੀ। ਮਾਨੋ ਹਰੀਸ਼ ਚੰਦੌਰੀ ਦੀ ਨਗਰੀ, ਜੋ ਸੁਰਗ ਲੋਕ ਤੋਂ ਮਾਤ-ਲੋਕ ਵੱਲ ਉਤਰਦੀ-ਉਤਰਦੀ ਮੱਧਾਕਾਸ਼ ਵਿਚ ਇਸਥਿਤ ਹੋ ਗਈ ਹੈ, ਦਜਲਾ ਨਦੀ ਦੇ ਕੰਢੇ ਉੱਤੇ ਆਬਾਦ ਹੋ ਗਈ। ਇਸ ਬਗ਼ਦਾਦ ਵਿਚ ਹੀ ਇਸ ਸਮੇਂ ਪ੍ਰਾਚੀਨ ਯੂਨਾਨੀ, ਅਫ਼ਲਾਤੂਨ, ਅਰਸਤੂ ਆਦਿ ਦੇ ਜਗਤ ਪ੍ਰਸਿੱਧ ਗ੍ਰੰਥਾਂ ਦੇ ਤਰਜਮੇ ਅਰਬੀ ਵਿਚ ਹੋਏ। ਇਥੇ ਅਤੇ ਇਸੇ ਸਮੇਂ ਹੀ ਸੰਸਕ੍ਰਿਤ ਦੇ ਗ੍ਰੰਥਾਂ *ਪੰਚਤੰਤ੍ਰ, ਸੂਰਯ ਸਿਧਾਂਤ, ਮਹਾਂਬ੍ਰਿਹਿਦਜਾਤਕ, ਹਿਤੋਪਦੇਸ਼, ਬੇਤਾਲਪੰਚਬਿੰਸ਼ੀ, ਦਸ਼ਕੁਮਾਰਚਰਿਤ੍ਰ, ਪ੍ਰਾਸ਼ਰ ਸਿਧਾਂਤ, ਮੰਡੂਕੋਪਨਿਸ਼ਦ, ਕਾਤਯਾਯਨਸੂਤ੍ਰ* ਆਦਿ ਫ਼ਲਸਫ਼ਾ, ਸਾਹਿਤ, ਗਣਿਤ-ਵਿਦਿਆ ਅਤੇ ਜੋਤਿਸ਼ ਦੇ ਅਮੁੱਲ-ਭੰਡਾਰ ਨੂੰ ਅਰਬੀ ਵਿਚ ਉਲਥਾਇਆ ਗਿਆ। ਈਸਾਈ ਸਾਧੂ, ਬੋਧੀ ਭਿੱਖੂ, ਮਹਾਯਾਨੀ ਦਰਸ਼ਨਵੇਤਾ, ਬ੍ਰਾਹਮਣ, ਪੰਡਿਤ ਅਤੇ ਮੁਸਲਮਾਨ ਉਲਮਾ, ਬਗ਼ਦਾਦ ਵਿਚ ਉਸ ਸਮੇਂ ਮੋਢੇ ਨਾਲ ਮੋਢਾ ਖਹਿ ਕੇ ਰਹਿੰਦੇ ਸਨ ਅਤੇ ਸ਼ਾਹੀ ਸਨਮਾਨ ਦੇ ਪਾਤਰ ਸਨ। ਇਸ ਵਾਤਾਵਰਣ ਦੀ ਰਾਜਸੀ ਗਿਲਾਨੀ ਅਤੇ ਸੰਸਾਰੀ ਜੀਵਨ ਦਾ ਪ੍ਰਤੀਕਰਮ ਜੋ ਧਾਰਮਿਕ ਮੁਸਲਮਾਨਾਂ ਉੱਤੇ ਹੋਇਆ, ਉਹ ਹੀ ਸੂਫ਼ੀ ਮਤ ਦੀ ਲਹਿਰ ਦਾ ਅਸਲੀ ਸੰਚਾਲਕ ਹੈ ਅਤੇ ਇਸੇ ਨੇ ਇਸ ਲਹਿਰ ਨੂੰ ਜੀਵਨ ਪ੍ਰਦਾਨ ਕੀਤਾ। ਉਸ ਸਮੇਂ ਦੇ ਖ਼ਲੀਫ਼ਿਆਂ ਵਿੱਚੋਂ ਇਕ ਖ਼ਲੀਫ਼ਾ ਅਬਦੁਲ ਅਜ਼ੀਜ਼ (717-20) ਹੋਇਆ ਹੈ, ਜਿਸ ਬਾਬਤ ਮਸ਼ਹੂਰ ਹੈ ਕਿ ਉਹ ਨਾ ਤਾਂ ਸ਼ਰਾਬ ਪੀਂਦਾ ਸੀ ਅਤੇ ਨਾ ਹੀ ਰੰਗ ਰਾਗ ਦਾ ਸ਼ੌਕੀਨ ਸੀ। ਉਹ ਧਾਰਮਿਕ ਬਿਰਤੀਆਂ ਵਾਲਾ ਪਾਤਸ਼ਾਹ ਸੀ। ਉਸ ਸਮੇਂ ਦਾ ਇਕ ਇਸਲਾਮੀ ਵਿਦਵਾਨ, ਅਲ-ਹਸਨਲ-ਬਸਰੀ (ਮ੍ਰਿਤੂ 728) ਹੋਇਆ ਹੈ, ਜਿਸ ਨਾਲ ਕਿ ਖ਼ਲੀਫ਼ਾ ਅਬਦੁਲ ਅਜ਼ੀਜ਼ ਦਾ ਚਿੱਠੀ-ਪੱਤਰ ਸੀ। ਸੂਫ਼ੀ ਮਤ ਵਾਲੇ ਇਸ ਅਲ-ਹਸਨਲ-ਬਸਰੀ ਨੂੰ ਸੂਫ਼ੀ ਮਤ ਦੇ ਮੋਢੀਆਂ ਵਿੱਚੋਂ ਮੰਨਦੇ ਹਨ। ਇਸ ਵਿਦਵਾਨ ਦੀ ਇਕ ਚਿੱਠੀ, ਖ਼ਲੀਫ਼ੇ ਦੇ ਨਾਮ ਲਿਖੀ ਹੋਈ ਅਸਾਡੇ ਤਕ ਪੁੱਜੀ ਹੈ[1] ਜਿਸ ਤੋਂ ਸਿੱਧ ਹੁੰਦਾ ਹੈ ਕਿ ਉਸ ਸਮੇਂ 'ਸੂਫ਼ੀ' ਦਾ ਅਰਥ ਇਹ ਹੀ ਪ੍ਰਸਿੱਧ ਅਤੇ ਪ੍ਰਮਾਣਿਤ ਸੀ—ਉੱਨ ਦੇ ਕੱਪੜੇ ਪਾਉਣ ਵਾਲਾ। ਉਸ ਚਿੱਠੀ ਵਿਚ ਇਸ ਤਰ੍ਹਾਂ ਲਿਖਿਆ ਹੈ:

> "ਹੋਰ ਸੁਣੋ : ਰੂਹ ਅਤੇ ਸ਼ਬਦ ਦਾ ਪ੍ਰਭੂ (ਯਸੂਅ), ਜਿਸ ਦਾ ਕਿ ਸਾਰਾ ਜੀਵਨ ਕਰਾਮਾਤੀ ਸੀ, ਬਚਨ ਕਰਦਾ ਹੁੰਦਾ ਸੀ : ਭੁੱਖ ਮੇਰਾ ਅਹਾਰ ਹੈ, ਗ਼ਰੀਬੀ ਮੇਰਾ ਚਿੰਨ੍ਹ ਹੈ, ਉੱਨ ਦੇ ਕੱਪੜੇ ਮੇਰੇ ਬਸਤਰ ਹਨ, ਮੇਰੇ ਚਰਨ, ਮੇਰੇ ਵਾਹਨ, ਰਾਤ੍ਰੀ ਸਮੇਂ ਚੰਦ੍ਰਮਾ ਮੇਰਾ ਦੀਵਾ ਹੈ, ਦਿਨ ਵੇਲੇ ਸੂਰਜ ਮੇਰੀ ਅਗਨੀ ਹੈ। ਮੇਰੇ ਕੋਲ ਕੋਈ ਧਨ ਸੰਪਦਾ ਨਹੀਂ, ਪਰ ਮੇਰੇ ਨਾਲੋਂ ਵੱਡਾ ਧਨੀ ਸੰਸਾਰ ਵਿਚ ਕੋਈ ਨਹੀਂ ਹੈ।"

ਇਸ ਚਿੱਠੀ ਤੋਂ ਸਪੱਸ਼ਟ ਹੋ ਆਉਂਦਾ ਹੈ ਕਿ ਸੂਫ਼ੀ ਮਤ ਦੇ ਆਰੰਭ ਵਿਚ ਹੀ ਗ਼ਰੀਬੀ ਅਤੇ ਤਪ ਤਿਆਗ, ਇਸ ਮਤ ਦੇ ਮੁੱਢਲੇ ਸਿਧਾਂਤ ਸਵੀਕਾਰ ਕਰ ਲਏ ਗਏ ਸਨ ਅਤੇ ਸੂਫ਼ ਯਾ ਉੱਨ ਦੇ ਕੱਪੜਿਆਂ ਦਾ ਪਹਿਰਾਵਾ ਇਸ ਮਤ ਦੇ ਅਨੁਆਈਆਂ ਦਾ ਵਿਸ਼ੇਸ਼ ਚਿੰਨ੍ਹ ਸੀ। ਇਕ ਹੋਰ ਇਸਲਾਮੀ ਵਿਦਵਾਨ, ਇਬਨ-ਸੀਰੀਨ (ਮ੍ਰਿਤੂ 728)

1. Abu Nuaim, Hilya, II, pp. 134-40.

ਨੇ ਜੋ ਕਿ ਹਸਨਲ-ਬਸਰੀ ਦਾ ਸਮਕਾਲੀ ਸੀ, ਹਸਨਲ-ਬਸਰੀ ਦੀ ਵਿਚਾਰਧਾਰਾ ਦਾ ਇਸਲਾਮੀ ਨੁਕਤੇ ਤੋਂ ਖੰਡਨ ਕੀਤਾ ਹੈ। ਉਹ ਕਹਿੰਦਾ ਹੈ :[1]

> "ਮੈਂ 'ਸੂਫ਼' ਉੱਨ ਦੇ ਕੱਪੜੇ ਯਸੂਅ ਦੀ ਨਕਲ ਕਰਕੇ ਕਿਉਂ ਪਹਿਨਾਂ ? ਮੈਂ ਤਾਂ ਹਜ਼ਰਤ ਮੁਹੰਮਦ ਦੀ ਪੈਰਵੀ ਕਰਾਂਗਾ, ਜੋ ਕਿ ਸੂਤ ਦੇ ਕੱਪੜੇ ਪਹਿਨਦੇ ਸਨ।"

ਇਨ੍ਹਾਂ ਸਮਕਾਲੀ ਸ਼ਹਾਦਤਾਂ ਤੋਂ ਇਹ ਸਿੱਧ ਅਤੇ ਸਪੱਸ਼ਟ ਹੁੰਦਾ ਹੈ ਕਿ 'ਸੂਫ਼' ਪਦ ਦੇ ਅਰਥ ਮੁੱਢ ਵਿਚ ਉੱਨ ਦੇ ਕੱਪੜੇ ਪਾਉਣ ਵਾਲਾ ਹੀ ਲਿਆ ਜਾਂਦਾ ਸੀ ਅਤੇ ਸੂਫ਼ੀ ਲੋਕ ਉੱਨ ਦੇ ਕੱਪੜੇ ਇਸ ਲਈ ਪਹਿਨਦੇ ਸਨ ਕਿ ਪੈਗੰਬਰ ਯਸੂਅ ਮਸੀਹ ਨੇ ਉੱਨ ਦੇ ਬਸਤਰ ਧਾਰਨ ਕੀਤੇ ਸਨ ਤੇ ਉਨ੍ਹਾਂ ਦੀ ਰੀਸੋ-ਰੀਸ ਈਸਾਈ ਸਾਧੂ ਅਤੇ ਤਿਆਗੀ ਉੱਨ ਦੇ ਬਸਤਰ ਹੀ ਪਹਿਨਦੇ ਸਨ। ਅੱਗੇ ਚੱਲ ਕੇ ਜਦੋਂ ਅਸੀਂ ਸੂਫ਼ੀ ਮਤ ਦੇ ਨਿਕਾਸ ਬਾਰੇ ਵਿਚਾਰ ਕਰਾਂਗੇ, ਤਾਂ ਉਪਰੋਕਤ ਸ਼ਹਾਦਤਾਂ ਤੋਂ ਸੁਤੰਤਰ ਕੁਝ ਹੋਰ ਵਿਚਾਰ ਵੀ ਪ੍ਰਗਟ ਕਰਾਂਗੇ, ਜਿਸ ਤੋਂ ਕਿ ਇਸ ਖ਼ਿਆਲ ਦੀ ਪੁਸ਼ਟੀ ਹੋਵੇ ਕਿ ਸੂਫ਼ੀ ਦੇ ਮੁੱਢਲੇ ਅਰਥ, ਉੱਨ ਦੇ ਕੱਪੜੇ ਪਹਿਨਣ ਵਾਲਾ ਹੀ ਹਨ, ਪਰ ਇਸ ਲਈ ਨਹੀਂ ਕਿ ਯਸੂਅ ਮਸੀਹ ਯਾ ਈਸਾਈ ਸਾਧੂ ਉੱਨ ਦੇ ਕੱਪੜੇ ਧਾਰਨ ਕਰਨਾ ਪ੍ਰਾਚੀਨ ਭਾਰਤ ਦੇ ਸਾਧੂਆਂ ਦੀ ਇਕ ਅਤੀ ਪੁਰਾਤਨ ਪਰਪਾਟੀ ਸੀ ਅਤੇ ਸੂਫ਼ੀ ਮਤ ਦੀਆਂ ਜੜ੍ਹਾਂ ਵੀ ਭਾਰਤ ਦੇ ਪ੍ਰਾਚੀਨ ਸਿਧਾਂਤਾਂ ਅਤੇ ਸੰਪਰਦਾਵਾਂ ਵਿੱਚੋਂ ਹੀ ਉਗਮਦੀਆਂ ਹਨ, ਜੋ ਕਿ ਪਿਛਲੇਰੀਆਂ ਪੰਜਾਂ ਸਦੀਆਂ (9-14) ਵਿਚ ਅਰਬੀ ਦਾ ਜਾਮਾ ਓਢ ਕੇ ਯੂਨਾਨ ਦੇ ਦਰਸ਼ਨ ਦੇ ਗਹਿਣੇ ਪਾ ਕੇ, ਮਹਾਨ ਸੂਫ਼ੀ ਮਤ ਦੇ ਰੂਪ ਵਿਚ ਉਪਜ ਕੇ ਅਤੇ ਜਵਾਨ ਹੋ ਕੇ, ਇਕ ਵਿਸ਼ਵ ਵਿਚਾਰਧਾਰਾ ਬਣ ਗਈਆਂ ਹਨ। ਇਸ ਤੋਂ ਪਹਿਲਾਂ ਸੂਫ਼ੀ ਸ਼ਬਦ ਦੇ ਦੋ ਹੋਰ ਅਰਥ ਜੋ ਕਿ ਪਿਛਲੇਰੇ ਸਮੇਂ ਵਿਚ ਕੀਤੇ ਗਏ ਹਨ, ਇਥੇ ਅੰਕਿਤ ਕਰ ਦੇਣੇ ਉਚਿਤ ਹਨ। ਅੰਗਰੇਜ਼ ਵਿਦਵਾਨ ਬਰਾਊਨ ਅਤੇ ਆਕਸਫ਼ੋਰਡ ਦੇ ਜਗਤ ਪ੍ਰਸਿੱਧ ਲਿਖਾਰੀ, ਨਿਕਲਸਨ ਦਾ ਵਿਚਾਰ[2] ਹੈ ਕਿ ਸੂਫ਼ੀ ਮਤ ਦਾ ਨਿਕਾਸ ਨਵੀਨ ਅਫ਼ਲਾਤੂਨਵਾਦ (New Platonism) ਵਿੱਚੋਂ ਹੋਇਆ ਹੈ, ਜਿਸ ਉੱਤੇ ਕਿ ਈਸਾਈ ਤਿਆਗੀ ਸਾਧੂਆਂ ਦੀ ਵਿਚਾਰਧਾਰਾ ਦੀ ਪਾਣ ਚੜ੍ਹੀ ਹੋਈ ਹੈ। ਉਨ੍ਹਾਂ ਦਾ ਵਿਚਾਰ ਹੈ ਕਿ 'ਸੂਫ਼ੀ' ਸ਼ਬਦ, ਯੂਨਾਨੀ ਸ਼ਬਦ 'ਸੋਫੋਸ' (Sophos) ਵਿੱਚੋਂ ਨਿਕਲਿਆ ਹੈ, ਜਿਸ ਦੇ ਅਰਥ ਹਨ, ਬੁੱਧੀ। ਸੂਫ਼ੀ ਉਹ ਹੈ ਜਿਸ ਦੀ ਬੁੱਧੀ ਪ੍ਰਕਾਸ਼ਤ ਹੋ ਚੁੱਕੀ ਹੈ। ਇਹ ਅੰਗਰੇਜ਼ ਵਿਦਵਾਨ ਇਸ ਵਿਚਾਰ ਦੀ ਪੁਸ਼ਟੀ ਵਿਚ ਕੋਈ ਸ਼ਹਾਦਤ ਪੇਸ਼ ਨਹੀਂ ਕਰਦੇ। ਇਉਂ ਸਮਝੋ ਕਿ 'ਸੂਫ਼ੀ' ਸ਼ਬਦ ਦਾ ਇਹ ਅਰਥ, ਉਨ੍ਹਾਂ ਦੇ ਇਸ ਵਿਚਾਰ ਕਿ ਸੂਫ਼ੀ ਮਤ ਦੀਆਂ ਜੜ੍ਹਾਂ ਨਵੀਨ ਅਫ਼ਲਾਤੂਨਵਾਦ ਦੀ ਧਰਤੀ ਵਿਚ ਹਨ, ਦੀ ਇਕ ਕਰੂੰਬਲੀ ਹੀ ਹੈ। ਸੂਫ਼ੀ ਮਤ ਦਾ ਇਕ ਮਹਾਨ ਵਿਦਵਾਨ ਹੋਇਆ ਹੈ, ਅਬੁਲਕਾਸਿਮ ਅਲਕਸ਼ਅਰੀ (ਮ੍ਰਿਤੂ 1072)। ਇਸ ਦੀ ਜਗਤ ਪ੍ਰਸਿੱਧ ਅਰਬੀ ਪੁਸਤਕ *ਰਿਸਾਲਾ*, ਜੋ ਸੂਫ਼ੀ ਮਤ ਦਾ ਇਕ ਮਹਾਨ ਗ੍ਰੰਥ ਹੈ, ਵਿਚ ਲਿਖਿਆ ਹੈ ਕਿ 'ਸੂਫ਼ੀ' ਸ਼ਬਦ, ਅਰਬੀ ਭਾਸ਼ਾ ਦੇ ਸ਼ਬਦ 'ਸਫ਼ਵ' ਧਾਤੂ ਵਿੱਚੋਂ ਨਿਕਲਿਆ ਹੈ ਅਤੇ 'ਸਫ਼ਵ' ਦੇ ਅਰਥ ਹਨ, ਸੰਸ਼ੋਧਨ ਕਰਨਾ, ਸਾਫ਼ ਕਰਨਾ, ਪਵਿੱਤਰ ਬਣਾਉਣਾ ਆਦਿ। ਅਲਕਸ਼ਅਰੀ ਦੇ ਵਿਚਾਰ ਅਨੁਸਾਰ 'ਸੂਫ਼ੀ' ਦੇ ਅਰਥ ਇਹ ਹੋਏ :

---

1. *Ibid.*, p. 131.
2. See, Brown : *Literary History of Persia.* Also, Nicholson : *Selected Poems from Shamsi Tabriz.*

"ਉਹ ਜੋ ਆਪਣੇ ਆਪ ਨੂੰ ਸੋਧਦਾ ਹੈ, ਪਵਿੱਤਰ ਬਣਾਉਂਦਾ ਹੈ, ਉਹ 'ਸੂਫ਼ੀ' ਹੈ।"

ਸੁਖਮਨੀ ਵਿਚ ਆਇਆ ਗੁਰਵਾਕ :

**ਸੋ ਪੰਡਿਤੁ ਜੋ ਮਨੁ ਪਰਬੋਧੈ ॥** *(ਸੁਖਮਨੀ ਸਾਹਿਬ, ਪੰਨਾ 274)*

ਅਲਕਸ਼ਅਰੀ ਦੇ ਇਸ ਅਰਬੀ ਵਾਕ ਦਾ ਹੂ-ਬ-ਹੂ ਰੂਪ ਲੱਗਦਾ ਹੈ। ਇਹ ਤਿੰਨ ਵਿਚਾਰ 'ਸੂਫ਼ੀ' ਸ਼ਬਦ ਦੇ ਮੁੱਢਲੇ ਅਰਥਾਂ ਬਾਰੇ ਵਿਦਵਾਨਾਂ ਨੇ ਕਥਨ ਕੀਤੇ ਹਨ। ਹੁਣ ਅਸੀਂ ਸੂਫ਼ੀ ਮਤ ਦੇ ਬੁਨਿਆਦੀ ਸਿਧਾਂਤਾਂ ਦਾ ਸੰਖੇਪ ਵਰਣਨ ਕਰ ਕੇ, ਉਨ੍ਹਾਂ ਸਿਧਾਂਤਾਂ ਦੇ ਨਿਕਾਸ ਬਾਰੇ ਵਿਚਾਰ ਕਰਨ ਸਮੇਂ, ਸਿੱਧ ਕਰਨ ਦਾ ਜਤਨ ਕਰਾਂਗੇ ਕਿ 'ਸੂਫ਼ੀ' ਪਦ ਦੇ ਸ਼ਾਬਦਿਕ ਅਰਥ ਪਹਿਲੇ ਤੇ ਮੁੱਢਲੇ ਹੀ ਠੀਕ ਤੇ ਪ੍ਰਮਾਣੀਕ ਹਨ, ਬਾਕੀ ਦੋਵੇਂ ਮਨੋਕਲਪਿਤ ਅਤੇ ਵਾਦ-ਆਸ਼ਰਿਤ ਹਨ।

## (2) ਸੂਫ਼ੀ ਮਤ ਦੇ ਸਿਧਾਂਤ ਕੀ ਹਨ ?

ਸੂਫ਼ੀ ਮਤ ਦੇ ਸਰਬ ਪ੍ਰਮਾਣੀਕ ਸਿਧਾਂਤ ਅਤੇ ਰਹੁ-ਰੀਤ ਜੋ ਕਿ ਸੂਫ਼ੀ ਮਤ ਦੀਆਂ ਭਿੰਨ-ਭਿੰਨ ਸ਼ਾਖ਼ਾਂ ਅਤੇ ਸੰਪਰਦਾਵਾਂ ਦੇ ਧਰਮ-ਗ੍ਰੰਥਾਂ ਦੇ ਅਧਿਐਨ ਕਰਨ ਤੋਂ ਸਹੀ ਹੁੰਦੇ ਹਨ[1] :

1. ਈਸ਼ਵਰੀ ਸੱਤਾ ਸਰਬ-ਵਿਆਪਕ ਹੈ;
2. ਧਾਰਮਿਕ ਸੰਘਾਂ ਅਤੇ ਮੱਠਾਂ ਦੀ ਪ੍ਰਾਪਤੀ;
3. ਧਾਰਮਿਕ ਜੀਵਨ ਨੂੰ ਮਾਰਗ, ਪੰਥ (ਤਰੀਕ਼ਤ) ਨਾਲ ਤੁਲਨਾ ਦੇਣੀ;
4. ਸ਼ਿੰਗਾਰ ਰਸ ਦੇ ਪ੍ਰਮਾਣਾਂ ਦੀ ਆਤਮਕ ਅਵਸਥਾ ਨੂੰ ਨਿਰੂਪਣ ਕਰਨ ਲਈ ਖੁੱਲ੍ਹੀ ਵਰਤੋਂ; ਅਤੇ
5. ਪੁਨਰ-ਜਨਮ ਵਿਚ ਸਪੱਸ਼ਟ ਯਾ ਪਰੋਖ ਤੇ ਲੁਕਵਾਂ ਵਿਸ਼ਵਾਸ।

ਇਹ ਪੰਜ ਚਿੰਨ੍ਹ ਤੇ ਸਿਧਾਂਤ ਸੂਫ਼ੀ ਮਤ ਦੇ ਸਭ ਸੰਪਰਦਾਵਾਂ ਅਤੇ ਸ਼ਾਖ਼ਾਂ ਵਿਚ ਪ੍ਰਚਲਿਤ ਹਨ, ਕਿਤੇ ਸਪੱਸ਼ਟ ਅਤੇ ਕਿਤੇ ਰਾਜਸੀ ਯਾ ਸਮਾਜਿਕ ਵਾਤਾਵਰਣ ਨੂੰ ਮੁੱਖ ਰੱਖ ਕੇ ਲੁਕਵੇਂ ਇਸ਼ਾਰਿਆਂ ਦੇ ਚਿੰਨ੍ਹਾਂ ਵਿਚ। ਪੁਰਾਤਨ ਸੂਫ਼ੀ ਲਿਖਾਰੀਆਂ ਵਿਚ ਅਲ-ਹਰਸ-ਬਿਨ-ਅਸ-ਦਿਲ-ਮੁਹਾਸਿਬੀ (ਜਨਮ 781) ਦਾ ਨਾਮ ਬੜਾ ਪ੍ਰਸਿੱਧ ਹੈ ਅਤੇ ਇਸ ਵਿਦਵਾਨ ਦਾ ਬਹੁਤ ਸਾਰਾ ਜੀਵਨ ਬਗ਼ਦਾਦ ਵਿਚ ਹੀ ਬੀਤਿਆ। ਇਸ ਨੇ ਪਹਿਲੋਂ-ਪਹਿਲ ਸੂਫ਼ੀ ਮਤ ਦੇ ਸਿਧਾਂਤਾਂ ਨੂੰ ਇਸਲਾਮ ਨਾਲ ਮੇਲਣ ਦਾ ਭਰਪੂਰ ਜਤਨ ਕੀਤਾ ਅਤੇ ਹਜ਼ਾਰਾਂ ਹਦੀਸਾਂ, ਹਜ਼ਰਤ ਮੁਹੰਮਦ ਦੇ ਕੁਰਾਨ ਸ਼ਰੀਫ਼ ਵਿਚ ਅੰਕਿਤ ਬਚਨ, ਇਕੱਠੇ ਕੀਤੇ ਯਾ ਜਿਵੇਂ ਕਿ ਉਸ ਦਾ ਸਮਕਾਲੀ ਅਹਿਮਦ-ਬਿਨ-ਹੰਬਲ ਕਹਿੰਦਾ ਹੈ, ਮਨੋਕਲਪਤ ਕੀਤੇ, ਜਿਨ੍ਹਾਂ ਦੇ ਆਧਾਰ 'ਤੇ ਇਹ ਸਿੱਧ ਕੀਤਾ ਜਾ ਸਕੇ ਕਿ ਸੂਫ਼ੀ ਮਤ ਦੇ ਸਿਧਾਂਤ ਅਤੇ ਸਾਧਨ ਇਸਲਾਮੀ ਮਤ ਦੇ ਅਨੁਕੂਲ ਹਨ। ਇਸ ਮੁਹਾਸਿਬੀ ਨੇ ਸੂਫ਼ੀ ਮਤ ਉੱਤੇ ਇਕ ਮਹਾਨ ਗ੍ਰੰਥ ਅਰਬੀ ਭਾਸ਼ਾ ਵਿਚ ਲਿਖਿਆ ਹੈ—*ਅਲ ਰਿਆਇਆਲਿ ਹਕੂਕੱਲਾ*। ਇਸ ਵਿਚ ਉਹ ਕਹਿੰਦਾ ਹੈ :

"ਜਿਉਂਦਿਆਂ ਮਰ ਜਾਣਾ, ਇਹੋ ਦੀਨ ਅਤੇ ਇਹੋ ਸੂਫ਼ੀ ਮਤ ਹੈ।"

---

1. *Hinduism and Buddhism*. By Sir Charles Eliot, 1950, III, p. 460.

ਇਸ ਦਾ ਜਗਤ ਪ੍ਰਸਿੱਧ ਚੇਲਾ ਅਤੇ ਸਮਕਾਲੀ, ਅਲ-ਜੁਨੇਦ ਬਗ਼ਦਾਦੀ (ਮ੍ਰਿਤੂ 910) ਸੀ, ਜਿਸ ਨੂੰ ਸੂਫ਼ੀ ਲੋਕ ਉਸ ਦੀ ਵਿਦਵਤਾ ਅਤੇ ਆਤਮਕ ਉੱਚਤਾ ਦੇ ਕਾਰਨ, 'ਸ਼ੈਖ਼ੁਲ ਤਰੀਕਤ' ਅਥਵਾ ਸੂਫ਼ੀ ਮਤ ਦਾ ਮਹਾਨ ਆਚਾਰੀਆ ਕਹਿੰਦੇ ਹਨ। ਉਸ ਦੇ ਕਥਨ ਅਨੁਸਾਰ ਸੂਫ਼ੀ ਮਤ ਇਹ ਹੈ:

> "ਅਕਾਲ ਪੁਰਖ ਤੇਰੀ ਅਹੰ ਦੀ ਮ੍ਰਿਤੂ ਕਰ ਕੇ ਤੈਨੂੰ ਆਪਣੇ ਆਪੇ ਵਿਚ ਜੀਵਨ ਪ੍ਰਦਾਨ ਕਰੇ।[1]

ਸੂਫ਼ੀ ਮਤ ਦਾ ਧਰੂ ਤਾਰਾ, ਹੁਸੈਨ-ਬਿਨ-ਮਨਸੂਰ-ਅਲ-ਹੱਲਾਜ, ਪੇਂਜਾ, ਜਿਸ ਨੂੰ ਕਿ ਸੰਨ 922 ਵਿਚ ਬਗ਼ਦਾਦ ਵਿਚ 'ਸੱਜਣ ਵਜ਼ੀਰ' ਅਲੀ-ਇਬਨ-ਈਸਾ ਦੇ ਹੁਕਮ ਨਾਲ ਸੂਲੀ ਉੱਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਉਹ ਉਪਰੋਕਤ ਅਲ-ਜੁਨੈਦ ਦਾ ਸਮਕਾਲੀ ਹੀ ਸੀ, ਪਰ ਅਲ-ਜੁਨੈਦ ਨਾਲੋਂ ਕਿਤੇ ਵੱਧ ਨਿਡਰ ਤੇ ਬੇਬਾਕ ਕਹਿੰਦਾ ਮਨਸੂਰ ਵੀ ਉਹੋ ਸੀ, ਜੋ ਜੁਨੈਦ ਨੇ ਕਿਹਾ ਕਿ ਆਤਮਾ ਦਾ ਪਰਮਾਤਮਾ ਵਿਚ ਪ੍ਰਵੇਸ਼ ਹੀ ਸੂਫ਼ੀ ਸਾਧਨ ਦੀ ਅੰਤਿਮ ਮੰਜ਼ਿਲ ਹੈ, ਪਰ ਆਪਣੀ ਪੁਸਤਕ *ਕਿਤਾਬੁੱਤ-ਵਾਸੀਨ* ਵਿਚ ਮਨਸੂਰ ਬਹੁਤ ਸਪੱਸ਼ਟ ਹੋ ਗਿਆ:

> "ਜੇ ਤੂੰ ਅਕਾਲ ਪੁਰਖ ਨੂੰ ਨਹੀਂ ਪਛਾਤਾ ਤਾਂ ਉਸ ਦੀਆਂ ਨਿਸ਼ਾਨੀਆਂ ਤਾਂ ਪਛਾਣ। ਅਹੰ ਉਸ ਦੀ ਨਿਸ਼ਾਨੀ ਹੈ। ਅਹੰ ਹੀ ਪਰਮ-ਸੱਤ (ਅਨਲਹੱਕ) ਹੈ, ਕਿਉਂਜੁ ਅਕਾਲ ਪੁਰਖ ਦੀ ਪਰਮ ਸੱਤਾ ਦੁਆਰਾ ਹੀ ਅਹੰ ਸਦਾ ਸੱਤ ਹੈ।"[2]

ਇਸ ਵਿਚ ਮਨਸੂਰ ਨੇ ਇਹ ਨਹੀਂ ਸੀ ਕਿਹਾ ਕਿ ਮੈਂ (ਮਨਸੂਰ-ਅਲ-ਹੱਲਾਜ), ਅਕਾਲ ਪੁਰਖ ਹਾਂ। ਉਹ ਕੇਵਲ ਉਪਨਿਸ਼ਦਾਂ ਦੇ ਸਿਧਾਂਤ 'ਤੱਤਵਮਸਿ', 'ਬ੍ਰਹਮਾਸਮਿ',[3] 'ਅਹੰ ਬ੍ਰਹਮ' ਦੀ ਅਰਬੀ ਭਾਸ਼ਾ ਵਿਚ ਅਨੁਵਾਦ ਕਰਨ ਦੇ ਜਤਨ ਹੀ ਕਰ ਰਿਹਾ ਸੀ, ਪਰ ਸ਼ਰਅ ਦੀ ਅਦਾਲਤ ਦਾ ਫ਼ੈਸਲਾ ਇਹ ਹੋਇਆ ਕਿ ਮਨਸੂਰ ਨੇ ਰੱਬ ਹੋਣ ਦਾ ਦਾਅਵਾ ਕੀਤਾ ਹੈ। ਜਦੋਂ ਮਨਸੂਰ ਨੂੰ ਸੂਲੀ ਉੱਤੇ ਟੰਗਣ ਲਈ ਲਿਆਏ ਅਤੇ ਲੋਕਾਂ ਦੀ ਭੀੜ ਵਿਚ, ਸੂਲੀ ਗੱਡੀ ਹੋਈ ਦੇਖੀ, ਤਾਂ ਉਸ ਨੇ ਆਪਣਾ ਮੂੰਹ ਲੋਕਾਂ ਵੱਲੋਂ ਫੇਰਿਆ ਅਤੇ ਅਰਦਾਸ ਕੀਤੀ, ਜਿਸ ਦੇ ਅੰਤਮ ਸ਼ਬਦ ਇਹ ਸਨ:

> "ਇਹ ਤੇਰੇ ਦਾਸ ਜੋ ਮੈਨੂੰ ਸੂਲੀ ਉੱਤੇ ਚਾੜ੍ਹ ਕੇ ਮਾਰਨ ਲਈ ਇਕੱਠੇ ਹੋਏ ਹਨ, ਤਾਂ ਜੁ ਤੇਰਾ ਧਰਮ ਤੇ ਮਰਯਾਦਾ ਸੁਰੱਖਿਅਤ ਹੋਵੇ, ਇਨ੍ਹਾਂ ਨੂੰ ਬਖ਼ਸ਼ ਦੇਹੁ। ਹੇ ਅਕਾਲ ਪੁਰਖ! ਇਨ੍ਹਾਂ ਉੱਤੇ ਮੇਹਰ ਕਰ, ਕਿਉਂਜੁ ਜਿਸ ਅਨੁਭਵ ਦੀ ਤੂੰ ਮੇਰੇ 'ਤੇ ਕਿਰਪਾ ਕੀਤੀ ਹੈ, ਜੇ ਉਹ ਅਨੁਭਵ ਤੂੰ ਇਨ੍ਹਾਂ ਨੂੰ ਬਖ਼ਸ਼ਦਾ ਤਾਂ ਇਹ ਜੋ ਕੁਝ ਮੇਰੇ ਨਾਲ ਕਰਨ ਲੱਗੇ ਹਨ, ਉਹ ਕਦਾਚਿਤ ਨਾ ਕਰਦੇ। ਜਿਸ ਅਨੁਭਵ ਤੋਂ ਤੂੰ ਇਨ੍ਹਾਂ ਨੂੰ ਵੰਚਿਤ ਰੱਖਿਆ ਹੈ, ਜੇ ਤੂੰ ਮੈਨੂੰ ਵੀ ਇਸ ਤੋਂ ਵੰਚਿਤ ਰੱਖਦਾ ਤਾਂ ਮੇਰਾ ਇਹ ਹਾਲ ਨਾ ਹੁੰਦਾ, ਜੋ ਹੋਣ ਲੱਗਾ ਹੈ। ਜੋ ਤੂੰ ਕਰੇਂ ਸੋ ਭਲਾ ਹੈ, ਜੋ ਤੂੰ ਦੇਵੇਂ ਸੋ ਭਲਾ ਹੈ। ਤੈਨੂੰ ਸਦਾ ਨਮਸਕਾਰ ਹੈ।"[4]

---

1. *Risala*, Alqushari, p. 126.
2. Quoted in Nicholson, *Idea of Personality*, p. 32.
3. ਸੰਸਕ੍ਰਿਤ ਦਾ ਪ੍ਰਸਿੱਧ ਸਲੋਕ ਹੈ:
   ਅਮਿਤ ਬ੍ਰਹਮ ਇਤਿ ਚੇਦ ਵੇਦ ਪ੍ਰੋਕਸ਼ਮ ਗਿਆਨਮ ਏਵ ਤਤ।
   ਅਹਮ ਬ੍ਰਹਮ ਇਤਿ ਚੇਦ ਵੇਦ ਪ੍ਰਤਕਸ਼ਯਮ ਗਿਆਨਮ ਏਵ ਤਤ।
   ਅਰਥਾਤ ਇਹ ਕਹਿਣਾ ਕਿ ਅਕਾਲ ਪੁਰਖ ਹੈ, ਸੁਣਿਆ ਸੁਣਾਇਆ ਗਿਆਨ ਹੈ, ਅਤੇ ਇਹ ਕਹਿਣਾ ਕਿ ਮੈਂ ਬ੍ਰਹਮ ਹਾਂ, ਪ੍ਰਤੱਖ ਗਿਆਨ ਹੈ। ਮਨਸੂਰ ਨੇ ਇਹੋ ਗੱਲ *ਕਿਤਾਬੁੱਤਵਾਸੀਨ* ਵਿਚ ਕਹੀ ਸੀ, ਜਿਸ ਕਾਰਨ ਉਸ ਨੂੰ ਸੂਲੀ ਟੰਗ ਦਿੱਤਾ ਗਿਆ।
4. Nicholson, *Legacy of Islam*, p. 217.

ਇਸ ਸਾਕੇ ਤੋਂ ਪਿੱਛੋਂ ਕਿਸੇ ਸੂਫ਼ੀ ਨੂੰ ਆਪਣੇ ਮਤ 'ਤੇ ਵਿਸ਼ਵਾਸ ਦਾ, ਇਸ ਸਪੱਸ਼ਟਤਾ ਨਾਲ ਵਰਣਨ ਕਰਨ ਦਾ ਹੌਸਲਾ ਨਹੀਂ ਪਿਆ ਅਤੇ ਸੂਫ਼ੀ ਮਤ ਦੇ ਕੇਂਦਰੀ ਸਿਧਾਂਤ, "ਏਕੋ ਬ੍ਰਹਮ ਦੁਤੀ ਨਾਸਤਿ" ਅਤੇ ਪੁਨਰ-ਜਨਮ, ਸਾਕੀ, ਸ਼ਰਾਬ, ਪਿਆਲਾ, ਬੁਲਬੁਲ, ਬਹਾਰ ਆਦਿ ਸ਼ਿੰਗਾਰ ਰਸ ਦੇ ਅਲੰਕਾਰਾਂ ਹੇਠ ਦੱਬੇ ਗਏ[1] ਅਤੇ ਸੂਫ਼ੀ ਮਤ ਦੇ ਲਿਖਾਰੀਆਂ ਅਤੇ ਵਿਦਵਾਨਾਂ ਨੇ ਬੜੇ ਗੌਰਵਮਈ ਜਤਨ, ਸੂਫ਼ੀ ਮਤ ਨੂੰ ਕੁਰਾਨ, ਮੁਹੰਮਦ ਅਤੇ ਹਦੀਸ ਦੇ ਕੱਪੜੇ ਪੁਆਉਣ ਦੇ ਕੀਤੇ, ਤਾਂ ਜੁ ਇਸ ਦਾ ਪ੍ਰਭਾਵਸ਼ਾਲੀ ਮੂੰਹ ਸ਼ਰਅ ਦੀ ਸੰਜਮ ਮਰਯਾਦਾ ਦੇ ਬੁਰਕੇ ਵਿਚ ਲੁਕਿਆ ਰਹੇ ਅਤੇ ਇਹ ਰਾਜਸੀ ਇਸਲਾਮ ਦੀ ਕ੍ਰੋਧ-ਕਰੂਰਤਾ ਤੋਂ ਬਚਿਆ ਰਹੇ। ਸੂਫ਼ੀ ਮਤ ਵਿਚ ਇਸ ਝੁਕਾਉ ਦਾ ਮਹਾਨ ਵਿਦਵਾਨ ਪ੍ਰਚਾਰਕ ਹੈ, ਅਬੂ ਹਾਮਿਦ ਮੁਹੰਮਦ-ਬਿਨ-ਮੁਹੰਮਦ ਅਲਗ਼ਜ਼ਾਲੀ, (1059-1111) ਜੋ ਕਿ ਨਿਜ਼ਾਮੀਅਹ ਮਦਰੱਸਾ ਬਗ਼ਦਾਦ ਵਿਚ ਇਸਲਾਮੀ ਧਰਮ ਦਾ ਪ੍ਰੋਫ਼ੈਸਰ ਸੀ ਅਤੇ ਜਿਸ ਨੇ ਇਹ ਸਿੱਧ ਕਰਨ ਲਈ ਕਿ ਸੂਫ਼ੀ ਮਤ ਇਸਲਾਮੀ ਮਤ ਦੇ ਐਨ ਅਨੁਕੂਲ ਹੈ, ਮਹਾਨ ਗ੍ਰੰਥ, *ਅਹਯਾਉਲ-ਉਲੂਮ-ਉਲ-ਦੀਨ*,[2] ਨਾਮੀ ਅਰਬੀ ਭਾਸ਼ਾ ਵਿਚ ਲਿਖਿਆ ਅਤੇ ਇਸ ਦੇ ਕਾਰਨ ਇਸਲਾਮੀ ਸੰਸਾਰ ਵਿਚ, 'ਹੁੱਜਤੁਲ-ਇਸਲਾਮ' ਦੀ ਮਾਨਨੀਯ ਉਪਾਧੀ ਨਾਲ ਪ੍ਰਸਿੱਧ ਹੋਇਆ। ਇਹ ਉਹੋ ਗ੍ਰੰਥ ਹੈ ਜਿਸ ਦਾ ਅਨੁਵਾਦ ਅਨੰਦਪੁਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਤਾਰ੍ਹਵੀਂ ਸਦੀ ਦੇ ਅੰਤ ਵਿਚ ਸੱਯਦ ਬਦਰੁੱਦੀਨ ਸਾਧਵਾਰਾ ਆਦਿ ਸੂਫ਼ੀ ਵਿਦਵਾਨਾਂ ਦੀ ਸਹਾਇਤਾ ਨਾਲ ਪੰਜਾਬੀ ਗੱਦ ਵਿਚ ਕਰਵਾਇਆ ਸੀ ਅਤੇ ਜਿਸ ਦੇ ਕੁਝ ਪੱਤਰੇ, ਅਨੰਦਪੁਰ ਦੀ ਤਬਾਹੀ ਤੋਂ ਪਹਿਲਾਂ, ਗੁਰੂ ਘਰ ਦਾ ਅਨਿੰਨ ਸਿੱਖ ਸੇਵਾ ਦਾਸ, ਆਪਣੇ ਡੇਰੇ, ਧੱਨੀ ਦੇਸ਼ ਵਿਚ ਲੈ ਗਿਆ ਸੀ ਅਤੇ ਜੋ ਪੱਤਰੇ ਅੱਜ ਵੀ *ਪਾਰਸਭਾਗ* ਸੰਗਿਆ ਹੇਠ ਸੇਵਾ-ਪੰਥੀ ਸਿੱਖਾਂ ਦੇ ਡੇਰਿਆਂ ਵਿਚ ਸਨਮਾਨੇ ਤੇ ਅਧਿਐਨ ਕੀਤੇ ਜਾਂਦੇ ਹਨ। ਇਸ ਅਲਗ਼ਜ਼ਾਲੀ ਦਾ ਇਕ ਹੋਰ ਗ੍ਰੰਥ ਹੈ, ਸਵੈ-ਜੀਵਨੀ ਦੇ ਰੂਪ ਵਿਚ, *ਅਲ-ਮੁਨਕਿਦ-ਅਲ-ਸਲਾਲ*। ਇਸ ਵਿਚ ਉਹ ਲਿਖਦਾ ਹੈ :

---

1. (ੳ) ਹਰ ਚੰਦ ਹੋ ਮੁਸ਼ਾਹਦਾ-ਏ ਹਕ ਕੀ ਗੁਫ਼ਤਗੂ, ਬਨਤੀ ਨਹੀਂ ਹੈ ਸਾਗਰੋ ਮੀਨਾ ਕਹੇ ਬਗ਼ੈਰ।

*(ਮਿਰਜ਼ਾ ਗਾਲਿਬ)*

(ਅ) ਅਗਰਚਿਹ ਬਾਦਹ ਫ਼ਰਹਬਖ਼ਸ਼ੋ ਬਾਦ ਗੁਲਬੇਜ਼ਸਤ,
ਬਬਾਂਗੇ ਚੰਗ ਮਖ਼ੁਰ ਮੈ ਕਿਹ ਮੁਹਤਸਿਬ ਤੇਜ਼ਸਤ।
ਦਰ ਆਸਤੀਨੇ ਮਰੱਕਅ ਪਿਆਲਾ ਪਿਨਹਾਂ ਕੁਨ,
ਕਿਹ ਹਮਚੂ ਚਸ਼ਮੇ ਸੁਰਾਹੀ ਜ਼ਮਾਨਹ ਖ਼ੂੰਰੇਜ਼ਸਤ। *(ਹਾਫ਼ਿਜ਼ ਸ਼ੀਰਾਜ਼ੀ)*

2. ਇਸ ਜਗਤ ਪ੍ਰਸਿੱਧ ਕਿਤਾਬ ਦਾ ਨਾਮ ਪ੍ਰਾਚੀਨ ਭਾਰਤੀ ਵਿਚਾਰਧਾਰਾ ਨਾਲ ਸੰਬੰਧਤ ਹੈ। ਲਗਭਗ ਤੀਜੀ ਸਦੀ ਮਸੀਹੀ ਵਿਚ ਇਕ ਬੋਧ ਵਿਦਵਾਨ, ਅਸ਼ਵਘੋਸ਼ ਨੇ ਇਕ ਗ੍ਰੰਥ ਲਿਖਿਆ ਸੀ, *ਮਹਾਨਯਾਨਧਰਮੋਦਯ* ਜਿਸ ਦਾ ਕਿ ਪ੍ਰਿਥਮ ਸੰਸਕ੍ਰਿਤ ਰੂਪ ਅਲੋਪ ਹੋ ਚੁੱਕਾ ਹੈ ਅਤੇ ਜਿਸ ਦੇ ਚੀਨੀ ਭਾਸ਼ਾ ਤੋਂ ਜਾਪਾਨੀ ਵਿਚ ਹੋਏ ਉਲਥੇ ਦਾ ਅੰਗਰੇਜ਼ੀ ਉਲਥਾ ਵੀਹ ਕੁ ਵਰ੍ਹੇ ਹੋਏ, ਜਾਪਾਨੀ ਜੈਨ ਬੋਧ ਮਤ ਦੇ ਪੰਡਿਤ, ਡਾਕਟਰ ਸੁਜ਼ੂਕੀ ਨੇ ਪ੍ਰਕਾਸ਼ਤ ਕੀਤਾ ਹੈ। *ਅਹਯਾਉਲ-ਉਲੂਮ-ਉਲ-ਦੀਨ*, ਅਲਗ਼ਜ਼ਾਲੀ ਗ੍ਰੰਥ ਦਾ ਨਾਮ 'ਮਹਾਯਾਨਧਰਮੋਦਯ', ਸ਼ਬਦ ਦਾ ਅਰਬੀ ਤਰਜੁਮਾ ਹੀ ਹੈ। ਅਸ਼ਵਘੋਸ਼ ਤੋਂ ਪੰਦਰਾਂ ਸੌ ਵਰ੍ਹੇ ਪਿੱਛੋਂ ਅਤੇ ਅਲਗ਼ਜਾਲੀ ਤੋਂ ਸੱਤ ਸੌ ਵਰ੍ਹੇ ਪਿੱਛੋਂ, ਚੂੜਾਮਣਿ ਕਵਿ ਭਾਈ ਸੰਤੋਖ ਸਿੰਘ ਜੀ ਨੇ ਜਦੋਂ ਸਿੱਖ ਮਤ ਨੂੰ ਵੇਦ ਸ਼ਾਸਤਰ ਦਾ ਸਰਬੋਤਮ ਸਾਰ ਅਤੇ ਸਰਬ ਕਲਿਆਣਕਾਰੀ ਧਰਮ ਸਿੱਧ ਕਰਨ ਦਾ ਜਤਨ ਕੀਤਾ ਤਾਂ ਉਸ ਨੇ ਵੀ ਆਪਣੇ ਮਹਾਨ ਗ੍ਰੰਥ ਦਾ ਨਾਂ *ਗੁਰ ਪ੍ਰਤਾਪ ਸੂਰਯ* ਹੀ ਰੱਖਿਆ ਜੋ ਕਿ ਅਸ਼ਵਘੋਸ਼ ਅਤੇ ਅਲਗ਼ਜ਼ਾਲੀ ਦੇ ਗ੍ਰੰਥਾਂ ਦੇ ਨਾਮਾਂ ਦਾ ਉਲਥਾ ਅਨੁਵਾਦ ਹੀ ਹੈ ਅਤੇ ਅਸ਼ਵਘੋਸ਼ ਅਤੇ ਅਲਗ਼ਜਾਲੀ ਦੀ ਦਰਸਾਈ ਹੋਈ ਵਿਚਾਰਧਾਰਾ ਦੇ, ਸਿੱਖ ਮਤ ਵਿਚ ਨਿਰੰਤਰ ਪ੍ਰਵੇਸ਼ ਦਾ ਸੂਚਕ ਵੀ ਹੈ।

> "ਫਿਰ ਮੈਂ ਸੂਫ਼ੀ ਪੰਥ ਵੱਲ ਮੂੰਹ ਮੋੜਿਆ। ਮੈਨੂੰ ਪਤਾ ਸੀ ਕਿ ਇਸ ਪੰਥ ਵਿਚ ਸਿਧਾਂਤ ਅਤੇ ਸਾਧਨ ਦੋਵੇਂ ਜ਼ਰੂਰੀ ਹਨ। ਤੱਤ ਸਿਧਾਂਤ ਇਸ ਮਤ ਦਾ ਇਹ ਹੈ, ਸਰੀਰ ਅਤੇ ਮਨ ਦੀਆਂ ਵਾਸ਼ਨਾਂ, ਤ੍ਰਿਸ਼ਨਾਂ ਦਾ ਨਾਸ਼ ਕੀਤਾ ਜਾਵੇ ਅਤੇ ਅਸ਼ੁੱਧ ਬਿਰਤੀਆਂ ਦਾ ਨਿਰੋਧ ਕੀਤਾ ਜਾਵੇ ਅਤੇ ਮਨ ਵਿੱਚੋਂ ਵਾਹਿਗੁਰੂ ਅਕਾਲ ਪੁਰਖ ਦੀ ਪ੍ਰਾਪਤੀ ਦੀ ਇੱਛਾ ਤੋਂ ਬਿਨਾਂ ਸਭ ਆਸ਼ਾ ਵਿਨਾਸ਼ ਕਰ ਦਿੱਤੀ ਜਾਵੇ। ਇਸ ਪਦ ਦੀ ਪ੍ਰਾਪਤੀ ਦਾ ਸਰਬ ਉੱਚ ਸਾਧਨ ਨਾਮ-ਸਿਮਰਨ (ਜ਼ਿਕਰੱਲਾ) ਹੈ।"[1]

ਸੂਫ਼ੀ ਮਤ ਦੇ ਸਿਧਾਂਤਾਂ ਦੀ ਇਸ ਵਿਆਖਿਆ ਦਾ ਅੰਤਕਾ ਅਸੀਂ ਮੁੱਲਾ ਨੂਰੁੱਦੀਨ ਅਬਦੁਰ ਰਹਿਮਾਨ ਜਾਮੀ (1414-1494) ਦੀ ਪ੍ਰਸਿੱਧ ਪੁਸਤਕ *ਲਵਾਈਹ* ਵਿਚ ਇਕ ਟੋਟੇ ਦੇ ਰੂਪ ਵਿਚ ਦਿੰਦੇ ਹਾਂ, ਜਿਸ ਵਿਚ ਸੂਫ਼ੀ ਮਤ ਦੀ ਰੂਹ ਦਾ ਇਕ ਨਿਰਮਲ ਝਲਕਾਰਾ ਪੈਂਦਾ ਹੈ :

> "ਹੇ ਸਰਬਾਧਾਰ, ਵਾਹਿਗੁਰੂ ਅਕਾਲ ਪੁਰਖ! ਅਸਾਡੇ ਮਨ ਨੂੰ ਨਾਸ਼ਮਾਨ ਬਿਅਰਥ ਕਾਰਜਾਂ ਵੱਲੋਂ ਉਪਰਾਮ ਕਰ ਕੇ ਵਸਤੂਆਂ ਦੇ ਤੱਤ ਦੀ ਸੋਝੀ ਬਖ਼ਸ਼। ਅਸਾਡੇ ਨੇਤਰਾਂ ਤੋਂ ਗ਼ਫ਼ਲਤ ਦਾ ਪਰਦਾ ਉਤਾਰ ਕੇ, ਅਸਾਨੂੰ ਸੰਸਾਰ ਦੇ ਵਾਸਤਵ ਰੂਪ ਦੇ ਦਰਸ਼ਨ ਕਰਾ। ਅਸਾਨੂੰ ਮਾਇਆ ਬ੍ਰਹਮ ਰੂਪ ਹੋ ਕੇ ਨਾ ਭਾਸੇ। ਆਪਣੇ ਸ਼ੁੱਧ ਰੂਪ ਉੱਤੇ ਮਾਇਆ-ਰੂਪੀ ਭੁਲੇਖੇ ਦਾ ਪਰਦਾ ਸਾਡੀ ਬੁੱਧੀ ਉੱਤੇ ਨਾ ਪਾ।"[2]

## (3) ਸੂਫ਼ੀ ਮਤ ਦਾ ਨਿਕਾਸ ਯਾ ਮੂਲ ਕੀ ਹੈ ?

ਸੂਫ਼ੀ ਮਤ ਦੇ ਇਨ੍ਹਾਂ ਸਿਧਾਂਤਾਂ ਅਤੇ ਇਸ ਪੰਥ ਦੀ ਰੂਹ ਦਾ ਸੋਮਾ ਕੀ ਹੈ ? ਪਿੱਛੇ ਦੱਸ ਆਏ ਹਾਂ ਕਿ ਈਸਾਈ ਮਤ ਦੇ ਤਪੀ, ਤਿਆਗੀ, ਸਾਧੂਆਂ ਦੀ ਵਿਚਾਰਧਾਰਾ, ਜਿਸ ਉੱਤੇ ਕਿ ਨਵੀਨ ਅਫ਼ਲਾਤੂਨਵਾਦ ਦੇ ਵਿਚਾਰਾਂ ਦੀ ਪਾਨ ਚੜ੍ਹੀ ਹੋਈ ਹੈ, ਸੂਫ਼ੀ ਮਤ ਦਾ ਸੋਮਾ ਪ੍ਰਾਚੀਨ ਸੂਫ਼ੀਆਂ ਦੀਆਂ ਆਪਣੀਆਂ ਲਿਖਤਾਂ ਤੋਂ ਅਤੇ ਆਧੁਨਿਕ ਯੂਰਪੀ ਵਿਦਵਾਨਾਂ ਦੀਆਂ ਲਿਖਤਾਂ ਤੋਂ ਸਪੱਸ਼ਟ ਹੁੰਦਾ ਹੈ। ਇਹ ਵੀ ਦੱਸ ਆਏ ਹਾਂ ਕਿ ਸੂਫ਼ੀ ਮਤ ਦੇ ਮਹਾਨ ਲਿਖਾਰੀ ਤੇ ਵਿਦਵਾਨ ਕੁਰਾਨ ਅਤੇ ਹਦੀਸ ਨੂੰ ਸੂਫ਼ੀ ਮਤ ਦਾ ਆਧਾਰ ਅਤੇ ਪ੍ਰਮਾਣ ਮਿਥਦੇ ਹਨ। ਅਜਿਹੀ ਮਿਥਣ ਦੀ ਆਵੱਸ਼ਕਤਾ ਕਿਉਂ ਹੋਈ ? ਉਨ੍ਹਾਂ ਰਾਜਸੀ ਕਾਰਨਾਂ ਵੱਲ ਵੀ ਇਸ਼ਾਰਾ ਪਿੱਛੇ ਹੋ ਚੁੱਕਾ ਹੈ। ਇਸ ਵਿਚ ਸੰਦੇਹ ਨਹੀਂ ਕਿ ਭਾਵੇਂ ਕੁਰਾਨ ਸ਼ਰੀਫ਼ ਵਿਚ ਬਹੁਤ ਅਤੇ ਵਿਸ਼ੇਸ਼ ਕਰਕੇ ਰਾਜ ਸਮਾਜ ਦੀਆਂ ਸਮੱਸਿਆਵਾਂ ਉੱਤੇ ਹੀ ਸ਼ਰੁਤੀ ਸਿਮ੍ਰਿਤੀ ਵਿਧਾਨ ਵਰਣਨ ਕੀਤੇ ਹੋਏ ਹਨ, ਪਰ ਕੁਝ ਵਾਕ ਆਇਤਾਂ, ਕੁਰਾਨ ਸ਼ਰੀਫ਼ ਵਿਚ ਐਸੀਆਂ ਵੀ ਹਨ, ਜੋ ਕਿ ਤਪ, ਤਿਆਗ ਆਦਿਕ ਸਾਧਨਾਂ ਨੂੰ ਧਾਰਮਿਕ ਜੀਵਨ ਦਾ ਅੰਗ ਬਿਆਨ ਕਰਦੀਆਂ ਹਨ ਅਤੇ ਵਾਹਿਗੁਰੂ ਅਕਾਲ ਪੁਰਖ ਨੂੰ ਸਰਬ-ਵਿਆਪਕ, ਅੰਤਰਯਾਮੀ ਅਤੇ ਪ੍ਰੇਮ-ਭਗਤੀ ਦੁਆਰਾ ਪ੍ਰਾਪਤ ਹੋਣ ਵਾਲਾ ਵਰਣਨ ਕਰਦੀਆਂ ਹਨ। ਅਜਿਹੀਆਂ ਆਇਤਾਂ ਇਕ ਹੱਥ ਦੀਆਂ ਉਂਗਲੀਆਂ ਉੱਤੇ ਗਿਣਨ ਜੋਗੀਆਂ ਹੀ ਭਾਵੇਂ ਹਨ, ਪਰ ਹੈਨ ਜ਼ਰੂਰ ਅਤੇ ਜਦੋਂ ਸੂਫ਼ੀ ਮਤ ਨੂੰ ਇਸਲਾਮੀ ਰਾਜ-

---

1. Quoted in Nicholson, *Idea of Personality*, p. 40.
2. ਇਲਾਹੀ, ਇਲਾਹੀ, ਖ਼ੱਲਸਿਨਾ ਮਿਨ-ਉਲ-ਅਸ਼ਨਫ਼ਾਲ ਬ ਅਲ ਮਲਾਹੀ ਵ ਉਰਿਨਾ ਹਕਾਇਕ-ਅਲ-ਅਸ਼ਿਯਾ ਗਮਾਹੀ। ਗਸ਼ਾਵਤਿ ਗ਼ਫ਼ਲਤ ਅਜ ਬਸਰਿ ਬਸੀਰਤਿ ਮਾ ਬਿਗੁਸ਼ਾਈ ਵ ਹਰ ਚੀਜ਼ ਰਾ ਚੁਨਾਂਕਿ ਹਸਤ ਬਮਾ ਬਿਨੁਮਾਈ। ਨੀਸਤੀ ਰਾ ਬਰ ਮਾ ਦਰ ਸੂਰਤਿ ਹਸਤੀ, ਜਲਵਹ ਮਦਹ ਵ ਅਜ ਨੀਸਤੀ ਬਰ ਜਮਾਲਿ ਹਸਤੀ ਪਰਦਹ ਮਿਨਹ।

ਸਮਾਜ ਦੀਆਂ ਸਰਬ-ਸੱਤਾ-ਸੰਪੰਨ ਸ਼ਕਤੀਆਂ ਤੋਂ ਅਭਯ ਪਦ ਪ੍ਰਾਪਤੀ ਦੀ ਲੋੜ ਪਈ ਤਾਂ ਇਨ੍ਹਾਂ ਆਇਤਾਂ ਦਾ ਹੀ ਸਹਾਰਾ ਲਿਆ ਗਿਆ, ਜਿਵੇਂ ਕਿ :

"ਅਸੀਂ ਮਨੁੱਖ ਦੀ ਸ਼ਾਹ ਰਗ ਤੋਂ ਵੀ ਉਸ ਦੇ ਨੇੜੇ ਹਾਂ।" *(ਕੁਰਾਨ, 4/60)*

"ਜਿਸ ਵੱਲ ਤੂੰ ਆਪਣਾ ਮੂੰਹ ਮੋੜੇਂ, ਉਸੇ ਦਸ਼ਾ ਰੱਬ ਦਾ ਮੂੰਹ ਹੈ।" *(ਕੁਰਾਨ, 2/116)*

"ਜਿਨ੍ਹਾਂ ਨੂੰ ਰੱਬ ਪਿਆਰ ਕਰਦਾ ਹੈ, ਉਹ ਰੱਬ ਨਾਲ ਪ੍ਰੇਮ ਕਰਦੇ ਹਨ।" *(ਕੁਰਾਨ, 5/59)*

ਇਹ ਵੀ ਸਪੱਸ਼ਟ ਹੈ ਕਿ ਨਵੀਨ ਅਫ਼ਲਾਤੂਨਵਾਦ ਦੇ ਕੇਂਦਰੀ ਸਿਧਾਂਤ, ਸ਼ਬਦ-ਸ਼ਕਤੀ (Logos) ਨੂੰ ਮੁਹੱਯੀਅਲ-ਦੀਨ ਇਬਨਲ-ਅਰਬੀ (1165-1240) ਵਰਗੇ ਧੁਰੰਧਰ ਵਿਦਵਾਨਾਂ ਨੇ ਧਿਆਨੀ ਮੁਹੰਮਦ (ਅਲ-ਹਕੀਕੁਤਨ-ਮੁਹੰਮਦੀਯਾ) ਦੇ ਸਿਧਾਂਤ ਵਿਚ ਪਲਟ ਕੇ, ਪਰਮੇਸ਼ਰ ਅਤੇ ਈਸ਼ਵਰ ਦੇ ਸਿਧਾਂਤਾਂ ਨਾਲ ਇਸਲਾਮ ਦਾ ਮੇਲ ਕਰਨ ਦਾ ਭਰਪੂਰ ਅਤੇ ਸਫਲ ਜਤਨ ਕੀਤਾ। ਇਸ ਲਈ ਸੂਫ਼ੀ ਮਤ ਦਾ ਰਿਣ, ਨਵੀਨ ਅਫ਼ਲਾਤੂਨਵਾਦ ਅਤੇ ਕੁਰਾਨ ਹਦੀਸ ਵੱਲੋਂ ਇਨਕਾਰਿਆ ਨਹੀਂ ਜਾ ਸਕਦਾ। ਪਰ ਇਹ ਮੰਨਣਾ ਕਿ ਈਸਾਈਅਤ ਦੇ ਤਪ ਤਿਆਗ ਦੇ ਸਿਧਾਂਤ, ਨਵੀਨ ਅਫ਼ਲਾਤੂਨਵਾਦ ਵਿਚ ਗੁੱਧੇ ਹੋਏ ਯਾ ਕੁਰਾਨ, ਹਦੀਸ ਹੀ ਸੂਫ਼ੀ ਮਤ ਦਾ ਮੌਲਿਕ ਤੇ ਅਸਲੀ ਸੋਮਾ ਹਨ, ਜਿਵੇਂ ਕਈ ਅੱਜ ਕੱਲ ਦੇ ਆਧੁਨਿਕ ਵਿਦਵਾਨ ਕਹਿੰਦੇ ਹਨ[1] ਕਿ ਬੜੀਆਂ ਔਕੜਾਂ ਦਾ ਹਾਮਿਲ ਹੈ। ਇਹ ਠੀਕ ਹੈ ਕਿ ਸੂਫ਼ੀ ਮਤ ਦਾ ਮੱਠ ਕੇਂਦਰਿਤ ਜੀਵਨ, ਧਾਰਮਿਕ ਸਾਧਨਾਂ ਨੂੰ 'ਪੰਥ' ਦੀ ਤੁਲਨਾ ਦੇਣਾ ਅਜਿਹੀਆਂ ਰਹੁ-ਰੀਤਾਂ ਹਨ ਜੋ ਕਿ ਨਵੀਨ ਅਫ਼ਲਾਤੂਨਵਾਦ ਅਤੇ ਈਸਾਈ ਤਪੀਆਂ ਤੋਂ ਮਾਂਗਵੀਆਂ ਲਈਆਂ ਹੋਈਆਂ ਸਪੱਸ਼ਟ ਹੁੰਦੀਆਂ ਹਨ ਅਤੇ ਤਵਾਰੀਖ਼ੀ ਸ਼ਹਾਦਤ ਵੀ ਇਸੇ ਪਾਸੇ ਹੀ ਇਸ਼ਾਰਾ ਕਰਦੀ ਹੈ। ਪ੍ਰਸਿੱਧ ਅਰਬੀ ਗ੍ਰੰਥ-ਕਰਤਾ, ਵਿਦਵਾਨ ਅਤੇ ਲਿਖਾਰੀ, ਜਿਹਾ ਕਿ ਅਬੂਸੀਨਾ ਅਤੇ ਇਬਨ-ਰੁਸ਼ਟ, ਇਬਨ-ਅਰਬੀ ਅਤੇ ਅਲਗ਼ਜ਼ਾਲੀ, ਸਪੱਸ਼ਟ ਤੌਰ ਉੱਤੇ ਯੂਨਾਨੀ ਫ਼ਲਸਫ਼ੇ, ਵਿਸ਼ੇਸ਼ ਕਰਕੇ ਅਫ਼ਲਾਤੂਨ ਅਤੇ ਅਰਸਤੂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋਏ ਹਨ। ਇਹ ਸਿੱਧ ਹੈ ਕਿ ਨਵੀਨ ਅਫ਼ਲਾਤੂਨਵਾਦੀ ਵਿਦਵਾਨਾਂ ਨੇ ਛੇਵੀਂ ਸਦੀ ਵਿਚ ਈਰਾਨ ਦੇਸ਼ ਵਿਚ ਨੌਸ਼ੀਰਵਾਂ (529-579 ਈ:) ਦੇ ਦਰਬਾਰ ਵਿਚ ਪਨਾਹ ਲਈ ਸੀ। ਪ੍ਰਸਿੱਧ ਫ਼ਾਰਸੀ ਪੱਤ੍ਰਿਕਾ *ਫ਼ਹਰਿਸਤ* 988 ਵਿਚ ਪਲਾਤੀਨਸ ਅਤੇ ਪੋਰਫੇਰੀ ਜਗਤ ਪ੍ਰਸਿੱਧ ਨਵੀਨ ਅਫ਼ਲਾਤੂਨਵਾਦੀਆਂ ਦੇ ਨਾਮ ਇਸ ਸਿਲਸਿਲੇ ਵਿਚ ਅੰਕਿਤ ਹਨ। ਇਸ ਲਈ ਸੂਫ਼ੀ ਮਤ ਵਿਚ ਨਵੀਨ ਅਫ਼ਲਾਤੂਨਵਾਦ ਦਾ ਰਲਾ ਹੋਣਾ ਕੋਈ ਅਚੰਭੇ ਦੀ ਗੱਲ ਨਹੀਂ, ਪਰ ਨਵੀਨ ਅਫ਼ਲਾਤੂਨਵਾਦ ਵੀ ਤਾਂ ਨਿਰਸੰਦੇਹ ਭਾਰਤ ਦੀ ਵਿਚਾਰਧਾਰਾ ਅਤੇ ਦਰਸ਼ਨ-ਫ਼ਲਸਫ਼ੇ ਦੀ ਹੀ ਉਪਜ ਹੈ। ਫੇਰ, ਦੋ ਸਿਧਾਂਤ ਸੂਫ਼ੀ ਮਤ ਦੇ ਸਰਬ-ਵਿਆਪੀ ਬ੍ਰਹਮ (Pantheism) ਦਾ ਸਿਧਾਂਤ, ਜਿਵੇਂ ਕਿ ਗੁਰੂ ਅਮਰਦਾਸ ਜੀ ਦਾ ਵਾਕ ਹੈ :

**ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,**
**ਹਰਿ ਰੂਪੁ ਨਦਰੀ ਆਇਆ॥** *(ਪੰਨਾ 922)*

---

1. See, Massignon : *Essai Sur les Origines de dexique technique de la mystique Mussulmane*, Paris, 1922.

ਅਤੇ ਪੁਨਰ-ਜਨਮ (Metempsychosis) ਦਾ ਸਿਧਾਂਤ[1] ਅਜਿਹੇ ਸਿਧਾਂਤ ਹਨ, ਜਿਹੜੇ ਕਿ ਨਵੀਨ ਅਫ਼ਲਾਤੂਨਵਾਦ ਵਿੱਚੋਂ ਨਿਕਲੇ ਸਹੀ ਨਹੀਂ ਕੀਤੇ ਜਾ ਸਕਦੇ। 'ਅੱਨਲਹੱਕ' ਦੇ ਸਿਧਾਂਤ ਦੀ ਸ਼ਹਾਦਤ ਦੇਣ ਵਾਲੇ ਮਨਸੂਰ-ਅਲ-ਹੱਲਾਜ ਬਾਬਤ ਇਹ ਸਪੱਸ਼ਟ ਲਿਖਿਆ ਹੈ ਕਿ ਉਹ ਭਾਰਤ ਵਿਚ ਮੰਤਰ ਤੰਤਰ ਆਦਿ ਵਿੱਦਿਆ ਸਿੱਖਣ ਆਇਆ ਸੀ। ਕਈ ਬੜੇ ਪ੍ਰਸਿੱਧ ਸੂਫ਼ੀ ਭਾਰਤ ਆਏ, ਯਾ ਭਾਰਤੀ ਸੱਭਿਅਤਾ ਦੇ ਕੇਂਦਰਾਂ ਵਿਚ ਪਹੁੰਚੇ।

ਫਰੀਦੁੱਦੀਨ ਅੱਤਾਰ (12ਵੀਂ ਸਦੀ) ਭਾਰਤ ਅਤੇ ਤੁਰਕਿਸਤਾਨ ਦੀ ਜਿਥੇ ਕਿ ਮਹਾਯਾਨ ਬੋਧੀ ਪ੍ਰਭਾਵ ਤੇ ਵਿੱਦਿਆ ਪ੍ਰਚਲਿਤ ਸੀ, ਯਾਤਰਾ ਕਰਦਾ ਰਿਹਾ, ਜਲਾਲੁੱਦੀਨ ਰੂਮੀ (ਮ੍ਰਿਤੂ 1273) ਦਾ ਜਨਮ ਬਲਖ਼ ਵਿਚ ਹੋਇਆ, ਜੋ ਕਿ ਕੁਝ ਸਦੀਆਂ ਪਹਿਲਾਂ ਮੱਧ ਏਸ਼ੀਆਈ ਮਹਾਯਾਨ ਬੌਧੀਆਂ ਦਾ ਪ੍ਰਸਿੱਧ ਕੇਂਦਰ ਸੀ। ਸ਼ੇਖ਼ ਸਾਅਦੀ (ਮ੍ਰਿਤੂ 1292) ਬਲਖ਼, ਗ਼ਜ਼ਨੀ, ਗੁਜਰਾਤ ਅਤੇ ਪੰਜਾਬ ਦੀ ਯਾਤਰਾ ਉੱਤੇ ਆਉਣਾ ਆਪਣੀਆਂ ਲਿਖਤਾਂ ਵਿਚ ਆਪ ਮੰਨਦਾ ਹੈ। ਦੱਖਣ ਦੇ ਸੁਲਤਾਨ ਮੁਹੰਮਦ ਬਹਿਮਨੀ ਨੇ ਹਾਫ਼ਿਜ਼ ਨੂੰ ਹਿੰਦ ਬੁਲਾ ਭੇਜਿਆ ਸੀ ਅਤੇ ਜਿਸ ਜਹਾਜ਼ ਵਿਚ ਉਹ ਈਰਾਨ ਤੋਂ ਆ ਰਿਹਾ ਸੀ, ਉਸ ਦੇ ਟੁੱਟ ਜਾਣ ਦੇ ਕਾਰਨ ਹੀ ਉਹ ਭਾਰਤ ਪੁੱਜ ਨਾ ਸਕਿਆ, ਪਰ ਇਸ ਵਿਚ ਸੰਦੇਹ ਨਹੀਂ ਜਾਪਦਾ ਕਿ ਹਾਫ਼ਿਜ਼, ਭਾਰਤ ਦੇ ਦਰਸ਼ਨ-ਫ਼ਲਸਫ਼ੇ ਦੀ ਭਲੀ-ਪ੍ਰਕਾਰ ਸੋਝੀ ਨਹੀਂ ਰੱਖਦਾ ਸੀ। ਪਿੱਛੇ ਕਹਿ ਆਏ ਹਾਂ ਕਿ ਅੱਠਵੀਂ ਸਦੀ ਤੋਂ ਪਿੱਛੋਂ ਬਗ਼ਦਾਦ ਵਿਚ ਸੰਸਕ੍ਰਿਤ ਦੇ ਗ੍ਰੰਥਾਂ ਦੇ ਅਰਬੀ ਵਿਚ ਉਲਥੇ ਹੋਣੇ ਆਰੰਭ ਹੋ ਗਏ ਸਨ। ਗਿਆਰ੍ਹਵੀਂ ਸਦੀ ਵਿਚ ਅਲਬਰੂਨੀ ਨੇ ਜਿਸ ਸ਼ੌਕ ਤੇ ਮਿਹਨਤ ਨਾਲ ਭਾਰਤੀ ਗ੍ਰੰਥਾਂ ਦਾ ਅਧਿਐਨ ਕੀਤਾ, ਉਸ ਤੋਂ ਸਪੱਸ਼ਟ ਹੈ ਕਿ ਭਾਰਤ ਦੇਸ਼ ਨੂੰ ਅਧਿਆਤਮ ਵਿੱਦਿਆ ਅਤੇ ਹੋਰ ਅਨਜ ਵਿਦਿਆਵਾਂ ਦਾ ਸੋਮਾ ਮੰਨਿਆ ਜਾਂਦਾ ਸੀ। ਬਗ਼ਦਾਦ ਦਾ ਖ਼ਲੀਫ਼ਾ ਮਾਮੂਨ, ਭਾਰਤੀ ਬ੍ਰਾਹਮਣਾਂ ਅਤੇ ਵਿਦਵਾਨਾਂ ਦੇ ਕਥਾ-ਵਿਖਿਆਨ ਸੁਣਨ ਅਤੇ ਉਨ੍ਹਾਂ ਨੂੰ ਸਨਮਾਨਣ ਦੇ ਕਾਰਨ, 'ਅਮੀਰੁਲਮੋਮਨੀਨ' ਦੀ ਥਾਂ, ਜੋ ਕਿ ਸਭ ਮੁਸਲਮ ਖ਼ਲੀਫ਼ਿਆਂ ਦੀ ਪ੍ਰਮਾਣੀਕ ਉਪਾਧੀ ਸੀ, 'ਅਮੀਰੁਲਕਾਫ਼ਰੀਨ' ਦੀ ਉਪਾਧੀ ਨਾਲ, ਚੋਰੀ-ਚੋਰੀ, ਸਤਿਕਾਰੇ ਜਾਣ ਦੀ ਥਾਂ, ਮੁਸਲਮਾਨ ਉਲਮਾਵਾਂ ਵਿਚ, ਧਿਰਕਾਰਿਆ ਜਾਂਦਾ ਸੀ।

ਇਸਲਾਮ ਦੇ ਜਨਮ ਲੈਣ ਤੋਂ ਪਹਿਲਾਂ ਅਰਬ ਦੇਸ਼ ਅਤੇ ਭਾਰਤ ਦੇ ਵਪਾਰਕ ਸੰਬੰਧ, ਪ੍ਰਾਚੀਨ ਸਮਿਆਂ ਤੋਂ ਸਨ ਅਤੇ ਵਾਪਾਰ ਤੇ ਸੱਭਿਅਤਾ ਆਪੋ ਵਿਚ ਸਕੀਆਂ ਭੈਣਾਂ ਪ੍ਰਮਾਣੀਕ ਹਨ। ਯਸੂਅ ਮਸੀਹ ਦੇ ਜਨਮ ਤੋਂ ਤਿੰਨ ਸਦੀਆਂ ਪਹਿਲਾਂ, ਅਸ਼ੋਕ ਦੇ ਸਮੇਂ ਤੋਂ ਲੈ ਕੇ ਤੁਰਕਿਸਤਾਨ ਅਤੇ ਮੱਧ ਏਸ਼ੀਆ ਦੇ ਅੱਠਵੀਂ ਸਦੀ ਵਿਚ ਇਸਲਾਮ ਦੇ ਰਾਜਸੀ ਪ੍ਰਭਾਵ ਹੇਠ ਆਉਣ ਤਕ ਅਫ਼ਗ਼ਾਨਿਸਤਾਨ ਅਤੇ ਤੁਰਕਿਸਤਾਨ, ਬੌਧੀਆਂ ਦੇ ਪ੍ਰਸਿੱਧ ਕੇਂਦਰ, ਕੋਈ ਇਕ ਹਜ਼ਾਰ ਵਰ੍ਹਾ ਰਹੇ ਹਨ। ਖ਼ੁਰਾਸਾਨ ਅਤੇ ਬਲਖ਼ ਵਿਚ ਜਿਥੇ ਕਿ ਪਹਿਲੋਂ ਪਹਿਲ ਸੂਫ਼ੀ ਮਤ ਦਾ ਵਿਕਾਸ ਹੋਣਾ ਮੰਨਿਆ ਜਾਂਦਾ ਹੈ, ਮਹਾਯਾਨੀ ਬੌਧੀਆਂ ਦੇ ਪ੍ਰਤਿਸ਼ਟਤ ਵਿਸ਼ਵ ਵਿਦਿਆਲੇ ਅਤੇ ਪੁਸਤਕਾਲੇ ਸਨ। ਇਹ ਇਸ ਗੱਲ ਦਾ ਸਬੂਤ ਹੈ ਕਿ ਸੂਫ਼ੀ ਮਤ ਵਾਸਤਵ ਵਿਚ ਭਾਰਤੀ ਅਧਿਆਤਮਵਾਦ ਦਾ ਇਸਲਾਮੀ ਰੂਪ ਹੀ ਹੈ,

---

1. See, Mathnavi of Maulana Rumi.
ਬਾਰਹਾ ਚੂ ਸਬਜ਼ਹਅਮ ਰੋਈਦਹਅਮ,
ਹਫ਼ਤ ਸਦ ਹਫ਼ਤਾਦ, ਕਾਲਬ ਦੀਦਹ ਅਮ।

ਜਿਸ ਨੇ ਕਿ ਇਸਲਾਮੀ ਰਾਜਸੀ ਤੇਜ ਅਤੇ ਅਸਹਿਨਸ਼ੀਲ ਬਿਰਤੀਆਂ ਦੇ ਭੈ ਤੋਂ ਸਵੈ-ਰੱਖਿਆ ਲਈ ਆਪਣਾ ਮੂੰਹ ਕੱਜ ਲਿਆ ਹੈ ਅਤੇ ਪਹਿਰਾਵਾ ਬਦਲ ਲਿਆ ਹੈ। ਸ਼ਕੀਕ ਬਲਖ਼ੀ (ਮ੍ਰਿਤੂ 810) ਪ੍ਰਸਿੱਧ ਪੁਰਾਤਨ ਸੂਫ਼ੀ, ਅਬੂ-ਬਿਨ-ਅੱਧਮ ਦਾ ਚੇਲਾ ਸੀ। ਸ਼ਕੀਕ ਦੇ ਪੋਤਰੇ ਨੇ ਆਪਣੇ ਬਾਬੇ ਦੇ ਸੂਫ਼ੀ ਮਤ ਵੱਲ ਪ੍ਰੇਰਿਤ ਹੋਣ ਦੀ ਜੋ ਕਥਾ ਦੱਸੀ ਹੈ, ਉਹ ਬੜੀ ਮਨੋਰੰਜਕ ਹੈ ਅਤੇ ਅਸਾਡੇ ਸੂਫ਼ੀ ਮਤ ਦੇ ਨਿਕਾਸ ਬਾਰੇ ਸਿਧਾਂਤ ਦੀ ਪੁਸ਼ਟੀ ਕਰਦੀ ਹੈ। ਉਹ ਕਹਿੰਦਾ ਹੈ :

> "ਮੇਰਾ ਬਾਬਾ ਤਿੰਨ ਸੌ ਪਿੰਡਾਂ ਦੀ ਭੋਇੰ ਦਾ ਮਾਲਕ ਸੀ, ਪਰ ਜਦੋਂ ਉਹ ਵਸ਼ਗਿਰਦ ਦੀ ਲੜਾਈ ਵਿਚ ਮਾਰਿਆ ਗਿਆ ਤਾਂ ਉਸ ਕੋਲ ਆਪਣੇ ਖੱਫਣ ਜੋਗਾ ਕੱਪੜਾ ਵੀ ਨਹੀਂ ਸੀ, ਕਿਉਂ ਜੋ ਉਸ ਨੇ ਆਪਣੀ ਸਭ ਸੰਪਦਾ ਦਾਨ ਕਰ ਛੱਡੀ ਸੀ। ਜਦੋਂ ਉਹ ਗੱਭਰੂ ਸੀ ਤਾਂ ਉਹ ਵਾਪਾਰ ਕਰਨ ਲਈ ਤੁਰਕਿਸਤਾਨ ਗਿਆ। ਉਥੋਂ ਬੁੱਧ ਮਤ ਦੇ ਅਨੁਆਈ (ਬੁੱਤ ਪ੍ਰਸਤ) ਵੈਸ਼ੇਸ਼ਿਕ ਮੰਤ੍ਰਯਣ ਮਤ ਦੇ ਤੁਰਕ (ਖ਼ੁਸੂਸੀਯਾ) ਵਸਦੇ ਸਨ। ਮੇਰਾ ਬਾਬਾ ਉਨ੍ਹਾਂ ਦੇ ਵਿਹਾਰ (ਮੰਦਰ) ਵਿਚ ਗਿਆ। ਉਥੇ ਉਹ ਉਨ੍ਹਾਂ ਤੁਰਕਾਂ ਦੇ ਭਿਖੂ (ਸ਼ੇਖ਼) ਨੂੰ ਮਿਲਿਆ। ਉਸ ਭਿਖੂ ਦਾ ਸਿਰ ਅਤੇ ਮੂੰਹ ਘੋਨ ਮੋਨ ਸੀ ਅਤੇ ਉਸ ਨੇ ਲਾਲ ਬਸਤਰ ਪਾਏ ਹੋਏ ਸਨ। ਸ਼ਕੀਕ ਨੇ ਉਸ ਨੂੰ ਕਿਹਾ :
>
> "ਇਹ ਤੁਹਾਡਾ ਆਚਾਰ ਵਿਹਾਰ ਝੂਠਾ ਹੈ। ਇਹ ਲੋਕ, ਤੂੰ ਅਤੇ ਸਾਰਾ ਜਗਤ ਇੱਕੋ ਕਰਤਾਰ ਦੀ ਰਚਨਾ ਹਨ। ਉਸ ਜਿਹਾ ਹੋਰ ਕੋਈ ਨਹੀਂ, ਇਸ ਲੋਕ ਤੇ ਪ੍ਰਲੋਕ ਦਾ ਕਰਤਾ ਧਰਤਾ ਉਹੋ ਹੈ। ਉਹ ਸਰਬ ਸ਼ਕਤੀਮਾਨ ਅਤੇ ਸਰਬ ਪਾਲਕ ਹੈ।"
>
> ਤਦ ਭਿੱਖੂ ਨੇ ਉੱਤਰ ਦਿੱਤਾ, "ਤੇਰੇ ਬਚਨ ਅਤੇ ਕਰਮ ਇਕ-ਸਾਰ ਨਹੀਂ ਹਨ।"
>
> ਸ਼ਕੀਕ ਨੇ ਕਿਹਾ, "ਇਹ ਕਿਵੇਂ ?"
>
> ਤਦ ਉੱਤਰ ਮਿਲਿਆ, "ਤੂੰ ਕਹਿੰਦਾ ਹੈਂ, ਤੇਰਾ ਕਰਤਾਰ ਹੈ ਜੋ ਕਿ ਸਰਬ ਸ਼ਕਤੀਮਾਨ ਅਤੇ ਸਰਬ ਪਾਲਕ ਹੈ, ਪਰ ਫੇਰ ਵੀ ਤੂੰ ਆਪਣੀ ਉਦਰ-ਪੂਰਣਾ ਅਤੇ ਨਿਰਬਾਹ ਲਈ ਦੇਸ਼ ਬਿਦੇਸ਼ ਧੱਕੇ ਖਾਂਦਾ ਫਿਰਦਾ ਹੈਂ। ਜੋ ਕੁਝ ਤੂੰ ਕਹਿੰਦਾ ਹੈਂ, ਜੇ ਉਹ ਸੱਤ ਹੈ, ਤਾਂ ਘਰ ਬਾਹਰ, ਸਭ ਥਾਂ 'ਤੇ ਸਰਬ-ਪਾਲਕ ਮੌਜੂਦ ਹੈ। ਇਸ ਲਈ ਆਪਣੇ ਉੱਦਮ ਦਾ ਤਿਆਗ ਕਰ।"
>
> ਸ਼ਕੀਕ ਦਾ ਕਥਨ ਸੀ, "ਮੇਰੇ ਤਪ ਤਿਆਗ (ਜ਼ੁਹਦ) ਦੇ ਜੀਵਨ ਦੀ ਨੀਂਹ ਉਸ ਤੁਰਕ ਨੇ ਰੱਖੀ।"
>
> ਸ਼ਕੀਕ ਘਰ ਮੁੜ ਆਇਆ ਅਤੇ ਆਪਣੀ ਸਭ ਸੰਪਦਾ ਦਾਨ ਵਿਚ ਦੇ ਦਿੱਤੀ ਅਤੇ ਆਪਣਾ ਜੀਵਨ ਬ੍ਰਹਮ ਗਿਆਨ ਦੀ ਪ੍ਰਾਪਤੀ (ਮਾਰਫ਼ਾ) ਲਈ ਸਮਰਪਣ ਕਰ ਦਿੱਤਾ।"[1]

ਹੀਨਯਾਨੀ ਬੋਧਾਂ ਦੀ ਧਰਮ ਪੁਸਤਕ *ਦੀਘਨਿਕਾਯ* ਵਿਚ ਅੱਜ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਦੇ ਸਮਿਆਂ ਦੇ ਭਾਰਤਵਰਸ਼ ਵਿਚ ਪ੍ਰਚਲਿਤ ਛੇ ਮਤਾਂ ਦਾ ਵਰਣਨ ਹੈ, ਜਿਨ੍ਹਾਂ ਦੇ ਸਿਧਾਂਤਾਂ ਦਾ ਗੌਤਮ ਬੁੱਧ ਨੇ ਵਿਸ਼ੇਸ਼ ਕਰਕੇ ਖੰਡਨ ਕੀਤਾ। ਇਨ੍ਹਾਂ ਛੇ ਮਤਾਂ ਵਿੱਚੋਂ ਇਕ ਮਤ ਦਾ ਆਚਾਰੀਆ, ਅਜੀਤ ਕੇਸ਼ਕੰਬਲੀਨ ਦੱਸਿਆ ਹੈ। ਇਸ ਅਜੀਤ ਕੇਸ਼ਕੰਬਲੀਨ ਦਾ ਮਤ 'ਅਕ੍ਰਿਯਵਾਦ' ਸੀ :

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥** *(ਪੰਨਾ 277)*

ਕੁਝ ਇਹੋ ਜਿਹਾ ਮਤ ਅਕ੍ਰਿਯਵਾਦ ਹੋਏਗਾ, ਜਿਵੇਂ ਕਿ ਸੂਫ਼ੀਆਂ ਵਿਚ 'ਜਬਰੀਏ' ਹਨ। ਸਾਡਾ ਵਿਚਾਰ ਹੈ ਕਿ ਇਹ 'ਕੇਸ਼ਕੰਬਲੀਨ' ਸ਼ਬਦ ਹੀ ਮਸੀਹ ਦੇ ਜਨਮ ਤੋਂ ਪਹਿਲਾਂ,

1. Abu Nuaim, *Hilya*, VIII, p. 59.

ਮੱਧ ਏਸ਼ੀਆ ਵਿਚ ਪੁੱਜਾ, ਜਿਥੋਂ ਈਸਾਈ ਸਾਧੂਆਂ ਨੇ ਗ੍ਰਹਿਣ ਕੀਤਾ[1] ਅਤੇ ਜੋ ਅੰਤ ਨੂੰ ਕੂਫ਼ਾ ਅਤੇ ਬਸਰੇ ਦੇ ਦੇਸ਼ ਵਿਚ ਪਹੁੰਚ ਕੇ, ਸੱਤਵੀਂ ਅੱਠਵੀਂ ਸਦੀ ਵਿਚ 'ਸੂਫ਼ੀ' ਦਾ ਅਰਬੀ ਰੂਪ ਧਾਰਨ ਕਰ ਗਿਆ।

## (4) ਸੂਫ਼ੀ ਮਤ ਦੇ ਵਿਕਾਸ ਦੀ ਸੰਖੇਪ ਜਿਹੀ ਰੂਪ-ਰੇਖਾ

ਇਸ ਸੂਫ਼ੀ ਮਤ ਦਾ ਵਿਕਾਸ ਅੱਠਵੀਂ ਸਦੀ ਈਸਵੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਦੇ ਵਿਚਲੇ ਸਮੇਂ ਸੱਤ ਅੱਠ ਸੌ ਸਾਲਾਂ ਵਿਚ ਇਸਲਾਮੀ ਦੇਸ਼ਾਂ ਵਿਚ ਹੋਇਆ ਅਤੇ ਸੂਫ਼ੀ ਮਤ ਨੇ ਬੜੇ-ਬੜੇ ਤਪੀ ਤਿਆਗੀ, ਪੰਡਿਤ, ਵਿਦਵਾਨ ਅਤੇ ਲਿਖਾਰੀ ਸੰਸਾਰ ਨੂੰ ਦਿੱਤੇ ਹਨ। ਚਾਰ ਪੀਠ ਚਾਰ ਕੇਂਦਰ ਇਸ ਮਤ ਦੇ ਵਿਕਾਸ ਦੇ ਹਨ, ਜਿਥੇ ਕਿ ਇਹ ਫਲਿਆ ਫੁਲਿਆ ਅਤੇ ਇਸ ਦੇ ਮਹਾਨ ਸਿਧਾਂਤਾਂ ਅਤੇ ਸਾਧਨਾਂ ਦੀ ਰੂਪ-ਰੇਖਾ ਵਿਚ ਰੰਗ ਭਰੇ ਗਏ—1. ਖ਼ੁਰਾਸਾਨ; 2. ਮਰਵ; 3. ਇਰਾਕ; 4. ਬਗ਼ਦਾਦ।

ਖ਼ੁਰਾਸਾਨ ਬਾਬਤ ਪਿੱਛੇ ਦੱਸ ਆਏ ਹਾਂ ਕਿ ਸੂਫ਼ੀ ਮਤ ਦਾ ਪੁਰਾਤਨ ਕੇਂਦਰ ਅਤੇ ਸੋਮਾ ਹੈ ਅਤੇ ਇਹੋ ਥਾਂ ਹੈ, ਜਿਥੇ ਭਾਰਤੀ ਅਧਿਆਤਮਕ ਸਿਧਾਂਤਾਂ ਨੇ ਪਹਿਲੋਂ ਪਹਿਲ ਇਸਲਾਮੀ ਪਹਿਰਾਵਾ ਧਾਰਨ ਕੀਤਾ। ਇਬਰਾਹੀਮ-ਬਿਨ-ਅਧਮ (ਮ੍ਰਿਤੂ 777), ਜਿਸ ਦਾ ਚੇਲਾ ਕਿ ਸ਼ਕੀਕ ਬਲਖ਼ੀ ਸੀ, ਖ਼ੁਰਾਸਾਨੀ ਕੇਂਦਰ ਦਾ ਹੀ ਮਹਾਨ ਪ੍ਰਤਿਸ਼ਟਤ ਸੂਫ਼ੀ ਹੈ। ਅਬੂ ਹਾਸ਼ਿਮ-ਬਿਨ-ਸ਼ਕੀਕ ਸੂਫ਼ੀ (ਮ੍ਰਿਤੂ 776) ਅਤੇ ਅਲਹਸਨਲ-ਬਸਰੀ ਵੀ ਇਸ ਖ਼ੁਰਾਸਾਨੀ ਕੇਂਦਰ ਦੇ ਅਨੁਆਈ ਹੀ ਗਿਣੇ ਜਾਣੇ ਯੋਗ ਹਨ। ਮਰਵ ਕੇਂਦਰ ਦਾ ਪ੍ਰਸਿੱਧ ਸੂਫ਼ੀ ਬਸ਼ਿਰ-ਬਿਨਲ ਹਰੀਬ-ਉੱਲਹਾਫ਼ੀ (ਮ੍ਰਿਤੂ 841) ਹੈ, ਜਿਸ ਦਾ ਕਿ ਉਪਦੇਸ਼ ਸੀ ਕਿ ਧਾਰਮਿਕ ਜੀਵਨ ਦੀ ਰੂਹ, ਲੋਕ ਉਸਤਤ ਨਿੰਦਾ ਦੇ ਤਿਆਗ ਵਿਚ ਹੈ। ਇਹ ਉਪਦੇਸ਼ ਪਿੱਛੋਂ ਜਾ ਕੇ ਸੂਫ਼ੀਆਂ ਦੇ ਮਲਾਮਤੀਆ ਫ਼ਿਰਕੇ ਦਾ ਆਧਾਰ ਬਣੇ, ਜਿਸ ਫ਼ਿਰਕੇ ਦਾ ਅਨੁਆਈ ਸਾਈਂ ਬੁੱਲ੍ਹੇ ਸ਼ਾਹ ਕਸੂਰੀ, ਪੰਜਾਬੀ ਦਾ ਪ੍ਰਸਿੱਧ ਕਵੀ ਸੀ। ਮਲਾਮਤੀਏ ਆਪਣਾ ਵਿਵਹਾਰਕ ਜੀਵਨ ਜਾਣ-ਬੁਝ ਕੇ ਨਿੰਦਨੀਯ ਰੱਖਦੇ ਹਨ ਅਤੇ ਇਸ ਨੂੰ ਆਤਮ ਉੱਨਤੀ ਦਾ ਵਿਸ਼ੇਸ਼ ਸਾਧਨ ਮਿੱਥਦੇ ਹਨ :

**ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥**
**ਨਿੰਦਾ ਜਨ ਕਉ ਖਰੀ ਪਿਆਰੀ ॥** *(ਪੰਨਾ 339)*

ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ। ਅਬਦੁੱਲਾ ਬਿਨ-ਅਲ-ਮੁਬਾਰਕ (ਮ੍ਰਿਤੂ 787) ਇਸ ਕੇਂਦਰ ਦਾ ਇਕ ਹੋਰ ਪ੍ਰਸਿੱਧ ਸੂਫ਼ੀ ਹੈ, ਜਿਸ ਨੇ ਕਿ ਹਦੀਸ ਦੇ ਆਧਾਰ ਉੱਤੇ ਸੂਫ਼ੀ ਮਤ ਨੂੰ ਪ੍ਰਮਾਣੀਕ ਸਿੱਧ ਕਰਨ ਦਾ ਜਤਨ ਕੀਤਾ ਹੈ। *ਕਿਤਾਬੁਲ-ਜ਼ੁਹਦ* ਇਸ ਦਾ ਪ੍ਰਸਿੱਧ ਅਰਬੀ ਭਾਸ਼ਾ ਦਾ ਗ੍ਰੰਥ ਹੈ। ਇਰਾਕੀ ਕੇਂਦਰ ਦਾ ਪ੍ਰਸਿੱਧ ਸੂਫ਼ੀ, ਅਲਫ਼ੁਜ਼ੈਲ-ਬਿਨ-ਅਲਿਯਾਦ (ਮ੍ਰਿਤੂ 803) ਹੈ, ਜਿਸ ਨੇ ਕਿ ਸੂਫ਼ੀ ਮਤ ਵਿਚ 'ਰਜ਼ਾ' ਦੇ ਸਿਧਾਂਤ ਨੂੰ ਪ੍ਰਚਲਿਤ ਕੀਤਾ। ਇਹ ਸਿਧਾਂਤ ਉੱਚੇ ਭਾਣਾ ਮੰਨਣ ਦਾ ਸਿਧਾਂਤ ਹੈ, ਜਿਸ ਨੂੰ ਗੁਰੂ ਨਾਨਕ ਨੇ ਸਿੱਖ ਮਤ ਦਾ ਬੁਨਿਆਦੀ ਸਿਧਾਂਤ ਕਰਕੇ ਵਰਣਨ ਕੀਤਾ ਹੈ :

---

1. Compare views of St. Augustine : "That which is called Christian religion existed among the ancients and has never ceased to exist from the origin of the human race until the time when Christ himself came and men began to call, Christian, the true religion, which already existed before hand." *(Retract I, XIII, 3)*

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥** *(ਜਪੁ ਜੀ)*

ਰਾ'ਬਿਆ (ਮ੍ਰਿਤੂ 801) ਸੂਫ਼ੀ ਮਤ ਦੀ 'ਮੀਰਾ' ਇਸੇ ਕੇਂਦਰ ਨਾਲ ਸੰਬੰਧਤ ਮਹਾਨ ਸੂਫ਼ੀ ਇਸਤਰੀ ਹੈ, ਜਿਸ ਦਾ ਬਚਨ ਹੈ:

> "ਜੇ ਮੈਂ ਨਰਕਾਂ ਤੋਂ ਡਰਦੀ ਤੇਰੀ ਭਗਤੀ ਕਰਾਂ ਤਾਂ ਮੈਨੂੰ ਨਰਕਾਂ ਵਿਚ ਸੁੱਟ। ਜੇ ਸੁਰਗ ਦੀ ਇੱਛਾ ਨਾਲ, ਤਾਂ ਮੈਨੂੰ ਸੁਰਗਾਂ ਤੋਂ ਵੰਚਿਤ ਰੱਖ। ਜੇ ਤੇਰੇ ਵਸਾਲ ਦੀ ਇੱਛਾ ਨਾਲ ਮੈਂ ਤੇਰੀ ਭਗਤ ਹਾਂ, ਤਾਂ ਮੈਨੂੰ ਵਸਾਲ ਬਖ਼ਸ਼।"

ਸੂਫ਼ੀ ਮਤ ਵਿਚ ਪ੍ਰੇਮ-ਭਗਤੀ ਦੇ ਸਿਧਾਂਤ ਨੂੰ ਪ੍ਰਚਾਰਨ ਵਾਲੀ ਇਹ ਰਾ'ਬਿਆ ਹੀ ਹੈ। ਰਾ'ਬਿਆ ਅਤੇ ਜ਼ੁਲਨੂਨ ਮਿਸਰੀ (ਮ੍ਰਿਤੂ 861) ਨੇ ਪਹਿਲੋਂ ਪਹਿਲ ਸੂਫ਼ੀ ਸਾਹਿਤ ਵਿਚ ਸ਼ਿੰਗਾਰ ਰਸ ਦੇ ਅਲੰਕਾਰਾਂ ਨੂੰ ਪ੍ਰਚਲਿਤ ਕੀਤਾ, ਜਿਹੜੇ ਕਿ ਅੱਜ ਤਕ ਉਰਦੂ ਤੇ ਫ਼ਾਰਸੀ ਦੀ ਸ਼ਾਇਰੀ ਦਾ ਪ੍ਰਸਿੱਧ ਅੰਗ ਬਣੇ ਹੋਏ ਹਨ।[1] ਭਾਈ ਨੰਦ ਲਾਲ ਦੀ ਗ਼ਜ਼ਲ:

> ਦੀਨੋ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰੇ ਮਾ।

ਇਸੇ ਪਰਪਾਟੀ ਦਾ ਇਕ ਉੱਤਮ ਨਮੂਨਾ ਹੈ। ਚੌਥਾ, ਕੇਂਦਰ ਸੂਫ਼ੀ ਮਤ ਦਾ ਬਗ਼ਦਾਦ ਹੈ, ਜਿਸ ਨੂੰ ਕਿ ਅਰਬੀ ਕੇਂਦਰ ਕਹਿਣਾ ਵੀ ਉਚਿਤ ਹੈ, ਕਿਉਂ ਜੁ ਇਸ ਦੇ ਆਚਾਰੀਆ ਅਤੇ ਪੰਡਿਤ ਵਿਸ਼ੇਸ਼ ਕਰਕੇ ਅਰਬ ਲੋਕ ਸਨ। ਮੁਹਾਸਿਬੀ ਅਤੇ ਉਸ ਦੇ ਚੇਲੇ, ਜੁਨੈਦ, ਬਾਬਤ ਪਹਿਲਾਂ ਲਿਖ ਆਏ ਹਾਂ ਅਤੇ ਅਲਗ਼ਜ਼ਾਲੀ ਬਾਬਤ ਭੀ। ਇਹ ਤਿੰਨੇ ਬਗ਼ਦਾਦ ਕੇਂਦਰ ਦੇ ਪ੍ਰਸਿੱਧ ਸੂਫ਼ੀ ਵਿਦਵਾਨ ਸਨ।

ਅਬੂਯਜ਼ੀਦ ਬਿਸਤਾਮੀ (ਮ੍ਰਿਤੂ 875) ਜਿਸ ਨੇ ਕਿ *ਸ਼ਾਸੀਯਾਤ* ਨਾਮੀ ਗ੍ਰੰਥ ਲਿਖਿਆ ਹੈ, ਸੂਫ਼ੀ ਮਤ ਦੇ ਨਿਰਵਾਣ (ਫ਼ਨਾ) ਸਿਧਾਂਤ ਦਾ ਨਿਰਮਾਤਾ ਹੈ। ਅਲ-ਹਾਕਿਮ-ਅਲ-ਤਿਰ-ਮਿਜ਼ੀ (ਮ੍ਰਿਤੂ 893) ਨੇ ਇਕ ਗ੍ਰੰਥ, *ਖ਼ਾਤਮੁਲ-ਔਲੀਆ* ਲਿਖਿਆ ਸੀ, ਜੋ ਕਿ ਹੁਣ ਅਲੋਪ ਹੋ ਚੁੱਕਾ ਹੈ ਅਤੇ ਇਸ ਵਿਚ ਉਸ ਨੇ ਇਹ ਸਿਧਾਂਤ ਨਿਰਮਿਤ ਕੀਤਾ ਸੀ ਕਿ ਜਿਵੇਂ ਹਜ਼ਰਤ ਮੁਹੰਮਦ ਖ਼ਾਤਮੁਲ ਮੁਰਸਲੀਨ ਸੀ, ਅਥਵਾ ਪੈਗ਼ੰਬਰਾਂ ਦੀ ਮੋਹਰ, ਇਉਂ ਹੀ ਸੰਤ ਅਤੇ ਬ੍ਰਹਮ-ਗਿਆਨੀ (ਔਲੀਆ) ਵੀ ਪਾਰਬ੍ਰਹਮ ਦੇ ਸਥਾਪਤ ਕੀਤੇ ਹੋਏ ਹਨ। ਇਸੇ ਸਿਧਾਂਤ ਨੂੰ ਪਿੱਛੋਂ ਮਹਾਨ ਚਿੰਤਕ ਇਬਨ ਅਰਬੀ ਨੇ ਵਿਸਤਾਰਤ ਕਰਕੇ ਆਪਣੇ ਆਪ ਨੂੰ 'ਖ਼ਾਤਮੁਲ ਔਲੀਆ' ਹੋਣ ਦਾ ਦਾਅਵਾ ਕੀਤਾ ਅਤੇ 'ਅਕਮੁਲ-ਉਲ-ਇਨਸਾਨ', ਦਾ ਮਹਾਨ ਗੌਰਵਮਯ ਸਿਧਾਂਤ ਨਿਰਮਿਤ ਕੀਤਾ, ਜਿਸ ਤੋਂ ਪ੍ਰਭਾਵਤ ਹੋ ਕੇ, ਜਰਮਨ ਫ਼ਿਲਾਸਫ਼ਰ 'ਨੀਟਸ਼ੇ' ਨੇ 'ਸੁਪਰਮੈਨ' ਦੇ ਸਿਧਾਂਤ ਦਾ ਪ੍ਰਚਾਰ ਕੀਤਾ।[2] ਇਹੋ ਸਿਧਾਂਤ ਹੈ, ਜਿਸ ਦਾ ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਦੀਆਂ 'ਸੰਤ' ਅਤੇ 'ਬ੍ਰਹਮ ਗਿਆਨੀ' ਦੀਆਂ ਅਸ਼ਟਪਦੀਆਂ ਦੇ ਪਦਿਆਂ ਵਿਚ ਵਰਣਨ ਹੈ:

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** *(ਪੰਨਾ 273)*

**ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥** *(ਪੰਨਾ 279)*

ਇਹ 'ਅਕਮੁਲ-ਉਲ-ਇਨਸਾਨ' ਦਾ ਸਿਧਾਂਤ ਹੀ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਸਿਧਾਂਤ ਦਾ ਨਾਮ ਦਿੱਤਾ ਅਤੇ ਕਿਹਾ ਕਿ:

---

1. Nicholson, *Mystics of Islam*, p. 115.
2. "Lo, I preach to you the Superman : Superman is the meaning of the Earth."—*Thus Spake Zarathustra* by Freidreich Nietzsche.

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥

ਅਬੂ-ਨਸਰ-ਅਲ-ਸਰਾਜ (ਮ੍ਰਿਤੂ 999) ਸੂਫ਼ੀ ਮਤ ਦੀ ਪ੍ਰਾਚੀਨ ਪੁਸਤਕ, *ਅਲ-ਲੁਮਾ* ਦਾ ਕਰਤਾ ਅਬੂ ਤਾਲਿਬ ਮੱਕੀ (ਮ੍ਰਿਤੂ 996), *ਕੁਤੁਬੁਲ-ਕੁਲੂਬ* ਦਾ ਕਰਤਾ ਅਬੂ-ਅਬਦੁਰ ਰਹਿਮਾਨ-ਅਲ-ਸੁਲਮੀ (ਮ੍ਰਿਤੂ 1021), *ਤਬਕਾਤੁਲ-ਸੂਫ਼ਈਨ* ਦਾ ਕਰਤਾ, ਜਿਸ ਦੇ ਆਧਾਰ ਉੱਤੇ ਜਾਮੀ ਨੇ *ਨਫ਼ਹਾਤੁਲਨਫ਼ਸ* (1492) ਨਾਮੀ ਗ੍ਰੰਥ ਰਚਿਆ, ਗ੍ਰੰਥ *ਮਿਨਾਜ਼ੁਲੁਲ-ਸਾਇਰੀਨ* ਦਾ ਕਰਤਾ ਅਬਦੁੱਲਾ-ਅਲ-ਅਨਸਾਰੀ, ਪ੍ਰਸਿੱਧ ਪੀਰ-ਅਨੁਸਾਰੀ (ਮ੍ਰਿਤੂ 1088), ਇਹ ਸਾਰੇ ਮਹਾਨੁਭਾਵ ਬਗ਼ਦਾਦ ਕੇਂਦਰ ਨਾਲ ਹੀ ਸੰਬੰਧਤ ਸਨ।

ਪੰਦਰ੍ਹਵੀਂ ਸਦੀ ਤੋਂ ਸੂਫ਼ੀ ਮਤ ਦਾ ਉਤਾਰ ਆਰੰਭ ਹੁੰਦਾ ਹੈ ਪਰ ਅਜੋਕੇ ਸਮਿਆਂ ਤਕ ਸੂਫ਼ੀ ਅਨੁਆਈ ਰਾਜ ਸਮਾਜ ਵਿਚ ਜਿਊਂਦੀ-ਜਾਗਦੀ ਸੱਤਾ ਹਨ। ਸਤਾਰ੍ਹਵੀਂ ਸਦੀ ਵਿਚ ਮੁਗ਼ਲ ਸ਼ਹਿਨਸ਼ਾਹ, ਸ਼ਾਹਜਹਾਂ ਦੇ ਪੁੱਤਰ ਦਾਰਾ ਸ਼ਿਕੋਹ ਨੇ *ਮਜਮਹ-ਉਲ-ਬਹਰੀਨ* ਨਾਮੀ ਫ਼ਾਰਸੀ ਦਾ ਗ੍ਰੰਥ ਲਿਖਿਆ, ਜਿਸ ਵਿਚ ਇਹ ਸਿੱਧ ਕੀਤਾ ਕਿ ਸੂਫ਼ੀ ਮਤ ਦੇ ਸਿਧਾਂਤ, ਉਪਨਿਸ਼ਦਾਂ ਦੇ ਅਧਿਆਤਮਵਾਦ ਅਤੇ ਅਦ੍ਵੈਤਵਾਦ ਦਾ ਪ੍ਰਤਿਬਿੰਬ ਹੀ ਹਨ। ਔਰੰਗਜ਼ੇਬ ਨੇ ਦਾਰਾ ਸ਼ਿਕੋਹ ਨੂੰ ਇਹੋ ਦੋਸ਼ ਥੱਪ ਕੇ ਮਰਵਾ ਦਿੱਤਾ ਸੀ। ਸੱਯਦ ਮੁਹੰਮਦ-ਅਲ ਸਨੂਸੀ (1791-1859) ਨੇ ਇਕ ਸ਼ਸਤਰਧਾਰੀ ਸੰਘ ਸੂਫ਼ੀਆਂ ਦਾ ਸਥਾਪਤ ਕੀਤਾ, ਜਿਸ ਦੀ ਪ੍ਰੇਰਨਾ ਉਸ ਨੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਪੰਥ ਤੋਂ ਹੀ ਲਈ ਜਾਪਦੀ ਹੈ, ਜਦੋਂ ਕਿ ਸਿੱਖ ਰਾਜ ਦੇ ਵਿਰੁੱਧ, ਹਿੰਦੁਸਤਾਨ ਦੇ ਮੁਸਲਮਾਨ ਵਹਾਬੀ, ਸੱਯਦ ਅਹਿਮਦ ਆਦਿ ਅਰਬ ਅਤੇ ਹੋਰ ਮੁਸਲਮ ਦੇਸ਼ਾਂ ਵਿਚ ਜਾ ਕੇ ਗੋਂਦਾਂ ਗੁੰਦਦੇ ਹੁੰਦੇ ਸਨ ਅਤੇ ਜਿਨ੍ਹਾਂ ਗੋਂਦਾਂ ਦਾ ਸਿੱਟਾ, ਨੌਸ਼ਹਿਰੇ ਦੇ ਜਹਾਦ ਦੇ ਰੂਪ ਵਿਚ ਪ੍ਰਗਟਿਆ, ਜਦੋਂ ਅਕਾਲੀ ਫੂਲਾ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ।[1] ਸੱਨੂਸੀਆਂ ਨੇ ਪਿਛਲੇਰੇ ਦੋ ਵਿਸ਼ਵ-ਵਿਆਪੀ ਯੁੱਧਾਂ ਵਿਚ ਵਰਣਨਯੋਗ ਭਾਗ ਲਿਆ ਹੈ। ਸ਼ੇਖ਼-ਮੁਹੰਮਦ ਅਮੀਨੁਲ-ਕੁਰਦੀ (ਮ੍ਰਿਤੂ 1914) ਨੇ *ਤਨਵੀਰੁਲ-ਕੁਲੂਬ*, ਨਾਮੀ ਗ੍ਰੰਥ ਸੂਫ਼ੀ ਮਤ ਉੱਤੇ ਚਲਿਤ ਸਦੀ ਵਿਚ ਲਿਖਿਆ ਹੈ, ਜਿਸ ਵਿਚ ਸੂਫ਼ੀਆਂ ਦੇ ਸ਼ਕਤੀ ਚੱਕਰਾਂ ਦਾ ਵਿਸਥਾਰ ਦਿੱਤਾ ਹੈ; ਜਿਵੇਂ ਕਿ ਪ੍ਰਾਚੀਨ ਯੋਗ ਦੇ ਗ੍ਰੰਥਾਂ ਵਿਚ ਮੂਲਾਧਾਰ ਚੱਕਰ, ਸਵਾਮਿਸ਼ਠਾਨ, ਮਣੀਪੂਰ ਆਦਿ ਵਰਣਤ ਹਨ। ਕਲਬ, ਰੂਹ, ਸਿਰਰ ਤੇ ਖ਼ਫ਼ੀ, ਇਹ ਚਾਰ ਸ਼ਕਤੀ ਚੱਕਰ, ਸੂਫ਼ੀ ਮਤ ਦੇ ਹਨ, ਜਿਨ੍ਹਾਂ ਵਿੱਚੋਂ 'ਸਿਰੁ' ਉਹ ਪਦਵੀ ਹੈ, ਜਦੋਂ ਕਿ ਸੂਫ਼ੀ ਨੂੰ ਅੰਤਰ-ਆਤਮਿਕ ਅਨੁਭਵ ਪ੍ਰਕਾਸ਼ਤ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਗੁਰੂ ਪਿਤਾ ਬਾਰੇ ਇਹ ਵਾਕ ਕਿ ਉਨ੍ਹਾਂ ਨੇ 'ਸੀਸੁ ਦੀਆ ਪਰ ਸਿਰਰੁ ਨ ਦੀਆ' ਇਸੇ ਸ਼ਕਤੀ ਵੱਲ ਹੀ ਸੰਕੇਤ ਕਰਦਾ ਹੈ।

## (5) ਸੂਫ਼ੀ ਮਤ ਦੇ ਸਿਧਾਂਤਾਂ ਅਤੇ ਸਾਧਨਾਂ ਦਾ ਅਸਾਡੇ ਆਧੁਨਿਕ ਜੀਵਨ ਅਤੇ ਸਮੱਸਿਆਵਾਂ ਨਾਲ ਕੀ ਸੰਬੰਧ ਹੈ ?

ਮਨੁੱਖ ਆਤਮਕ ਔਜ ਦੀ ਪ੍ਰਤਿਭਾ-ਪੂਰਤ ਤਰੰਗ ਅਤੇ ਇਸਲਾਮੀ ਵਿਚਾਰਧਾਰਾ ਦੀ ਇਹ ਉੱਚ ਪ੍ਰਣਾਲੀ, ਅਸਾਡੇ ਆਧੁਨਿਕ ਸਮਿਆਂ ਲਈ ਕੀ ਅਰਥ ਰੱਖਦੀ ਹੈ ਅਤੇ ਕੀ ਸੁਨੇਹਾ ਦਿੰਦੀ ਹੈ ? ਸੂਫ਼ੀ ਮਤ ਦੇ ਸਿਧਾਂਤ ਅਤੇ ਸਾਧਨ, ਮਨੁੱਖ ਦੀ ਆਤਮਾ ਦੇ

1. ਡਾਕਟਰ ਇਕਬਾਲ ਦਾ ਮਸ਼ਹੂਰ ਸ਼ਿਅਰ ਇਨ੍ਹਾਂ ਸ਼ਸਤਰਧਾਰੀ ਸੱਨੂਸੀ ਸੂਫ਼ੀਆਂ ਬਾਬਤ ਹੀ ਹੈ :
ਕਿਆ ਖ਼ੂਬ ਅਮੀਰੇ ਫ਼ੈਸਲ ਕੋ ਸੱਨੂਸੀ ਨੇ ਪੈਗ਼ਾਮ ਦੀਆ,
ਤੂ ਨਾਮੋ ਨਸਬ ਕਾ ਹਜਾਜ਼ੀ ਹੈ ਪਰ ਦਿਲ ਕਾ ਹਜਾਜ਼ੀ ਬਨ ਨਾ ਸਕਾ।

ਪਰਮਾਤਮਾ ਤਕ ਪਹੁੰਚਣ ਅਤੇ ਉਸ ਵਿਚ ਲੀਨ ਹੋਣ ਦੀ ਅਕਾਂਕਸ਼ਾ ਦਾ ਹੀ ਸਿੱਟਾ ਹਨ ਅਤੇ ਇਹ ਆਦਰਸ਼ ਐਸਾ ਸਵੱਛ ਹੈ ਕਿ ਕੋਈ ਦੇਸ਼ ਕਾਲ ਅਜਿਹਾ ਨਹੀਂ ਹੋ ਸਕਦਾ, ਜਿਥੇ ਕਿਸੇ ਨਾ ਕਿਸੇ ਰੂਪ ਵਿਚ ਇਹ ਆਦਰਸ਼ ਮਨੁੱਖ ਦੀ ਆਤਮਾ ਨੂੰ ਆਕਰਸ਼ਤ ਨਾ ਕਰਦਾ ਰਹੇ। ਵਿਸ਼ੇਸ਼ ਕਰਕੇ ਵਰਤਮਾਨ ਕਾਲ ਵਿਚ, ਜਦੋਂ ਕਿ ਸੰਸਾਰ ਭਰ ਦੇ ਨਰ ਨਾਰੀ, ਵਿਸ਼ਵ-ਵਿਆਪੀ ਉਪਰਥਲੀ ਯੁੱਧਾਂ ਤੋਂ ਸਿੱਥਲ ਪੈ ਕੇ ਕਿਸੇ ਸਥਿਰ ਸ਼ਾਂਤੀ ਅਤੇ ਪਰਸਪਰ ਮੈਤਰੀ ਦੀ ਢੂੰਡ ਵਿਚ ਹਨ ਅਤੇ ਇਸ ਭਾਲ ਵਿਚ ਹਨ ਕਿ ਸ਼ਾਂਤੀ ਅਤੇ ਮੈਤਰੀ ਦੀਆਂ ਨੀਹਾਂ ਉਸਾਰਨ ਲਈ ਕੋਈ ਸਦੀਵੀ ਕੀਮਤਾਂ ਲੱਭ ਪੈਣ, ਇਸ ਮੰਤਵ ਲਈ ਸੂਫ਼ੀ ਮਤ ਦਾ ਅਧਿਐਨ ਲਾਭਕਾਰੀ ਹੋ ਸਕਦਾ ਹੈ, ਕਿਉਂਜੁ ਇਹ ਕੀਮਤਾਂ ਅਤੇ ਇਹ ਸ਼ਾਂਤੀ ਅਤੇ ਮੈਤਰੀ ਦੀ ਚਾਹ ਹੀ ਤਾਂ ਸੂਫ਼ੀ ਮਤ ਦੇ ਪੰਡਤਾਂ ਅਤੇ ਸੰਤਾਂ ਦੀ ਮੁੱਢਲੀ ਪ੍ਰੇਰਨਾ ਸੀ। ਇਕ ਹੋਰ ਗੱਲੋਂ ਵੀ ਸੂਫ਼ੀ ਮਤ ਦੇ ਮਹਾਨ ਸਾਹਿਤ ਦਾ ਪਠਨ-ਪਾਠਨ ਭਾਰਤ ਵਾਸੀਆਂ ਅਤੇ ਸਿੱਖਾਂ ਲਈ ਖ਼ਾਸ ਕਰਕੇ ਲਾਭਵੰਦ ਹੋ ਸਕਦਾ ਹੈ। ਸਿੱਖ ਮਤ ਦੀ ਵਿਚਾਰਧਾਰਾ, ਇਸ ਦੇ ਸਿਧਾਂਤ ਅਤੇ ਇਸ ਦਾ ਵਿਕਾਸ, ਆਰੀਆਈ ਆਤਮਾ ਦਾ ਅੰਤਮ ਫਲ ਅਤੇ ਰਸ ਹਨ।

ਸਿੱਖ ਮਤ ਅਤੇ ਇਸ ਦੇ ਸਿਧਾਂਤਾਂ ਦੀ ਵਿਆਖਿਆ ਪੜਚੋਲ ਦੇ ਜਿਤਨੇ ਜਤਨ ਹੁਣ ਤਕ ਹੋਏ ਹਨ, ਉਹ ਇਹ ਮਿੱਥ ਕੇ ਹੋਏ ਹਨ ਕਿ ਇਹ ਮਤ ਬੀਤ ਚੁੱਕੇ ਹਿੰਦੂ ਮਤ, ਸ਼ਾਸਤਰਾਂ ਦਾ ਆਧੁਨਿਕ ਰੂਪ ਹੈ। ਇਹੋ ਕਾਰਨ ਹੈ ਕਿ ਸਿੱਖ ਮਤ ਦੇ ਅੰਦਰਲੇ ਬਾਹਰਲੇ ਪੜਚੋਲੀਆਂ ਅਤੇ ਪੰਡਤਾਂ ਦੇ ਸਿੱਟਿਆਂ ਅਤੇ ਸਿੱਖਾਂ ਦੀ ਰੂਹ ਵਿਚ ਅਮਿਟ ਮਤ-ਭੇਦ ਚਿਰ ਤੋਂ ਤੁਰਿਆ ਆਉਂਦਾ ਹੈ। ਇਸ ਪਾਟ ਨੂੰ ਮੇਟਣ ਵਿਚ ਸੂਫ਼ੀ ਮਤ ਦਾ ਮਹਾਨ ਸਾਹਿਤ ਬਹੁਤ ਹੱਦ ਤਕ ਸਹਾਇਕ ਹੋ ਸਕਦਾ ਹੈ। ਕਈ ਅਭਿਪ੍ਰਾਯ ਅਤੇ ਖ਼ਿਆਲ, ਸਿਧਾਂਤ ਅਤੇ ਵਿਚਾਰ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਸਿੱਖਾਂ ਦੀ ਵਿਚਾਰ ਪ੍ਰਣਾਲੀ ਵਿਚ ਅਜਿਹੇ ਹਨ, ਜਿਨ੍ਹਾਂ ਦੀ ਪੂਰੀ ਅਤੇ ਸੰਤੋਸ਼ਜਨਕ ਸਮਝ ਕੇਵਲ ਖਟ ਸ਼ਾਸਤਰ, ਚਤੁਰ ਵੇਦ, ਵੇਦਾਂਤ ਦੇ ਵਿਚਾਰਾਂ ਦੁਆਰਾ ਹੋ ਨਹੀਂ ਆਉਂਦੀ ਅਤੇ ਇਉਂ ਸ਼ੰਕਾ ਬਿਰਤੀ ਇਸ ਵਿਸ਼ੇ ਉੱਤੇ ਸ਼ਾਂਤ ਨਹੀਂ ਹੁੰਦੀ। ਗੁਰੂ-ਪਦ ਦਾ ਸਿਧਾਂਤ, ਗੁਰਬਾਣੀ ਵਿਚ ਜਿਨ੍ਹਾਂ ਪੰਜ ਛੇ ਰੂਪਾਂ ਤੇ ਸੰਕੇਤਾਂ ਵਿਚ ਵਰਣਨ ਹੈ, ਉਸ ਦੀ ਅਸਾਡੀ ਜਾਚੇ ਵਧੇਰੇ ਸੋਝੀ ਪੈ ਸਕੇ, ਜੇ ਬ੍ਰਾਹਮਣੀ ਮਤ ਦੇ ਅਵਤਾਰਵਾਦ ਦੇ ਸਿਧਾਂਤ ਨਾਲ ਸੂਫ਼ੀ ਮਤ ਦਾ ਹਕੀਕਤੁਲ ਮੁਹੰਮਦੀਯ ਅਤੇ ਮਹਾਯਾਨ ਤ੍ਰਿਕਾਯਾ ਦਾ ਗੂੜ੍ਹ ਸਿਧਾਂਤ ਵੀ ਜੋੜ ਦਿੱਤਾ ਜਾਵੇ। ਇਉਂ ਹੀ ਗੁਰੂ ਪਦ ਦੇ ਵਿਕੋਲਿਤਰੇ ਰੂਪਾਂਤਰ, ਗੁਰੂ ਸਾਹਿਬਾਨ ਦੇ ਕਥਨੇ ਹੋਏ, ਸਪੱਸ਼ਟ ਹੋ ਆਉਣ ਦੀ ਸੰਭਾਵਨਾ ਹੈ। ਇਵੇਂ ਹੀ 'ਸ਼ਬਦ' ਦਾ ਸਿਧਾਂਤ ਜੋ ਗੁਰਬਾਣੀ ਵਿਚ ਵਰਣਨ ਹੈ, ਉਸ ਨੂੰ ਜੇ ਨਿਰਾ ਨਿਆਇ ਦਰਸ਼ਨ ਦਾ ਸ਼ਬਦ ਪ੍ਰਮਾਣ ਕਰਕੇ ਸਮਝੀਏ ਯਾ ਰਿਗਵੇਦ ਦੇ ਬਹੁਤ ਸਾਰੇ ਵਾਕ ਸਿਧਾਂਤ ਦਾ ਰੂਪਾਂਤਰ ਮਿਥੀਏ ਤਾਂ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਵਾਕ (ਸ਼ਬਦ) ਸਪੱਸ਼ਟ ਨਹੀਂ ਹੁੰਦੇ।

ਨਵੀਨ ਅਫ਼ਲਾਤੂਨਵਾਦ ਦਾ 'ਲੋਗੋਸ' (Logos) ਦਾ ਸਿਧਾਂਤ ਜਿਵੇਂ ਕਿ ਇਸ ਨੂੰ ਇਬਨੇ-ਅਰਬੀ ਨੇ ਵਿਸਤਾਰ ਕੀਤਾ ਹੈ, ਵਿਚਾਰਿਆਂ ਅਤੇ ਨਿਆਇ ਦਰਸ਼ਨ ਵੇਦ ਦੇ 'ਸ਼ਬਦ' ਨੂੰ ਸਮਝਣ ਪਿੱਛੋਂ ਹੀ ਅਜਿਹੇ ਗੁਰੂ ਵਾਕਾਂ ਦੀ ਪੂਰੀ ਸਮਝ ਪੈ ਸਕਦੀ ਹੈ। ਇਵੇਂ ਹੀ, ਜਿਵੇਂ ਕਿ ਪਿੱਛੇ ਲਿਖ ਆਏ ਹਾਂ, 'ਖ਼ਾਲਸਾ' ਸਿਧਾਂਤ ਦੀ ਸੰਪੂਰਨ ਰੂਪ-ਰੇਖਾ ਭਾਰਤੀ ਵਿਚਾਰਧਾਰਾ ਦੀਆਂ ਬੀਤ ਚੁੱਕੀਆਂ ਸਦੀਆਂ ਵਿੱਚੋਂ ਲੱਭਣੀ ਕਠਨ, ਸਗੋਂ ਅਸੰਭਵ ਹੈ। ਸੂਫ਼ੀ ਮਤ ਦਾ 'ਇਨਸਾਨੁਲ-ਕਾਮਲ' ਅਥਵਾ 'ਅਕਮੁਲਿਲ-ਇਨਸਾਨ', ਦਾ ਸਿਧਾਂਤ ਹੀ ਗੁਰੂ ਦੇ ਇਸ ਆਸ਼ੇ ਨੂੰ ਸਪੱਸ਼ਟ ਕਰ ਸਕਦਾ ਹੈ।

# 'ਸਫ਼ਰਾਂ ਦੀ ਸਾਖੀ ਪੋਥੀ' ਉੱਤੇ ਇਕ ਪੰਛੀ-ਦ੍ਰਿਸ਼ਟੀ

1. ਇਹ ਗ੍ਰੰਥਿਕਾ, ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵੇ ਦੇਸ਼ ਵਿਚ ਰਟਨ ਦੀਆਂ ਇਕ ਸੌ ਵੀਹ ਸਾਖੀਆਂ ਦਾ ਸੰਗ੍ਰਹਿ ਹੈ, ਜੋ ਕਿ ਸੰਨ 1950 ਈਸਵੀ ਵਿਚ ਪਹਿਲੀ ਵਾਰ ਛਪਿਆ ਹੈ।[1] ਪਰ ਜੋ ਪਿਛਲੇਰੀਆਂ ਦੋ ਸਦੀਆਂ ਤੋਂ ਸਿੱਖਾਂ ਵਿਚ ਆਮ ਪ੍ਰਚਲਿਤ ਪ੍ਰਥਾ ਚਲੀ ਆਉਂਦੀ ਹੈ, ਇਸ ਦੀ ਸਾਹਿਤਕ ਸ਼ੈਲੀ ਤਾਂ ਗੌਰਵ ਪੂਰਤ ਅਤੇ ਮਧੁਮਈ ਹੈ ਹੀ, ਪਰ ਇਸ ਦੀ ਇਤਿਹਾਸਕ ਗਾਥਾ ਅਤੇ ਮਹੱਤਤਾ ਉਸ ਤੋਂ ਭੀ ਵੱਧ ਪ੍ਰਭਾਵਸ਼ਾਲੀ ਤੇ ਮਨੋਰੰਜਕ ਹੈ।

2. ਇਸ ਗ੍ਰੰਥਿਕਾ ਦੀ ਸੰਨ 1950 ਵਾਲੀ ਪਹਿਲੀ ਛਾਪੇ ਦੀ ਬੀੜ ਦੀ ਉਥਾਨਕਾ ਭਾਈ ਵੀਰ ਸਿੰਘ ਜੀ ਨੇ ਲਿਖੀ ਹੈ, ਉਸ ਵਿਚ ਉਹ ਦੱਸਦੇ ਹਨ ਕਿ :

> "ਇਸ (ਪੋਥੀ) ਵਿਚ ਨੌਵੇਂ ਅਤੇ ਦਸਵੇਂ ਸਤਿਗੁਰੂ ਜੀ ਦੇ ਮਾਲਵੇ ਦੇ ਸਫ਼ਰ ਦੀਆਂ ਸਾਖੀਆਂ ਹਨ, ਰਚਨਾ ਮਾਲਵੇ ਦੀ ਹੈ, 'ਸੀ' ਦੀ ਥਾਵੇਂ 'ਥੀ', 'ਲਾਗੇ' ਜਾਂ ਨੇੜੇ ਦੀ ਥਾਂ 'ਲਉਣੇ' ਤੇ 'ਬ' ਦੀ ਥਾਂ 'ਵ', ਬਹੁਤ ਵਰਤਿਆ ਹੋਇਆ ਹੈ। ਇਸੇ ਤਰ੍ਹਾਂ ਹੋਰ ਅਨੇਕ ਪਦ ਇਸ ਨੂੰ ਮਾਲਵੇ ਦੀ ਚੀਜ਼ ਹੀ ਸਿੱਧ ਕਰਦੇ ਹਨ। ਗੁਰੂ ਸਾਹਿਬਾਂ ਦੇ ਮੁਕੰਮਲ ਸਫ਼ਰ ਇਸ ਵਿਚ ਨਹੀਂ ਹਨ, ਕੇਵਲ ਰਿਆਸਤ ਪਟਿਆਲਾ, ਜ਼ਿਲ੍ਹਾ ਕਰਨਾਲ ਲਾਗੇ ਦੇ ਗੁਰ-ਅਸਥਾਨਾਂ ਦੀਆਂ ਸਾਖੀਆਂ ਦੇ ਕੇ ਪੁਸਤਕ ਸਮਾਪਤ ਹੋ ਜਾਂਦੀ ਹੈ।"[2]

ਅੱਗੇ ਕਹਿੰਦੇ ਹਨ :

> "ਗੁਰੂ ਸਾਹਿਬ ਦੇ ਸਫ਼ਰਾਂ ਦੀ ਤਰਤੀਬ ਜੋ ਇਸ ਪੁਸਤਕ ਵਿਚ ਹੈ, ਉਹੀ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਹੈ ਅਤੇ ਕਈ ਮਾਲਵੇ ਦੇ ਪਦ ਜੋ ਉਸੇ ਸਾਖੀ ਵਿੱਚੋਂ ਇਸ ਪੋਥੀ ਵਿਚ ਆਏ ਹਨ, *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਭੀ ਉਸੇ ਪ੍ਰਸੰਗ ਵਿਚ ਆ ਗਏ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਪੁਸਤਕ ਭੀ ਕਵੀ ਜੀ (ਭਾਈ ਸੰਤੋਖ ਸਿੰਘ) ਪਾਸ ਹੈ ਸੀ। ਫਿਰ ਐਨ, 1, ਦੇ ਆਰੰਭ ਤੋਂ ਜਦੋਂ ਦਸਮ ਪਿਤਾ ਜੀ ਦਾ ਮਾਲਵੇ ਦਾ ਸਫ਼ਰ ਚੱਲਦਾ ਹੈ ਤਾਂ ਰੰਚਕ ਭਰ ਭੀ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਪੋਥੀ ਕਵੀ ਜੀ ਪਾਸ ਜ਼ਰੂਰ ਹੈ ਸੀ।"[3]

3. ਇਸੇ ਪ੍ਰਸਤਾਵਨਾ ਵਿਚ ਜਦੋਂ ਭਾਈ ਵੀਰ ਸਿੰਘ ਜੀ ਇਸ ਪੋਥੀ ਦੇ ਰਚਨਾ-ਕਾਲ ਨੂੰ ਬੜੇ ਗੌਹ ਨਾਲ ਨਿਸਚਿਤ ਕਰਨ ਦਾ ਜਤਨ ਕਰਦੇ ਹਨ, ਤਦ ਇਸ ਅੰਤਮ ਸਿੱਟੇ ਉੱਤੇ ਪੁੱਜਦੇ ਹਨ ਕਿ :

---

1. *ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਖ਼ਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ, 1950 ਈਸਵੀ।
2. ਸਫ਼ਾ, (ਸ)।
3. *ਉਹੀ* ।

> "ਇਉਂ ਸਾਰੀ ਵਿਚਾਰ ਦੇ ਅਖ਼ੀਰ ਇਸ ਦਾ ਰਚਨਾ ਕਾਲ 1880 ਬਿ: (1823 ਏ.ਡੀ.) ਦੇ ਲਾਗੇ ਚਾਗੇ ਸਾਨੂੰ ਲੈ ਜਾਂਦਾ ਹੈ ਤੇ ਸਾਨੂੰ ਆਸ ਹੈ ਕਿ ਇਹ ਸੰਮਤ ਅਸਲੀਅਤ ਤੋਂ ਬਹੁਤ ਦੂਰ ਨਹੀਂ ਹੋਵੇਗਾ।"[1]

ਭਾਈ ਵੀਰ ਸਿੰਘ ਜੀ ਦੀਆਂ ਦਲੀਲਾਂ ਇਸ ਰਚਨ-ਕਾਲ ਨੂੰ ਨਿਸਚਿਤ ਕਰਨ ਬਾਰੇ ਬੜੀਆਂ ਨਿੱਗਰ ਹਨ, ਪਰ ਇਨ੍ਹਾਂ ਸਤਰਾਂ ਦੇ ਲਿਖਾਰੀ ਦੀ ਜਾਚੇ, ਕਤਈ ਤੇ ਹਸਤਾਮਲਕ ਦੀ ਤਰ੍ਹਾਂ ਪ੍ਰਤੱਖ ਤੇ ਦ੍ਰਿੜ੍ਹ ਨਹੀਂ ਹਨ।

4. ਭਾਈ ਵੀਰ ਸਿੰਘ ਜੀ ਦੀਆਂ ਮੋਟੀਆਂ-ਮੋਟੀਆਂ ਦਲੀਲਾਂ ਅਤੇ ਉਨ੍ਹਾਂ ਦੇ ਕਤਈ ਹੋਣ ਬਾਰੇ ਜੋ ਸੰਦੇਹ ਹਨ, ਉਹ ਇਹ ਹਨ :

(1) 'ਮਹਾਂ ਕਵੀ ਸੰਤੋਖ ਸਿੰਘ ਜੀ ਦਾ *ਗੁਰ ਪ੍ਰਤਾਪ ਸੂਰਜ* ਗ੍ਰੰਥ ਸੰਨ 1843 ਏ.ਡੀ. ਵਿਚ ਸੰਪੂਰਣ ਹੋਇਆ। ਇਸ ਗ੍ਰੰਥ ਦੀ ਰਾਸ 11, ਜਿਸ ਵਿਚ ਇਸ *ਸਾਖੀ ਪੋਥੀ* ਨੂੰ ਨਿਰਸੰਦੇਹ ਆਧਾਰ ਬਣਾਇਆ ਗਿਆ ਹੈ, ਉਹ 1897 ਬਿਕ੍ਰਮੀ (1840 ਏ.ਡੀ.) ਦੇ ਨੇੜੇ-ਨੇੜੇ ਸਿਰਜੀ ਗਈ। ਇਸ ਲਈ ਨਿਰਸੰਦੇਹ ਇਹ *ਸਾਖੀ ਪੋਥੀ* ਸੰਨ 1840 ਈਸਵੀ ਤੋਂ ਪਹਿਲਾਂ ਦੀ ਕ੍ਰਿਤ ਹੈ।' ਇਹ ਸਪੱਸ਼ਟ ਹੀ ਹੈ ਅਤੇ ਇਸ ਸਿੱਟੇ ਉੱਤੇ ਕੋਈ ਠੋਸ ਕਿੰਤੂ ਸੰਭਵ ਨਹੀਂ।

(2) 'ਸੰਮਤ 1762 ਬਿਕ੍ਰਮੀ ਤੋਂ ਪਹਿਲਾਂ ਦੀ ਇਹ ਗ੍ਰੰਥਿਕਾ ਰਚੀ ਹੋਈ ਨਹੀਂ, ਕਿਉਂ ਜੁ ਸੰਮਤ 1762 (1705 ਏ.ਡੀ.) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦਾ ਦੌਰਾ ਕੀਤਾ ਹੈ ਜੋ ਕਿ *ਸਾਖੀ ਪੋਥੀ* ਦਾ ਭਾਗ ਹੈ।' ਇਹ ਦਲੀਲ ਕਤਈ ਨਹੀਂ ਕਹੀ ਜਾਂਦੀ। ਪੂਰਵ-ਕਲਪਣਾ (pre-supposition) ਇਸ ਦਲੀਲ ਦੀ ਇਹ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੀਆਂ ਸਾਖੀਆਂ 1 ਤੋਂ 38 ਤਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ 39 ਤੋਂ ਲੈ ਕੇ 118 ਤਕ (119 ਤੇ 120) ਨਿਰਸੰਦੇਹ ਪਿਛਲੇਰੀਆਂ ਅਤੇ ਪਹਿਲਾਂ ਆਈਆਂ, ਭਾਈ ਵੀਰ ਸਿੰਘ ਜੀ ਦੇ ਕਥਨਾਨੁਸਾਰ, 'ਸਵਿਸਤਾਰ ਪੁਨਰ ਰੂਪ' ਹਨ। ਇੱਕੋ ਸਮੇਂ ਅਤੇ ਇਕ ਲਿਖਾਰੀ ਦੀ ਲਿਖਤ ਹਨ। ਜੇ ਅਸਲੀ ਗੱਲ ਇਉਂ ਮਿਥਣ ਵਿਚ ਕੋਈ ਬਹੁਤੀ ਕਠਨਾਈ ਨਾ ਹੋਵੇ ਕਿ ਨੌਂਵੇਂ ਪਾਤਸ਼ਾਹ ਦੀਆਂ ਸਾਖੀਆਂ ਪਹਿਲਾਂ, ਕਿਸੇ ਹੋਰ ਲਿਖਾਰੀ ਦੀ ਲਿਖਤ ਹਨ, ਸੰਨ 1680 ਈਸਵੀ ਦੇ ਨੇੜੇ ਤੇੜੇ ਦੀ ਅਤੇ ਦਸਮ ਪਾਤਸ਼ਾਹ ਦੀਆਂ ਸਾਖੀਆਂ ਕਿਸੇ ਉਤ੍ਰ-ਕਾਲ ਲਿਖਾਰੀ ਦੀ ਰਚਨਾ ਹਨ, ਅਠਾਰ੍ਹਵੀਂ ਸਦੀ ਦੇ ਪਹਿਲੇ ਇਕ ਦੋ ਦਹਾਕਿਆਂ ਦੀ ਅਥਵਾ ਸੰਨ 1710—1720 ਈਸਵੀ ਦੀ; ਤਦ ਇਸ *ਸਾਖੀ ਪੋਥੀ* ਦਾ ਰਚਨ-ਕਾਲ ਭਾਈ ਵੀਰ ਸਿੰਘ ਜੀ ਦੇ ਅਨੁਮਾਨੇ ਹੋਏ ਰਚਨ-ਕਾਲ ਤੋਂ ਕੋਈ ਸੌ ਕੁ ਵਰ੍ਹਾ ਪਹਿਲੋਂ ਦਾ ਪ੍ਰਤੀਤ ਹੋ ਜਾਵੇਗਾ, ਜਿਸ ਨਾਲ *ਸਾਖੀ ਪੋਥੀ* ਨੌਂਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਨਿਕਟ-ਸਮਕਾਲੀ ਲਿਖਤ ਬਣ ਜਾਵੇਗੀ। ਦੋ ਕਾਰਨ ਇਨ੍ਹਾਂ ਸਤਰਾਂ ਦੇ ਲਿਖਾਰੀ ਦੇ ਵਿਚਾਰ ਵਿਚ ਹਨ, ਕਿ ਇਹ ਕਲਪਨਾ ਕਿ *ਸਾਖੀ ਪੋਥੀ* ਦੇ ਦੋ ਲਿਖਾਰੀ ਹਨ (ਤੀਜਾ ਲਿਖਾਰੀ ਸਾਖੀ ਨੰ: 119 ਤੇ 120 ਦਾ ਹੋਰ ਹੈ), ਨਿਰਾਧਾਰ ਨਹੀਂ ਕਹੀ ਜਾ ਸਕਦੀ : (1) ਦੋਹਾਂ ਭਾਗਾਂ ਦੀ ਗਦ-ਸ਼ੈਲੀ, ਜੇ ਮਹੀਨ ਅੱਖ ਤੇ ਸੂਖਮ ਚਕਸ਼ੂ ਨਾਲ ਦੇਖੀਏ ਤਾਂ ਇਕ ਦੂਜੇ ਨਾਲੋਂ ਭਿੰਨ ਹੈ। ਦਸਮ ਪਾਤਸ਼ਾਹ ਦੀਆਂ ਸਾਖੀਆਂ ਦੇ ਭਾਗ ਵਿਚ ਫ਼ਿਕਰਿਆਂ ਦੀ ਬਣਤਰ ਵਧੇਰੇ ਪਾਂਡਿਤਯ-ਦਰਸ਼ੀ (sophisticated)

---

1. ਸਫ਼ਾ (ਜ)।

ਹੈ, ਪਹਿਲੇ ਭਾਗ ਦੀਆਂ ਸਿੱਧੀਆਂ, ਅਨਘੜ, ਮਨ ਤੇ ਬਚਨ ਦੀ ਏਕਾਘਣ (monolithic) ਇਕਸਾਰਤਾ ਆਧਾਰਿਤ ਗਦ ਨਾਲੋਂ।

(2) ਪਹਿਲੇ ਭਾਗ ਵਿਚ ਸਪੱਸ਼ਟ ਮਲਵਈ ਤਦਭਵ 'ਥੀ' ਸ਼ਬਦ 'ਸੀ' ਦੇ ਅਰਥਾਂ ਵਿਚ ਆਮ ਤੌਰ ਉੱਤੇ ਅਤੇ ਬਹੁਤ ਵਧੇਰੇ ਵਰਤਿਆ ਗਿਆ ਹੈ ਦੂਜੇ ਭਾਗ ਨਾਲੋਂ, ਜਿਸ ਵਿਚ 'ਸੀ' ਪ੍ਰਧਾਨ ਹੈ ਅਤੇ 'ਥੀ' ਐਵੇਂ ਲਵਣ-ਮਾਤ੍ਰਾ ਵਿਚ, ਜਿਵੇਂ ਖਿਚੜੀ ਵਿਚ ਲੂਣ ਹੁੰਦਾ ਹੈ, ਦਾਲ ਤੇ ਚੌਲਾਂ ਦੀ ਮਾਤ੍ਰਾ ਵਿਚ ਹਨ।

(3) ਸਾਖੀ 110 ਵਿਚ ਦਸਮ ਪਾਤਸ਼ਾਹ ਦੀ ਭਵਿੱਖ ਬਾਣੀ 'ਨੌਹਰ' ਪਿੰਡ ਬਾਬਤ ਹੈ, "ਨੌਹਰ, ਗੁਰੂ ਕੀ ਮੋਹਰ, ਲੁਟੇਗਾ ਖ਼ਾਲਸਾ" ਇਹ ਬਚਨ ਸੰਨ 1705 ਈਸਵੀ ਦੇ ਹਨ। ਸੰਨ 1811 ਈਸਵੀ ਵਿਚ ਇਹ ਵਾਕ ਸੱਤਯ ਹੋਏ ਅਤੇ 1811 ਈਸਵੀ ਵਾਲੀ ਘਟਨਾ ਦਾ ਜ਼ਿਕਰ ਭੀ ਇਸੇ ਸਾਖੀ ਦੀ ਪੂਛਲ ਵਿਚ ਦਰਜ ਹੈ : "ਅਠਾਰਾਂ ਸੈ ਗਿਆਰੇ ਖ਼ਾਲਸੇ ਲੁਟੀ, ਮਾਰੀ, ਮੁਹਰਾਂ ਲੁਟੀਆਂ।" ਇਸ ਤੋਂ ਭਾਈ ਵੀਰ ਸਿੰਘ ਜੀ ਨੇ ਇਹ ਨਤੀਜਾ ਕੱਢਿਆ ਹੈ ਕਿ *ਸਾਖੀ ਪੋਥੀ* ਸੰਨ 1811 ਈਸਵੀ ਤੋਂ ਪਿੱਛੋਂ ਦੀ ਰਚਨਾ ਹੈ। ਇਹ ਦਲੀਲ ਤਦ ਹੀ ਕਤਈ ਮੰਨੀ ਜਾ ਸਕਦੀ ਹੈ, ਜੇ ਇਹ ਅਸੰਭਵ ਤੇ ਅਨਹੋਣਾ ਮੰਨ ਲਿਆ ਜਾਵੇ ਕਿ ਇਹ ਸੰਨ 1811 ਵਿਚ, ਨੌਹਰ ਗ੍ਰਾਮ ਨੂੰ ਲੁੱਟਣ ਵਾਲੀ ਟੂਕ, ਕਿਸੇ ਨੇ ਪਿੱਛੋਂ ਵਾਧਾ ਨਹੀਂ ਕੀਤਾ। ਜਿਨ੍ਹਾਂ ਨੇ ਅਸਾਡੀਆਂ ਪੁਰਾਣੀਆਂ ਹੱਥ-ਲਿਖਤਾਂ ਦਾ ਗੌਹ ਨਾਲ ਅਧਿਐਨ ਕੀਤਾ ਹੈ, ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਅਸਾਡੇ ਵਿਚ ਇਹ ਰੀਤੀ ਆਮ ਤੌਰ 'ਤੇ ਪਰਵਾਣ ਹੈ ਕਿ ਹੱਥ-ਲਿਖਤ ਦੇ ਅਰਥ ਬਦਲਣ ਲਈ ਯਾ ਕਥਾ ਵਾਰਤਾ ਸੰਪੂਰਣ ਕਰਨ ਲਈ, ਉਸ ਵਿਚ ਘਾਟੇ ਵਾਧੇ, ਪਿੱਛੋਂ ਕਿਸੇ ਹੋਰ ਦਾ ਕਰ ਦੇਣਾ ਅਨੁਚਿਤ ਨਹੀਂ ਸਮਝਿਆ ਜਾਂਦਾ। ਦੋ ਉਦਾਹਰਣਾਂ ਅੱਖੀਂ ਦੇਖੀਆਂ, ਇਸ ਰੀਤੀ ਜਾਂ ਕੁਰੀਤੀ ਦੀ ਪ੍ਰੋੜ੍ਹਤਾ ਵਿਚ ਇਹ ਹਨ : (1) ਸੰਨ 1942 ਵਿਚ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਮਹਾਰਾਜਾ ਕਸ਼ਮੀਰ ਦੇ ਪੁਰਾਣੇ ਸ੍ਰੀ ਨਗਰ ਸ਼ਹਿਰ ਵਾਲੇ ਰਾਜ ਮਹੱਲ ਵਿਚ ਜੋ ਕਿ ਉਸ ਵੇਲੇ ਅਜਾਇਬ ਘਰ ਦੇ ਰੂਪ ਵਿਚ ਸੀ, ਸੰਨ 1842 ਦੀ ਉਹ ਅਸਲ ਸੰਧੀ ਦੀ ਪਰਤ ਦੇਖੀ, ਜਿਸ ਦੁਆਰਾ ਸ਼ਹਿਨਸ਼ਾਹ ਚੀਨ ਅਤੇ ਤਿੱਬਤ ਦੇ ਦਲਾਈਲਾਮਾ ਨੇ ਲੱਦਾਖ ਦੇਸ਼ ਨੂੰ, ਸਰਕਾਰ ਖ਼ਾਲਸਾ ਦਾ ਅਧੀਨ ਦੇਸ਼ ਪਰਵਾਨ ਕਰ ਲਿਆ ਸੀ ਅਤੇ ਇਸ ਸੰਧੀ ਨਾਮੇ ਵਿਚ ਇਕ ਫ਼ਰੀਕ ਸ਼ਹਿਨਸ਼ਾਹ ਚੀਨ ਅਤੇ ਦੂਜਾ ਫ਼ਰੀਕ 'ਫ਼ਾਤਹ-ਆਲਮ', "ਖ਼ਾਲਸਾ ਜੀਓ' ਅੰਕਤ ਹੈ। ਉਸ ਸੰਧੀ ਨਾਮੇ ਵਿਚ ਕਸ਼ਮੀਰ ਸਰਕਾਰ ਦੇ ਕਬਜ਼ੇ ਵਿਚ ਸਾਂਭੀ ਹੋਈ ਦਸਤਾਵੇਜ਼ ਵਿਚ, ਦੋ ਸਤਰਾਂ ਦੇ ਵਿਚਾਲੇ, 'ਖ਼ਾਲਸਾ ਜੀਓ' ਹੋਰ ਕਲਮ ਨਾਲ ਕੱਟ ਕੇ, 'ਮਹਾਰਾਜਾ ਗੁਲਾਬ ਸਿੰਘ' ਵੱਖਰੀ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਸੀ। ਇਹ ਬੇਹਿਆਈ ਦੀ ਕਰਤੂਤ, ਸਰਕਾਰੀ ਪੱਧਰ 'ਤੇ, ਸਰਕਾਰੀ ਅਜਾਇਬ ਘਰ ਵਿਚ, ਖੁਲ੍ਹਮ-ਖੁੱਲ੍ਹੀ ਅਤੇ ਆਮ ਜਨਤਾ ਨੂੰ ਪ੍ਰਭਾਵਿਤ ਕਰਨ ਲਈ ਰੱਖੀ ਹੋਈ ਸੀ। ਹੁਣ ਭੀ ਇਹ ਨਿਰਲੱਜ ਹਸਤਾਖੇਪ, ਸਰਕਾਰੀ ਆਰਕੀਵ, ਨਵੀਂ ਦਿੱਲੀ ਵਿਚ ਸੁਰੱਖਿਅਤ ਸੁਣੀਦਾ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ, ਡੋਗਰਾ-ਸਮਰਾਟ, 'ਮਹਾਰਾਜਾ ਗੁਲਾਬ ਸਿੰਘ', ਚੀਨ-ਮਜੀਨ-ਵਿਜਈ ਦੀ ਜਸ-ਕੀਰਤੀ ਠੀਕ ਤੌਰ 'ਤੇ ਕਰ ਸਕਣ। (2) ਫੇਰ ਸੰਨ 1949 ਵਿਚ ਗੁਰਦੁਆਰਾ ਸਿੰਘ ਸਭਾ ਸ਼ਿਮਲਾ ਦੀ ਲਾਇਬ੍ਰੇਰੀ ਵਿਚ, ਮੈਂ ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਦੇ ਅਨੇਕਾਂ ਸਫ਼ਿਆਂ ਉੱਤੇ ਕਈ ਲਿਖਾਰੀਆਂ ਦੀਆਂ ਹੱਥ-ਲਿਖਤ 'ਸੁਧਾਈਆਂ' ਤੇ ਵਾਧੇ ਕੀਤੇ ਹੋਏ ਦੇਖੇ, ਜਿਨ੍ਹਾਂ ਦਾ ਭਾਵ ਕਿ *ਮਹਾਨ ਕੋਸ਼* ਵਿਚ ਛਪੇ ਹੋਏ ਲੇਖਾਂ ਨੂੰ 'ਵਧੇਰੇ

ਸਪੱਸ਼ਟ' ਕਰਨਾ ਯਾ 'ਮੁਕੰਮਲ ਕਰਨਾ' ਸੀ। ਕੋਈ ਅਸਚਰਜ ਵਾਲੀ ਗੱਲ ਨਹੀਂ ਜੇ *ਸਾਖੀ ਪੋਥੀ* ਦੀ ਸਾਖੀ 110 ਦੇ ਅੰਤ ਵਿਚ ਦਿੱਤੀ ਹੋਈ ਸੰਨ 1811 ਵਿਚ ਵਾਪਰੀ ਘਟਨਾ ਬਾਬਤ ਟੂਕ, ਇਸੇ ਕਿਸਮ ਦਾ ਵਾਧਾ ਹਸਤਾਖੇਪ ਹੀ ਹੋਵੇ, ਜਿਸ ਤੋਂ ਕੇਵਲ ਇਹੋ ਸਿੱਧ ਹੁੰਦਾ ਹੈ ਕਿ ਇਹ ਇਕ ਫ਼ਿਕਰਾ ਸੰਨ 1811 ਤੋਂ ਪਿੱਛੋਂ ਕਿਸੇ ਨੇ ਲਿਖਿਆ ਹੈ ਅਤੇ ਇਹ ਪੱਕਾ ਨਤੀਜਾ ਨਹੀਂ ਕੱਢਿਆ ਜਾ ਸਕਦਾ ਕਿ *ਸਾਖੀ ਪੋਥੀ* ਦਾ ਰਚਨ-ਕਾਲ ਸੰਨ 1811 ਤੋਂ ਪਿੱਛੋਂ ਦਾ ਹੈ।

(4) ਪਹਿਲੀ ਸਾਖੀ ਸੈਫ਼ਾਬਾਦ ਵਾਲੀ ਨੂੰ ਆਧਾਰ ਬਣਾ ਕੇ ਜੋ ਦਲੀਲ ਭਾਈ ਵੀਰ ਸਿੰਘ ਜੀ ਨੇ ਦਿੱਤੀ ਹੈ ਕਿ *ਸਾਖੀ ਪੋਥੀ* ਦਾ ਰਚਨ-ਕਾਲ ਸੰਨ 1774 ਈਸਵੀ ਤੋਂ ਪਿੱਛੋਂ ਦਾ ਹੈ, ਉਹ ਤਾਂ ਕੋਈ ਬਹੁਤੀ ਮੰਨਣਯੋਗ ਦਲੀਲ ਉੱਕਾ ਨਹੀਂ ਜਾਪਦੀ। ਦਲੀਲ ਇਹ ਹੈ ਕਿ ਇਸ ਸਾਖੀ ਵਿਚ ਨਵਮ ਪਾਤਸ਼ਾਹ ਦੇ ਇਹ ਭਵਿੱਖ ਵਾਕ ਹਨ ਕਿ : "ਸਾਡਾ ਸਿੰਘ ਹੋਵੇਗਾ ਕਰਮ ਸਿੰਘ ਨਾਮ, ਉਹ (ਇਸ ਅਸਥਾਨ ਨੂੰ) ਵੱਡਾ ਕਰੇਗਾ, ਸਾਡਾ ਹੀ ਨਾਉਂ ਰਖੇਗਾ।" ਬਹਾਦੁਰ ਗੜ੍ਹ ਦਾ ਕਿਲ੍ਹਾ ਮਹਾਰਾਜਾ ਅਮਰ ਸਿੰਘ (ਮਹਾਰਾਜਾ ਕਰਮ ਸਿੰਘ ਨੇ ਨਹੀਂ) ਸੰਨ 1774 ਈਸਵੀ ਵਿਚ ਬਣਵਾਇਆ ਸੀ। ਮਹਾਰਾਜਾ ਕਰਮ ਸਿੰਘ ਦੇ ਨਾਮ ਦੀ ਥਾਂ 'ਕਰਮ ਸਿੰਘ' ਲਿਖਾਰੀ ਦੀ ਭੁੱਲ ਹੈ ਅਤੇ ਪੋਥੀ ਵਿਚ ਆਏ ਭਵਿੱਖ ਵਾਕ ਨੂੰ ਸਮਕਾਲੀ ਵਾਸਤਵਿਕ ਵਾਕ ਸਮਝਣਾ ਹੀ ਉਚਿਤ ਹੈ, (ਕਿਉਂ ? ਭਵਿੱਖ-ਵਾਕ ਹੁੰਦੇ ਹੀ ਨਹੀਂ ਯਾ ਗੁਰੂ ਸਾਹਿਬ ਵਿਚ ਇਹ ਸਿੱਧੀ ਹੈ ਹੀ ਨਹੀਂ ਸੀ ?)। ਇਸ ਕੱਚੀ ਦਲੀਲ ਦੁਆਰਾ ਭਾਈ ਵੀਰ ਸਿੰਘ ਜੀ ਅਨੁਮਾਨ ਲਾਉਂਦੇ ਹਨ ਕਿ *ਸਾਖੀ ਪੋਥੀ* ਸੰਨ 1774 ਤੋਂ ਪਿੱਛੋਂ ਦੀ ਲਿਖਤ ਹੈ।

(5) ਪੰਜਵੀਂ ਦਲੀਲ ਭਾਈ ਵੀਰ ਸਿੰਘ ਜੀ ਦੀ ਇਹ ਹੈ ਕਿ ਸਾਖੀ 39 ਵਿਚ ਲਿਖਿਆ ਹੈ ਕਿ ਸਾਹਿਬ ਦਸਮ ਪਾਤਸ਼ਾਹ ਨੇ ਪਿੰਡ ਜਲਾਲ ਦੇ ਵਾਸੀਆਂ ਨੂੰ ਆਗਿਆ ਕੀਤੀ ਸੀ ਕਿ ਸਿੰਘਾਂ ਨਾਲ ਵਿਗਾੜ ਨਾ ਪਾਉਣਾ ਤਦ ਹੀ ਸੁਰੱਖਿਅਤ ਰਹੋਗੇ, ਪਰ "ਜਲਾਲ ਕੇ ਅਠਾਰਾਂ ਸੈ ਪੱਚੀਏ ਗੁਰੂ ਕੇ ਦਲ ਨੂੰ ਜਾਇ ਪਏ ਰਾਤ ਨੂੰ।" ਭਾਈ ਵੀਰ ਸਿੰਘ ਜੀ ਕਹਿੰਦੇ ਹਨ ਕਿ 'ਗੁਰੂ ਕੇ ਦਲ' ਤੋਂ ਮੁਰਾਦ 'ਸਿੰਘਾਂ ਦੇ ਦਲ' ਯਾ 'ਖ਼ਾਲਸੇ ਦਾ ਦਲ' ਹੈ। ਕੋਈ ਪਰਪਾਟੀ ਸਿੱਖ ਮੁਹਾਵਰੇ ਯਾ ਸਿੱਖ ਲਿਖਤਾਂ ਵਿਚ ਅਜੇਹੀ ਪ੍ਰਾਲਬਧ ਨਹੀਂ, ਜਿਸ ਵਿਚ 'ਸਿੰਘਾਂ ਦੇ ਦਲ' ਯਾ 'ਖ਼ਾਲਸੇ ਦੇ ਦਲ' ਨੂੰ 'ਗੁਰੂ ਕਾ ਦਲ' ਕਿਹਾ ਗਿਆ ਹੋਵੇ। 'ਗੁਰੂ ਕਾ ਦਲ' ਉਹ ਦਲ ਹੈ ਜੋ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਨਿਜੀ ਤਾਬਿਆ ਅਤੇ ਆਪਣੀ ਕਮਾਣ ਹੇਠਾਂ ਸੀ, 'ਸਿੱਖਾਂ ਦੇ ਦਲ' ਯਾ 'ਦਲ ਖ਼ਾਲਸਾ' ਨੂੰ ਕਦੇ 'ਗੁਰੂ ਕਾ ਦਲ' ਨਹੀਂ ਕਿਹਾ ਗਿਆ। ਇਸ ਲਈ ਸਾਖੀ 39 ਵਿਚ ਜਿਹੜੀ ਟੂਕ, 'ਅਠਾਰਾਂ ਸੈ ਪੱਚੀਏ' ਬਾਬਤ ਹੈ, ਉਹ ਕਿਸੇ ਸਿੱਖੀ ਮੁਹਾਵਰੇ ਤੇ ਖ਼ਾਲਸੇ ਦੀ ਬੋਲ-ਚਾਲ ਵਿਧੀ ਤੋਂ ਉੱਕੇ ਅਣਜਾਣ ਦੀ ਲਿਖੀ ਹੋਈ ਹੈ ਅਤੇ ਸੌ ਬਿਸਵੇ, ਇਸ ਟੂਕ ਦਾ ਕਰਤਾ ਤੇ ਲਿਖਾਰੀ ਉਹ ਨਹੀਂ, ਜਿਸ ਨੇ ਯਾ ਜਿਨ੍ਹਾਂ ਨੇ *ਸਾਖੀ ਪੋਥੀ* ਰਚੀ ਹੈ। ਕਿਉਂਜੁ ਭਾਈ ਵੀਰ ਸਿੰਘ ਜੀ ਆਪ ਤਸਲੀਮ ਕਰਦੇ ਹਨ ਕਿ *ਸਾਖੀ ਪੋਥੀ* ਰਚਨ ਵਾਲਾ "ਲੇਖਕ ਹੈ ਚੰਗਾ ਵਿਦਵਾਨ ਜੋ ਸਾਖੀਆਂ ਦੀ ਸੰਖੇਪਤਾ ਵਿਚ ਪੂਰੀ ਦਿਲਚਸਪੀ ਕਾਇਮ ਰੱਖਣ ਤੇ ਜ਼ੋਰਦਾਰ ਗ਼ੁਫ਼ਤਗੂ ਲਿਖਣ ਵਿਚ ਮਾਹਿਰ ਹੈ।"[1]

1. ਸਫ਼ਾ (ਜ)।

(6) ਅਸੀਂ ਇਹ ਤਾਂ ਨਿਸਚਿਤ ਕਰਨ ਤੋਂ ਐਸ ਵੇਲੇ ਤਕ ਅਸਮਰਥ ਹਾਂ ਕਿ *ਸਾਖੀ ਪੋਥੀ* ਦਾ ਸ਼ੁਧ ਰਚਨਕਾਲ ਕੀ ਹੈ, ਪਰ ਇਹ ਜ਼ਰੂਰ ਕਹਿੰਦੇ ਹਾਂ ਕਿ ਭਾਈ ਵੀਰ ਸਿੰਘ ਜੀ ਨੇ ਜੋ ਦਲੀਲਾਂ *ਸਾਖੀ ਪੋਥੀ* ਨੂੰ ਮਹਾਂਕਵੀ ਸੰਤੋਖ ਸਿੰਘ ਜੀ ਦੇ ਕਾਲ ਦੀ ਰਚਿਤ, ਸੰਨ 1840 ਦੇ ਨੇੜੇ-ਤੇੜੇ ਦੀ ਯਾ ਸੰਤੋਖ ਸਿੰਘ ਜੀ ਦੀ ਨਿੱਜੀ ਪ੍ਰੇਰਨਾ ਦੁਆਰਾ ਰਚਿਤ (ਜੋ ਕਿ ਮਨੋਕਲਪਤ ਵਿਚਾਰ ਤੋਂ ਵੱਧ ਨਹੀਂ) ਹੋਣ ਦੇ ਹੱਕ ਵਿਚ ਦਿੱਤੀਆਂ ਹਨ, ਉਨ੍ਹਾਂ ਦਲੀਲਾਂ ਨੂੰ ਅੰਤਮ ਯਾ ਕਤੱਈ ਮੰਨਣ ਵਿਚ, ਅਸਾਨੂੰ ਵੱਡੀਆਂ ਕਠਿਨਾਈਆਂ ਦਿੱਸਦੀਆਂ ਹਨ। *ਸਾਖੀ ਪੋਥੀ* ਨੂੰ ਸਾਹਿਬ ਨਵਮ ਪਾਤਸ਼ਾਹ ਦੇ ਅਤੇ ਸਾਹਿਬ ਦਸਮ ਪਾਤਸ਼ਾਹ ਦੇ ਦੋ ਭਾਗਾਂ ਦੇ ਰੂਪ ਵਿਚ ਲਗਭਗ ਸਮਕਾਲੀ ਮੰਨਣ ਦੀ ਕਲਪਨਾ ਨੂੰ ਪੂਰੇ ਤੌਰ 'ਤੇ ਕਾਟ ਕਰਨ ਵਾਲੀ, ਕੋਈ ਦਲੀਲ ਯਾ ਕੋਈ ਤੱਥ ਜਿਸ ਨੂੰ 'ਕਤੱਈ' ਕਿਹਾ ਜਾ ਸਕੇ, ਅਸਾਡੇ ਕੋਲ, ਐਸ ਵੇਲੇ ਹੈ ਨਹੀਂ।

(7) ਹੁਣ ਸਮੱਸਿਆ ਹੈ ਕਿ *ਸਾਖੀ ਪੋਥੀ* ਦਾ ਰਚਣ ਵਾਲਾ ਯਾ ਰਚਣ ਵਾਲੇ ਕੌਣ ਹਨ। ਭਾਈ ਵੀਰ ਸਿੰਘ ਜੀ ਨੇ ਇਸ ਦਾ ਉੱਤਰ ਦੇਣ ਦਾ ਯਤਨ ਕੀਤਾ ਹੈ:

> "ਇਕ ਇਸ਼ਾਰਾ *ਸਾਖੀ ਪੋਥੀ* ਵਿੱਚੋਂ ਸਾਨੂੰ ਵਿਸ਼ੇਸ਼ ਭੀ ਮਿਲਦਾ ਹੈ ਜੋ ਲੇਖਕ ਬਾਰੇ ਕਿਸੇ ਇਸ਼ਾਰੇ ਦੀ ਸੋਧ ਸੁੱਟ ਜਾਂਦਾ ਹੈ। ਦੂਜੀ ਸਾਖੀ ਦੇ ਸ਼ੁਰੂ ਵਿਚ ਲੇਖਕ ਇਨ੍ਹਾਂ ਅੱਖਰਾਂ ਵਿਚ ਮੰਗਲ ਕਰਦਾ ਹੈ—'ਸ੍ਰੀ ਸਤਿਗੁਰੂ ਜੀ ਸਹਾਇ॥ ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿਕਾ॥ ਜੀਓ ਪਿੰਡ ਜਿਨ ਦਿੱਤਾ॥ ਐਸਾ ਗੁਰ ਸਿਵਰੋ ਨਿਤ ਨਿੱਤਾ॥' ਇਸ ਸਾਖੀ ਨਾਲ ਬਾਬੇ ਗੁਰਦਿੱਤੇ ਜੀ ਦਾ ਕੋਈ ਸੰਬੰਧ ਨਹੀਂ ਤੇ ਨਾ ਹੀ ਐਸਾ ਯਾ ਕੋਈ ਮੰਗਲ ਕਿਸੇ ਹੋਰ ਸਾਖੀ ਦੇ ਸ਼ੁਰੂ ਵਿਚ ਇਸ ਲੇਖਕ ਨੇ ਕੀਤਾ ਹੈ। ਇਹ ਸੁਭਾਵਕ ਲਿਖੇ ਗਏ ਅੱਖਰ ਸੂਹ ਦਿੰਦੇ ਹਨ ਕਿ ਲੇਖਕ ਬਾਬਾ ਗੁਰਦਿੱਤਾ ਜੀ ਨੂੰ ਗੁਰੂ ਸਥਾਨੀ ਮੰਨਣ ਵਾਲਾ ਹੈ।.....ਬਾਬਾ ਗੁਰਦਿੱਤਾ ਜੀ ਨੂੰ ਗੁਰੂ ਪਦਵੀ ਤੁੱਲ ਮੰਨਣਾ ਉਦਾਸੀ ਸੰਪ੍ਰਦਾ ਵਿਚ ਵਧੇਰੇ ਪ੍ਰਚਲਿਤ ਰਿਹਾ ਹੈ। ਇਸੇ ਲਈ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਇਸ ਪੁਸਤਕ ਦਾ ਲੇਖਕ ਕੋਈ ਵਿਦਵਾਨ ਉਦਾਸੀ ਸਾਧੂ ਹੈ।"[1]

ਇਹ ਭਾਈ ਵੀਰ ਸਿੰਘ ਜੀ ਦਾ ਅਨੁਮਾਨ, ਕਿੰਤੂ-ਵਿਮੁਕਤ ਪਰਵਾਣ ਨਹੀਂ ਕੀਤਾ ਜਾ ਸਕਦਾ। ਇਸ 'ਅਨੁਮਾਨ' ਦੇ ਨਿਰੋਧ ਦੀਆਂ ਦਲੀਲਾਂ ਇਹ ਹਨ:

(i) ਮੰਗਲਾਚਰਣ ਆਰੰਭ ਵਿਚ ਸ਼ੁਭ ਹੈ ਅਤੇ ਆਰੰਭ ਉਪ੍ਰਾਂਤ ਵਿਘਨ-ਪ੍ਰਦਾ; ਇਹ ਸਿਧਾਂਤ ਹੈ। ਦੂਜੀ ਸਾਖੀ ਦੇ ਪ੍ਰਾਰੰਭ ਵਿਚ ਬਾਬੇ ਗੁਰਦਿਤੇ ਦੀ ਇਹ ਸਮ੍ਰਿਤੀ ਉਸਤਤੀ ਮੰਗਲ-ਕਾਰਕ ਨਹੀਂ, ਵਿਘਨ-ਕਾਰਕ ਹੈ, ਜੋ ਕੋਈ 'ਵਿਦਵਾਨ ਉਦਾਸੀ ਸਾਧੂ' ਤਾਂ ਇਕ ਪਾਸੇ ਰਿਹਾ, ਕੋਈ ਅਪੰਡਿਤ, ਪਾਮਰ ਉਦਾਸੀ ਭੀ ਨਹੀਂ ਕਰ ਸਕਦਾ। ਹਾਂ, ਕਾਰਜ ਆਰੰਭ ਕਰਨ ਵੇਲੇ, ਪੁਸਤਕ ਰਚਣ ਯਾ ਉਸ ਦਾ ਉਤਾਰਾ ਆਰੰਭ ਕਰਨ ਵੇਲੇ, ਮੰਗਲਾਚਰਣ ਵਿਘਨ ਦਾਇਕ ਤੇ ਅਸ਼ੁੱਭ ਨਹੀਂ ਮੰਨਿਆ ਜਾਂਦਾ।

(ii) ਭਾਈ ਵੀਰ ਸਿੰਘ ਜੀ ਦਾ ਇਹ ਕਥਨ ਕਿ "ਬਾਬਾ ਗੁਰਦਿੱਤਾ ਜੀ ਨੂੰ ਗੁਰੂ-ਪਦਵੀ ਤੁਲ ਮੰਨਣਾ ਉਦਾਸੀ ਸੰਪ੍ਰਦਾ ਵਿਚ ਵਧੇਰੇ ਪ੍ਰਚਲਿਤ ਰਿਹਾ ਹੈ" ਭੀ ਠੀਕ ਨਹੀਂ। 'ਉਦਾਸੀ' ਸਾਧ ਭੀ ਕਈ ਸ਼੍ਰੇਣੀਆਂ ਦੇ ਹਨ: (1) ਸ਼ੁਧ ਉਦਾਸੀ; (2) ਸਾਧੂ ਪ੍ਰੀਤਮ ਦਾਸ, ਜਿਸ ਨੇ ਅਠਾਰ੍ਹਵੀਂ ਸਦੀ ਦੇ ਪੂਰਬਾਰਧ ਵਿਚ, ਕਿਸੇ ਵਣਖੰਡੀ ਨਾਮੀ ਸਾਧ ਕੋਲੋਂ, ਕਾਠਮੰਡੂ, ਨੇਪਾਲ ਵਿਚ, ਦੀਖਿਆ ਤੇ ਸਲਾਹ ਲੈ ਕੇ, ਸਵਾਹ ਦੇ ਗੋਲੇ ਦੀ ਪੂਜਾ, ਭਸਮ

---

1. ਸਫ਼ਾ (ਜ), (ਝ)।

ਰਮਾਉਣਾ ਤੇ ਜਟਾਂ ਵਧਾਉਣੀਆਂ ਆਦਿ ਗੋਸਾਈ ਸੰਪ੍ਰਦਾਇ ਦੇ ਚਿੰਨ੍ਹ ਧਾਰਨ ਕਰ ਲਏ ਸੀ, ਤਾਂ ਜੁ ਜਨਤਾ ਵਿਚ ਇਨ੍ਹਾਂ ਸਾਧਾਂ ਦੀ ਪੂਜਾ ਮਾਨਤਾ ਵਧੇ, ਉਸ ਦੇ ਪੈਰੋਕਾਰ ਤੇ ਪਿਛਲਗ[1]; ਅਤੇ (3) ਰਾਜਨੀਤਕ ਉਦਾਸੀ, ਜਿਹੜੇ ਕਿ ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਸਾਰੇ ਹਿੰਦੁਸਤਾਨ ਵਿਚ ਆਪਣੇ ਹੀ ਪੂਰਵ-ਆਚਾਰੀਆਂ ਦੇ ਸਿੱਖੀ ਪ੍ਰਚਾਰ ਤੇ ਪ੍ਰਥਾ ਨੂੰ ਜਿਹੜੀ ਕਿ ਉਹ ਬਾਬੇ ਗੁਰਦਿੱਤੇ ਦੇ ਚਾਰ ਧੂਣੇ ਸਥਾਪਤ ਕਰਨ ਦੇ ਸਮੇਂ ਤੋਂ ਲੈ ਕੇ (1936), ਵੀਹਵੀਂ ਸਦੀ ਦੇ ਦੂਜੇ ਦਹਾਕੇ ਤਕ ਕਰਦੇ ਰਹੇ ਹਨ, ਉਸ ਨੂੰ ਭ੍ਰੰਸ਼ ਤੇ ਮਲੀਆ-ਮੇਟ ਕਰਨਾ ਹੀ ਉਦਾਸੀਨ-ਰੁਚੀ ਅਤੇ ਸਾਧੂ-ਧਰਮ ਦਾ ਪ੍ਰਮੁੱਖ ਲੱਛਣ ਮੰਨਦੇ ਹਨ। ਉਪਰੋਕਤ ਸ਼੍ਰੇਣੀ (2) ਦੇ ਉਦਾਸੀ ਹਨ ਜਿਹੜੇ ਸਿੱਖਾਂ ਦੀ ਸਿਆਸੀ ਚੜ੍ਹਤ ਵੇਲੇ, ਸਿੱਖ ਇਲਾਕਿਆਂ ਵਿਚ ਅਤੇ ਪ੍ਰਤਿਸ਼ਟ ਧਨਾਢ, ਸੱਤਿਆਵਾਨ ਸਿੱਖਾਂ ਦੇ ਸਾਹਮਣੇ ਸ਼ੁੱਧ ਉਦਾਸੀਆਂ ਦੇ ਰੂਪ ਵਿਚ ਦਰਸ਼ਨ ਦਿੰਦੇ ਰਹੇ ਹਨ, ਜਿਵੇਂ ਕਿ ਸਾਧੂ ਪ੍ਰੀਤਮ ਦਾਸ ਨੇ ਸੰਨ 1825 ਦੇ ਲਾਗੇ-ਚਾਗੇ, ਹੈਦਰਾਬਾਦ, ਦੱਖਣ ਦੇ ਨਿਜ਼ਾਮ ਦੇ ਮੁੱਖ ਮੰਤਰੀ ਰਾਜਾ ਚੰਦੂ ਲਾਲ ਅਤੇ ਨਾਨਕ ਚੰਦ, ਗੁਰੂ-ਘਰ ਦੇ ਅਨਿੰਨ ਸਿੱਖਾਂ ਕੋਲੋਂ ਸੱਤ ਲੱਖ (7,00,000) ਰੁਪਈਆ ਦਾਨ ਲੈਣ ਹਿੱਤ ਕੀਤਾ ਸੀ, ਜਿਸ ਧਨ ਨਾਲ ਉਸ ਨੇ ਆਪਣੀ ਉਦਾਸੀ ਸ਼੍ਰੇਣੀ ਦੇ ਪ੍ਰਭਾਵਸ਼ਾਲੀ ਮੱਠ, ਹਿੰਦੁਸਤਾਨ ਭਰ ਵਿਚ ਸਥਾਪਤ ਕਰ ਲਏ ਸੀ :

> ਪ੍ਰੀਤਮ ਦਾਸ ਜਮਾਤ ਸੰਗ ਲੈ, ਤੀਰਥ ਯਾਤਰਾ ਕਰੀ ਰੰਗ ਲੈ।
> ਦੇਸ ਬੀਚ ਕਰ ਰਮਤ ਅਪਾਰੇ, ਜਬੈ ਹੈਦਰਾਬਾਦ ਪਧਾਰੇ।
> ਚੰਦੂ ਲਾਲ ਨਿਰਪ ਲੌਂ ਨੇਕ, ਥੇ ਗੁਰ ਕੇ ਸਿੱਖ ਤਹਾਂ ਅਨੇਕ।
> ਸਾਧੂ ਗੁਰ-ਘਰ ਕੇ ਉਸ ਜਾਨ, ਸੇਵਾ ਕੀਨੀ ਸਰਬ ਮਹਾਨ।
> ਚੰਦੂ ਲਾਲ ਕਾ ਚਚਾ ਬੁਲੰਦ, ਪੁਤ੍ਰ-ਹੀਨ ਥਾ ਨਾਨਕ ਚੰਦ।

---

1. ਅਠਾਰਾਂ ਸੈ ਤੀਸ ਮਝਾਰੇ, ਪ੍ਰੀਤਮ ਦਾਸ ਨਿਪਾਲ ਪਧਾਰੇ।
ਸੰਤੋਖ ਦਾਸ ਆਦਿਕ ਬਹੁ ਸਾਧੂ, ਹੁਤੇ ਇਕੱਠੇ ਸੁਰਤਿਅਗਾਧੂ।
ਪਰ ਸਾਦਾ ਸੁਧਾ ਪਿਖ ਭੇਖ, ਲੋਗਨ ਪੂਜੇ ਮਨੈਂ ਬਿਸੇਖ।.....
ਭੇਖ ਪੂਜੀਅਤ ਬਹੁਤ ਵਧੇਰੇ।.....
ਪੇਖ ਪਰੀਤਮ ਦਾਸ ਰੀਤ ਇਹ, ਭੇਖ ਬਦਲਨੇ ਕੌਂ ਅਤਿ ਨਿਤ ਚਹਿ।
ਥਾਨ ਪਾਲਕੇ ਮਗ ਪਿੰਡ ਚਤਰੇ, ਵਣ-ਖੰਡੀ ਸਾਧੂ ਇਕ ਵਿਚਰੇ।
ਪਿਖ ਸਮ੍ਰਥ ਤਿਸੈ ਸਭ ਭਾਂਤੈ, ਪ੍ਰੀਤਮ ਦਾਸ ਤਿਸੈ ਬਿਖਿਆਤੈ।
ਅਪਣੀ ਇੱਛਾ ਸਰਬ ਸੁਣਾਈ, ਸੁਣ ਵਣਖੰਡੀ ਵਿਉਂਤ ਬਣਾਈ।
ਜੈਸ ਗੁਸਾਈਂ ਗੋਲਾ ਖਾਕ, ਪੂਜਤ ਮਾਨਤ ਲਖ ਵਿਢ ਪਾਕ।
ਦੂਜਾ ਸਿਧ ਗੁਰੂ ਤਿਸ ਮਾਨਤ, ਖਾਕ ਜਟਾਂ ਜੋ ਧਨ ਪਰ ਠਾਨਤ।
ਏਹੋ ਦੋਨੋ ਰੀਤ ਹਮਾਰੀ, ਤੁਮਕੋ ਰਖਨੀ ਹੋਵਗ ਧਾਰੀ।
ਜੋ ਉਸ ਕਹਿਓ ਮਾਨ ਇਨ ਲੀਓ, ਜਟਾ ਖਾਕ ਦੋਇ ਗ੍ਰਹਣ ਕੀਓ।
ਸਿੱਧ ਗੁਰੂ ਇਨਕਾ ਵਣਖੰਡੀ, ਉਸ ਕੀ ਰੀਤ ਤਬੀ ਤੇ ਮੰਡੀ।
ਤਬਤੈ ਸਾਧ ਉਦਾਸੀ ਗੋਲਾ, ਪੂਜਤ ਸਿੱਧ ਗੁਰੂ ਰਟ ਉਹ ਲਾ।
ਭੇਖ-ਰੇਖ ਗੁਰ ਘਰ ਕੀ ਸਾਰੀ, ਧਰੀ ਉਤਾਰ ਤਹਾਂ ਹੀ ਸਾਰੀ।
ਬਾਣਾ ਧਰਿਓ ਗੁਸਈਅਨ ਸਮ ਸਭ, ਚਿਰਲੌ ਰਹਿਓ ਘਟਿਓ ਕੁਛ ਕੁਛ ਅਬ।
ਮੂੰਡਤ ਸਿਰ ਮੂੰਹ ਬਸਤਰ ਗੇਰੀ, ਦੇਖਾ-ਦੇਖੀ ਭਏ ਬਧੇਰੀ।
ਗੁਰੂ ਘਰ ਨਾਹਿ ਅਚਾਰਜ ਕਾਹੂੰ, ਧਰਿਓ ਬਾਣਾ ਏਹੁ ਕਦਾਹੂੰ।
ਧੂਮਰਪਾਨ ਲੈਨ ਨਸਵਾਰੀ, ਮੰਦ ਕ੍ਰਿਆ ਅਤਿਸੈ ਇਨਿ ਧਾਰੀ।
ਗੋਲਾ ਪੂਜਨ ਸਿੱਧ ਗੁਰੂ ਥਪਨਾ, ਰਾਖਿਓ ਮਾਨ ਧਰਮ ਇਨ ਅਪਨਾ।
*(ਗਿਆਨ ਸਿੰਘ ਗਿਆਨੀ, 'ਸ੍ਰੀ ਗੁਰ ਪੰਥ ਪ੍ਰਕਾਸ਼'*
*XII-9, ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ, ਸਫ਼ਾ 1973-74)*

ਧਨ-ਦੌਲਤ ਤਿਸੁ ਦੇਵਨ ਹੇਤ ਬਿਚਾਰ।
ਸਾਤ ਲਾਖ ਕਾ ਥੜਾ ਬਨਾ ਕੇ, ਊਪਰ ਸਾਧਨ ਤਈਂ ਬਿਠਾ ਕੇ।
ਭਜਨ ਕਰਵਾ ਫਿਰ ਅਰਦਾਸ, ਥੜੇ ਕੇਰ ਕਰਵਾਈ ਖ਼ਾਸ।
ਲੈਕਰ ਦਾਨ ਯਾਹਿ ਤਬ ਭਾਰੀ, ਦੌਲਤ ਪ੍ਰੀਤਮ ਦਾਸ ਸੰਭਾਰੀ।.....
ਲਯੋ ਖ਼ਰੀਦ ਅਧਿਕ ਜ਼ਿਮੀਦਾਰਾ, ਤਾਂ ਤੇ ਬਢਿਓ ਧਨ ਬਹੁ ਭਾਰਾ।.....
ਜ਼ਰ ਜ਼ੋਰੂ ਜ਼ਮੀਨ ਤੇ ਹੋਤ ਉਪਾਧੀ ਠੀਕ। *(XIV 11-12)*

ਇਹ ਉਦਾਸੀ ਸ਼੍ਰੇਣੀ ਹੈ, ਜਿਸ ਨੇ ਵੀਹਵੀਂ ਸਦੀ ਦੇ ਤੀਜੇ ਦਹਾਕੇ, ਲੰਡਨ ਦੀ ਪਰੀਵੀ ਕੌਂਸਲ ਕੋਲੋਂ ਇਹ ਫ਼ੈਸਲਾ ਪ੍ਰਾਪਤ ਕਰ ਲਿਆ ਸੀ ਕਿ "ਉਦਾਸੀ ਸਿੱਖ ਨਹੀਂ ਹਨ।"

ਤੀਜੀ ਪੋਲੀਟੀਕਲ ਸ਼੍ਰੇਣੀ ਦੇ ਉਦਾਸੀ ਉਹ ਹਨ, ਜਿਹੜੇ ਪਿਛਲੇ ਪੰਜਾਹ ਕੁ ਵਰ੍ਹਿਆਂ ਤੋਂ ਹਿੰਦੁਸਤਾਨ ਭਰ ਵਿਚ ਜਿਥੇ ਕਿਤੇ ਇਨ੍ਹਾਂ ਦਾ ਵੱਸ ਚੱਲਦਾ ਹੈ, ਪੁਰਾਤਨ ਸਿੱਖ ਡੇਰਿਆਂ, ਮੰਦਰਾਂ, ਮੱਠਾਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੂਜਾ ਸਰਵਦਾ ਵਿਨਾਸ਼ ਕਰ ਰਹੇ ਅਤੇ ਕਰੋੜਾਂ ਸਹਿਜਧਾਰੀ, ਪੁਸ਼ਤੀਨੀ ਸਿੱਖ ਪਰਿਵਾਰਾਂ ਵਿੱਚੋਂ ਖ਼ਾਸ ਕਰਕੇ ਬਿਹਾਰ, ਬੰਗਾਲ ਤੇ ਮੱਧ ਪ੍ਰਦੇਸ਼ ਵਿਚ ਨਾਨਕ ਪੰਥ ਤੇ ਸਿੱਖੀ ਸ਼ਰਧਾ ਦਾ ਅਭਾਵ ਕਰ ਰਹੇ ਹਨ, ਕੇਵਲ ਖ਼ਾਲਸਾ ਪੰਥ ਵਿਰੁੱਧ ਸ਼ਤੁਰਤਾ ਅਤੇ ਨਵੀਂ ਸਥਾਪਤ ਹੋਈ ਮੁਲਕਗੀਰ ਹਿੰਦੂ ਪ੍ਰਭੁਤਾ ਤੋਂ ਲਾਹਾ ਲਾਭ ਪ੍ਰਾਪਤ ਕਰਨ ਦੀ ਸੰਸਾਰੀ ਕਾਮਨਾ, ਅਕਾਂਖਿਆ ਤੋਂ ਪ੍ਰੇਰਿਤ ਹੋ ਕੇ, ਕਿਉਂਜੁ ਸੈਕੂਲਰ ਦੇਸ਼ ਵਿਚ ਸੈਕੂਲਰ ਉਦਾਸੀਨਤਾ ਹੀ ਸ਼ੋਭਾ ਦਿੰਦੀ ਹੈ। ਇਨ੍ਹਾਂ ਤਿੰਨਾਂ ਉਦਾਸੀਆਂ ਦੀਆਂ ਸ਼੍ਰੇਣੀਆਂ ਵਿੱਚੋਂ ਕੇਵਲ ਪਹਿਲੀ (1) ਸ਼੍ਰੇਣੀ ਹੀ ਉਦਾਸੀ ਸੰਪ੍ਰਦਾਯ ਕਹਾਉਣ ਦਾ ਅਧਿਕਾਰ ਰੱਖਦੀ ਹੈ, ਬਾਕੀ ਦੋ ਸ਼੍ਰੇਣੀਆਂ, ਦੂਜੀਆਂ ਦੋ ਕਥਿਤ ਉਦਾਸੀ ਸ਼੍ਰੇਣੀਆਂ, ਜੋ ਸੰਸਾਰ ਅਤੇ ਮਾਯਾ ਤੋਂ ਉਦਾਸੀਨਤਾ ਦੇ ਉੱਚ-ਆਦਰਸ਼ ਵੱਲ ਪਿੱਠ ਮੋੜੀ ਖੜੇ ਹਨ ਅਤੇ ਗੁਰੂ-ਨਿੰਦਾ, ਸਿੱਖੀ ਦਾ ਮਲੀਆਮੇਟ ਅਤੇ ਸਿੱਖਾਂ ਪ੍ਰਤੀ ਦਵੈਸ਼ ਨੂੰ ਹੀ ਸਰਵੋਤਮ ਧਰਮ ਪ੍ਰਵਾਣ ਕਰੀ ਬੈਠੇ ਹਨ; ਉਹ ਅਸਾਡੇ ਨਾਲੋਂ ਜਿਹੜੇ ਕਿ ਅਸੀਂ ਆਪਣੇ ਆਪ ਨੂੰ 'ਅਕਾਲੀ' ਸਿੱਖ ਕਹਿੰਦੇ ਕਹਾਉਂਦੇ ਹਾਂ, ਪਰ ਕਰਮ ਅਸਾਡੇ ਜੋ ਹਨ ਸੋ ਸਭਨਾਂ ਨੂੰ ਪਤਾ ਹੀ ਹੈ, ਕਿਸੇ ਗੱਲੋਂ ਭੀ ਸ੍ਰੇਸ਼ਟ ਨਹੀਂ ਕਹੇ ਜਾ ਸਕਦੇ। ਇਹ ਪਹਿਲੀ (1) ਉਦਾਸੀ ਸ਼੍ਰੇਣੀ 'ਸ਼ੁਧ ਉਦਾਸੀ', ਗੁਰੂ ਦੇ ਸਨਮੁਖ, ਧਰਮ-ਸਥਿਤ, ਸਤਿਕਾਰਯੋਗ ਉਦਾਸੀ, ਜਿਨ੍ਹਾਂ ਦੇ ਸਿਰਮੌਰ ਗੁਰੂ-ਮਹੰਤ ਕ੍ਰਿਪਾਲਦਾਸ ਨੇ ਭੰਗਾਣੀ ਦੇ ਯੁੱਧ (1686) ਵੇਲੇ ਸਾਹਿਬ ਦਸਮ-ਪਾਤਸ਼ਾਹ ਦੇ ਹਜ਼ੂਰ ਅਰਜ਼ੋਈ ਕੀਤੀ ਸੀ : 'ਗੁਰ ਚੇਲੇ ਸਭ ਸ਼ਰਣ ਤਿਹਾਰੀ', ਉਹ ਉਦਾਸੀ ਬਿਨਾਂ ਗੁਰੂ ਨਾਨਕ ਦੇ ਦਸ ਰੂਪਾਂ ਅਤੇ ਸ਼ਬਦ-ਰੂਪ ਅਕਸ਼ਯ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਹੋਰ ਕਿਸੇ ਵਿਅਕਤੀ, ਦੇਵੀ-ਦੇਵ, ਸ੍ਰੁਤੀ ਸਮ੍ਰਿਤੀ ਨੂੰ 'ਗੁਰੂ ਸਥਾਨੀ' ਨਹੀਂ ਮੰਨਦੇ ਜਿਵੇਂ ਕਿ ਭਾਈ ਵੀਰ ਸਿੰਘ ਜੀ ਨੇ ਚਿਤਵਿਆ ਹੈ। ਗਿਆਨ ਸਿੰਘ ਗਿਆਨੀ ਦੇ *ਸ੍ਰੀ ਗੁਰੂ ਪ੍ਰੰਥ ਪ੍ਰਕਾਸ਼* ਵਿਚ ਅੰਕਤ ਹੈ :

ਸੋਲਾ ਸੈ ਤਿਰਾਨਵੇ ਮਾਹੈ, ਗਾਥ ਭਈ ਇਹ ਪੰਥ ਚਲੀਹੈ,
ਰੰਗ ਮਜੀਠ ਕਿਰਮਚੀ ਚੋਲਾ, ਸਿਰ ਪਰ ਦੂਲਕੀ ਤਾਜ ਅਮੋਲਾ,
ਗਰ ਮੈ ਸੇਲੀ ਤੇ ਉਨਮਾਲਾ, ਝੋਲੀ ਤੂੰਬੀ ਆਸਣ ਕਾਲਾ,
ਦਾੜ੍ਹੀ ਕੇਸ ਵੇਸ ਸਭ ਰਖਤੇ, ਨਿਸਦਿਨ ਨਾਮ ਅੰਮ੍ਰਿਤਰਸ ਚਖਤੇ,
ਚੇਲਾ ਜਿਸ ਕੋ ਜਬੈ ਬਨਾਤੇ, ਜੋਰੂ, ਜਰ, ਧਰ ਤਿਆਗ ਦਿਵਾਤੇ,
ਚਰਨ ਧੋਇ ਵਿਚ ਮੀਠਾ ਪਾਇ, ਪੜ੍ਹ ਜਪੁ ਪੌੜੀ ਦੇਤ ਪਿਲਾਇ,

ਨਾਮ ਦਾਨ ਇਸ਼ਨਾਨ ਦਿਢੰਤੇ, ਜਪ ਤਪ ਮੈ ਲਗ ਸਿਧ ਭਵੰਤੇ,
ਬਿਨੁ ਗੁਰੂ ਹੋਰਿ ਨਹਿ ਔਰੈ ਭਜਤੇ, ਦੇਵੀ ਦੇਵ ਸਿਲਾ ਨਹਿ ਜਪਤੇ,
ਮਾਸ ਸ਼ਰਾਬ ਤੰਬਾਕੂ ਭੰਗ, ਐਸੀ ਵਸਤ ਨ ਛੋਹਤੇ ਅੰਗ। *(XIV 7)*

ਜਿਸ ਮੰਗਲਾਚਰਣ ਨੂੰ *ਸਾਖੀ ਪੋਥੀ* ਦੀ ਸਾਖੀ 2 ਅੰਕਤ ਕਰਨ ਤੋਂ ਪਹਿਲਾਂ ਲਿਖਿਆ ਹੋਇਆ ਹੈ:

"ਇਹ ਸ਼ੁੱਧ ਉਦਾਸੀ ਸੰਪ੍ਰਦਾਇ ਦੇ 'ਆਰਤਾ' ਨਾਮੀ ਪੂਜਾ-ਗੀਤ ਦੇ ਅੰਤ ਵਿਚ ਉਚਾਰਿਆ ਜਾਂਦਾ ਹੈ, ਉਦਾਸੀ ਮੱਠਾਂ, ਧਰਮਸਾਲਾ, ਗੁਰੂ-ਮੰਦਰਾਂ ਤੇ ਸੰਗਮਾਂ ਵਿਚ ਅਤੇ ਇਹ 'ਆਰਤਾ', ਉਦਾਸੀਆਂ ਦੇ ਆਦੀ ਆਚਾਰਯ ਬਾਬਾ ਸ੍ਰੀ ਚੰਦ ਜੀ ਦੀ ਰਚਨਾ ਹੈ, ਜਿਸ ਨੇ ਬਾਬਾ ਗੁਰਦਿੱਤਾ ਨੂੰ ਉੱਤਰਾਧਿਕਾਰੀ ਥਾਪਣ ਵੇਲੇ ਕਿਹਾ ਸੀ, "ਰਤਨਾਕਰ ਸਮ ਗੁਰੂ ਘਰ ਮਮ ਬਖ਼ਸ਼ਸ਼ ਸਮ ਗੰਗ।" *(XIV 6)*

ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਹਿਨਸ਼ਾਹ ਕਾ।
ਚਾਰਕੁੰਟ ਜਾਕੀ ਧਰਮਸਾਲਾ। ਸੰਗਤ ਗਾਵੈ ਸਬਦ ਰਸਾਲਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਕੋਟ ਦੇਵੀ ਜਾਕੀ ਜੋਤਿ ਜਗਾਵੈ, ਕੋਟ ਤਤੀਸ ਜਾਕੀ ਉਸਤਤ ਗਾਵੈ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਛਿਆਨਵੇਂ ਕਰੋੜ ਜਾ ਕੇ ਚਰਨ ਪਖਾਲਾ, ਭਾਰ ਅਠਾਰਹਿ ਜਾਕੀ ਪੁਸ਼ਪ ਕੀ ਮਾਲਾ।
ਆਰਤਾ ਕੀਜੈ ਨਾਨਕਸ਼ਾਹ ਪਾਤਸ਼ਾਹ ਕਾ, ਹਰਿ ਹਰ, ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਪਵਣਰਾਏ ਜਾਕੇ ਚਵਰ ਢੁਲਾਏ, ਰਖ ਮਨ ਮਹਿ ਧਿਆਨ ਲਗਾਏ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਪੰਚ ਪਰਵਾਣ ਹੈ ਸਤਿਗੁਰ ਪੂਰਾ, ਵਾਜੈ ਸ਼ਬਦ ਅਨਾਹਤ ਤੂਰਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਘੰਟਾ ਬਾਜੈ ਧੁੰਨਿ ਅਉਂਕਾਰਾ, ਅਮਰ, ਅਖੰਡ ਜਾਕਾ ਝਲਮਲਕਾਰਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਸਤਨਾਮ ਹੈ ਸੋਹੰ ਸਾਰਾ, ਸਤਿਨਾਮ ਸੰਤਨ ਆਧਾਰਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਸ੍ਰੀ ਚੰਦ ਬਖਾਣੈ ਨਾਨਕਪੂਤਾ, ਅਗਮ, ਅਗਾਧ, ਉਦਧ ਅਵਿਧੂਤਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਜੋ ਜਨ ਨਾਨਕਸ਼ਾਹ ਕਾ ਆਰਤਾ ਗਾਵੈ, ਬਸੈ ਬੈਕੁੰਠ ਪਰਮਗਤਿ ਪਾਵੈ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਸਰਨਿ ਪਰੇ ਕੀ ਰਾਖੁ ਦਇਆਲਾ, ਨਾਨਕ ਤੁਮਰੇ ਬਾਲਗੁਪਾਲਾ।
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ, ਹਰ ਦੀਨ ਦੁਨੀਆ ਕੇ ਸ਼ਾਹਿਨਸ਼ਾਹ ਕਾ।
ਗਾਜੋ ਜੀ, 'ਵਾਹਿਗੁਰੂ'! ਗਾਜੋ ਜੀ, 'ਵਾਹਿਗੁਰੂ'! ਗਾਜੋ ਜੀ, 'ਵਾਹਿਗੁਰੂ'!
ਗਾਜੋ ਜੀ, 'ਵਾਹਿਗੁਰੂ'! ਗਾਜੋ ਜੀ, 'ਵਾਹਿਗੁਰੂ" !!
ਬਾਬਾ ਗੁਰਦਿੱਤਾ। ਦੀਨ ਦੁਨੀ ਕਾ ਟਿੱਕਾ।
ਜੀਉ ਪਿੰਡ ਜਿਨ ਦਿੱਤਾ, ਐਸਾ ਗੁਰ ਸਿਮਰੋ ਨਿਤਨਿੱਤਾ।
ਸ੍ਰੀ ਵਾਹਿਗੁਰੂ! ਸ੍ਰੀ ਵਾਹਿਗੁਰੂ !!

ਹੋਰ, ਇਸ ਸ਼ੁੱਧ ਉਦਾਸੀ ਮਤ ਦਾ ਸਿਧਾਂਤ-ਮੰਤ੍ਰ ਹੈ, 'ੳਅੰ ਗੁਰ ਅਬਿਨਾਸੀ ਖੇਲ ਰਚਾਇਆ, ਅਗਮ ਨਿਗਮ ਨਾਮ ਕਾ ਪੰਥ ਬਤਾਇਆ, ਗਿਆਨ ਕੀ ਗੋਦੜੀ ਖਿਮਾ ਕੀ ਟੋਪੀ, ਜਪੁ ਕਾ ਆੜਬੰਦ ਸੀਲ ਲੰਗੋਟੀ, ਅਕਾਲ ਖਿੰਥਾ ਨਿਰਾਸ ਝੋਲੀ, ਜਗਤ ਕਾ ਟੋਪ ਗੁਰਮੁਖੀ

ਬੋਲੀ।' ਇਸ ਸਿਧਾਂਤ ਮੰਤਰ ਵਿਚ ਖ਼ਾਲਸਾ ਪੰਥ ਦੀ ਨਿਸ਼ਠਾ ਹੀ ਪ੍ਰਧਾਨ ਹੈ ਕਿ ਉਦਾਸੀ ਮਤ ਅਕਾਲ ਪੁਰਖ ਦੀ ਆਗਿਆ ਨਾਲ ਚਲਿਆ ਹੈ ਤੇ ਸੰਸਾਰ ਦਾ ਕਲਿਆਣ ਸਿੱਖੀ ਮਤ ਦੀ ਸ਼ਰਣ ਲੈਣ ਵਿਚ ਹੀ ਹੈ। ਇਹ ਉਪਰੋਕਤ ਸਾਰਾ ਆਰਤਾ ਇਸ ਕਾਰਨ ਦਿੱਤਾ ਗਿਆ ਹੈ ਤਾਂ ਜੋ ਸਾਖੀ ਦੋ ਦੇ ਪਹਿਲੇ ਦਿੱਤੇ ਗਏ ਮੰਗਲਾਚਰਣ ਦਾ ਠੀਕ ਤੇ ਸਹੀ ਅਰਥ ਸਮਝਣ ਵਿਚ ਸੌਖ ਹੋਵੇ। ਇਹ ਸਾਰਾ 'ਆਰਤਾ' ਅਤੇ ਇਸ ਮੰਗਲਾਚਰਣ ਨੂੰ ਇਕੋ ਬਾਣੀ ਦੇ ਰੂਪ ਵਿਚ ਵਾਚਿਆਂ ਇਹ ਸਪੱਸ਼ਟ ਉਘੜ ਆਉਂਦਾ ਹੈ ਕਿ ਮੰਗਲਾਚਰਣ ਦੀ ਪਹਿਲੀ ਤੁਕ, 'ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ', ਤਾਂ ਬਾਬੇ ਗੁਰਦਿੱਤੇ ਦੀ ਸਿਫ਼ਤਿ-ਸਾਲਾਹ ਵਿਚ ਹੈ ਅਤੇ ਦੂਜੀ ਤੁਕ ਗੁਰੂ-ਅਕਾਲ ਪੁਰਖ ਦੀ ਮਹਿਮਾ ਵਿਚ ਹੈ। 'ਐਸੇ ਗੁਰੂ ਨੂੰ ਸਿਮਰੋ ਜੋ ਜੀਓ ਪਿੰਡ ਦਾ ਸਿਰਜਣਹਾਰ ਕਰਤਾਰ ਹੈ।' ਦੇਖਣਾ ਚਾਹੀਏ ਕਿ ਬਾਬੇ ਗੁਰਦਿੱਤੇ ਨੂੰ 'ਟਿੱਕਾ' ਕਿਹਾ ਹੈ, 'ਗੁਰੂ-ਅਸਥਾਨੀ', ਸ਼ਾਹਿਨਸ਼ਾਹ ਨਹੀਂ ਕਿਹਾ।

(8) ਇਸ ਮੰਗਲਾਚਰਣ ਤੇ ਉਦਾਸੀਆਂ ਬਾਰੇ ਉਪਰ ਦਿੱਤੀ ਵਿਚਾਰ ਚਰਚਾ ਤੋਂ ਦੋ ਨਤੀਜੇ ਨਿਕਲਦੇ ਹਨ : (1) ਅਸਲੀ ਉਦਾਸੀ ਸੰਪ੍ਰਦਾਯ, ਬਾਬਾ ਗੁਰਦਿੱਤਾ ਯਾ ਬਾਬਾ ਸ੍ਰੀ ਚੰਦ ਨੂੰ ਸ੍ਰੀ ਮਹੰਤ ਤੇ ਆਦੀ ਆਚਾਰਯ ਦੇ ਰੂਪ ਵਿਚ ਤਾਂ ਸਤਿਕਾਰਦੇ ਹਨ, ਪਰ ਉਨ੍ਹਾਂ ਨੂੰ ਯਾ ਕਿਸੇ ਹੋਰ ਨੂੰ 'ਗੁਰੂ ਸਥਾਨੀ' ਅਥਵਾ ਨਾਨਕ-ਗੁਰੂ-ਗੋਬਿੰਦ ਸਿੰਘ ਦਾ ਰੂਪ ਯਾ ਹਮਪੱਲਾ ਨਹੀਂ ਮੰਨਦੇ। (2) ਇਸ ਮੰਗਲਾਚਰਣ ਦੇ ਦੂਜੀ ਸਾਖੀ ਦੇ ਮੁੱਢ ਵਿਚ ਅੰਕਤ ਹੋਣਾ ਇਸ ਗੱਲ ਦਾ ਸੂਚਿਕ ਤਾਂ ਹੈ, ਕਿ ਸਾਖੀ ਪੋਥੀ ਦਾ ਉਹ ਉਤਾਰਾ ਜੋ ਕਿ ਮਹਾਮਹੋ ਪਾਧਾਯਾਯ, ਸਰਦਾਰ ਸਰ ਅਤਰ ਸਿੰਘ ਨੂੰ ਪ੍ਰਾਪਤ ਹੋਇਆ, ਉਸ ਵਿਚ ਪਹਿਲੀ ਸਾਖੀ ਦਾ ਉਤਾਰਾ ਕਰਨ ਵਾਲਾ ਕੋਈ ਗੁਰੂ ਕਾ ਗ੍ਰਿਹਸਤੀ ਸਿੱਖ ਹੈ ਅਤੇ ਉਸ ਤੋਂ ਪਿੱਛੋਂ ਦੂਜੀ ਸਾਖੀ ਯਾ ਬਾਕੀ ਸਾਖੀਆਂ ਦਾ ਉਤਾਰਾ ਕਰਨ ਵਾਲਾ ਕੋਈ ਉਦਾਸੀ ਸਾਧੂ ਹੈ, (1) ਸ਼੍ਰੇਣੀ ਦਾ ਅਸਲੀ ਉਦਾਸੀ। ਪਹਿਲੀ ਸਾਖੀ ਦਾ ਉਤਾਰਾ ਸਿੱਖੀ ਵਿਧਾਨ ਅਨੁਸਾਰ 'ੴ ਸਤਿਗੁਰਪ੍ਰਸਾਦਿ' ਨਾਲ ਹੀ ਲਿਖਿਆ ਹੋਇਆ ਹੈ, ਪਰ ਇਸ ਸਾਖੀ ਦੇ ਉਤਾਰੇ ਪਿੱਛੋਂ ਪਹਿਲਾ ਲਿਖਾਰੀ ਅਪ੍ਰਾਪਤ ਹੋਇਆ ਜਾਪਦਾ ਹੈ ਅਤੇ ਦੂਜਾ ਲਿਖਾਰੀ ਉਦਾਸੀ ਸਾਧੂ ਹੈ। ਇਹ ਨਤੀਜਾ, ਜਿਹੜੇ ਤੱਥ ਸਾਡੇ ਸਾਹਮਣੇ ਹਨ, ਉਨ੍ਹਾਂ ਤੋਂ ਉੱਕਾ ਨਹੀਂ ਕੱਢਿਆ ਜਾ ਸਕਦਾ ਕਿ *ਸਾਖੀ ਪੋਥੀ* ਦਾ ਕਰਤਾ ਅਥਵਾ ਰਚਣਹਾਰਾ, ਕੋਈ ਉਦਾਸੀ ਸਾਧੂ ਹੈ, ਜਿਹੜਾ ਨਤੀਜਾ ਕਿ ਭਾਈ ਵੀਰ ਸਿੰਘ ਜੀ ਨੇ ਕੱਢਿਆ ਹੈ।

(9) ਜੇ ਕਿਤੇ ਉਹ ਨੁਸਖ਼ਾ *ਸਾਖੀ ਪੋਥੀ* ਦਾ ਪ੍ਰਾਪਤ ਹੋ ਜਾਵੇ ਜੋ ਕਿ ਸਰਦਾਰ ਸਰ ਅਤਰ ਸਿੰਘ ਜੀ ਦੇ ਕਬਜ਼ੇ ਵਿਚ ਸੀ ਤਦ ਸ਼ਾਇਦ, ਇਸ ਸਮੱਸਿਆ ਬਾਰੇ ਵਧੀਕ ਜਾਣਕਾਰੀ ਮਿਲ ਸਕੇ ਕਿ ਕੀ ਪਹਿਲੀ ਸਾਖੀ ਦਾ ਮੰਗਲਾਚਰਣ ਉਸੇ ਲਿਖਾਰੀ ਦਾ ਹੈ, ਜਿਸ ਨੇ ਦੂਜੀ ਸਾਖੀ ਦਾ ਉਤਾਰਾ ਕੀਤਾ ਅਤੇ ਇਹ ਦੋ ਮੰਗਲਾਚਰਣ, ਇਕ ਮੰਗਲ-ਕਾਰਕ ਅਤੇ ਦੂਜਾ ਅਮੰਗਲਕਾਰਕ (ਜੇ ਲਿਖਾਰੀ ਇੱਕੋ ਹੀ ਹੋਵੇ, ਤਦ) *ਸਾਖੀ ਪੋਥੀ* ਦਾ ਭਾਗ ਕਿਵੇਂ ਬਣ ਗਏ ?

(10) ਸਰਦਾਰ ਸਰ ਅਤਰ ਸਿੰਘ ਜੀ ਦੇ ਹੱਥਾਂ ਵਿਚ *ਸਾਖੀ ਪੋਥੀ* ਨੂੰ ਕੀ ਕੀ ਰੰਗ ਦੇਖਣੇ ਪਏ, ਇਹ ਕਥਾ ਇਸ ਪਿਛੋਕੜ ਵਿਚ ਅਵੱਸ਼ਕ ਬਣ ਗਈ ਹੈ।

(11) ਸਿੱਖਾਂ ਦੀ ਲਿਖਤੀ ਸਾਮੱਗਰੀ ਉੱਤੇ ਚਾਰ ਘੱਲੂਘਾਰੇ ਅਠਾਰ੍ਹਵੀਂ ਸਦੀ ਦੇ ਪ੍ਰਾਰੰਭ ਅਤੇ ਉੱਨੀਵੀਂ ਸਦੀ ਦੇ ਸੱਤ ਅੱਠ ਦਹਾਕਿਆਂ ਦੇ ਅੰਤ ਤਕ ਵਰਤੇ ਹਨ। ਪੰਜਵਾਂ ਘੱਲੂਘਾਰਾ ਹੁਣ ਵੀਹਵੀਂ ਸਦੀ ਵਿਚ ਪਿਛਲੇ ਵੀਹ ਪੱਚੀ ਸਾਲਾਂ ਤੋਂ 'ਕਾਮਰੇਡ' ਸਿੱਖਾਂ

ਅਤੇ 'ਬੁੱਧੀਜੀਵੀ' ਸਿੱਖਾਂ ਨੇ 'ਖੋਜ ਪੜਤਾਲ' ਸਿੱਖਾਂ ਦੀ ਗ੍ਰੰਥਿਕ ਸਾਮੱਗਰੀ ਦੇ ਵਿਸ਼ਲੇਸ਼ਣ ਵਿਸਤਾਰ ਦੇ ਪਰਦੇ ਹੇਠਾਂ ਚਾਲੂ ਕੀਤਾ ਹੋਇਆ ਹੈ, ਜਿਸ ਉੱਤੇ ਵਿਚਾਰ-ਵਿਮਰਸ਼ ਦਾ ਏਥੇ ਸਮਾਂ ਸਥਾਨ ਨਹੀਂ। ਪਹਿਲਾ ਘੱਲੂਘਾਰਾ ਸੰਨ 1704 ਵਿਚ ਵਰਤਿਆ, ਜਦੋਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੇ ਅਨੇਕ ਵਿਦਵਾਨਾਂ ਦਾ ਰਚਿਤ ਤੇ ਸੰਗ੍ਰਹਿ ਕੀਤਾ ਹੋਇਆ ਅਮੋਲ ਭੰਡਾਰ ਆਨੰਦਪੁਰ ਤਿਆਗਣ ਵੇਲੇ 1704 'ਗੁਰੂਮਾਰੀ' ਸਰਸਾ ਨਦੀ ਵਿਚ ਡੁੱਬ ਗਿਆ। ਦੂਜਾ ਘੱਲੂਘਾਰਾ ਸੰਨ 1745-47 ਵਿਚ ਦੀਵਾਨ ਲਖਪਤ ਰਾਏ ਨੇ ਵਰਤਾਇਆ, ਜਦੋਂ ਉਸ 'ਗੁਰੂ' ਸ਼ਬਦ ਦਾ ਉਚਾਰਣ ਤਕ, ਸਰਕਾਰੀ ਹੁਕਮਾਂ ਦੁਆਰਾ ਰੋਕ ਦਿੱਤਾ ਅਤੇ ਆਰਡੀਨੈਂਸ ਜਾਰੀ ਕਰ ਦਿੱਤਾ ਕਿ ਕੋਈ ਗੁੜ ਨੂੰ 'ਗੁੜ' ਨਾ ਆਖੇ 'ਭੇਲੀ' ਕਹੇ, ਕਿਉਂਕਿ 'ਗੁੜ' ਤੇ 'ਗੁਰ' ਦਾ ਉਚਾਰਣ ਇਕ ਦੂਜੇ ਨਾਲ ਬਹੁਤ ਮਿਲਦਾ ਜੁਲਦਾ ਹੈ। ਲਖਪਤ ਰਾਏ ਨੇ ਹਜ਼ਾਰਾਂ ਲਿਖਤੀ ਸਿੱਖ-ਗ੍ਰੰਥ ਗੁਰਮੁਖੀ ਲਿਪੀ ਵਿਚ ਲਿਖੇ ਹੋਏ, ਸਣੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਅਗਨੀ-ਭੇਟ ਯਾ ਜਲ ਭੇਟ ਕਰ ਕਰਵਾ ਕੇ ਨਸ਼ਟ-ਭ੍ਰਸ਼ਟ ਕਰ ਸੁੱਟੇ। ਤੀਜਾ ਘੱਲੂਘਾਰਾ ਯਾ ਲਘੂ ਘੱਲੂਘਾਰਾ, ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ (1839) ਦੇ ਪਿੱਛੋਂ, ਡੋਗਰਾ-ਗਰਦੀ ਵੇਲੇ ਵਾਪਰਿਆ ਸੀ, ਪਰ ਡੋਗਰਾ-ਤਿੱਕੜੀ, ਗੁਲਾਬ ਸਿੰਘ, ਧਿਆਨ ਸਿੰਘ, ਹੀਰਾ ਸਿੰਘ ਦਾ ਕੇਵਲ ਉਨ੍ਹਾਂ ਸਿੱਖ ਗ੍ਰੰਥਾਂ ਵੱਲ ਹੀ ਧਿਆਨ ਸੀ, ਜਿਨ੍ਹਾਂ ਵਿਚ ਖ਼ਾਲਸੇ ਦੇ ਆਉਣ ਵਾਲੀ ਹੋਣੀ, ਉਤਰਾਅ-ਚੜ੍ਹਾਅ ਵੱਲ ਸੰਕੇਤ ਹਨ। *ਸੌ ਸਾਖੀ* ਵੱਲ ਤਾਂ ਇਨ੍ਹਾਂ ਚਤੁਰ ਡੋਗਰਿਆਂ ਦੀ ਵਿਸ਼ੇਸ਼ ਕ੍ਰਿਪਾ-ਦ੍ਰਿਸ਼ਟੀ ਹੋਈ ਅਤੇ ਉਨ੍ਹਾਂ ਨੇ ਸਰਕਾਰ ਖ਼ਾਲਸਾ ਦੇ ਅਧੀਨ ਇਨ੍ਹਾਂ ਇਲਾਕਿਆਂ ਵਿਚ ਜਿਥੇ ਕਿਤੇ *ਸੌ ਸਾਖੀ* ਦੇ ਖਰੜੇ ਦਾ ਸੂਹ-ਪਤਾ ਲੱਗਾ, ਉਹ ਯਾ ਤਾਂ ਨਸ਼ਟ ਕਰ ਦਿੱਤੇ ਅਤੇ ਯਾ ਉਨ੍ਹਾਂ ਵਿਚ ਅਦਲਾ ਬਦਲੀਆਂ, ਰਲੇ, ਇਸ ਕੁਚੇਸ਼ਟਾ ਨਾਲ ਪਾਏ ਕਿ *ਸੌ ਸਾਖੀ* ਅਨੁਸਾਰ ਹੀ ਰਣਜੀਤ ਸਿੰਘ ਤੋਂ ਪਿੱਛੋਂ ਦਸਮ ਪਾਤਸ਼ਾਹ ਦੇ ਸ੍ਰੀ ਮੁਖ ਬਚਨਾਂ ਦੁਆਰਾ ਲਾਹੌਰ ਦਾ ਸ਼ਾਹੀ ਤਖ਼ਤ ਡੋਗਰਾ-ਕਾਲ ਦਾ ਵਿਰਸਾ ਵਿਰਾਸਤ ਸਿੱਧ ਹੋਵੇ। ਇਸ ਡੋਗਰਾ-ਗਰਦੀ ਤੋਂ ਅਸਾਡੀ *ਸਾਖੀ ਪੋਥੀ* ਬਚ ਨਿਕਲੀ ਜਾਪਦੀ ਹੈ, ਨਹੀਂ ਤਾਂ ਸਾਖੀ 111 ਅਤੇ ਇਸ ਦਾ ਵਿਸਤ੍ਰਤ ਰੂਪ, ਅੰਤਿਕਾ ॥੧॥ 'ਸਾਖੀ ਸੁਹੇਵੇ ਕੀ' ਵਿਚ ਖ਼ਾਲਸਾ ਸਰਕਾਰ ਦੇ ਰੂਪ ਵਿਚ ਡੋਗਰਿਆਂ ਦੀ ਪ੍ਰਭੂ-ਸਤਾ ਸਥਾਪਤੀ ਦਾ ਅਖੌਤੀ ਭਵਿਖਵਾਕ ਜ਼ਰੂਰ ਸ਼ਾਮਲ ਹੋ ਜਾਣਾ ਸੀ। ਚੌਥਾ ਤੇ ਸੂਖਮ ਘੱਲੂਘਾਰਾ ਉੱਨੀਵੀਂ ਸਦੀ ਦੇ ਪੰਜਵੇਂ ਛੇਵੇਂ ਦਹਾਕਿਆਂ ਵਿਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਦੇਸ਼ ਨੂੰ ਬਰਤਾਨਵੀ ਰਾਜ ਵਿਚ ਮਿਲਾ ਲਿਆ ਅਤੇ ਪੁਰਾਣਾ ਸਿੱਖ ਰਾਜ ਵੇਲੇ ਨਿਰਮਤ ਹੋਇਆ ਹੋਇਆ ਮਹਾਨ ਤੇ ਉੱਚ-ਪੱਧਰੀ ਵਿਦਿਅਕ ਢਾਂਚਾ ਤੇ ਪ੍ਰਣਾਲੀ (Educational System and Curriculum) ਯਕਲਖ਼ਤ ਮਨਸੂਖ਼ ਕਰ ਕੇ ਅਤੇ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨੂੰ ਸਰਕਾਰੀ ਪੱਧਰ ਉੱਤੇ ਦੇਸ਼-ਨਿਕਾਲਾ ਦੇ ਕੇ, ਨਵੀਆਂ ਪੀੜ੍ਹੀਆਂ ਨੂੰ ਪੁਰਾਣੀ ਸਿੱਖ ਪੀੜ੍ਹੀ ਤੇ ਬੌਧਿਕ ਵਾਤਾਵਰਣ, ਸਿੱਖੀ ਤੇ ਸਿੱਖ ਸਾਹਿਤਕ ਸਾਮੱਗਰੀ ਅਤੇ ਸਿੱਖ-ਆਤਮਾ, ਨਾਲੋਂ ਉੱਕਾ-ਪੁੱਕਾ ਤੋੜ-ਵਿਛੋੜ ਸੁੱਟਿਆ[1] ਅਤੇ ਇਸ ਕਾਰਜ ਪੂਰਤੀ ਲਈ ਉਰਦੂ ਜ਼ਬਾਨ ਅਤੇ ਉਰਦੂ ਪੁਸਤਕਾਂ ਨੂੰ ਰਾਜ-

1. "Gurmukhi, though of sacred origin and in the days of the Sikh supremacy both a country and priestly tongue, is now rapidly falling into destitution. The Panjabi as a spoken language, is also losing its currency, and degenerating into a mere provincial and rustic dialect, whereas Urdu as the prescribed language of the courts and of the public departments is becoming familiar."

*(Administration Report, Punjab, 1851-52, para 459)*

ਪੱਧਰ ਉੱਤੇ ਬੜ੍ਹਾਵਾ ਦਿੱਤਾ। ਇਸ ਫ਼ਿਰੰਗੀ ਨੀਤੀ ਦੀਆਂ ਜੜ੍ਹਾਂ ਤਾਂ ਗਵਰਨਰ ਜਨਰਲ, ਲਾਰਡ ਵਿਲੀਅਮ ਬੈਂਟਿਕ ਦੇ 7 ਮਾਰਚ, ਸੰਨ 1835 ਦੇ ਹਿਦਾਇਤਨਾਮੇ ਵਿਚ ਹਨ, ਜਿਸ ਦੁਆਰਾ ਦੇਸੀ ਭਾਸ਼ਾਵਾਂ ਨੂੰ ਹਿੰਦੁਸਤਾਨ ਭਰ ਵਿਚ ਸਰਕਾਰੀ ਪਰਉਤਸਾਹਨ ਨਾ ਦੇਣ ਦਾ ਆਦੇਸ਼ ਸੀ ਅਤੇ ਜਿਸ ਬਾਬਤ ਕੁਝ ਉਂਗਲੀਆਂ 'ਤੇ ਗਿਣੇ ਜਾਣ ਵਾਲੇ, ਅੰਗਰੇਜ਼ਾਂ ਨੇ ਭੀ ਬੇ-ਝਿਜਕ ਕਿਹਾ ਸੀ ਕਿ ਇਹ ਹਦਾਇਤਨਾਮਾ "ਉਸੇ ਪੱਧਰ ਦਾ, ਵਿਨਾਸ਼ਕਾਰੀ, ਅਨਿਆਂਕਾਰੀ ਅਤੇ ਅਪ੍ਰਿਯ ਹੈ, ਜਿਵੇਂ ਕਿ ਅਰਬ ਜੇਤੂਆਂ ਨੇ, ਮਿਸਰ ਦੇਸ਼ ਵਿਚ ਅਲਗਜ਼ਾਂਦਰੀਆਂ ਦੇ ਜਗਤ-ਪ੍ਰਸਿੱਧ ਅਤੇ ਗਿਆਨ, ਵਿਦਿਆ ਦੇ ਸਮੁੰਦਰ ਪ੍ਰਾਚੀਨ ਪੁਸਤਕਾਲਯ ਨੂੰ ਨਾਸ਼ ਕਰ ਕੇ, ਘਿਰਣਤ ਕਰਮ ਕੀਤਾ ਸੀ,"[1] ਪਰ ਸਿੱਖ-ਆਤਮਾ ਤੇ ਗੌਰਵ ਕੀਰਤੀ ਨੂੰ ਨਸ਼ਟ ਭ੍ਰਸ਼ਟ ਕਰਨ ਲਈ ਅਤੇ ਪ੍ਰਾਣਵਾਨ ਸਿੱਖਾਂ ਦਾ ਸਾਹ-ਸਤ ਮਾਰਨ ਲਈ ਲਾਰਡ ਨਿਕਲਸਨ ਨੇ ਵਿਸ਼ੇਸ਼ ਤੇ ਬੜੇ ਕਰੂਰ ਕਦਮ ਚੁੱਕੇ ਸਨ।

ਫ਼ਿਰੰਗੀ ਸਿੱਖ ਯੁੱਧਾਂ (1848—1849 A.D.) ਵੇਲੇ ਸਿੱਖਾਂ ਦੀ ਪ੍ਰਚੰਡ ਬਹਾਦੁਰੀ ਤੇ ਅਜਿੱਤ ਸਿਪਾਹਗਰੀ ਅਤੇ ਅਦੁੱਤੀਯ ਸੂਰਮਗਤੀ ਤੋਂ ਭੈ-ਭੀਤ ਹੋ ਕੇ ਗੁਰਮੁਖੀ ਪੰਜਾਬੀ ਦਾ ਤ੍ਰਿਸਕਾਰ, ਸਾਹਿਬ ਦਸਮ ਪਾਤਸ਼ਾਹ ਦੇ ਪਵਿੱਤਰ ਸ਼ਸਤਰਾਂ ਨੂੰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਜੀ ਪਰਸੇ ਹੋਏ ਬਸਤਰ ਤੇ ਅਨਯ ਸਾਮੱਗਰੀ, ਜਿਹਾ ਕਿ ਕਲਗੀ, ਜਿਗ੍ਹਾ ਆਦਿ ਅਤੇ ਗੁਰੂ ਗ੍ਰੰਥ ਸਾਹਿਬ ਦੀ ਲਾਹੌਰ ਕਿਲ੍ਹੇ ਵਿਚ ਕਰਤਾਰਪੁਰ ਦੇ ਸੋਢੀਆਂ ਦੁਆਰਾ ਸਸ਼ੋਭਿਤ ਬੀੜ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਹਰ ਰੋਜ਼ ਅੰਮ੍ਰਿਤ ਵੇਲੇ ਪੰਜ ਸੌ ਇਕ ਰੁਪਈਆ ਅਰਦਾਸ ਕਰਵਾਉਂਦਾ ਹੁੰਦਾ ਸੀ, ਇਨ੍ਹਾਂ ਸਾਰੀਆਂ ਵਸਤੂਆਂ ਨੂੰ ਚੋਰੀ-ਚੋਰੀ ਇੰਗਲੈਂਡ ਲੈ ਜਾਇਆ ਗਿਆ ਸੀ ਤਾਂ ਜੁ ਖ਼ਾਲਸੇ ਨੂੰ ਇਨ੍ਹਾਂ ਸ਼ਕਤੀ-ਪ੍ਰਦਾ ਅਤੇ ਪ੍ਰਾਣ-ਸਿਰਜਕ ਦਿੱਬਯ ਸੋਮਿਆਂ ਤੋਂ ਵੰਚਤ ਕਰ ਦਿੱਤਾ ਜਾਵੇ। ਲਾਰਡ ਕਿਚਨਰ (1850—1916) ਨੇ ਅਜੇਹੇ ਵਿਚਾਰਾਂ ਅਧੀਨ ਹੀ ਸੁਡਾਨ ਦੀ ਰਾਜਧਾਨੀ ਖ਼ਰਤੁਮ ਵਿਚ ਅਲਮਾਹਦੀ ਦੇ ਮਕਬਰੇ ਨੂੰ ਢਾਹ-ਢੇਰੀ ਕਰ ਕੇ, ਨੀਲ-ਨਦ ਵਿਚ ਸੁੱਟਵਾ ਦਿੱਤਾ ਸੀ (1898)। ਇਨ੍ਹਾਂ ਵਿਚਾਰਾਂ ਅਧੀਨ ਹੀ ਅਹਿਮਦ ਸ਼ਾਹ ਅਬਦਾਲੀ, ਸ੍ਰੀ ਹਰਿਮੰਦਰ ਸਾਹਿਬ ਨੂੰ ਢਾਹੁਣ, ਭ੍ਰਸ਼ਟ ਕਰਨ ਉਪ੍ਰੰਤ ਗੁਰੂ ਅਰਜਨ ਸਾਹਿਬ ਦੀ ਸਿਰਜੀ ਹੋਈ 'ਆਦਿ ਬੀੜ' ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਜੀ ਹੋਈ 'ਦਮਦਮੀ ਬੀੜ' ਨੂੰ ਵੱਡੇ ਘੱਲੂਘਾਰੇ ਵੇਲੇ (1762), ਖ਼ਾਸ ਜਤਨਾਂ ਦੁਆਰਾ, ਖ਼ਾਲਸਾ ਦਲ ਨੂੰ 'ਬਿਹੀਰ' ਨਾਲੋਂ ਨਿਖੇੜ ਕੇ ਅਤੇ ਬਿਹੀਰ ਨੂੰ ਦੁਫਾੜ ਕਰ ਕੇ, ਇਨ੍ਹਾਂ ਦੋਹਾਂ ਬੀੜਾਂ ਨੂੰ ਖੋਹ ਕੇ ਲੈ ਗਿਆ ਸੀ, ਜੋ ਕਿ ਪਿੱਛੋਂ ਨਾਸ਼ ਕਰ ਦਿੱਤੀਆਂ ਗਈਆਂ। *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਰਤਨ ਸਿੰਘ ਭੰਗੂ ਨੇ ਅੱਖੀਂ-ਦੇਖੀ ਗਵਾਹੀ ਦੇ ਆਧਾਰ 'ਤੇ ਸਪੱਸ਼ਟ ਲਿਖਿਆ ਹੈ ਕਿ ਅੰਮ੍ਰਿਤਸਰ ਵਿਚ ਭਾਈ ਗੁਰਦਾਸ ਹੱਥੀਂ ਲਿਖਵਾਈ ਬੀੜ (1602—1604) ਅਤੇ ਭਾਈ ਮਨੀ ਸਿੰਘ ਜੀ ਕੋਲੋਂ ਦਮਦਮੇ ਸਾਹਿਬ ਲਿਖਵਾਈ ਗਈ ਬੀੜ (1705), ਦੋਵੇਂ ਅਬਦਾਲੀ ਨੇ, ਵੱਡੇ ਘੱਲੂਘਾਰੇ ਵਿਚ ਸਿੱਖ 'ਬਿਹੀਰ' ਕੋਲੋਂ ਖੋਹ ਲਈਆਂ ਸਨ।[2]

---

1. "Destructive, unjust, unpopular, not far outdone by the destruction of the Alexanderian library itself" *History of Indigenous Education in the Punjab* (first published at the end of the 19th Century. Govt. of India, Central Printing Office, No. 164 H.D. 1882). (Languages Deptt. Punjab, Patiala, 1971, p. 22)
2. ਤੁਰਤ ਫੁਰਤ ਲਰਤੇ ਮਰਤ ਬਹੀਰ ਗਯੋ ਕੋਹ ਔਰ।
ਤੌ ਫਿਰ ਅਹਮਦ ਸਾਹੁ ਨਿਜ ਕਰ ਪਰਯੋ ਸਿੰਘਨ ਪਰ ਧੌਰ।

ਸਪੱਸ਼ਟ ਹੈ ਕਿ ਲਾਹੌਰ ਕਿਲ੍ਹੇ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਧਾ-ਉਤਪਾਦਨ ਹੇਤ, ਜਿਹੜੀ ਬੀੜ ਕਰਤਾਰਪੁਰ ਦੇ ਸੋਢੀਆਂ ਨੇ ਲਿਆ ਕੇ ਰੱਖੀ ਹੋਈ ਸੀ ਅਤੇ ਜੋ ਲਾਰਡ ਨਿਕਲਸਨ, ਚੋਰੀ-ਚੋਰੀ ਵਲੈਤ ਲੈ ਗਿਆ, ਉਹ ਅਸਲੀ ਭਾਈ ਗੁਰਦਾਸ ਲਿਖਤ, 'ਆਦਿ ਗ੍ਰੰਥ' ਨਹੀਂ ਸੀ, ਉਸ ਦੀ ਇਕ ਨਕਲ ਹੀ ਸੀ। ਫੇਰ, ਜਿਹੜੀ ਬੀੜ ਹੁਣ ਕਰਤਾਰਪੁਰ ਸੁਰੱਖਿਅਤ ਪਈ ਹੈ ਅਤੇ 'ਕਰਤਾਰਪੁਰੀ ਬੀੜ' ਕਹਾਉਂਦੀ ਹੈ, ਉਹ ਭੀ ਕੋਈ 'ਨਕਲ' ਹੀ ਹੈ। ਅਸਲੀ ਭਾਈ ਗੁਰਦਾਸ ਲਿਖਤ 'ਅੰਮ੍ਰਿਤਸਰੀ' 'ਆਦਿ ਗ੍ਰੰਥ' ਦੀ ਬੀੜ ਉਹ ਤਿੰਨ-ਕਾਲ ਨਹੀਂ ਹੈ। ਇਸ 'ਕਰਤਾਰਪੁਰੀ ਬੀੜ' ਦੇ ਗ਼ੌਰ ਨਾਲ ਦਰਸ਼ਨ-ਪੜਚੋਲ ਕਰਨ ਨਾਲ ਹੀ ਸੱਚ ਉੱਘੜ ਆਉਂਦਾ ਹੈ :

**ਉਘਰਿ ਗਇਆ ਜੈਸਾ ਖੋਟਾ ਢਬੂਆ, ਨਦਰਿ ਸਰਾਫਾ ਆਇਆ॥**

*(ਆਸਾ ਮ: ੫, ਪੰਨਾ 381)*

ਉਂਜ ਕੋਈ 'ਧਾਰਮਿਕ ਵਿਦਵਾਨ' ਯਾ 'ਪ੍ਰੋਫ਼ੈਸਰ' ਕਿਸੇ ਨੀਤੀ ਨੂੰ ਵਿਚਾਰ ਕੇ ਯਾ ਅਗਿਆਨ-ਆਸ਼੍ਰਿਤ, ਜੋ ਜੀਅ ਆਵੇ ਕਹੀ ਜਾਵੇ। ਅਨੇਕ ਉਦਾਹਰਣਾਂ, ਸੰਸਾਰ ਦੇ ਇਤਿਹਾਸ ਵਿਚ ਐਸੀਆਂ ਹਨ ਕਿ ਜੇਤੂ, ਪ੍ਰਾਜਯ ਹੋਈ ਜਾਤੀ ਦੇ ਧਰਮ ਅਤੇ ਉਸ ਦੀ ਪ੍ਰਾਣ-ਸ਼ਕਤੀ ਦੇ ਸੋਮਿਆਂ, ਚਿੰਨ੍ਹਾਂ ਆਦਿ ਨੂੰ ਨਸ਼ਟ-ਭ੍ਰਸ਼ਟ ਕਰ ਸੁੱਟਦੇ ਹਨ ਤਾਂ ਜੁ ਉਸ ਹਾਰੀ ਹੋਈ, ਪ੍ਰਾਧੀਨ ਜਾਤੀ ਦੀ ਆਤਮਾ ਅਤੇ ਪ੍ਰਤਿਭਾ ਦੇ ਸੋਮੇ ਅਭਾਵ ਹੋ ਜਾਣ। 'ਦਲਦਾ ਮਲਗਵਾ' ਨਾਮੀ ਬੁਧ ਮੰਦਰ (Temple of the Tooth) ਜੋ ਕਿ ਸ੍ਰੀ ਲੰਕਾ ਦੀ ਪੁਰਾਤਨ ਰਾਜਧਾਨੀ 'ਕਾਂਡੀ' ਵਿਚ ਸਥਿਤ ਹੈ, ਉਥੇ ਜਦ ਵਿਜਈ 'ਡੱਚ' ਜਾਤੀ ਦੇ ਫ਼ਿਰੰਗੀਆਂ ਨੇ ਕਬਜ਼ਾ ਕੀਤਾ, ਤਦ ਸ੍ਰੀ ਲੰਕਾ ਵਿਚ ਬੁੱਧ ਧਰਮ ਦੇ ਵਿਨਾਸ਼ ਹਿੱਤ, ਗੌਤਮ ਬੁੱਧ ਦੇ ਪੂਜਾ ਯੋਗ ਦੰਤ ਨੂੰ ਖਰਲ ਵਿਚ ਕੁਟ-ਪੀਹ ਕੇ ਸਮੁੰਦਰ ਵਿਚ ਈਸਾਈ ਪਾਦਰੀਆਂ ਨੇ ਅਨੇਕਾਂ ਲੰਕਾ ਵਾਸੀਆਂ ਦੀਆਂ ਅੱਖਾਂ ਸਾਹਮਣੇ ਸੁੱਟ ਪਾਇਆ ਸੀ (1763)। ਇਹੋ ਗਤੀ ਸ੍ਰੀ ਅੰਮ੍ਰਿਤਸਰੀ 'ਆਦਿ ਬੀੜ' ਅਤੇ 'ਦਮਦਮੀ ਬੀੜ' ਦੀ ਹੋਈ ਹੈ, ਇਸ ਵਿਚ ਕੋਈ ਸੰਸਾ, ਸੰਦੇਹ ਨਹੀਂ ਹੈ। *ਸਾਖੀ ਪੋਥੀ* ਸਰਕਾਰ ਖ਼ਾਲਸਾ ਲਾਹੌਰ ਦੇ ਤੋਸ਼ੇਖ਼ਾਨੇ ਵਿਚ ਭੀ ਨਹੀਂ ਸੀ। ਇਹ ਮਾਲਵੇ ਦੇ ਸਿੱਖਾਂ ਕੋਲ ਹੀ ਸਾਂਭੀ ਪਈ ਰਹੀ, ਜਿਹੜੀ ਸਿੱਖ ਭੂਮੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਸੀਮਾ ਤੋਂ ਬਾਹਰ ਸੀ। ਰਿਆਸਤ ਪਟਿਆਲੇ ਦੇ ਪਿੰਡ 'ਭਦੌੜ' ਦੇ ਰਈਸ ਸੰਸਕ੍ਰਿਤ, ਪੰਜਾਬੀ, ਅਰਬੀ, ਫ਼ਾਰਸੀ, ਅੰਗਰੇਜ਼ੀ, ਫ਼ਰਾਂਸੀਸੀ ਦੇ ਧੁਰੰਧਰ ਵਿਦਵਾਨ ਮਹਾਮਹੋਪਾਧਯਾਯ, ਸ਼ਮਸੁਲਉਲਮਾ, ਸਰਦਾਰ ਸਰ ਅਤਰ ਸਿੰਘ K.C.S.I. ਦੇ ਪੁਸਤਕਾਲਯ ਵਿਚ ਇਸ *ਸਾਖੀ ਪੋਥੀ* ਦਾ ਇਕ ਹੱਥ-ਲਿਖਤ ਨੁਸਖ਼ਾ ਮੌਜੂਦ ਸੀ।

---

➡ ਚੋਧਰੀ ਪਾਇ ਸਿੰਘ ਫੌਜ ਨਿਕਾਰੀ। ਘੇਰਿਓ ਬਹੀਰ ਬਹੁ ਤੁੰਮਣ ਭਾਰੀ।
ਤਿਨ ਮੈਂ ਗ੍ਰੰਥ ਤੁਰਤਥੇ ਦੋਇ। ਅੰਮ੍ਰਿਤਸਰੀ ਦਮਦਮੀਏਂ ਜੋਇ।
ਘੋਰ ਲਯੋ ਤਿਨ ਆ ਗਿਓ ਆਏ। ਜੁਦੈ ਜੁਦੈ ਤੇ ਦਏ ਕਰਾਇ।
ਧਰ ਗ੍ਰੰਥ ਤਹਿੰ ਲੜੇ ਮਝੈਲ। ਰਖਤ ਹੁਤੇ ਥੇ ਸ਼ਸਤ੍ਰ ਗੈਲ।
ਘੜੀਕੁ ਲੜੇ ਫਿਰ ਲੀਨੇ ਮਾਰ। ਫਿਰ ਦਮਦਮੀਅਨੁ ਪਰ ਧਰੀ ਤਲਵਾਰ।
ਪਾਉ ਘੜੀ ਤਹਿ ਤੋਉ ਲੜੇ। ਬਿਨ ਹਥਿਆਰ ਹੁਤੇ ਕਿਆ ਕਰੇ।
ਦੀਨ ਮਜ਼ਹਬ ਕਾ ਜੁੱਧ ਪਛਾਣ। ਫੀਮ ਸੋਟ ਕਰ ਮਾਰਨ ਤਾਣ।
ਫੀਮ ਸੋਟਨ ਤੇ ਕਬ ਵੇ ਮਰੈਂ। ਮਾਰ ਤੇਗ ਦੋਇ ਧੜ ਕਰੈਂ।
ਪਿਤਾ ਚਾਚੋ ਦੋਇ ਹਮ ਥੇ ਸਾਥਿ, ਉਨ ਤੇ ਸੁਨ ਹਮ ਆਖੀ ਬਾਤ।੧੪੪।

*(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, 110-114, ਤੀਜਾ ਐਡੀਸ਼ਨ, 1952, ਅੰਮ੍ਰਿਤਸਰ, ਪੰਨਾ 369-370)*

ਸਰਦਾਰ ਸਰ ਅਤਰ ਸਿੰਘ, ਭਦੌੜ, ਜਿਥੇ ਵਿਦਿਆ ਦੇ ਮਾਰਤੰਡ ਸਨ, ਉਥੇ ਮਹਾਰਾਣੀ ਵਿਕਟੋਰੀਆ ਦੇ ਅਨਿੰਨ ਭਗਤ ਅਤੇ ਪੰਜਾਬ ਵਿਚ ਬ੍ਰਿਟਿਸ਼ ਰਾਜ ਦੇ ਪੁੱਜ ਕੇ ਖ਼ੈਰਖ਼ਾਹ ਭੀ ਸਨ। 1857 ਦੇ ਗ਼ਦਰ ਨੂੰ ਦਬਾਉਣ ਪਿੱਛੋਂ ਜਦੋਂ ਮਹਾਰਾਣੀ ਵਿਕਟੋਰੀਆ ਨੇ 'ਕੈਸਰੇ-ਹਿੰਦ' (Empress of India) ਦੀ ਪਦਵੀ ਤੇ ਉਪਾਧੀ ਧਾਰਨ ਹਿੱਤ, ਲੰਡਨ ਵਿਚ ਅਭਿਸ਼ੇਕ ਤਾਜਪੋਸ਼ੀ ਦਾ ਉਤਸਵ ਮਨਾਇਆ, ਤਦ ਸਰਦਾਰ ਸਰ ਅਤਰ ਸਿੰਘ ਜੀ ਨੂੰ ਭੀ ਇਸ ਅਵਸਰ ਉੱਤੇ ਬੁਲਾ ਭੇਜਿਆ। ਸਰਦਾਰ ਸਰ ਅਤਰ ਸਿੰਘ ਜੀ ਨੇ ਮਹਾਰਾਣੀ ਵਿਕਟੋਰੀਆ ਨਾਲ ਭੇਂਟ ਸਮੇਂ *ਸਾਖੀ ਪੋਥੀ* ਦਾ ਉਹ ਬਹੁਮੁੱਲਾ ਖਰੜਾ ਜੋ ਉਨ੍ਹਾਂ ਪਾਸ ਸੁਰੱਖਿਅਤ ਸੀ, ਮਹਾਰਾਣੀ ਨੂੰ ਨਜ਼ਰਾਨੇ ਵਜੋਂ ਦਿੱਤਾ ਅਤੇ ਨਾਲ ਹੀ ਇਸ ਪੁਸਤਕ ਦਾ ਆਪ ਕੀਤਾ ਹੋਇਆ ਅੰਗਰੇਜ਼ੀ ਤਰਜਮਾ ਭੀ। ਇਹੋ ਅੰਗਰੇਜ਼ੀ ਤਰਜਮਾ ਹੈ ਜੋ ਹੋ ਸਕਦਾ ਹੈ, ਕਿਸੇ ਘਾਟੇ ਵਾਧੇ ਨਾਲ ਸੰਨ 1876 ਵਿਚ 'ਇੰਡੀਅਨ ਪਬਲਿਕ ਉਪੀਨੀਅਨ ਪ੍ਰੈਸ' ਲਾਹੌਰ ਵਿਚ ਛਪਿਆ। ਸ਼ੱਕ ਨਹੀਂ ਕਿ ਇਸ *ਸਾਖੀ ਪੋਥੀ* ਦਾ ਉਤਾਰਾ ਸਰਦਾਰ ਸਰ ਅਤਰ ਸਿੰਘ ਨੇ ਆਪਣੇ ਕੋਲ ਰੱਖ ਲਿਆ ਹੋਵੇਗਾ। ਸੰਨ 1863 ਵਿਚ ਜਦੋਂ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਜਿੰਦਾਂ ਦੀਆਂ ਅਸਥੀਆਂ ਲੈ ਕੇ ਬਰਤਾਨਵੀ ਸਰਕਾਰ ਦੀ ਆਗਿਆ ਨਾਲ ਲਾਹੌਰ ਪੁੱਜ ਰਹੇ ਸਨ, ਇਨ੍ਹਾਂ ਅਸਥੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਚ ਰੱਖਣ ਲਈ, ਤਦ ਸਰਦਾਰ ਸਰ ਅਤਰ ਸਿੰਘ ਨੇ ਹੀ ਬਰਤਾਨਵੀ ਸਰਕਾਰ ਨੂੰ ਖ਼ਬਰਦਾਰ ਕੀਤਾ ਸੀ ਕਿ ਜੇ ਦਲੀਪ ਸਿੰਘ ਨੂੰ ਪੰਜਾਬ ਵਿਚ ਵੜਨ ਦਿੱਤਾ ਗਿਆ ਤਾਂ ਇਹ ਨਿਸਚੇ ਹੈ ਕਿ ਖ਼ਾਲਸਾ ਮੁੜ ਸਾਂਵਧਾਨ ਹੋ ਕੇ ਭੜਕ ਉਠੇਗਾ ਅਤੇ ਸਿੱਖ ਰਾਜ ਪੁਨਰ ਸਥਾਪਤ ਹੋ ਜਾਣ ਦੀ ਸੰਭਾਵਨਾ ਹੈ।[1] ਇਸੇ ਕਾਰਨ ਮਹਾਰਾਜਾ ਦਲੀਪ ਸਿੰਘ ਨੂੰ ਨਰਬਦਾ ਨਦੀ ਤੋਂ ਉਰਾਰ ਨਹੀਂ ਸੀ ਟੱਪਣ ਦਿੱਤਾ ਗਿਆ ਅਤੇ ਉਹ ਨਾਸਕ ਤੀਰਥ ਉੱਤੇ ਹੀ ਆਪਣੀ ਮਾਤਾ ਦੀਆਂ ਅਸਥੀਆਂ ਦੀ, ਜਿਸ ਨੇ ਆਪਣੇ ਅਭਾਗੇ ਪੁੱਤਰ ਨੂੰ ਮਰਨ ਵੇਲੇ ਕਿਹਾ ਸੀ, "ਮੇਰੀਆਂ ਹੱਡੀਆਂ ਇਸ ਨਿਰਦਈ ਦੇਸ਼ (England) ਵਿਚ ਨਾ ਰੋਲੀਂ", ਸਮਾਧ ਬਣਾ ਕੇ ਵਾਪਸ ਪਰਤ ਗ੍ਰਿਆ ਸੀ। ਸੰਨ 1886 ਵਿਚ ਫੇਰ ਜਦੋਂ ਮਹਾਰਾਜਾ ਦਲੀਪ ਸਿੰਘ ਹਿੰਦੁਸਤਾਨੀ ਸ਼ਹਿਰੀ ਤੇ ਵਾਸੀ ਪੱਕੇ ਤੌਰ 'ਤੇ ਬਣਨ ਲਈ ਲੰਡਨੋਂ ਮੁੜ ਰਿਹਾ ਸੀ, ਉਸ ਨੂੰ ਅਦਨ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਇਹ ਭੀ ਸਰ ਅਤਰ ਸਿੰਘ ਦੀ ਸਲਾਹ ਨਾਲ ਹੋਇਆ।

ਮਹਾਰਾਣੀ ਵਿਕਟੋਰੀਆ ਨੇ *ਸਾਖੀ ਪੋਥੀ* ਦੇ ਅੰਗਰੇਜ਼ੀ ਤਰਜਮੇ ਨੂੰ ਬੜੀ ਸ਼ਰਧਾ ਤੇ ਗ਼ੌਰ ਨਾਲ ਪੜ੍ਹਿਆ। ਉਹ ਸਿੰਘ ਸਿਪਾਹੀ ਦੀ ਅਜਿੱਤ ਸੂਰਮਗਤੀ ਤੋਂ ਜਾਣੂ ਸੀ ਅਤੇ ਉਸ ਨੂੰ ਇਹ ਭੀ ਪਤਾ ਸੀ ਕਿ ਜੇ ਸਿੱਖਾਂ ਦੀ ਫ਼ੌਜ ਨੂੰ ਨਿਰਦਈ ਤੇ ਗ਼ੱਦਾਰ ਬ੍ਰਾਹਮਣ, ਡੋਗਰੇ, ਵਿਸ਼ਵਾਸਘਾਤ ਕਰ ਕੇ ਨਾ ਮਰਵਾ ਦਿੰਦੇ, ਤਦ ਲਾਰਡ ਗੱਫ਼, ਅੰਗਰੇਜ਼ੀ ਫ਼ੌਜ ਦੇ ਕਮਾਂਡਰ-ਇਨ-ਚੀਫ਼ ਨੇ ਸਿੱਖਾਂ ਸਾਹਮਣੇ ਬਿਲਾ-ਸ਼ਰਤ ਹਥਿਆਰ ਸੁੱਟਣ (unconditional surrender) ਦਾ ਫ਼ੈਸਲਾ ਪੱਕਾ ਕਰ ਲਿਆ ਹੋਇਆ ਸੀ[2] ਅਤੇ

1. "Unfortunately, there are a great many traitors in the Sikh Camp....."—*Indigenous Education in the Punjab,* Part-I–B, Govt. of India, Central Printing Office, 1882, *Ibid.*

2. "News came from the Governor General that our attack of yesterday had failed, that affairs were desperate that all the state papers were to be destroyed.... This was kept secret by Mr. Currie and we were concerting measures to make an ☛

ਅੰਗਰੇਜ਼ ਸਿੰਘਾਂ ਨੂੰ, ਸਾਰੇ ਹਿੰਦੁਸਤਾਨ ਦੀ ਬਾਲਾਦਸਤੀ ਸੌਂਪ ਕੇ, ਆਪ ਮਦਰਾਸ ਰਾਹੀਂ, ਵਲੈਤ ਮੁੜ ਜਾਣ ਦੀ ਬੇਨਤੀ ਖ਼ਾਲਸੇ ਮੂਹਰੇ ਕਰਨ ਲਈ ਤਿਆਰ ਹੋ ਬੈਠੇ ਸਨ। ਮਹਾਰਾਣੀ ਵਿਕਟੋਰੀਆ ਖ਼ਾਲਸੇ ਦੀ ਇਸ ਅਦੁੱਤੀ ਸ਼ਕਤੀ ਦਾ ਸੋਮਾ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ-ਉਪਦੇਸ਼ਾਂ, ਅਗੰਮੀ-ਸ਼ਕਤੀ ਤੇ ਕਰਾਮਾਤੀ ਚਮਤਕਾਰ ਨੂੰ ਤਸਲੀਮ ਕਰਨ ਤੋਂ ਨਾਬਰ ਨਹੀਂ ਸੀ। ਇਉਂ *ਸਾਖੀ ਪੋਥੀ* ਦੀ ਸੁਹੇਵੇ ਵਾਲੀ ਸਾਖੀ ਨੰ: '111' ਅਤੇ ਇਸ ਦਾ ਵਿਸਤਰਤ ਰੂਪ ਅੰਤਿਕਾ '1', ਮਹਾਰਾਣੀ ਵਿਕਟੋਰੀਆ ਦੇ ਮਨ ਵਿਚ ਖੁੱਭ ਗਈ। ਇਸ ਸਾਖੀ ਦਾ ਭਵਿੱਖ-ਵਾਕ ਆਧਾਰਤ ਮੂਲ ਮੁੱਦਾ ਇਹ ਹੈ ਕਿ ਖ਼ਾਲਸੇ ਦਾ ਉਹ ਅਖੰਡ-ਰਾਜ ਅਤੇ ਸਾਰੇ ਹਿੰਦੁਸਤਾਨ ਉੱਤੇ ਬਾਲਾਦਸਤੀ ਅਤੇ ਸਿੱਖੀ ਦਾ ਫੈਲਾਓ, ਕਰੋੜਾਂ ਦੀ ਗਿਣਤੀ ਵਿਚ ਜਿਸ ਦਾ ਵਰ ਕਿ ਖ਼ਾਲਸੇ ਨੂੰ ਦਸਮ ਪਾਤਸ਼ਾਹ ਨੇ ਖੁੱਲ੍ਹਮ-ਖੁੱਲ੍ਹਾ ਦਿੱਤਾ ਹੋਇਆ ਹੈ—"ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ", ਸਫਲ ਉਸ ਨਿਸਚਿਤ ਸਮੇਂ ਉੱਤੇ ਹੋਵੇਗਾ, ਜਿਸ ਦਾ ਕਿ ਇਸ ਸਾਖੀ ਵਿਚ ਸਪੱਸ਼ਟ ਸੰਕੇਤ ਹੈ। ਇਸ ਸਾਖੀ ਅਨੁਸਾਰ ਅਠਾਰ੍ਹਵੀਂ, ਉੱਨੀਵੀਂ ਸਦੀ ਈਸਵੀ ਵਿਚ ਜੋ ਸਿੱਖਾਂ ਦੀ ਰਾਜ-ਸੱਤਾ ਉਭਰੀ, ਉਸ ਨੂੰ ਇਸ ਸਾਖੀ ਦੇ ਕਥਿਤ ਭਵਿੱਖ-ਬਚਨਾਂ ਵਿਚ ਮਾਨੋ ਗੌਲਿਆ ਹੀ ਨਹੀਂ ਗਿਆ, ਜਿਵੇਂ ਕਿ ਸਾਹਿਬ ਦਸਮ ਪਾਤਸ਼ਾਹ ਖ਼ਾਲਸੇ ਦੇ ਆਉਣ ਵਾਲੇ ਔਜ ਤੇ ਦਬਦਬੇ ਦੇ ਸੰਬੰਧ ਵਿਚ, ਅਠਾਰ੍ਹਵੀਂ ਤੇ ਉੱਨੀਵੀਂ ਸਦੀ ਵਿਚ ਸਥਾਪਤ ਹੋਈਆਂ ਸਿੱਖ ਸਰਦਾਰੀਆਂ ਅਤੇ ਸਰਕਾਰ ਖ਼ਾਲਸੇ ਨੂੰ ਕੋਈ ਖ਼ਾਸ ਅਹਿਮੀਅਤ ਹੀ ਨਹੀਂ ਦਿੰਦੇ। ਮਹਾਰਾਣੀ ਵਿਕਟੋਰੀਆ ਇਹ ਝੱਟ ਸਮਝ ਗਈ ਹੋਵੇਗੀ ਕਿ ਜੇ ਸੁਹੇਵੇ ਵਾਲੀ ਸਾਖੀ ਵਿਚ ਕੁਝ ਸੱਤਿਆ ਹੈ, ਤਦ ਇਹ ਖ਼ਾਲਸੇ ਦੀ ਚੜ੍ਹਤ, ਦਬਦਬਾ ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਸਾਮਰਾਜ ਦੀ ਲਾਸ਼ ਉੱਤੇ ਹੀ ਸਥਾਪਤ ਹੋਵੇਗਾ। ਇਉਂ ਵਿਚਾਰ ਕੇ ਪੱਕੀ ਸਰੋਤ ਤੇ ਸਮ੍ਰਿਤੀ ਰਵਾਇਤ ਹੈ ਕਿ ਮਹਾਰਾਣੀ ਨੇ ਪੱਕਾ ਪਤਾ ਹਿੰਦੁਸਤਾਨ ਤੋਂ ਮੰਗਵਾਇਆ ਕਿ ਸੁਹੇਵੇ ਪਿੰਡ ਵਿਚ, ਜੰਡ ਦਰੱਖ਼ਤ ਦੇ ਤਨੇ ਵਿਚ ਉੱਗਿਆ ਹੋਇਆ ਪਿੱਪਲ ਦਾ ਰੁੱਖ, ਕਿਤਨਾ ਕੁ ਵੱਡਾ ਹੋ ਚੁੱਕਾ ਹੈ। ਮਹਾਰਾਣੀ ਨੂੰ ਇਹ ਜਾਣ ਕੇ ਹਾਰਦਿਕ ਸੰਤੋਖ ਹੋਇਆ ਹੋਵੇਗਾ ਕਿ ਇਹ ਪਿੱਪਲ ਘੱਟੋ-ਘੱਟ, ਸੌ ਡੂਢ ਸੌ ਵਰ੍ਹਾ ਹੋਰ ਆਪਣੀ ਭੂਮੀ, ਜੰਡ ਦਰੱਖ਼ਤ ਦੇ ਬਰਾਬਰ ਵਿਚ ਹੀ ਲਏਗਾ, ਜੰਡ ਉੱਤੇ ਛਾ ਜਾਣਾ ਤਾਂ ਹੋਰ ਭੀ ਅਗੇਰੇ ਸਮੇਂ ਦੀ ਗੱਲ ਹੈ। ਸੰਨ 1942 ਵਿਚ, ਜਦ ਇਨ੍ਹਾਂ ਸਤਰਾਂ ਦਾ ਲਿਖਾਰੀ, ਕਰਨਾਲ ਵਿਚ ਡਿਪਟੀ ਕਮਿਸ਼ਨਰ ਅਥਵਾ ਕੇਂਦਰ ਪ੍ਰਤੀ ਲੱਗਾ ਹੋਇਆ ਸੀ, ਤਦ ਉਹ ਸੁਹੇਵੇ ਪਿੰਡ ਇਸ ਚਮਤਕਾਰੀ ਪਿੱਪਲ ਦੇ ਦਰਸ਼ਨ ਕਰਨ ਗਿਆ ਸੀ ਤਾਂ ਇਹ ਅਜੇ ਜੰਡ ਨਾਲੋਂ ਦੋ ਤਿੰਨ ਫ਼ੁੱਟ ਨੀਵਾਂ ਹੀ ਸੀ। ਹੁਣ ਸੁਣਿਆ ਹੈ ਕਿ ਇਹ ਜੰਡ ਦੇ ਬਰਾਬਰ ਦਾ ਹੋ ਗਿਆ ਹੈ ਅਤੇ ਸਿੰਘਾਂ ਨੇ ਉਥੇ ਸੁੰਦਰ ਗੁਰਦੁਆਰਾ ਭੀ ਸਥਾਪਤ ਕਰ ਦਿੱਤਾ ਹੈ, ਜਦੋਂ ਕਿ ਪਹਿਲਾਂ ਉੱਥੇ ਇਕ ਥੜ੍ਹਾ ਜਿਹਾ ਹੀ ਸੀ। ਕਹਾਣੀ ਦੇ ਇਸ ਮਰਹਲੇ ਉੱਤੇ, 'ਸੁਹਾਵੇ ਦੀ ਸਾਖੀ' ਦਾ ਸਵਿਸਤਾਰ ਵਰਣਨ ਅਵੱਸ਼ ਹੋ ਗਿਆ ਹੈ।

(12) ਸਾਖੀ 'ਪੋਥੀ ਦੀ ਸਾਖੀ' 111 ਇਸ ਪ੍ਰਕਾਰ ਹੈ :

"ਅਗੇ ਡੇਰਾ ਸੁਹੇਵੇ ਸਤੀਂ ਕੋਹੀਂ। ਓਥੇ ਜੰਡ ਸੀ ਵੱਡਾ। ਗੁਰੂ ਜੀ ਕਹਿੰਦੇ : ਇਸ ਜੰਡ

---

unconditional surrender....." -Log Book entry, dated, 22nd December, 1845, by the British C-in-C quoted in, Sir Robert Cust in *Linguistic and Oriental Essays*, London, 1861, p. 48.

ਕੇ ਵੀਚ ਜਿਸ ਦਿਨ ਪਿਪਲ ਲਗੂ, ਆਪ ਪਿਪਲ ਮੱਲ ਗਇਆ, ਜੰਡ ਮਰ ਗਇਆ, ਓਦੋਂ ਖ਼ਾਲਸੇ ਕਾ ਰਾਜ ਹੋਊ।"

ਸੁਹੇਵੇ ਵਾਲੀ ਸਾਖੀ ਦੇ ਇਸ ਰੂਪ ਵਿਚ ਇਹ ਸਾਫ਼ ਸਪੱਸ਼ਟ ਨਹੀਂ ਹੁੰਦਾ ਕਿ ਗੁਰੂ ਸਾਹਿਬ ਦੇ ਸੁਹੇਵੇ ਡੇਰਾ ਕਰਨ ਸਮੇਂ, ਕੋਈ ਪਿੱਪਲ ਦਾ ਬੂਟਾ, ਇਥੇ ਵੱਡੇ ਜੰਡ ਦੇ ਤਨੇ ਵਿਚ, ਧਰਤੀ ਵਿਚ ਨਾ, ਲੱਗਾ ਹੋਇਆ ਸੀ ਕਿ ਨਹੀਂ, ਪਰ ਜੇ ਇਸ ਸਾਖੀ ਦੇ ਰੂਪ ਦੀ ਗਦ-ਲਘੁਤਾ ਨੂੰ ਧਿਆਨ ਗੋਚਰੇ ਰੱਖੀਏ ਤਦ ਸ਼ੱਕ ਨਹੀਂ ਰਹਿ ਜਾਂਦਾ ਕਿ ਪਿੱਪਲ ਲੱਗਾ ਹੋਇਆ ਹੈ। ਪਰ ਆਮ ਤੌਰ 'ਤੇ ਅਜੇਹੇ ਪਿੱਪਲ ਜੇਹੜੇ ਪੰਛੀਆਂ ਦੀਆਂ ਬਿੱਠਾਂ ਦੁਆਰਾ, ਜੋ ਕਿ ਪਿੱਪਲ ਦੀਆਂ ਪੱਕੀਆਂ ਗੋਹਲਾਂ, ਬੀਜਾਂ ਸਣੇ ਖਾ ਜਾਂਦੇ ਹਨ, ਬਿਰਛਾਂ ਦੇ ਤਨਿਆਂ ਵਿਚ ਅਤੇ ਪੱਕੀਆਂ ਕੰਧਾਂ ਯਾ ਮੰਦਰਾਂ ਵਿਚ ਲੱਗ ਜਾਂਦੇ ਹਨ, ਸੌ ਵਿੱਚੋਂ ਦੋ ਚਾਰ ਹੀ ਜੀਵਿਤ ਰਹਿੰਦੇ ਹਨ, ਬਾਕੀ ਵਿਨਾਸ਼ ਹੋ ਜਾਂਦੇ ਹਨ। ਇਸ ਪਿਛੋਕੜ ਵਿਚ ਹੀ ਗੁਰੂ ਸਾਹਿਬ ਦਾ ਇਹ ਵਾਕ ਸੁ-ਅਰਥਾ ਹੋ ਸਕਦਾ ਹੈ ਕਿ 'ਪਿੱਪਲ ਲੱਗੂ' ਜੋ ਕਿ 'ਮੱਲ ਜਾਏਗਾ'। ਅਜੇਹੇ ਪਿੱਪਲ 'ਲੱਗਣ' ਵਿਚ ਅਤੇ 'ਮਲ' ਜਾਣ ਵਿਚ, ਸੌ ਡੂਢ ਸੌ ਵਰ੍ਹਾ, ਸੁੱਤੇ ਹੀ ਲੈ ਲੈਂਦੇ ਹਨ ਪਰ ਜਦ ਮੱਲਣ ਉੱਤੇ ਆਉਂਦੇ ਹਨ, ਤਾਂ ਵੱਡੇ-ਵੱਡੇ ਸਖ਼ਤ ਪਥਰੀਲੇ ਪਹਾੜਾਂ ਕੰਦਰਾਂ, ਮੰਦਰਾਂ ਨੂੰ ਦੋਫਾੜ ਕਰ ਸੁੱਟਦੇ ਹਨ। ਤਾਰੀਖ਼ੀ ਤੇ ਜਗਤ-ਵਿਖਿਆਤ ਮਿਸਾਲ, ਪਿੱਪਲ ਦੇ ਨਿਤਾਣੇ ਦਿੱਸ ਆਉਂਦੇ ਬੂਟਿਆਂ ਦੀ ਪੱਥਰ-ਪਾੜੂ ਅਪਾਰ ਸ਼ਕਤੀ ਦੀ ਕੰਬੋਦੀਆ ਦੇਸ਼ ਦਾ 'ਆਕੋਰ ਵਾਟ' ਨਾਮੀ ਮੰਦਰਾਂ ਦਾ ਵਿਸ਼ਾਲ ਨਗਰ ਹੈ, ਜੋ ਕਿ 'ਖਮੇਰ' ਜਾਤੀ ਦੇ ਪਾਤਸ਼ਾਹਾਂ ਨੇ ਨੌਵੀਂ ਸਦੀ ਵਿਚ ਬਣਾਏ ਸੀ, ਪਰ ਜੋ ਦੋ ਕੁ ਸਦੀਆਂ ਪਿੱਛੋਂ ਹੀ 'ਖਮੇਰ' ਜਾਤੀ ਦੇ ਅਜੋਕੀ ਵੀਤਨਾਮੀ ਜਾਤੀ ਕੋਲੋਂ ਪ੍ਰਾਜੈ ਹੋਣ ਉਪ੍ਰੰਤ, ਬੇ-ਚਰਾਗ਼ ਹੋ ਗਏ। ਉੱਨੀਵੀਂ ਸਦੀ ਦੇ ਅੰਤ ਵਿਚ, ਇਸ ਦੇਸ਼ ਦੇ ਫ਼ਰਾਂਸੀਸੀ ਮਾਲਕਾਂ ਨੂੰ ਇਹ ਮਹਾਨ ਮੰਦਰਾਲਯ, ਘਣੇ ਜੰਗਲਾਂ ਵਿਚ ਗ੍ਰਸਤ, ਜਦੋਂ ਲੱਭਾ ਤਾਂ ਇਸ ਦੇ ਭਾਰੇ ਸੰਗੀਨ ਮੰਦਰ ਤੇ ਫ਼ਸੀਲਾਂ ਉੱਤੇ ਪਿੱਪਲ ਦੇ ਬਿਰਖ ਵਿਜਈ ਹੋ ਚੁੱਕੇ ਸਨ ਅਤੇ ਕੋਈ ਭਾਗ ਇਸ ਮੰਦ੍ਰਾਲਯ ਦਾ ਅਜੇਹਾ ਨਹੀਂ ਬਚਿਆ ਹੋਇਆ ਸੀ, ਜੋ ਪਿੱਪਲਾਂ ਦੀਆਂ ਸ਼ਕਤੀਸ਼ਾਲੀ ਜੜ੍ਹਾਂ ਨੇ ਭੰਨ-ਤੋੜ ਨਾ ਸਿਟਿਆ ਹੋਵੇ। *ਸਾਖੀ ਪੋਥੀ* ਦੇ ਇਸ ਲਘੂ-ਰੂਪ ਵਿਚ ਦੋ ਗੱਲਾਂ ਸਹੀ ਹੋ ਆਉਂਦੀਆਂ ਹਨ—(1) ਪਿੱਪਲ ਦਾ ਬੂਟਾ, ਬਾਲ-ਰੂਪ ਵਿਚ; ਗੁਰੂ ਸਾਹਿਬ ਦੇ ਉਥੇ ਡੇਰਾ ਕਰਨ ਸਮੇਂ (1706) ਹੈ ਸੀ। (2) ਭਵਿੱਖ ਬਾਣੀ ਇਹ ਹੋਈ ਕਿ 'ਜਦੋਂ ਪਿੱਪਲ ਮੱਲ ਗਿਆ, ਜੰਡ ਮਰ ਗਿਆ, ਓਦੋਂ ਖ਼ਾਲਸੇ ਦਾ ਰਾਜ ਹੋਊ।' ਸਪੱਸ਼ਟ ਹੈ ਕਿ ਅਠਾਰ੍ਹਵੀਂ, ਉੱਨੀਵੀਂ ਸਦੀ ਵਿਚ ਸਿੱਖਾਂ ਦੀਆਂ ਕਾਇਮ ਹੋਈਆਂ ਸਰਦਾਰੀਆਂ, ਰਿਆਸਤਾਂ ਸਣੇ ਰਣਜੀਤ ਸਿੰਘ ਦੀ ਸਰਕਾਰ ਖ਼ਾਲਸਾ ਦੇ, ਇਸ ਭਵਿੱਖ ਬਾਣੀ ਦਾ ਵਿਸ਼ਾ ਨਹੀਂ ਅਤੇ ਸਿੱਖਾਂ ਦੀ ਇਸ ਬਾਲਾਦਸਤੀ ਤੇ ਚੜ੍ਹਤ ਨੂੰ 'ਖ਼ਾਲਸੇ ਕਾ ਰਾਜ' ਨਹੀਂ ਮੰਨਿਆ ਗਿਆ; ਜਿਸ ਬਾਬਤ ਸਿੱਖਾਂ ਦੀ ਜਾਤੀ-ਸਮ੍ਰਿਤੀ (Group-memory) ਵਿਚ ਇਹ ਸ੍ਰੀ ਮੁਖਵਾਕ ਸੁਰੱਖਿਅਤ ਹਨ :

**ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫ਼ੌਜ।**
**ਰਾਜ ਕਰੇਗਾ ਖ਼ਾਲਸਾ ਬਡੀ ਹੋਏਗੀ ਮੌਜ।**

(13) ਸੁਹੇਵੇ ਵਾਲੀ ਸਾਖੀ ਦਾ ਵਿਸਤਰਤ ਰੂਪ ਜਿਹੜਾ ਕਿ ਸਰਦਾਰ ਸਰ ਅਤਰ ਸਿੰਘ ਵਾਲੀ *ਸਾਖੀ ਪੋਥੀ* ਵਿਚ ਦਰਜ ਹੈ ਅਤੇ ਜੋ ਕਿ ਅੰਮ੍ਰਿਤਸਰ ਵਿਚ ਸੰਨ 1950 ਵਿਚ ਛਪੀ ਪੋਥੀ ਵਿਚ ਅੰਤਿਕਾ-1 ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਹੈ, ਉਸ

ਵਿਚ ਇਸ ਸਾਖੀ ਦਾ ਪਿੱਪਲ ਬਾਬਤ ਭਵਿੱਖ ਵਾਕਾਂ ਦਾ ਜੋ ਵਰਣਨ ਹੈ, ਉਹ ਇਸ ਪ੍ਰਕਾਰ ਹੈ :

> "ਫੇਰ ਬਚਨ ਹੋਇਆ ਇਕ ਸਿੱਖ ਨੂੰ : 'ਸਿੱਖੋ ਏਥੇ ਕਿਤੇ ਕਿਤੇ ਬ੍ਰਹਮਾ (ਪਿੱਪਲ) ਭੀ ਹੈ, ਦੇਖੋ ਤਾਂ ਸਿੱਖੋ।' ਸਿੱਖ ਲੱਗੇ ਦੇਖਣ, ਸਾਰੇ ਫਿਰੇ, ਜੰਡਾਂ ਵਿਚ ਕਿਤੇ ਨਜ਼ਰ ਨਾ ਆਇਆ। ਕਹਿਆ : 'ਜੀ, ਸੱਚੇ ਪਾਤਸ਼ਾਹਿ, ਕਿਤੇ ਤਾਂ ਨਜ਼ਰ ਨਾਹੀ ਆਇਆ।' ਤਾਂ ਫੇਰ ਬਚਨ ਹੋਇਆ ਇਕ ਸਿੱਖ ਨੂੰ : 'ਸਿੱਖਾ, ਇਸ ਜੰਡ ਉਪਰ ਚੜ੍ਹ।' ਤਾਂ ਸਿੱਖ ਚੜ੍ਹ ਗਿਆ। ਦੇਖੋ ਤਾਂ ਇਕ ਛੇ ਉਂਗਲ ਕਾ ਪਿੱਪਲ ਖੜਾ ਹੈ। ਕਹਿਆ : 'ਜੀ, ਇਕ ਛੇ ਉਂਗਲ ਕਾ ਪਿੱਪਲ ਖੜਾ ਹੈ।' ਸਿੱਖੋ ਇਹ ਪਿੱਪਲ ਨਾਹੀ, ਇਹ ਤਾਂ ਬ੍ਰਹਮਾ ਹੈ। ਬ੍ਰਹਮੇ ਕਾ ਰੂਪ ਸਭ ਪਿੱਪਲ ਹੈਂਨ। ਪਰ ਏਸ ਮੇ ਬ੍ਰਹਮਾ ਕੀ ਜੋਤ ਬਹੁਤੀ ਹੈ। ਕੈਸੇ ਕਰਕੇ ? ਜੈਸੇ ਔਤਾਰ ਤਾਂ ਸਭੀ ਬਿਸ਼ਨ ਭਗਵਾਨ ਕੇ ਹੂਏ ਹੈਂ ਪਰ ਕਿਸਨਾ ਔਤਾਰ ਹੂਆ ਹੈ, ਉਸ ਮੇ ਬਿਸ਼ਨ ਭਗਵਾਨ ਕੀ ਜੋਤ ਬਹੁਤੀ ਥੀ। ਤੈਸੇ ਕਰਕੇ ਇਸ ਮੈ (ਇਸ ਛੇ ਉਂਗਲੇ ਪਿੱਪਲ ਵਿਚ) ਬ੍ਰਹਮੇ ਕੀ ਜੋਤਿ ਬਹੁਤੀ ਹੈ। ਅਰੁ ਇਹ ਜੰਡ ਰਾਖਸ਼ ਹੈ, ਪਿੱਪਲ ਦੇਵਤਾ ਹੈ। ਇਸ ਰਾਖਸ਼ ਨੂੰ ਦੇਵਤਾ ਅਲੋਪ ਕਰ ਲਵੇਗਾ। ਜਬ ਹਮ ਪੰਜਾਬ ਧਰਤੀ ਮਹਿ ਆਵੇਂਗੇ, (ਭਾਵ, ਅਸਾਡਾ ਤੇਜ ਅਸਾਡੇ 'ਖ਼ਾਸ ਰੂਪ' ਖ਼ਾਲਸੇ ਵਿਚ ਪ੍ਰਚੰਡ ਹੋਵੇਗਾ) ਖ਼ਾਲਸੇ ਕੀ ਤੇਗ਼ ਖੜੀ ਹੋਵੇਗੀ। (ਭਾਵ ਖ਼ਾਲਸੇ ਦੀ ਬਾਲਾਦਸਤੀ, Supremacy ਕਾਇਮ ਹੋਵੇਗੀ) ਪਲੀ ਪਲੀ ਖ਼ਾਲਸੇ ਕਾ ਤੇਜ ਬਧੇਗਾ। ਚਾਰ ਕੂਟ ਮੈ ਹੋਵੇਗਾ ਖਾਲਸਾ।' (ਭਾਵ ਸਿੱਖੀ ਸੰਸਾਰ ਦੇ ਸਭ ਦੇਸ਼ਾਂ ਵਿਚ ਫੈਲੇਗੀ।"

ਇਸ ਸਾਖੀ ਦੀ ਗਦ-ਸ਼ੈਲੀ ਕਿਸੇ ਗ੍ਰਿਹਿਸਤੀ ਸਿੱਖ ਯਾ ਉਦਾਸੀ ਸਾਧੂ ਦੀ ਨਹੀਂ, ਕਿਸੇ ਸੰਸਕ੍ਰਿਤ ਵਿਦਿਆ ਦੇ ਵਾਤਾਵਰਣ ਵਿਚ ਪਲੇ ਹੋਏ, ਨਿਰਮਲ ਸਿੱਖ ਦੀ ਸਪੱਸ਼ਟ ਜਾਪਦੀ ਹੈ। 'ਕੈਸੇ ਕਰਕੇ ?' ਸੰਸਕ੍ਰਿਤ ਗਦ ਦਾ ਆਮ ਮੁਹਾਵਰਾ 'ਕਿੰਮ ?' 'ਅੰਸ਼ ਅਵਤਾਰ'। ਕ੍ਰਿਸ਼ਨ, ਸੋਲਹ ਕਲਾ ਸੰਪੂਰਣ ਅਵਤਾਰ, ਵਿਸ਼ਨੂੰ ਜੀ ਦੇ, ਅਜੇਹੇ ਹੀ ਸੰਕੇਤ ਹਨ। ਪਰ ਇਹ ਸਾਖੀ, ਕੇਵਲ ਸਾਖੀ 111 ਦਾ 'ਵਿਸਤਰਤ ਰੂਪ' ਬਿਲਕੁਲ ਨਹੀਂ ਹੈ, ਜਿਵੇਂ ਕਿ ਭਾਈ ਵੀਰ ਸਿੰਘ ਜੀ ਨੇ ਅਨੁਮਾਨਿਆ ਹੈ। ਇਸ ਅੰਤਿਕਾ-1 ਸਾਖੀ ਵਿਚ ਕੇਵਲ ਜੰਡ ਵਿਚ ਲੱਗੇ ਪਿੱਪਲ ਦਾ ਹੀ ਵਰਣਨ ਵਿਸਤਾਰ ਨਹੀਂ, ਹੋਰ ਤੱਤ ਭੀ ਜੋ ਸੁਹੇਵੇ ਫੇਰਾ ਕਰਨ ਸਮੇਂ ਵਾਪਰੇ, ਇਸ ਅੰਤਿਕਾ-1 ਸਾਖੀ ਦਾ ਅਨਿੱਖੜਵਾਂ ਭਾਗ ਹਨ ਜਿਹਾ ਕਿ ਸਪੋਲੀਏ ਦਾ ਗੁਰੂ ਸਾਹਿਬ ਦੇ ਕਮਰਕੱਸੇ ਵਿੱਚੋਂ ਨਿਕਲਣਾ, ਦੌਲਤਰਾਮ ਦੀ ਸਾਖੀ, ਕੁੜੀਮਾਰ ਸਿੱਖਣੀ, ਡੱਲੇ ਕੀ ਭਾਬੀ ਕਾ ਪ੍ਰਸੰਗ, ਬੂਲਾ ਲਾਲ ਸਿੰਘ ਦੀ ਕਹਾਣੀ, ਡੱਲੇ ਨੂੰ ਦਿੱਲੀ ਦੱਖਣ ਦੀ ਪਾਤਸ਼ਾਹੀ ਬਖ਼ਸ਼ਣ ਦੀ ਪੇਸ਼ਕਸ਼, ਰਾਮਾ ਸਿੰਘ ਤੇ ਤਿਲੋਕਾ ਸਿੰਘ ਨੂੰ ਮਾਲਵੇ ਵਿਚ ਹੀ ਰਾਜ-ਗੱਦੀ ਦੀ ਬਖ਼ਸ਼ਸ਼, ਬਾਣੀਏ ਸ਼ਾਹੂਕਾਰ ਦਾ ਧੋਖਾ ਅਤੇ ਉਸ ਨੂੰ ਸਿੱਖੀ ਦੀ ਦਾਤ, ਇਹ ਸਭ ਗੱਲਾਂ ਜੋ ਸੁਹੇਵੇ ਵਰਤੀਆਂ, ਇਸ ਅੰਤਿਕਾ-1 ਸਾਖੀ ਦਾ ਅਨਿੱਖੜਵਾਂ ਭਾਗ ਹਨ, ਜਿਸ ਤੋਂ ਸਪੱਸ਼ਟ ਹੈ ਕਿ ਇਸ ਸਾਖੀ ਦਾ ਲਿਖਣਹਾਰ ਸਾਖੀ 111 ਦਾ ਵਿਸਤਾਰ ਉੱਕਾ ਨਹੀਂ ਕਰ ਰਿਹਾ, ਇਸ ਸੁਤੰਤਰ ਸਾਖੀ 111 ਨੂੰ ਸਾਹਮਣੇ ਰੱਖ ਕੇ ਇਹ ਗਾਥਾ ਲਿਖ ਰਿਹਾ ਹੈ, ਡਿੱਠੀ ਯਾ ਸੁਣੀ। ਭਾਈ ਵੀਰ ਸਿੰਘ ਜੀ ਨੇ ਇਸ ਅੰਤਿਕਾ-1 ਸਾਖੀ ਨੂੰ 'ਅਟਪਟੀ' ਤੇ 'ਆਖੇਪਕ' ਆਖਿਆ ਹੈ।

ਇਸ ਦਲੀਲ ਦੇ ਆਧਾਰ 'ਤੇ ਕਿ ਇਸ ਅੰਤਿਕਾ-ਸਾਖੀ ਦੀ ਗੱਦ-ਸ਼ੈਲੀ ਵੱਖਰੀ ਹੈ ਅਤੇ ਮਹਾਂਕਵੀ ਸੰਤੋਖ ਸਿੰਘ ਨੇ ਇਸ ਸਾਖੀ ਨੂੰ ਆਪਣੇ ਗ੍ਰੰਥ ਵਿਚ ਨਹੀਂ ਉਲਥਾਇਆ, ਇਹ ਦੋਵੇਂ ਦਲੀਲਾਂ ਤਾਂ ਕੇਵਲ ਇਹੋ ਸਿੱਧ ਕਰਦੀਆਂ ਹਨ ਕਿ 'ਅੰਤਿਕਾ ਸਾਖੀ' ਦਾ

ਲਿਖਣਹਾਰ ਕੋਈ ਸਵਤੰਤਰ ਲਿਖਾਰੀ ਹੈ ਅਤੇ ਮਹਾਂਕਵੀ ਸੰਤੋਖ ਸਿੰਘ ਨੂੰ ਜਿਹੜਾ *ਸਾਖੀ ਪੋਥੀ* ਦਾ ਖਰੜਾ ਪ੍ਰਾਪਤ ਹੋਇਆ, ਉਹ ਖਰੜਾ ਵੱਖਰਾ ਹੈ ਅਤੇ ਦੋ 'ਅੰਤਿਕਾ ਸਾਖੀਆਂ' ਜਿਹੜੀਆਂ ਸਰਦਾਰ ਸਰ ਅਤਰ ਸਿੰਘ ਦੇ ਪੁਸਤਕ-ਸੰਗ੍ਰਹਿ ਵਾਲੇ ਖਰੜੇ ਵਿਚ ਦਰਜ ਹਨ, ਉਹ ਕਿਸੇ ਹੋਰ, ਵੱਖਰੇ, ਸਵਤੰਤਰ ਲਿਖਾਰੀ ਦੇ ਕਿਸੇ ਖਰੜੇ ਦੇ ਪੱਤਰੇ ਹਨ ਜਿਹੜਾ ਸਵਤੰਤਰ ਖਰੜਾ ਕਿ ਹੁਣ ਅਲੋਪ ਹੋ ਚੁੱਕਾ ਹੈ। 'ਆਖੇਪਕ' ਐਵੇਂ 'ਝੂਠੀਆਂ ਮੂਠੀਆਂ' 'ਮਨੋ-ਕਲਪਤ' 'ਪਿੱਛੋਂ ਘੜ ਲਈਆਂ ਗਈਆਂ' ਦੇ ਅਰਥਾਂ ਵਿਚ ਇਨ੍ਹਾਂ ਸਾਖੀਆਂ ਨੂੰ 'ਆਖੇਪਕ' ਕਹਿਣਾ ਭੁੱਲ ਹੈ। ਬਾਕੀ ਰਹੀ, ਇਨ੍ਹਾਂ 'ਅੰਤਿਕਾ' ਸਾਖੀਆਂ ਦੇ 'ਅਟਪਟੇ' ਹੋਣ ਦੀ ਗੱਲ, ਇਸ ਉੱਤੇ ਬਹਿਸ ਅਸੀਂ ਇਥੇ ਕਰਨਾ ਉਚਿਤ ਨਹੀਂ ਸਮਝਦੇ।

(14) ਮਹਾਂਕਵੀ ਸੰਤੋਖ ਸਿੰਘ ਨੇ ਜੋ ਰੂਪ ਇਸ ਸੁਹੇਵੇ ਵਾਲੇ ਜੰਡ-ਪਿੱਪਲ ਦੀ ਸਾਖੀ ਦਾ ਦਿੱਤਾ ਹੈ, ਉਹ ਇਸ ਪ੍ਰਕਾਰ ਹੈ :

> ਸ੍ਰੀ ਪ੍ਰਭੁ ਆਗੈ ਪੰਥ ਪਿਆਨੈਂ। ਤਿਸ ਨਿਤ ਸ੍ਰਮਤ ਸਾਥ ਕੇ ਜਾਨੈ।
> ਅਲਪ ਮਜਲ ਕਰ ਉਤਰੇ ਜਾਇ। ਸਪਤ ਕੋਸ ਪਰ ਗ੍ਰਾਮ ਜੋ ਆਇ।
> ਨਾਮ ਸੁਹੇਵਾ ਤਿਸੁ ਕੋ ਜਾਨਿ। ਉਤਰਯੋ ਡੇਰਾ ਸਭ ਹੂੰ ਆਨਿ।
>
> ..... ..... ..... .....
>
> ਤਹਾਂ ਜੰਡ ਇਕ ਸਨਮੁਖ ਖਰਯੋ। ਤਿਸ ਮਹਿਂ ਚਲਦਲ ਇਕ ਲਗ ਪਰਯੋ।
> ਅਵਿਲੋਕਤ ਪ੍ਰਭੁ ਬਾਕ ਬਖਾਨਾ। ਇਹ ਜਬਿ ਚਲਦਲ ਵਧਹਿ ਮਹਾਨਾ।
> ਤਰੈ ਜੰਡ ਕੋ ਲੇਇ ਦਬਾਈ। ਸਭਿ ਦਿਸਿ ਤੇ ਊਪਰ ਲੈ ਛਾਈ।
> ਤਬਹਿ ਖਾਲਸਾ ਵਧਹਿ ਹਮਾਰਾ। ਅਵਨੀ ਲੇ ਦਿੱਲੀ ਕੋ ਮਾਰਾ।
> ਸੁਨਿਤ ਖਾਲਸੇ ਟੇਕਿਓ ਮਾਥਾ। ਧੰਨ ਧੰਨ ਤੁਮ ਸ੍ਰੀ ਗੁਰ ਨਾਥਾ।
>
> *(III—੧.੩੫, ੪੪-੪੫)*

ਭਾਈ ਵੀਰ ਸਿੰਘ ਦੇ ਸੰਪਾਦਤ ਅਤੇ ਛਾਪੇ ਹੋਏ *ਗੁਰ ਪ੍ਰਤਾਪ ਸੂਰਜ* ਗ੍ਰੰਥ ਵਿਚ ਇਸ ਟੂਕ ਦੀ ਆਖ਼ਰੀ ਤੋਂ ਪਹਿਲੀ ਤੁਕ ਇਉਂ ਦਿੱਤੀ ਹੈ :

> ਗੁਡਲੀ ਚਲਹਿ ਤੁਰਕ ਕੋ ਮਾਰਾ।

ਅਤੇ ਇਸ ਦੇ ਅਰਥ ਇਹ ਕੀਤੇ ਹਨ : "ਅਜੇ ਤਾਂ ਖ਼ਾਲਸਾ ਰਿੜ੍ਹਦਾ ਹੈ, ਭਾਵ, ਬੱਚਾ ਹੈ, (ਤਦੋਂ ਜਵਾਨ ਹੋ ਕੇ) ਤੁਰਕਾਂ ਨੂੰ ਮਾਰ ਲਵੇਗਾ।"

ਇਹ ਅਰਥ ਤੇ ਤੁਕ ਉੱਕਾ ਅਯੋਗ ਹਨ ਤੇ ਕਿਵੇਂ ਭੀ ਮੰਨਣਯੋਗ ਨਹੀਂ। ਜੇ "ਗੁਡਲੀ ਚਲਹਿ ਤੁਰਕ ਕੋ ਮਾਰਾ" ਦਾ ਸਿੱਧਾ ਗਦ-ਰੂਪ ਉਲਟਾਈਏ, ਤਦ ਇਸ ਤੁਕ ਦਾ ਰੂਪ ਇਹ ਬਣੇਗਾ : '(ਜਦ ਮੇਰਾ ਖ਼ਾਲਸਾ) ਤੁਰਕਾਂ ਨੂੰ ਮਾਰ ਲਵੇਗਾ, ਅਰਥਾਤ, ਤੁਰਕਾਂ ਨੂੰ ਪ੍ਰਾਜਯ ਕਰ ਲਵੇਗਾ, ਤਦ ਉਹ ਗੋਡਿਆਂ ਭਾਰ ਹੋ ਕੇ ਚੱਲੇਗਾ।' ਭਾਵ ਇਹ ਹੋਇਆ ਕਿ ਗੁਰੂ ਸਾਹਿਬ ਕਹਿ ਰਹੇ ਹਨ ਕਿ ਮੇਰਾ ਖ਼ਾਲਸਾ ਅੱਜ ਤੋਂ ਤਿੰਨ ਕੁ ਸੌ ਸਾਲ ਪਿੱਛੋਂ, ਤੁਰਕਾਂ ਨੂੰ ਪ੍ਰਾਜਯ ਕਰ ਲਵੇਗਾ ਪਰ ਵਿਜਈ ਹੋ ਕੇ, ਗੋਡਿਆਂ ਭਾਰ ਰਿੜ੍ਹੇਗਾ। ਵਿਜਈ ਗਰਦਨ ਅਕੜਾ ਕੇ, ਛਾਤੀ ਕੱਢ ਕੇ ਚੱਲਦੇ ਹਨ ਕਿ ਹਾਰੇ ਹੋਏ ਗ਼ੁਲਾਮਾਂ ਵਾਂਗੂੰ ਗੋਡਿਆਂ ਭਾਰ ਹੋ ਕੇ ਹਾਰੇ ਹੋਏ ਸ਼ੱਤਰੂ ਨੂੰ ਕੁਰਨੁਸ਼ ਕਰਦੇ ਅਥਵਾ ਸਲਾਮੀ ਦਿੰਦੇ ਹਨ ? ਹੋਰ, ਨਾਦੇੜ ਵਿਚ ਸਾਹਿਬ ਦਸਮ ਪਾਤਸ਼ਾਹ ਦੇ ਅੰਤਮ ਸਮੇਂ ਦੇ ਬਚਨ ਹਨ : "ਹੁਣ ਖ਼ਾਲਸਾ ਨੌ ਸਾਲ ਦਾ ਹੋ ਗਿਆ ਹੈ, ਬਾਲਗ਼ ਹੈ।' ਬੰਦਾ ਸਿੰਘ ਬਹਾਦਰ ਨੂੰ ਪੰਜਾਬ ਤੋਰਨ ਵੇਲੇ ਆਦੇਸ਼ ਸੀ ਕਿ ਤੁਰਕਾਂ ਦੀ ਪਾਤਸ਼ਾਹੀ ਖ਼ਤਮ ਕਰ ਦਿਉ, ਇਹੋ ਭਾਣਾ ਅਦ੍ਰਿਸ਼ਟ ਵਿਚ ਨਿਸਚੇ ਹੋ ਚੁੱਕਾ ਹੈ, "ਇਨਹੁ ਤੇਜ ਛਿਨ ਮੇ ਹੋਇ ਹਾਨਾ, ਨੀਠ ਨੀਠ ਇਨ ਕੀ ਗੁਜਰਾਨਾ।" ਇਹ ਸਪੱਸ਼ਟ

ਤੌਰ ਉੱਤੇ ਝੂਠੇ ਬਚਨ ਗੁਰੂ ਸਾਹਿਬ, ਸ੍ਰੀ ਮੁਖ ਵਾਕ ਤੋਂ ਕਿਵੇਂ ਕਹਿ ਸਕਦੇ ਹਨ ਕਿ ਅਜੇ ਦੋ ਤਿੰਨ ਸੌ ਸਾਲ ਹੋਰ ਖ਼ਾਲਸਾ ਗੋਡਿਆਂ ਭਾਰ ਰਿੜ੍ਹਨ ਵਾਲਾ ਬੱਚਾ ਹੀ ਰਹੇਗਾ ਅਤੇ ਇੱਕੀਵੀਂ ਸਦੀ ਵਿਚ ਕਿਤੇ ਤੁਰਕਾਂ ਨੂੰ ਮਾਰਨ ਦੇ ਯੋਗ ਹੋਵੇਗਾ। ਭਾਈ ਵੀਰ ਸਿੰਘ ਜੀ ਸੰਪਾਦਤ ਕੀਤੇ ਅਤੇ ਛਾਪੇ ਹੋਏ ਇਸ ਗ੍ਰੰਥ ਤੋਂ ਅਗਰ ਅਸਾਂ ਦੋ ਚਾਰ ਹੱਥ ਲਿਖਤ ਨੁਸਖ਼ੇ *ਗੁਰ ਪ੍ਰਤਾਪ ਸੂਰਜ* ਦੇ ਦੇਖੇ, ਸਭ ਵਿਚ ਇਹ ਦਰਜ ਹੈ: 'ਗੁਡਲੀ ਲੇ ਦਿੱਲੀ ਕੋ ਮਾਰਾ', (ਦਿੱਲੀ ਨੂੰ ਤਾਂ ਖ਼ਾਲਸਾ ਉਸ ਭਵਿੱਖ ਵਿਚ ਆਉਣ ਵਾਲੇ ਸਮੇਂ ਗੋਡਿਆਂ ਭਾਰ ਰਿੜ੍ਹ ਕੇ ਹੀ, ਅਰਥਾਤ ਸੁਖੈਨ ਹੀ ਮਾਰ ਲਵੇਗਾ) ਅਤੇ ਕੁਝ ਨੁਸਖ਼ਿਆਂ ਵਿਚ ਇਹ ਦਰਜ ਹੈ: 'ਅਵਨੀ ਲੇ ਦਿੱਲੀ ਕੋ ਮਾਰਾ' (ਪਹਿਲਾਂ ਖ਼ਾਲਸੇ ਦਾ ਰਾਜ ਆਪਣੀ ਪਿਤਰੀ-ਭੂਮੀ ਵਿਚ ਨਿੱਜ-ਪ੍ਰਭੂਸਤਾ ਸਥਾਪਤ ਕਰੇਗਾ, ਫੇਰ ਖ਼ਾਲਸਾ ਦਿੱਲੀ ਸਮਰਾਟ ਦੀ ਪਦਵੀ ਪ੍ਰਾਪਤ ਕਰ ਕੇ ਸਾਰੇ ਹਿੰਦੁਸਤਾਨ ਵਿਚ ਆਪਣੇ ਬੋਲਬਾਲੇ ਕਾਇਮ ਕਰੇਗਾ।) ਦਿੱਲੀ-ਵਿਜਯ ਦੀ ਭਵਿੱਖ-ਬਾਣੀ ਕਰਨ ਵੇਲੇ ਸਾਹਿਬ ਦਸਮ ਪਾਤਸ਼ਾਹ ਨੂੰ ਉਹ ਭੈ ਯਾ ਸੰਕੋਚ ਨਹੀਂ ਸੀ ਹੋ ਸਕਦਾ ਜੋ ਅਸਾਡੇ ਮਨਾਂ ਉੱਤੇ ਅੱਜ ਕੁਦਰਤੀ ਤੌਰ 'ਤੇ ਛਾਇਆ ਹੋਇਆ ਹੈ।

(15) ***ਸਾਖੀ ਪੋਥੀ*** ਪੜ੍ਹਨ ਉਪ੍ਰੰਤ ਅੱਜ ਕੱਲ ਦੇ ਪਾਠਕਾਂ ਦੇ ਮਨਾਂ ਵਿਚ ਕਈ ਪ੍ਰਕਾਰ ਦੇ ਸੰਸੇ ਉਤਪੰਨ ਹੋਣੇ ਕੁਦਰਤੀ ਹਨ ਕਿ ਇਸ ਵਿਚ ਕਥਿਤ ਤੱਥ ਤੇ ਬਚਨ ਐਵੇਂ 'ਪੁਰਾਣਕ ਗਪੌੜੇ' 'ਮੱਧਕਾਲੀਨ ਗ਼ੈਰ ਸਾਇੰਸੀ' (un-scientific) ਅੰਧ-ਵਿਸ਼ਵਾਸੀ ਵਿਚਾਰਧਾਰਾ ਤੇ ਮਨੌਤਾਂ ਹਨ, ਜਿਸ ਕਾਰਨ ਇਨ੍ਹਾਂ ਸਾਖੀਆਂ ਨੂੰ ਸੰਜੀਦਗੀ ਨਾਲ ਕਬੂਲ ਕਰਨਾ ਅਸੰਭਵ ਹੈ। ਇਹ ਬਿਰਤੀ ਅਸਾਡੇ ਅੱਜ ਕੱਲ ਦੇ 'ਖੋਜੀ' ਪ੍ਰੋਫ਼ੈਸਰ ਸ਼੍ਰੇਣੀ ਦੇ ਵਿਦਵਾਨਾਂ ਦੀ ਅਤੇ ਮਾਰਕਸੀ ਭੌਤਿਕਵਾਦ ਦੇ ਡੰਗੇ ਹੋਏ ਬੁੱਧੀ-ਜੀਵੀਆਂ ਦੀ ਪੱਕੀ ਬਣ ਚੁੱਕੀ ਹੈ। ਪਰ ਇਸ ਵਿਚਾਰਧਾਰਾ ਨੂੰ ਕੱਤਈ ਤੇ ਅੰਤਮ ਕਸੌਟੀ ਤੱਤ-ਗਿਆਨ ਦੀ ਮੰਨਣਾ ਅਗਿਆਨ ਆਸ਼੍ਰਿਤ ਭੀ ਹੈ ਅਤੇ ਥੋਥਾ ਹੱਠ ਭੀ। ਸਾਰੇ ਯੂਰਪ ਵਿਚ ਅਤੇ ਰੂਸ ਵਿਚ ਭੀ, ਉੱਚਤਮ ਬੁੱਧੀਜੀਵੀ, ਸਿਖਰ ਦੇ ਸਾਇੰਸਦਾਨ ਤੇ ਚਿੰਤਕ ਉਸ ਥੋਥੇ ਬੁੱਧੀਵਾਦ (rationalism) ਨੂੰ ਕੱਤਈ ਕਸੌਟੀ, ਤੱਤ ਸੱਤ ਦੀ ਨਹੀਂ ਮੰਨਦੇ, ਜਿਸ ਨੇ ਕਿ ਅਠਾਰ੍ਹਵੀਂ ਸਦੀ ਦੇ ਉਤਰਾਰਧ ਤੋਂ ਉੱਨੀਵੀਂ ਸਦੀ ਦੇ ਅੰਤ ਤਕ ਬੁੱਧੀਜੀਵੀਆਂ (intellectuals) ਨੂੰ ਔਝੜ ਪਾਈ ਰੱਖਿਆ ਸੀ। ਇਸ ਵਿਸ਼ੇ ਉੱਤੇ ਕੋਈ ਲੰਮੇਰੀ ਚਰਚਾ ਛੇੜਨ ਦਾ ਇਹ ਸਮਾਂ-ਸਥਾਨ ਹੈ ਨਹੀਂ, ਪਰ ਜੋ ਸੰਸਾਰ ਭਰ ਦੇ ਸਿਖਰ ਦੇ ਸਾਇੰਸਦਾਨਾਂ ਅਤੇ ਚਿੰਤਕਾਂ ਦੇ ਆਧੁਨਿਕ ਵਿਚਾਰਾਂ ਨਾਲ ਪ੍ਰੀਚਤ ਹਨ, ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਭੌਤਿਕਵਾਦ ਤੇ ਬੁੱਧੀਵਾਦ ਦੋਵੇਂ ਆਪਣੇ ਹੱਥੀਂ ਆਪ ਹੀ ਖ਼ੁਦਕਸ਼ੀ ਕਰ ਚੁੱਕੇ ਹਨ ਅਤੇ *ਸਾਖੀ ਪੋਥੀ* ਵਿਚ ਜਿਹੜੀਆਂ ਗੱਲਾਂ ਅਸਾਡੇ ਬਹੁਤ ਸਾਰੇ ਵਿਦਵਾਨਾਂ ਨੂੰ ਐਵੇਂ 'ਗਪੌੜੇ' ਅਤੇ ਨਾ-ਮੰਨਣ ਯੋਗ ਯਬਲੀਆਂ ਹੀ ਲੱਗ ਸਕਦੀਆਂ ਹਨ, ਉਹ ਅੱਜ ਕੱਲ ਦੇ ਉੱਚਤਮ ਕੋਟੀ ਦੇ ਚਿੰਤਕ ਬੜੀ ਦਿਲਚਸਪੀ ਤੇ ਨੀਝ ਨਾਲ ਪੜ੍ਹਦੇ ਤੇ ਵਿਚਾਰਦੇ ਹਨ ਅਤੇ ਸੰਜੀਦਗੀ ਨਾਲ ਇਨ੍ਹਾਂ ਨੂੰ ਗੂੜ੍ਹ-ਗਿਆਨ-ਵਿਗਿਆਨ ਪ੍ਰਦਰਸ਼ਕ ਸਮਝਦੇ ਹਨ। ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਕੇਵਲ ਇਕ ਦ੍ਰਿਸ਼ਟਾਂਤ *ਸਾਖੀ ਪੋਥੀ* ਵਿੱਚੋਂ ਲੈ ਕੇ ਉਸ ਦੀ ਤੁਲਨਾ ਇਕ ਹੋਰ, ਤਿੱਬਤ ਦੇਸ਼ ਵਿਚ ਵਾਪਰੀ ਘਟਨਾ ਨਾਲ ਕੀਤੀ ਜਾਂਦੀ ਹੈ, ਜਿਸ ਤਿੱਬਤ ਵਿਚ ਵਾਪਰੀ ਘਟਨਾ ਨੂੰ ਕਿ ਆਕਸਫ਼ੋਰਡ ਵਿਸ਼ਵਵਿਦਿਆਲੇ ਆਦਿ ਦੇ ਮਹਾਨ ਵਿਦਵਾਨ ਸੰਜੀਦਗੀ ਨਾਲ ਵਾਚ ਕੇ ਸਮਝਣ ਦਾ ਯਤਨ ਕਰ ਰਹੇ ਹਨ। *ਸਾਖੀ ਪੋਥੀ* ਦੀ ਸਾਖੀ 110 'ਨੌਹਰ ਡੇਰਾ' ਇਸ ਪ੍ਰਕਾਰ ਹੈ:

"ਚੜ੍ਹੇ ਗੁਰੂ ਜੀ, ਅੱਗੇ ਡੇਰਾ ਬਾਗ੍ਰੀਂ ਨੌ ਕੋਹੀਂਹਰ ਕੀਤਾ।.....ਵੱਡਾ ਉੱਚਾ ਚਬੂਤਰਾ ਸੀ। ਗੁਰੂ ਜੀ ਘੋੜੇ ਸਮੇਤ ਪੌੜੀਏ ਪੌੜੀਏ ਸਿਖਰ ਚਬੂਤਰੇ ਕੇ ਚੜ੍ਹ ਗਏ। ਓਥੇ ਮਹਿਲ ਕੇ ਕਬੂਤਰ ਸੇ ਬਹੁਤ। ਇਕ ਸਿਖ ਸੁਰਾਹੀਦਾਰ ਹੇਠੋਂ ਭੰਨਾਂ ਆਇਆ ਗੁਰੂ ਕੇ ਪਾਸ ਨੂੰ। ਸਿੱਖ ਕੇ ਪੈਰਾਂ ਹੇਠ ਆਇਕੇ ਇਕ ਕਬੂਤਰ ਮਰਿ ਗਿਆ। ਜਿਹੜੇ ਬੈਠੇ ਸੇ ਚਬੂਤਰੇ ਉਪਰ, ਓਨੀ ਗੁੱਸਾ ਮੰਨਿਆ, ਕਹਿੰਦੇ, 'ਸਿੱਖ ਨੇ ਕਬੂਤਰ ਮਾਰ ਦੀਆ।' ਗੁਰੂ ਜੀ ਕਹਿੰਦੇ, 'ਕਿਆ ਹੋਇਆ ਸਭਨੀਂ ਹੀ ਮਰ ਜਾਣਾ ਹੈ।' ਓਇ ਕਹਿੰਦੇ, 'ਸਭ ਹੀ ਮਾਰ ਦੇਹੁ।' ਗੁਰੂ ਜੀ ਕਹਿੰਦੇ, 'ਸਭ ਹੀ ਮਰ ਜਾਣਗੇ।' ਕਬੂਤਰ ਲੱਗੇ ਮਹਿਲ ਉਤਿਓਂ ਮਰ ਮਰ ਡਿੱਗਣ। ਹਜ਼ਾਰਾਂ ਕਬੂਤਰ ਸਨ, ਮਰ ਗਏ। ਓਨੀ ਲੋਕੀਂ ਕਹਿਆ, 'ਗੁਰੂ ਜੀ, ਇਨ੍ਹਾਂ ਕੋ ਜੀਵਾਵੋ ਜੀ।' ਗੁਰੂ ਜੀ ਕਹਿੰਦੇ, 'ਚੋਗ ਪਾਵੋ, ਜੀਵਨਗੇ।' ਓਨੀ ਚੋਗ ਪਾਈ ਮੋਠਾਂ ਕੀ। ਸਭਨੀ ਚੁਗੀ। ਜਿਹੜਾ ਸਿੱਖ ਥੋਂ ਮੁਇਆ ਸੀ, ਉਹ ਨਾ ਜੀਵਿਆ, ਸਿੱਖ ਨੇ ਕਿਹਾ, 'ਜੀ, ਏਹੁ ਭੀ ਜੀਵਾਈਏ ਜੀ।' ਗੁਰੂ ਜੀ ਕਹਿੰਦੇ, 'ਏਸ ਨੂੰ ਚੋਗ ਪਾਓ, ਜੀਵੇਗਾ।' ਉਹ ਭੀ ਜੀਵਿਆ। ਗੁਰੂ ਜੀ ਨੌਹਰ ਡੇਰਾ ਕੀਤਾ ਤਾਲ ਕੇ ਬੀਚ, ਛੀਨ ਤਲਾਈ।"

(16) ਤਿੱਬਤ ਦੇਸ਼ ਵਿਚ ਲਗਭਗ ਗੁਰੂ ਨਾਨਕ ਸਾਹਿਬ ਦਾ ਸਮਕਾਲੀ, ਇਕ ਮਹਾਨ ਯੋਗੀ ਹੋਇਆ ਹੈ, ਜੋ ਕਿ ਅੰਤ ਨੂੰ ਬੌਧ-ਮਤ ਦੀ ਉੱਚਤਮ ਟੀਸੀ, 'ਪ੍ਰਤੇਕ ਬੁੱਧ' ਉੱਤੇ ਪੁੱਜ ਕੇ ਨਿਰਵਾਣ-ਗਤੀ ਨੂੰ ਪ੍ਰਾਪਤ ਹੋਇਆ ਸੀ। ਇਸ ਦੀ ਜੀਵਨ-ਕਥਾ, ਇਸ ਸਿੱਧ ਯੋਗੀ ਦੇ ਇਕ ਸ਼ਿਸ਼ਯ, 'ਰੇਚੂੰ' (Rechung) ਨੇ ਲਿਖੀ ਹੈ, ਆਪਣੇ ਗੁਰੂ ਕੋਲੋਂ ਆਪ ਇਹ ਕਥਾ ਸੁਣ ਕੇ। ਇਸ ਯੋਗੀ ਦਾ ਨਾਮ ਮੀ-ਲਾ-ਰੇ-ਪਾ,[1] (ਮਿਲਰੇਪ) ਜਗਤ-ਪ੍ਰਸਿੱਧ ਹੈ ਅਤੇ ਇਸ ਦਾ ਪਹਿਲਾ, ਜਨਮ ਦਾ ਨਾਮ, 'ਜੇਤ-ਸੂਨ' ਸੀ। ਇਹ ਜਨਮ ਸਾਖੀ ਮੀ-ਲਾ-ਰੇ-ਪਾ ਦੀ, ਗੁਰੂ ਨਾਨਕ ਸਾਹਿਬ ਦੀ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਤੁੱਲ ਹੈ ਅਤੇ ਸੰਨ 1928 ਵਿਚ, ਇਹ ਤਿੱਬਤੀ ਯੋਗੀ ਦੀ ਜਨਮ ਸਾਖੀ, ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ, ਲੰਡਨ ਵਿਚ, ਪਹਿਲੀ ਵਾਰ ਮਹਾਯਾਨੀ ਬੁੱਧ-ਧਰਮ ਦੇ ਧੁਰੰਧਰ ਵਿਦਵਾਨ, ਡਾਕਟਰ ਏਵਨਸ ਵੇਂਟਸ (W.Y. Evans-Wentz, M.A., D. Litt.) ਦੀ ਤਰਜੁਮਾਈ ਹੋਈ ਛਪੀ ਸੀ। ਹੁਣ ਤਕ ਇਸ ਦੇ ਕਈ ਐਡੀਸ਼ਨ ਛਪ ਚੁੱਕੇ ਹਨ। ਇਹ ਯੋਗੀ ਪਹਿਲਾਂ ਮੰਤ੍ਰ-ਸਿੱਧੀਆਂ ਵਿਚ ਨਿਪੁੰਨ ਹੋ ਗਿਆ ਸੀ ਅਤੇ ਸ਼ੁਕਲ-ਯੋਗ (Black Magic) ਦਾ ਮਹਾਂਸਿੱਧ ਹੋ ਗਿਆ ਸੀ। ਫੇਰ ਇਸ ਨੇ ਸ਼ੁਕਲ-ਯੋਗ, ਬ੍ਰਹਮ-ਗਿਆਨ ਪ੍ਰਾਪਤੀ ਲਈ ਮਹਾਨ ਤਪ ਕੀਤੇ, ਵੱਡੀਆਂ ਘਾਲਾਂ ਘਾਲੀਆਂ ਅਤੇ ਅੰਤ ਨੂੰ ਸਰਵ-ਸ੍ਰੇਸ਼ਟ ਪਦ, ਪ੍ਰਤੇਕ-ਬੁੱਧ-ਸਥਾਨ ਨੂੰ ਪੁੱਜਾ। ਸ਼ੁਕਲ-ਯੋਗ ਦੇ ਸਾਧਨਾਂ ਦੀ ਸਿੱਧੀ ਪ੍ਰਾਪਤ ਕਰਨ ਲਈ, ਉਹ ਆਪਣੇ ਸਮੇਂ ਦੇ ਮਹਾਨ ਵਿਦਵਾਨ ਗੋਹਯ-ਵਿਦਿਆ-ਨਿਪੁੰਨ ਪੰਡਿਤ, 'ਮਾਰਪਾ' ਜਿਸ ਦੀ ਉਪਾਧੀ 'ਉਲਥਾਕਾਰ' ਸੀ, ਕਿਉਂਜੁ ਉਸ ਨੇ ਅਨੇਕਾਂ ਮਹਾਯਾਨ ਧਰਮ ਦੇ ਸੰਸਕ੍ਰਿਤ ਗ੍ਰੰਥ, ਹਿੰਦੁਸਤਾਨੋਂ ਲੈ ਜਾ ਕੇ ਤਿੱਬਤੀ ਭਾਸ਼ਾ ਵਿਚ ਉਲਥਾਏ ਸਨ, ਦੀ ਸ਼ਰਨ ਆਇਆ। ਪਰ 'ਮਾਰਪਾ' ਨੇ ਮੀ-ਲਾ-ਰੇ-ਪਾ ਨੂੰ ਗੋਹਯ ਕਰਣ-ਮੰਤ੍ਰ ਦੇਣ ਤੋਂ ਪਹਿਲਾਂ ਅਨੇਕਾਂ ਕਠਨ ਇਮਤਿਹਾਨਾਂ ਵਿਚ ਪਾਇਆ, ਜਿਸ ਕਾਰਨ, ਮਾਯੂਸ ਤੇ ਅਧੀਰ ਹੋ ਕੇ, ਮੀ-ਲਾ-ਰੇ-ਪਾ ਦਾ ਇਕ ਹੋਰ ਸਿੱਧ ਯੋਗੀ, 'ਅੰਗ-ਗੋਗ-ਦੁਨ' ਨਾਮੀ ਦੇ ਚਰਨਾਂ ਵਿਚ

1. *Tibet's Great Yogi Milarepa : A Biography from the Tibetan, being the Jetsun-Kahbum*, by W.Y. Evans-Wentz M.A., D.Litt., B.Sc., Jesus College, Oxford, first published by Oxford University Press, London, 1928. Second Edition, 1951, Issued as Oxford University Press Paper back, 1969, Printed in U.S.A. 1973.

ਹਾਜ਼ਰ ਹੋਣ ਦਾ ਅਵਸਰ ਬਣ ਗਿਆ। ਹੁਣ ਉਸ ਸਾਖੀ ਦਾ ਆਰੰਭ ਹੁੰਦਾ ਹੈ, ਜਿਸ ਦੀ ਤੁਲਨਾ ਅਸੀਂ *ਸਾਖੀ ਪੋਥੀ* ਦੀ ਸਾਖੀ '110' ਨੌਹਰ ਗ੍ਰਾਮ ਵਿਚ ਮੋਏ ਕਬੂਤਰ ਪੁਨਰ ਜੀਵਤ ਕਰਨ ਨਾਲ, ਕਰਨਾ ਚਾਹੁੰਦੇ ਹਾਂ:

" 'ਅੰਗ-ਗੋਗ-ਦੁਨ' ਮਹਾਂਸਿੱਧ ਨੇ ਮੀ-ਲਾ-ਰੇ-ਪਾ ਨੂੰ ਕਿਹਾ ਕਿ ਉਹ ਆਪ ਹੀ ਉਸ ਨੂੰ ਬੁਲਾ ਭੇਜਣ ਬਾਬਤ ਵਿਚਾਰ ਕਰ ਰਿਹਾ ਸੀ, ਕਿਉਂਜੁ 'ਮੇਰੇ ਬਹੁਤ ਸਾਰੇ ਸ਼ਿਸ਼ਯ 'ਖਮ' 'ਤਾਗਪੋ', 'ਕੋਂਗਪੋ' ਅਤੇ 'ਯਰਲਿੰਗ' ਦੇ ਇਲਾਕੇ ਵਿਚੋਂ ਆਏ ਹਨ, ਪਰ ਰਾਹ ਵਿਚ 'ਯੋਪੋ', 'ਦੋਸੋ' ਤੇ 'ਦੋਲ' ਦੇ ਧਾੜਵੀਆਂ ਨੇ ਮੇਰੇ ਚੇਲਿਆਂ ਦੇ ਸਾਰੇ ਵਸਤੂ, ਬਸਤਰ ਅਤੇ ਭੇਟਾ-ਸਾਮੱਗਰੀ ਲੁੱਟ ਲਏ ਹਨ। ਮੇਰਾ ਹੁਣ ਤੈਨੂੰ ਇਹ ਕਹਿਣਾ ਹੈ ਕਿ ਤੂੰ ਆਪਣੀ ਲੌਕਿਕ-ਸਿੱਧੀ ਦੇ ਬਲ ਨਾਲ, ਇਨ੍ਹਾਂ ਬੁਰਛਿਆਂ ਦੇ ਪਿੰਡਾਂ ਤੇ ਖੇਤਾਂ ਉੱਤੇ ਭਾਰੀ ਮਾਤਰਾ ਵਿਚ ਗੜੇ ਵਰ੍ਹਾ ਦੇ। ਜਿਸ ਵੇਲੇ ਤੂੰ ਇਹ ਕੰਮ ਮੁਕਾ ਲਏਂਗਾ, ਮੈਂ ਤੈਨੂੰ ਸ਼ੁਕਲ-ਯੋਗ ਦਾ ਕਰਣ-ਮੰਤ ਸੰਸਕਾਰ ਪ੍ਰਦਾਨ ਕਰ ਦਿਆਂਗਾ, ਜੋ ਕਿ ਤੇਰੀ ਇੱਛਾ ਹੈ।' ਮੈਂ (ਮੀ-ਲਾ-ਰੇ-ਪਾ) ਨੇ ਉਸ ਸਮੇਂ ਉਸ ਵੇਲੇ ਨੂੰ, ਮਨ ਵਿਚ ਹੀ, ਬਹੁਤ ਧਿਕਾਰ ਪਾਈ, ਜਦੋਂ ਮੈਂ ਲੌਕਿਕ-ਸਿੱਧੀਆਂ ਪ੍ਰਾਪਤ ਕਰਨ ਲਈ ਤਤਪਰ ਹੋਇਆ ਸੀ, ਜਿਸ ਕਾਰਨ ਹੁਣ ਮੈਨੂੰ ਹੋਰਨਾਂ ਕੋਲੋਂ ਬਦਲਾ ਲੈਣ ਲਈ ਵਰਤਿਆ ਜਾ ਰਿਹਾ ਹੈ। ਮੈਂ ਇਥੇ ਸ਼ੁਕਲ-ਯੋਗ ਕਲਿਆਣਕਾਰੀ ਬ੍ਰਹਮ-ਵਿਦਿਆ ਪ੍ਰਾਪਤੀ ਲਈ ਆਇਆ ਸੀ, ਪਰ ਇਥੇ ਭੀ ਮੈਨੂੰ ਹਿੰਸਕ ਤੇ ਪਾਪ-ਕਰਮ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਜੇ ਮੈਂ ਇਨਕਾਰ ਕਰਦਾ ਹਾਂ ਤਾਂ ਗੁਰੂ ਦੀ ਆਗਿਆ ਭੰਗ ਹੁੰਦੀ ਹੈ—ਯਾ ਜਿਸ ਨੂੰ ਗੁਰੂ ਧਾਰਨ ਕਰਨ ਦਾ ਸੰਕਲਪ ਰੱਖਦਾ ਹਾਂ—ਜਿਹੜਾ ਕਿ ਗੁਰੂ-ਅਵੱਗਿਆ ਸਮ ਹੀ ਬੱਜਰ ਪਾਪ ਹੈ। ਅਤੇ ਇਉਂ ਮੈਂ ਬ੍ਰਹਮ-ਗਿਆਨ-ਪੱਥ ਦੀ ਦੀਖਿਆ ਤੋਂ ਵੀ ਵੰਚਿਤ ਰਹਿ ਜਾਵਾਂਗਾ। ਇਹ ਵਿਚਾਰ ਕੇ ਮੈਂ ਮਨ ਬਣਾ ਲਿਆ ਕਿ ਮੇਰੇ ਲਈ ਆਗਿਆ ਪ੍ਰਦਾਨ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਇਸ ਪ੍ਰਕਾਰ ਆਪਣੀ ਲੌਕਿਕ-ਸਿੱਧੀਆਂ ਦੇ ਯੰਤ੍ਰ-ਸਾਮੱਗਰੀ ਨਾਲ ਲੈ ਕੇ ਮੈਂ ਚੱਲ ਪਿਆ ਅਤੇ ਆਪਣੀ ਮੰਜ਼ਲ ਉੱਤੇ ਪਹੁੰਚ ਕੇ, ਜਿਥੇ ਮੈਂ ਨਿਸਚਿਤ ਕਾਰਾ ਕਰਨਾ ਸੀ, 'ਯੋਪੋ' ਪਰਗਣੇ ਵਿਚ ਇਕ ਬੁੱਢੀ ਦੇ ਘਰ ਜਾ ਡੇਰਾ ਲਾਇਆ। ਜਦੋਂ ਅਜੇ ਗੜੇ ਵਰ੍ਹਨ ਹੀ ਵਾਲੇ ਸਨ ਅਤੇ ਬਿਜਲੀ ਦੀ ਚਮਕ ਤੇ ਘਨਘੋਰ ਅਰੰਭ ਹੋ ਚੁੱਕੀ ਸੀ ਅਤੇ ਗੜੇ ਡਿੱਗਣ ਲੱਗੇ, ਤਦ ਉਹ ਬੁੱਢੀ ਛਾਤੀ ਉੱਤੇ ਦੁਹੱਥੜ ਮਾਰ ਕੇ ਰੋਣ ਕੁਰਲਾਣ ਲੱਗ ਪਈ ਅਤੇ ਇਉਂ ਕਹੀ ਜਾਵੇ, 'ਹਾਏ ਹਾਏ, ਜੇ ਮੇਰਾ ਖੇਤ ਇਨ੍ਹਾਂ ਗੜਿਆਂ ਦੀ ਮਾਰ ਹੇਠ ਆ ਗਿਆ ਤਾਂ ਮੈਂ ਸਾਲ ਭਰ ਪੇਟ ਕਾਹਦੇ ਨਾਲ ਭਰਾਂਗੀ ?' ਇਹ ਵਿਰਲਾਪ ਮੇਰੇ ਲਈ ਅਸਹਿ ਹੋ ਗਿਆ। ਮੈਂ ਇਸ ਬੁੱਢੀ ਨਾਲ ਇਤਨਾ ਧੱਕਾ ਕਰਨ ਦੇ ਅਸਮਰਥ ਸਾਂ, ਆਪਣੇ ਸਿਰ (ਜਾਦੂ ਉਲਟੇ ਪੈਣ ਕਾਰਨ) ਭਾਰੀ ਕਸ਼ਟ ਦਾ ਖ਼ਤਰਾ ਲੈ ਕੇ ਭੀ, ਮੈਂ ਬੁੱਢੀ ਨੂੰ ਕਿਹਾ ਕਿ ਝਟ-ਪਟ, ਭੋਇੰ ਉੱਤੇ, ਆਪਣੇ ਖੇਤ ਦਾ ਨਕਸ਼ਾ ਵਾਹ ਕੇ ਮੈਨੂੰ ਦੱਸੇ ਕਿ ਉਸ ਦੀ ਭੋਇੰ ਕਿਹੜੀ ਹੈ। ਉਸ ਬੁੱਢੀ ਨੇ ਕੁਰਲਾ ਕੇ ਦੱਸਿਆ, 'ਮੇਰਾ ਖੇਤ ਇਸ ਤਰ੍ਹਾਂ ਦਾ ਹੈ' ਅਤੇ ਉਸ ਬੁੱਢੀ ਨੇ ਇਕ ਤਿਕੋਣਾ ਜਿਹਾ ਨਕਸ਼ਾ ਵਾਹ ਦਿੱਤਾ। ਮੈਂ ਉਸੇ ਵੇਲੇ ਉਸ ਤਿਕੋਣ ਉੱਤੇ ਇਕ ਲੋਹ-ਪਰਾਤ ਰੱਖ ਕੇ ਉਸ ਨੂੰ ਢੱਕ ਦਿੱਤਾ ਅਤੇ ਆਪਣੇ ਚਿੱਤ ਦੀ ਇਕਾਗਰ ਬਿਰਤੀ ਵਿਚ ਉਸ ਖੇਤ ਦੀ ਗੜੇਮਾਰੀ ਤੋਂ ਰੱਖਿਆ ਕੀਤੀ। ਸਿੱਟਾ ਇਹ ਹੋਇਆ ਕਿ ਬੁੱਢੀ ਦੇ ਖੇਤ ਦੀ ਤਿਕੋਣ, ਇਕ ਛੋਟੀ ਜਿਹੀ ਨੁੱਕਰ ਤੋਂ ਬਿਨਾਂ, ਜਿਸ ਨੂੰ ਕਿ ਮੈਂ ਲੋਹ-ਪਰਾਤ ਨਾਲ ਢੱਕ ਨਹੀਂ ਸੀ ਸਕਿਆ, ਸਾਰੀ ਦੀ ਸਾਰੀ ਗੜਿਆਂ ਦੀ ਮਾਰ ਤੋਂ ਬਚ

ਗਈ। ਜਿਸ ਵੇਲੇ ਗੜੇਮਾਰੀ ਬੰਦ ਹੋਈ ਅਤੇ ਮੈਂ ਬਾਹਰ ਫਿਰ ਤੁਰ ਕੇ, ਇਲਾਕਾ ਵੇਖਿਆ, ਤਾਂ ਕੀ ਡਿੱਠਾ ਕਿ ਪਹਾੜਾਂ ਦੀਆਂ ਢਲਾਣਾਂ ਉੱਤੇ ਹਰੇ ਭਰੇ ਖੇਤ, ਸਾਰੇ ਦੇ ਸਾਰੇ, ਤਬਾਹ ਹੋ ਚੁੱਕੇ ਸਨ ਅਤੇ ਖੇਤਾਂ ਵਿਚ ਖੱਡਾਂ ਖਾਲ੍ਹੇ ਬਣ ਗਏ ਸਨ। ਕੇਵਲ ਉਸ ਬੁੱਢੀ ਦਾ ਖੇਤ ਹੀ ਸੁਰੱਖਿਅਤ ਬਚ ਰਿਹਾ ਸੀ।..... ਜਦੋਂ ਮੈਂ ਵਾਪਿਸ ਮੁੜਿਆ ਆਉਂਦਾ ਸਾਂ, (ਆਪਣੇ ਗੁਰੂ ਵੱਲ) ਤਾਂ ਮੈਨੂੰ ਇਕ ਭੇਡਾਂ ਬੱਕਰੀਆਂ ਚਾਰਨ ਵਾਲਾ ਅਜਾਪਾਲ ਅਤੇ ਉਸ ਦਾ ਬਾਲ-ਪੁੱਤ੍ਰ ਮਿਲੇ ਜਿਨ੍ਹਾਂ ਦਾ ਕਿ ਇੱਜੜ ਗੜੇਮਾਰੀ ਨਾਲ ਮ੍ਰਿਤੂ ਹੋ ਗਿਆ ਸੀ। ਉਨ੍ਹਾਂ ਰਾਹੀਂ ਮੈਂ ਸਭ ਇਲਾਕੇ ਦੇ ਲੋਕਾਂ ਨੂੰ ਸੁਨੇਹਾ ਭੇਜਿਆ ਕਿ ਅੱਗੇ ਤੋਂ ਲਾਮ 'ਅੰਗ-ਗੋਗ-ਪਾ' ਦੇ ਚੇਲਿਆਂ ਨੂੰ ਕੋਈ ਦੁਖ ਯਾ ਹਾਨੀ ਪਹੁੰਚਾਣ ਤੋਂ ਲੋਕ ਬਾਜ਼ ਆ ਜਾਣ, ਨਹੀਂ ਤਾਂ ਅਜੇਹੀ ਦੁਰਦਸ਼ਾ ਉਨ੍ਹਾਂ ਦੀ ਦੋਬਾਰਾ ਕੀਤੀ ਜਾਵੇਗੀ। ਇਉਂ ਮੈਂ ਪ੍ਰਗਟ ਕਰ ਦਿੱਤਾ ਕਿ ਇਹ ਗੜੇਮਾਰੀ ਕਿਸ ਨੇ ਕੀਤੀ ਕਰਾਈ ਹੈ। ਇਸ ਤੋਂ ਉਪ੍ਰਾਂਤ, ਉਸ ਇਲਾਕੇ ਦੇ ਵਾਸੀ, ਲਾਮ ਅੰਗ-ਗੋਗ-ਪਾ ਦੀ ਸ਼ਕਤੀ ਤੋਂ ਇਤਨੇ ਪ੍ਰਭਾਵਤ ਹੋਏ ਕਿ ਉਸ ਦੀ ਪੂਜਾ ਸਤਿਕਾਰ ਨਿਰੰਤਰ ਕਰਨ ਲੱਗੇ। ਮੈਂ ਜਦੋਂ ਵਾਪਸ ਮੁੜਿਆ ਆ ਰਿਹਾ ਸੀ ਤਾਂ ਮੈਂ ਰਾਹ ਵਿਚ ਕੁਝ ਮਰੇ ਪਏ ਪੰਛੀ ਪਏ ਦੇਖੇ ਜੋ ਮੈਂ ਚੁੱਕ ਲਏ ਅਤੇ ਹੋਰ ਝਾੜੀਆਂ ਵਿਚ ਮਰੇ ਪਏ ਪੰਛੀ ਭੀ ਅਤੇ ਕਈ ਚੂਹੇ ਜਿਹੜੇ ਰਾਹ ਵਿਚ ਮਰੇ ਪਏ ਸਨ, ਸਾਰੇ ਚੁੱਕ ਲਏ, ਜਿਨ੍ਹਾਂ ਮੁਰਦਾ ਜਨੌਰਾਂ ਆਦਿ ਨਾਲ ਮੇਰਾ ਟੋਪ, ਮੇਰਾ ਕੰਬਲ ਤੇ ਮੇਰੀ ਝੋਲੀ ਨੱਕੋ-ਨੱਕ ਭਰ ਗਈ। ਮੈਂ ਇਹ ਸਭ ਮਰੇ ਪਏ ਜੀਵ-ਜੰਤੂ 'ਅੰਗ-ਗੋਗ-ਪਾ' ਦੇ ਅੱਗੇ ਲਿਆ ਢੇਰੀ ਕੀਤੇ ਅਤੇ ਇਹ ਬੇਨਤੀ ਕੀਤੀ : 'ਹੇ ਪੂਜਯ ਗੁਰੂ, ਮੈਂ ਇਥੇ ਤਤ੍ਵ-ਵਿਦਿਆ ਦੀ ਪ੍ਰਾਪਤੀ ਲਈ ਚੱਲ ਕੇ ਆਇਆ ਸੀ, ਪਰ ਪਾਪਾਂ ਦੀ ਪੰਡ ਬੰਨ੍ਹ ਕੇ ਆਪਣੇ ਸਿਰ ਉੱਤੇ ਰੱਖ ਲਈ ਹੈ। ਮੈਂ, ਨੀਚ ਪਾਪੀ ਉੱਤੇ ਦਇਆ ਕਰੋ,' ਅਤੇ ਇਉਂ ਕਹਿ ਕੇ ਮੇਰੇ ਨੇਤਰਾਂ ਵਿੱਚੋਂ ਨੀਰ ਵਹਿ ਤੁਰਿਆ। ਤਦ ਲਾਮ ਨੇ ਉੱਤਰ ਦਿੱਤਾ, 'ਦੇਖ, ਅਧੀਰ ਨ ਹੋ। ਅਸੀਂ ਪੰਡਿਤ ਨਾਰੋਪ ਗੁਰੂ ਤੇ ਮੈਤ੍ਰੀ ਦੇ ਪੈਰੋਕਾਰ ਹਾਂ ਅਤੇ ਅਸਾਡੇ ਕੋਲ ਉਹ ਸ਼ਕਤੀਆਂ ਹਨ ਜਿਨ੍ਹਾਂ ਦੁਆਰਾ ਘੋਰ ਪਾਪੀਆਂ, ਨਾਰਕੀਆਂ ਦਾ ਛਿਨ ਵਿਚ ਉੱਧਾਰ ਸੰਭਵ ਹੈ, ਜਿਵੇਂ ਕਿ ਗੋਪੀਏ ਨਾਲ ਇਕ ਪੱਥਰ ਚਲਾਉਣ ਨਾਲ, ਅਨੇਕਾਂ ਪੰਛੀ ਇੱਕੋ ਵੇਲੇ ਉੱਡ ਜਾਂਦੇ ਹਨ। ਇਹ ਜਿਤਨੇ ਜੀਵ-ਜੰਤੂ, ਪੰਛੀ, ਭੋਇੰ-ਚਰ, ਜੋ ਕਿ ਗੜੇਮਾਰੀ ਨਾਲ ਵਿਨਾਸ਼ ਹੋ ਗਏ ਹਨ, ਕਿਸੇ ਜਨਮ ਤੇਰੇ ਪ੍ਰਮੁੱਖ ਚੇਲਿਆਂ ਦੇ ਰੂਪ ਵਿਚ ਜਨਮ ਲੈਣਗੇ, ਜਦੋਂ ਕਿ ਤੂੰ ਬੁੱਧ-ਗਤੀ ਨੂੰ ਪ੍ਰਾਪਤ ਹੋ ਚੁੱਕਾ ਹੋਵੇਂਗਾ। ਉਸ ਸਮੇਂ ਤਕ ਮੈਂ ਇਨ੍ਹਾਂ ਨੂੰ ਨਰਕਾਂ ਤੇ ਰਸਾਤਲ ਵਿਚ ਨਹੀਂ ਜਾਣ ਦਿਆਂਗਾ। ਆਪਣੇ ਮਨ ਨੂੰ ਇਹ ਜਾਣ ਕੇ ਧੀਰਜ ਦਿਓ। ਪਰ ਜੇ ਤੇਰੀ ਸੰਸ਼ਯ-ਨਵਿਰਤੀ ਕਿਵੇਂ ਭੀ ਨਹੀਂ ਹੁੰਦੀ ਤਦ ਮੈਂ ਆਪਣੇ ਬਚਨਾਂ ਦੀ ਸੱਤਯ-ਸਿੱਧੀ ਦਾ ਚਮਤਕਾਰ ਤੈਨੂੰ ਦਿਖਾਉਂਦਾ ਹਾਂ, ਸਾਵਧਾਨ ਹੋ ਕੇ ਦੇਖ।' ਇਉਂ ਕਹਿ ਕੇ ਉਹ (ਲਾਮ) ਕੁਝ ਪਲ ਅੱਖਾਂ ਮੁੰਦ ਕੇ ਬੈਠਾ ਰਿਹਾ ਅਤੇ ਫੇਰ ਉਸ ਨੇ ਚੁਟਕੀ ਵਜਾਈ। ਝਟ-ਪਟ ਮ੍ਰਿਤੂ ਹੋ ਚੁੱਕੇ ਪੰਛੀ ਤੇ ਚੂਹੇ ਆਦਿ ਪੁਨਰ-ਜੀਵਤ ਹੋ ਗਏ ਅਤੇ ਉੱਡ ਗਏ ਯਾ ਖੁੱਡਾਂ ਵੱਲ ਭੱਜ ਗਏ। ਮੈਨੂੰ ਤਦ ਵਿਸ਼ਵਾਸ ਹੋ ਗਿਆ ਕਿ ਲਾਮ ਬੁੱਧ-ਗਤੀ ਨੂੰ ਪ੍ਰਾਪਤ ਹੋ ਚੁੱਕਾ ਹੋਇਆ ਹੈ।"[1]

---

1 He had been thinking of sending for me, but now that I was come myself, it was very good, indeed, and due to the Lama's benediction and grace. He said further, "I have a number of pupils who come from Kham, Tagpo, Kongpo and Yarlang, but on their way hither, through the depredations of those lawless folk, of the ☛

*ਸਾਖੀ ਪੋਥੀ* ਵਿਚ ਆਈਆਂ ਸਾਖੀਆਂ, ਜਿਨ੍ਹਾਂ ਵਿਚ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਅਨੇਕ ਕਰਾਮਾਤੀ ਚਮਤਕਾਰਾਂ ਦਾ ਵਰਣਨ ਹੈ, ਨਿਰਭੂਸ਼ਿਤ ਤੇ ਸਰਲ ਸਹਿਜ ਸੁਭਾ ਬੋਲੀ ਵਿਚ, ਉਨ੍ਹਾਂ ਵਿਚ ਕੋਈ ਅਜੇਹੀ ਗੱਲ ਨਹੀਂ ਹੈ, ਜੋ ਹੋਰ ਦੇਸ਼ਾਂ ਕਾਲਾਂ ਵਿਚ ਵਾਪਰੀ ਨਾ ਹੋਵੇ ਅਤੇ ਸਮਕਾਲੀਆਂ ਦੀ ਉੱਚਤਮ ਬੁੱਧੀ-ਪੱਧਰ ਉੱਤੇ ਸਵੀਕ੍ਰਿਤ ਨਾ ਰਹਿ ਚੁੱਕੀ ਹੋਵੇ ਅਤੇ ਜਿਸ ਨੂੰ ਆਧੁਨਿਕ ਕਾਲ ਦੇ ਸਿਖਰ ਚੋਟੀ ਦੇ ਗਿਆਨ, ਵਿਗਿਆਨ ਚਿੰਤਕ, ਐਵੇਂ 'ਅਟਪਟੀਆਂ' ਯਾ ਨਿਰਾਧਾਰ ਵਹਿਮ ਕਹਿਣ ਦਾ ਹੌਸਲਾ ਕਰ ਸਕਣ। *ਸਾਖੀ ਪੋਥੀ* ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ,

---

Repo and Yemo, of Dol, they are stripped of the scanty store of gear with which they set out for this place in order to pursue their studies. I, therefore, request thee to go and punish these lawless folk by launching a hail storm on their fields. When thou hast done this I will bestow upon thee the Initiation and Consecration thou desirest."

I now bitterly repented the fate that had put such an accursed power into my hands, making me the means of wreaking vengeance by doing hurt to life and property. I had come here in search of the 'Saving Truth' and here was again being asked to work harm and do an evil deed. If I refused, I should be disobeying a Guru, or, at least, one whom I intended to take for my Guru–almost as heinous a sin as to refuse to obey an actual Guru, and, in addition, I should lose all opportunity of obtaining the Teachings. And so I decided that I must go, that I had no choice.

Accordingly, I set forth, provided with the necessary appertenances and reaching the scene of my intended deed. I took lodgings in the house of an old women, in the Yepo, country. Just as the hailstorm was about to burst, as the lightening flashed and the thunder growled, and first hail-stones were about to fall, the old woman, my hostess, began to beat her breast and weep, saying, "Alas ! what shall I have to live on if my crops are destroyed by the hail ?"

This was too much for me. I could not bear to be so cruel to this poor old woman, so, at imminent risk, I reguested her quickly to draw a plan of her field, 'Oh, my field is like this', She cried in a despairing tone, at the same time describing a triangular figure with an elongated end. I immediately covered the figure with an iron pan, in my mind shielding it from the hail, so that it escaped destruction, all except a tiny corner, which protruding beyond the covering pan, was devastated by a gust of wind.

When the storm was over, on going out to look on the country, I saw slopes above the valley all furrowed into ravines, the erstwhile luxuriant fields utterly laid waste, all except the old woman's field, which was quite fresh and green. But the corner of the field, corresponding to the corner of the plan which, protruding beyond the covering-pan had been devastated by wind, was damaged by the hail and flooded with water. Even afterwards, this field–except for its protruding corner which had been flooded–escaped any hail-storm which visited that neighbour-hood. And it is said that the old woman was exempted from payment of the hail-tax (imposed on behalf of the hail-exorcising Lamas) on all of the field save that corner.

ਡੱਲੇ ਪ੍ਰਤੀ ਹਨ (ਸਾਖੀ 87), "ਡਲ ਸਿੰਘ, ਸਾਡੇ ਵਿਚ ਕਰਾਮਾਤ ਸਭੋ ਹੈ, ਜਦੋਂ ਲਾਵਾਂਗੇ, ਤਦੋਂ ਹੀ ਕੋਈ ਜਾਣੂਗਾ।" ਹੋਰ ਸਾਖੀ 67, 'ਛਤਿਆਣੇ ਡੇਰਾ', ਵਿਚ ਅੰਕਤ ਹੈ, "ਗੁਰੂ ਜੀ ਧਨੁਖ ਸਾਥ ਬਾਨ ਚਲਾਇਆ ਤੇ ਅਕਾਸ ਕੀ ਓਰ ਬੱਦਲ ਹੋਇ ਆਇਆ, ਘਟਾ ਹੋਇ ਆਈ, ਲਗਾ ਗਲ੍ਹਿਆਂ (ਗੜਿਆਂ) ਨਾਲ ਮੀਂਹ ਪਵਣਿ। ਵੇਰਾੜ (ਬਰਾੜ ਜੱਟ) ਕੋਈ ਕਿਸੇ ਮਾਲ੍ਹ (ਦਰੱਖ਼ਤ) ਹੇਠ ਨੂੰ ਭੰਨਾਂ, ਕੋਈ ਕਿਸੇ ਮਾਲ੍ਹ ਨੂੰ ਭੰਨਾਂ। ਗੁਰੂ ਜੀ ਓਥੇ ਹੀ ਘੋੜੇ ਚੜ੍ਹੇ ਖੜੇ ਰਹੇ। ਸਿੱਖਾਂ ਨੇ ਗੁਰੂ ਜੀ ਕੇ ਘੋੜੇ ਉੱਤੋਂ ਦੀ ਲੋਏ ਕਰ ਦਿੱਤੇ। ਗੁਰੂ ਜੀ ਨੇ ਤੀਰ ਕਰ ਛੋਡਿਆ। ਘੋੜੇ ਕੇ ਸਿਰ ਪਰ ਕੀ। ਉਥੋਂ ਕੋਸ ਭਰ ਸਾਰੇ ਮੀਂਹ ਪਇਆ ਗਲ੍ਹਿਆਂ ਨਾਲ। ਗੁਰੂ ਜੀ ਓਥੇ ਹੀ ਡੇਰਾ ਕਰ ਦੀਆ।"

(17) ਸਾਡੇ ਦੇਸ਼ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਦੁਆਰਾ ਸੰਚਾਰ ਤੇ ਪ੍ਰਚਾਰ ਹੋਈ ਅਤੇ ਹੋ ਰਹੀ ਵਿਦਿਆ, ਗਿਆਨ, ਵਿਗਿਆਨ, ਅਸਾਡੇ ਦੇਸ਼ ਦੀ ਪ੍ਰਾਚੀਨ ਪ੍ਰਣਾਲੀ ਤੋਂ, ਬਹੁਤ ਹੱਦ ਤਕ ਅਤੇ ਬੁਨਿਆਦੀ ਤੌਰ 'ਤੇ ਬੇਮੁਖ ਹੋ ਕੇ ਹੀ ਨਿਰਧਾਰਤ ਹੋਇਆ ਹੈ ਅਤੇ ਉੱਨੀਵੀਂ ਸਦੀ ਵਿਚ ਜਦੋਂ ਕਿ ਪੱਛਮੀ ਦੇਸ਼ਾਂ ਅਤੇ ਜਾਤੀਆਂ, ਪੂਰਬ ਦੇਸ਼ਾਂ,

---

☛ On my way back, I met an old shepherd and his child who had lost their herd in the flood. By them I sent word to the people of the country-side, enjoining upon them to refrain thenceforth from ill-treating or robbing Lama Ngogpa's disciples or adherents, on pain of being visited constantly by similar hail-storms, thus revealing to them who had caused the destruction, After this, the people of these two places were so profoundly impressed with the phenomenal power of Lama Ngogpa, that they became his devoted followers and faithfully served him.

As I came along the way, I picked up some dead birds, which I found all by themselves under a bramble bush and numbers of other birds and some rats, which I found dead on the road until I had my cap and the lap of my robe full. There I laid in a heap before Lama Ngogpa and appealed to him thus : "O, Reverend Teacher, I came here expecting to find the Holy Doctrine, but have been compelled to heap up sin upon sin. Have pity on a such a terrible sinner," and I burst into bitter tears.

To this, the Lama replied, "Be not despairing, there is no cause whatsoever for such object fear. We, the followers of Naropa and Maitri (two Indian Buddhist Yogis of the 14th century who immigrated to Tibet on the destruction of Nalanda by Bakhtiar Khilji) possess those Truths which can save the greatest of sinners in the twinkling of an eye–just as one single stone flung from a sling, serveth to frighten a hundred birds simultaneously. All those sentient creatures, and these birds and beasts, which have been killed on this occasion by the hail-storm shall be born again as thy foremost disciples when thou shalt attain to Buddhahood. Till that time cometh, I shall put forth my power so as to prevent their falling into hell or into lower states of being. Therefore, be at ease. But if thou still doubt, let me prove the truth of what I say thus". For a few minutes he sat silent with closed eyes, then he snapped his fingers. In a tribe, all the dead birds and rats (which I had collected) revived, and mad off to their several nests and holes. I now perceived that the Lama himself was a Buddha."—American paperback, *Ibid.*, pp. 117-119.

ਵਾਸੀਆਂ ਉੱਤੇ ਪੂਰਨ ਤੌਰ 'ਤੇ ਭਾਰੂ ਪੈ ਚੁੱਕੇ ਸਨ, ਜਿਸ ਦੁਆਰਾ ਪੂਰਬੀ ਮਨ-ਆਤਮਾ-ਹੀਣ-ਦਸ਼ਾ ਨੂੰ ਪ੍ਰਾਪਤ ਹੋ ਚੁੱਕੀ ਸੀ, ਉਸ ਗਤੀ ਦਾ ਪ੍ਰਭਾਵ ਅਸਾਡੀਆਂ ਯੂਨੀਵਰਸਿਟੀਆਂ ਵਿਚ ਖ਼ਾਸ ਕਰਕੇ ਅਤੇ ਅਸਾਡੇ ਆਧੁਨਿਕ ਪੜ੍ਹੇ-ਲਿਖੇ ਤਬਕੇ ਉੱਤੇ ਆਮ ਕਰਕੇ, ਹਾਲੀ ਤਕ ਪ੍ਰਬਲ ਹੈ। ਪੱਛਮ ਦੀ ਵਿਦਿਅਕ ਪੱਧਰ ਹੁਣ ਕਈ ਦਹਾਕਿਆਂ ਤੋਂ, ਅੱਧੀ ਸਦੀ ਤੋਂ ਨਵੀਨ ਨੀਹਾਂ ਉੱਤੇ ਉਸਰ ਰਹੀ ਤੇ ਉਸਰ ਚੁੱਕੀ ਹੈ, ਜਿਸ ਦਾ ਅਸਰ ਪ੍ਰਭਾਵ ਅਜੇ ਤਕ ਬਹੁਤਾ ਸਾਡੇ ਉੱਤੇ ਪਿਆ ਨਹੀਂ ਅਤੇ ਪੱਛਮ ਦੀ ਬੌਧਕ ਸਰਦਾਰੀ ਅਤੇ ਬਾਲਾਦਸਤੀ ਤੋਂ ਅਸੀਂ ਅਜੇ ਵਿਮੁਕਤ ਹੋਣ ਦਾ ਜਤਨ ਭੀ ਨਹੀਂ ਅਰੰਭਿਆ, ਇਸ ਰਾਹ ਉੱਤੇ ਕਦਮ ਪੁੱਟਣੇ ਤਾਂ ਇਕ ਪਾਸੇ ਰਿਹਾ।[1] ਇਹੋ ਕਾਰਨ ਅਸਾਡਾ, ਸਾਡੀਆਂ ਜਨਮ ਸਾਖੀਆਂ, ਸਾਖੀ ਪੋਥੀਆਂ, ਗੁਰ-ਬਿਲਾਸਾਂ, ਪੰਥ-ਪ੍ਰਕਾਸ਼ਾਂ, ਸੂਰਜ-ਪ੍ਰਕਾਸ਼ਾਂ, ਗੁਰਵਾਕਾਂ ਆਦਿ ਦੀ ਮਹਿਮਾ, ਗੌਰਵਤਾ ਵੱਲੋਂ ਉਪਰਾਮਤਾ, ਅਣਗਹਿਲੀ ਅਤੇ ਇਨ੍ਹਾਂ ਦੀ ਸ਼ੈਲੀ, ਸ਼੍ਰੇਣੀ ਦੀ ਅਣਜਾਣਤਾ, ਅਗਿਆਨਤਾ ਦਾ ਹੈ। ਹੁਣ, ਸਵਾਲ ਅਵੱਸ਼ ਉਠੇਗਾ ਕਿ ਇਹ *ਸਾਖੀ ਪੋਥੀ* ਜੋ ਕੁਛ ਭੀ ਹੈ, ਸੋ ਹੋਵੇਗੀ, ਪਰ ਕੀ ਇਸ ਦੀ ਕੋਈ ਇਤਿਹਾਸਕ ਮਹੱਤਤਾ (historical credibility) ਹੈ ? "ਸਾਖੀ ਪੋਥੀ ਉੱਤੇ ਇਕ ਪੰਛੀ ਦ੍ਰਿਸ਼ਟੀ" ਨਾਮੀ ਇਹ ਲੇਖ ਮੁਕੰਮਲ ਨਹੀਂ ਕਿਹਾ ਜਾ ਸਕਦਾ ਜਿਤਨਾ ਚਿਰ, ਇਸ ਪ੍ਰਸ਼ਨ ਦਾ ਉੱਤਰ, ਸੰਖੇਪ ਰੂਪ ਵਿਚ ਨਾ ਦਿੱਤਾ ਜਾਵੇ।

(18) 'ਹਿਸਟਰੀ', ਜਿਸ ਨੂੰ ਅਸੀਂ ਇਤਿਹਾਸ ਭੀ ਕਹਿ ਲੈਂਦੇ ਹਾਂ, ਹਾਲਾਂਕਿ ਇਹ ਦੋਵੇਂ ਸੰਬੋਧ (concepts) ਇੰਨ ਬਿੰਨ ਇੱਕੋ ਅਰਥ ਦੇ ਧਾਰਨੀ, ਲਖਾਇਕ ਨਹੀਂ ਹਨ, ਉਸ ਦੀ ਪ੍ਰੀਭਾਸ਼ਾ ਕੀ ਹੈ ? ਮੁੱਢਲੀ ਪ੍ਰੀਭਾਸ਼ਾ 'ਇਤਿਹਾਸ' ਸ਼ਬਦ ਦੀ ਹੈ। ਇਤ+ਹਾਸ, 'ਇਉਂ ਹੋਇਆ ਸੀ'। ਇਹ ਇਤਿਹਾਸ, ਸ਼ੁੱਧ ਤੇ ਪੂਰਨ ਰੂਪ ਵਿਚ ਅਸਾਡੇ ਪੁਰਾਤਨ ਵਿਚਾਰ-ਸਿਧਾਂਤ ਜੋ 'ਕਾਲ', 'ਸੰਸਾਰ', ਮਨੁੱਖ ਤੇ ਉਸ ਦੀ ਗਤਿ ਅਤੇ ਅੰਤਮ ਪਰਯੋਜਨ, ਉਨ੍ਹਾਂ ਅਨੁਸਾਰ ਅਸਾਡੇ 'ਪੁਰਾਣ' ਨਾਮੀ ਗ੍ਰੰਥ ਹਨ, ਜਿਨ੍ਹਾਂ ਵਿਚ 'ਪੁਰਾਣ ਪੰਚਲਕਸ਼ਮਣ', ਸੰਸਾਰ ਦੀ ਉਤਪਤੀ, ਯੁਗਾਰੰਭ ਤੇ ਯੁਗਾਂਤਰ, ਦਿੱਬ-ਸ਼ਕਤੀਆਂ ਦੇਵੀ ਦੇਵਤਿਆਂ ਦਾ ਜਨਮ, ਲੀਲ੍ਹਾ-ਕਰੀੜਾ, ਸ਼ਕਤੀ-ਮਹਿਮਾ, ਰਾਜਵੰਸ਼ਾਂ ਦਾ ਅਰੰਭ, ਵਿਸਤਾਰ, ਵਿਨਾਸ਼ ਅਤੇ ਸੰਸਾਰ ਦੇ ਅੰਤ, ਪ੍ਰਾਲਯ ਆਦਿ ਦਾ ਵਰਣਨ ਹੈ। ਹੋਰ ਵਰਣਨ ਸਭ 'ਗਾਥਾ' ਕਥਾ, ਕਹਾਣੀ ਹੈ, 'ਇਤਿਹਾਸ' ਨਹੀਂ। ਪਰ ਅੱਜ ਅਸੀਂ 'ਇਤਿਹਾਸ' ਨੂੰ ਅੰਗਰੇਜ਼ੀ ਦੇ ਸ਼ਬਦ 'ਹਿਸਟਰੀ' ਦੇ ਅਰਥਾਂ ਵਿਚ ਹੀ ਵਰਤ ਲੈਂਦੇ ਹਾਂ, ਪਰ ਹਿਸਟਰੀ (History) ਸ਼ਬਦ ਦੇ ਸਾਰੇ ਅਰਥ ਭਾਵਾਰਥ, ਅਸੀਂ 'ਇਤਿਹਾਸ' ਦੇ ਪ੍ਰਚਲਿਤ ਅਜੋਕੇ ਤੇ ਪ੍ਰਮਾਣਿਕ ਅਰਥਾਂ ਵਿਚ ਨਹੀਂ ਵਰਤਦੇ। 'ਹਿਸਟਰੀ', ਅੰਗਰੇਜ਼ੀ ਵਿਚ ਸ਼ੈਕਸਪੀਅਰ ਨੇ ਕਿਰਿਆ ਦੇ ਰੂਪ ਵਿਚ ਭੀ ਵਰਤਿਆ ਹੈ, 'ਲਿਖ ਲੈਣ', 'ਨੋਟ ਕਰ ਲੈਣ', 'to record' ਦੇ ਅਰਥਾਂ ਵਿਚ। ਉਂਜ 'ਹਿਸਟਰੀ' ਸੰਸਾਰ ਦੇਸ਼, ਜਾਤੀ, ਵਿਚਾਰਧਾਰਾ, ਜੀਵ, ਜੰਤੂ, ਬੂਟਾ ਬਨਸਪਤਿ ਕਿਸੇ ਦਾ ਭੀ ਸਿਲਸਿਲੇਵਾਰ ਬਿਰਤਾਂਤ ਸੰਕਲਨ ਕਥਾ-ਕਹਾਣੀ ਵਰਣਨ ਆਦਿ ਦੇ ਅਰਥਾਂ

---

1. ਸੰਨ 1932 ਦੀ ਗੱਲ ਹੈ ਕਿ ਮੈਂ ਕੈਂਮਬ੍ਰਿਜ ਯੂਨੀਵਰਸਿਟੀ ਵਿਚ ਫ਼ਿਲਾਸਫ਼ੀ ਦਾ ਵਿਦਿਆਰਥੀ ਸੀ। ਇਕ ਦਿਨ ਪੂਜਯ ਉਸਤਾਦ Dr. G.D. Broad ਮੈਨੂੰ ਕਹਿਣ ਲੱਗੇ : 'ਕੀ ਕਾਰਨ ਹੈ ਕਿ ਜਦੋਂ ਅਸੀਂ ਪੱਛਮ ਦੇ ਵਿਦਵਾਨ, ਕਿਸੇ ਵਿਚਾਰਧਾਰਾ ਨੂੰ ਨਖਿੱਧ ਸਮਝ ਕੇ ਤਿਆਗ ਦਿੰਦੇ ਹਾਂ ਤਾਂ ਪੂਰਬ ਦੇ ਵਿਦਵਾਨ ਉਸੇ ਵਿਚਾਰਧਾਰਾ ਨੂੰ ਨਿਰਾ ਅਪਣਾਉਂਦੇ ਹੀ ਨਹੀਂ, ਸਗੋਂ ਉਸ ਉੱਤੇ ਦ੍ਰਿੜ੍ਹ ਹੋ ਕੇ ਪਹਿਰਾ ਦੇਂਦੇ ਹਨ ?" ਮੈਂ ਉੱਤਰ ਕੋਈ ਨਾ ਦਿੱਤਾ।

ਵਿਚ, ਅੰਗਰੇਜ਼ੀ ਭਾਸ਼ਾ ਵਿਚ ਵਰਤਿਆ ਜਾਂਦਾ, ਜਾ ਸਕਦਾ ਅਤੇ ਪਰਵਾਣ ਹੈ। ਅਸੀਂ, ਪੰਜਾਬੀ ਭਾਸ਼ਾ ਵਿਚ, 'ਹਿਸਟਰੀ' ਸ਼ਬਦ ਇਸ ਭਾਵ ਵਿਚ ਨਹੀਂ ਵਰਤਦੇ। 'ਇਤਿਹਾਸ', 'ਹਿਸਟਰੀ' ਦੋਹਾਂ ਸ਼ਬਦਾਂ ਦਾ ਅਰਥ ਪ੍ਰਚਲਿਤ ਪੰਜਾਬੀ ਬੋਲੀ ਵਿਚ, ਕਿਸੇ ਮਨੁੱਖ ਜਾਤੀ ਦੇ ਅੰਗ, ਸ਼੍ਰੇਣੀ, ਕੌਮ, ਗਰੋਹ, ਜਥਾ ਕਬੀਲਾ ਦੇ ਸਮੁੱਚੇ, ਕੇਵਲ ਵਿਅਕਤੀਗਤ ਰੂਪ ਵਿਚ ਨਾ, ਕਾਰਨਾਮਿਆਂ, ਘਟਨਾਵਾਂ ਦਾ ਵਰਣਨ, ਲਿਖਣ-ਬੱਧ ਰੂਪ ਵਿਚ ਸੰਕਲਣ ਹੀ ਪ੍ਰਵਾਣ ਹੈ। ਇਹ 'ਇਤਿਹਾਸ' ਜਾਂ 'ਹਿਸਟਰੀ' ਦੇ ਕਈ ਰੂਪ ਰਹਿ ਚੁੱਕੇ ਹਨ ਅਤੇ ਹੁਣ ਭੀ ਹਨ, ਪਰ ਪ੍ਰਧਾਨ ਪ੍ਰਯੋਜਨ ਇਤਿਹਾਸ ਰਚਣ ਯਾ ਹਿਸਟਰੀ ਲਿਖਣ ਦਾ ਕੇਵਲ ਇਹੋ ਹੀ ਹੈ ਤੇ ਰਿਹਾ ਹੈ ਕਿ ਜਾਤੀਆਂ, ਜਥੇ ਉਨ੍ਹਾਂ ਨਾਲ ਸੰਬੰਧਤ, ਭੂਤਕਾਲ ਵਿਚ ਵਾਪਰੀਆਂ ਘਟਨਾਵਾਂ, ਵਾਕਿਆਤ ਸਿਲਸਲੇਵਾਰ ਗੁੰਦੇ ਹੋਏ ਵਰਣਨ ਤੋਂ ਵਰਤਮਾਨ ਲਈ ਸੱਤਿਆ ਉਤਸ਼ਾਹ ਅਤੇ ਭਵਿੱਖ ਲਈ ਚਾਨਣ, ਰਹਿਨੁਮਾਈ ਪ੍ਰਾਪਤ ਕਰਦੇ ਰਹਿਣ। ਇਸੇ ਕਾਰਨ ਸਿੱਖਾਂ ਦੀ ਸੰਗਤੀਯ-ਅਰਦਾਸ (congregational prayer) ਵਿਚ ਸਿੱਖ ਪੰਥ ਦੀ ਸਮੁੱਚੀ ਹਿਸਟਰੀ ਦਾ ਸਾਰੰਸ਼-ਸਤ, ਅੰਡ-ਰੂਪ ਵਿਗਿਆਪਨ (capsule of essences) ਇਸ ਅਰਦਾਸ ਦੇ ਅਨਿਖੜਵੇਂ ਅੰਗ ਦੇ ਰੂਪ ਵਿਚ ਮੌਜੂਦ ਹੈ। 'ਹਿਸਟਰੀ' ਦੇ ਭਾਵਾਰਥ, ਮਨੋਰਥ, ਪ੍ਰਯੋਜਨ ਆਦਿ ਵਿਸ਼ੇ ਯੂਰਪੀਨ ਚਿੰਤਕਾਂ ਦੇ ਅਧਿਐਨ ਵਿਚ ਸਮੁੰਦਰ ਵੱਤ ਡੂੰਘੇ ਤੇ ਅਸੀਮ ਬਣ ਚੁੱਕੇ ਹਨ। 'ਤੋਯੰਬੀ' (Arnold Toynbee) ਆਪਣੇ ਜਗਤ-ਪ੍ਰਸਿੱਧ ਗ੍ਰੰਥ *Study of History* ਦੀ ਭੂਮਿਕਾ ਵਿਚ ਇਕ ਥਾਂ ਕਹਿੰਦਾ ਹੈ :

> "ਇਤਿਹਾਸਕਾਰ ਦੇ ਖੋਜ-ਖੇਤਰ ਦਾ ਵਿਸਤਾਰ, ਉਸ ਨੂੰ ਪ੍ਰਾਲਬਧ ਸੋਮਿਆਂ ਦਾ ਫੈਲਾਓ ਅਤੇ ਸਘਨਤਾ ਅਤੇ ਉਹਦੀ ਪੜਤਾਲ-ਪ੍ਰਤਿਭਾ ਦਾ ਉਥਾਨ, ਵਿਕਾਸ, ਹੁਣ ਇਤਿਹਾਸਕਾਰ ਦਾ ਇਹ ਵਿਸ਼ਵਾਸ, ਵਹਿਮ ਕਿ ਉਹ ਅਗਿਆਨ, ਅੰਧਕਾਰ ਤੋਂ ਵਿਮੁਕਤ ਹੈ, ਨਿਰਮੂਲ ਤੇ ਅਸੰਭਵ ਬਣਾ ਦਿੰਦੇ ਹਨ। ਉਸ ਲਈ ਇਹ ਤਸਲੀਮ ਕਰਨਾ ਭੀ ਹੁਣ ਅਵੱਸ਼ ਹੋ ਗਿਆ ਹੈ ਕਿ ਉਸ ਦੀ ਅਗਿਆਨਤਾ ਅਸਾਧ ਹੈ, ਕਿਉਂਜੁ ਇਹ ਤਿਮਰ-ਅੰਧਕਾਰ ਉਸ ਦਾ ਅਥਾਹ ਤੇ ਅਸੀਮ ਹੈ।"[1] ਇਤਿਹਾਸਕਾਰ ਵੀਹਵੀਂ ਸਦੀ ਤਕ ਇਸ ਅੰਧ-ਵਿਸ਼ਵਾਸ ਅਤੇ ਹਠ ਉੱਤੇ ਦ੍ਰਿੜ੍ਹ ਰਹੇ ਹਨ ਕਿ ਉਨ੍ਹਾਂ ਦੇ ਵਿਦਿਆ-ਸ਼ਾਸਤਰ ਦਾ ਸਾਅਰਥ ਪ੍ਰਯੋਜਨ (Legitimate aim of their intellectual persuit) ਸਪੱਸ਼ਟ ਤੇ ਅਟੱਲ ਹੈ। ਕਈ ਕਹਿੰਦੇ ਰਹੇ ਹਨ, ਜਿਨ੍ਹਾਂ ਵਿਚ ਕਿ ਅਸਾਡੇ ਕਈ 'ਖੋਜੀ' ਪੜਚੋਲੀ ਪ੍ਰੋਫ਼ੈਸਰ ਭੀ ਸ਼ਾਮਲ ਹਨ ਕਿ ਹਿਸਟਰੀ ਦਰਪਨ ਹੈ, ਬੀਤ ਚੁੱਕੇ ਤੱਥਾਂ ਨੂੰ, ਇੰਨ ਬਿੰਨ ਦਰਸਾਉਣ ਦਾ। ਹੁਣ ਜੇਮਸ, ਪਾਵਲੋ, ਹੇਗਲ, ਮਾਰਕਸ, ਫ਼ਰਾਇਡ, (James, Pavlov, Hegel, Marx, Freud) ਪਿੱਛੋਂ ਕੋਈ ਅਜੇਹਾ ਦਾਅਵਾ ਕਰਨ ਤੋਂ ਅਸਮਰੱਥ ਹੈ ਕਿਉਂ ਜੋ ਨਾ ਤਾਂ ਬੀਤੇ ਸਮੇਂ ਦੇ ਅਚਯੁਤ, ਦ੍ਰਿੜ੍ਹ-ਰੂਪ (perdurable, well-defined) ਤੱਥ ਅਸਾਨੂੰ ਪ੍ਰਾਲਬਧ ਹਨ ਯਾ ਹੋਣੇ ਸੰਭਵ ਹਨ ਅਤੇ ਨਾ ਹੀ ਉਹ ਦਰਸਾਏ ਜਾ ਸਕਦੇ ਹਨ। ਕਾਰਨ ਇਹ ਕਿ ਦਰਪਨ ਆਪ ਤੱਥ ਘੜਦਾ ਤੇ ਸਿਰਜਦਾ ਭੀ ਹੈ, ਦਰਸਾਉਣ ਲਈ ਘੜੇ ਘੜਾਏ ਤੱਥ ਨਾ ਉਸ ਨੂੰ ਪ੍ਰਾਪਤ ਹਨ ਅਤੇ ਨਾ ਹੀ ਉਹ ਤੱਥਾਂ ਨੂੰ ਦਰਸਾਉਣ-ਯੋਗ ਹੈ। ਅਸਾਡੇ ਪ੍ਰਾਚੀਨ ਗ੍ਰੰਥਾਂ ਵਿਚ ਇਹ ਸਪੱਸ਼ਟ ਤੇ ਪ੍ਰਮਾਣਿਤ ਹੈ, ਜਿਸ ਨੂੰ ਕਿ ਦਰਪਨ ਦੇਸ਼ ਦਾ ਨਾਮ

---

1. "The broadening of the historian's field of enquiry and the multiplication of his sources and the raising of his standards of technique have made it impossible for him to shut his eyes as to his own ignorance. They have also taught him that his ignorance is incurable because it is infinite".

> ਦਿੱਤਾ ਗਿਆ ਹੈ। ਕਈਆਂ ਦਾ ਵਿਚਾਰ ਰਿਹਾ ਹੈ (e.g. Heinrich von Treitschke) ਕਿ ਹਿਸਟਰੀ ਦਾ ਮੁਖ-ਧਰਮ ਭਵਿੱਖ ਦੀ ਸਿਰਜਣਾ ਵਿਚ ਸਹਾਈ ਹੋਣਾ ਹੈ। ਕਈ ਹੋਰ ਮਹਾਨ ਬੁੱਧੀਮਾਨਾਂ ਦਾ ਮਤ ਹੈ ਕਿ ਹਿਸਟਰੀ ਦਾ ਅੰਤਮ ਨਿਸ਼ਾਨਾ ਇਸ ਦਾ ਪ੍ਰਮਾਣ-ਤੱਤ੍ਵ, ਇਸ ਦੇ ਗੋਹਯ-ਅਰਥ, ਇਤਿਹਾਸ ਤੋਂ ਬਾਹਰ, ਪਰੇ-ਪਰੇਰੇ ਅਦ੍ਰਿਸ਼ਟ ਵਿਚ ਸਥਿਤ ਹਨ (e.g. Bardyaev Nieubahr, Toynbee)।

ਪਰ ਇਸ ਗੱਲ ਉੱਤੇ ਸਭ ਮੱਤਾਂ ਦੇ ਇਤਿਹਾਸਕਾਰ ਸਹਿਮਤ ਹਨ ਕਿ ਤੱਥ ਤੇ ਕੀਮਤ (fact and value), ਵਰਣਨ ਤੇ ਦ੍ਰਿਸ਼ਟੀਕੋਣ, ਸੱਤਯ ਤੇ ਮਤਿ, ਕੋਈ ਇਤਿਹਾਸਕਾਰ ਇਤਿਹਾਸ ਲਿਖਣ ਵੇਲੇ ਨਿਖੇੜ ਕੇ ਅੱਡਰੇ ਅਤੇ ਇਕ ਦੂਜੇ ਕੋਲੋਂ ਸੁਤੰਤਰ, 'ਕੇਵਲਯ' ਨਹੀਂ ਕਰ ਸਕਦਾ। ਜੋ ਇਸ ਭਰਮ-ਭੁਲੇਖੇ ਵਿਚ ਹਨ ਕਿ ਉੱਚਤਮ, ਸ਼ੁੱਧ ਇਤਿਹਾਸਕਾਰ ਦਾ ਲੱਛਣ ਇਹ ਹੈ ਕਿ ਉਹ ਦੂਜਿਆਂ ਦੀਆਂ ਲਿਖਤਾਂ ਨੂੰ ਛਾਂਟ, ਸੰਗ੍ਰਿਹਿ ਕਰਕੇ ਲਿਖ ਦੇਵੇ ਅਤੇ ਆਪਣੀ ਛਾਣ-ਬੀਨ, ਰਾਇ, ਦ੍ਰਿਸ਼ਟੀਕੋਣ ਤੋਂ ਸਦਾ ਨਿਰਲੇਪ ਰਹੇ, ਉਸ ਰਸੋਈਏ ਵਾਂਗਰ ਹੈ, ਜੋ ਇਕ ਭਾਂਡੇ ਵਿੱਚੋਂ ਚਾਵਲ ਅਤੇ ਦੂਜੇ ਵਿੱਚੋਂ ਦਾਲ ਦੀਆਂ ਮੁੱਠਾਂ ਭਰ ਕੇ ਤੌੜੀ ਵਿਚ ਪਾ ਦੇਵੇ, ਪਰ ਨਾ ਤਾਂ ਚੌਲਾਂ ਵਿੱਚੋਂ ਮਿੱਟੀ ਕੰਕਰ ਚੁਣੇ, ਨਾ ਚੌਲਾਂ ਵਿੱਚੋਂ ਤਿਲਾਂ ਅਤੇ ਅਨਯ ਅਨਾਜ ਆਦਿ ਦੀ ਛਾਂਟੀ ਕਰੇ, ਨਾ 'ਕੇਸਰੀ', ਦਾਲ, ਜੋ ਕਿ ਦੇਖਣ ਨੂੰ ਸੋਹਣੀ, ਖਾਣ ਨੂੰ ਸ੍ਵਾਦਿਸ਼ਟ ਅਤੇ ਸਾਧਾਰਨ ਦ੍ਰਿਸ਼ਟੀ ਨੂੰ ਪੌਸ਼ਟਿਕ ਤੇ ਤਾਕਤਵਰ ਦਿੱਸਦੀ ਹੈ, ਪਰ ਅੰਤ ਨੂੰ ਅੰਗ-ਪੰਗ ਕਰ ਸੁੱਟਦੀ ਹੈ ਅਤੇ ਮਾਰ ਭੀ ਸੁੱਟਦੀ ਹੈ, ਉਸ ਨੂੰ ਪਛਾਣ ਕੇ ਬਾਹਰ ਸੁੱਟੇ ਅਤੇ ਨਾ ਹੋਰ, ਜ਼ਹਿਰ ਵਿਚ ਭਿਉਂ ਕੇ ਸੁਕਾਏ ਹੋਏ ਦਾਣੇ ਪਛਾਣੇ, ਕੱਢੇ, ਨਾ ਲੂਣ, ਘਿਓ, ਮਸਾਲਾ ਵਿਚ ਰਲਾਵੇ ਅਤੇ ਨਾ ਚੁਲ੍ਹੇ ਉੱਤੇ ਉਸ ਸਮੱਗਰੀ ਨੂੰ ਪਕਾਵੇ, ਪਰ ਕਹੇ ਕਿ ਆਓ, ਬੜੀ ਸ੍ਵਾਦਿਸ਼ਟ ਸ੍ਵਾਸਥਕ ਖਿੱਚੜੀ ਤਿਆਰ ਹੈ :

> ਖਾਵੋ ਸਾਰੇ ਰਲ ਮਿਲ ਭਾਈ।

ਉਹ ਰਸੋਈਆ ਲੰਗਰ ਵਿਚ ਵੜਨ ਦੇਣ ਦੇ ਯੋਗ ਨਹੀਂ ਸਮਝਣਾ ਚਾਹੀਏ। ਇਹੋ ਗਤੀ ਅਸਾਡੇ ਕਈ 'ਨਿਰਲੇਪ', 'ਨਿਰੀਖਕ', (objective, scientific) ਇਤਿਹਾਸਕਾਰਾਂ ਦੀ ਹੈ। ਦੂਜੀ ਸ਼੍ਰੇਣੀ ਅਸਾਡੇ ਖਰੜੇ-ਢੂੰਡੂ (documents-hunters) ਤੇ ਲਿਖਤਾਂ-ਵਾਚੂ (documents interpreters) ਰੀਸਰਚ ਸਕਾਲਰਾਂ ਦੀ ਹੈ, ਜਿਨ੍ਹਾਂ ਨੂੰ ਇਨ੍ਹਾਂ ਬੁਨਿਆਦੀ ਅਸੂਲਾਂ ਦੀ ਭੀ ਗਿਆਤ ਨਹੀਂ ਕਿ ਕਿਸੇ ਖਰੜੇ ਯਾ ਲਿਖਤ ਦੀ ਉੱਕਾ ਕੋਈ ਇਤਿਹਾਸ-ਲਿਖਾਰੀ ਲਈ, ਮਹੱਤਤਾ ਨਹੀਂ, ਜਿਤਨਾ ਚਿਰ ਉਹ ਇਤਿਹਾਸਕਾਰ, ਹੱਥ ਆਈ ਲਿਖਤ ਨੂੰ, ਇਨ੍ਹਾਂ ਦੋਂਹ ਪ੍ਰਤਿਭਾ-ਆਸ਼੍ਰਿਤ, ਨੀਝਾਂ, ਕਿੰਤੂਆਂ ਦੀ ਕੁਠਾਲੀ ਵਿਚ ਪਾ ਕੇ ਢਾਲ ਨਹੀਂ ਲੈਂਦਾ :

1. ਇਤਿਹਾਸਕਾਰ ਦੀ ਇਹ ਨੀਝ ਕਿ ਖਰੜੇ ਯਾ ਲਿਖਤ ਵਿਚ ਜੋ ਹੈ, ਉਹ ਤਾਂ ਹੈ ਹੀ, ਪਰ ਕਿਹੜਾ ਤੱਥ, ਕਿਹੜੀ ਵਸਤੂ, ਜੋ ਇਸ ਵਿਚ ਹੋਣੀ ਚਾਹੀਦੀ ਸੀ, ਨਹੀਂ ਹੈ।

2. ਹਰ ਇਕ ਖਰੜਾ ਯਾ ਲਿਖਤ ਆਪਣੇ ਆਪ ਵਿਚ ਇਕ ਪਹਿਲੂ ਤੋਂ ਅਦੁੱਤੀਯ ਹੈ ਅਤੇ ਉਸ ਨਾਲ ਇਤਿਹਾਸਕਾਰ ਦਾ ਨਿੱਜੀ ਤੇ ਵਿਸ਼ੇਸ਼ ਵਿਚਾਰ-ਵਿਮਰਸ਼ ਤੇ ਰਮਣ ਜ਼ਰੂਰੀ ਹੈ ਅਤੇ ਉਸ ਦੇ ਇਰਦ-ਗਿਰਦ ਸਭ ਸੰਬੰਧਤ ਸਾਮੱਗਰੀ ਇਕੱਠੀ ਕਰ ਕੇ ਹੀ, ਉਸ ਨਾਲ ਅੰਗ-ਸਪਰਸ਼ ਕਰਨਾ ਵਿਧਾਨ ਹੈ, ਜਿਸ ਤੋਂ ਬਗ਼ੈਰ ਉਸ ਖਰੜੇ ਯਾ ਲਿਖਤ

ਵਿੱਚੋਂ ਕੋਈ ਜੀਵਤ ਸੰਤਾਨ ਉਪਜ ਨਹੀਂ ਸਕਦੀ। ਦੋ ਉਦਾਹਰਣਾਂ, ਉਪਰੋਕਤ ਸਤਰਾਂ ਦੇ ਸਪੱਸ਼ਟੀਕਰਣ ਹਿੱਤ ਦਿੱਤੀਆਂ ਜਾਂਦੀਆਂ ਹਨ। (ਇਕ) ਅਸਾਡੇ 'ਕੁਝ' 'ਖੋਜੀ-ਵਿਦਵਾਨਾਂ' ਨੇ ਮੰਨ ਲਿਆ ਹੈ ਅਤੇ ਪ੍ਰਚਾਰ ਭੀ ਰਹੇ ਹਨ ਕਿ ਨਵੰਬਰ, ਸੰਨ 1675 ਵਿਚ ਔਰੰਗਜ਼ੇਬ ਸ਼ਹਿਨਸ਼ਾਹ ਦਿੱਲੀ ਨਹੀਂ ਸੀ ਅਤੇ ਕਈ ਸੌ ਮੀਲ ਪੱਛਮ ਵੱਲ, ਹਸਨ-ਅਬਦਾਲ ਬੈਠਾ ਹੋਇਆ ਸੀ। ਇਸ ਮਤ ਦੇ ਹੱਕ ਵਿਚ, ਬਹੁਤ ਸਾਰੀ ਸ਼ਹਾਦਤ ਹੋ ਸਕਦੀ ਹੈ, ਪਰ ਕੀ ਇਨ੍ਹਾਂ 'ਇਤਿਹਾਸਕ-ਖੋਜੀਆਂ' ਨੇ ਕਿਸੇ ਪ੍ਰਕਾਰ, ਕਿਸੇ ਸਮੇਂ ਭੀ ਇਹ ਘੋਖਿਆ ਹੈ ਕਿ ਇਸ ਸ਼ਹਾਦਤ ਵਿਚ ਕੋਈ ਇਸ਼ਾਰਾ, ਸੰਕੇਤ, ਸਿੱਧਾ ਯਾ ਟੇਢਾ, ਇਨ੍ਹਾਂ ਤੱਥਾਂ ਵੱਲ ਨਹੀਂ ਹੈ ਕਿ (1) ਗੁਰੂ ਗੋਬਿੰਦ ਸਿੰਘ ਜੀ ਆਪ 'ਦਿਲੀਸ', ਦਿਲੀਸ਼ਵਰ ਔਰੰਗਜ਼ੇਬ ਦੇ ਸਿਰ ਉੱਤੇ, ਗੁਰੂ ਤੇਗ਼ ਬਹਾਦਰ ਦੀ ਹੱਤਿਆ ਦਾ ਠੀਕਰ ਭੰਨਿਆ ਜਾਣਾ ਕਹਿੰਦੇ ਹਨ। ਕਿਉਂ ? (2) ਕਿਸੇ ਸਮਕਾਲੀ ਦੀ ਚਸ਼ਮਦੀਦ ਗਵਾਹੀ, ਪ੍ਰਮਾਣਤ ਰਵਾਇਤ ਦਾ ਰੂਪ ਧਾਰ ਕੇ, ਪਿਛਲੇ ਤਿੰਨ ਸੌ ਵਰ੍ਹਿਆਂ ਤੋਂ ਨਿਰੰਤਰ, ਸਿੱਖਾਂ ਦੀ ਸਮੂਹਿਕ-ਸਮ੍ਰਿਤੀ, ਸਿੱਖਾਂ ਦੀ ਯਾਦਾਸ਼ਤ ਦੇ ਰੂਪ ਵਿਚ ਲਿਖੀ ਪੜ੍ਹੀ ਜਾਂਦੀ ਰਹੀ ਹੈ:

> ਚਲੋ-ਚਲਾਈ ਹੋ ਰਹੀ, ਗਡ ਗਡ ਉਖੜੇ ਮੇਖ।
> ਲੱਖੀ ਨਿਗਾਹੀਆ ਲੈ ਚਲੇ, ਤੂੰ ਖੜਾ ਤਮਾਸਾ ਦੇਖ।

ਗੁਰੂ ਤੇਗ਼ ਬਹਾਦਰ ਦੇ ਪਵਿੱਤਰ ਧੜ ਨੂੰ ਲੱਖੀ ਤੇ ਉਸ ਦਾ ਸਪੁੱਤਰ ਨਿਗਾਹੀਆ, ਸ਼ਾਹੀ ਪਹਿਰੇਦਾਰਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ, ਸਸਕਾਰ ਕਰਨ ਹਿੱਤ ਲੈ ਗਏ ਸੀ, ਇਸ ਵਿਚ ਕਿੰਤੂ ਨਹੀਂ। ਪਰ ਉਪਰੋਕਤ ਦੋਹੇ ਵਿਚ ਹੈ, 'ਤੂੰ ਖੜਾ ਤਮਾਸਾ ਦੇਖ।' ਇਹ 'ਤੂੰ', ਜਿਹੜਾ ਸਾਵਧਾਨ ਤੇ ਤਤਪਰ ਹੋ ਕੇ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦਾ ਕਾਰਾ ਕਰਵਾ ਰਿਹਾ ਹੈ ਅਤੇ ਹੁਣ ਗੌਹ ਨਾਲ ਤੱਕ ਰਿਹਾ ਹੈ ਕਿ ਇਸ ਦਾ ਪਰਿਣਾਮ ਕੀ ਨਿਕਲਦਾ ਹੈ, ਉਸੇ ਨੂੰ ਹੀ ਮੁਖ਼ਾਤਿਬ ਹੋ ਕੇ ਕਿਹਾ ਗਿਆ ਹੈ, 'ਤੂੰ ਖੜਾ ਤਮਾਸਾ ਦੇਖ।' ਇਹ 'ਤੂੰ' ਔਰੰਗਜ਼ੇਬ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ ? ਗੁਰੂ ਤੇਗ਼ ਬਹਾਦਰ ਦੇ ਕਤਲ ਦਾ ਫ਼ਤਵਾ ਦੇਣ ਵਾਲਾ, ਕਾਜ਼ੀ ਅਬਦੁੱਲ ਵਹਾਬ ਬੋਹਰਾ ? ਸ਼ਾਹੀ ਜੱਲਾਦ, ਸੱਯਦ ਜਲਾਲੁੱਦੀਨ ? ਦਿੱਲੀ ਦਾ ਕੁਤਵਾਲ ਜੋ ਗੁਰੂ ਤੇਗ਼ ਬਹਾਦਰ ਦੇ ਆਤਮਕ ਔਜ ਤੋਂ ਇਤਨਾ ਪ੍ਰਭਾਵਤ ਹੋਇਆ ਸੀ ਕਿ ਗੁਰੂ ਸਾਹਿਬ ਦੀ ਸ਼ਹੀਦੀ ਪਿੱਛੋਂ, ਨੌਕਰੀ ਤੋਂ ਅਸਤੀਫ਼ਾ ਦੇ ਕੇ, ਖ਼ਾਲਸੇ ਦੇ ਦਲ ਨਾਲ ਆ ਰਲਿਆ ਸੀ। ਨਤੀਜਾ ਭਾਵੇਂ ਕੋਈ ਕੱਢੋ, ਪਰ ਸੋਚੋ ਤਾਂ ਸਹੀ। ਨਾ ਸੋਚਣਾ, ਨਾ ਸਮਝਣਾ ਅਤੇ ਕਿਸੇ ਕੌਮ ਦੀ ਬੁਨਿਆਦੀ ਹਿਸਟਰੀ ਦੀਆਂ ਜੜ੍ਹਾਂ ਖੋਖਲੀਆਂ ਕਰੀ ਜਾਣੀਆਂ, ਇਸ ਨਾਲੋਂ ਵੱਡੀ ਬੇ-ਰਹਿਮੀ ਤੇ ਖ਼ੂੰਖ਼ਾਰ ਧੱਕਾ, ਅਨਿਆਂ ਕਿਸੇ ਜਾਤੀ ਨਾਲ ਕੀ ਹੋ ਸਕਦਾ ਹੈ ? (2) ਹੋਰ ਪਰਚਾਰਿਆ ਜਾ ਰਿਹਾ ਹੈ ਕਿ ਕਿਸੇ 'ਭੱਟ ਵਹੀ', 'ਤਲੌਂਡਾ ਪਰਗਣਾ' ਵਿਚ ਇਹ ਦਰਜ ਹੈ ਕਿ ਗੁਰੂ ਤੇਗ਼ ਬਹਾਦਰ ਕੀਰਤਪੁਰੋਂ ਸੰਨ 1675 ਵਿਚ ਦਿੱਲੀ ਵੱਲ ਚਾਲੇ ਪਾਉਂਦੇ ਸਾਰ ਹੀ, ਰੋਪੜ ਕੋਲ ਗ੍ਰਿਫ਼ਤਾਰ ਹੋ ਕੇ, ਸਰਹਿੰਦ ਪੰਜ ਕੁ ਮਹੀਨੇ ਪਿੰਜਰੇ ਪਾਏ ਰਹੇ ਸੀ ਅਤੇ ਫੇਰ ਦਿੱਲੀ ਲੈ ਜਾ ਕੇ ਕਤਲ ਕਰ ਦਿੱਤੇ ਗਏ। ਕਿਸੇ 'ਭੱਟ ਵਹੀ' ਵਿਚ ਅਜਿਹੀ ਲਿਖਤ ਜ਼ਰੂਰ ਹੋਵੇਗੀ, ਪਰ ਇਹ ਵਿਚਾਰ ਕਰਨਾ ਭੀ ਤਾਂ ਅਸਾਡੇ 'ਖੋਜੀ' ਇਤਿਹਾਸਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਹੇਠਲੇ ਪ੍ਰਸ਼ਨਾਂ ਦਾ ਉੱਤਰ ਪਹਿਲਾਂ ਦੇਣ ਅਤੇ ਆਪਣੀਆਂ ਨਿੱਤ ਨਵੀਆਂ 'ਖੋਜਾਂ' ਪਿੱਛੋਂ ਪ੍ਰਚਾਰਣ:

(ੳ) ਇਹੋ ਜਿਹੀਆਂ ਵਹੀਆਂ, ਪ੍ਰਾਚੀਨ ਸਮਿਆਂ ਤੋਂ ਤੀਰਥਾਂ ਦੇ ਪਾਂਡੇ, ਅਸਾਡੇ ਦੇਸ਼ ਵਿਚ ਰੱਖਦੇ ਆਏ ਹਨ ਅਤੇ ਹਰ ਵੱਡੇ ਤੀਰਥ ਉੱਤੇ, ਆਏ ਯਾਤਰੂਆਂ ਦਾ ਜ਼ਿਕਰ,

ਇਨ੍ਹਾਂ ਪਰੋਹਿਤ ਪਾਂਡਿਆਂ ਦੀਆਂ ਵਹੀਆਂ ਵਿਚ ਅੰਕਤ ਹੈ। ਕੀ 'ਭੱਟ' ਜਿਨ੍ਹਾਂ ਦੀਆਂ ਇਹ ਵਹੀਆਂ ਹਨ, ਗੁਰੂ-ਘਰ ਦੇ ਪ੍ਰੋਹਤ ਸਨ ? ਕੀ ਉਹ ਕਿਸੇ ਤੀਰਥ ਸਥਾਨ ਦੇ ਪਾਂਡੇ ਸਨ ਅਤੇ ਇਨ੍ਹਾਂ ਵਹੀਆਂ ਵਿਚ ਸਿਵਾਏ ਗੁਰੂ ਤੇਗ਼ ਬਹਾਦਰ ਤੋਂ ਹੋਰ ਕਿਸੇ ਗੁਰੂ ਪਰਿਵਾਰ ਯਾ ਅਨਯ ਯਜਮਾਨਾਂ ਬਾਬਤ ਭੀ ਲਿਖਤਾਂ ਹਨ ? ਕੀ ਹੋਰ ਕੋਈ ਪ੍ਰਥਾ 'ਭੱਟਾਂ' ਦੇ ਅਜਿਹੀਆਂ ਵਹੀਆਂ ਦੇ ਰੱਖਣ ਬਾਬਤ ਹੈ ?

(ਅ) ਇਹ ਵਹੀਆਂ, ਪਿਛਲੇ ਤੀਹ ਕੁ ਵਰ੍ਹਿਆਂ ਤੋਂ ਹੀ ਕਿਉਂ ਪ੍ਰਗਟ ਹੋਈਆਂ ਹਨ। ਪਹਿਲਾਂ ਸਿੱਖ ਸਰਦਾਰੀਆਂ ਤੇ ਰਿਆਸਤਾਂ ਦੇ ਉਰੂਜ ਵੇਲੇ ਇਹ ਕਿਉਂ ਪ੍ਰਗਟ ਹੋ ਕੇ ਸਿੱਖਾਂ ਕੋਲੋਂ ਧਨ, ਜਗੀਰਾਂ ਪ੍ਰਾਪਤ ਕਰਨ ਦਾ ਸਾਧਨ ਨਾ ਬਣੀਆਂ, ਬਣਾਈਆਂ ਗਈਆਂ ?

(ੲ) ਕੀ ਤੀਰਥਾਂ ਉੱਤੇ ਸੁਰੱਖਿਅਤ ਪਾਂਡਿਆਂ ਦੀਆਂ ਵਹੀਆਂ, ਜਿਸ ਪ੍ਰਥਾ ਦਾ ਕਿ ਇਹ 'ਭੱਟ ਵਹੀਆਂ' ਇਕ ਰੂਪ ਮਾਤਰ ਹੀ ਹਨ, ਕਦੇ ਆਖੇਪਿਕ ਰੂਪ ਵਿਚ, ਸਮੇਂ ਸਮੇਂ ਸਿਰ, ਕਿਸੇ ਆਸ਼ੇ, ਲੋੜ ਨੂੰ ਮੁੱਖ ਰੱਖ ਕੇ ਨਹੀਂ ਬਣਾ ਲਈਆਂ ਜਾਂਦੀਆਂ ?

(ਸ) ਜੇ ਗੁਰੂ ਤੇਗ਼ ਬਹਾਦਰ ਪੰਜ ਮਹੀਨੇ ਸਰਹਿੰਦ ਪਿੰਜਰੇ ਵਿਚ ਪਾ ਕੇ ਰੱਖੇ ਰਹੇ ਸੀ, ਤਦ ਇਹ ਗੱਲ ਸਿੱਖਾਂ ਕੋਲੋਂ ਅੱਜ ਤਕ ਕਿਵੇਂ ਲੁਕੀ ਰਹੀ ? ਸੰਨ 1710 ਵਿਚ ਸਿੰਘਾਂ ਨੇ ਸਰਹਿੰਦ ਮਾਰੀ, ਤਦ ਪਹਿਲਾ ਕੰਮ ਗੁਰਦੁਆਰੇ, ਯਾਦਗਾਰਾਂ ਸਥਾਪਤ ਕਰਨ ਦਾ ਕੀਤਾ। ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਨੂੰ ਅਜੇ ਮਸਾਂ ਤਿੰਨ ਕੁ ਦਹਾਕੇ ਹੀ ਬੀਤੇ ਸਨ। ਅਨੇਕਾਂ ਸਰਹਿੰਦ ਵਾਸੀ ਗੁਰੂ ਤੇਗ਼ ਬਹਾਦਰ ਦੇ ਸ਼ਹੀਦੀ ਸੰਵਤਸਰ, ਸੰਨ ਈਸਵੀ 1675 ਵਿਚ ਸ਼ਹੀਦ ਹੋਣ ਦੇ ਸਮੇਂ ਦੇ ਸੰਨ 1710 ਵਿਚ ਅਜੇ ਸਰਹਿੰਦ ਜੀਉਂਦੇ ਹੋਣਗੇ। ਜੇ ਬਾਕੀ ਸਾਰੇ ਪੰਥ ਕੋਲੋਂ ਗੁਰੂ ਤੇਗ਼ ਬਹਾਦਰ ਦੇ ਸਰਹਿੰਦ ਪਿੰਜਰੇ ਵਿਚ ਪਏ ਰਹਿਣ ਵਾਲੀ ਗੱਲ ਗੁਪਤ ਭੀ ਰਹੀ ਤਾਂ ਕੋਈ ਨਾ ਕੋਈ ਤਾਂ ਸਿੰਘਾਂ ਨੂੰ ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਆ ਕੇ ਦੱਸਦਾ ਕਿ ਅਮਕਾ ਅਸਥਾਨ ਗੁਰੂ ਤੇਗ਼ ਬਹਾਦਰ ਦੇ ਪਿੰਜਰੇ ਵਿਚ ਕੈਦ ਰਹਿਣ ਦਾ ਹੈ, ਉਥੇ ਭੀ ਨਿਸ਼ਾਨ-ਗੁਰਦੁਆਰਾ ਸਥਾਪਤ ਕਰੋ। ਜਿਥੇ ਗੁਰੂ ਸਾਹਿਬਾਨ ਦੇ ਘੋੜਿਆਂ ਨੇ ਲਿੱਦ ਕੀਤੀ, ਉਨ੍ਹਾਂ ਸਥਾਨਾਂ ਦਾ ਤਾਂ ਸਿੱਖਾਂ ਨੇ ਥੌਹ ਪਤਾ ਰੱਖਿਆ ਹੈ ਅਤੇ ਉਥੇ ਥੜ੍ਹੇ, ਨਿਸ਼ਾਨ ਗੁਰਦੁਆਰੇ ਕਾਇਮ ਹਨ, "ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥" ਪਰ ਸਰਹਿੰਦ ਵਿਚ ਕੋਈ ਨਿਸ਼ਾਨ, ਥੜ੍ਹਾ ਇਸ ਕਥਿਤ ਪਿੰਜਰੇ ਦੀ ਥਾਂ ਵਾਲਾ ਨਹੀਂ ਹੈ। ਕਿਉਂ ?

(ਹ) ਸਾਰੇ ਮਾਲਵੇ ਵਿਚ ਅਤੇ ਆਗਰੇ ਤਕ ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਦਗਾਰਾਂ ਦਿੱਲੀ ਜਾਣ ਵੇਲੇ ਰਾਹ ਵਿਚ ਮੁਕਾਮ ਕਰਨ ਦੀਆਂ ਕਾਇਮ ਹਨ। ਇਹ ਸਾਰਾ ਝੂਠਾ ਅਡੰਬਰ ਕਿਸ ਨੇ ਤੇ ਕਦੋਂ ਰਚਿਆ ਤੇ ਕਾਇਮ ਕੀਤਾ ਅਤੇ ਸਮੂਹ ਸਿੱਖ ਜਗਤ ਨੇ ਇਸ ਨੂੰ ਮੰਨ ਕਿਵੇਂ ਲਿਆ ?

(ਕ) ਭਾਈ ਸੰਤੋਖ ਸਿੰਘ ਕੈਥਲ ਵਿਚ ਸੰਨ 1830-43 ਵਿਚ ਸਿੱਖ ਇਤਿਹਾਸ ਦੀ ਸੋਮਾ-ਸਾਮੱਗਰੀ ਦੀ ਪੜਚੋਲ, ਤਲਾਸ਼ ਕਰਦੇ ਰਹੇ ਹਨ। ਅਜਿਹੀ ਸਾਮੱਗਰੀ ਜਿਹੜਾ ਪੇਸ਼ ਕਰੇ ਯਾ ਉਸ ਦੀ ਟੋਹ ਦੱਸੇ, ਉਸਨੂੰ ਭਾਈ ਉਦੈ ਸਿੰਘ, ਮਹਾਰਾਜਾ ਕੈਥਲ, ਬਖ਼ਸ਼ਸ਼ਾਂ ਨਾਲ ਨਿਵਾਜਦੇ ਸਨ। ਇਹ 'ਭੱਟ ਵਹੀਆਂ' ਦੇ ਮਾਲਕ ਜਿਹੜੇ ਕਿ ਕੈਥਲ ਦੇ ਨੇੜੇ ਹੀ ਵੱਸਦੇ ਸਨ, ਉਸ ਵੇਲੇ ਕਿਉਂ ਚੁੱਪ ਰਹੇ ? ਅਤੇ ਇਸ ਅਨਮੋਲ ਕੀਮਤੀ ਖ਼ਜ਼ਾਨੇ ਨੂੰ ਜੰਦਰੇ ਕੁੰਜੀ ਵਿਚ ਰੱਖ ਕੇ ਬੈਠੇ ਰਹੇ ਅਤੇ ਇਨਾਮ ਅਕਰਾਮ ਨਾ ਲਏ, ਪਰ ਹੁਣ ਮੁਫ਼ਤ ਹੀ ਅਸਾਡੇ

ਸਿੱਖ ਖੋਜੀ ਪ੍ਰੋਫ਼ੈਸਰਾਂ ਦੇ ਦ੍ਰਿਸ਼ਟੀ-ਗੋਚਰ ਕਰ ਰਹੇ ਹਨ। ਕਿਉਂ ? ਗੁਰਬਾਣੀ ਵਿਚ ਜਿਥੇ ਬੁੱਧੀ ਤੇ ਖੋਜ ਦਾ ਅਸਥਾਨ ਬੜਾ ਉੱਚਾ ਮੰਨਿਆ ਹੈ ਅਤੇ ਕਿਹਾ ਹੈ ਕਿ ਖੋਜ ਤੋਂ ਬਿਨਾਂ ਸੰਸਾਰ ਵਿਚ ਵਿਚਰਨਾ ਅਤੇ ਧਰਮ ਮਾਰਗ ਉੱਤੇ ਚੱਲਣਾ ਅਸੰਭਵ ਜਿਹਾ ਹੀ ਹੈ। "ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ" ਉਥੇ ਕਪਿ-ਬੁੱਧੀ, ਮੱਖੀ 'ਤੇ ਮੱਖੀ ਮਾਰਨ ਵਾਲੀ ਬੁੱਧੀ, ਪ੍ਰਬੁੱਧੀ-ਅਧੀਨ ਬੁੱਧੀ ਦਾ ਭੀ ਖੰਡਨ ਕੀਤਾ ਹੈ। "ਅਕਲੀ ਪੜ੍ਹਿ ਬੁਝੀਐ" ਜਿਹੜੇ ਬੁੱਧੀਜੀਵੀ, ਖੋਜ-ਪੜਤਾਲ ਦਾ ਆਸਰਾ ਲੈ ਕੇ ਪਰ ਸਿੱਖੀ, ਪੰਥ ਵੱਲੋਂ ਉਪਰਾਮਤਾ ਅਤੇ ਸਿੱਖਾਂ ਦੇ ਗੌਰਵ ਅਤੇ ਭਵਿੱਖ ਪ੍ਰਤਿ ਕੁਚੇਸ਼ਟਾ-ਪ੍ਰੇਰਤ ਹੋ ਕੇ ਕੋਈ ਕਰਮ ਕਰਦੇ ਹਨ, ਉਨ੍ਹਾਂ ਬਾਬਤ ਇਹ ਗੁਰੂਵਾਕ ਹੈ, "ਹੋਰਿ ਗਲਾ ਸੈਤਾਨੁ" (ਵਾਰ ਸਾਰੰਗ, ਸਲੋਕ ਮਹਲਾ ੧)। ਸਟਾਲਿਨ (Stalin) ਦਾ ਬੱਜਰ, ਮਹਾਂ ਪਾਪ ਇਹ ਨਹੀਂ ਗਿਣਿਆ ਜਾਂਦਾ ਕਿ ਉਸ ਨੇ ਹਿਟਲਰ ਵਾਂਗਰ ਲੱਖਾਂ ਕਰੋੜਾਂ ਬੇਗੁਨਾਹ ਬੰਦੇ ਬੇਰਹਿਮੀ ਨਾਲ ਮਰਵਾ ਸੁੱਟੇ ਅਤੇ ਇਉਂ ਘੱਲੂਘਾਰਾ, ਕੁਲ ਨਾਸ, ਜਾਤੀ ਨਾਸ (genocide) ਅਸੁਰੀ ਕੁਕਰਮਾਂ ਦਾ ਭਾਗੀ ਬਣਿਆ। ਉਸ ਦਾ ਘੋਰ ਪਾਪ ਇਹ ਮਿਥਿਆ ਜਾਂਦਾ ਹੈ ਕਿ ਅਨੇਕਾਂ ਮਨੁੱਖਾਂ ਦੀ ਜੀਵਨ-ਕਥਾ, ਨੇਕ-ਨਾਮੀ, ਪਤਿ-ਪ੍ਰਤਿਸ਼ਟਾ, ਅਲੋਪ ਕਰ ਕਰਵਾ ਕੇ, ਝੂਠੀਆਂ, ਬੇ-ਬੁਨਿਆਦ ਗਾਥਾ, ਕਹਾਣੀਆਂ ਉਨ੍ਹਾਂ ਮਨੁੱਖਾਂ ਦੇ ਨਾਮ ਮੜ੍ਹ ਦਿੱਤੀਆਂ, ਨਵੀਆਂ ਹਿਸਟਰੀਆਂ ਰਚ ਕੇ, ਪੁਰਾਣੀਆਂ ਸ਼ਹਾਦਤਾਂ ਤਬਾਹ ਕਰ ਕੇ ਅਤੇ ਨਿਰੋਲ ਝੂਠ ਦਾ ਆਸਰਾ ਲੈ ਕੇ ਅਤੇ ਪ੍ਰਚਾਰ ਕਰ ਕੇ। ਜਿਹੜੇ ਲੋਗ ਸਿੱਖੀ ਤੇ ਸਿੱਖੀ ਦੀ ਤਵਾਰੀਖ਼ ਤੇ ਗੌਰਵ ਦੀਆਂ ਜੜ੍ਹਾਂ ਖੋਖਲੀਆਂ ਕਰ ਕੇ, ਸਿੱਖੀ ਦਾ ਵਿਨਾਸ਼, ਗਿਲਾਨੀ ਕਰਨ ਦੇ ਦੋਸ਼ੀ ਬਣਦੇ ਹਨ ਅਤੇ ਸਿੱਖਾਂ ਦੇ ਭਵਿੱਖ ਦੇ ਮੂੰਹ ਮੁਹਾਂਦਰਾ ਅਤੇ ਸਹੀ ਹੋਣੀ ਨੂੰ ਟੇਢ ਵਕਰਤਾ ਦੇਣ ਦੀ ਕਾਮਨਾ ਤੋਂ ਉਤਸ਼ਾਹਤ ਹਨ ਅਤੇ ਸਿੱਖੀ ਤੋਂ ਸਿੱਖਾਂ ਨੂੰ ਸੰਸਾਰ ਦੀ ਤਵਾਰੀਖ਼ ਵਿਚ ਇਕ ਭੁੱਲੀ ਵਿਸਰੀ ਕਹਾਣੀ ਬਣਾ ਕੇ, ਇਨ੍ਹਾਂ ਦੋਹਾਂ ਨੂੰ ਕਿਸੇ ਹੋਰ ਵਿਚਾਰਧਾਰਾ ਨੂੰ ਪ੍ਰਬਲ ਕਰਨ ਹਿੱਤ, ਬਲੀ ਦਾ ਬੱਕਰਾ ਯਾ ਖਾਧ ਬਣਾ ਕੇ ਵਰਤਣਾ ਲੋੜਦੇ ਹਨ ਅਤੇ ਯਾ ਕੇਵਲ ਭੁੱਲ-ਭੁਲੇਖੇ ਵਿਚ ਹੀ ਇਸ ਮਹਾਂ ਪਾਪ ਦੇ ਭਾਗੀ ਹੋ ਰਹੇ ਹਨ, ਉਨ੍ਹਾਂ ਦੀ ਬਾਬਤ ਕੀ ਆਖੀਏ ?

(19) 'ਹਿਸਟਰੀ' ਦੀ ਪ੍ਰੀਭਾਸ਼ਾ ਅਤੇ ਕਥਿਤ ਖੋਜ-ਪੜਤਾਲ ਦੇ ਦੁਰ-ਉਪਯੋਗ ਬਾਬਤ ਜੋ ਉੱਤੇ ਕਿਹਾ ਜਾ ਚੁੱਕਾ ਹੈ, ਉਸ ਦਾ ਸਾਰੰਸ਼ ਇਹ ਹੈ :

1. 'ਹਿਸਟਰੀ' ਯਾ 'ਇਤਿਹਾਸ' ਦਾ ਕੋਈ ਇੱਕੋ ਇਕ ਸਰਵ-ਪ੍ਰਮਾਣਿਤ ਬੱਝਵਾਂ ਰੂਪ ਹੈ ਨਹੀਂ। ਹਿਸਟਰੀ ਦੀ ਰੂਪ-ਰੇਖਾ ਅਤੇ ਇਸ ਦਾ ਮੁਹਾਂਦਰਾ ਤੇ ਤੋਰ ਇਸ ਗੱਲ ਉੱਤੇ ਨਿਰਭਰ ਹੈ ਕਿ ਇਤਿਹਾਸਕਾਰ, ਤੱਤ-ਸੱਤ, ਸੰਸਾਰ ਮਨੁੱਖ-ਗਤੀ ਅਤੇ ਮਨੁੱਖੀ ਜਾਤੀਆਂ ਦੀ ਉਪਸਰਣੀ (historical process) ਦੇ ਬਾਬਤ ਕਿਹੜੇ ਸਿਧਾਂਤ ਜਾਣੇ ਯਾ ਅਣਜਾਣੇ ਤਸਲੀਮ ਕਰਦਾ ਹੈ। ਸ਼ੁੱਧ ਹਿੰਦੂ ਸਿਧਾਂਤਾਂ ਨੂੰ ਮੰਨਣ ਵਾਲਾ ਕਿ ਸੰਸਾਰ ਅਸਾਰ ਹੈ, ਕਾਲ ਕੇਵਲ ਮ੍ਰਿਤੂ ਦੀ ਭੁੱਖ ਦਾ ਹੀ ਦੂਜਾ ਨਾਮ ਹੈ ਅਤੇ ਸੰਸਾਰ ਦਾ ਅਵਰੋਹ, ਉਪਸਰਣੀ ਰੂਪ, ਮਾਯਾ ਤੇ ਅਧਿਯਾਸ ਹੈ, ਉਹ ਪੁਰਾਣਾਂ ਦੀ ਸਾਹਿਤਕ ਸ਼ੈਲੀ ਤੇ ਰੂਪ ਨੂੰ ਹੀ ਸ਼ੁੱਧ ਇਤਿਹਾਸ ਮੰਨੇਗਾ ਅਤੇ ਬਾਕੀ ਵਾਕਿਆਤ-ਨਿਗਾਰੀ ਨੂੰ ਕੇਵਲ ਗਾਥਾ, ਕਥਾ, ਕਹਾਣੀਆਂ। ਭੌਤਿਕਵਾਦੀ ਤੇ ਮਾਰਕਸੀ ਵਿਚਾਰਾਂ ਦਾ ਧਾਰਨੀ ਕੇਵਲ ਆਰਥਕ ਉਤਪਾਦਨ ਤੇ ਸੰਜਮ ਅਤੇ ਸ਼੍ਰੇਣੀ-ਸੰਘਰਸ਼ (class-struggle) ਨੂੰ ਹੀ ਬੁਨਿਆਦੀ ਰੂਹ, ਮਨੁੱਖੀ ਇਤਿਹਾਸ ਦੀ, ਮੱਲ ਕੇ ਵਾਕਿਆਤ ਅਤੇ ਤੱਥਾਂ ਨੂੰ ਭੌਤਕੀਯ ਕਰਮ-ਪ੍ਰਤਿਕਰਮ (materialistic dialectics) ਦੇ ਸ਼ਿਕੰਜੇ ਵਿਚ ਜਕੜੇਗਾ। ਮਨੁੱਖੀ ਵਿਕਾਸ ਅਵਿਕਾਸ

ਨੂੰ ਕਿਸੇ ਅਦ੍ਰਿਸ਼ਟ ਭੂਮੀ ਤੋਂ ਚਲਾਇਮਾਨ ਕੀਤਾ ਜਾ ਰਿਹਾ ਮੰਨਣ ਵਾਲੇ, ਰੱਬੀ ਰਜ਼ਾ ਤੇ ਮਨੁੱਖ ਦੀ ਅਧਿਆਤਮਕ ਹੋਣੀ (teleological and theological view) ਨੂੰ ਧਰੁਵਾ ਮੰਨ ਕੇ, ਇਤਿਹਾਸ ਸਿਰਜੇਗਾ। ਇਤਿਹਾਸ ਅਥਵਾ ਹਿਸਟਰੀ ਨੂੰ ਸਵੰਭੂ, ਜਲਵਾ ਸਵੀਕਾਰਨ ਵਾਲਾ (existentialist, humanist, phenomenologist) ਹੋਰ ਹੀ ਹਿਸਟਰੀ ਦੀ ਸ਼ੈਲੀ, ਨੁਹਾਰ ਤੇ ਰੂਪ-ਰੇਖਾ ਉਕਰੇਗਾ ਅਤੇ ਇਤਿਹਾਸ ਨੂੰ ਕੇਵਲ ਕਿਸੇ ਕਲਪਤ, ਏਕਾਕੇਂਦ੍ਰਿਤ, ਅੰਤ ਨੂੰ ਸਥਿਰ ਤੇ ਉੱਚਤਮ ਰੂਪ ਵੱਲ ਵਿਕਾਸ ਮਿਥਣ ਵਾਲਾ (totalitarian communist) ਅੰਤਮ ਸਮਾਜ-ਵਿਧਾਨ, ਇਸਲਾਮ ਆਦਿ ਹਿਸਟਰੀ ਨੂੰ ਹੋਰ ਢੰਗ ਨਾਲ ਲਿਖੇਗਾ। 'ਇਤਿਹਾਸ' ਇਕ ਨਹੀਂ, ਕਈ ਇਤਿਹਾਸ ਹਨ। "ਮਨ ਹਠ, ਬੁਧੀ ਕੇਤੀਆ॥"

2. ਦਰਪਣ-ਰੂਪ ਇਤਿਹਾਸ, ਜੋ ਕੁਝ ਵਾਪਰਿਆ, ਉਸ ਨੂੰ ਇੰਨ ਬਿਨ ਨਿਜ ਵਿਚਾਰ, ਨਿਸ਼ਠਾ, ਰੁਚੀ ਤੋਂ ਨਿਰਲੇਪ ਰੱਖ ਕੇ ਹਿਸਟਰੀ ਲਿਖਣ ਦਾ ਦਾਅਵੇਦਾਰ ਘੋਰ ਭਰਮਾਂ ਭੁਲੇਖਿਆਂ ਦਾ ਮਾਰਿਆ ਹੋਇਆ ਹੈ, "ਨੀਰ ਬਿਰੋਲੈ ਖਪਿ ਖਪਿ ਮਰਤਾ", "ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥" (ਸਿਰੀਰਾਗੁ ਮਹਲਾ ੧, ਪੰਨਾ 56)। ਜੋ ਇਹ ਸਮਝਦੇ ਹਨ ਕਿ ਜੇ ਉਹ ਕੋਈ ਆਪਣੀ ਰਾਇ ਨਾ ਦੇਣ ਅਤੇ ਨਾ ਹੀ ਭਾਵਾਰਥ ਵਿਸ਼ਲੇਸ਼ਣ ਦ੍ਰਿਸ਼ਟੀਗੋਚਰ ਵਾਕਿਆਤ ਦਾ ਕਰਨ ਅਤੇ ਨਾ ਹੀ ਹੱਥ ਆਏ ਤੱਥਾਂ ਨੂੰ ਪ੍ਰਸਾਧਕਾਂ ਦਾ ਰੂਪ ਧਾਰ ਕੇ ਗੁੰਦਣ ਸੰਵਾਰਨ ਦਾ ਯਤਨ ਕਰਨ ਅਤੇ ਨਾ ਹੀ ਆਪਣੀ ਕਿਸੇ ਦ੍ਰਿੜ੍ਹ-ਨਿਸ਼ਠਾ ਦਾ ਛਾਯਾ-ਮੰਡਲ ਇਸ ਇਤਿਹਾਸ ਦੇ ਕਾਕ-ਪਕਸ਼ ਕੇਸਾਂ ਦੇ ਜੂੜੇ ਉੱਤੇ ਰੱਖਣ, ਤਦ ਉਹ ਸ਼ੁੱਧ, ਨਿਰਲੇਪ ਰੂਪ ਇਤਿਹਾਸ (objective history) ਦਾ ਦਰਸਾ ਦੇਣਗੇ, ਉਹ ਭੁੱਲ ਜਾਂਦੇ ਹਨ ਕਿ ਆਪਣੀ ਰਾਏ ਤੇ ਮਤ ਦਾ ਤਿਆਗ ਕਰ ਕੇ ਉਹ ਅਨਜਾਣੇ ਹੀ ਹੋਰਨਾਂ ਬਿਗਾਨਿਆਂ ਦੀ ਮੁਖ਼ਾਲਫ਼ਾਨਾ ਰਾਇ ਮੰਦ-ਮਤਿ ਦੇ ਜਾਲ ਵਿਚ ਆਪ ਭੀ ਫਸ ਗਏ ਹੋਏ ਹਨ ਅਤੇ ਆਪਣੇ ਪਾਠਕਾਂ ਨੂੰ ਭੀ ਫਸਾ ਰਹੇ ਹਨ। ਇਹੋ ਜਿਹੇ ਇਤਿਹਾਸਕਾਰ ਆਮ ਤੌਰ 'ਤੇ ਭੁਲੇਖਾ-ਪਾਊ ਭੀ ਹੁੰਦੇ ਹਨ ਅਤੇ ਮਨ-ਉਕਤਾਊ (boring and dull) ਭੀ ਹੁੰਦੇ ਹਨ। 'ਦਰਪਣ-ਇਤਿਹਾਸ' ਇਕ ਸਵੈ-ਵਿਰੋਧੀ ਤੇ ਅਸਾਰ ਵਿਚਾਰ ਹੈ। ਸੰਸਾਰ ਵਿਚ ਵਾਪਰੇ ਤੱਥ ਤੇ ਵਾਕਿਆਤ ਤਾਂ ਅਸੰਖਾਂ ਹਨ, ਉਨ੍ਹਾਂ ਵਿੱਚੋਂ ਕਿਹੜੇ ਇਤਿਹਾਸ ਲਿਖਣ ਵੇਲੇ ਚੁਣਨੇ ਹਨ, ਉਨ੍ਹਾਂ ਚੁਣੇ ਹੋਏ ਤੱਥਾਂ ਦਾ ਆਖ਼ਰੀ ਗੰਢ-ਚਿਤਰਾਵਾ ਕਿਵੇਂ ਕਰਨਾ ਹੈ, ਕਿਸ ਸੇਧ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਤੱਥਾਂ ਨੂੰ ਗੁੰਦਣਾ ਹੈ, ਇਸ ਗੁੰਝਲਦਾਰ ਕਿਰਿਆ ਵਿੱਚੋਂ ਇਤਿਹਾਸਕਾਰ ਦੀ ਰੁਚੀ, ਨਿਸ਼ਠਾ, ਪੂਰਵ-ਕਲਪਨਾਵਾਂ ਨੂੰ ਇਕ ਲਾਂਭੇ ਰੱਖਣਾ ਸਰਾਸਰ ਅਸੰਭਵ ਹੈ ਅਤੇ ਜੋ ਅਜਿਹਾ ਨਿਰਾਰਥ ਯਤਨ ਯਾ ਦਾਅਵਾ ਕਰਦਾ ਹੈ, ਆਪ ਭੀ ਭੰਬਲਭੂਸਿਆਂ ਵਿਚ ਪੈਂਦਾ ਹੈ ਅਤੇ ਆਪਣੇ ਪਾਠਕਾਂ ਨੂੰ ਭੀ ਗਧੀ-ਗੇੜ ਵਿਚ ਪਾਉਂਦਾ ਹੈ, 'ਮਨ ਕੀ ਮਤੀ ਕੇਤੀਆਂ, ਪਏ ਫਿਰਨ ਅਸਗਾਹ ਗੋਤੇ ਖਾਹਿ ਨ ਨਿਕਲੈ' ਗੁਰੂ ਨਾਨਕ ਦੇ ਗੁਰਵਾਕ ਤਾਂ ਹੈਨ ਹੀ, ਪਰ ਮਾਰਕਸ, ਫ਼ਰਾਇਡ, ਯੁੰਗ (Marx, Freud, Jung) ਆਦਿ ਧੁਰੰਧਰ ਪੱਛਮੀ ਚਿੰਤਕ ਭੀ ਇਸੇ ਸਿਧਾਂਤ ਦੇ ਧਾਰਨੀ ਹਨ।

(20) *ਸਾਖੀ ਪੋਥੀ* ਦੀ ਇਤਿਹਾਸਕ ਕੂਤ ਤੇ ਸਥਾਨ ਨਿਸਚਿਤ ਕਰਨ ਤੋਂ ਪਹਿਲਾਂ, ਅਯੋਗ ਨਹੀਂ ਹੋਵੇਗਾ ਜੇ ਅਜੋਕੇ ਵਿਦਿਅਕ-ਖੋਜ (academic research) ਦਾ ਬੁਖ਼ਾਰ ਤਾਪ, ਜਿਹੜਾ ਅਸਾਡੀਆਂ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਨੂੰ, ਭਾਰੀ ਮਾਤਰਾ

ਵਿਚ ਚੜ੍ਹਿਆ ਹੋਇਆ ਹੈ, ਉਸ ਬਾਬਤ ਵੀ ਇਕ ਦੋ ਸ਼ਬਦ ਕਹਿ ਦਿੱਤੇ ਜਾਣ। ਇਹ ਖੋਜ-ਪੜਤਾਲ ਕਿਰਿਆ (research), ਸਾਇੰਸ ਨੂੰ ਛੱਡ ਕੇ, ਬਾਕੀ ਵਿਸ਼ਿਆਂ ਵਿਚ, ਅੱਜ ਕੱਲ ਅਵੱਸ਼ ਯਾ ਸਰਬ-ਸਰੇਸ਼ਟ ਵਿਦਿਆ-ਪ੍ਰਣਾਲੀ ਨਹੀਂ ਮੰਨਿਆ ਜਾਂਦਾ, ਜਿਵੇਂ ਕਿ ਪੱਛਮ ਦੇ ਵਿਸ਼ਵ-ਵਿਦਿਆਲਿਆਂ ਵਿਚ, ਵੀਹਵੀਂ ਸਦੀ ਦੇ ਅੱਧ ਤਕ ਮੰਨਿਆ ਜਾਂਦਾ ਸੀ। ਸੰਨ 1926 ਵਿਚ, ਬਰਮਿੰਘਮ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਲਾਰਡ ਸੇਸਿਲ ਆਫ਼ ਚੇਲਵੁਡ (Lord Cecil of Chelwood) ਨੇ ਕਿਹਾ ਸੀ :

> "ਜੇ ਖੋਜ-ਪੜਤਾਲ ਬਹੁ-ਮੁੱਲੀ ਕਿਰਿਆ ਹੈ ਤਦ ਖੋਜ ਕਰਨ ਵਾਲੇ ਵਿਦਵਾਨ ਹੋਰ ਭੀ ਬਹੁ-ਮੁੱਲੇ ਹਨ। ਇਨ੍ਹਾਂ ਮਹਾਨ ਖੋਜੀਆਂ ਤੋਂ ਬਿਨਾਂ; ਜਿਹੋ ਜਿਹੇ ਕਿ ਅਸਾਡੇ ਕੋਲ ਹਨ, ਵਿਦਿਅਕ ਚਾਨਣ ਤੇ ਚਮਤਕਾਰ ਸੰਭਵ ਹੀ ਨਹੀਂ।..... ਇਹ ਖੋਜੀ ਵਿਦਵਾਨ ਹੀ ਹਨ ਜਿਨ੍ਹਾਂ ਦੀ ਪ੍ਰਤਿਭਾ ਅਸਾਡੀਆਂ ਯੂਨੀਵਰਸਿਟੀਆਂ ਦਾ ਅਧਾਰ ਹੈ, ਜਿਸ ਤੋਂ ਬਗ਼ੈਰ ਯੂਨੀਵਰਸਿਟੀਆਂ ਜੀਵਤ ਹੀ ਨਹੀਂ ਰਹਿ ਸਕਦੀਆਂ।"[1]

ਮਿਸਟਰ ਜੈਕ ਬੈਨੇਟ, ਮਗਦਾਲੇਨ ਕਾਲਜ, ਆਕਸਫ਼ੋਰਡ (Magdalene College, Oxford) ਦਾ ਇਕ ਟਿਊਟਰ, ਇਤਿਹਾਸ-ਅਧਿਆਪਕ ਹੁਣ ਕਹਿੰਦਾ ਹੈ ਕਿ "ਅੱਜ ਕੱਲ ਦੀ ਵਿਦਿਅਕ ਖੋਜ-ਪੜਤਾਲ (ਅਸਾਡੇ ਸਿਰ ਚੜ੍ਹਿਆ) ਇਕ ਗੁੰਡਾ ਜਰਵਾਣਾ ਹੈ।"[2] ਅਤੇ ਉਹ ਖੋਜ-ਪੜਤਾਲ ਦੀ ਅੱਜ ਕੱਲ ਦੀਆਂ ਯੂਨੀਵਰਸਿਟੀਆਂ ਵਿਚ ਪ੍ਰਚਲਿਤ ਕਿਰਿਆ ਨੂੰ 'ਕੀਟ-ਕ੍ਰੀੜਾ' (ant-heap activity) ਕਹਿੰਦਾ ਹੈ ਜਿਸ ਨੇ ਕਿ ਯੂਨੀਵਰਸਿਟੀਆਂ ਦਾ ਸਾਹ-ਸਤ ਮਾਰ ਸੁੱਟਿਆ ਹੈ। ਆਕਸਫ਼ੋਰਡ ਯੂਨੀਵਰਸਿਟੀ ਵਿਚ ਜੋ 'ਬੀ.ਫਿਲ' (Bachelor of Philosophy) ਦਾ ਨਵਾਂ ਕੋਰਸ (1962) ਵਿਚ ਚਾਲੂ ਹੋਇਆ ਹੈ, ਉਹ ਖੋਜ-ਪੜਤਾਲ ਨੂੰ ਕੋਈ ਵੱਡੀ ਗੌਰਵਤਾ ਨਹੀਂ ਦਿੰਦਾ ਅਤੇ ਆਦੇਸ਼ਾਧਾਰ ਅਧਯਨ (guided reading) ਅਤੇ ਉਸਤਾਦਾਂ ਅਤੇ ਪ੍ਰਮਾਣੀਕ ਵਿਦਵਾਨਾਂ ਨਾਲ ਤੇ ਵਿਦਿਆਰਥੀਆਂ ਦੇ ਆਪਸੀ ਤੇ ਲਗਾਤਾਰ ਸੰਪਰਕ ਨੂੰ ਗੌਰਵਮਈ ਅਤੇ ਜ਼ਰੂਰੀ ਮੰਨਦਾ ਹੈ।

(21) *ਸਾਖੀ ਪੋਥੀ* ਦੇ ਚਾਰ ਅੰਸ਼ ਦ੍ਰਿਸ਼ਟੀ-ਗੋਚਰ ਰੱਖਣੇ ਚਾਹੀਏ, ਤਾਂ ਜੁ ਇਸ ਮਹਾਨ ਗ੍ਰੰਥਿਕਾ ਦਾ ਇਤਿਹਾਸਕ ਮੁਲੰਕਣ ਹੋ ਸਕੇ :

1. ਪੂਰਵ-ਕਲਪਣਾ, ਇਨ੍ਹਾਂ ਸਾਖੀ ਦੇ ਲਿਖਾਰੀਆਂ ਦੀ ਇਹ ਹੈ ਕਿ ਨਵਮ ਗੁਰੂ ਅਤੇ ਦਸਮ ਗੁਰੂ ਪਰਾਭੌਤਕ, ਅਗੰਮੀ ਪੁਰਖ ਹਨ, ਜਿਨ੍ਹਾਂ ਦਾ ਸਹੀ ਆਤਮਕ ਕਦ-ਕਾਠ ਸੰਸਾਰੀ ਮਨੁੱਖਾਂ ਨਾਲੋਂ ਬਹੁਤ ਵਡੇਰਾ ਤੇ ਕਿਤੇ ਉਚੇਰਾ ਹੈ। ਜਿਵੇਂ ਔਰੰਗਜ਼ੇਬ ਨੇ ਰਾਜਾ ਜੈ ਸਿੰਘ, ਜੈਪੁਰ ਬਾਬਤ ਕਿਹਾ ਸੀ ਕਿ ਰਾਜਾ ਜੈ ਸਿੰਘ 'ਮਨੁੱਖ-ਗਤੀ ਤੋਂ ਉੱਤੇ ਹੈ'[3] ਅਤੇ ਉਸ ਸਮੇਂ ਰਾਜਾ ਜੈ ਸਿੰਘ ਅਤੇ ਉਸ ਦੇ ਉੱਤਰਾਧਿਕਾਰੀ 'ਸਵਾਈ' ਦੀ ਉਪਾਧੀ ਧਾਰਨ ਕਰਨ ਲੱਗ ਪਏ ਹਨ, ਉਵੇਂ *ਸਾਖੀ ਪੋਥੀ* ਦੇ ਲਿਖਾਰੀਆਂ ਦਾ ਦ੍ਰਿੜ੍ਹ ਮਤ ਹੈ ਕਿ

---

1. "If research is valuable, the existence of researchers is even more valuable. Without such men as our great researchers there can be no brilliancy, for it is these men who give to the whole work of a University the inspiration without which it cannot really exist." Annual Address.
2. "Our research is a tyrant" in a talk in the Third Programme of B.B.C. (London, 1964).
3. ਸਵੱਾਂ ਅਜ਼ ਇਨਸਾਨ ਅਸਤ।

ਗੁਰੂ ਸਾਹਿਬ ਮ੍ਰਿਤੂ ਲੋਕ ਦੇ ਵਾਸੀ ਮਨੁੱਖ ਨਹੀਂ ਹਨ, ਕਾਲ-ਰਹਿਤ, ਅਦ੍ਰਿਸ਼ਟ ਦੇ ਵਾਸੀ ਹਨ, 'ਮਰਦ ਅਗੰਮੜੇ' (more than man)। ਉਨ੍ਹਾਂ ਦੀ ਇਤਿਹਾਸਕ ਗਾਥਾ, ਬਗ਼ੈਰ ਉਨ੍ਹਾਂ ਅਗੰਮੀ ਚਮਤਕਾਰਾਂ ਦੇ ਨਿਰੂਪਣ ਤੋਂ ਜਿਹੜੇ ਕਿ ਗੁਰੂ ਸਾਹਿਬਾਨ ਦੇ ਮਾਲਵੇ ਦੇ ਸਫ਼ਰ ਦੇ ਦੌਰਾਨ, ਜ਼ਹੂਰ ਵਿਚ ਆਏ, ਠੀਕ ਨਹੀਂ ਕਹੀ ਜਾ ਸਕਦੀ।

2. ਇਨ੍ਹਾਂ 'ਸਾਖੀਆਂ' ਦੇ ਲਿਖਾਰੀ, ਸ਼ੁੱਧ ਹਿਰਦੇ ਅਤੇ ਸੰਖੇਪ, ਸਰਲ ਵਾਕਾਂ ਵਿਚ ਇਹ ਗੁਰੂ-ਗਾਥਾ ਕਹਿੰਦੇ ਹਨ, ਬਿਨਾਂ ਸਾਹਿਤਕ ਭੂਸ਼ਣੀਕਰਣ ਦੇ ਤਾਂ ਜੁ ਪਾਠਕ ਨੂੰ ਉਹ ਸੇਧ ਮਿਲ ਸਕੇ ਜਿਸ ਨੂੰ ਗ੍ਰਹਿਣ ਕਰ ਕੇ, ਪਾਠਕ ਲਈ, ਗੁਰੂ ਸਾਹਿਬਾਨ ਦੇ ਕਥਨ ਕੀਤੇ ਹੋਏ ਕਾਰਨਾਮਿਆਂ ਦਾ ਸਹੀ ਰੂਪ, ਆਪਣੇ ਮਨ, ਬੁੱਧੀ ਵਿਚ ਚਿਤਰ ਸਕੇ।

3. ਇਨ੍ਹਾਂ ਸਾਖੀਆਂ ਦੇ ਲਿਖਾਰੀਆਂ ਦਾ ਮੂਲ-ਤੱਤ ਇਹ ਹੈ ਕਿ ਇਤਿਹਾਸ ਦੀ ਪ੍ਰਗਤੀ ਦੇ ਪ੍ਰਾਣ (elan) ਆਰਥਿਕ ਢਾਂਚਾ ਅਤੇ ਭੌਤਕ ਕਰਮ-ਪ੍ਰਤਿਕਰਮ (materialistic dialectics) ਨਹੀਂ ਹਨ ਸਗੋਂ ਚਮਤਕਾਰੀ, ਕਰਤਾਰੀ ਪੁਰਖ ਜਿਨ੍ਹਾਂ ਨੂੰ ਕਿ ਕਾਰਲਾਇਲ (Carlyle) 'ਹੀਰੋ' (Hero) ਕਹਿੰਦਾ ਹੈ, ਉਹ ਹੀ ਤਵਾਰੀਖ਼ ਰਚਣ ਵਾਲੇ, ਤਵਾਰੀਖ਼ ਨੂੰ ਚਾਲੂ ਰੱਖਣ ਵਾਲੇ ਅਤੇ ਇਸ ਨੂੰ ਨੱਥ ਪਾਉਣ ਵਾਲੇ ਹਨ ਅਤੇ ਇਨ੍ਹਾਂ ਸਰਬੋਤਮ ਪੁਰਖਾਂ ਦਾ ਵਰਣਨ ਬਿਰਤਾਂਤ ਹੀ ਸਹੀ ਇਤਿਹਾਸ ਹੈ।

4. ਸਾਹਿਤਕ ਪਰਿਜਾਤੀ (genre) ***ਸਾਖੀ ਪੋਥੀ*** ਦਾ ਓਹੋ ਪ੍ਰਾਚੀਨ ਸਾਹਿਤਕ ਰੂਪ 'ਸੂਤ੍ਰ'[1] ਹੈ ਜਿਸ ਦਾ ਮੂਲ ਸਿਧਾਂਤ ਹੈ ਕਿ ਥੋੜੇ ਤੋਂ ਥੋੜੇ ਪਰ ਸਪੱਸ਼ਟ ਸ਼ਬਦਾਂ ਵਿਚ ਕਿਸੇ ਵਿਸ਼ੇ ਦਾ ਸਾਰ ਵਰਣਨ ਕਰ ਦਿੱਤਾ ਜਾਵੇ, ਬਿਨਾਂ ਅਲੰਕਾਰਾਂ ਭੂਸ਼ਣਾਂ ਤੋਂ। ਇਸ ਨੂੰ ਪੜ੍ਹ ਸੁਣ ਕੇ ਪਾਠਕ ਆਪ ਆਪਣੇ ਧਿਆਨ ਵਿਚ ਐਸੇ ਸੂਤ੍ਰ-ਰੂਪ ਇਤਿਹਾਸ ਦਾ ਫੈਲਾਓ, ਵਿਸਤਾਰ ਅਨੂਪੇ ਅਤੇ ਇਉਂ ਇਸ ਅਨੁਰੂਪਤ ਵਿਸਥਾਰ ਨੂੰ ਆਪਣੇ ਗਿਆਨ-ਭੰਡਾਰ ਵਿਚ ਸੰਕਲਨ ਸੰਚਾਰ ਕਰੇ। ਅਸਾਡਾ ਪ੍ਰਾਚੀਨ ਵਿਦਿਆ-ਸਿਧਾਂਤ (Theory of Education) ਵਿਦਿਆ-ਗ੍ਰਹਿਣ ਦੇ ਤਿੰਨ ਪੜਾਅ ਮੰਨਦਾ ਹੈ: ਸ੍ਰਵਣ, ਮੰਨਣ, ਨਿਧਿਯਾਸਨ, "ਸੁਣਿਆ, ਮੰਨਿਆ, ਮਨਿ ਕੀਤਾ ਭਾਉ", ***ਸਾਖੀ ਪੋਥੀ*** ਦੀ ਪਰਿਜਾਤੀ (genre) ਸ੍ਰਵਣ, ਮੰਨਣ ਦੇ ਪੜਾਅ, ਸਹਿਜੇ ਹੀ ਪ੍ਰਾਪਤ ਹੋਏ ਹੋਏ ਯਾ ਹੋਣ ਵਾਲੇ ਮਿੱਥ ਕੇ ਪਾਠਕ ਨੂੰ 'ਨਿਧਿਯਾਸਨ' ਦੇ ਪੜਾਅ ਉੱਤੇ ਪੁੱਜਣ ਲਈ ਸੰਕੇਤ ਇਸ਼ਾਰੇ, ਪੌੜੀ, ਸਹਾਰਾ ਦਿੰਦੀ ਹੈ ਅਤੇ ਲੇਖਕ, ਪਾਠਕ ਦੀ ਨਿੱਜੀ ਕਰਤਾਰੀ-ਸ਼ਕਤੀ (creativity) ਵਿਚ ਵਿਘਨ ਨਹੀਂ ਪਾਉਣਾ ਚਾਹੁੰਦੀ।

(22) ਇਉਂ ਸਮਝਿਆਂ ਵਿਚਾਰਿਆਂ ***ਸਾਖੀ ਪੋਥੀ*** ਨਾਮੀ ਗ੍ਰੰਥਿਕਾ ਦਾ ਇਤਿਹਾਸਕ ਮੁੱਲ ਤੇ ਸਥਾਨ ਉੱਚਾ ਤੇ ਦੁਰਲਭ ਸਪੱਸ਼ਟ ਹੋ ਆਉਂਦਾ ਹੈ।

---

1. अल्पाक्षम संदिग्धं सारविद्धरषतो मुखम्। श्रस्तोभमनद्यं च सूत्रविदुः ॥

# ਸੁਖਮਨੀ

- 1 -

'ਮਹਿੰਜੋ-ਦੇਰੂ' ਦੇ ਸੱਤ ਹਜ਼ਾਰ ਸਾਲ ਪੁਰਾਣੇ ਖੰਡਰਾਂ ਦੀ ਦੇਖ-ਭਾਲ ਤੋਂ ਸਮਾਜਿਕ ਸਭਿਅਤਾ ਦੇ ਵਿਦਿਆਰਥੀ ਨੂੰ ਸਭ ਤੋਂ ਵੱਧ ਅਚੰਭਾ ਇਸ ਗੱਲ 'ਤੇ ਹੁੰਦਾ ਹੈ ਕਿ ਉਥੇ ਜੰਗੀ ਸ਼ਸਤਰਾਂ ਤੇ ਬਸਤੀਆਂ ਦੀ ਰੱਖਿਆ ਲਈ ਫ਼ਸੀਲਾਂ ਆਦਿਕ ਦਾ ਕੋਈ ਨਾਮ-ਨਿਸ਼ਾਨ ਨਹੀਂ ਮਿਲਦਾ। ਉਸ, ਤਵਾਰੀਖ਼ ਤੋਂ ਭੀ ਪਹਿਲੇ, ਦੂਰ-ਦੁਰਾਡੇ ਸਮੇਂ ਵਿਚ ਕੀ ਕਾਰਨ ਹੋ ਸਕਦੇ ਹਨ ਕਿ ਮਨੁੱਖੀ ਸਮਾਜ ਤੇ ਬਸਤੀਆਂ ਸ਼ਸਤਰ-ਵਿੱਦਿਆ ਤੇ ਯੁੱਧ-ਪ੍ਰਕ੍ਰਿਤੀ ਤੋਂ ਇਸ ਹੱਦ ਤਕ ਬੇ-ਨਿਆਜ਼ ਹੋ ਗਏ ਕਿ ਉਨ੍ਹਾਂ ਨੂੰ ਯੁੱਧ ਜੰਗ ਦੀ ਹੋਂਦ ਹੀ ਬੇਲੋੜੀ ਤੇ ਅਸੰਭਵ ਪ੍ਰਤੀਤ ਹੋਣ ਲੱਗ ਪਈ। ਮਨੁੱਖੀ ਸਭਿਅਤਾ ਦੀ ਤਾਰੀਖ਼ ਵਿਚ ਕੋਈ ਸ਼ਹਾਦਤ ਇਸ ਯਕੀਨ ਦੀ ਪੁਸ਼ਟੀ ਵਿਚ ਨਹੀਂ ਮਿਲਦੀ ਕਿ ਸਭਿਅਤਾ ਤੇ ਤਹਿਜ਼ੀਬ ਦੀ ਉੱਨਤੀ ਯਾ ਸਾਇੰਸ ਦੇ ਵਿਕਾਸ ਨਾਲ ਮਨੁੱਖੀ ਸਮਾਜ ਦੀਆਂ ਮਾਰਨ ਖੰਡੀਆਂ ਤੇ ਚੰਡਿਕਾ ਰੁਚੀਆਂ ਵਿਚ ਕੋਈ ਬੁਨਿਆਦੀ ਤਬਦੀਲੀ ਆ ਜਾਂਦੀ ਹੈ; ਸਗੋਂ ਸ਼ਹਾਦਤ ਇਸ ਦੇ ਬਿਲਕੁਲ ਉਲਟ ਹੈ ਕਿ ਜਿਉਂ-ਜਿਉਂ ਪ੍ਰਕ੍ਰਿਤੀ ਦਿਆਂ ਭੇਤਾਂ ਤੇ ਉਸ ਦੀਆਂ ਸ਼ਕਤੀਆਂ ਉੱਤੇ ਆਦਮੀ ਦਾ ਵਸੀਕਾਰ ਵਧਦਾ ਜਾਂਦਾ ਹੈ ਤੇ ਜਿਉਂ-ਜਿਉਂ ਕਿਸੇ ਸਮਾਜ ਯਾ ਕੌਮ ਦੀ ਮਾਦੀ ਤੇ ਮਾਨਸਕ ਹਾਲਤ ਉੱਨਤ ਤੇ ਪੇਚੀਦਾ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਯੁੱਧ ਜੰਗ ਦੀ ਲੋੜ ਤੇ ਉਸ ਨੂੰ ਸਿਰੇ ਚੜ੍ਹਾਣ ਦੇ ਢੰਗ ਵਧੇਰੇ ਡੂੰਘੇ ਤੇ ਹਾਨੀਕਾਰਕ ਹੁੰਦੇ ਜਾਂਦੇ ਹਨ।

- 2 -

'ਨਿਟਸ਼ੇ' ਕਹਿੰਦਾ ਹੈ ਕਿ ਸਮਾਜੀ ਜੀਵਨ ਤੇ ਇਨਫ਼ਰਾਦੀ ਜੀਵਨ ਆਪਣੀ ਉੱਨਤੀ ਲਈ ਜੰਗੀ ਰੁਚੀਆਂ ਤੇ ਉਨ੍ਹਾਂ ਨੂੰ ਵਰਤਣ ਦੇ ਮੌਕਿਆਂ ਦੀਆਂ ਰਿਣੀ ਹਨ। ਤੇ 'ਮੁੱਸੋਲੀਨੀ' ਹਾਮੀ ਭਰਦਾ ਹੈ ਕਿ ਕਿਸੇ ਕੌਮ ਦੇ ਜੀਵਨ ਯਾ ਮੌਤ ਦਾ ਨਿਰਭਰ ਅਜੇਹੀਆਂ ਜੰਗੀ ਰੁਚੀਆਂ ਨੂੰ ਵੱਧ ਤੋਂ ਵੱਧ ਚੁੜੱਤਣ ਦੇਣ ਉੱਤੇ ਹੈ।

- 3 -

ਅੱਜ ਜਦੋਂ ਕਿ ਦੁਨੀਆ ਇਕ ਦੂਸਰੇ ਦੇ ਲਹੂ ਦੀ ਤ੍ਰਿਹਾਈ ਇਸ ਭਿਆਨਕ ਤਰੀਕੇ ਨਾਲ ਹੋ ਰਹੀ ਹੈ ਕਿ ਨਹੀਂ ਕਿਹਾ ਜਾ ਸਕਦਾ ਕਿ ਆਉਣ ਵਾਲੀਆਂ ਇਨਸਾਨੀ ਨਸਲਾਂ ਦੀ ਕੀ ਦਸ਼ਾ ਹੋਵੇਗੀ, ਵਿਚਾਰਵਾਨ ਮਨਾਂ ਲਈ ਇਸ ਸਵਾਲ ਦੀ ਅਹਿਮੀਅਤ ਤੇ

ਗੌਰਵਤਾ ਬਹੁਤ ਵਧ ਗਈ ਹੈ ਕਿ ਕੀ ਕੋਈ ਅਜਿਹੇ ਗੁਰ ਯਾ ਰਾਹ ਨਹੀਂ, ਜਿਸ ਨੂੰ ਵਰਤਿਆਂ ਅਜਿਹਾ ਜੰਗਲੀ ਖ਼ੂਨ-ਖ਼ਰਾਬਾ ਬੇ-ਲੋੜਾ ਹੋ ਜਾਵੇ ਤੇ ਮਨੁੱਖ ਤੇ ਸਮਾਜ ਨੂੰ ਹਮੇਸ਼ਾ ਲਈ ਉਹ ਅਤੁੱਟ ਅਮਨ ਤੇ ਸੁਖ ਮਿਲ ਜਾਵੇ, ਜਿਸ ਤੋਂ ਬਿਨਾਂ ਮਨੁੱਖ ਦਾ ਉਨ੍ਹਾਂ ਆਤਮਕ ਮੰਡਲਾਂ ਵਿਚ ਵਿਚਰਨਾ ਅਸੰਭਵ ਹੈ, ਜੋ ਕਿ ਅਜੇ ਤਕ ਖੋਜੇ-ਪੜਤਾਲੇ ਨਹੀਂ ਜਾ ਸਕੇ, ਪਰ ਜਿਨ੍ਹਾਂ ਦੀ ਹੋਂਦ ਤੋਂ ਕੋਈ ਵਿਚਾਰਵਾਨ ਆਦਮੀ ਮੁਨਕਰ ਨਹੀਂ।

- 4 -

ਇਕ ਉੱਤਰ ਇਸ ਗੁੰਝਲ ਦਾ 'ਸੋਸ਼ਲਿਜ਼ਮ'—ਸਾਂਝੀਵਾਲਤਾ ਹੈ। ਇਸ ਦੇ ਹਾਮੀਆਂ ਦਾ ਵਿਸ਼ਵਾਸ ਹੈ ਕਿ ਕੌਮਾਂਤਰੀ ਖਿਚੋਤਾਣ ਦਾ ਮੁੱਢਲਾ ਕਾਰਨ ਮਾਦੀ ਪਦਾਰਥਾਂ ਦੀ ਬੇਸੁਰੀ ਵੰਡ ਹੈ ਤੇ ਜੇ ਦੁਨਿਆਵੀ ਸਾਮਾਨ ਲੋਕਾਂ ਕੋਲ ਇਤਨੇ ਘੱਟ ਵੱਧ ਨਾ ਹੋਣ ਕਿ ਅਮੀਰੀ ਤੇ ਗ਼ਰੀਬੀ ਇੱਕੋ ਥਾਂ 'ਤੇ ਮੋਢੇ ਨਾਲ ਮੋਢਾ ਰਗੜੇ ਤਾਂ ਮਾਰਨ ਖੰਡੀਆਂ ਰੁਚੀਆਂ ਤੇ ਪਰਸਪਰ ਈਰਖਾ ਆਪੇ ਨਾਬੂਦ ਹੋ ਜਾਣ ਤੇ ਦੁਨੀਆ ਉਸ ਸੁਖ ਤੇ ਸ਼ਾਂਤੀ ਨੂੰ ਪ੍ਰਾਪਤ ਹੋ ਜਾਵੇ ਜੋ ਕਿ ਅਜੇ ਤਕ ਸੁਪਨਾ ਹੀ ਬਣੀ ਰਹੀ ਹੈ। ਇਸ ਖ਼ਿਆਲ ਨੂੰ ਮੰਨਣ ਵਾਲਿਆਂ ਦੀ ਗਿਣਤੀ ਅੱਜ ਦੁਨੀਆ ਵਿਚ ਇਤਨੀ ਵਧੇਰੇ ਹੈ ਕਿ ਇਹ ਸਿਧਾਂਤ ਇਕ ਆਲਮਗੀਰ ਮਜ਼ਹਬ ਦੀ ਸ਼ਕਲ ਇਖ਼ਤਿਆਰ ਕਰ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਲੋੜੀਂਦੇ ਸਵਾਲ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਉਨ੍ਹਾਂ ਦੀ ਰਚਿਤ 'ਸੁਖਮਨੀ ਸਾਹਿਬ' ਇਸ ਨੁਕਤੇ ਤੋਂ ਇਕ ਬੜੀ ਜ਼ਰੂਰੀ ਤੇ ਅਹਿਮ ਬਾਣੀ ਕਹੀ ਜਾ ਸਕਦੀ ਹੈ।

- 5 -

ਗੁਰੂ ਅਰਜਨ ਦੇਵ ਜੀ ਦਾ ਸਿਧਾਂਤ ਇਹ ਹੈ ਕਿ ਮਨੁੱਖ ਦੇ ਮਨ ਤੇ ਬੁੱਧੀ ਦੀਆਂ ਤਰੁੱਟੀਆਂ ਤੇ ਮਨੁੱਖੀ ਸਮਾਜ ਦੇ ਪਰਸਪਰ ਖਹਿ-ਖਹਿ ਤੇ ਨਿਤ-ਨਿਤ ਦੇ ਯੁੱਧਾਂ ਜੰਗਾਂ ਦਾ ਕਾਰਨ ਇਨਸਾਨੀ ਮਨ ਤੇ ਰੂਹ ਦੇ ਸੰਸਕਾਰਾਂ ਵਿਚ ਪੋਸ਼ੀਦਾ ਹੈ। ਜਿਤਨਾ ਚਿਰ ਅਚੇਤ ਮਨ ਦੀਆਂ ਰੁਚੀਆਂ 'ਤੇ ਕਾਬੂ ਪਾ ਕੇ ਰੂਹ ਦੀਆਂ ਸਭ ਤੋਂ ਹੇਠਲੀਆਂ ਗਹਿਰਾਈਆਂ ਵਿਚ ਇਨਕਲਾਬ ਨਹੀਂ ਲਿਆਇਆ ਜਾਂਦਾ, ਉਤਨਾ ਚਿਰ ਬਾਹਰਲੀਆਂ ਮਾਦੀ ਹਾਲਤਾਂ ਵਿਚ ਕੋਈ ਅਦਲਾ-ਬਦਲੀ ਵੀ, ਮਨੁੱਖ ਲਈ ਉਸ ਅਮਨ ਤੇ ਸ਼ਾਂਤੀ ਦਾ ਸੂਚਕ ਨਹੀਂ ਹੋ ਸਕਦੀ, ਜਿਸ ਅਮਨ ਤੇ ਸ਼ਾਂਤੀ ਤੋਂ ਬਿਨਾਂ ਆਦਮੀ ਆਪਣੇ ਮੌਜੂਦਾ ਮੰਡਲ ਤੋਂ ਬਿਲਕੁਲ ਉੱਚਾ ਉਠ ਕੇ ਉਥੇ ਪਹੁੰਚ ਸਕੇ, ਜਿਸ ਨੂੰ ਕਿ ਦੇਵਤਿਆਂ ਦੀ ਪਦਵੀ, ਪਾਰਗ੍ਰਾਮੀ ਮਨੁੱਖੀ ਮੰਡਲ, ਕਿਹਾ ਜਾ ਸਕੇ। ਇਨਸਾਨ ਦੀਆਂ ਆਤਮਕ ਗਹਿਰਾਈਆਂ ਵਿਚ ਇਹ ਇਨਕਲਾਬ ਲਿਆਉਣ ਲਈ ਉਹ ਇਕ ਸਾਧਨ ਨੂੰ ਸਭ ਨਾਲੋਂ ਉੱਤਮ ਸਾਧਨ ਦੱਸਦੇ ਹਨ, ਜੋ ਸਾਧਨ ਕਿ ਸਿੱਖ ਧਰਮ ਦਾ ਮਰਕਜ਼ੀ ਸਤੂਨ ਹੈ, ਉਹ ਹੈ ਨਾਮ-ਸਿਮਰਨ। ਨਾਮ-ਸਿਮਰਨ ਸਾਧਨ ਭੀ ਹੈ ਤੇ ਨਿਸ਼ਾਨਾ ਵੀ। ਇਸ ਸਾਧਨ ਦੀ ਨੀਂਹ ਉਸ ਸੱਚਾਈ ਉੱਤੇ ਰੱਖੀ ਹੋਈ ਹੈ, ਜਿਸ ਨੂੰ ਭਗਵਾਨ ਪਤੰਜਲੀ ਤੋਂ ਲੈ ਕੇ ਰਿਸ਼ੀ ਅਰਵਿੰਦੋ ਘੋਸ਼ ਤਕ ਸਾਧਕਾਂ ਨੇ ਤਜਰਬੇ ਦੀ ਕਸਵੱਟੀ ਉੱਤੇ ਪਰਖ ਕੇ ਸਹੀ ਮੰਨਿਆ ਹੈ। ਥੋੜੇ ਅੱਖਰਾਂ ਵਿਚ ਇਸ ਸਾਧਨ ਦਾ ਤੱਤ ਇਹ ਹੈ ਕਿ ਮਨ ਦੀਆਂ ਤੈਹਾਂ ਨੂੰ ਰੋਜ਼-ਮੱਰਾ ਦੇ ਖ਼ਿਆਲੀ ਵਿਤਕਰਿਆਂ ਤੋਂ ਸਾਫ਼ ਕੀਤਾ ਜਾਵੇ ਤੇ ਮਨ ਦੀਆਂ ਬਿਰਤੀਆਂ ਨੂੰ ਨਿਤਾਪ੍ਰਤੀ ਸਾਧਨ ਦੁਆਰਾ ਆਤਮਾ ਦੇ ਉੱਚੇ ਤੋਂ

ਉੱਚੇ ਮੰਡਲਾਂ ਦੇ ਕਿਸੇ ਇਕ ਮਰਕਜ਼ 'ਤੇ ਲਾਇਆ ਜਾਵੇ। ਇਹ ਇਕਾਗਰਤਾ ਤੇ ਇਹ ਸਾਧਨ; ਸੱਚ ਤੇ ਇਨਸਾਫ਼ ਦੇ ਧੁਰੇ 'ਤੇ ਖੜੋ ਕੇ, ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਤੇ ਵੰਡ ਛਕਦਿਆਂ, ਪਰਉਪਕਾਰ ਦੇ ਵਾਯੂ ਮੰਡਲ ਵਿਚ, ਨਿਰਭਉ ਹੋ ਕੇ ਕੀਤਾ ਜਾਵੇ। ਇਸ ਤਰ੍ਹਾਂ ਉਸ ਆਤਮਕ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ, ਜੋ ਕਿ ਮਨੁੱਖੀ ਜੀਵਨ ਦਾ ਅੰਤਮ ਨਿਸ਼ਾਨਾ ਹੈ ਤੇ ਜਿਸ ਤਕ ਪਹੁੰਚਣ ਲਈ ਪ੍ਰਕ੍ਰਿਤੀ ਦੀਆਂ ਸਭ ਸ਼ਕਤੀਆਂ ਸੰਸਾਰ ਦੀ ਉਤਪਤੀ ਤੋਂ ਲੈ ਕੇ ਯਤਨ ਕਰ ਰਹੀਆਂ ਹਨ। ਜਿਸ ਨਿਸ਼ਾਨੇ ਦੀ ਹੋਂਦ ਦਾ ਇਕ ਧੁੰਦਲਾ ਜਿਹਾ ਅਕਸ 'ਨਿਟਸ਼ੇ' ਦੇ ਮਨ 'ਤੇ ਪਿਆ ਹੈ ਤੇ ਉਹ ਕੂਕ ਉਠਿਆ ਹੈ :

And lo ! I Preach to you the Superman,
Superman is the meaning of the Earth.

## - 6 -

ਸੁਖਮਨੀ ਸਾਹਿਬ ਦਾ ਮੁਤਾਲਿਆ ਦੋ ਪਹਿਲੂਆਂ ਤੋਂ ਮਨੋਰੰਜਕ ਹੈ। ਇਕ ਤਾਂ ਇਸ ਵਿਚ ਇਕ ਮਹਾਨ ਆਤਮਕ ਸਾਧਨ ਦਾ ਵਰਣਨ ਹੈ, ਇਸ ਦੇ ਯਮ ਨਿਯਮਾਂ ਦਾ ਬਿਆਨ ਤੇ ਇਸ ਦੀਆਂ ਵੱਖੋ-ਵੱਖਰੀਆਂ ਮੰਜ਼ਲਾਂ ਦੀ ਵਿਆਖਿਆ। ਦੂਸਰਾ ਪਹਿਲੂ ਇਸ ਦੇ ਸਾਹਿਤਕ ਸੁਹਣੱਪ ਦਾ ਹੈ, ਇਸ ਦੇ ਛੰਦਾਂ ਦੀ ਅਨੂਪਮ ਰਵਾਨੀ ਤੇ ਇਸ ਦੀ ਕਵਿਤਾ ਦਾ ਜਾਦੂ ਭਰਿਆ ਸੰਗੀਤ।

ਸੰਕੇਤਕ ਮੰਗਲਾਚਰਨ ਤੋਂ ਪਿੱਛੋਂ ਸੁਖਮਨੀ ਸਾਹਿਬ ਦੇ ਪਹਿਲੇ ਛੰਦ ਵਿਚ ਹੀ ਨਾਮ ਸਿਮਰਨ ਦੇ ਸਾਧਨ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਹੈ ਕਿ ਮਨ ਦੀਆਂ ਬਿਰਤੀਆਂ ਅਤੇ ਖਿੰਡਵੀਆਂ ਕਲਪਨਾਵਾਂ ਨੂੰ ਸੁੰਗੇੜ ਕੇ ਇਨ੍ਹਾਂ ਨੂੰ ਆਪਣੇ ਆਦਰਸ਼ ਦੇ ਉੱਚੇ ਤੋਂ ਉੱਚੇ ਨੁਕਤੇ ਉੱਤੇ ਇਕਾਗਰ ਕਰਨ ਦਾ ਅਤੁੱਟ ਜਤਨ ਕਰੋ :

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥
ਕੀਨੇ ਰਾਮ ਨਾਮ ਇਕ ਆਖ੍ਯ੍ਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥** *(ਪੰਨਾ 262)*

ਜੇ ਇਹ ਆਦਰਸ਼ ਜਿਸ ਦਾ ਕਿ ਸਿਮਰਨ ਕੀਤਾ ਜਾ ਰਿਹਾ ਹੈ, ਆਸਤਕਤਾ ਦੇ ਮੰਡਲਾਂ ਵਿਚ ਪਰਮਾਤਮਾ ਨਾਲ ਅਭੇਦ ਹੋ ਜਾਵੇ ਤਾਂ ਮਨ ਨਿੱਤ ਦੇ ਭੈ ਭਰਮਾਂ ਵਿੱਚੋਂ ਨਿਕਲ ਕੇ ਤੰਦਰੁਸਤ ਤੇ ਅਰੋਗ ਹੋਣ ਲੱਗ ਜਾਂਦਾ ਹੈ :

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥**

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥..... (ਪੰਨਾ 262)

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥.....
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ (ਪੰਨਾ 263)

ਆਤਮਾ ਦੇ ਵਿਕਾਸ ਦੀਆਂ ਅਣ-ਦੇਖੀਆਂ ਤੇ ਔਖੀਆਂ ਮੰਜ਼ਲਾਂ ਵਿਚ ਅਤੇ ਜੀਵਨ-ਸੰਗਰਾਮ ਦੇ ਉਨ੍ਹਾਂ ਲਮ੍ਹਿਆਂ ਵਿਚ ਜਦੋਂ ਕਿ ਰੂਹ ਆਪਣੇ ਨੰਗੇਜ਼ ਵਿਚ ਕਈ ਪ੍ਰਕਾਰ ਦੁੱਖਾਂ ਤੇ ਔਕੜਾਂ ਦਾ ਮੁਕਾਬਲਾ ਕਰਦੀ ਹੈ, ਉਸ ਵੇਲੇ ਇਸ ਸਾਧਨ ਦੁਆਰਾ ਪ੍ਰਾਪਤ ਕੀਤੀ ਸ਼ਕਤੀ ਹੀ ਮਦਦਗਾਰ ਹੋ ਸਕਦੀ ਹੈ:

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥.....
ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
ਲਾਖ ਕਰੋਰੀ ਬੰਧੁ ਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ ॥.....
ਜਿਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥.....
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ (ਪੰਨਾ 264)

ਕੀ ਲੱਛਣ ਹਨ ਉਨ੍ਹਾਂ ਦੇ ਜੋ ਨਿਸ਼ਾਨੇ 'ਤੇ ਪੁੱਜ ਜਾਂਦੇ ਹਨ ਤੇ ਕੀ ਪਛਾਣ ਹੈ ਉਨ੍ਹਾਂ ਮਹਾਂ-ਪੁਰਸ਼ਾਂ ਬ੍ਰਹਮ-ਗਿਆਨੀਆਂ ਦੀ, ਜਿਨ੍ਹਾਂ ਦਾ ਸਾਧਨ ਸਫਲ ਹੋਇਆ ਹੈ:

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ (ਪੰਨਾ 272)

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥..... (ਪੰਨਾ 274)

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥
ਜੈਸੇ ਮੈਲੁ ਨ ਲਾਗੈ ਜਲਾ॥.....
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥.....
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥.....
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ *(ਪੰਨਾ 272-73)*

ਇਹ ਹੈ ਸੁਖਮਨੀ ਸਾਹਿਬ ਦਾ ਉਪਦੇਸ਼ ਤੇ ਇਨਫ਼ਰਾਦੀ ਤੇ ਸਮਾਜਿਕ ਜੀਵਨ ਦੀ ਸਭ ਤੋਂ ਬੁਨਿਆਦੀ ਗੁੰਝਲ ਦਾ ਹੱਲ। ਇਹ ਹੈ ਆਸ਼ਾਵਾਦੀ ਫ਼ਲਸਫ਼ਾ ਜੋ ਇਨਸਾਨ ਨੂੰ ਆਪਣੀਆਂ ਹੱਦਾਂ ਤੋਂ ਉੱਚੇ ਟੱਪ ਕੇ ਇਕ ਨਵੀਂ ਦੁਨੀਆ ਤੇ ਨਵੀਆਂ ਕੀਮਤਾਂ ਪੈਦਾ ਕਰਨ ਦੀ ਪ੍ਰੇਰਨਾ ਕਰਦਾ ਹੈ। ਇਸ ਸਾਧਨ ਦੁਆਰਾ ਆਦਮੀ ਆਪਣੀ ਇਨਫ਼ਰਾਦੀ ਹੈਸੀਅਤ ਵਿਚ ਆਪਣੇ ਆਤਮਾ ਦੀਆਂ ਉੱਚੀਆਂ ਤੋਂ ਉੱਚੀਆਂ ਮੰਜ਼ਲਾਂ 'ਤੇ ਪਹੁੰਚਦਾ ਹੈ ਤੇ ਆਪਣੀ ਸਮਾਜੀ ਹੈਸੀਅਤ ਵਿਚ ਉਸ ਸੋਸ਼ਲ ਨਿਜ਼ਾਮ ਦੀ ਨੀਂਹ ਰੱਖਦਾ ਹੈ ਜਿਸ ਵਿੱਚੋਂ ਸਰੀਰਕ ਭੁੱਖ ਤੇ ਮਾਨਸਕ ਦੁੱਖਾਂ ਦੇ ਤਾਪ ਉੱਡ ਚੁੱਕੇ ਹਨ।

## - 7 -

ਸਾਹਿੱਤ ਤੇ ਕਾਵਿ ਦੇ ਨੁਕਤੇ ਤੋਂ ਸੁਖਮਨੀ ਸਾਹਿਬ ਦੀ ਮਹੱਤਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਸਦੀਆਂ ਤੋਂ ਪੰਜਾਬ, ਸਿੰਧ ਅਤੇ ਹੋਰ ਦੇਸਾਂ ਪ੍ਰਦੇਸਾਂ ਵਿਚ ਮਰਦ ਤੇ ਇਸਤਰੀਆਂ ਇਸ ਦੇ ਆਤਮਿਕ ਪ੍ਰਭਾਵ ਤੇ ਸੰਗੀਤ ਦੀ ਸਵੱਛਤਾ ਤੋਂ ਠੰਢ ਪ੍ਰਾਪਤ ਕਰਦੇ ਤੇ ਕਰ ਰਹੇ ਹਨ। ਕਿਸੇ ਸਾਹਿਤਕ ਰਚਨਾ ਦੀ ਮਹੱਤਤਾ ਦੀ ਸਭ ਤੋਂ ਅੱਛੀ ਕਸਵੱਟੀ ਇਹ ਕਹੀ ਜਾ ਸਕਦੀ ਹੈ ਕਿ ਉਸ ਰਚਨਾ ਨੂੰ ਪੜ੍ਹ ਕੇ ਪੜ੍ਹਨ ਵਾਲਾ ਮੁੜ ਉਹ ਨਾ ਰਹੇ ਜੋ ਕਿ ਉਹ ਉਸ ਨੂੰ ਪੜ੍ਹਨ ਤੋਂ ਪਹਿਲਾਂ ਸੀ। ਸੁਖਮਨੀ ਸਾਹਿਬ ਦਾ ਸੰਗੀਤ ਪਹਾੜੀ ਚਸ਼ਮੇ ਵਾਂਗ ਨਿਰਮਲ ਤੇ ਸੀਤਲ ਹੈ ਤੇ ਇਸ ਨੂੰ ਇਕ ਵਾਰ ਸਵੇਰ ਵੇਲੇ, ਸਪਰਸ਼ ਕੀਤਿਆਂ ਮਨ ਦੀ ਦਸ਼ਾ ਦਾ ਹੁਲਾਸ ਉਹ ਹੋ ਜਾਂਦਾ ਹੈ, ਜੋ ਕਿ ਉਨ੍ਹਾਂ ਦੇ ਖ਼ਿਆਲ ਵਿਚ ਵੀ ਨਹੀਂ ਆ ਸਕਦਾ, ਜੋ ਆਪਣਾ ਦਿਨ ਧੁੱਪ ਚੜ੍ਹੇ ਉਠ ਕੇ ਤੇ ਬਿਸਤਰੇ ਵਿਚ ਹੀ ਚਾਹ ਪੀ ਕੇ ਸ਼ੁਰੂ ਕਰਦੇ ਹਨ। ਗੁਰੂ ਅਰਜਨ ਦੇਵ ਜੀ ਆਪ ਹੀ ਇਸ ਰਚਨਾ ਦੇ ਆਤਮ ਪ੍ਰਭਾਵ ਦੀ ਬਾਬਤ, ਆਖ਼ਰੀ ਅਸ਼ਟਪਦੀ ਵਿਚ ਲਿਖਦੇ ਹਨ :

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥
ਏਕੁ ਨਾਮੁ ਮਨ ਮਾਹਿ ਸਮਾਨੀ॥
ਦੂਖ ਰੋਗ ਬਿਨਸੇ ਭੈ ਭਰਮ॥
ਸਾਧ ਨਾਮ ਨਿਰਮਲ ਤਾ ਕੇ ਕਰਮ॥
ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥ *(ਪੰਨਾ [illegible]6)*

# ਮਿਰਜ਼ਾ ਸਾਹਿਬਾਂ

ਸੰਨ 1932 ਦੀਆਂ ਸਰਦੀਆਂ ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ ਜਰਮਨੀ ਦੇ ਪ੍ਰਸਿੱਧ ਨਗਰ ਨੀਯੂਰਮਬਰਗ (Nuremberg) ਦੇ ਇਕ ਯਵਰਾ-ਉਪਵਣ (Beergarden) ਵਿਚ ਕੁਝ ਮਿੱਤਰਾਂ ਨਾਲ ਬੈਠਾ, ਸੁਸਾਜ (Sausages) ਖਾ ਰਿਹਾ ਸੀ। ਅਸੀਂ ਦੋ ਹਿੰਦੁਸਤਾਨੀ ਸੀ, ਤਿੰਨ ਅਮਰੀਕਨ ਕੁੜੀਆਂ, ਹਾਰਵਰਡ ਵਿਸ਼ਵ ਵਿਦਿਆਲੇ ਦੀਆਂ ਵਿਦਿਆਰਥਣਾਂ, ਇਕ 'ਮਾਦਰੀ' (Madrid) ਵਿਸ਼ਵ ਵਿਦਿਆਲੇ ਦਾ ਵਿਦਿਆਰਥੀ, ਸਪੇਨੀ ਮੁੰਡਾ, ਇਕ ਅਲਜੀਰੀਆ ਦਾ ਅਰਬ ਵਿਦਿਆਰਥੀ ਤੇ ਪੰਜ ਚਾਰ ਜਰਮਨ ਮੁੰਡੇ ਕੁੜੀਆਂ। ਗੱਲ ਆਧੁਨਿਕ ਕਵਿਤਾ ਬਾਰੇ ਚੱਲ ਪਈ। ਸਾਰਿਆਂ ਨੇ ਆਪੋ-ਆਪਣੇ ਦੇਸ਼ਾਂ ਦੀਆਂ ਬੋਲੀਆਂ ਦੀ ਆਧੁਨਿਕ ਕਵਿਤਾ ਦੇ ਗੁਣ-ਲਕਸ਼ਣਾਂ ਦਾ ਵਿਸਤਾਰ ਕੀਤਾ ਅਤੇ ਕਵਿਤਾ ਦੇ ਨਮੂਨੇ ਪੜ੍ਹ ਕੇ ਸੁਣਾਏ। ਨੁਕਤਾ ਇਹ ਸੀ ਕਿ 'ਫ਼ਰਾਯਡ' ਅਤੇ 'ਯੁੰਗ' ਦੇ ਮਨੋਵਿਗਿਆਨਿਕ ਸਿਧਾਂਤਾਂ ਦਾ ਪ੍ਰਭਾਵ ਆਧੁਨਿਕ ਕਵਿਤਾ ਉੱਤੇ ਇਹ ਪਿਆ ਹੈ ਕਿ ਮਾਨੁੱਸ਼ ਦੀਆਂ ਅਚੇਤ ਮਨੋਕਾਮਨਾਵਾਂ, ਸਮਾਜੀ ਰਹੁ-ਰੀਤ ਦੇ ਬੰਧਨਾਂ ਨੂੰ ਤੋੜ ਕੇ, ਅਝੱਕ ਤੇ ਬੇਸ਼ਰਮ ਹੋ ਕੇ ਸਾਹਿਤ, ਕਲਾ ਅਤੇ ਕਵਿਤਾ ਦੇ ਖੇਤਰ ਵਿਚ ਆ ਪ੍ਰਗਟ ਹੋਈਆਂ ਹਨ। ਪਿਛਲੇਰੇ ਦੋ ਹਜ਼ਾਰ ਵਰ੍ਹਿਆਂ ਦੀ ਸਾਹਿਤ, ਕਲਾ ਅਤੇ ਕਾਵਯ ਦੀ ਤਾਰੀਖ਼ ਵਿਚ, ਸਭ ਸਭਯ ਦੇਸ਼ਾਂ ਅਤੇ ਬੋਲੀਆਂ ਦੇ ਇਤਿਹਾਸ ਵਿਚ ਅਜੇਹਾ ਮੌਲਿਕ ਅਤੇ ਵਿਦ੍ਰੋਹੀ ਪਰਿਵਰਤਨ ਅੱਜ ਤਕ ਨਹੀਂ ਵਾਪਰਿਆ। ਅਮਰੀਕਨ ਕੁੜੀਆਂ ਤੇ ਜਰਮਨ ਯੁਵਤੀਆਂ, ਸਪੇਨੀ ਵਿਦਿਆਰਥੀ ਅਤੇ ਅਰਬ ਨੌਜਵਾਨ ਆਪਣੀ-ਆਪਣੀ ਬੋਲੀਆਂ ਦੀ ਆਧੁਨਿਕ ਕਵਿਤਾ ਦੇ ਟੋਟੇ, ਰਹਾ ਨਾਲ, ਸੁਰਾਂ ਵਿਚ ਗੌਂ ਕੇ ਪੜ੍ਹ ਰਹੇ ਸਨ, ਅੰਗਰੇਜ਼ੀ ਵਿਚ ਅਰਥ ਸਮਝਾ ਰਹੇ ਸਨ ਅਤੇ ਉਪਰੋਕਤ ਸਿਧਾਂਤਾਂ ਦੀ ਪੁਸ਼ਟੀ ਕਰ ਰਹੇ ਸਨ। ਸਾਰੇ ਇਸ ਗੱਲ ਉੱਤੇ ਸਹਿਮਤ ਸਨ ਕਿ ਇਹ ਪਰਿਵਰਤਨ, ਆਧੁਨਿਕ ਕਵਿਤਾ ਦਾ ਇਹ ਰੂਪ ਰੰਗ, ਕੋਈ ਪੰਝੀ ਤੀਹ ਸਾਲ ਤੋਂ ਵੱਧ ਉਮਰ ਦਾ ਨਹੀਂ। ਇਕ ਜਰਮਨ ਯੁਵਤੀ ਨੇ ਮੇਰੇ ਅਤੇ ਮੇਰੇ ਮੁਸਲਮਾਨ ਸਾਥੀ ਵੱਲ ਤੱਕ ਕੇ ਕਿਹਾ, "ਤੁਸੀਂ ਵੀ ਆਪਣੇ ਦੇਸ਼ ਦੀ ਬੋਲੀ ਦੀ ਆਧੁਨਿਕ ਕਵਿਤਾ ਦਾ ਕੋਈ ਟੋਟਾ ਸੁਣਾਓ। ਫੇਰ ਅਰਥਾ ਕੇ ਸਮਝਾਓ ਕਿ 'ਫ਼ਰਾਯਡ' ਅਤੇ 'ਯੁੰਗ' (Freud-Jung) ਆਦਿ ਦੀ ਸਹੀ ਕੀਤੀ, ਅਚੇਤ ਮਨ (Subconscious) ਬਾਰੇ ਵਾਕਫ਼ੀ ਅਤੇ ਵਿਦਿਆ ਦਾ ਕੀ ਅਤੇ ਕਿਵੇਂ ਪ੍ਰਭਾਵ ਤੁਹਾਡੇ ਦੇਸ਼ ਦੀ ਕਵਿਤਾ ਉੱਤੇ ਪਿਆ ਹੈ।" ਮੇਰਾ ਮੁਸਲਮਾਨ ਸਾਥੀ ਮੈਨੂੰ ਪੰਜਾਬੀ ਵਿਚ ਕਹਿਣ ਲੱਗਾ, "ਕੀ ਸੁਣਾਈਏ ? ਉਰਦੂ ਦਾ ਕੋਈ ਸ਼ੇਅਰ, ਗ਼ਜ਼ਲ ਤਾਂ ਅਜੇਹੀ ਹੈ ਨਹੀਂ, ਜਿਹੜੀ ਇਨ੍ਹਾਂ ਦੀ ਮਾਡਰਨ ਪੋਇਟਰੀ ਦੇ ਮਿਯਾਰ ਉੱਤੇ ਪੂਰੀ ਉਤਰੇ।" ਮੈਂ ਸਮਝਿਆ ਕਿ ਹੁਣ ਹਿੰਦੁਸਤਾਨ ਦੇ ਮਾਨ ਗੌਰਵਤਾ ਦੀ ਰਖਸ਼ਾ ਦਾ ਭਾਰ ਮੇਰੇ ਅਤੇ ਪੰਜਾਬੀ ਬੋਲੀ ਦੇ ਮੋਢਿਆਂ ਉੱਤੇ

ਹੀ ਆ ਪਿਆ ਹੈ। ਮੈਂ ਸਭ ਨੂੰ ਸੰਬੋਧਨ ਕਰ ਕੇ ਆਖਿਆ, "ਬੀਬੀਓ ਤੇ ਸੱਜਣੋਂ! ਮੈਂ ਆਪਣੇ ਦੇਸ਼ ਦੇ ਅਠਾਰ੍ਹਵੀਂ ਸਦੀ ਦੇ ਇਕ ਕਵੀ ਦਾ ਟੋਟਕਾ ਤੁਹਾਨੂੰ ਪੜ੍ਹ ਕੇ ਅਤੇ ਅਰਥਾ ਕੇ ਸੁਣਾਉਂਦਾ ਹਾਂ।" ਇਕ ਅਮਰੀਕਨ ਕੁੜੀ ਨੇ ਟੋਕਿਆ, "ਨਹੀਂ, ਨਹੀਂ, ਕੋਈ ਅੱਜ ਕੱਲ ਦੀ ਕਵਿਤਾ ਦਾ ਬੰਦ ਸੁਣਾਓ, ਜਿਸ ਤੋਂ 'ਫ਼ਰਾਯਡ' ਤੇ 'ਯੁੰਗ' ਦਾ ਤੁਹਾਡੇ ਦੇਸ਼ ਦੀ ਕਵਿਤਾ ਉੱਤੇ ਪ੍ਰਭਾਵ ਦਾ ਕੁਝ ਥਹੁ ਪਤਾ ਲੱਗੇ।" ਮੈਂ ਉੱਤਰ ਦਿੱਤਾ, "ਬੀਬੀਓ ਤੇ ਸੱਜਣੋਂ! ਇਸ ਅਚੇਤ ਮਨ ਬਾਬਤ, ਜਿਸ ਗਿਆਨ ਦਾ ਸੰਚਾਲਕ ਤੁਸੀਂ ਪਸ਼ਚਮ ਵਾਸੀ, 'ਫ਼ਰਾਯਡ' ਅਤੇ 'ਯੁੰਗ' ਨੂੰ ਗਿਣਦੇ ਹੋ, ਉਹ ਅਸਾਡੇ ਦੇਸ਼ ਦੀ ਅਚੇਤ ਮਨੋਵਿਗਿਆਨਕ ਵਿਦਿਆ, ਜੋ ਕਿ ਕਈ ਹਜ਼ਾਰ ਵਰ੍ਹਿਆਂ ਤੋਂ ਸਾਡੇ ਪ੍ਰਾਚੀਨ ਸਾਹਿਤ ਵਿਚ ਅੰਕਤ ਹੋਈ ਪਈ ਹੈ, ਦੇ ਸਾਹਮਣੇ ਇਉਂ ਹੈ ਜਿਵੇਂ ਹਾਈਡਲਬਰਗ ਵਿਸ਼ਵ ਵਿਦਿਆਲੇ (Heidelburg University) ਦੇ ਪ੍ਰੋਫ਼ੈਸਰ ਦੇ ਸਾਹਮਣੇ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ।" ਮੇਰਾ ਇਹ ਬਚਨ ਸੁਣ ਕੇ ਸਭ ਮੁੰਡੇ ਕੁੜੀਆਂ ਖਿੜ ਖਿੜਾ ਕੇ ਹੱਸ ਪਏ ਅਤੇ ਕਹਿਣ ਲੱਗੇ, "ਬਹੁਤ ਅੱਛਾ! ਸੁਣਾਓ।" ਮੈਂ ਉੱਚੀ ਹੇਕ ਲਾਈ :

ਹੁਜਰੇ ਸ਼ਾਹ ਮੁਕੀਮ ਦੇ, ਇਕ ਜੱਟੀ ਅਰਜ਼ ਕਰੇ।
ਮੈਂ ਬਕਰਾ ਦੇਨੀਆਂ ਪੀਰ ਦਾ, ਮੇਰਾ ਸਿਰ ਦਾ ਕੰਤ ਮਰੇ।
ਪੰਜ ਸੱਤ ਮਰਨ ਗੁਆਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ।
ਹੱਟੀ ਢਹੇ ਕਿਰਾੜ ਦੀ, ਜਿਥੇ ਦੀਵਾ ਨਿਤ ਬਲੇ।
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਊਂ ਚਊਂ ਨਿਤ ਕਰੇ।
ਗਲੀਆਂ ਹੋਵਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।
ਮੈਨੂੰ ਆ ਮਿਲ ਮਿਰਜ਼ਿਆ ਜੱਟਾ ਹੋ.....

ਫਿਰ ਮੈਂ ਇਸ ਦੇ ਅਰਥ ਸਮਝਾਏ, ਕਾਵਯ-ਮਈ ਅੰਗਰੇਜ਼ੀ ਭਾਸ਼ਾ ਵਿਚ। ਫੇਰ ਮਿਰਜ਼ਾ ਸਾਹਿਬਾਂ ਦੀ ਰੁਮਾਂਚਿਕ ਕਥਾ ਦਾ ਵਿਸਤਾਰ ਕੀਤਾ ਅਤੇ ਦੱਸਿਆ ਕਿ ਕਵਿਤਾ ਦਾ ਇਹ ਟੋਟਾ, ਇਸ ਕਥਾ ਦੇ ਇਕ ਕਾਵਯ ਰੂਪ ਵਿੱਚੋਂ ਹੀ ਲਿਆ ਗਿਆ ਹੈ, ਜੋ ਕਿ ਸਤਾਰ੍ਹਵੀਂ ਸ਼ਤਾਬਦੀ ਦੇ ਪੂਰਬਾਰਧ ਵਿਚ, ਮਹਾਂ ਮੁਗ਼ਲ, ਸ਼ਾਹ ਜਹਾਨ ਦੇ ਰਾਜ ਸਮੇਂ ਵਿਚ ਲਿਖਿਆ ਗਿਆ, ਜਿਸ ਸ਼ਾਹ ਜਹਾਨ ਨੇ ਕਿ ਤਾਜ ਮਹੱਲ, ਜਗਤ ਪ੍ਰਸਿੱਧ ਸਮਾਧੀ, ਨਿਰਮਤ ਕੀਤੀ ਹੈ।

ਮੇਰੀ ਇਹ ਕਥਾ ਵਿਆਖਿਆ ਸੁਣ ਕੇ ਸਾਰੇ ਯੁਵਕ ਯੁਵਤੀਆਂ, ਪੰਜਾਬੀ ਕਾਵਯ ਦੀ ਗੌਰਵਤਾ ਅਤੇ ਭਾਰਤੀਯ ਪ੍ਰਾਚੀਨ ਵਿਦਿਆਵਾਂ ਦੀ ਮਹਾਨਤਾ ਤੋਂ ਬੜੇ ਪ੍ਰਭਾਵਤ ਹੋਏ।

ਇਹ ਮਿਰਜ਼ਾ ਸਾਹਿਬਾਂ ਦੀ ਕਾਵਯ ਕਥਾ ਕੀ ਹੈ, ਜੋ ਗ੍ਰਾਮੀਨ ਪੰਜਾਬ ਦੇ ਨਗਰ-ਨਗਰ, ਡਗਰ-ਡਗਰ ਤੇ ਗਲੀ ਮਹੱਲਿਆਂ ਵਿਚ ਗਾਂਵੀਂ ਤੇ ਪਿਆਰੀ ਜਾਂਦੀ ਹੈ ਅਤੇ ਜਿਸ ਦੀ ਰੂਪ-ਰੇਖਾ ਅਤੇ ਠੁਕ ਸੰਸਾਰ ਭਰ ਦੇ ਰੁਮਾਂਚਿਕ ਪਿਆਰ ਦੀ ਆਧੁਨਿਕ ਕਵਿਤਾ ਦੀ ਰੂਹ ਦੇ ਸਾਹਮਣੇ ਬਰਾਬਰੀ ਦਾ ਦਾਈਆ ਬੰਨ੍ਹਦੀ ਹੈ।

ਕਥਾ ਤਾਂ ਕੋਈ ਬਹੁਤੀ ਗੁੰਝਲਦਾਰ ਨਹੀਂ, ਸਿੱਧੀ ਤੇ ਸੰਖੇਪ ਜਿਹੀ ਹੈ, ਜਿਵੇਂ ਕਿ ਜੀਵਨ ਅਤੇ ਸੰਸਾਰ ਦੀਆਂ ਸਭ ਮਹਾਨ ਵਸਤੂਆਂ ਸਿੱਧੀਆਂ ਤੇ ਸੰਖੇਪ ਹੁੰਦੀਆਂ ਹਨ।

ਰਾਵੀ ਨਦੀ ਦੇ ਕੰਢੇ ਇਕ ਅਪ੍ਰਸਿੱਧ ਨਗਰ ਦਾਨਾਬਾਦ ਵਿਚ ਵੰਝਲ ਯਾ ਅੰਝਲ ਨਾਮ ਦਾ ਜੱਟ ਵੱਸਦਾ ਸੀ, ਜੋ ਕਿ ਸਿਆਲ ਗੋਤ ਦੇ ਜੱਟਾਂ ਦੇ ਘਰ, ਝੰਗ ਨਗਰ ਵਿਚ ਵਿਆਹਿਆ ਹੋਇਆ ਸੀ। ਇਸ ਦਾ ਪਹਿਲਾ ਪਲੇਠੀ ਦਾ ਪੁੱਤਰ ਹੋਣ ਦੇ ਕਾਰਨ ਮਿਰਜ਼ਾ

ਆਪਣੇ ਨਾਨਕਿਆਂ ਦੇ ਘਰ, ਆਪਣੇ ਮਾਮੇ ਖੀਵੇ ਖ਼ਾਨ ਦੀ ਹਵੇਲੀ ਵਿਚ ਹੀ ਜਨਮਿਆ ਅਤੇ ਉਥੇ ਹੀ ਗੱਭਰੂ ਹੋਣ ਤਕ ਪੜ੍ਹਦਾ ਪਲਦਾ ਰਿਹਾ। ਖੀਵੇ ਖ਼ਾਨ ਸਿਆਲ ਦੀ ਧੀ, ਸਾਹਿਬਾਂ, ਮਿਰਜ਼ੇ ਦੀ ਹਾਨਣ ਸੀ ਅਤੇ ਇਹ ਦੋਵੇਂ ਇਕੱਠੇ ਹੀ ਮਸੀਤ ਵਿਚ ਪੜ੍ਹਦੇ ਰਹੇ ਅਤੇ ਉਥੇ ਹੀ ਛੋਟੀ ਉਮਰ ਵਿਚ ਹੀ ਇਹ ਦੋਵੇਂ ਪਿਆਰ ਪ੍ਰੇਮ ਦੇ ਉਸ ਨਾਤੇ ਵਿਚ ਗੰਢੇ ਗਏ, ਜਿਸ ਦੀ ਸ਼ਹਾਦਤ ਸਭ ਸੰਸਾਰ ਦੇ ਦੇਸ਼ਾਂ ਤੇ ਬੋਲੀਆਂ ਦੇ ਹਰ ਕਾਲ ਦੇ ਸਾਹਿਤ ਕਾਵਯ ਵਿਚ ਮਿਲਦੀ ਹੈ ਅਤੇ ਜਿਸ ਬਾਬਤ ਕਵੀ ਰੋਂਦੇ ਹਨ :

> ਇਸ਼ਕ ਪਰ ਜ਼ੋਰ ਨਹੀਂ, ਹੈ ਯਿਹ ਵੁਹ ਆਤਸ਼ ਗ਼ਾਲਿਬ,
> ਜੋ ਲਗਾਏ ਨਾ ਲਗੇ, ਔਰ ਬੁਝਾਏ ਨਾ ਬੁਝੇ।

ਸਾਕਾਂ-ਸੰਬੰਧੀਆਂ ਤੇ ਸ਼ਰੀਕੇ ਕਬੀਲੇ ਵਿਚ ਚਰਚਾ ਛਿੜੀ ਤਾਂ ਪਿੰਡ ਦੀ ਨਾਯਣ, ਬੀਬੋ ਦੇ ਘਰ ਲੁਕ-ਛਿਪ ਕੇ ਮੁਲਾਕਾਤਾਂ ਕਰਨ ਲੱਗੇ। ਪਰ ਕਦੇ ਇਸ਼ਕ-ਮੁਸ਼ਕ ਵੀ ਲੁਕਾਇਆਂ ਲੁਕਦੇ ਹਨ ? ਖੀਵੇ ਖ਼ਾਨ ਨੇ ਲੋਕਾਂ ਦੀ ਬਦਨਾਮੀ ਤੋਂ ਬਚਣ ਲਈ, ਆਪਣੇ ਭਣੇਵੇਂ ਮਿਰਜ਼ੇ ਨੂੰ ਝੰਗ ਵਿੱਚੋਂ ਕੱਢ ਦਿੱਤਾ ਤੇ ਮਿਰਜ਼ਾ ਮਜਬੂਰ ਹੋ ਕੇ ਆਪਣੇ ਪਿੰਡ ਦਾਨਾਬਾਦ ਆ ਵੱਸਿਆ। ਸਾਹਿਬਾਂ ਦੇ ਮੁਆਮਲੇ ਨੂੰ ਭਲੀ ਪ੍ਰਕਾਰ ਨਜਿੱਠਣ ਲਈ ਖੀਵੇ ਖ਼ਾਨ ਨੇ ਸਾਹਿਬਾਂ ਨੂੰ ਬੜੇ ਰੱਜੇ ਪੁੱਜੇ ਚੰਧੜ ਜੱਟਾਂ ਦੇ ਘਰ ਪ੍ਰਣਾ ਦਿੱਤਾ ਅਤੇ ਨਿਕਾਹ ਦਾ ਦਿਨ ਸਾਹਾ ਮੁਕੱਰਰ ਕਰ ਦਿੱਤਾ। ਪਰ ਚੰਧੜਾਂ ਦੀ ਸਰਦਾਰੀ ਅਤੇ ਭੋਇੰ ਮਾਲ ਸਾਹਿਬਾਂ ਦੀਆਂ ਅੱਖਾਂ ਵਿਚ ਕਿਵੇਂ ਜਚੇ, ਜਿਸ ਸੱਚੇ ਪ੍ਰੇਮ ਦੀ ਕਾਨੀ ਸੀਨੇ ਵਿਚ ਖਾਧੀ ਹੈ ?

> **ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥**
> **ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥** *(ਪੰਨਾ 1363)*

ਸਿਆਲਾਂ ਦਾ ਝੰਗ ਵਿਚ ਖ਼ਾਨਦਾਨੀ ਪ੍ਰੋਹਿਤ, ਕਰਮ ਪ੍ਰਾਯਣ, ਨਾਮੀ ਬ੍ਰਾਹਮਣ ਸੀ, ਜਿਸ ਨੂੰ 'ਕੰਮੂੰ' 'ਕੰਮੂੰ' ਕਰ ਕੇ ਬੁਲਾਉਂਦੇ ਸਨ। ਇਹ ਚੰਧੜ, ਸਿਆਲ, ਜੱਟ ਰਾਜਪੂਤ ਜਾਤੀਆਂ ਅਜੇ ਨਵੀਆਂ-ਨਵੀਆਂ ਅੱਧਕੂਚੜ ਜਿਹੀਆਂ ਹੀ ਮੁਸਲਮਾਨ ਬਣੀਆਂ ਸਨ। ਇਨ੍ਹਾਂ ਨੂੰ ਮੁਸਲਮਾਨੀ ਸਮਾਜ ਵਿਚ ਲਿਆਉਣ ਦਾ ਕਾਰਨ, ਮਹਾਂਬਲੀ, ਸ਼ਹਿਨਸ਼ਾਹਿ-ਹਿੰਦ, ਅਕਬਰ ਸੀ, ਜਿਸ ਦੀ ਕਿ ਇਹ ਰਾਜਸੀ ਪਾਲਿਸੀ ਸੀ ਕਿ ਸ਼ਾਹੀ ਮਹਿਲਾਂ ਵਿਚ ਹਰ ਉਸ ਹਿੰਦੂ ਜਾਤੀ ਗੋਤ ਦੀ ਕੰਨਿਆ ਵਿਆਹ ਕੇ ਦਾਖ਼ਲ ਕਰ ਲੈਣੀ ਹੈ ਜੋ ਆਪਣੀ ਅਸਪ੍ਰਸ਼ਤਾ ਦਾ ਅਭਿਮਾਨੀ ਹੈ। ਇਉਂ ਜੱਟਾਂ, ਰਾਜਪੂਤਾਂ ਅਤੇ ਆਪਣੀ ਕਸ਼ਾਤ੍ਰ ਬਿਰਤੀਆਂ ਉੱਤੇ ਮਾਣ ਰੱਖਣ ਵਾਲੀਆਂ ਬਹੁਤ ਸਾਰੀਆਂ ਜਾਤੀਆਂ ਨੂੰ ਅਕਬਰ ਨੇ ਸ਼ਾਹੀ ਹਰਮ ਵਿਚ ਡੋਲੇ ਭੇਜਣ ਲਈ ਮਜਬੂਰ ਕਰ ਦਿੱਤਾ ਸੀ। ਲੇਨਪੋਲ (Lanpole) ਦੇ ਕਥਨਾਨੁਸਾਰ ਅਕਬਰ ਦੇ ਸ਼ਾਹੀ ਹਰਮ ਵਿਚ ਤਿੰਨ ਸੌ ਵਹੁਟੀਆਂ, ਵੱਖੋ-ਵੱਖਰੇ ਧਰਮਾਂ ਤੇ ਜਾਤਾਂ ਗੋਤਾਂ ਦੀਆਂ ਸਨ ਅਤੇ ਇਹ ਅਕਬਰ ਦਾ ਸਮਕਾਲੀ ਯਵਨ ਇਤਿਹਾਸਕਾਰ ਅਕਬਰ ਦੇ ਹਰਮ ਨੂੰ ਇਕ ਸਰਵ ਧਰਮ ਸੰਮੇਲਨ (Parliament of World Religions) ਨਾਲ ਤੁਲਨਾ ਦਿੰਦਾ ਹੈ। ਇਉਂ ਜਿਸ ਜਾਤੀ ਅਤੇ ਗੋਤ ਦਾ ਡੋਲਾ ਅਕਬਰ ਦੇ ਹਰਮ ਵਿਚ ਦਾਖ਼ਲ ਹੁੰਦਾ ਸੀ ਅਤੇ ਇਸ ਸਮੇਂ ਜੋ ਗੋਤ ਬਰਾਦਰੀਆਂ ਅਜਿਹੇ ਵਿਆਹਵਾਂ ਵਿਚ ਸ਼ਾਮਲ ਹੋਣ ਲਈ ਮਜਬੂਰ ਹੁੰਦੀਆਂ ਸਨ, ਉਨ੍ਹਾਂ ਦਾ ਨਾਤਾ ਮਾਨੋ ਵਿਸ਼ਾਲ ਹਿੰਦੂ ਬਰਾਦਰੀ ਨਾਲੋਂ ਟੁੱਟ ਜਾਂਦਾ ਸੀ ਅਤੇ ਮੁਸਲਮਾਨੀ ਆਚਾਰ ਵਿਉਹਾਰ ਉਨ੍ਹਾਂ ਵਿਚ ਪ੍ਰਚਲਿਤ ਹੋਣੇ ਆਰੰਭ ਹੋ ਜਾਂਦੇ ਸਨ। ਉਹ ਨਾ ਪੂਰੇ ਮੁਸਲਮਾਨ ਹੀ ਹੁੰਦੇ ਸਨ ਅਤੇ ਨਾ ਹਿੰਦੂ ਹੀ ਰਹਿੰਦੇ ਸਨ। ਵਿਆਹਵਾਂ ਸ਼ਾਦੀਆਂ ਦੀਆਂ ਰਸਮਾਂ ਵਿਚ ਮੁੱਲਾਂ ਤੇ ਪ੍ਰੋਹਿਤ ਦੋਵੇਂ ਹਿੱਸਾ ਲੈਂਦੇ ਸਨ।

ਇਹ ਵਿਉਹਾਰ ਦਸ ਪੰਦਰਾਂ ਸਾਲ ਹੀ ਬੀਤੇ ਸਨ ਕਿ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ, ਝੰਗ ਤੇ ਗੁੜਗਾਓਂ ਦੇ ਇਲਾਕਿਆਂ ਵਿਚ, ਹਾਲੀ ਤਕ ਪ੍ਰਚਲਿਤ ਦੇਖਿਆ ਸੀ।

ਕੁਝ ਅਜਿਹੀ ਅੰਤਰਭਾਵ, ਨਾ ਉਧਰ ਨਾ ਏਧਰ, ਸਮਾਜਿਕ ਵਿਵਸਥਾ, ਝੰਗ ਦੇ ਸਿਆਲਾਂ ਦੀ ਉਸ ਸਮੇਂ ਜਾਪਦੀ ਹੈ, ਜਿਸ ਵੇਲੇ ਦੀ ਕਿ ਮਿਰਜ਼ਾ ਸਾਹਿਬਾਂ ਦੀ ਰੋਮਾਂਚਿਕ ਕਥਾ ਹੈ। ਜਦੋਂ ਸਾਹਿਬਾਂ ਦੇ ਨਿਕਾਹ ਦਾ ਸਾਹਾ ਲਗਨ ਸੋਧਿਆ ਜਾ ਚੁੱਕਾ, ਤਾਂ ਸਾਹਿਬਾਂ ਨੇ ਆਪਣੇ ਖ਼ਾਨਦਾਨੀ ਪ੍ਰੋਹਿਤ ਕਰਮ ਪ੍ਰਾਯਣ ਬ੍ਰਾਹਮਣ ਯਾ ਕੰਮੂੰ ਨੂੰ ਚੋਰੀ ਛੱਪੀ ਸੁਨੇਹਾ ਦੇ ਕੇ ਦਾਨਾਬਾਦ ਮਿਰਜ਼ੇ ਕੋਲ ਭੇਜਿਆ ਅਤੇ ਸਲਾਹ ਇਹ ਦਿੱਤੀ ਕਿ ਮਿਰਜ਼ਾ ਸਾਹਿਬਾਂ ਨੂੰ ਨਿਕਾਹ ਵਾਲੀ ਸਵੇਰ ਤੋਂ ਪਹਿਲੀ ਰਾਤ ਹੀ ਨਾਲ ਲੈ ਕੇ ਨੱਸ ਜਾਵੇ। ਮਿਰਜ਼ੇ ਨੇ ਇਵੇਂ ਹੀ ਕੀਤਾ ਅਤੇ ਬੀਬੋ ਨਾਯਣ ਦੀ ਸਹਾਇਤਾ ਨਾਲ ਸਾਹਿਬਾਂ ਨੂੰ ਆਪਣੀ ਘੋੜੀ 'ਬੱਕੀ' ਉੱਤੇ ਚੜ੍ਹਾ ਕੇ ਲੈ ਨੱਸਿਆ। ਜਦੋਂ ਦਾਨਾਬਾਦ ਥੋੜ੍ਹਾ ਪੰਧ ਹੀ ਰਹਿ ਗਿਆ ਤਾਂ ਮਿਰਜ਼ਾ ਇਕ ਜੰਡ ਦੇ ਦਰੱਖ਼ਤ ਹੇਠਾਂ, ਉਣੀਂਦਰਾ ਲਾਹੁਣ ਲਈ ਸੌਂ ਗਿਆ। ਝੰਗ ਦੇ ਸਿਆਲ, ਵਾਹੋਦਾਹੀ ਪਿੱਛਾ ਕਰਦੇ ਮਿਰਜ਼ੇ ਦੇ ਮਗਰੇ-ਮਗਰ ਹੀ ਆ ਰਹੇ ਸਨ ਅਤੇ ਇਹ ਵਿਚਾਰ ਕੇ ਕਿ ਮਿਰਜ਼ਾ ਨਿਸ਼ਾਨੇ ਦਾ ਤਾਕ ਹੈ ਅਤੇ ਉਸ ਦੇ ਪਿਓ ਤੇ ਭਰਾਵਾਂ ਨੂੰ ਤੀਰਾਂ ਨਾਲ ਫੁੰਡ ਸੁੱਟੇਗਾ, ਸਾਹਿਬਾਂ ਨੇ ਸੁੱਤੇ ਪਏ ਮਿਰਜ਼ੇ ਦੇ ਤਰਕਸ਼ ਦੇ ਸਭ ਤੀਰ ਤੋੜ ਸੁੱਟੇ। ਉਸ ਦੀ ਜ਼ਨਾਨੀ ਮਤ ਨੂੰ ਇਹ ਸੁੱਝੀ ਕਿ ਤੀਰਾਂ ਦੇ ਤੋੜ ਸੁੱਟਣ ਨਾਲ ਤਾਂ ਉਸ ਦੇ ਪਿਓ ਤੇ ਭਰਾਵਾਂ ਦਾ ਬਚਾਓ ਹੋ ਜਾਵੇਗਾ ਅਤੇ ਭਰਾਤ੍ਰੀ ਪਿਆਰ ਦਾ ਵਾਸਤਾ ਪਾ ਕੇ ਉਹ ਮਿਰਜ਼ੇ ਨੂੰ ਆਪਣੇ ਪਿਓ ਤੇ ਭਰਾਵਾਂ ਦੇ ਕ੍ਰੋਧ ਤੋਂ ਬਚਾ ਲਏਗੀ। ਪਰ ਹੋਇਆ ਕੁਝ ਹੋਰ ਹੀ। ਸਿਆਲਾਂ ਦੀ ਵਾਹਰ ਨੇ ਮਿਰਜ਼ੇ ਨੂੰ ਨਿਹੱਥਾ ਵੇਖ ਕੇ ਤੀਰਾਂ ਤੇ ਸਾਂਗਾਂ ਨਾਲ ਮਾਰ ਸੁੱਟਿਆ ਅਤੇ ਸਾਹਿਬਾਂ ਨੇ ਯਾ ਤਾਂ ਮਿਰਜ਼ੇ ਨੂੰ ਮੋਇਆ ਤੱਕ, ਬ੍ਰਿਹੋਂ ਵਿਚ ਪ੍ਰਾਣ ਤਿਆਗ ਦਿੱਤੇ ਅਤੇ ਯਾ ਉਸੇ ਦੇ ਭਰਾਵਾਂ ਨੇ ਬਦਨਾਮੀ ਦਾ ਦਾਗ਼ ਧੋਣ ਲਈ, ਉਸ ਨੂੰ ਥਾਂ ਹੀ ਮਾਰ ਦਿੱਤਾ।

ਬੱਸ, ਇਤਨੀ ਕੁ ਕਥਾ ਹੈ ਇਸ ਰੋਮਾਂਚ ਦੀ ਅਤੇ ਇਸ ਦੁਖਾਂਤ ਦੀ। ਪਰ ਇਸ ਦੁਖਾਂਤ-ਰੋਮਾਂਚ ਦੀ ਇਤਨੀ ਪਕੜ ਗ੍ਰਾਮੀਨ ਪੰਜਾਬ ਦੀ ਆਤਮਾ ਉੱਤੇ ਹੈ ਕਿ ਰਵਾਇਤ ਹੈ ਕਿ ਕੋਈ ਬਿਦੇਸ਼ੀ ਪੰਜਾਬ ਵਿਚ ਢੇਰ ਚਿਰ ਰਹਿ ਕੇ ਜਦੋਂ ਆਪਣੇ ਦੇਸ਼ ਵਾਪਸ ਪੁੱਜਾ ਅਤੇ ਉਸ ਕੋਲੋਂ ਉਸ ਦੇ ਹਮਵਤਨਾਂ ਨੇ ਪੰਜਾਬ ਦੇਸ਼ ਦੇ ਲੋਕਾਂ ਬਾਬਤ ਪੁੱਛਿਆ ਤਾਂ ਉਸ ਨੇ ਹੋਰ ਗੱਲਾਂ ਦੇ ਨਾਲ ਇਹ ਵਿਆਖਿਆ ਭੀ ਕੀਤੀ ਕਿ :

"ਏਕ ਜੱਟੀ ਕੋ ਜਾਟ ਲੇ ਗਿਆ, ਸਾਰੀ ਖ਼ਲਕਤ ਰੋਤੀ ਹੈ।"

ਭਾਵ ਇਹ ਕਿ, ਪੰਜਾਬ ਵਿਚ ਕਿਸੇ ਵੇਲੇ ਇਕ ਜੱਟ ਇਕ ਜੱਟੀ ਨੂੰ ਉਧਾਲ ਕੇ ਲੈ ਗਿਆ ਸੀ ਅਤੇ ਅੱਜ ਤਕ ਸਾਰੇ ਪੰਜਾਬ ਦੇ ਨਰ ਨਾਰੀ ਇਸ ਘਟਨਾ ਨੂੰ ਯਾਦ ਕਰ ਕਰ ਕੇ ਰੋ ਰਹੇ ਹਨ। ਮਿਰਜ਼ਾ ਸਾਹਿਬਾਂ ਦੇ ਕਿੱਸੇ ਦੀ ਰਚਨਾ ਨੂੰ ਵਾਰਾਂ ਤੇ ਸੱਦਾਂ ਦੇ ਕਸ਼ਾਤ੍ਰ ਰਾਗ (Martial Music) ਵਿਚ ਗਾਉਣ ਦੀਆਂ ਧੁਨੀਆਂ ਇਸ ਬਿਦੇਸ਼ੀ ਨੂੰ ਸਾਰੀ ਖ਼ਲਕਤ ਦਾ ਰੋਣਾ ਹੀ ਹੋ ਭਾਸੀਆਂ ਹੋਣਗੀਆਂ।

ਤਿੰਨ ਕਵੀਆਂ ਦੇ ਲਿਖੇ ਹੋਏ ਮਿਰਜ਼ਾ ਸਾਹਿਬਾਂ ਦੇ ਕਾਵਯ ਕਿੱਸੇ ਪ੍ਰਸਿੱਧ ਹਨ : ਪੀਲੂ, ਹਾਫ਼ਜ਼ ਬਰਖ਼ੁਰਦਾਰ ਅਤੇ ਭਗਵਾਨ ਸਿੰਘ ਮਹਿਰਾਜੀਆ। ਤਿੰਨਾਂ ਨੇ ਹੀ ਇਹ ਰੋਮਾਂਚ-ਕਥਾ, ਸੱਦ ਵਾਰ ਦੇ ਤੋਲ ਵਿਚ ਲਿਖੀ ਹੈ, ਜੋ ਢੱਡ ਸਾਰੰਗੀ ਨਾਲ ਕਸ਼ਾਤ੍ਰ ਰਾਗ ਦੀ ਧੁਨੀ ਵਿਚ ਗਾਂਵੀ ਜਾਂਦੀ ਹੈ। ਇਹ ਸ਼੍ਰਿੰਗਾਰ ਰਸ ਪ੍ਰਧਾਨ, ਰੋਮਾਂਚ-ਕਥਾ, ਵੈਰਾਗਯ-ਰਸ ਦੇ ਵਾਹਨ, ਸੱਦ ਅਤੇ ਵੀਰ-ਰਸ ਦੇ ਵਾਹਨ, ਵਾਰ ਵਿਚ ਕਿਉਂ ਰਚੀ ਗਈ ਤੇ ਗਾਂਵੀ ਜਾਂਦੀ

ਹੈ ? ਇਸ ਪ੍ਰਸ਼ਨ ਦੇ ਉੱਤਰ ਵਿਚ ਹੀ ਇਸ ਕਥਾ ਅਤੇ ਇਨ੍ਹਾਂ ਕਿੱਸਿਆਂ ਦੇ ਪੰਜਾਬ ਦੀ ਪੇਂਡੂ ਜਨਤਾ ਵਿਚ ਸਰਵ-ਪ੍ਰਿਯ ਹੋਣ ਦਾ ਭੇਦ ਰਹੱਸਯ ਛੁਪਿਆ ਪਿਆ ਹੈ। ਇਹ ਉੱਤਰ ਹੀ, ਇਸ ਕਥਾ ਕਿੱਸੇ ਨੂੰ ਪੜ੍ਹ ਸੁਣ ਕੇ, ਸਾਰੀ ਪੰਜਾਬੀ ਖ਼ਲਕਤ ਦੇ ਰੋਣ ਦਾ ਹੈ। ਪੰਜਾਬ ਦੀ ਆਤਮਾ ਨੂੰ ਇਸ ਕਾਵਯ ਕਹਾਣੀ ਵਿਚ ਜਿਹੜੀ ਚੀਜ਼ ਟੁੰਬ ਕੇ ਅੰਤ ਨੂੰ ਦ੍ਰਵੀਭੂਤ ਕਰਦੀ ਹੈ, ਉਹ ਮਿਰਜ਼ੇ ਤੇ ਸਾਹਿਬਾਂ ਦਾ ਇਕ ਦੂਜੇ ਨੂੰ ਇਸ਼ਕ ਕਰਨਾ ਨਹੀਂ, ਸਗੋਂ ਉਸ ਪ੍ਰੇਮ ਦੇ ਪ੍ਰਭਾਵ ਹੇਠਾਂ, ਮਿਰਜ਼ੇ ਦੀ ਵਰਿਆਮਗੀ ਅਤੇ ਸ੍ਵੈ-ਅਭਿਮਾਨਿਤ ਸੂਰਮਗਤੀ ਪੰਜਾਬ ਦੀ ਆਤਮਾ ਨੂੰ ਉਤੇਜਨਾ ਦਿੰਦੀ ਹੈ। ਸਾਹਿਬਾਂ ਦਾ ਹੁਸਨ ਅਤੇ ਮਿਰਜ਼ੇ ਦੀ ਜਵਾਨੀ ਇਸ ਕਾਵਯ-ਕਥਾ ਵਿਚ ਪ੍ਰਧਾਨ ਨਹੀਂ, ਸਗੋਂ ਅਮਿੱਟ ਹੋਣੀ ਤੇ ਪ੍ਰਾਰਬਧ ਹੈ। ਮਿਰਜ਼ਾ ਅਤੇ ਸਾਹਿਬਾਂ ਆਪਣੀ ਹਿੰਮਤ, ਪ੍ਰਾਕਰਮ ਅਤੇ ਆਤਮ-ਅਭਿਮਾਨ ਦੇ ਬਾਵਜੂਦ ਜਿੱਤੀ ਹੋਈ ਬਾਜ਼ੀ ਅੰਤ ਨੂੰ ਹਾਰ ਜਾਂਦੇ ਹਨ। ਦੋਵੇਂ ਪ੍ਰੇਮੀ ਦਾਨਾਬਾਦ ਦੀਆਂ ਜੂਹਾਂ ਵਿਚ ਸਫਲਤਾ ਨਾਲ ਪੁੱਜ ਕੇ, ਸਿਆਲਾਂ ਦੀ ਜੂਹ ਤੇ ਚੁੰਗਲ ਵਿੱਚੋਂ ਸਾਫ਼ ਬਚ ਕੇ ਨਿਕਲ ਕੇ ਵੀ ਅੰਤ ਨੂੰ ਮਾਰੇ ਜਾਂਦੇ ਹਨ। ਇਸੇ ਕਾਰਨ ਪੀਲੂ ਨੇ ਵੈਰਾਗਯ-ਰਸ ਨੂੰ ਇਸ ਰੋਮਾਂਚ ਕਥਾ ਦਾ ਪ੍ਰਧਾਨ ਅੰਗ ਮਿੱਥ ਕੇ, ਮਿਰਜ਼ਾ ਸਾਹਿਬਾਂ ਦਾ ਕਿੱਸਾ ਸੱਦ ਦੇ ਤੋਲ ਵਿਚ ਲਿਖਿਆ ਅਤੇ ਇਸੇ ਕਾਰਨ ਹਾਫ਼ਜ਼ ਬਰਖ਼ੁਰਦਾਰ ਅਤੇ ਭਗਵਾਨ ਸਿੰਘ ਮਹਿਰਾਜੀਏ ਨੇ ਵੀਰ-ਰਸ ਨੂੰ ਇਸ ਕਿੱਸੇ ਦਾ ਪ੍ਰਧਾਨ ਅੰਗ ਮੰਨ ਕੇ ਇਸ ਨੂੰ ਵਾਰ-ਤੋਲ ਵਿਚ ਅੰਕਤ ਕੀਤਾ।

ਤਿੰਨ ਹੋਰ ਕਥਾਵਾਂ, ਪ੍ਰੇਮ-ਕਹਾਣੀਆਂ, ਨਿਰਸੰਦੇਹ, ਮਿਰਜ਼ਾ ਸਾਹਿਬਾਂ ਦੀ ਕਹਾਣੀ ਨਾਲੋਂ ਪੁਰਾਣੀਆਂ ਪੰਜਾਬ ਵਿਚ ਪ੍ਰਚਲਿਤ ਅਤੇ ਪ੍ਰਿਯ ਹਨ—ਹੀਰ ਰਾਂਝਾ, ਸੱਸੀ ਪੁਨੂੰ ਤੇ ਸੋਹਣੀ ਮਹੀਂਵਾਲ। ਭਾਈ ਗੁਰਦਾਸ (1558—1637 ਈ:) ਗੁਰੂ ਅਮਰਦਾਸ ਦੇ ਭਤੀਜੇ, ਸੰਸਕ੍ਰਿਤ, ਫ਼ਾਰਸੀ, ਹਿੰਦੀ ਦੇ ਧੁਰੰਧਰ ਵਿਦਵਾਨ, ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਅਤੇ ਹਿੰਦੀ ਤੇ ਪੰਜਾਬੀ ਦੇ ਮਹਾਨ ਕਵੀ ਨੇ ਆਪਣੀ "ਪੀਰ ਮੁਰੀਦਾਂ ਪਿਰਹੜੀ" ਵਾਲੀ ਪੰਜਾਬੀ ਦੀ ਵਾਰ ਵਿਚ ਇਨ੍ਹਾਂ ਤਿੰਨਾਂ ਜਨ-ਪ੍ਰਿਯ ਪ੍ਰੇਮ ਕਹਾਣੀਆਂ ਦਾ ਜ਼ਿਕਰ ਕੀਤਾ ਹੈ ਅਤੇ ਮਿਰਜ਼ਾ ਸਾਹਿਬਾਂ ਦੀ ਕਥਾ ਵੱਲ ਕੋਈ ਸੰਕੇਤ ਨਹੀਂ ਕੀਤਾ। ਇਸ ਤੋਂ ਕਿਆਸ ਲਗਾਈਦਾ ਹੈ ਕਿ ਮਿਰਜ਼ਾ ਸਾਹਿਬਾਂ ਦੀ ਕਥਾ ਕੋਈ ਪ੍ਰਾਚੀਨ ਕਾਵਯ-ਰਹੱਸਯ, ਜਿਵੇਂ ਕਿ ਸੱਸੀ ਪੁਨੂੰ ਬਾਬਤ, ਜਿਸਨੂੰ ਕਿਸੇ ਯੂਨਾਨੀ ਕਾਵ-ਰਹੱਸਯ ਦਾ ਪੰਜਾਬੀ ਰੂਪ ਖ਼ਿਆਲਿਆ ਜਾਂਦਾ ਹੈ, ਨਹੀਂ। ਇਹ ਕਥਾ ਨਿਰਸੰਸ਼ੇ ਕਿਸੇ ਸੱਚੀ-ਮੁੱਚੀ ਵਾਪਰੀ ਘਟਨਾ ਉੱਤੇ ਨਿਰਭਰ ਹੈ, ਜੋ ਕਿ, ਜਿਹਾ ਕਿ ਅੰਦਰਲੀ ਗਵਾਹੀ ਤੋਂ, ਜਿਸ ਵੱਲ ਕਿ ਪਿੱਛੇ ਇਸ਼ਾਰਾ ਕਰ ਆਏ ਹਾਂ, ਅਕਬਰ ਦੇ ਸਮੇਂ ਦੇ ਉਤਰਾਰਧ ਜਹਾਂਗੀਰ ਦੇ ਸਮੇਂ ਦੇ ਪੂਰਬਾਰਧ ਵਿਚ, ਰਾਵੀ ਦੇ ਕੰਢਿਆਂ ਉੱਤੇ ਹੋਈ।

ਇਨ੍ਹਾਂ ਰੋਮਾਂਚਕ ਪ੍ਰੇਮ-ਕਹਾਣੀਆਂ ਦੇ ਪ੍ਰਚਲਨ ਅਤੇ ਜਨ-ਪ੍ਰਿਯ ਕਾਵਯ-ਰੂਪਾਂ ਨੂੰ ਵਿਚਾਰਿਆਂ ਇਕ ਹੋਰ ਨੁਕਤਾ ਵੀ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਇਕ ਨਹੀਂ ਸਗੋਂ ਦੋ ਨੁਕਤੇ। ਹੀਰ-ਰਾਂਝਾ, ਸੋਹਣੀ ਮਹੀਂਵਾਲ ਅਤੇ ਸੱਸੀ ਪੁਨੂੰ, ਕੋਈ ਵੀ ਵਾਰ ਯਾ ਸੱਦ ਦੇ ਕਾਵਯ ਤੋਲ ਵਿਚ ਨਹੀਂ ਲਿਖੇ ਤੇ ਰਚੇ ਗਏ, ਸਗੋਂ ਬੈਂਤ ਵਿਚ ਰਚੇ ਗਏ ਹਨ। ਬੈਂਤ ਸ਼ਿੰਗਾਰ ਤੇ ਕਰੁਨਾ ਰਸ ਆਦਿ ਦਾ ਵਾਹਨ ਤਾਂ ਪ੍ਰਮਾਣੀਕ ਹੈ, ਪਰ ਵੀਰ-ਰਸ ਦਾ ਨਹੀਂ। ਅਤੇ ਸ਼ਿੰਗਾਰ ਪ੍ਰੇਮ-ਰਸ ਹੀ ਇਨ੍ਹਾਂ ਕਿੱਸਿਆਂ ਵਿਚ ਪ੍ਰਧਾਨ ਹੈ ਤੇ ਇਨ੍ਹਾਂ ਲੋਕ-ਕਥਾਵਾਂ ਦੇ ਸਰਵਪ੍ਰਿਯ ਹੋਣ ਦਾ ਕਾਰਨ ਵੀ ਮਿਰਜ਼ਾ ਸਾਹਿਬਾਂ ਦਾ ਪ੍ਰਧਾਨ-ਰਸ, ਵੀਰ-ਰਸ ਅਤੇ ਵੈਰਾਗਯ-ਰਸ ਹੈ ਅਤੇ ਇਹੋ ਕਾਰਨ ਇਸ ਕਿੱਸੇ ਨੂੰ ਵਾਰ-ਤੋਲ ਵਿਚ ਲਿਖੇ ਜਾਣ ਦਾ ਹੈ। ਦੂਜਾ ਨੁਕਤਾ ਇਹ ਕਿ ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਸੱਸੀ ਪੁਨੂੰ ਵਿਚ ਸ਼ਾਕਤ

ਪਰੰਪਰਾ ਅਨੁਸਾਰ ਇਸਤਰੀ ਦਾ ਨਾਮ ਪਹਿਲਾਂ ਹੈ ਅਤੇ ਪੁਰਸ਼ ਦਾ ਪਿੱਛੋਂ, ਇਹ ਵੈਸ਼ਨਵ ਭਗਤੀ ਸਿਧਾਂਤ ਦਾ ਤਤਿਮਾ ਹੀ ਹੈ, ਜਿਸ ਅਨੁਸਾਰ ਸੀਤਾ ਰਾਮ ਅਤੇ ਰਾਧਾ ਕ੍ਰਿਸ਼ਨ ਕਹੀਦਾ ਹੈ। ਪਰ ਮਿਰਜ਼ਾ ਸਾਹਿਬਾਂ ਵਿਚ ਇਸਦੇ ਉਲਟ ਮਿਰਜ਼ਾ, ਪੁਰਸ਼ ਦਾ ਨਾਮ ਪਹਿਲਾਂ ਅਤੇ ਇਸਤਰੀ ਸ਼ਕਤੀ ਦਾ ਨਾਮ ਪਿੱਛੋਂ ਆਉਂਦਾ ਹੈ। ਇਹ ਸ਼ਾਕਤ ਸਿਧਾਂਤ, ਇਹ ਵੈਸ਼ਨਵ ਭਗਤੀ ਸਿਧਾਂਤ ਜੋ ਜੜ੍ਹ ਬ੍ਰਹਮ, ਅਚੇਤ ਪੁਰਸ਼ ਦੇ ਚੈਤਨਯ ਮਤ ਨਾਲ ਮੇਲ ਤੋਂ ਹੀ ਸੰਸਾਰ ਅਤੇ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ, ਨੂੰ ਵਿਦਵਾਨ, ਕੋਈ ਪੂਰਵ ਆਰਯ ਸਿਧਾਂਤ ਮਿਥਦੇ ਹਨ, ਜਿਸ ਬਾਰੇ ਕਿ ਕੁਝ ਅਨੁਮਾਨ ਮੁਹਿੰਜੋਦਾਰੋ ਦੇ ਪ੍ਰਾਚੀਨ ਥੇਹ ਦੀ ਖੁਦਾਈ ਤੋਂ ਲਗਾਏ ਜਾ ਰਹੇ ਹਨ। ਸਰਬ ਬ੍ਰਹਮ ਨੂੰ ਅਖਿੱਲ ਸੱਤਯਾ, ਮੰਨਣ ਵਾਲੀ ਪਰੰਪਰਾ ਅਤੇ ਸਿਧਾਂਤ ਨਾਲ ਇਹ ਮੇਲ ਨਹੀਂ ਖਾਂਦਾ। ਅਖਿੱਲ ਸੱਤਯਾ, ਏਕਓਂਕਾਰ ਦਾ ਸਿਧਾਂਤ, ਸਿੱਖ ਧਰਮ ਦੇ ਵਿਕਾਸ ਨਾਲ ਹੀ ਸ਼ੁੱਧ ਰੂਪ ਵਿਚ ਭਾਰਤ ਵਿਚ ਪ੍ਰਗਟ ਹੋਇਆ ਹੈ। ਮਿਰਜ਼ਾ ਸਾਹਿਬਾਂ ਦੇ ਨਾਮ ਦਾ ਇਸ ਸਿਧਾਂਤ ਦੇ ਵਿਕਾਸ ਨਾਲ ਕੀ ਸੰਬੰਧ ਜੋੜੀਏ ? ਅਤੇ ਮਿਰਜ਼ਾ ਸਾਹਿਬਾਂ ਦੀ ਪ੍ਰੇਮ-ਕਥਾ ਦੇ ਕਾਵਯ ਰੂਪ ਵਿਚ ਬੀਰ-ਰਸ ਦੇ ਪ੍ਰਧਾਨਤਾ ਪਕੜ ਜਾਣ ਦਾ ਸਿੱਖ ਮਤ ਦੇ ਇਤਿਹਾਸਕ ਵਿਕਾਸ ਨਾਲ ਕੀ ਮੇਲ ਜੋੜ ਹੈ ? ਇਹ ਬੜੇ ਮਨੋਰੰਜਕ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ ਇਸ ਸੰਖੇਪ ਲੇਖ ਵਿਚ ਨਹੀਂ ਦਿੱਤੇ ਜਾ ਸਕਦੇ।

ਪੀਲੂ, ਮਾਝੇ ਦਾ ਮੁਸਲਮਾਨ ਜੱਟ, ਗੁਰੂ ਅਰਜਨ ਦੇਵ ਦਾ ਸਮਕਾਲੀ ਸੀ, ਜਿਸ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਪੱਦ ਰੂਪ ਵਿਚ ਲਿਖਿਆ :

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਤੇਲ ਤੁਲਾਵੇ ਭੁਲਾ ਬਾਣੀਆ, ਦਿੱਤਾ ਸ਼ਹਿਦ ਉਲਟ।
ਪਕੜ ਨਾ ਜਾਣੇ ਤੱਕੜੀ, ਹਾੜ ਨ ਜਾਣੇ ਵੱਟ।

ਅਜਿਹੀ ਸੋਹਣੀ, ਪੀਲੂ ਦੱਸਦਾ ਹੈ, ਸਾਹਿਬਾਂ ਸੀ। ਐਨ ਉਹੋ ਅਲੰਕਾਰ ਜੋ ਕਿਸੇ ਉਰਦੂ ਦੇ ਸ਼ਾਇਰ ਨੇ ਬੱਧਾ ਹੈ :

ਕਿਸੀ ਕੇ ਆਨੇ ਸੇ ਸਾਕੀ ਕੇ ਐਸੇ ਹੋਸ਼ ਉੜੇ।
ਸ਼ਰਾਬ ਸੀਖ ਪਰ ਡਾਲੀ, ਕਬਾਬ ਸ਼ੀਸ਼ੇ ਮੇਂ।

ਇਹ ਸੱਦ, ਜਿਸ ਵਿਚ ਆਰਯ-ਬ੍ਰਿਤੀ ਪੁਰਸ਼ ਪ੍ਰਧਾਨ ਸਮਾਜ ਦਾ ਇਸਤਰੀ ਬਾਰੇ ਦ੍ਰਿਸ਼ਟੀਕੋਣ ਉਲੀਕਿਆ ਹੋਇਆ ਹੈ, ਪੀਲੂ ਦੀ ਹੀ ਕਿਰਤ ਹੈ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਜੱਟ ਵੰਝਲ ਦੇਂਦਾ ਮਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮਤ।
ਪਹਿਲਾਂ ਹੱਸ ਹੱਸ ਲਾਉਂਦੀਆਂ ਯਾਰੀਆਂ, ਪਿੱਛੋਂ ਰੋ ਰੋ ਦੇਂਦੀਆਂ ਦੱਸ।

ਫਿਰ ਇਸੇ ਚੌਬਰਗੇ ਦਾ ਖ਼ਾਕਾ ਹਾਫ਼ਜ਼ ਬਰਖ਼ੁਰਦਾਰ ਨੇ ਉਤਾਰਿਆ ਹੈ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਮਾਦਰ ਦੇਂਦੀ ਮਤ।
ਜਾਇ ਬਗਾਨੀ ਨਾਰ ਨੂੰ, ਕੋਈ ਮੂਰਖ ਪਾਉਂਦਾ ਹੱਥ।
ਲੱਥੀ ਹੱਥ ਨ ਆਉਂਦੀ, ਦਾਨਸ਼ਮੰਦਾਂ ਦੀ ਪੱਤ।
ਮੈਂ ਬਕਰਾ ਦੇਸਾਂ ਪੀਰ ਦਾ, ਜੇ ਘਰ ਮੁੜ ਆਵੇ ਵੱਤ।

'ਫ਼ਰਾਯਡ' (Freud) ਤੋਂ ਸੈਂਕੜੇ ਵਰ੍ਹੇ ਪਹਿਲਾਂ, ਪੰਜਾਬ ਵਾਸੀਆਂ ਨੂੰ ਸੁਪਨ-ਰਹੱਸਯ ਦੀ ਵਿਦਿਆ ਦਾ ਬੋਧ ਸੀ। ਮਿਰਜ਼ੇ ਦੀ ਮਾਂ ਨੂੰ ਮਿਰਜ਼ੇ ਦੇ ਝੰਗ ਵੱਲ ਤੁਰਨ ਤੋਂ ਪਹਿਲਾਂ ਸੁਪਨ-ਸੰਕੇਤ ਹੁੰਦਾ ਹੈ। ਔਰੰਗਜ਼ੇਬ ਦਾ ਸਮਕਾਲੀ, ਹਾਫ਼ਜ਼ ਬਰਖ਼ੁਰਦਾਰ ਲਿਖਦਾ ਹੈ :

ਸੁੱਤੇ ਸੁਪਨਾ ਵਾਚਿਆ, ਸੁਪਨਾ ਬੁਰੀ ਬਲਾਇ।
ਕਾਲ ਕਲੋਟੀ ਇਸਤ੍ਰੀ, ਵਾਲ ਖਲੇਰੇ ਆਇ।
ਟੁੱਟਾ ਥੰਮ ਦਲਾਨ ਦਾ, ਪਿਆ ਧਰਤ ਤੇ ਜਾਇ।
ਕੜਕ ਅਟਾਰੀ ਡਿਗ ਪਈ, ਸਣ ਛੱਜੇ ਸਮੁਦਾਇ।

ਭਗਵਾਨ ਸਿੰਘ ਮਹਿਰਾਜੀਆ (1892—1950) ਲਿਖਦਾ ਹੈ:

ਮਿਰਜ਼ਾ ਤੁਰਿਆ ਘਰਾਂ ਤੋਂ, ਮੰਦੇ ਸਗਨ ਦਸੌਣ।
ਸੱਜੇ ਤਿੱਤਰ ਬੋਲਿਆ, ਕਾਗ ਬਨੇਰੇ ਭੌਣ।
ਦਿਨ ਵਿਚ ਗਿੱਦੜ ਬੋਲਦੇ, ਸਿਰ ਪਰ ਗਿਰਝਾਂ ਲੌਣ।
ਉੱਲੂ ਰੋਂਦੇ ਰਾਤ ਨੂੰ, ਕਰ ਕਰ ਲੰਬੀ ਧੌਣ।
ਇਹ ਅਪਸਗਨਾਂ ਹੁੰਦਿਆਂ, ਜਗ ਵਿਚ ਬਚਦਾ ਕੌਣ।[1]

ਇਹ ਭਗਵਾਨ ਸਿੰਘ ਮਹਿਰਾਜੀਆ, ਅੰਗਰੇਜ਼ਾਂ ਦੇ ਰਸਾਲੇ ਵਿਚ ਨੌਕਰੀ ਕਰ ਚੁੱਕਾ ਸੀ ਅਤੇ ਰਸਾਲੇ ਦੇ ਘੋੜਿਆਂ ਦੀ ਕੈਂਟਰ (Canter) ਚਾਲ ਤੋਂ ਵਾਕਫ਼ ਸੀ। ਸਿਆਲਾਂ ਤੇ ਚੰਧੜਾਂ ਦੀ, ਮਿਰਜ਼ੇ ਪਿੱਛੇ ਲੱਗੀ ਵਹੀਰ ਨੂੰ ਬਿਆਨਦਾ ਹੈ:

---

1. Compare the following in the Kumarsambhav of Kalidasa : (When Skand was to be oppose in battle by the demon, Tarak.)

I

ਨਿਰਘਾਟ ਘੋਸ਼ੋ ਗਿਰਿ ਸ਼੍ਰਿੰਗ ਸਥਾਨੋ।
ਘਣੋ ਅੰਬ੍ਰਾਸ਼ਾ ਕੁਹਾਰੋ ਧਰਮਬਰੀਹ।
ਬਭੂਵ ਭੂਮਨਾ ਸ੍ਰੁਤੀ ਭਿੱਤੀ-ਭੇਦਨਹ।
ਪਰਕੋਪੀ ਕਾਲ ਆਰਜਿਤਾ ਗਰਜ ਤਰਜਨਹ।

II

ਸਖਲੋ ਮਹੇਭੇ ਪ੍ਰਾਪਤਤ ਤੁੰਗਮਮ।
ਪਰਸਪਰਾ ਸ਼ਲੀਸਤ ਜਨਮੇ ਸਮੰਤਤਹ।
ਪ੍ਰਕਸੁਭਯਦ ਅੰਭੋਧੀ ਵਿਭਿੰਨ-ਭੂਧਰਾਦ।
ਬਲੇਂਦ੍ਰਿਸ਼ੋ ਭੂਦ ਅਵਨੀ ਪ੍ਰਾਕੰਪਾਤ।
ਉਰਧ ਵਿਕ੍ਰਤਾਸਿਯ ਰਵਿਦੱਤ ਦ੍ਰਿਸਟਾਯਹ।

III

ਸਮੇਤਯ ਸਰਵੇ ਸੁਰ ਵਿਦਿੱਵਸ਼ਾਹ ਪੁਰਹ।
ਸ੍ਵਾਨਹ ਸ੍ਵਰੇਣਾਹ ਸ਼੍ਵਾਣਾਤਹ ਸ਼ਾਤਿਨਹ।
ਮਿਥੋਰੁਦੰਤਹ ਕਰੁਣੇਨਾ ਨ੍ਰਿਯਾਯੂਹ।

I

Like the thundred threat of the angry death-god,
A great crash broke the walls of the ears.
A shattering sound tearing the tops of the mountains,
And wholly filling the belly of the heaven.

II

The host of the foe was jostled together,
The great elephants stumbled; the horses fell.
And all the footmen clung together in fear.
As the earth trembled and the ocean rose to shake the mountains.

III

And before the host of the toes of the gods,
Dogs lifted their muzzles to gaze on the sun,
Then howling together with cries rent the eardrums.
They Wrechedly shrak away.

ਘੋੜੇ ਪੀੜੇ ਚੰਧੜਾਂ, ਲਾ ਪੰਜੇ ਹਥਿਆਰ।
ਤੇਗ, ਬੰਦੂਕਾਂ, ਬਰਛੀਆਂ, ਨੇਜ਼ੇ ਬੇਸ਼ੁਮਾਰ।
ਦਿਲ ਵਿਚ ਖਾਣ ਕਚੀਚੀਆਂ, ਕਰਦੇ ਮਾਰੋ ਮਾਰ।
ਸਿੱਧੇ ਕੀਤੇ ਜੰਡ ਨੂੰ, ਦਿਲੋਂ ਇਰਾਦੇ ਧਾਰ।
ਵਾਂਗ ਰਸਾਲੇ ਕੈਂਟਰੀ, ਚਲਦੇ ਇਕੋ ਤਾਰ।
ਜਿਦ ਜਿਦ ਮਾਰਨ ਅੱਡੀਆਂ, ਜਿਉਂ ਚਾਬਕ ਅਸਵਾਰ।

ਸਾਹਿਬਾਂ ਦੇ ਭਰਾ, ਸ਼ਮੀਰ ਖ਼ਾਨ ਦੇ ਸ਼ਿਕਾਰੀ ਕੁੱਤੇ, ਜੌਰਾ, ਭੌਰਾ, ਨਾਮ ਦੇ ਸਾਹਿਬਾਂ ਨੇ ਦੂਰੋਂ ਚੜ੍ਹੇ ਆਉਂਦੇ ਪਛਾਣ ਲਏ :

ਕੁੱਤੇ ਖ਼ਾਨ ਸ਼ਮੀਰ ਦੇ ਛਪੜੀਂ ਆਣ ਵੜੇ।
ਸਿਰ ਵੱਡੇ ਮੂੰਹ ਮੋਕਲੇ, ਦਹਿ ਦਹਿ ਸੇਰ ਧੜੇ।
ਨਿਗਲਣ ਸਾਬਤ ਬੱਕਰੇ, ਮਾਣਸ ਕੌਣ ਅੜੇ।
ਜੌਰਾ, ਭੌਰਾ ਨਾਮ ਦੇ, ਸ਼ੇਰਾਂ ਨਾਲ ਲੜੇ।
ਗਲ ਵਿਚ ਪਟੇ ਬਨਾਤ ਦੇ, ਭਰਤੀ ਚਾਰ ਕੜੇ।
ਉਪਰ ਸਤਾਰੇ ਚਮਕਦੇ, ਕਾਰੀਗਰਾਂ ਜੜੇ।
ਗਲ ਵਿਚ ਡੋਰਾਂ ਰੇਸ਼ਮੀ, ਮਾਲਕ ਹੱਥ ਫੜੇ।
ਉੱਠ ਵੇ ਮੇਰਿਆ ਮਿਰਜ਼ਿਆ, ਉੱਠ ਕੇ ਹੋਹੁ ਖੜੇ।
ਦੁਸ਼ਮਣ ਤੇਰੀ ਜਾਨ ਦੇ, ਸਿਰ ਪਰ ਆਣ ਖੜੇ।

ਮਿਰਜ਼ਾ 'ਕੱਲਾ ਭਰਾਵਾਂ, ਹਮੈਤੀਆਂ ਤੋਂ ਬਿਨਾਂ ਮਾਰਿਆ ਗਿਆ, ਸਾਹਿਬਾਂ ਦੇ ਭਾਈਆਂ ਭਰਾਵਾਂ ਦੇ ਹੱਥੋਂ :

ਧਾਵੇ ਕੀਤੇ ਕਟਕ ਨੇ, ਨੇੜੇ ਆ ਕੇ ਜੰਡ।
ਚਾਰ ਚੁਫੇਰੇ ਘੇਰ ਕੇ, ਪਈ ਤੀਰਾਂ ਦੀ ਫੰਡ।
ਫੜ ਲਿਆ ਮਿਰਜ਼ੇ ਖਰਲ ਨੂੰ, ਲਿਆ ਵਿਚਾਰਾ ਵੰਡ।
ਰੂੰ ਦੇ ਵਾਂਗੂ ਪਿੰਜਿਆ, ਪਿੰਡਾ ਕੀਤਾ ਖੰਡ।
ਸਿਰੋਂ ਮੁੜਾਸਾ ਢਹਿ ਪਿਆ, ਗਲ ਵਿਚ ਖੁੱਲ੍ਹੀ ਝੰਡ।
ਨਾ ਕੋਈ ਨੇੜੇ ਆਪਣਾ, ਨਾ ਕੋਈ ਸਾਥੀ ਸੰਗ।
ਬਾਝ ਭਰਾਵਾਂ ਮਾਰਿਆ, ਰੋਹੀ ਰੁਲਣ ਕੁਰੰਗ।

ਸਾਹਿਬਾਂ ਨਾਲ ਕੀ ਬੀਤੀ ? ਇਹ ਵੀ ਭਗਵਾਨ ਸਿੰਘ ਮਹਿਰਾਜੀਏ ਦੀ ਜ਼ਬਾਨੀ ਸੁਣੋ :

ਢਹਿ ਮਿਰਜ਼ੇ ਦੀ ਲੋਥ 'ਤੇ ਸਾਹਿਬਾਂ ਕਰਦੀ ਵੈਣ।
ਦਿਲ ਤੋਂ ਭੁੱਬਾਂ ਮਾਰਦੀ, ਨੀਰ ਨਚੋੜੇ ਨੈਣ।
ਦੇਸ ਬਗਾਨਾ ਓਪਰਾ, ਪਾਸ ਨਾ ਭਾਈ ਭੈਣ।
ਮਨ ਦੁਖੀਆ ਤਨ ਅੱਚਵੀ, ਪਲਕ ਨਾ ਪੈਂਦੀ ਚੈਨ।
ਓਹੀ ਪੀੜ ਪਛਾਣਦਾ, ਜਿਸ ਨੂੰ ਇਹ ਦੁਖ ਪੈਣ।
ਕਿਸੇ ਨਾ ਕਬਰ ਬਨਾਉਣੀ, ਲੋਥ ਨਾ ਆਉਣੀ ਲੈਣ।
ਕੋਈ ਨਾ ਦਿਸਦਾ ਆਪਣਾ, ਸਭ ਬੇਗਾਨੇ ਹੈਣ।

ਫੇਰ :

ਬਾਹੋਂ ਫੜ ਕੇ ਸਾਹਿਬਾਂ, ਪਾਈ ਭਰਾਵਾਂ ਗੱਡ।
ਲੈ ਗਏ ਝੰਗ ਸਿਆਲ ਨੂੰ, ਲੱਖ ਬਦਨਾਮੀ ਛੱਡ।
ਮਾਰੀ ਤੀਰੀਂ ਵਿੰਨ੍ਹ ਕੇ, ਧਰਤੀ ਅੰਦਰ ਗੱਡ।
ਸਿਰ ਦਾ ਖੋਪਰ ਲਾਹ ਕੇ, ਜਿਸਮੋਂ ਕੀਤਾ ਅੱਡ।
ਗਿਰਝਾਂ ਖਾਵਣ ਮਾਸ ਨੂੰ, ਗਿੱਦੜ ਚੂਸਣ ਹੱਡ।
ਹੋਰ ਨਾ ਕੋਈ ਨਿਕਲੇ, ਭਾਈਆਂ ਭੈਣਾਂ ਰੱਦ।

# ਨਯਾ ਪੈਸਾ

ਨਯਾ ਪੈਸਾ ਭਾਰਤ ਦੀ ਆਧੁਨਿਕ ਰੂਪ-ਰੇਖਾ ਦਾ ਇਕ ਸਰਵਗਿਆਤ ਚਿੰਨ੍ਹ ਹੈ। ਜਿਸ ਵੇਲੇ ਅਸਾਡੇ ਦੇਸ਼ ਦੇ ਪ੍ਰਚਲਿਤ ਸਿੱਕੇ ਨੂੰ ਦਸ਼ਮਿਕ ਪੱਧਤੀ ਅਨੁਸਾਰ ਢਾਲਣ ਅਤੇ ਨਿਰਮਤ ਕਰਨ ਲਈ ਲੋਕ ਸਭਾ ਵਿਚ ਕਾਨੂੰਨ ਬਣਨ ਲੱਗਾ, ਤਾਂ ਲੋਕ ਸਭਾ ਦੇ ਅੰਦਰ ਵੀ, ਅਤੇ ਬਾਹਰ ਵੀ, ਦੋਹਾਂ ਹਲਕਿਆਂ ਵਿਚ ਇਹ ਕਿੰਤੂ ਕੀਤਾ ਗਿਆ ਕਿ ਸਾਡੇ ਦੇਸ਼ ਦੇ ਨਵੇਂ ਸਿੱਕੇ ਦੀ ਇਕਾਈ ਦਾ ਨਾਮ 'ਪੈਸਾ' ਨਹੀਂ ਹੋਣਾ ਚਾਹੀਦਾ, ਕਿਉਂਜੁ 'ਪੈਸਾ', ਪੁਰਤਗਾਲੀ ਬਦੇਸ਼ੀ ਭਾਸ਼ਾ ਦਾ ਸ਼ਬਦ ਹੈ, 'ਪੇਸੋ' (Peso), ਜੋ ਕਿ ਪੰਦਰ੍ਹਵੀਂ ਸ਼ਤਾਬਦੀ ਮਸੀਹੀ ਵਿਚ ਪੁਰਤਗਾਲੀਆਂ ਦੇ, ਸਮੁੰਦਰ ਰਾਹੀਂ ਅਸਾਡੇ ਦੇਸ਼, ਕਾਲੀਕਟ ਨਾਮੀ ਬੰਦਰਗਾਹ ਉੱਤੇ ਪੁੱਜਣ ਨਾਲ ਭਾਰਤੀ ਆਧੁਨਿਕ ਬੋਲੀਆਂ ਵਿਚ ਦਾਖ਼ਲ ਤੇ ਪ੍ਰਚਲਿਤ ਹੋਇਆ ਅਤੇ ਇਸ ਲਈ ਇਹ ਸ਼ਬਦ ਅਸਾਡੀ ਯੂਰਪੀਨ ਜਾਤੀਆਂ ਹੇਠ, ਰਾਜਸੀ ਅਤੇ ਆਤਮਿਕ ਪ੍ਰਾਧੀਨਤਾ ਦੀ ਸਮ੍ਰਿਤੀ ਕਰਵਾਉਂਦਾ ਹੈ। ਕਿਹਾ ਗਿਆ ਕਿ ਮੁਸਲਮਾਨਾਂ ਤੇ ਯੂਰਪੀਨ ਬਦੇਸ਼ੀਆਂ ਦੀ ਅਸਾਡੇ ਦੇਸ਼ ਵਿਚ ਆਮਦ ਤੋਂ ਪਹਿਲਾਂ, ਜੋ ਸਿੱਕੇ ਭਾਰਤ ਵਿਚ ਰਾਇਜ ਤੇ ਪ੍ਰਚਲਿਤ ਸਨ, ਉਨ੍ਹਾਂ ਦੇ ਉਹੋ ਪੁਰਾਣੇ ਨਾਮ, ਅਸਾਡੇ ਦੇਸ਼ ਦੀ ਨਵੀਂ ਦਸ਼ਮਿਕ ਪੱਧਤੀ ਦੇ ਸਿੱਕਿਆਂ ਰਾਹੀਂ ਪੁਨਰ ਜੀਵਤ ਕੀਤੇ ਜਾਣ, ਜਿਸ ਨਾਲ ਕਿ ਅਸਾਡਾ ਆਤਮਕ ਗੌਰਵ ਵਧੇ, ਜਿਸ ਲਈ ਕਿ ਸ਼ਬਦ 'ਪੈਸਾ' ਬਾਧਕ ਹੈ। ਬੋਧਾਂ ਦੇ ਮਹਾਨ ਪਾਲੀ ਧਰਮ ਗ੍ਰੰਥ, 'ਤਿਪਿਟਕ' ਦੇ ਤਿੰਨ ਭਾਗ ਹਨ—ਵਿਨਾਯਪਿਟਕ, ਸੂਤਪਿਟਕ ਅਤੇ ਅਭਿਧੱਮਪਿਟਕ। 'ਸੂਤਪਿਟਕ' ਜਿਸ ਵਿਚ ਕਿ ਗੌਤਮ ਬੁੱਧ ਦੇ ਉਪਦੇਸ਼ ਵਖਯਾਨ ਅੰਕਤ ਹਨ, ਵਿਚ ਹੀ 'ਜਾਤਕਾਂ', ਗੌਤਮ ਦੇ ਬੀਤ ਚੁੱਕੇ ਜਨਮਾਂ ਬਾਰੇ ਕਹਾਣੀਆਂ ਸੰਮਿਲਤ ਹਨ, ਜੋ ਕਿ ਸੰਸਾਰ ਭਰ ਦੇ ਸਾਹਿਤ ਤੇ ਲੋਕ-ਕਲਾ ਦੀਆਂ ਕਹਾਣੀਆਂ ਦਾ ਸੋਮਾ ਮੰਨੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਨਾਲੋਂ ਪੁਰਾਣੀਆਂ ਕਹਾਣੀਆਂ ਸੰਸਾਰ ਭਰ ਦੇ ਸਾਹਿਤ ਸਮ੍ਰਿਤੀ ਵਿਚ ਨਹੀਂ ਹਨ। ਇਨ੍ਹਾਂ 'ਜਾਤਕਾਂ' ਦੀ ਆਯੂ 3,000 ਵਰ੍ਹੇ ਨਾਲੋਂ ਕਿਵੇਂ ਵੀ ਘੱਟ ਨਹੀਂ, ਬਹੁਤੀ ਭਾਵੇਂ ਹੋਵੇ। ਇਨ੍ਹਾਂ ਵਿਚ ਇਕ ਪ੍ਰਸਿੱਧ ਜਾਤਕ ਹੈ, 'ਮਹਾਸੁਪਿਨਾ ਜਾਤਿਕ' (77)। ਇਸ ਕਹਾਣੀ ਵਿਚ ਕੋਸ਼ਲ ਦੇਸ਼ ਦੇ ਰਾਜੇ ਨੂੰ ਇਕ ਰਾਤ ਸੋਲ੍ਹਾਂ ਬੜੇ ਵਚਿੱਤ੍ਰ ਸੁਪਨੇ ਆਉਂਦੇ ਹਨ, ਜਿਨ੍ਹਾਂ ਦਾ ਕਿ ਅੰਤ੍ਰੀਵ ਭਾਵ, ਗੌਤਮ, ਆਪਣੇ ਕਿਸੇ ਪਿਛਲੇਰੇ ਜਨਮ ਵਿਚ ਜਦੋਂ ਉਹ ਅਜੇ 'ਬੋਧੀ ਸੱਤ' ਦੀ ਪਦਵੀ ਉੱਤੇ ਹੀ ਸੀ ਅਤੇ ਬੁੱਧ ਪਦਵੀ ਨੂੰ ਪ੍ਰਾਪਤ ਨਹੀਂ ਸੀ ਹੋਇਆ, ਰਾਜੇ ਨੂੰ ਖੋਲ੍ਹ ਕੇ ਸੁਣਾਉਂਦਾ ਹੈ। ਉਸ ਜਾਤਕ ਵਿਚ ਬੋਧੀ ਸੱਤ ਇਕ ਸੁਪਨੇ ਦਾ ਅੰਤ੍ਰੀਵ ਭਾਵ ਖੋਲ੍ਹਦਾ ਹੋਇਆ ਕਹਿੰਦਾ ਹੈ ਕਿ "ਅਜਿਹਾ ਸਮਾਂ ਆਉਣ ਵਾਲਾ ਹੈ ਜਦੋਂ ਕਿ ਮਲੀਨ ਬੁੱਧ ਭਿਕਸ਼ੂ, ਲੋਭਗ੍ਰਸਤ ਹੋ ਕੇ ਧਨ ਲਈ ਧਰਮ ਵੇਚਣਗੇ। ਹਾਂ, ਉਹ ਇਤਨੇ ਗਿਰ ਜਾਣਗੇ ਕਿ ਧਰਮ ਨੂੰ ਸੜਕਾਂ ਉੱਤੇ ਖੜੇ ਹੋ ਕੇ, ਕਹਾਪਾਣ,

ਅੱਧਕਹਾਪਾਣ ਤੇ ਮਾਸਕ ਵੱਟੇ ਵੇਚਣਗੇ।" ਸੋ, ਅੱਜ ਤੋਂ ਪੰਜੀ ਕੁ ਸੌ ਸਾਲ ਪਹਿਲਾਂ ਸਾਡੇ ਦੇਸ਼ ਵਿਚ ਜੋ ਸਿੱਕੇ ਪ੍ਰਚਲਿਤ ਸਨ, ਉਨ੍ਹਾਂ ਦੇ ਨਾਮ ਸਨ ਕਹਾਪਾਣ, ਅੱਧਕਹਾਪਾਣ ਤੇ ਮਾਸਕ ਆਦਿ। ਮਾਸਕ, ਇਕ ਮਾਸ਼ੇ ਤੋਲ ਦਾ ਕੋਈ ਪੈਸੇ ਵਰਗਾ ਹੀ ਛੋਟਾ ਸਿੱਕਾ ਉਦੋਂ ਹੋਵੇਗਾ ਅਤੇ ਕੁਝ ਏਹੋ ਜਿਹਾ ਨਾਮ ਹੀ ਕੁਝ ਲੋਕ ਨਵੇਂ ਪੈਸੇ ਨੂੰ ਦੇਣਾ ਚਾਹੁੰਦੇ ਸਨ, ਜੋ ਕਿ ਲੋਕ ਸਭਾ ਨੇ ਪ੍ਰਵਾਣ ਨਾ ਕੀਤਾ ਅਤੇ 'ਪੈਸਾ' ਨਾਮ ਹੀ ਕਾਇਮ ਰੱਖਿਆ।

ਅਸਾਡੀ ਲੋਕ ਸਭਾ ਦਾ ਫ਼ੈਸਲਾ ਬੜੀ ਦੀਰਘ ਦ੍ਰਿਸ਼ਟੀ ਦਾ ਸੂਚਕ ਹੈ ਅਤੇ ਬਹੁਤ ਢੁੱਕਵਾਂ ਤੇ ਸੁਚੱਜਾ ਹੈ।

ਜਿਸ ਲੋਕਤੰਤ੍ਰ ਗਣਰਾਜ ਨੂੰ ਅਸਾਡੇ ਦੇਸ਼ਵਾਸੀਆਂ ਨੇ ਆਪਣੀ ਲੋਕ ਸਭਾ ਦੁਆਰਾ ਹੁਣ ਭਾਰਤ ਵਿਚ ਨਿਰਮਤ ਕੀਤਾ ਹੈ, ਇਹ ਆਪਣੀ ਬੁਨਿਆਦੀ ਰੂਪ-ਰੇਖਾ ਵਿਚ ਇਕ ਆਧੁਨਿਕ ਰਾਜ ਸ਼ਾਸਨ ਹੈ। ਪ੍ਰਾਚੀਨ ਸਮਿਆਂ ਵਿਚ ਵੀ ਭਾਰਤ ਵਿਚ ਪੰਚਾਇਤੀ ਸੰਸਥਾਵਾਂ ਨੂੰ ਕਈ ਪ੍ਰਕਾਰ ਦੇ ਰਾਜ ਅਧਿਕਾਰ ਪ੍ਰਾਪਤ ਸਨ, ਪਰ ਅਸਾਡੀ ਅੱਜ ਦੀ ਰੀਪਬਲਿਕ ਨੂੰ ਉਨ੍ਹਾਂ ਪੰਚਾਇਤੀ ਸੰਸਥਾਵਾਂ ਦਾ ਹੀ ਪੁਨਰਜਾਗ੍ਰਿਤ ਰੂਪ ਸਮਝਣਾ ਵੱਡੀ ਭੁੱਲ ਹੋਵੇਗੀ, ਕਿਉਂਜੁ ਇਸ ਰੀਪਬਲਿਕ ਦਾ ਢਾਂਚਾ ਤੇ ਉਤੇਜਨਾ ਯੂਰਪੀਨ ਦੇਸ਼ਾਂ ਅਤੇ ਜਾਤੀਆਂ ਦੀ ਪਿਛਲੀ ਚਾਰ ਪੰਜ ਸੌ ਵਰ੍ਹਿਆਂ ਦੀ ਤਾਰੀਖ਼ ਤੇ ਪਰੰਪਰਾ ਤੋਂ ਮਾਂਗਵੀ ਲਈ ਗਈ ਹੈ, ਜਿਵੇਂ ਕਿ ਉੱਚਿਤ ਸੀ। ਪਿਛਲੇ ਪੰਜ ਚਾਰ ਸੌ ਵਰ੍ਹਿਆਂ ਵਿਚ ਜੋ ਪ੍ਰਭਾਵ ਭਾਰਤ ਦੀ ਤਾਰੀਖ਼ ਤੇ ਆਤਮਾ ਉੱਤੇ ਯੂਰਪੀਨ ਦੇਸ਼ਾਂ ਤੇ ਜਾਤੀਆਂ ਨੇ ਪਾਏ ਹਨ, ਉਨ੍ਹਾਂ ਨੂੰ ਭੁੱਲਣ ਯਾ ਅੱਖੋਂ ਓਹਲੇ ਕਰਨ ਦਾ ਜਤਨ ਯਾ ਸੰਕਲਪ ਕਰਨਾ ਭਾਰੀ ਪਿਛਾਂਹ ਖਿੱਚੂ ਤੇ ਢਾਹੂ ਰੁਚੀ ਸਾਬਤ ਹੁੰਦੀ, ਜਿਸ ਨਾਲ ਦੇਸ਼ ਦੇ ਮੁੜ ਪਰਤੰਤ੍ਰ ਹੋਣ ਦਾ ਡਰ ਹੈ।

ਜੋ ਕੁਝ ਵਾਪਰ ਤੇ ਬੀਤ ਚੁੱਕਾ ਹੈ, ਉਸ ਨੂੰ ਮੇਸਣਾ ਅਸੰਭਵ ਹੈ ਅਤੇ ਭੁੱਲਣਾ ਬੜੀ ਭਾਰੀ ਭੁੱਲ। ਜੋ ਕੁਝ ਵਾਪਰ ਤੇ ਬੀਤ ਗਿਆ ਹੈ, ਉਸ ਵੱਲੋਂ ਅੱਖਾਂ ਮੁੰਦਣੀਆਂ ਮ੍ਰਿਤੂਵਤ ਹੋਣ ਦੇ ਤੁੱਲ ਹੈ।

ਅਸਾਡੇ ਦੇਸ਼ ਦਾ ਆਧੁਨਿਕ ਕਾਲ (Modern Age) ਜਿਵੇਂ ਕਿ ਬਾਕੀ ਦੇ ਏਸ਼ਿਆਈ ਦੇਸ਼ਾਂ ਦਾ, ਉਸ ਵੇਲੇ ਆਰੰਭ ਹੁੰਦਾ ਹੈ, ਜਦੋਂ ਕਿ ਅੱਜ ਤੋਂ ਚਾਰ ਪੰਜ ਸੌ ਸਾਲ ਪਹਿਲਾਂ, ਯੂਰਪੀਨ ਜਾਤੀਆਂ ਨੇ ਅਸਾਡੇ ਦੇਸ਼ ਨਾਲ ਸਮੁੰਦਰੀ ਆਵਾਜਾਈ ਦਾ ਰਾਹ ਖੋਲ੍ਹ ਦਿੱਤਾ। ਬੱਸ, ਉਹੋ ਸਮਾਂ ਅਸਾਡੇ ਮੱਧਯਕਾਲ (Medieval Age) ਦੇ ਅੰਤ ਹੋਣ ਦਾ ਅਤੇ ਆਧੁਨਿਕ ਕਾਲ ਦੇ ਆਰੰਭ ਦਾ ਹੈ। ਯੂਰਪੀਨ ਦੇਸ਼ਾਂ ਤੇ ਜਾਤੀਆਂ ਦੇ ਮੱਧਯਕਾਲ ਦੇ ਅੰਤ ਅਤੇ ਆਧੁਨਿਕ ਕਾਲ ਦੇ ਆਰੰਭ ਨੂੰ ਹੋਰ ਕਿਵੇਂ ਪਰਖੀਦਾ ਹੈ, ਜਿਸ ਬਹਿਸ ਵਿਚ ਕਿ ਇਥੇ ਪੈਣਾ ਜ਼ਰੂਰੀ ਨਹੀਂ।

ਪੁਰਤਗਾਲ ਦੇਸ਼ ਦਾ ਮਹਾਜਹਾਜ਼ੀ 'ਵਾਸਕੋ ਡੀ ਗਾਮਾ' (1460—1524), 20 ਮਈ, ਸੰਨ 1498 ਨੂੰ ਕਾਲੀਕੱਟ ਦੀ ਬੰਦਰਗਾਹ ਉੱਤੇ ਸਮੁੰਦਰ ਰਾਹੀਂ ਪੁੱਜਾ ਤੇ ਉਸੇ ਦਿਨ ਉਸ ਨੇ ਭਾਰਤੀ ਧਰਤੀ ਉੱਤੇ ਇਕ ਸੰਗਮਰਮਰ ਦਾ ਸਥੰਭ ਗੱਡ ਦਿੱਤਾ, ਜਿਸ ਦਾ ਭਾਵ ਇਹ ਸੀ ਕਿ ਪੁਰਤਗਾਲ ਦੇਸ਼ ਨੇ ਭਾਰਤ ਦੇਸ਼ ਨੂੰ ਲੱਭ ਲਿਆ ਹੈ ਤੇ ਪ੍ਰਾਜੈ ਕਰ ਲਿਆ ਹੈ।

ਬੱਸ, ਇਹੋ ਸਮਾਂ ਭਾਰਤ ਵਿਚ ਆਧੁਨਿਕ ਕਾਲ ਦੇ ਆਰੰਭ ਹੋਣ ਦਾ ਹੈ, ਜਿਸ ਆਧੁਨਿਕ ਕਾਲ ਦੀ ਉਪਜ ਸਾਡੀ ਰੀਪਬਲਿਕ ਦਾ ਰਾਜ ਸ਼ਾਸਨ ਹੈ ਤੇ ਜਿਸ ਆਧੁਨਿਕ ਕਾਲ ਦਾ ਸੂਚਕ ਸ਼ਬਦ 'ਪੈਸਾ' ਹੈ, ਜੋ ਕਿ ਪੁਰਤਗਾਲੀ ਬੋਲੀ ਵਿੱਚੋਂ ਆ ਕੇ, ਅਸਾਡੇ ਦੇਸ਼ ਦੀਆਂ ਸਭ ਪ੍ਰਚਲਿਤ ਬੋਲੀਆਂ ਵਿਚ ਪ੍ਰਵੇਸ਼ ਕਰ ਗਿਆ ਹੈ।

ਇਹ 'ਪੈਸਾ' ਹੀ ਇਕ ਪੁਰਤਗਾਲੀ ਸ਼ਬਦ ਨਹੀਂ ਜੋ ਕਿ ਆਧੁਨਿਕ ਕਾਲ ਵਿਚ, ਪੰਜਾਬੀ ਭਾਸ਼ਾ ਵਿਚ ਪ੍ਰਵੇਸ਼ ਕਰ ਗਿਆ ਹੈ, ਹੋਰ ਵੀ ਅਨੇਕ ਅਜੇਹੇ ਸ਼ਬਦ ਪੁਰਤਗਾਲੀ ਵਿੱਚੋਂ ਆ ਕੇ ਪੰਜਾਬੀ ਵਿਚ ਪ੍ਰਵੇਸ਼ ਕਰ ਚੁੱਕੇ ਹਨ ਅਤੇ ਇਉਂ ਰਚ-ਮਿੱਚ ਗਏ ਹਨ ਕਿ ਪਛਾਣੇ ਨਹੀਂ ਜਾਂਦੇ, ਜਿਹਾ ਕਿ ਅਲਮਾਰੀ, ਅਚਾਰ, ਈਸਪਾਤ, ਸੰਤਰਾ, ਸਾਗੂ, ਕਮਰਾ, ਕਪਤਾਨ, ਕਾਫ਼ੀ, ਕਿਰਚ, ਗਮਲਾ, ਗਾਰਦ, ਗਿਰਜਾ, ਗੋਭੀ, ਚਾਬੀ, ਤੌਲੀਆ, ਤਮਾਖੂ, ਨੀਲਾਮ, ਪਰਾਤ, ਪਰੇਗ, ਪਾਦਰੀ, ਪਿਸਤੌਲ, ਪੀਪਾ, ਫ਼ਰਮਾ, ਫ਼ਲਾਨੀ, ਫ਼ਾਲਤੂ, ਫ਼ੀਤਾ, ਬਾਲਟੀ, ਬਿਸਕੁਟ, ਬੋਤਲ, ਮਿਸਤਰੀ, ਮੇਜ਼, ਰਸੀਦ, ਆਦਿ। ਜਿਵੇਂ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ ਵਿੱਚੋਂ ਕੱਢਣ ਦਾ ਜਤਨ ਕਰਨਾ ਪੰਜਾਬੀ ਬੋਲੀ ਨੂੰ ਘਾਤ ਕਰਨ ਦੇ ਤੁੱਲ ਹੈ, ਇਵੇਂ ਹੀ 'ਪੈਸਾ' ਸ਼ਬਦ ਨੂੰ ਬਦਲਣਾ, ਭਾਰਤ ਦੇਸ਼ ਦੀਆਂ ਬਾਕੀ ਜ਼ਬਾਨਾਂ ਨਾਲ ਅਨਿਆਂ ਸੀ। ਅਤੇ ਇਸ ਦਾ ਭਾਵ ਇਹ ਭੀ ਨਿਕਲਦਾ ਸੀ ਕਿ ਅਸੀਂ ਆਧੁਨਿਕ ਕਾਲ ਦੀ ਆਤਮਾ ਵੱਲ ਜਾਣ ਬੁੱਝ ਕੇ ਆਪਣੀ ਪਿੱਠ ਮੋੜ ਰਹੇ ਹਾਂ ਅਤੇ ਏਹੋ ਜਿਹਾ ਰਵੱਈਆ ਆਤਮਘਾਤੀ ਰੁਚੀਆਂ ਦਾ ਸੂਚਕ ਹੈ।

ਇਉਂ ਵਿਚਾਰਿਆਂ ਪਤਾ ਲੱਗਦਾ ਹੈ ਕਿ ਅਸਾਡੀ ਲੋਕ ਸਭਾ ਨੇ ਜੋ 'ਨਯਾ ਪੈਸਾ' ਸੰਗਿਆ ਦਸ਼ਮਿਕ ਪੱਧਤੀ ਦੇ ਨਵੇਂ ਸਿੱਕੇ ਲਈ ਨਿਰਣਯ ਕੀਤੀ ਹੈ, ਉਹ ਕਿਤਨੀ ਦੂਰਦਰਸ਼ਤਾ ਉੱਤੇ ਨਿਰਭਰ ਹੈ।

ਇਹ ਵਾਸਕੋ ਡੀ ਗਾਮਾ ਕੌਣ ਸੀ, ਜਿਸ ਰਾਹੀਂ ਭਾਰਤ ਨਾਲ ਯੂਰਪੀਨ ਦੇਸ਼ਾਂ ਦੀ ਸਮੁੰਦਰੀ ਆਵਾਜਾਈ ਸਥਾਪਤ ਹੋਈ ਅਤੇ ਇਉਂ ਅਸਾਡੇ ਦੇਸ਼ ਦੇ ਆਧੁਨਿਕ ਕਾਲ ਦਾ ਆਰੰਭ ਹੋਇਆ ? ਅੱਜ ਜਦੋਂ ਕਿ ਅਸੀਂ ਆਪਣੇ ਦੇਸ਼ ਦੀ ਰੀਪਬਲਿਕ ਦੀ ਬਰਸੀ ਮਨਾ ਰਹੇ ਹਾਂ, ਇਸ ਕਥਾ ਨੂੰ ਸੁਣਨਾ ਬੜਾ ਮਨੋਰੰਜਕ ਹੋਵੇਗਾ।

ਵਾਸਕੋ ਡੀ ਗਾਮਾ ਦਾ ਜਨਮ ਪੁਰਤਗਾਲ ਦੇ ਅਲਮਤੇਜੋ (Alemtejo) ਪ੍ਰਾਂਤ ਦੀ ਇਕ ਛੋਟੀ ਜਿਹੀ ਸਮੁੰਦਰੀ ਬੰਦਰਗਾਹ, ਸੀਨੇ (Sines) ਨਾਮੀ ਵਿਚ, ਸੰਨ 1460 ਦੇ ਲੱਗਪੱਗ ਹੋਇਆ। ਪੰਦਰ੍ਹਵੀਂ ਤੇ ਸੋਲ੍ਹਵੀਂ ਸਦੀ ਵਿਚ ਪੁਰਤਗਾਲ ਦੇਸ਼ ਆਪਣੀ ਪ੍ਰਭੁਤਾ ਦੇ ਔਜ ਉੱਤੇ ਸੀ ਤੇ ਇਸ ਦੇਸ਼ ਦੇ ਜਹਾਜ਼ੀਆਂ ਨੇ ਇਨ੍ਹਾਂ ਸਦੀਆਂ ਵਿਚ ਸਮੁੰਦਰ ਦੀ ਹਿੱਕ ਉੱਤੋਂ ਦੀ ਦੁਨੀਆ ਭਰ ਦੇ ਦੇਸ਼ਾਂ ਦੇ ਰਾਹ ਖੋਜਣ ਵਿਚ ਬੜਾ ਪ੍ਰਸੰਸਾ-ਯੋਗ ਕੰਮ ਕੀਤਾ ਹੈ। ਜਦੋਂ ਸਪੇਨ ਦੇ ਕੋਲੰਬਸ (Columbus) ਨਾਮੀ ਜਹਾਜ਼ੀ ਨੇ ਅਮਰੀਕਾ ਨੂੰ ਸਮੁੰਦਰ ਰਾਹੀਂ ਲੱਭ ਲਿਆ, ਭਾਵੇਂ ਨਿਕਲਿਆ ਘਰੋਂ ਉਹ ਵੀ ਭਾਰਤ ਨੂੰ ਸਮੁੰਦਰ ਰਾਹੀਂ ਲੱਭਣ ਹੀ ਸੀ, ਤਾਂ ਪੁਰਤਗਾਲ ਦੇ ਪਾਦਸ਼ਾਹ, ਏਮੈਨੂਅਲ ਪ੍ਰਥਮ (Emmanuel-I) ਨੇ ਝਟਾਪਟ ਸੰਨ 1497 ਵਿਚ ਚੌਂਹ ਛੋਟੇ-ਛੋਟੇ ਜਹਾਜ਼ਾਂ ਦਾ ਇਕ ਬੇੜਾ ਤਿਆਰ ਕਰਵਾਇਆ ਤੇ ਉਸ ਦੀ ਕਮਾਣ ਵਾਸਕੋ ਡੀ ਗਾਮਾ ਨੂੰ ਸੌਂਪੀ ਤਾਂ ਜੁ ਉਹ ਸਮੁੰਦਰ ਰਾਹੀਂ ਭਾਰਤ ਪੁੱਜਣ ਦਾ ਜਤਨ ਕਰੇ। 9 ਜੁਲਾਈ, 1497 ਦੀ ਸਵੇਰ ਨੂੰ ਇਨ੍ਹਾਂ ਜਹਾਜ਼ੀਆਂ ਨੇ, ਤਾਜੂ ਦਰਿਆ ਦੇ ਕੰਢੇ ਆਪਣੇ ਅੰਤਮ ਪ੍ਰਾਯਸ਼ਚਿਤ ਪ੍ਰਾਰਥਨਾਂ ਕੀਤੀਆਂ ਅਤੇ ਸਮੁੰਦਰ ਵਿਚ ਠਿਲ੍ਹ ਪਏ। ਤਾਜੂ ਦਰਿਆ ਦੇ ਕੰਢੇ ਇਸ ਥਾਂ ਉੱਤੇ ਹੁਣ ਸੰਤ ਮਾਰੀਆ ਬਲਮ (St. Maria De Belem) ਦਾ ਗਿਰਜਾ ਘਰ ਯਾਦਗਾਰ ਵਜੋਂ ਖੜਾ ਹੈ, ਜਿਸ ਦੇ ਦਰਸ਼ਨ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਸੰਨ 1932 ਵਿਚ ਕੀਤੇ ਸਨ। ਚਾਰ ਮਹੀਨੇ ਦੇ ਸਮੁੰਦਰੀ ਸਫ਼ਰ ਪਿੱਛੋਂ, ਇਹ ਬੇੜਾ ਸੰਤ ਹਲਨਾ ਖਾੜੀ (St. Helena Bay) ਪੁੱਜ ਗਿਆਂ ਜੋ ਕਿ ਦੱਖਣੀ ਅਫ਼ਰੀਕਾ ਦੇ ਕੰਢੇ ਹੈ, ਤੇ ਇਉਂ ਇਹ ਬੇੜਾ ਸੁਖ-ਸਾਂਦ ਨਾਲ, ਅਫ਼ਰੀਕਾ ਦਾ

ਚੱਕਰ ਕੱਟ ਕੇ, ਉਸ ਦੇ ਪੂਰਬੀ ਕੰਢੇ ਦੀ ਮਲਿੰਦੀ (Malindi) ਨਾਮੀ ਬੰਦਰ ਉੱਤੇ ਪੁੱਜ ਗਿਆ। ਇਸ ਮਲਿੰਦੀ ਰਾਹੀਂ ਭਾਰਤੀ ਬਿਉਪਾਰੀਆਂ ਦਾ ਵਿਉਪਾਰ, ਅਫ਼ਰੀਕਾ ਨਾਲ ਚਿਰਾਂ ਤੋਂ ਚੱਲ ਰਿਹਾ ਸੀ। ਇਥੇ ਮਲਿੰਦੀ ਬੰਦਰ ਉੱਤੇ ਹੀ, ਵਾਸਕੋ ਡੀ ਗਾਮਾ ਦੇ ਬੇੜੇ ਨੂੰ ਇਕ ਭਾਰਤੀ ਜਹਾਜ਼ ਮਿਲ ਗਿਆ, ਜਿਸ ਦੇ ਪਿੱਛੇ-ਪਿੱਛੇ ਇਹ ਬੇੜਾ 20 ਮਈ, 1498 ਵਾਲੇ ਦਿਨ ਕਾਲੀਕੱਟ, ਭਾਰਤ ਦੇ ਪੱਛਮੀ ਘਾਟ 'ਤੇ ਪੁੱਜਾ। ਕਾਲੀਕੱਟ ਪ੍ਰਾਂਤ ਦਾ ਰਾਜਾ, ਜ਼ਮੋਰਿਨ (Zamorin) ਕਿ ਜਿਸ ਦੀ ਉਪਾਧੀ ਸੀ, ਵਾਸਕੋ ਡੀ ਗਾਮਾ ਅਤੇ ਉਸ ਦੇ ਸਾਥੀਆਂ ਨੂੰ ਬੜਾ ਪ੍ਰਸੰਨ ਚਿੱਤ ਹੋ ਕੇ ਮਿਲਿਆ। ਜੇ ਮੁਸਲਮਾਨ ਅਰਬ ਵਿਉਪਾਰੀ, ਜੋ ਕਿ ਉਨ੍ਹੀਂ ਦਿਨੀਂ ਕਾਲੀਕੱਟ ਵਿਚ ਸਥਿਤ ਸਨ, ਇਨ੍ਹਾਂ ਬਦੇਸ਼ੀ ਪੁਰਤਗਾਲੀਆਂ ਨਾਲ ਈਰਖਾ ਨਾ ਕਰਦੇ ਤਾਂ ਉਦੋਂ ਹੀ ਕਾਲੀਕੱਟ ਵਿਚ ਉਨ੍ਹਾਂ ਦਾ ਗੁਦਾਮ-ਘਰ ਖੁੱਲ੍ਹ ਜਾਣਾ ਸੀ, ਪਰ ਵਾਸਕੋ ਡੀ ਗਾਮਾ ਨੂੰ ਇਸ ਗੱਲੋਂ ਨਿਰਾਸ਼ ਹੀ ਆਪਣੇ ਦੇਸ਼ ਵਾਪਸ ਪੁੱਜਣਾ ਪਿਆ, ਜਿਥੇ ਜਾ ਕੇ ਉਸਨੇ ਭਾਰਤ ਦੇ ਅਥਾਹ ਧਨ ਸੰਪਦਾ ਦੀਆਂ ਕਥਾ-ਕਹਾਣੀਆਂ ਆਪਣੇ ਪਾਤਸ਼ਾਹ ਤੇ ਦੇਸ਼-ਵਾਸੀਆਂ ਨੂੰ ਸੁਣਾਈਆਂ। ਪਾਤਸ਼ਾਹ ਨੇ ਵਾਸਕੋ ਡੀ ਗਾਮਾ ਦਾ ਬੜਾ ਮਾਨ-ਸਤਿਕਾਰ ਕੀਤਾ ਤੇ ਬੜੀਆਂ ਬਖ਼ਸ਼ਸ਼ਾਂ ਕੀਤੀਆਂ। ਫੇਰ ਪੁਰਤਗਾਲੀ ਪਾਤਸ਼ਾਹ ਨੇ, ਗਿਆਰਾਂ ਜਹਾਜ਼ਾਂ ਦਾ ਇਕ ਹੋਰ ਬੇੜਾ ਝਟਪਟ ਤਿਆਰ ਕਰਵਾਇਆ ਅਤੇ ਇਕ ਹੋਰ ਪੁਰਤਗਾਲੀ ਪੇਦਰੋ ਅਲਵਾਹਰੇ ਕਬਰਾਲ (Pedro Alvares Cabral) ਦੀ ਕਮਾਣ ਹੇਠਾਂ ਭਾਰਤ ਵੱਲ ਭੇਜਿਆ, ਜਿਸ ਨੇ ਕਾਲੀਕੱਟ ਆ ਕੇ ਇਕ ਗੁਦਾਮ-ਘਰ ਸਥਾਪਤ ਕਰ ਲਿਆ, ਪਰ ਅਰਬੀ ਮੁਸਲਮਾਨ ਤਾਜਰਾਂ ਦੀ ਚੁੱਕ ਵਿਚ ਆ ਕੇ ਕਾਲੀਕੱਟ ਵਾਸੀਆਂ ਨੇ ਇਸ ਗੁਦਾਮ-ਘਰ ਨੂੰ ਸਾੜ ਸੁੱਟਿਆ ਅਤੇ ਪਿੱਛੇ ਰਹੇ ਪੁਰਤਗਾਲੀਆਂ ਨੂੰ ਕਤਲ ਕਰ ਦਿੱਤਾ। ਇਸ ਦੁਰਘਟਨਾ ਦਾ ਬਦਲਾ ਲੈਣ ਲਈ ਪੁਰਤਗਾਲ ਦੇ ਪਾਤਸ਼ਾਹ ਨੇ, ਦਸ ਜੰਗੀ ਜਹਾਜ਼ਾਂ ਦਾ ਇਕ ਹੋਰ ਬੇੜਾ ਤਿਆਰ ਕਰਵਾਇਆ, ਜਿਹੜਾ ਕਿ ਵਾਸਕੋ ਡੀ ਗਾਮਾ ਦੀ ਕਮਾਣ ਹੇਠਾਂ, ਜਿਸ ਨੂੰ ਕਿ ਉਸ ਦੇ ਪਾਤਸ਼ਾਹ ਨੇ 'ਭਾਰਤ ਦਾ ਅੱਦਮਰਲ' (Admiral of India) ਦਾ ਖ਼ਿਤਾਬ ਦੇ ਦਿੱਤਾ, ਕਾਲੀਕੱਟ ਵੱਲ ਨੂੰ ਤੋਰਿਆ। ਸੰਨ 1502 ਵਿਚ ਇਸ ਨੇ ਕਾਲੀਕੱਟ ਪੁੱਜ ਕੇ, ਸ਼ਹਿਰ ਉੱਤੇ ਗੋਲਾਬਾਰੀ ਆਰੰਭ ਦਿੱਤੀ ਅਤੇ ਸਾਰੇ ਸ਼ਹਿਰ ਨੂੰ ਢਹਿ-ਢੇਰੀ ਕਰ ਕੇ, ਸਭ ਨਗਰ ਵਾਸੀਆਂ ਦਾ ਕਤਲਾਮ ਕਰ ਸੁੱਟਿਆ ਅਤੇ ਹੋਰ ਵੀ ਅਕਹਿ ਉੱਪਦ੍ਰਵ ਲੋਕਾਂ ਉੱਤੇ ਉਸ ਨੇ ਕੀਤੇ ਅਤੇ ਫੇਰ ਨਵੰਬਰ 1502 ਵਿਚ ਉਹ ਕੋਚੀਨ ਪੁੱਜਾ ਪਰ ਰਾਹ ਵਿਚ ਸਮੁੰਦਰੀ ਕੰਢੇ ਦੇ ਲਾਗੇ-ਚਾਗੇ ਜੋ ਕੁਝ ਵੀ ਉਸ ਦੇ ਹੱਥ ਆਇਆ, ਉਸ ਨੂੰ ਤਬਾਹ ਕਰਦਾ ਚਲਾ ਗਿਆ। ਇਉਂ ਸਤੰਬਰ, 1503 ਵਿਚ ਭਾਰਤੀ ਸੰਪਤੀ ਧਨ ਦੀ ਲੁੱਟ ਨਾਲ ਭਰੇ ਹੋਏ ਜਹਾਜ਼ ਲੈ ਕੇ ਉਹ ਆਪਣੇ ਦੇਸ਼ ਦੀ ਰਾਜਧਾਨੀ, ਲਿਜ਼ਬੋਆ (Lisbon) ਮੁੜ ਗਿਆ।

ਇਸ ਤੋਂ ਪਿੱਛੋਂ ਵਾਸਕੋ ਡੀ ਗਾਮਾ ਆਪਣੇ ਘਰ ਅਵੋਰਾ (Evora) ਚਲਾ ਗਿਆ ਤਾਂ ਜੁ ਉਹ ਉਸ ਬੇਅੰਤ ਧਨ ਨਾਲ ਮੌਜਾਂ ਮਾਣ ਸਕੇ, ਜੋ ਕਿ ਉਸ ਨੇ ਲੁੱਟ-ਮਾਰ ਕੇ ਇਕੱਠਾ ਕੀਤਾ ਸੀ। ਸੰਨ 1500 ਵਿਚ ਉਸ ਨੇ ਇਕ ਉੱਚ ਘਰਾਣੇ ਵਿਚ ਵਿਆਹ ਕਰ ਲਿਆ, ਜਿਸ ਤੋਂ ਉਸ ਦੇ ਘਰ ਛੇ ਪੁੱਤਰ ਜਨਮੇ। ਇਉਂ ਕਈ ਸਾਲ ਉਹ ਏਮੈਨੂਅਲ ਪ੍ਰਿਥਮ ਤੇ ਏਮੈਨੂਆਲ ਦ੍ਵਿਤੀਯ ਨੂੰ ਪੁਰਤਗਾਲ ਦੇ ਭਾਰਤ ਨਾਲ ਰਾਜ ਬਿਉਪਾਰ ਸੰਬੰਧਾਂ ਬਾਰੇ ਸਲਾਹ ਮਸ਼ਵਰਾ ਦਿੰਦਾ ਰਿਹਾ, ਜਦੋਂ ਕਿ ਪੁਰਤਗਾਲ ਦੇ ਨਵੇਂ ਬਾਦਸ਼ਾਹ ਜਾਨ ਤ੍ਰਿਤੀਆ (John-III) ਨੇ ਉਸ ਨੂੰ ਹਿੰਦੁਸਤਾਨ ਦਾ ਵਾਇਸਰਾਏ ਨਿਯਤ ਕਰ ਦਿੱਤਾ

ਅਤੇ ਇਉਂ ਸਤੰਬਰ, 1524 ਵਿਚ ਉਹ ਮੁੜ ਭਾਰਤ ਪੁੱਜਾ। ਉਸੇ ਸਾਲ ਕ੍ਰਿਸਮਿਸ ਵਾਲੇ ਦਿਹਾੜੇ, 25 ਦਸੰਬਰ, 1524 ਨੂੰ ਵਾਸਕੋ ਡੀ ਗਾਮਾ ਜੂਰ ਰੋਗ ਨਾਲ ਕੋਚੀਨ ਵਿਚ ਮ੍ਰਿਤੂ ਹੋ ਗਿਆ। ਸੰਨ 1538 ਵਿਚ ਉਸ ਦੇ ਮ੍ਰਿਤੂ ਸ਼ਰੀਰ ਨੂੰ ਪੁਰਤਗਾਲ ਲੈ ਜਾਇਆ ਗਿਆ ਅਤੇ ਵਿਦੀਗੁਆਰਾ (Vidigueira) ਨਾਮੀ ਨਗਰ ਵਿਚ ਉਸ ਦੀ ਸਮਾਧ ਬਣਾਈ ਗਈ। ਸੰਨ 1880 ਵਿਚ ਉਸ ਦਾ ਮ੍ਰਿਤਕ ਸਰੀਰ ਸੰਤ ਮਾਰੀਆ ਬਲਮ ਦੇ ਉਸ ਗਿਰਜੇ ਵਿਚ ਪੁਚਾਇਆ ਗਿਆ ਜੋ ਕਿ ਤਾਜੂ ਦਰਿਆ ਦੇ ਕੰਢੇ ਉੱਤੇ ਬਣਿਆ ਹੋਇਆ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਆਪ ਦੇਖਿਆ ਹੈ।

ਵਾਸਕੋ ਡੀ ਗਾਮਾ ਦੇ ਇਨ੍ਹਾਂ ਸਮੁੰਦਰੀ ਸਫ਼ਰਾਂ ਦਾ ਸਦਕਾ, ਪੁਰਤਗਾਲ ਦੇਸ਼ ਇਕ ਵਿਸ਼ਵਸਬਲ ਦੇਸ਼ ਬਣ ਗਿਆ ਸੀ ਅਤੇ ਯੂਰਪੀ ਦੇਸ਼ਾਂ ਅਤੇ ਜਾਤੀਆਂ ਨੇ ਜੋ ਕਾਠੀ ਭਾਰਤ ਅਤੇ ਹੋਰ ਏਸ਼ਿਆਈ ਦੇਸ਼ਾਂ ਉੱਤੇ ਚਾਰ ਸੌ ਵਰ੍ਹੇ ਪਾਈ ਰੱਖੀ ਹੈ, ਉਸ ਦਾ ਕਾਰਣ ਵੀ ਵਾਸਕੋ ਡੀ ਗਾਮਾ ਦੇ ਇਹ ਸਮੁੰਦਰੀ ਕਾਰਨਾਮੇ ਹੀ ਹਨ।

ਇਉਂ ਹੀ ਸਾਡੇ ਦੇਸ਼ ਦੇ ਆਧੁਨਿਕ ਕਾਲ ਦਾ ਆਰੰਭ ਹੋਇਆ, ਜਿਸ ਦਾ ਚਿੰਨ੍ਹ ਕਿ 'ਨਯਾ ਪੈਸਾ' ਹੈ ਅਤੇ ਜਿਸ ਦੀ ਲਖਾਇਕ ਭਾਰਤੀ ਰੀਪਬਲਿਕ ਹੈ।

# ਦ

ਅਸਾਡੇ ਦੇਸ਼ ਦੇ ਪ੍ਰਾਚੀਨ ਅਤੇ ਪੂਜਯ ਗ੍ਰੰਥ *ਬ੍ਰਹਦਾਰਣਯਕ* (੫.੨) ਵਿਚ ਇਕ ਆਨਵਿਕਸ਼ਕੀ ਰਹੱਸਯ-ਮਈ ਕਥਾ ਇਉਂ ਅੰਕਤ ਹੈ :

ਇਕ ਸਮੇਂ ਪ੍ਰਜਾਪਤਿ ਦੇ ਤਿੰਨੇ ਪੁੱਤਰ, ਸੁਰ, ਨਰ ਤੇ ਅਸੁਰ, ਸਿੱਖਿਆ-ਪ੍ਰਾਪਤੀ ਲਈ ਆਪਣੇ ਪਿਤਾ ਦੇ ਚਰਨਾਂ ਵਿਚ ਸਥਿਤ ਹੈਸਨ। ਵਿਦਿਆ ਸੰਪੂਰਤੀ ਉਪ੍ਰਾਂਤ, ਸੁਰ ਨੇ ਬੇਨਤੀ ਕੀਤੀ, "ਹੇ ਗੁਰੂਦੇਵ, ਕੋਈ ਸ਼ੁਭ ਉਪਦੇਸ਼ ਪ੍ਰਦਾਨ ਕਰੋ।" ਪ੍ਰਜਾਪਤਿ ਨੇ ਧੁਨੀ ਉਚਾਰਨ ਕੀਤੀ, "ਦ।" ਫੇਰ ਸੁਰ ਕੋਲੋਂ ਪੁੱਛਿਆ, "ਕੀ ਸਮਝੇ ?" ਸੁਰ ਨੇ ਉੱਤਰ ਦਿੱਤਾ, "ਸਮਝ ਲਿਆ ਹੈ, ਗੁਰੂਦੇਵ, ਤੁਸਾਂ ਬਚਨ ਕੀਤਾ ਹੈ, 'ਦਾਮਯਤ', ਆਪਣੇ ਆਪ ਨੂੰ ਕਾਬੂ ਵਿਚ ਰੱਖੋ, ਜਿਸ ਦੇ ਅਰਥ ਹਨ।"

ਪ੍ਰਜਾਪਤਿ ਨੇ ਕਿਹਾ, "ਹਾਂ ਤੁਸਾਂ ਠੀਕ ਸਮਝਿਆ ਹੈ।"

ਫੇਰ ਨਰ ਨੇ ਉਹੋ ਬੇਨਤੀ ਕੀਤੀ ਤਾਂ ਪ੍ਰਜਾਪਤਿ ਨੇ ਕਿਹਾ, "ਦ" ਅਤੇ ਪੁੱਛਿਆ, "ਕੀ ਸਮਝੇ ?"

ਨਰ ਨੇ ਉੱਤਰ ਦਿੱਤਾ, "ਸਮਝ ਲਿਆ ਹੈ ਪਿਤਾ ਜੀ, ਤੁਸਾਂ ਕਿਹਾ ਹੈ, 'ਦੱਤ' ਅਰਥਾਤ ਦਾਨ ਦਿਓ।"

ਪ੍ਰਜਾਪਤਿ ਨੇ ਕਿਹਾ, "ਠੀਕ ਸਮਝੇ ਹੋ।"

ਤਦ ਅਸੁਰ ਨੇ ਉਹੋ ਬੇਨਤੀ ਕੀਤੀ ਤਾਂ ਪ੍ਰਜਾਪਤਿ ਨੇ ਕਿਹਾ, "ਦ" ਅਤੇ ਪੁੱਛਿਆ, "ਕੀ ਬੁੱਝਿਆ ?"

ਅਸੁਰ ਨੇ ਕਿਹਾ, "ਬੁੱਝ ਲਿਆ ਹੈ ਜੀ, ਤੁਸਾਂ ਕਿਹਾ ਹੈ, 'ਦਾਯਧ੍ਵਮ', ਭਾਵ ਇਹੋ ਕਿ ਕਰੁਣਾਮਯ, ਨਰਮ ਦਿਲ ਹੋਵੋ।"

ਪ੍ਰਜਾਪਤਿ ਨੇ ਪ੍ਰਸੰਨ ਹੋ ਕੇ ਕਿਹਾ, "ਠੀਕ ਬਿਲਕੁਲ ਠੀਕ, ਤੁਸਾਂ ਠੀਕ ਬੁੱਝਿਆ ਹੈ।"

ਇਉਂ ਕਥਾ ਕਰ ਕੇ, ਉਪਨਿਸ਼ਦ ਇਸ ਦੇ ਰਹੱਸਯ ਦੀ ਵਿਆਖਿਆ ਕਰਦਾ ਹੈ :

"ਮੇਘਨਾਦ ਗਰਜਨਾ ਸਦਾ ਤੇ ਪੁਨਹ-ਪੁਨਹ ਇਹੋ ਧੁਨੀ ਉਚਰਦੀ ਹੈ, 'ਦ', 'ਦ', 'ਦ', ਜਿਸ ਦੇ ਅਰਥ ਹਨ, ਸ੍ਵੈਕਾਬੂ ਰੱਖੋ, ਦਾਨ ਦਿਉ, ਨਰਮ ਦਿਲ ਬਣੋ। ਸੋ ਨਿਤਯਸਤਯ ਧਰਮ ਉਪਦੇਸ਼ ਇਹ ਹੈ, ਸ੍ਵੈਵਿਜਯ, ਦਾਨ, ਕਰੁਣਾ।"

ਇਸ ਚੜ੍ਹਦੇ ਸਾਲ ਭਾਰਤ ਦੇ ਜਿਸ ਵਿਧਾਨ ਨੂੰ ਅਸੀਂ ਯਾਦ ਕਰਦੇ ਹਾਂ ਅਤੇ ਉਸ ਵਿਧਾਨ ਦਾ ਮੂਲ, ਜੋ ਜੀਵਨ ਦਰਸ਼ਨ ਹੈ, ਉਹ ਉਤਨਾ ਹੀ ਪ੍ਰਾਚੀਨ ਤੇ ਸ੍ਵਦੇਸ਼ੀ ਹੈ, ਜਿਤਨਾ ਕਿ ਉਪਰੋਕਤ ਤ੍ਰੀ-ਧਰਮ-ਉਪਦੇਸ਼ ਅਤੇ ਇਸ ਵਿਧਾਨ ਲਈ ਜੋ ਅਸੀਂ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ 'ਰੀਪਬਲਿਕ' ਵਰਤ ਰਹੇ ਹਾਂ, ਇਸ ਦਾ ਕਾਰਨ ਮੂਲੋਂ ਇਹ ਨਹੀਂ ਕਿ

ਰੀਪਬਲਿਕ ਦੀ ਵਿਧਾਨਕ ਪਰਪਾਟੀ ਵਿਦੇਸ਼ੀ ਅਤੇ ਅਸਾਡੇ ਦੇਸ਼ ਦੀ ਵਿਚਾਰ-ਪ੍ਣਾਲੀ ਤੇ ਤਵਾਰੀਖ਼ ਲਈ ਨਵੀਂ ਹੈ। ਸਭਾ ਤੇ ਸੰਮਤੀ ਦੁਆਰਾ ਰਾਜ ਪ੍ਰਬੰਧ ਚਲਾਉਣ ਦੇ ਇਸ਼ਾਰੇ ਰਿਗਵੇਦ (10.97.6) ਵਿਚ ਵੀ ਮੌਜੂਦ ਹਨ, ਅਜਿਹੀ ਸਭਾ ਤੇ ਸੰਮਤੀ, ਜਿਸ ਵਿਚ ਰਾਜੇ ਤੇ ਆਮ ਜਨਤਾ ਦੇ ਪ੍ਰਤੀਨਿਧ ਇਕੋ ਥਾਂ ਇਕੱਠੇ ਹੋ ਕੇ ਬੈਠਦੇ ਹਨ। ਲੋਕਤੰਤ੍ਰ ਤੇ ਪੰਚਾਇਤੀ ਰਾਜ, ਡੈਮੋਕ੍ਰੇਸੀ ਤੇ ਰੀਪਬਲਿਕ ਇਕੋ ਗੱਲ ਨਹੀਂ ਹੈ। ਡੈਮੋਕ੍ਰੇਸੀ ਤੋਂ ਬਿਨਾਂ ਵੀ ਰੀਪਬਲਿਕ ਹੋ ਸਕਦੀ ਹੈ। ਰੋਮਨ ਰੀਪਬਲਿਕ ਡੈਮੋਕ੍ਰੇਸੀ ਨਹੀਂ ਸੀ, ਪਰ ਰੀਪਬਲਿਕ ਸੀ। ਬੋਧੀਆਂ ਦੀਆਂ ਪ੍ਰਾਚੀਨ ਪੁਸਤਕਾਂ ਵਿਚ ਇਹੋ ਜਿਹੇ ਗਣਰਾਜਾਂ ਤਥਾ ਰੀਪਬਲਿਕਾਂ ਵੱਲ ਸੰਕੇਤ ਹਨ ਜੋ ਮਸੀਹੀ ਕਾਲ ਤੋਂ ਚਾਰ ਪੰਜ ਸ਼ਤਾਬਦੀਆਂ ਪਹਿਲਾਂ ਹਿਮਾਲਯ ਚਰਣ ਦੇਸ਼ ਤੇ ਉੱਤਰੀ ਵਿਹਾਰ ਪ੍ਰਦੇਸ਼ ਵਿਚ ਸਥਿਤ ਸਨ। ਜਿਸ ਸਾਕਯ ਕੁਲ ਵਿਚ ਗੌਤਮ ਬੁਧ ਨੇ ਜਨਮ ਲਿਆ, ਉਹ ਵੀ ਗਣਰਾਜ ਤਥਾ ਰੀਪਬਲਿਕ ਦੇ ਅਧੀਨ ਹੀ ਸੀ, ਭਾਵੇਂ ਪਿਛਲੇਰੀਆਂ ਬੋਧੀ ਧਰਮ ਪੁਸਤਕਾਂ, ਜਿਹਾ ਕਿ *ਲਲਿਤਵਿਸਤਾਰ*, ਗੌਤਮ ਦੇ ਪਿਤਾ ਸੁਧੋਧਨ ਨੂੰ ਇਕ ਸ਼ਕਤੀਸ਼ਾਲੀ ਰਾਜੇ ਦੇ ਰੂਪ ਵਿਚ ਦਰਸਾਉਂਦੀਆਂ ਹਨ। ਪਹਿਲਿਆਂ ਤੇ ਵਧੇਰੇ ਪ੍ਰਾਚੀਨ ਪਾਲੀ ਦੇ ਗ੍ਰੰਥਾਂ ਤੋਂ ਇਹ ਸਪੱਸ਼ਟ ਹੈ ਕਿ "ਮਹਾਰਾਜਾ ਅਧੀਰਾਜ" ਸੁਧੋਧਨ ਐਵੇਂ ਕਾਵਿ ਅਤਿਕਥਨੀ ਹੀ ਹੈ। ਅਸਲੀਅਤ ਇਤਨੀ ਕੁ ਹੀ ਹੈ ਕਿ ਸੁਧੋਧਨ ਸਭਾ ਪਤੀ ਰਾਜਾ ਹੀ ਸੀ, ਜਿਸ ਨੂੰ ਕਿ ਰਾਜ ਸ਼ਾਸਨ ਚਲਾਉਣ ਲਈ ਪਾਰਲੀਮੈਂਟ ਹਾਲ, ਜਿਸ ਨੂੰ ਪਾਲੀ ਦੇ ਗ੍ਰੰਥਾਂ ਵਿਚ 'ਸੰਥਾਗਾਰ' ਕਿਹਾ ਹੈ, ਜਾਣਾ ਪੈਂਦਾ ਸੀ। ਅਜੋਕੇ ਵਿਦਵਾਨ ਜੋ ਇਹ ਵਿਚਾਰ ਪੇਸ਼ ਕਰਦੇ ਹਨ ਕਿ ਬੋਧ ਸੰਘ ਦੀ ਸਾਜਨਾ ਤੇ ਨਿਯਮਾਵਲੀ ਦਾ ਆਧਾਰ ਅਤੇ ਇਸ ਦੀ ਸ਼ਾਸਨ ਵਿਧੀ ਉਹੋ ਹੈ ਜੋ ਕਿ ਸਾਕਯ ਰੀਪਬਲਿਕ ਤੇ ਹੋਰ ਅਜੋਕੇ ਹੀ ਗਣਰਾਜਾਂ ਵਿਚ ਉਸ ਸਮੇਂ ਪ੍ਰਚਲਿਤ ਸੀ, ਇਸ ਵਿਚ ਠੋਸ ਸਚਿਆਈ ਹੈ। ਖ਼ਾਲਸਾ ਪੰਥ ਦਾ ਸ਼ਾਸਨ ਤੇ ਇਸ ਦਾ ਰਹਿਤਨਾਮਾ ਵੀ ਬੋਧੀ ਸੰਘ ਦੀ ਬਣਤਰ ਤੇ ਵਿਨਾਯ ਉੱਤੇ ਹੀ ਆਧਾਰਤ ਹੈ ਅਤੇ ਇਉਂ ਰੀਪਬਲੀਕਨ ਪ੍ਰਣਾਲੀ ਅਸਾਡੇ ਦੇਸ਼ ਦੀ ਸਮਾਜਕ ਵਿਚਾਰਾਂ ਤੇ ਰਹਿਤ ਬਹਿਤ ਦੀ ਅਟੁੱਟ ਰੂਹ ਹਜ਼ਾਰਾਂ ਵਰ੍ਹਿਆਂ ਤੋਂ ਚਲੀ ਆਉਂਦੀ ਹੈ।

ਮਹਾਂਭਾਰਤ ਵਿਚ ਗਣਰਾਜਾਂ ਦਾ ਜ਼ਿਕਰ ਆਮ ਆਉਂਦਾ ਹੈ ਕਿ ਇਹ ਰੀਪਬਲਿਕਾਂ ਉਸ ਸਮੇਂ ਪੱਛਮੀ ਭਾਰਤ ਵਿਚ ਸਥਾਪਤ ਸਨ। ਕਈ ਸ਼ਿਲਾਲੇਖ, ਤਾਂਬ੍ਰਪਤ੍ਰ ਤੇ ਸਿੱਕੇ ਅਜਿਹੇ ਅੱਜ ਅਸਾਡੇ ਕੋਲ ਹਨ, ਜਿਨ੍ਹਾਂ ਤੋਂ ਸਿੱਧ ਹੈ ਕਿ ਇਹ ਰੀਪਬਲਿਕ ਗਣਰਾਜ ਉੱਤਰੀ ਰਾਜਸਥਾਨ ਤੇ ਪੂਰਬੀ ਪੰਜਾਬ ਵਿਚ ਪੰਜਵੀਂ ਸ਼ਤਾਬਦੀ ਮਸੀਹੀ ਤਕ ਨਿਰਮਤ ਰਹੇ। ਯੌਧਯ ਗਣਰਾਜ ਇਨ੍ਹਾਂ ਵਿੱਚੋਂ ਪ੍ਰਸਿੱਧ ਹੈ, ਜਿਸ ਦੇ ਕਿ ਕਈ ਸਿੱਕੇ ਅਸਾਡੇ ਦੇਸ਼ ਦੇ ਅਜਾਇਬ ਘਰਾਂ ਵਿਚ ਅੱਜ ਵੀ ਸਾਂਭੇ ਪਏ ਹਨ। ਇਨ੍ਹਾਂ ਸਿੱਕਿਆਂ ਉੱਤੇ ਉਕਰਿਆ ਹੋਇਆ ਹੈ, "ਯੌਧਯਵਿਜਯਤੇ", ਸਿੱਖਾਂ ਦਾ ਪ੍ਰਸਿੱਧ ਨਾਅਰਾ "ਪੰਥ ਕੀ ਜੀਤ", ਜਿਸ ਦਾ ਕਿ ਆਧੁਨਿਕ ਰੂਪ ਹੈ। ਯੌਧਯ ਲੋਕਾਂ ਦੀ ਇਕ ਮੁਦ੍ਰਾ ਉੱਤੇ, ਜੋ ਕਿ ਕਲਕੱਤੇ ਦੇ ਇਕ ਅਜਾਇਬ ਘਰ ਵਿਚ ਸਾਂਭੀ ਹੋਈ ਹੈ, ਇਹ ਅੱਖਰ ਅੰਕਤ ਹਨ, "ਯੌਧਯ ਵਿਜੰਤਾਮੰਤ੍ਰਧਾਰਣੀਹ", ਜਿਸ ਦਾ ਭਾਵਾਰਥ ਉਹੋ ਹੈ ਜੋ ਕਿ ਸਿੱਖਾਂ ਦਾ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਦਾ ਹੈ।

ਇਹ ਗਣਰਾਜ ਚੌਥੀ ਸ਼ਤਾਬਦੀ ਮਸੀਹੀ ਵਿਚ ਗੁਪਤ ਸਾਮਰਾਜ ਨੇ ਵਿਨਾਸ਼ ਤੇ ਪ੍ਰਾਲਯ ਕਰ ਦਿੱਤੇ ਸਨ ਤੇ ਰਹਿੰਦੇ ਖੂੰਹਦੇ ਛੇਵੀਂ ਸਦੀ ਮਸੀਹੀ ਵਿਚ ਹੂਨ ਜਾਤੀ ਦੇ ਆਕ੍ਰਮਣਾਂ ਨੇ ਤਬਾਹ ਕਰ ਦਿੱਤੇ, ਪਰ ਰੀਪਬਲੀਕਨ ਪਰਪਾਟੀ ਦੀ ਰੂਹ ਦਾ ਬੀਜ ਨਾਸ